ਨਾਨਕ ਨਾਮ ਚੜ੍ਹਦੀਕਲਾ ਤੇਰੇ ਭਾਣੇ ਸਰਬਤ ਦਾ ਭਲਾ

# ਚੜ੍ਹਦੀਕਲਾ

DAILY CHARHDIKALA, PATIALA

ਰਜਿਸਟਰਡ ਪੋਸਟਲ ਰਜਿ: ਨੰ. Pb/PTA(0274)/2024-26,
ਸਾਲ (Year) 57
ਅੰਕ ਨੰਬਰ (Volume No.) 265
ਫ਼ੋਨ: +91- 92168-07500
E-mail: news@charhdikala.com
www.charhdikala.com

ਬਾਨੀ : (ਸਵ.) ਗਿ. ਹਰਨਾਮ ਸਿੰਘ ਜੀ | ਮੁੱਖ ਸੰਪਾਦਕ : ਡਾ. ਜਗਜੀਤ ਸਿੰਘ ਦਰਦੀ | ਸੰਪਾਦਕ : ਹਰਪ੍ਰੀਤ ਸਿੰਘ ਦਰਦੀ

ਕੁੱਲ ਪੰਨੇ: 12 (Thursday, 25 September, 2025) ਵੀਰਵਾਰ, 25 ਸਤੰਬਰ, 2025, 10 ਅੱਸੂ , ਨਾਨਕਸ਼ਾਹੀ ਸੰਮਤ 557, ਬਿਕ੍ਰਮੀ 2082/ PRGI (RNI) Regd. No. 22972/1972/ ਮੁੱਲ: 2 ਰੁਪਏ


## ਸੀ.ਬੀ.ਐਸ.ਈ. ਨੇ ਬੋਰਡ ਜਮਾਤਾਂ ਦੀ ਸੰਭਾਵੀ ਡੇਟਸ਼ੀਟ ਐਲਾਨੀ

ਚੰਡੀਗੜ੍ਹ, 24 ਸਤੰਬਰ (ਚੜ੍ਹਦੀਕਲਾ ਬਿਊਰੋ) :ਸੈਂਟਰਲ ਬੋਰਡ ਆਫ ਸੈਕੰਡਰੀ ਐਜੂਕੇਸ਼ਨ (ਸੀ.ਬੀ.ਐਸ.ਈ.) ਨੇ ਅਗਲੇ ਸਾਲ 10ਵੀਂ ਅਤੇ 12ਵੀਂ ਬੋਰਡ ਪ੍ਰੀਖਿਆਵਾਂ ਲਈ ਸੰਭਾਵੀ ਤਰੀਕਾਂ ਦਾ ਐਲਾਨ ਕਰ ਦਿੱਤਾ ਹੈ। ਇਹ ਪ੍ਰੀਖਿਆਵਾਂ 17 ਫਰਵਰੀ ਤੋਂ 15 ਜੁਲਾਈ ਤਕ ਕਰਵਾਈਆਂ ਜਾਣਗੀਆਂ। ਸੀ.ਬੀ.ਐਸ.ਈ. ਮੋਹਾਲੀ ਦੇ ਅਧਿਕਾਰੀਆਂ ਨੇ ਦੱਸਿਆ ਕਿ ਨਵੀਂ ਤੇ ਫਾਈਨਲ ਡੇਟਸ਼ੀਟ ਪ੍ਰੀਖਿਆਵਾਂ ਤੋਂ ਥੋੜ੍ਹਾ ਸਮਾਂ ਪਹਿਲਾਂ ਐਲਾਨੀ ਜਾਵੇਗੀ ਪਰ ਸੰਭਾਵੀ ਪ੍ਰੀਖਿਆਵਾਂ ਦੀਆਂ ਤਰੀਕਾਂ ਵਿਚ ਜ਼ਿਆਦਾ (ਬਾਕੀ ਸਫਾ 2 'ਤੇ)






ਪੰਜਾਬ ਕੈਬਨਿਟ ਦੀ ਮੀਟਿੰਗ 'ਚ ਅਹਿਮ ਫ਼ੈਸਲੇ

## ਜੀ.ਐਸ.ਟੀ.ਮਾਮਲਿਆਂ 'ਚ ਓ.ਟੀ.ਐਸ.ਦੀ ਪੇਸ਼ਕਸ਼



ਚੜ੍ਹਦੀਕਲਾ ਬਿਊਰੋ

================

ਚੰਡੀਗੜ੍ਹ, 24 ਸਤੰਬਰ:ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਕੈਬਨਿਟ ਨੇ ਸੂਬੇ ਦੇ ਅਰਥਚਾਰੇ ਨੂੰ ਤੇਜ਼ ਵਿਕਾਸ ਦੇ ਰਾਹ ਉੱਤੇ ਪਾਉਣ ਲਈ ਕਾਰੋਬਾਰ ਨੂੰ ਹੁਲਾਰਾ ਦੇਣ ਵਾਸਤੇ ਅੱਜ ਕਈ ਅਹਿਮ ਪਹਿਲਕਦਮੀਆਂ ਉੱਤੇ ਮੋਹਰ ਲਗਾਈ।

ਇਸ ਸਬੰਧੀ ਫੈਸਲਾ ਅੱਜ ਇੱਥੇ ਮੁੱਖ ਮੰਤਰੀ ਦੀ ਅਗਵਾਈ ਹੇਠ ਹੋਈ ਮੰਤਰੀ ਮੰਡਲ ਦੀ ਮੀਟਿੰਗ ਵਿੱਚ ਲਿਆ ਗਿਆ। ਇਹ ਜਾਣਕਾਰੀ ਦਿੰਦਿਆਂ ਮੁੱਖ ਮੰਤਰੀ ਦਫ਼ਤਰ ਦੇ ਬੁਲਾਰੇ ਨੇ ਦੱਸਿਆ ਕਿ ਕੈਬਨਿਟ ਨੇ ਪੁਰਾਣੇ ਕੇਸਾਂ ਦਾ ਬੋਝ ਘਟਾਉਣ ਅਤੇ ਸਨਅਤ ਤੇ ਕਾਰੋਬਾਰਾਂ ਲਈ ਨਿਯਮਾਂ ਦੀ ਪਾਲਣਾ ਵਧਾਉਣ ਵਾਸਤੇ ਬਕਾਇਆਂ ਦੀ ਰਿਕਵਰੀ ਲਈ ਪੰਜਾਬ ਵਨ ਟਾਇਮ ਸੈਟਲਮੈਂਟ ਸਕੀਮ 2025 (ਓ.ਟੀ.ਐਸ.) ਲਿਆਉਣ ਦੀ ਵੀ ਪ੍ਰਵਾਨਗੀ ਦੇ ਦਿੱਤੀ। ਇਹ ਸਕੀਮ ਪਹਿਲੀ ਅਕਤੂਬਰ 2025 ਤੋਂ ਲਾਗੂ ਹੋਵੇਗੀ ਅਤੇ 12 ਦਸੰਬਰ 2025 ਤੱਕ ਲਾਗੂ ਰਹੇਗੀ। ਜਿਨ੍ਹਾਂ ਕਰਦਾਤਾਵਾਂ ਦੇ ਮੁਲਾਂਕਣ (ਬਾਕੀ ਸਫਾ 2 'ਤੇ)

### ਧਰਮਸੋਤ ਖ਼ਿਲਾਫ਼ ਭ੍ਰਿਸ਼ਟਾਚਾਰ ਦਾ ਕੇਸ ਚਲਾਉਣ ਨੂੰ ਹਰੀ ਝੰਡੀ

ਚੰਡੀਗੜ੍ਹ, 24 ਸਤੰਬਰ (ਚੜ੍ਹਦੀਕਲਾ ਬਿਊਰੋ) : ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਹੋਈ ਮੰਤਰੀ ਮੰਡਲ ਦੀ ਮੀਟਿੰਗ ਵਿੱਚ ਪੰਜਾਬ ਦੇ ਸਾਬਕਾ ਕੈਬਨਿਟ ਮੰਤਰੀ ਸਾਧੂ ਸਿੰਘ ਧਰਮ ਸੋਤ ਵਿਰੁੱਧ ਭ੍ਰਿਸ਼ਟਾਚਾਰ ਦਾ ਕੇਸ ਚਲਾਉਣ ਦੀ ਪ੍ਰਵਾਨਗੀ ਦੇ ਦਿੱਤੀ ਹੈ। ਇਹ ਕੇਸ ਵਿਜਲੈਂਸ ਬਿਊਰੋ ਵੱਲੋਂ ਜੂਨ 2022 ਵਿੱਚ ਦਰਜ ਕੀਤਾ ਗਿਆ ਸੀ।

ਪੰਜਾਬ ਮੰਤਰੀ ਮੰਡਲ ਨੇ ਅੱਜ ਇਸ ਮਾਮਲੇ ਵਿੱਚ ਅਗਲੇਰੀ ਕਾਰਵਾਈ ਚਲਾਉਣ ਦੀ ਪ੍ਰਵਾਨਗੀ ਲਈ ਰਾਜਪਾਲ ਨੂੰ ਸਿਫਾਰਿਸ਼ ਕਰ ਦਿੱਤੀ ਹੈ। ਇਸ ਤੋਂ ਇਲਾਵਾ ਮੰਤਰੀ ਮੰਡਲ ਨੇ ਪੰਜਾਬ ਵਿੱਚ ਐੱਨਆਈਏ ਦੇ ਚੱਲ ਰਹੇ ਵੱਖ-ਵੱਖ ਅਦਾਲਤਾਂ ਵਿੱਚ ਕੇਸਾਂ ਦਾ ਨਿਪਟਾਰਾ ਕਰਨ ਲਈ ਮੋਹਾਲੀ ਵਿਖੇ ਵਿਸ਼ੇਸ਼ (ਬਾਕੀ ਸਫਾ 2 'ਤੇ)

ਬੇਅੰਤ ਸਿੰਘ ਕਤਲ ਕੇਸ

# ਰਾਜੋਆਣਾ ਨੂੰ ਹੁਣ ਤੱਕ ਫਾਂਸੀ ਕਿਉਂ ਨਹੀਂ ਦਿੱਤੀ ਗਈ: ਸੁਪਰੀਮ ਕੋਰਟ

ਚੜ੍ਹਦੀਕਲਾ ਬਿਊਰੋ

================

ਨਵੀਂ ਦਿੱਲੀ, 24 ਸਤੰਬਰ:ਸੁਪਰੀਮ ਕੋਰਟ ਨੇ ਬੁੱਧਵਾਰ ਨੂੰ ਪੁੱਛਿਆ ਕਿ ਮੌਤ ਦੀ ਸਜ਼ਾ ਦੇ ਦੋਸ਼ੀ ਬਲਵੰਤ ਸਿੰਘ ਰਾਜੋਆਣਾ ਨੂੰ ਹੁਣ ਤੱਕ ਫਾਂਸੀ ਕਿਉਂ ਨਹੀਂ ਦਿੱਤੀ ਗਈ। 1995 ਵਿੱਚ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੇ ਕਤਲ ਲਈ ਦੋਸ਼ੀ ਠਹਿਰਾਇਆ ਗਿਆ ਸੀ ਅਤੇ ਕੇਂਦਰ ਨੇ ਕਿਹਾ ਕਿ ਇਹ ਇੱਕ 'ਗੰਭੀਰ ਅਪਰਾਧ' ਸੀ।

ਰਾਜੋਆਣਾ ਪਿਛਲੇ 29 ਸਾਲਾਂ ਤੋਂ ਜੇਲ੍ਹ ਵਿੱਚ ਹੈ, ਜਿਸ ਵਿੱਚੋਂ 15 ਸਾਲ ਤੋਂ ਉਹ ਮੌਤ ਦੀ ਸਜ਼ਾ 'ਤੇ ਹੈ।

ਜਸਟਿਸ ਵਿਕਰਮ ਨਾਥ, ਸੰਦੀਪ ਮਹਿਤਾ ਅਤੇ ਐਨ ਵੀ ਅੰਜਾਰੀਆ ਨੂੰ ਵਧੀਕ ਸਾਲਿਸਿਟਰ ਜਨਰਲ ਕੇ ਐਮ ਨਟਰਾਜ ਵੱਲੋਂ ਅਪਰਾਧ ਦੀ ਗੰਭੀਰਤਾ ਬਾਰੇ ਦੱਸਿਆ ਗਿਆ। ਬੈਂਚ ਨੇ ਨਟਰਾਜ ਨੂੰ ਪੁੱਛਿਆ, "ਤੁਸੀਂ ਉਸ ਨੂੰ ਹੁਣ ਤੱਕ ਫਾਂਸੀ ਕਿਉਂ ਨਹੀਂ ਦਿੱਤੀ? ਇਸ ਲਈ ਕੌਣ ਜ਼ਿੰਮੇਵਾਰ ਹੈ। ਘੱਟੋ-ਘੱਟ, ਅਸੀਂ ਫਾਂਸੀ 'ਤੇ ਰੋਕ ਨਹੀਂ ਲਗਾਈ ਹੈ।"



ਸਿਖਰਲੀ ਅਦਾਲਤ ਰਾਜੋਆਣਾ ਦੀ ਮੌਤ ਦੀ ਸਜ਼ਾ ਨੂੰ ਉਮਰ ਕੈਦ ਵਿੱਚ ਬਦਲਣ ਦੀ ਅਪੀਲ 'ਤੇ ਸੁਣਵਾਈ ਕਰ ਰਹੀ ਹੈ, ਜਿਸ ਦਾ ਆਧਾਰ ਉਸ ਦੀ ਰਹਿਮ ਦੀ ਪਟੀਸ਼ਨ 'ਤੇ ਫੈਸਲਾ ਲੈਣ ਵਿੱਚ ਦੇਰੀ ਹੈ।

ਰਾਜੋਆਣਾ ਵੱਲੋਂ ਪੇਸ਼ ਹੋਏ ਸੀਨੀਅਰ ਵਕੀਲ ਮੁਕੁਲ ਰੋਹਤਗੀ ਨੇ ਕਿਹਾ ਕਿ ਉਨ੍ਹਾਂ ਦੇ ਮੁਵੱਕਿਲ ਦੀ ਰਹਿਮ ਦੀ ਪਟੀਸ਼ਨ 'ਤੇ ਕੋਈ ਫੈਸਲਾ ਨਹੀਂ ਲਿਆ ਗਿਆ ਹੈ।

ਨਟਰਾਜ ਨੇ ਕਿਹਾ ਕਿ ਉਹ ਹਦਾਇਤਾਂ ਲੈਣਗੇ ਅਤੇ ਬੈਂਚ ਨੂੰ ਸਥਿਤੀ ਬਾਰੇ ਦੱਸਣਗੇ।

ਰੋਹਤਗੀ ਨੇ ਕਿਹਾ, 'ਕਿਸੇ ਨੂੰ ਨਹੀਂ ਪਤਾ ਕਿ ਕੀ ਹੋ ਰਿਹਾ ਹੈ,' ਅਤੇ ਕਿਹਾ ਕਿ ਸੁਪਰੀਮ ਕੋਰਟ ਨੇ ਪਹਿਲਾਂ ਕਿਹਾ ਸੀ ਕਿ ਰਹਿਮ ਦੀ ਪਟੀਸ਼ਨ ਦਾ ਸਮੇਂ ਸਿਰ ਫੈਸਲਾ ਕੀਤਾ ਜਾਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਨਹੀਂ ਪਤਾ ਕਿ ਰਾਜੋਆਣਾ ਇਕਾਂਤ ਕੈਦ ਵਿੱਚ ਹੈ ਜਾਂ ਸਹੀ ਦਿਮਾਗੀ ਹਾਲਤ ਵਿੱਚ ਹੈ ਜਾਂ ਨਹੀਂ।

ਰੋਹਤਗੀ ਨੇ ਕਿਹਾ, 'ਜੇ ਮੌਤ ਦੀ ਸਜ਼ਾ ਖਤਮ ਹੋਣੀ ਹੈ, ਤਾਂ ਕਮਿਊਟੇਸ਼ਨ ਹੋਣੀ ਚਾਹੀਦੀ ਹੈ। ਜੇ ਕਮਿਊਟੇਸ਼ਨ ਹੁੰਦੀ ਹੈ, ਤਾਂ ਉਹ ਬਾਹਰ ਆ ਸਕਦਾ ਹੈ।" ਇਹ ਦਲੀਲ ਦਿੰਦੇ ਹੋਏ ਕਿ ਰਾਜੋਆਣਾ ਇੱਕ ਭਾਰਤੀ ਨਾਗਰਿਕ ਸੀ, ਰੋਹਤਗੀ ਨੇ ਕਿਹਾ ਕਿ ਇਹ ਕੋਈ 'ਭਾਰਤ-ਪਾਕਿਸਤਾਨ ਮੁੱਦਾ' ਨਹੀਂ ਸੀ।

ਉਨ੍ਹਾਂ ਕਿਹਾ ਕਿ ਸਿਖਰਲੀ ਅਦਾਲਤ ਨੇ ਕਿਹਾ ਹੈ ਕਿ ਰਾਜੋਆਣਾ ਨੇ ਖੁਦ ਰਹਿਮ ਦੀ ਪਟੀਸ਼ਨ ਦਾਇਰ ਨਹੀਂ ਕੀਤੀ ਸੀ, ਬਲਕਿ ਇਹ ਸ਼੍ਰੋਮਣੀ ਕਮੇਟੀ ਵੱਲੋਂ ਦਾਇਰ ਕੀਤੀ ਗਈ ਸੀ। ਬੈਂਚ ਨੇ ਕੇਸ ਦੀ ਸੁਣਵਾਈ 15 ਅਕਤੂਬਰ ਤੱਕ ਮੁਲਤਵੀ ਕਰ ਦਿੱਤੀ ਅਤੇ ਕਿਹਾ ਕਿ ਕੇਂਦਰ ਦੀ ਬੇਨਤੀ 'ਤੇ ਮਾਮਲੇ ਨੂੰ ਮੁਲਤਵੀ ਨਹੀਂ ਕੀਤਾ ਜਾਵੇਗਾ।

20 ਜਨਵਰੀ ਨੂੰ ਸਿਖਰਲੀ ਅਦਾਲਤ ਨੇ ਕੇਂਦਰ ਨੂੰ ਉਸ ਦੀ ਰਹਿਮ ਦੀ ਪਟੀਸ਼ਨ 'ਤੇ ਫੈਸਲਾ ਲੈਣ ਲਈ ਕਿਹਾ ਸੀ। (ਬਾਕੀ ਸਫਾ 2 'ਤੇ)

### 'ਆਪ' ਵਿਧਾਇਕ ਮਨਜਿੰਦਰ ਸਿੰਘ ਲਾਲਪੁਰਾ ਨੇ ਸਜ਼ਾ ਨੂੰ ਹਾਈਕੋਰਟ 'ਚ ਦਿੱਤੀ ਚੁਣੌਤੀ

ਚੰਡੀਗੜ੍ਹ, 24 ਸਤੰਬਰ (ਚੜ੍ਹਦੀਕਲਾ ਬਿਊਰੋ) : ਆਪ ਵਿਧਾਇਕ ਮਨਜਿੰਦਰ ਸਿੰਘ ਲਾਲਪੁਰਾ ਨੇ ਆਪਣੀ ਸਜ਼ਾ ਨੂੰ ਚੁਣੌਤੀ ਦਿੰਦੇ ਹੋਏ ਹਾਈਕੋਰਟ ਵਿੱਚ ਅਪੀਲ ਦਾਇਰ ਕੀਤੀ ਹੈ। ਉਨ੍ਹਾਂ ਆਪਣੀ ਸਜ਼ਾ 'ਤੇ ਰੋਕ ਲਗਾਉਣ ਦੀ ਮੰਗ ਕੀਤੀ ਹੈ। ਉਨ੍ਹਾਂ ਦੇ ਵਕੀਲ ਨੇ ਕਿਹਾ ਕਿ ਜੇਕਰ ਉਨ੍ਹਾਂ ਦੀ ਸਜ਼ਾ 'ਤੇ ਰੋਕ ਨਹੀਂ ਲਗਾਈ ਜਾਂਦੀ, ਤਾਂ ਉਹ ਆਪਣੀ ਵਿਧਾਨ ਸਭਾ ਮੈਂਬਰਸ਼ਿਪ ਗੁਆ ਸਕਦੇ ਹਨ। ਉੱਚ ਅਦਾਲਤ ਨੇ ਲਾਲਪੁਰਾ ਦੀ ਪਟੀਸ਼ਨ 'ਤੇ ਪੰਜਾਬ ਸਰਕਾਰ ਨੂੰ ਨੋਟਿਸ ਜਾਰੀ ਕੀਤਾ, ਜਿਸ ਵਿੱਚ 1 ਅਕਤੂਬਰ ਤੱਕ ਜਵਾਬ ਦੇਣ ਦਾ ਹੁਕਮ ਦਿੱਤਾ ਗਿਆ। 3 ਮਾਰਚ, 2013 ਨੂੰ ਪਿੰਡ ਉਸਮਾਨ ਦੀ ਇੱਕ ਔਰਤ, ਆਪਣੇ ਪਿਤਾ, ਕਸ਼ਮੀਰ ਸਿੰਘ ਅਤੇ ਹੋਰ ਪਰਿਵਾਰਕ ਮੈਂਬਰਾਂ ਨਾਲ, (ਬਾਕੀ ਸਫਾ 2 'ਤੇ)



## ਪੰਜਾਬ ਦੀ ਰਾਜ ਸਭਾ ਸੀਟ ਲਈ ਜ਼ਿਮਨੀ ਚੋਣ ਲਈ ਵੋਟਿੰਗ 24 ਅਕਤੂਬਰ ਨੂੰ

**6 ਅਕਤੂਬਰ ਤੋਂ ਹੋਣਗੇ ਨਾਮਜ਼ਦਗੀ ਪੱਤਰ ਦਾਖ਼ਲ**

ਚੜ੍ਹਦੀਕਲਾ ਬਿਊਰੋ

================

ਚੰਡੀਗੜ੍ਹ, 24 ਸਤੰਬਰ:ਪੰਜਾਬ ਵਿੱਚ ਖਾਲੀ ਹੋਈ ਰਾਜ ਸਭਾ ਸੀਟ ਲਈ ਜ਼ਿਮਨੀ ਚੋਣ ਦਾ ਐਲਾਨ ਕਰ ਦਿੱਤਾ ਗਿਆ ਹੈ। ਜ਼ਿਮਨੀ ਚੋਣ ਲਈ 24 ਅਕਤੂਬਰ ਨੂੰ ਸਵੇਰੇ 9 ਵਜੇ ਤੋਂ ਸ਼ਾਮ 4 ਵਜੇ ਤੱਕ ਵੋਟਿੰਗ ਹੋਵੇਗੀ। 6 ਅਕਤੂਬਰ ਤੋਂ ਨਾਮਜ਼ਦਗੀ ਪੱਤਰ ਦਾਖਲ ਕੀਤੇ ਜਾ ਸਕਣਗੇ। 13 ਅਕਤੂਬਰ ਤੱਕ ਨਾਮਜ਼ਦਗੀ ਭਰੀ ਜਾ ਸਕੇਗੀ। ਚੋਣ ਕਮਿਸ਼ਨ ਵੱਲੋਂ ਇਸ ਸਬੰਧੀ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਗਿਆ ਹੈ। ਦੱਸ ਦੇਈਏ ਕਿ ਆਮ ਆਦਮੀ ਪਾਰਟੀ (ਆਪ) ਦੇ ਸਾਬਕਾ ਰਾਜ ਸਭਾ ਮੈਂਬਰ ਸੰਜੀਵ ਅਰੋੜਾ ਦੇ ਲੁਧਿਆਣਾ ਤੋਂ ਵਿਧਾਇਕ ਚੁਣੇ ਜਾਣ ਤੋਂ ਬਾਅਦ ਇਹ ਸੀਟ ਖਾਲੀ ਹੋ ਗਈ ਸੀ। ਚੋਣ ਕਮਿਸ਼ਨ ਵੱਲੋਂ ਜਾਰੀ ਕੀਤੀ ਗਈ ਨੋਟੀਫਿਕੇਸ਼ਨ ਦੇ ਅਨੁਸਾਰ, 'ਆਪ' ਨੇਤਾ ਸੰਜੀਵ ਅਰੋੜਾ ਨੇ 1 ਜੁਲਾਈ, 2025 ਤੋਂ ਆਪਣੀ ਰਾਜ ਸਭਾ ਮੈਂਬਰਸ਼ਿਪ ਤੋਂ ਅਸਤੀਫਾ ਦੇ ਦਿੱਤਾ ਸੀ। ਇਸ ਸੀਟ ਲਈ ਉਪ ਚੋਣ ਇਸ ਸਾਲ ਜੂਨ ਵਿੱਚ (ਬਾਕੀ ਸਫਾ 2 'ਤੇ)




### ਹੁਣ ਵੋਟਰ ਸੂਚੀ 'ਚੋਂ ਨਾਮ ਹਟਾਉਣਾ ਨਹੀਂ ਹੋਵੇਗਾ ਆਸਾਨ!

ਨਵੀਂ ਦਿੱਲੀ, 24 ਸਤੰਬਰ (ਚੜ੍ਹਦੀਕਲਾ ਬਿਊਰੋ) : ਵੋਟਰ ਸੂਚੀਆਂ ਤੋਂ ਨਾਮ ਹਟਾਉਣ ਦੇ ਵਿਵਾਦਾਂ ਨੂੰ ਰੋਕਣ ਲਈ ਚੋਣ ਕਮਿਸ਼ਨ ਨੇ ਨਵਾਂ ਫੀਚਰ ਪੇਸ਼ ਕੀਤਾ; ਇਸ ਦਾ ਉਦੇਸ਼ ਵੋਟਰ ਪਛਾਣ ਦੀ ਦੁਰਵਰਤੋਂ ਨੂੰ ਰੋਕਣਾ ਚੋਣ ਕਮਿਸ਼ਨ ਨੇ ਵੋਟਰ ਸੂਚੀ ਵਿੱਚੋਂ ਨਾਂ ਹਟਾਉਣ ਦੀ ਪ੍ਰਕਿਰਿਆ ਦੇ ਦੁਰਉਪਯੋਗ ਰੋਕਣ ਲਈ ਇੱਕ ਨਵਾਂ ਈ-ਵੈਰੀਫਿਕੇਸ਼ਨ ਸਿਸਟਮ ਲਾਗੂ ਕੀਤਾ ਹੈ। ਹੁਣ ਜੇ ਕੋਈ ਵਿਅਕਤੀ ਕਿਸੇ ਦਾ ਨਾਂ ਹਟਵਾਉਣ ਜਾਂ ਸ਼ਾਮਲ ਹੋਣ 'ਤੇ ਇਤਰਾਜ਼ ਕਰਦਾ ਹੈ ਤਾਂ ਉਸ ਦੇ ਰਜਿਸਟਰਡ ਮੋਬਾਈਲ 'ਤੇ ਓ.ਟੀ.ਪੀ. ਆਵੇਗਾ, ਜੋ ਦੱਸੇਗਾ ਕਿ ਅਸਲ (ਬਾਕੀ ਸਫਾ 2 'ਤੇ)

### ਝਾਰਖੰਡ ਦੇ ਗੁਮਲਾ ਵਿੱਚ ਸੁਰੱਖਿਆ ਬਲਾਂ ਨਾਲ ਮੁਕਾਬਲੇ 'ਚ ਤਿੰਨ ਮਾਓਵਾਦੀ ਢੇਰ

ਰਾਂਚੀ, 24 ਸਤੰਬਰ (ਚੜ੍ਹਦੀਕਲਾ ਬਿਊਰੋ) : ਝਾਰਖੰਡ ਦੇ ਗੁਮਲਾ ਜ਼ਿਲ੍ਹੇ ਵਿਚ ਬੁੱਧਵਾਰ ਸਵੇਰੇ ਸੁਰੱਖਿਆ ਬਲਾਂ ਨਾਲ ਮੁਕਾਬਲੇ ਵਿਚ ਪਾਬੰਦੀਸ਼ੁਦਾ ਮਾਓਵਾਦੀ ਸਪਲਿੰਟਰ ਗਰੁੱਪ ਦੇ ਤਿੰਨ ਮੈਂਬਰ ਮਾਰੇ ਗਏ। ਝਾਰਖੰਡ ਜੈਗੁਆਰ ਤੇ ਗੁਮਲਾ ਪੁਲਿਸ ਦੀ ਸ਼ਮੂਲੀਅਤ ਵਾਲੀ ਸੁਰੱਖਿਆ ਬਲਾਂ ਦੀ ਟੀਮ ਤੇ ਝਾਰਖੰਡ ਜਨ ਮੁਕਤੀ ਪ੍ਰੀਸ਼ਦ (ਜੇ.ਜੇ.ਐੱਮ.ਪੀ.) ਦੇ ਮਾਓਵਾਦੀਆਂ ਦਰਮਿਆਨ ਮੁਕਾਬਲਾ ਸਵੇਰੇ 8 ਵਜੇ ਦੇ ਕਰੀਬ ਬਿਸ਼ਨੂਪੁਰ ਪੁਲਿਸ ਥਾਣੇ ਅਧੀਨ ਆਉਂਦੇ ਕੇਚਕੀ ਪਿੰਡ ਦੇ ਜੰਗਲਾਤ ਖੇਤਰ ਵਿਚ ਹੋਇਆ। ਆਈ.ਜੀ. (ਅਪਰੇਸ਼ਨਜ਼) ਤੇ ਝਾਰਖੰਡ ਪੁਲਿਸ ਦੇ ਤਰਜਮਾਨ ਮਾਈਕਲ ਰਾਜ.ਐੱਸ ਨੇ ਖ਼ਬਰ ਏਜੰਸੀ ਨੂੰ ਦੱਸਿਆ, "ਮੁਕਾਬਲੇ ਵਿਚ ਤਿੰਨ ਜੇ.ਜੇ.ਐੱਮ.ਪੀ. ਮਾਓਵਾਦੀ ਮਾਰੇ ਗਏ। ਮੌਕੇ ਤੋਂ ਤਿੰਨ ਹਥਿਆਰ ਵੀ ਮਿਲੇ ਹਨ।" ਉਨ੍ਹਾਂ ਕਿਹਾ ਕਿ ਤਲਾਸ਼ੀ ਮੁਹਿੰਮ ਅਜੇ ਵੀ ਜਾਰੀ ਹੈ।

## ਲੇਹ 'ਚ ਪੁਲਿਸ ਅਤੇ ਪ੍ਰਦਰਸ਼ਨਕਾਰੀਆਂ ਦੀ ਝੜਪ ਦੌਰਾਨ 4 ਮੌਤਾਂ

**ਸੋਨਮ ਵਾਂਗਚੁਕ ਨੇ ਭੁੱਖ ਹੜਤਾਲ ਕੀਤੀ ਖ਼ਤਮ**



ਚੜ੍ਹਦੀਕਲਾ ਬਿਊਰੋ

================

ਲੇਹ, 24 ਸਤੰਬਰ:ਇੱਥੇ ਬੰਦ ਦੌਰਾਨ ਪੁਲਿਸ ਅਤੇ ਪ੍ਰਦਰਸ਼ਨਕਾਰੀਆਂ ਵਿਚਕਾਰ ਝੜਪ ਹੋਣ ਤੋਂ ਬਾਅਦ ਸੋਨਮ ਵਾਂਗਚੁਕ ਨੇ 15 ਦਿਨਾਂ ਦੀ ਭੁੱਖ ਹੜਤਾਲ ਖ਼ਤਮ ਕਰ ਦਿੱਤੀ ਹੈ। ਹਾਲਾਂਕਿ ਇਸ ਝੜਪ ਦੌਰਾਨ ਚਾਰ ਲੋਕਾਂ ਦੀ ਮੌਤ ਹੋ ਗਈ ਹੈ। ਵਾਂਗਚੁਕ ਨੇ ਹੜਤਾਲ ਵਾਲੀ ਥਾਂ 'ਤੇ ਵੱਡੀ ਗਿਣਤੀ ਵਿੱਚ ਇਕੱਠੇ ਹੋਏ ਆਪਣੇ ਸਮਰਥਕਾਂ ਨੂੰ ਕਿਹਾ,ਮੈਂ ਲੱਦਾਖ ਦੇ ਨੌਜਵਾਨਾਂ ਨੂੰ ਹਿੰਸਾ ਨੂੰ ਤੁਰੰਤ ਬੰਦ ਕਰਨ ਦੀ ਬੇਨਤੀ ਕਰਦਾ ਹਾਂ ਕਿਉਂਕਿ ਇਹ ਸਿਰਫ ਸਾਡੇ ਉਦੇਸ਼ ਨੂੰ ਨੁਕਸਾਨ ਪਹੁੰਚਾਉਂਦਾ ਹੈ ਅਤੇ ਸਥਿਤੀ ਨੂੰ ਹੋਰ ਵਿਗੜਦਾ ਹੈ। ਅਸੀਂ ਲੱਦਾਖ ਅਤੇ ਦੇਸ਼ ਵਿੱਚ ਅਸਥਿਰਤਾ ਨਹੀਂ ਚਾਹੁੰਦੇ। ਦੱਸ ਦਈਏ ਕਿ ਹਿੰਸਾ ਦੇ ਚਲਦਿਆਂ ਸਾਲਾਨਾ ਲੱਦਾਖ ਸਮਾਗਮ ਨੂੰ ਰੱਦ ਕਰ ਦਿੱਤਾ ਗਿਆ ਸੀ। ਲੈਫਟੀਨੈਂਟ ਗਵਰਨਰ (ਬਾਕੀ ਸਫਾ 2 'ਤੇ)

### ਫਾਂਸੀ ਤੋਂ ਬਿਨਾਂ ਕੋਈ ਕੇਸ ਫੌਰੀ ਸੁਣਵਾਈ ਲਈ ਸੂਚੀਬੱਧ ਨਹੀਂ ਕੀਤਾ ਜਾਵੇਗਾ: ਜਸਟਿਸ ਸੂਰਿਆਕਾਂਤ

ਨਵੀਂ ਦਿੱਲੀ, 24 ਸਤੰਬਰ (ਚੜ੍ਹਦੀਕਲਾ ਬਿਊਰੋ) : ਸੁਪਰੀਮ ਕੋਰਟ ਦੇ ਜੱਜ ਸੂਰਿਆ ਕਾਂਤ ਨੇ ਬੁੱਧਵਾਰ ਨੂੰ ਕਿਹਾ ਕਿ ਉਹ ਕਿਸੇ ਵੀ ਮਾਮਲੇ ਨੂੰ ਉਸੇ ਦਿਨ ਫੌਰੀ ਸੁਣਵਾਈ ਲਈ ਸੂਚੀਬੱਧ ਕਰਨ ਦਾ ਹੁਕਮ ਨਹੀਂ ਦੇਣਗੇ ਬਸ਼ਰਤੇ ਇਹ ਕੋਈ ਫ਼ਾਂਸੀ ਨਾਲ ਜੁੜਿਆ ਮਸਲਾ ਨਾ ਹੋਵੇ। ਉਨ੍ਹਾਂ ਸਵਾਲ ਕੀਤਾ ਕਿ ਕੀ ਕੋਈ ਜੱਜਾਂ ਦੀ ਦੁਰਦਸ਼ਾ, ਉਨ੍ਹਾਂ ਦੇ ਕੰਮ ਦੇ ਘੰਟਿਆਂ ਤੇ ਉਨ੍ਹਾਂ ਨੂੰ ਕਿੰਨੇ ਘੰਟੇ ਸੌਣ ਲਈ ਮਿਲਦੇ ਹਨ,ਬਾਰੇ ਸਮਝਦਾ ਹੈ। ਜਸਟਿਸ ਕਾਂਤ ਫੌਰੀ ਸੁਣਵਾਈ ਨਾਲ ਸਬੰਧਤ ਮਾਮਲਿਆਂ ਦੀ ਸੁਣਵਾਈ ਕਰ ਰਹੇ ਸਨ। ਇਸ ਬੈਂਚ ਵਿਚ ਉਨ੍ਹਾਂ ਨਾਲ ਜਸਟਿਸ ਉੱਜਵਲ ਭੂਈਆਂ ਤੇ ਜਸਟਿਸ ਐਨ.ਕੋਟੀਸ਼ਵਰ ਸਿੰਘ ਵੀ ਸ਼ਾਮਲ ਸਨ। ਸੁਪਰੀਮ ਕੋਰਟ ਦਾ ਰੋਸਟਰ ਚੀਫ਼ ਜਸਟਿਸ ਬੀ.ਆਰ. ਗਵਈ ਵੱਲੋਂ ਬਣਾਏ ਜਾਣ ਕਰਕੇ ਫੌਰੀ ਸੁਣਵਾਈ ਵਾਲੇ ਮਾਮਲੇ ਆਮ ਕਰਕੇ ਉਹ ਖੁਦ ਸੁਣਦੇ ਹਨ। ਪਰ ਉਨ੍ਹਾਂ ਦੇ ਪੰਜ ਮੈਂਬਰੀ ਸੰਵਿਧਾਨਕ ਬੈਂਚ ਵਿਚ ਬੈਠੇ ਹੋਣ ਕਰਕੇ ਦਸਤੂਰ ਵਜੋਂ (ਬਾਕੀ ਸਫਾ 2 'ਤੇ)

'ਪਹਾੜੀ ਸੂਬੇ ਕਰ ਰਹੇ ਨੇ ਖ਼ਤਰੇ ਦਾ ਸਾਹਮਣਾ...'

## ਮਾਨਸੂਨ 'ਚ ਤਬਾਹੀ 'ਤੇ ਸੁਪਰੀਮ ਕੋਰਟ ਨੇ ਸਰਕਾਰ ਤੋਂ ਮੰਗੀ ਰਿਪੋਰਟ



ਚੜ੍ਹਦੀਕਲਾ ਬਿਊਰੋ

================

ਨਵੀਂ ਦਿੱਲੀ, 24 ਸਤੰਬਰ: ਮਾਨਸੂਨ ਦੇ ਮੌਸਮ ਵਿੱਚ ਪਹਾੜੀ ਰਾਜਾਂ ਵਿੱਚ ਭਾਰੀ ਤਬਾਹੀ ਹੋਈ। ਜੰਮੂ-ਕਸ਼ਮੀਰ ਤੋਂ ਲੈ ਕੇ ਹਿਮਾਚਲ ਪ੍ਰਦੇਸ਼ ਅਤੇ ਉਤਰਾਖੰਡ ਤੱਕ ਬਾਰਿਸ਼ ਨੇ ਤਬਾਹੀ ਮਚਾਈ। ਹਾਲ ਹੀ ਦੇ ਸਮੇਂ ਵਿੱਚ ਜ਼ਮੀਨ ਖਿਸਕਣਾ, ਅਚਾਨਕ ਹੜ੍ਹ ਅਤੇ ਹੜ੍ਹ ਆਮ ਹੋ ਗਏ ਹਨ, ਜਿਸ ਵਿੱਚ ਬਹੁਤ ਸਾਰੀਆਂ ਜਾਨਾਂ ਗਈਆਂ ਹਨ। ਇਸ ਦੌਰਾਨ ਸੁਪਰੀਮ ਕੋਰਟ ਨੇ ਹਿਮਾਲੀਅਨ ਈਕੋਸਿਸਟਮ ਦੇ ਕਮਜ਼ੋਰ ਹੋਣ 'ਤੇ ਚਿੰਤਾ ਪ੍ਰਗਟ ਕੀਤੀ ਹੈ। ਪਹਾੜੀ ਰਾਜਾਂ ਵਿੱਚ ਮੌਨਸੂਨ ਦੀ ਬਾਰਿਸ਼ ਨੇ ਕਈ ਪਹਾੜੀ ਸਟੇਸ਼ਨਾਂ ਨੂੰ ਵੀ ਪ੍ਰਭਾਵਿਤ ਕੀਤਾ। ਬੱਦਲ ਫਟਣ ਨੇ ਖਾਸ ਕਰਕੇ ਹਿਮਾਚਲ ਪ੍ਰਦੇਸ਼ ਅਤੇ ਉਤਰਾਖੰਡ ਵਿੱਚ ਹਜ਼ਾਰਾਂ ਲੋਕਾਂ ਦੇ ਜੀਵਨ ਨੂੰ ਪ੍ਰਭਾਵਿਤ ਕੀਤਾ। ਸੁਣਵਾਈ ਦੌਰਾਨ ਸੁਪਰੀਮ ਕੋਰਟ ਨੇ ਕਿਹਾ, 'ਇਸ ਮੌਨਸੂਨ ਦੀ ਭਾਰੀ ਬਾਰਿਸ਼ ਨੇ (ਬਾਕੀ ਸਫਾ 2 'ਤੇ)

ਪਟਨਾ 'ਚ ਕਾਂਗਰਸ ਵਰਕਿੰਗ ਕਮੇਟੀ ਦੀ ਮੀਟਿੰਗ ਸ਼ੁਰੂ

## ਬਿਹਾਰ ਚੋਣਾਂ ਮੋਦੀ ਸਰਕਾਰ ਦੇ 'ਭ੍ਰਿਸ਼ਟ ਸਾਸ਼ਨ' ਦੇ ਅੰਤ ਦਾ ਆਗਾਜ਼ ਹੋਣਗੀਆਂ: ਖੜਗੇ



ਚੜ੍ਹਦੀਕਲਾ ਬਿਊਰੋ

================

ਪਟਨਾ, 24 ਸਤੰਬਰ:ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਭਾਜਪਾ ਨੂੰ ਲੰਮੇ ਹੱਥੀਂ ਲੈਂਦਿਆਂ ਇਸ 'ਤੇ 'ਵੋਟ ਚੋਰੀ' ਅਤੇ ਫਿਰਕੂ ਧਰੁਵੀਕਰਨ ਦਾ ਦੋਸ਼ ਲਗਾਇਆ। ਖੜਗੇ ਨੇ ਜ਼ੋਰ ਦੇ ਕੇ ਕਿਹਾ ਕਿ ਬਿਹਾਰ ਵਿਧਾਨ ਸਭਾ ਚੋਣਾਂ ਮੋਦੀ ਸਰਕਾਰ ਦੇ 'ਭ੍ਰਿਸ਼ਟ ਸਾਸ਼ਨ' ਦੇ ਅੰਤ ਦੀ ਸ਼ੁਰੂਆਤ ਹੋਣਗੀਆਂ। ਇੱਥੇ ਕਾਂਗਰਸ ਵਰਕਿੰਗ ਕਮੇਟੀ (ਸੀ.ਡਬਲਯੂ.ਸੀ.) ਦੀ ਮੀਟਿੰਗ ਵਿੱਚ ਆਪਣੀ ਸ਼ੁਰੂਆਤੀ ਟਿੱਪਣੀ ਵਿੱਚ ਖੜਗੇ ਨੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਹਾਲੀਆ ਬਿਆਨਾਂ ਅਤੇ ਕਾਰਵਾਈਆਂ ਦਾ ਸਪੱਸ਼ਟ ਹਵਾਲਾ ਵੀ ਦਿੱਤਾ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ 'ਤੇ ਨਿਸ਼ਾਨਾ ਸਾਧਿਆ। ਖੜਗੇ ਨੇ ਕਿਹਾ,"ਕੌਮਾਂਤਰੀ ਪੱਧਰ 'ਤੇ ਸਾਡੀਆਂ (ਬਾਕੀ ਸਫਾ 2 'ਤੇ)

### ਨਾਗਰਿਕਾਂ ਦੇ ਅਧਿਕਾਰ ਖੋਹੇ ਜਾ ਰਹੇ ਨੇ: ਰਾਹੁਲ

**50 ਫ਼ੀਸਦੀ ਰਾਖਵੇਂਕਰਨ ਦੀਵਾਰ ਨੂੰ ਪਾੜ ਦੇਵਾਂਗੇ**

ਪਟਨਾ (ਬਿਹਾਰ), 24 ਸਤੰਬਰ (ਚੜ੍ਹਦੀਕਲਾ ਬਿਊਰੋ): ਲੋਕ ਸਭਾ ਮੈਂਬਰ ਰਾਹੁਲ ਗਾਂਧੀ ਨੇ ਕਿਹਾ, '15 ਦਿਨਾਂ ਦੀ ਵੋਟਰ ਅਧਿਕਾਰ ਯਾਤਰਾ ਦੌਰਾਨ, ਅਸੀਂ ਬਿਹਾਰ ਦੇ ਵੱਖ-ਵੱਖ ਜ਼ਿਲ੍ਹਿਆਂ ਵਿੱਚ ਗਏ ਅਤੇ ਨੌਜਵਾਨਾਂ ਨੂੰ ਦੱਸਿਆ ਕਿ ਸੰਵਿਧਾਨ 'ਤੇ ਹਮਲਾ ਕੀਤਾ ਜਾ ਰਿਹਾ ਹੈ। ਸਿਰਫ਼ ਬਿਹਾਰ ਵਿੱਚ ਹੀ ਨਹੀਂ, ਸਗੋਂ ਪੂਰੇ ਦੇਸ਼ ਵਿੱਚ, ਨਾਗਰਿਕਾਂ ਦੇ ਅਧਿਕਾਰ ਖੋਹੇ ਜਾ ਰਹੇ ਹਨ। ਸੰਸਦ ਵਿੱਚ, ਮੈਂ ਪ੍ਰਧਾਨ ਮੰਤਰੀ ਮੋਦੀ ਦੇ ਸਾਹਮਣੇ ਦੋ ਗੱਲਾਂ ਕਹੀਆਂ, ਪਹਿਲੀ, ਪੂਰੇ ਦੇਸ਼ ਵਿੱਚ ਜਾਤੀ ਅਧਾਰਤ ਜਨਗਣਨਾ ਹੋਵੇਗੀ; ਦੂਜਾ, ਅਸੀਂ 50% ਰਾਖਵੇਂਕਰਨ ਦੀਵਾਰ ਨੂੰ ਪਾੜ ਦੇਵਾਂਗੇ।'

### ਆਨਲਾਈਨ ਸੱਟੇਬਾਜ਼ੀ: ਅਦਾਕਾਰ ਸੋਨੂ ਸੂਦ ਈ.ਡੀ. ਅੱਗੇ ਪੇਸ਼

ਨਵੀਂ ਦਿੱਲੀ, 24 ਸਤੰਬਰ (ਚੜ੍ਹਦੀਕਲਾ ਬਿਊਰੋ) : ਅਦਾਕਾਰ ਸੋਨੂ ਸੂਦ ਆਨਲਾਈਨ ਸੱਟੇਬਾਜ਼ੀ ਨਾਲ ਜੁੜੇ ਮਨੀ ਲਾਂਡਰਿੰਗ ਕੇਸ ਵਿੱਚ ਪੁੱਛ-ਪੜਤਾਲ ਲਈ ਅੱਜ ਇਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਅੱਗੇ ਪੇਸ਼ ਹੋਇਆ। ਲੰਘੇ ਦਿਨ ਸਾਬਕਾ ਕ੍ਰਿਕਟਰ ਯੁਵਰਾਜ ਸਿੰਘ ਨੇ ਵੀ ਸੰਘੀ ਜਾਂਚ ਏਜੰਸੀ ਅੱਗੇ ਪੇਸ਼ ਹੋ ਕੇ ਸਵਾਲਾਂ ਦੇ ਜਵਾਬ ਦਿੱਤੇ ਸਨ। ਇਸ ਤੋਂ ਪਹਿਲਾਂ ਈ.ਡੀ. ਇਸੇ ਮਾਮਲੇ ਵਿਚ ਸਾਬਕਾ ਕ੍ਰਿਕਟਰਾਂ ਸੁਰੇਸ਼ ਰੈਣਾ, ਸ਼ਿਖਰ ਧਵਨ ਤੇ ਰੌਬਿਨ ਉਥੱਪਾ, ਅਦਾਕਾਰ ਮਿਮੀ ਚੱਕਰਵਰਤੀ ਤੇ ਬੰਗਾਲੀ ਅਦਾਕਾਰ ਅੰਕੁਸ਼ ਹਾਜ਼ਰਾ ਤੋਂ ਵੀ ਪੁੱਛ ਪੜਤਾਲ ਕਰ ਚੁੱਕੀ ਹੈ। ਸੋਨੂ ਸੂਦ (52) ਦੁਪਹਿਰੇ 12 ਵਜੇ ਦੇ ਕਰੀਬ ਏਜੰਸੀ ਦੇ ਕੇਂਦਰੀ ਦਿੱਲੀ ਸਥਿਤ ਦਫ਼ਤਰ ਪੁੱਜਾ। ਕੇਸ ਦੇ ਤਫ਼ਤੀਸ਼ੀ ਅਧਿਕਾਰੀਆਂ ਵੱਲੋਂ ਪੀ.ਐੱਮ.ਐੱਲ.ਏ. ਤਹਿਤ ਅਦਾਕਾਰ ਦੇ ਬਿਆਨ ਕਲਮਬੰਦ ਕੀਤੇ ਜਾਣਗੇ। ਏਜੰਸੀ ਵੱਲੋਂ ਜਾਂਚ ਦੀ ਕੜੀ ਵਜੋਂ ਕੁਝ ਮਹਿਲਾ ਸੋਸ਼ਲ ਮੀਡੀਆ ਇਲਫਲੂਐਂਸਰਾਂ ਤੋਂ ਵੀ ਪੁੱਛ ਪੜਤਾਲ ਕੀਤੀ ਗਈ ਹੈ।

## ਯੂਕ੍ਰੇਨ ਦੇ ਰਾਸ਼ਟਰਪਤੀ ਜ਼ੇਲੈਂਸਕੀ ਨੇ ਕਿਹਾ ਭਾਰਤ 'ਜ਼ਿਆਦਾਤਰ ਸਾਡੇ ਨਾਲ'

ਚੜ੍ਹਦੀਕਲਾ ਬਿਊਰੋ

================

ਵਾਸ਼ਿੰਗਟਨ, 24 ਸਤੰਬਰ: ਯੂਕ੍ਰੇਨ ਦੇ ਰਾਸ਼ਟਰਪਤੀ ਵੋਲੋਦੀਮੀਰ ਜ਼ੇਲੈਂਸਕੀ ਨੇ ਕਿਹਾ ਕਿ ਭਾਰਤ 'ਜ਼ਿਆਦਾਤਰ ਸਾਡੇ ਨਾਲ' ਹੈ ਅਤੇ ਉਮੀਦ ਜ਼ਾਹਰ ਕੀਤੀ ਕਿ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਦਖਲ ਨਾਲ ਨਵੀਂ ਦਿੱਲੀ ਰੂਸੀ ਊਰਜਾ ਖੇਤਰ ਪ੍ਰਤੀ ਆਪਣਾ ਰਵੱਈਆ ਬਦਲੇਗੀ। ਜ਼ੇਲੈਂਸਕੀ ਇੱਕ ਖ਼ਬਰ ਏਜੰਸੀ ਨੂੰ ਇੱਕ ਇੰਟਰਵਿਊ ਦੌਰਾਨ ਚੀਨ ਅਤੇ ਭਾਰਤ ਵੱਲੋਂ ਰੂਸ ਦੀ ਯੂਕ੍ਰੇਨ ਵਿਰੁੱਧ ਜੰਗ ਵਿੱਚ ਯੋਗਦਾਨ ਪਾਉਣ ਬਾਰੇ ਇੱਕ ਸਵਾਲ ਦਾ ਜਵਾਬ ਦੇ ਰਹੇ ਸਨ ਅਮਰੀਕਾ ਨੇ ਅਕਸਰ ਭਾਰਤ ਅਤੇ ਚੀਨ ਨੂੰ ਰੂਸੀ ਤੇਲ ਖਰੀਦਣ ਲਈ ਜ਼ਿੰਮੇਵਾਰ ਠਹਿਰਾਇਆ ਹੈ, ਜਿਸ ਬਾਰੇ ਰਾਸ਼ਟਰਪਤੀ ਟਰੰਪ ਨੇ ਦਾਅਵਾ ਕੀਤਾ ਹੈ ਕਿ ਇਹ ਮਾਸਕੋ ਦੀ ਯੂਕ੍ਰੇਨ ਵਿਰੁੱਧ ਜੰਗ ਲਈ ਫੰਡ ਦਿੰਦਾ ਹੈ।



ਜ਼ੇਲੈਂਸਕੀ ਨੇ ਕਿਹਾ, "ਮੈਨੂੰ ਲੱਗਦਾ ਹੈ ਕਿ ਭਾਰਤ ਜ਼ਿਆਦਾਤਰ ਸਾਡੇ ਨਾਲ ਹੈ। ਹਾਂ, ਸਾਡੇ ਕੋਲ ਊਰਜਾ ਨਾਲ ਸਬੰਧਤ ਇਹ ਸਵਾਲ ਹਨ, ਪਰ ਮੈਨੂੰ ਲੱਗਦਾ ਹੈ ਕਿ ਰਾਸ਼ਟਰਪਤੀ ਟਰੰਪ ਯੂਰਪੀਅਨਾਂ ਨਾਲ ਇਸਦਾ ਪ੍ਰਬੰਧ ਕਰ ਸਕਦੇ ਹਨ, ਭਾਰਤ ਨਾਲ ਹੋਰ ਨਜ਼ਦੀਕੀ ਅਤੇ ਮਜ਼ਬੂਤ ਸਬੰਧ ਬਣਾ ਸਕਦੇ ਹਨ।" ਉਹ ਇੱਕ ਖ਼ਬਰ ਏਜੰਸੀ ਇੰਟਰਵਿਊਰ ਦੁਆਰਾ ਇੱਕ ਖਾਸ ਸਵਾਲ ਦਾ ਜਵਾਬ ਦੇ ਰਹੇ ਸਨ: ' ਜ਼ੇਲੈਂਸਕੀ ਨੇ ਕਿਹਾ, "ਮੈਂ ਚੀਨ ਬਾਰੇ ਯਕੀਨੀ ਹਾਂ, ਇਹ ਵਧੇਰੇ ਮੁਸ਼ਕਿਲ ਹੈ ਕਿਉਂਕਿ ਇਹ ਅੱਜ ਲਈ ਨਹੀਂ ਹੈ। ਰੂਸ ਦਾ ਸਮਰਥਨ ਨਾ ਕਰਨਾ ਉਨ੍ਹਾਂ ਦੇ ਹਿੱਤ ਵਿੱਚ ਨਹੀਂ ਹੈ।" ਉਨ੍ਹਾਂ ਇਹ ਵੀ ਕਿਹਾ, 'ਮੈਨੂੰ ਲੱਗਦਾ ਹੈ ਕਿ ਈਰਾਨ ਕਦੇ ਵੀ ਸਾਡੇ ਪੱਖ ਵਿੱਚ ਨਹੀਂ ਹੋਵੇਗਾ, ਕਿਉਂਕਿ ਅਸੀਂ ਕਦੇ ਵੀ ਸੰਯੁਕਤ ਰਾਜ ਦੇ ਪੱਖ ਵਿੱਚ ਨਹੀਂ ਹੋਵਾਂਗੇ।'ਜ਼ੇਲੈਂਸਕੀ ਨੇ ਕਿਹਾ, "ਜੇ ਚੀਨ ਸੱਚਮੁੱਚ ਇਸ ਜੰਗ ਨੂੰ ਰੋਕਣਾ (ਬਾਕੀ ਸਫਾ 2 'ਤੇ)

### ਰਾਸ਼ਟਰੀ ਆਯੁਰਵੇਦ ਦਿਵਸ

## ਡਾ. ਬਲਬੀਰ ਸਿੰਘ ਵੱਲੋਂ ਸੂਬੇ 'ਚ ਆਯੁਰਵੇਦ ਪ੍ਰਣਾਲੀ ਨੂੰ ਮਜ਼ਬੂਤ ਕਰਨ ਲਈ ਕਈ ਉਪਰਾਲਿਆਂ ਦੀ ਸ਼ੁਰੂਆਤ

ਚੰਡੀਗੜ੍ਹ, , 24 ਸਤੰਬਰ (ਚ.ਨ.ਸ.) : ਪੰਜਾਬ ਵਿੱਚ ਆਯੁਰਵੈਦਿਕ ਇਲਾਜ ਪ੍ਰਣਾਲੀ ਨੂੰ ਹੋਰ ਮਜ਼ਬੂਤ ਕਰਨ ਦੇ ਇਰਾਦੇ ਨਾਲ, ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਇੱਥੇ ਪੰਜਾਬ ਕਲਾ ਭਵਨ ਵਿਖੇ 10ਵੇਂ ਰਾਸ਼ਟਰੀ ਆਯੁਰਵੇਦ ਦਿਵਸ ਮੌਕੇ ਇੱਕ ਈ-ਯੋਗ ਐਪ, ਵਿਭਾਗ ਦੀ ਅਧਿਕਾਰਤ ਵੈੱਬਸਾਈਟ ਅਤੇ ਆਈ.ਆਰ.ਏ. (ਉਦਯੋਗ, ਖੋਜ ਅਤੇ ਅਕਾਦਮੀਆ) ਚੈਂਬਰ ਆਫ਼ ਆਯੁਰਵੇਦ ਸਮੇਤ ਕਈ ਪਹਿਲਕਦਮੀਆਂ ਦੀ ਸ਼ੁਰੂਆਤ ਕੀਤੀ।

ਸਿਹਤ ਮੰਤਰੀ ਨੇ ਸਮਾਗਮ ਦਾ ਉਦਘਾਟਨ ਕਰਦੇ ਹੋਏ ਕਿਹਾ ਕਿ ਇਹ ਪਹਿਲਕਦਮੀਆਂ ਲੋਕਾਂ ਦੇ ਲਾਭ ਲਈ ਤਕਨਾਲੋਜੀ ਰਾਹੀਂ ਆਯੁਰਵੇਦ ਦੀ ਪਹੁੰਚਯੋਗਤਾ ਵਧਾਉਣ ਅਤੇ ਮਜ਼ਬੂਤ ਕਰਨ ਲਈ ਸ਼ੁਰੂ ਕੀਤੀਆਂ ਗਈਆਂ ਹਨ। ਉਨ੍ਹਾਂ ਨੇ ਰੋਕਥਾਮ, ਸਿਹਤ ਪ੍ਰੋਤਸਾਹਨ, ਇਲਾਜ ਅਤੇ ਮੁੜਵਸੇਬੇ ਲਈ ਇਸਦੇ ਸਦੀਵੀ ਸਿਧਾਂਤਾਂ ਨੂੰ ਲਾਗੂ ਕਰਕੇ ਰੋਜਾਨਾ ਜੀਵਨ ਵਿੱਚ ਆਯੁਰਵੇਦ ਨੂੰ ਇੱਕ ਸੰਪੂਰਨ ਵਿਗਿਆਨ ਵਜੋਂ ਅਪਣਾਉਣ 'ਤੇ ਜੋਰ ਦਿੱਤਾ।

ਡਾ. ਬਲਬੀਰ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਇਨ੍ਹਾਂ ਆਧੁਨਿਕ ਡਿਜੀਟਲ ਪਲੇਟਫਾਰਮਾਂ ਨੂੰ ਅਪਣਾਉਣ ਦਾ ਉਦੇਸ ਆਯੁਰਵੈਦਿਕ ਗਿਆਨ ਅਤੇ ਸੇਵਾਵਾਂ ਤੱਕ ਜਨਤਕ ਪਹੁੰਚ ਨੂੰ ਵਧਾਉਣਾ ਹੈ ਤਾਂ ਜੋ ਸਾਰਿਆਂ ਲਈ ਇੱਕ ਸਿਹਤਮੰਦ ਵਾਤਾਵਰਣ ਯਕੀਨੀ ਬਣਾਇਆ ਜਾ ਸਕੇ। ਇਸ ਸਾਲ ਦੇ ਥੀਮ,"ਆਯੁਰਵੇਦਾ ਫਾਰ ਪੀਪਲ ਐਂਡ ਪਲੈਨਟ" ਬਾਰੇ ਦੱਸਦਿਆਂ ਉਨ੍ਹਾਂ ਕਿਹਾ ਕਿ ਇਹ ਥੀਮ ਸਰੀਰ, ਮਨ, ਰੂਹ ਅਤੇ ਵਾਤਾਵਰਣ ਨੂੰ ਸੰਤੁਲਿਤ ਕਰਨ ਦੀ ਮਹੱਤਤਾ ਨੂੰ ਦਰਸਾਉਂਦਾ ਹੈ।

ਸਮਾਗਮ ਦੌਰਾਨ ਸਿਹਤ ਮੰਤਰੀ ਨੇ ਪੰਜ ਉੱਘੀਆਂ ਸ਼ਖਸੀਅਤਾਂ ਨੂੰ ਵੱਕਾਰੀ ਰਾਜ ਧਨਵੰਤਰੀ ਪੁਰਸਕਾਰ ਵੀ ਪ੍ਰਦਾਨ ਕੀਤੇ, ਜਿਨ੍ਹਾਂ ਵਿੱਚ ਜ਼ਿਲ੍ਹਾ ਆਯੁਰਵੈਦਿਕ ਅਤੇ ਯੂਨਾਨੀ ਅਧਿਕਾਰੀ ਸੰਗਰੂਰ ਡਾ. ਮਲਕੀਅਤ ਸਿੰਘ, ਆਯੁਰਵੈਦਿਕ ਮੈਡੀਕਲ ਅਧਿਕਾਰੀ ਡਾ. ਚੇਤਨ ਮਹਿਤਾ (ਜੀ.ਏ.ਡੀ. ਨਿੱਜਰਾਂ) ਅਤੇ ਡਾ. ਲਲਿਤ ਕਾਂਸਲ (ਸਵਾਸਥ ਕੇਂਦਰ ਕਾਨ੍ਹਗੜ੍ਹ, ਜਿਲ੍ਹਾ ਸੰਗਰੂਰ) ਅਤੇ ਉਪਵੈਦ ਸ੍ਰੀ ਹਰਕਿਰਨ ਸਿੰਘ ਸਾਮਲ ਹਨ।

ਇਸ ਸਮਾਗਮ ਵਿੱਚ ਆਯੁਰਵੈਦਿਕ ਸਿਸਟਮ ਆਫ਼ ਮੈਡੀਸਨ ਬੋਰਡ, ਪੰਜਾਬ ਦੇ ਰਜਿਸਟਰਾਰ ਡਾ. ਸੰਜੀਵ ਗੋਇਲ ਨੂੰ ਉਨ੍ਹਾਂ ਦੀ ਅਸਾਧਾਰਨ ਸੇਵਾ ਅਤੇ ਸਮਰਪਣ ਲਈ ਲਾਈਫਟਾਈਮ ਅਚੀਵਮੈਂਟ ਐਵਾਰਡ ਵੀ ਦਿੱਤਾ ਗਿਆ ।

ਇਸ ਤੋਂ ਪਹਿਲਾਂ, ਆਯੁਰਵੇਦ ਪੰਜਾਬ ਦੇ ਡਾਇਰੈਕਟਰ ਡਾ. ਰਵੀ ਡੂਮਰਾ ਨੇ ਵਿਭਾਗ ਦੀਆਂ ਪ੍ਰਾਪਤੀਆਂ ਅਤੇ ਮੀਲ ਪੱਥਰਾਂ ਨੂੰ ਉਜਾਗਰ ਕਰਦੇ ਹੋਏ ਇੱਕ ਵਿਸਤ੍ਰਿਤ ਪਾਵਰਪੁਆਇੰਟ ਪੇਸਕਾਰੀ "ਆਯੁਰਵੇਦ ਐਟ ਏ ਗਲੈਂਸ" ਪੇਸ ਕੀਤੀ ।

### ਮੁੱਖ ਮੰਤਰੀ ਦੇ ਸੀ.ਪੀਜ਼ ਤੇ ਐਸ.ਐਸ.ਪੀਜ਼ ਨੂੰ ਨਿਰਦੇਸ਼

## ਪੰਜਾਬ ਦੇ ਅਮਨ ਤੇ ਤਰੱਕੀ ਦੀਆਂ ਵਿਰੋਧੀ ਤਾਕਤਾਂ ਨਾਲ ਬਿਲਕੁੱਲ ਲਿਹਾਜ਼ ਨਾ ਵਰਤਣ ਦੀ ਨੀਤੀ ਅਪਣਾਓ

### ਸੂਬੇ ਦੇ ਅਮਨ-ਕਾਨੂੰਨ ਦੀ ਸਥਿਤੀ ਦੇ ਜਾਇਜ਼ੇ ਲਈ ਮੀਟਿੰਗ ਦੀ ਕੀਤੀ ਪ੍ਰਧਾਨਗੀ



ਚੰਡੀਗੜ੍ਹ, 24 ਸਤੰਬਰ (ਚ.ਨ.ਸ.) : ਪੰਜਾਬ ਵਿੱਚ ਅਮਨ-ਕਾਨੂੰਨ ਦੀ ਸਥਿਤੀ ਬਰਕਰਾਰ ਰੱਖਣ ਲਈ ਆਪਣੀ ਦ੍ਰਿੜ੍ਹ ਵਚਨਬੱਧਤਾ ਦੁਹਰਾਉਂਦਿਆਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਪੁਲਿਸ ਕਮਿਸ਼ਨਰਾਂ (ਸੀ.ਪੀਜ਼) ਤੇ ਸੀਨੀਅਰ ਪੁਲਿਸ ਕਪਤਾਨਾਂ (ਐਸ.ਐਸ.ਪੀਜ਼) ਨੂੰ ਨਿਰਦੇਸ਼ ਦਿੱਤੇ ਕਿ ਅਪਰਾਧ ਤੇ ਅਪਰਾਧਿਕ ਤੱਤਾਂ ਨਾਲ ਬਿਲਕੁੱਲ ਲਿਹਾਜ਼ ਨਾ ਵਰਤਣ ਦੀ ਨੀਤੀ ਅਪਣਾਈ ਜਾਵੇ।

ਸੀ.ਪੀਜ਼. ਅਤੇ ਐਸ.ਐਸ.ਪੀਜ਼. ਨਾਲ ਅੱਜ ਵਰਚੂਅਲ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਮੁੱਖ ਮੰਤਰੀ ਨੇ ਇਸ ਗੱਲ ਉੱਤੇ ਜ਼ੋਰ ਦਿੱਤਾ ਕਿ ਤਿਉਹਾਰਾਂ ਦੇ ਆਗਾਮੀ ਸੀਜ਼ਨ ਦੇ ਮੱਦੇਨਜ਼ਰ ਅਮਨ ਤੇ ਕਾਨੂੰਨ ਦੀ ਸਥਿਤੀ ਬਰਕਰਾਰ ਰੱਖਣ, ਲੋਕਾਂ ਦੀ ਸੁਰੱਖਿਆ ਅਤੇ ਸਾਰੇ ਪ੍ਰੋਗਰਾਮ ਸੁਚਾਰੂ ਤਰੀਕੇ ਨਾਲ ਕਰਵਾਉਣ ਲਈ ਵਿਆਪਕ ਪ੍ਰਬੰਧ ਯਕੀਨੀ ਬਣਾਏ ਜਾਣ। ਉਨ੍ਹਾਂ ਆਖਿਆ ਕਿ ਤਿਉਹਾਰਾਂ ਦੇ ਸੀਜ਼ਨ ਵਿੱਚ ਅਕਸਰ ਸ਼ਰਾਰਤੀ ਤੱਤਾਂ ਦੀਆਂ ਗਤੀਵਿਧੀਆਂ ਵਿੱਚ ਵਾਧਾ ਹੁੰਦਾ ਹੈ ਅਤੇ ਭੀੜ-ਭੜੱਕੇ ਕਾਰਨ ਭਗਦੜ ਦੀ ਸੰਭਾਵਨਾ ਦੇ ਨਾਲ-ਨਾਲ ਚੋਰੀ ਦੇ ਝਪਟਮਾਰੀ ਦੀਆਂ ਘਟਨਾਵਾਂ ਵਧਦੀਆਂ ਹਨ। ਇਸ ਦੇ ਨਾਲ-ਨਾਲ ਸਮਾਜ ਵਿਰੋਧੀ ਤੇ ਦੇਸ਼ ਵਿਰੋਧੀ ਤੱਤ ਵੀ ਹਾਲਾਤ ਦਾ ਫਾਇਦਾ ਉਠਾਉਣ ਲਈ ਤਿਆਰ ਰਹਿੰਦੇ ਹਨ। ਭਗਵੰਤ ਸਿੰਘ ਮਾਨ ਨੇ ਨਾਗਰਿਕਾਂ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਹਰੇਕ ਪੱਧਰ ਉੱਤੇ ਸਰਗਰਮੀ ਅਤੇ ਤਾਲਮੇਲ ਨਾਲ ਕਦਮ ਚੁੱਕਣ ਉੱਤੇ ਜ਼ੋਰ ਦਿੱਤਾ।

ਮੁੱਖ ਮੰਤਰੀ ਨੇ ਆਵਾਜਾਈ ਨੂੰ ਸੁਚਾਰੂ ਤਰੀਕੇ ਨਾਲ ਚਲਾਉਣ, ਭੀੜ ਦੇ ਪ੍ਰਭਾਵਸ਼ਾਲੀ ਪ੍ਰਬੰਧਨ ਅਤੇ ਅੱਗ ਲੱਗਣ ਦੀਆਂ ਘਟਨਾਵਾਂ ਸਬੰਧੀ ਢੁਕਵੇਂ ਪ੍ਰਬੰਧਾਂ ਦੇ ਨਾਲ-ਨਾਲ ਮੈਡੀਕਲ ਐਮਰਜੈਂਸੀ, ਆਫ਼ਤ ਪ੍ਰਬੰਧਨ ਲਈ ਤਿਆਰੀ ਅਤੇ ਹੋਰ ਅਸੁਖਾਵੇਂ ਹਾਲਾਤ ਨਾਲ ਨਜਿੱਠਣ ਲਈ ਤਿਆਰੀ ਉੱਪਰ ਜ਼ੋਰ ਦਿੱਤਾ। ਕੁੱਝ ਇਲਾਕਿਆਂ ਵਿੱਚ ਸਮਾਜਿਕ ਤਣਾਅ ਦੀਆਂ ਹਾਲੀਆ ਰਿਪੋਰਟਾਂ ਉੱਤੇ ਚਿੰਤਾ ਜ਼ਾਹਰ ਕਰਦਿਆਂ ਉਨ੍ਹਾਂ ਲੋਕਾਂ ਨੂੰ ਸਮਾਜਿਕ ਸਦਭਾਵਨਾ ਤੇ ਭਾਈਚਾਰਕ ਸਾਂਝ ਬਰਕਰਾਰ ਰੱਖਣ ਦੀ ਅਪੀਲ ਕੀਤੀ। ਭਗਵੰਤ ਸਿੰਘ ਮਾਨ ਨੇ ਲੋਕਾਂ ਨੂੰ ਗੁਮਰਾਹਕੁੰਨ ਪ੍ਰਚਾਰ ਤੋਂ ਸੁਚੇਤ ਰਹਿਣ ਲਈ ਕਿਹਾ ਅਤੇ ਪੁਲਿਸ ਕਮਿਸ਼ਨਰਾਂ ਤੇ ਸੀਨੀਅਰ ਪੁਲਿਸ ਕਪਤਾਨਾਂ ਨੂੰ ਸੂਬੇ ਭਰ ਵਿੱਚ ਫਿਰਕੂ ਸਦਭਾਵਨਾ ਬਰਕਰਾਰ ਰੱਖਣ ਲਈ ਵੱਖ-ਵੱਖ ਜਥੇਬੰਦੀਆਂ ਦੇ ਨੁਮਾਇੰਦਿਆਂ ਨਾਲ ਰਾਬਤਾ ਕਾਇਮ ਕਰਨ ਦੇ ਨਿਰਦੇਸ਼ ਦਿੱਤੇ।

ਮੁੱਖ ਮੰਤਰੀ ਨੇ ਸੋਸ਼ਲ ਮੀਡੀਆ ਪਲੇਟਫਾਰਮਾਂ ਉੱਤੇ ਪ੍ਰਸਾਰਿਤ ਭੜਕਾਊ ਸਮੱਗਰੀ ਬਾਰੇ ਵੀ ਚਿੰਤਾ ਜ਼ਾਹਰ ਕੀਤੀ। ਉਨ੍ਹਾਂ ਕਿਹਾ ਕਿ ਅਜਿਹੀ ਸਮੱਗਰੀ ਦਾ ਮਕਸਦ ਸਿਆਸੀ ਜਾਂ ਫਿਰਕੂ ਤਣਾਅ ਨੂੰ ਹਵਾ ਦੇਣਾ ਹੈ, ਜਿਸ ਨਾਲ ਕਾਨੂੰਨ ਵਿਵਸਥਾ ਲਈ ਖ਼ਤਰਾ ਖੜ੍ਹਾ ਹੁੰਦਾ ਹੈ। ਭਗਵੰਤ ਸਿੰਘ ਮਾਨ ਨੇ ਸੀ.ਪੀਜ਼ ਤੇ ਐਸ.ਐਸ.ਪੀਜ਼ ਦੇ ਪੱਧਰ ਉਤੇ ਸੋਸ਼ਲ ਮੀਡੀਆ ਦੀ ਬਾਰੀਕੀ ਨਾਲ ਨਿਗਰਾਨੀ ਕਰਨ ਅਤੇ ਅਜਿਹੀ ਸਾਰੀ ਸਮੱਗਰੀ ਸਖ਼ਤ ਕਾਰਵਾਈ ਲਈ ਫੌਰੀ ਸਾਈਬਰ ਕਰਾਈਮ ਯੂਨਿਟਾਂ ਨੂੰ ਭੇਜਣ ਲਈ ਆਖਿਆ ਤਾਂ ਕਿ ਅਜਿਹੀ ਸਮੱਗਰੀ ਪਾਉਣ ਵਾਲਿਆਂ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾ ਸਕੇ।

ਮੁੱਖ ਮੰਤਰੀ ਨੇ ਕਮਿਊਨਿਟੀ ਪੁਲਿਸਿੰਗ ਦੀ ਮਹੱਤਤਾ 'ਤੇ ਹੋਰ ਜ਼ੋਰ ਦਿੱਤਾ ਅਤੇ ਪੁਲਿਸ ਅਧਿਕਾਰੀਆਂ ਨੂੰ ਛੋਟੇ-ਮੋਟੇ ਮਾਮਲਿਆਂ ਨੂੰ ਐਸ.ਐਚ.ਓ. ਪੱਧਰ 'ਤੇ ਹੱਲ ਕਰਨ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਸੂਬੇ ਭਰ ਵਿੱਚ ਸ਼ਾਂਤੀ ਅਤੇ ਭਾਈਚਾਰਕ ਸਾਂਝ ਨੂੰ ਉਤਸ਼ਾਹਿਤ ਕਰਨ ਲਈ ਲਗਾਤਾਰ ਮੁਹਿੰਮ ਚਲਾਈ ਜਾਣੀ ਚਾਹੀਦੀ ਹੈ। ਭਗਵੰਤ ਸਿੰਘ ਮਾਨ ਨੇ ਅੱਗੇ ਕਿਹਾ ਕਿ ਇਹ ਪਹੁੰਚ ਬੇਲੋੜੀ ਮੁਕੱਦਮੇਬਾਜ਼ੀ ਨੂੰ ਘਟਾਏਗੀ ਅਤੇ ਪੁਲਿਸ ਨੂੰ ਆਪਣੀਆਂ ਮੁੱਖ ਜ਼ਿੰਮੇਵਾਰੀਆਂ 'ਤੇ ਧਿਆਨ ਕੇਂਦਰਿਤ ਕਰਨ ਦੀ ਖੁੱਲ੍ਹ ਦੇਵੇਗੀ। ਇਸ ਲਈ ਸਿਵਲ ਅਤੇ ਪੁਲਿਸ ਪ੍ਰਸ਼ਾਸਨ ਵੱਲੋਂ ਸੰਸਥਾਗਤ ਢਾਂਚਾ ਤਿਆਰ ਕੀਤਾ ਜਾਣਾ ਚਾਹੀਦਾ ਹੈ।

ਮੁੱਖ ਮੰਤਰੀ ਨੇ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਪੰਜਾਬ ਪੁਲਿਸ ਦੀਆਂ ਕੋਸ਼ਿਸ਼ਾਂ ਅਤੇ ਗੈਂਗਸਟਰਾਂ ਵਿਰੁੱਧ ਸਖ਼ਤ ਕਾਰਵਾਈ ਦੀ ਵੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਸਰਹੱਦੀ ਸੂਬਾ ਹੋਣ ਦੇ ਨਾਤੇ ਪੰਜਾਬ ਨੂੰ ਅਮਨ, ਤਰੱਕੀ ਅਤੇ ਖ਼ੁਸ਼ਹਾਲੀ ਵਿਰੋਧੀ ਤਾਕਤਾਂ ਤੋਂ ਲਗਾਤਾਰ ਖ਼ਤਰਿਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਲਈ ਉਨ੍ਹਾਂ ਪੁਲਿਸ ਨੂੰ ਚੌਕਸ ਰਹਿਣ ਲਈ ਕਿਹਾ। ਪੁਲਿਸ ਫੋਰਸ ਦੀ ਮਾਨਮੱਤੀ ਵਿਰਾਸਤ ਦੀ ਗੱਲ ਕਰਦਿਆਂ ਭਗਵੰਤ ਸਿੰਘ ਮਾਨ ਨੇ ਵਿਸ਼ਵਾਸ ਪ੍ਰਗਟ ਕੀਤਾ ਕਿ ਪੁਲਿਸ ਫੋਰਸ ਦੇਸ਼ ਵਿਰੋਧੀ ਤੱਤਾਂ ਨਾਲ ਪ੍ਰਭਾਵਸ਼ਾਲੀ ਢੰਗ ਨਾਲ ਨਜਿੱਠਣ ਦੀ ਆਪਣੀ ਰਵਾਇਤ ਬਰਕਰਾਰ ਰੱਖੇਗੀ।

ਇਸ ਮੌਕੇ ਮੁੱਖ ਸਕੱਤਰ ਕੇ.ਏ.ਪੀ. ਸਿਨਹਾ, ਡੀ.ਜੀ.ਪੀ. ਗੌਰਵ ਯਾਦਵ ਅਤੇ ਹੋਰ ਸੀਨੀਅਰ ਅਧਿਕਾਰੀ ਵੀ ਮੌਜੂਦ ਸਨ।

### ਸੀ.ਬੀ.ਐਸ.ਈ. ਨੇ ਬੋਰਡ ਜਮਾਤਾਂ

ਬਦਲਾਅ ਨਹੀਂ ਕੀਤੇ ਜਾਣਗੇ। ਸੀ.ਬੀ.ਐਸ.ਈ. ਦੇ ਪ੍ਰੀਖਿਆਵਾਂ ਦੇ ਕੰਟਰੋਲਰ ਸੰਯਮ ਭਾਰਦਵਾਜ ਨੇ ਦੱਸਿਆ ਕਿ ਇਸ ਵਾਰ ਦਸਵੀਂ ਤੇ ਬਾਰ੍ਹਵੀਂ ਜਮਾਤ ਦੀਆਂ ਮੁੱਖ ਪ੍ਰੀਖਿਆਵਾਂ, ਬਾਰ੍ਹਵੀਂ ਜਮਾਤ ਦੇ ਖੇਡਾਂ ਵਾਲੇ ਵਿਦਿਆਰਥੀਆਂ ਦੀਆਂ ਪ੍ਰੀਖਿਆਵਾਂ, ਦਸਵੀਂ ਜਮਾਤ ਦੀ ਦੂਜੀ ਪ੍ਰੀਖਿਆ ਤੇ ਬਾਰ੍ਹਵੀਂ ਜਮਾਤ ਦੀਆਂ ਸਪਲੀਮੈਂਟਰੀ ਪ੍ਰੀਖਿਆਵਾਂ ਹੋਣਗੀਆਂ। ਇਹ ਪਹਿਲੀ ਵਾਰ ਹੈ ਕਿ ਸੀ.ਬੀ.ਐਸ.ਈ. ਨੇ ਇੰਨੀ ਜਲਦੀ ਡੇਟਸ਼ੀਟ ਐਲਾਨੀ ਹੈ। ਇਸ ਵਾਰ ਬੋਰਡ ਨੇ ਵਿਦਿਆਰਥੀਆਂ ਨੂੰ ਪ੍ਰੀਖਿਆਵਾਂ ਦੀ ਤਿਆਰੀ ਕਰਨ ਦਾ ਜ਼ਿਆਦਾ ਸਮਾਂ ਦਿੱਤਾ ਹੈ ਤੇ ਅਧਿਆਪਕਾਂ ਨੂੰ ਇਸ ਡੇਟਸ਼ੀਟ ਅਨੁਸਾਰ ਅਗਾਊਂ ਤਿਆਰੀ ਕਰਵਾਉਣ ਲਈ ਕਿਹਾ ਗਿਆ ਹੈ। ਦਸਵੀਂ ਜਮਾਤ ਦੇ ਵਿਦਿਆਰਥੀਆਂ ਲਈ ਦੋ ਬੋਰਡ ਪ੍ਰੀਖਿਆਵਾਂ ਹੋਣਗੀਆਂ।

### ਜੀ.ਐਸ.ਟੀ.ਮਾਮਲਿਆਂ 'ਚ ਓ.ਟੀ.ਐਸ.

30 ਸਤੰਬਰ, 2025 ਤੱਕ ਕੀਤੇ ਗਏ ਹਨ ਅਤੇ ਮੁਲਾਂਕਣ ਆਦੇਸ਼ਾਂ ਦੇ ਸਾਰੇ ਸੁਧਾਰ/ਸੋਧ ਵਿਭਾਗ ਦੁਆਰਾ 30 ਸਤੰਬਰ, 2025 ਤੱਕ ਸਬੰਧਤ ਐਕਟ(ਆਂ) ਜਿਵੇਂ ਕਿ ਪੰਜਾਬ ਜਨਰਲ ਸੇਲਜ਼ ਟੈਕਸ ਐਕਟ, 1948, ਸੈਂਟਰਲ ਸੇਲਜ਼ ਟੈਕਸ ਐਕਟ, 1956, ਪੰਜਾਬ ਇਨਫਰਾਸਟ੍ਰਕਚਰ ਡਿਵੈਲਪਮੈਂਟ ਐਂਡ ਰੈਗੂਲੇਸ਼ਨ ਐਕਟ, 2002 ਅਤੇ ਪੰਜਾਬ ਵੈਟ ਐਕਟ, 2005, ਪੰਜਾਬ ਐਂਟਰਟੇਨਮੈਂਟ ਡਿਊਟੀ ਐਕਟ, 1955 ਅਤੇ ਪੰਜਾਬ ਐਂਟਰਟੇਨਮੈਂਟ ਟੈਕਸ ਸਿਨੇਮੈਟੋਗ੍ਰਾਫੀ ਸ਼ੋਅਜ਼ ਐਕਟ, 1954 ਅਧੀਨ ਪਾਸ ਕੀਤੇ ਗਏ ਹਨ, ਉਹ ਇਸ ਸਕੀਮ ਅਧੀਨ ਨਿਪਟਾਰੇ ਲਈ ਅਰਜ਼ੀ ਦੇਣ ਦੇ ਯੋਗ ਹੋਣਗੇ।

ਇਸ ਓ.ਟੀ.ਐਸ. ਸਕੀਮ ਅਧੀਨ ਜਿਸ ਮਾਮਲੇ ਵਿੱਚ ਟੈਕਸ ਰਕਮ ਇਕ ਕਰੋੜ ਰੁਪਏ ਤੱਕ ਹੈ, ਉਸ ਮਾਮਲੇ ਵਿੱਚ ਵਿਆਜ ਤੋਂ 100 ਫੀਸਦੀ ਛੋਟ, ਜੁਰਮਾਨੇ ਉੱਤੇ 100 ਫੀਸਦੀ ਮੁਆਫ਼ੀ ਅਤੇ ਟੈਕਸ ਰਕਮ ਉੱਤੇ 50 ਫੀਸਦੀ ਛੋਟ ਹੋਵੇਗੀ, ਜਦੋਂ ਕਿ ਇੱਕ ਕਰੋੜ ਰੁਪਏ ਤੋਂ 25 ਕਰੋੜ ਰੁਪਏ ਤੱਕ ਦੀ ਬਕਾਇਆ ਟੈਕਸ ਰਕਮ ਉੱਤੇ ਵਿਆਜ ਉੱਤੇ 100 ਫੀਸਦੀ ਛੋਟ, ਜੁਰਮਾਨੇ ਉੱਤੇ 100 ਫੀਸਦੀ ਛੋਟ ਅਤੇ ਟੈਕਸ ਰਕਮ ਉੱਤੇ 25 ਫੀਸਦੀ ਦੀ ਮੁਆਫ਼ੀ ਹੋਵੇਗੀ। 25 ਕਰੋੜ ਰੁਪਏ ਤੋਂ ਉੱਪਰ ਦੀ ਟੈਕਸ ਰਕਮ ਦੇ ਮਾਮਲੇ ਵਿੱਚ ਵਿਆਜ ਉੱਤੇ 100 ਫੀਸਦੀ ਛੋਟ, ਜੁਰਮਾਨੇ ਉੱਤੇ 100 ਫੀਸਦੀ ਛੋਟ ਅਤੇ ਟੈਕਸ ਰਕਮ ਉੱਤੇ 10 ਫੀਸਦੀ ਦੀ ਮੁਆਫ਼ੀ ਦਿੱਤੀ ਜਾ ਰਹੀ ਹੈ।

ਚੌਲ ਮਿੱਲ ਮਾਲਕਾਂ ਲਈ ਓ.ਟੀ.ਐਸ. ਨੂੰ ਮਨਜ਼ੂਰੀ

ਕੈਬਨਿਟ ਨੇ ਚੌਲ ਮਿੱਲਾਂ ਲਈ ਵਨ ਟਾਇਮ ਸੈਟਲਮੈਂਟ (ਓ.ਟੀ.ਐਸ.) 2025 ਲਿਆਉਣ ਨੂੰ ਵੀ ਮਨਜ਼ੂਰੀ ਦੇ ਦਿੱਤੀ ਕਿਉਂਕਿ ਹਰੇਕ ਮਿੱਲ ਮਾਲਕ ਨੂੰ ਮਿਲਿੰਗ ਦਾ ਸਮਾਂ ਪੂਰਾ ਹੋਣ ਮਗਰੋਂ ਹਰੇਕ ਸੂਬਾਈ ਖ਼ਰੀਦ ਏਜੰਸੀ ਨਾਲ ਆਪਣਾ ਖ਼ਾਤਾ ਕਲੀਅਰ ਕਰਨਾ ਹੁੰਦਾ ਹੈ ਤਾਂ ਕਿ ਉਸ ਮਿੱਲ ਮਾਲਕ ਨੂੰ ਅਗਲੇ ਸਾਲ ਲਈ ਕਸਟਮ ਮਿਲਿੰਗ ਲਈ ਝੋਨੇ ਦੀ ਅਲਾਟਮੈਂਟ ਵਾਸਤੇ ਵਿਚਾਰਿਆ ਜਾ ਸਕੇ। ਕਈ ਮਿੱਲ ਮਾਲਕਾਂ ਨੇ ਆਪਣਾ ਬਕਾਏ ਜਮ੍ਹਾਂ ਨਹੀਂ ਕਰਵਾਏ, ਜਿਸ ਕਾਰਨ ਇਨ੍ਹਾਂ ਮਿੱਲ ਮਾਲਕਾਂ ਨੂੰ ਡਿਫਾਲਟਰ ਐਲਾਨ ਦਿੱਤਾ ਗਿਆ ਅਤੇ ਉਨ੍ਹਾਂ ਵਿਰੁੱਧ ਕਾਨੂੰਨੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ। ਇਹ ਕਾਰਵਾਈ ਪਿਛਲੇ ਕਈ ਸਾਲਾਂ ਤੋਂ ਵੱਖ ਵੱਖ ਅਦਾਲਤਾਂ/ਲੀਗਲ ਫੋਰਮਾਂ ਵਿੱਚ ਲੰਬਿਤ ਹੈ।

ਇਹ ਨਵੀਂ ਓ.ਟੀ.ਐਸ. ਸਕੀਮ ਸਾਰੀਆਂ ਏਜੰਸੀਆਂ ਦੇ ਕੇਸਾਂ ਨੂੰ ਘੱਟ ਤੋਂ ਘੱਟ ਕਰਨ ਅਤੇ ਇਸ ਨੀਤੀ ਅਧੀਨ ਕੇਸਾਂ ਦਾ ਨਿਬੇੜਾ ਕਰਨ ਲਈ ਲਿਆਂਦੀ ਗਈ ਹੈ ਤਾਂ ਕਿ ਅਜਿਹੀਆਂ 'ਬਿਮਾਰ' ਚੌਲ ਮਿੱਲਾਂ ਨੂੰ ਮੁੜ ਕਾਰਜਸ਼ੀਲ ਕਰ ਕੇ ਸੂਬੇ ਵਿੱਚ ਰੋਜ਼ਗਾਰ ਦੇ ਵਧੇਰੇ ਮੌਕੇ ਪੈਦਾ ਹੋ ਸਕਣ। ਇਸ ਨਾਲ ਸਾਉਣੀ ਖ਼ਰੀਦ ਸੀਜ਼ਨ ਦੌਰਾਨ ਮੰਡੀਆਂ ਵਿੱਚੋਂ ਝੋਨੇ ਦੀ ਚੁਕਾਈ ਤੇਜ਼ ਤੇ ਸੁਚਾਰੂ ਤਰੀਕੇ ਨਾਲ ਹੋਵੇਗੀ ਅਤੇ ਕਿਸਾਨਾਂ ਨੂੰ ਲਾਭ ਮਿਲੇਗਾ।

ਯੋਜਨਾਬੱਧ ਵਿਕਾਸ ਲਈ ਪੰਜਾਬ ਅਪਾਰਟਮੈਂਟ ਅਤੇ ਪ੍ਰਾਪਰਟੀ ਰੈਗੂਲੇਸ਼ਨ ਐਕਟ, 1995 ਵਿੱਚ ਸੋਧ ਕਰਨ ਦੀ ਪ੍ਰਵਾਨਗੀ

ਮੰਤਰੀ ਮੰਡਲ ਨੇ ਪੰਜਾਬ ਅਪਾਰਟਮੈਂਟ ਅਤੇ ਪ੍ਰਾਪਰਟੀ ਰੈਗੂਲੇਸਨ ਐਕਟ, 1995 ਦੀ ਧਾਰਾ 5(1), 5(3)(2) ਅਤੇ ਧਾਰਾ 5(8) ਵਿੱਚ ਸੋਧ ਕਰਨ ਦੀ ਵੀ ਸਹਿਮਤੀ ਦੇ ਦਿੱਤੀ। ਇਸ ਨਾਲ ਕਲੋਨੀਆਂ/ਖੇਤਰਾਂ ਦਾ ਵਿਕਾਸ ਸਹੀ ਅਤੇ ਯੋਜਨਾਬੱਧ ਢੰਗ ਨਾਲ ਯਕੀਨੀ ਬਣਾਇਆ ਜਾ ਸਕੇਗਾ, ਜਿਸ ਨਾਲ ਆਮ ਲੋਕਾਂ ਨੂੰ ਦਰਪੇਸ਼ ਸਮੱਸਿਆਵਾਂ ਘੱਟ ਹੋਣਗੀਆਂ।

ਪੰਜਾਬ ਗੁੱਡਜ਼ ਐਂਡ ਸਰਵਿਸਜ਼ ਟੈਕਸ (ਸੋਧ ਬਿੱਲ) 2025 ਵਿੱਚ ਸੋਧ ਕਰਨ ਦੀ ਸਹਿਮਤੀ

ਕੈਬਨਿਟ ਨੇ ਕਰਦਾਤਾਵਾਂ ਦੀ ਸਹੂਲਤ ਅਤੇ ਕਰਦਾਤਾਵਾਂ ਦੁਆਰਾ ਟੈਕਸ ਪਾਲਣਾ ਯਕੀਨੀ ਬਣਾਉਣ ਲਈ ਪੰਜਾਬ ਗੁੱਡਜ਼ ਐਂਡ ਸਰਵਿਸਜ਼ ਟੈਕਸ (ਸੋਧ ਬਿੱਲ) 2025 ਵਿੱਚ ਸੋਧ ਕਰਨ ਦੀ ਵੀ ਸਹਿਮਤੀ ਦੇ ਦਿੱਤੀ। ਜ਼ਿਕਰਯੋਗ ਹੈ ਕਿ ਵਿੱਤ ਐਕਟ, 2025 ਨੇ ਜੀ.ਐਸ.ਟੀ. ਕੌਂਸਲ ਦੀ ਸਿਫ਼ਾਰਸ਼ ਅਨੁਸਾਰ ਕੇਂਦਰੀ ਗੁੱਡਜ਼ ਐਂਡ ਸਰਵਿਸਜ਼ ਐਕਟ, 2017 ਦੇ ਉਪਬੰਧਾਂ ਵਿੱਚ ਸੋਧ ਕੀਤੀ ਹੈ। ਪੰਜਾਬ ਗੁੱਡਜ਼ ਐਂਡ ਸਰਵਿਸਜ਼ ਐਕਟ, 2017 ਵਿੱਚ ਵੀ ਇਸੇ ਤਰ੍ਹਾਂ ਦੀਆਂ ਸੋਧਾਂ ਕੀਤੀਆਂ ਜਾਣੀਆਂ ਹਨ।

ਮੋਹਾਲੀ ਵਿਖੇ ਵਿਸ਼ੇਸ਼ ਐਨ.ਆਈ.ਏ. ਅਦਾਲਤ ਕਾਇਮ ਕਰਨ ਲਈ ਹਰੀ ਝੰਡੀ

ਮੰਤਰੀ ਮੰਡਲ ਨੇ ਐਨ.ਆਈ.ਏ. ਦੇ ਮੁਕੱਦਮਿਆਂ ਦੀ ਸੁਣਵਾਈ ਵਿੱਚ ਦੇਰੀ ਤੋਂ ਬਚਣ ਲਈ ਐਸ.ਏ.ਐਸ. ਨਗਰ, ਮੋਹਾਲੀ ਵਿਖੇ ਵਿਸ਼ੇਸ਼ ਅਦਾਲਤ ਦੇ ਗਠਨ ਨੂੰ ਵੀ ਸਹਿਮਤੀ ਦੇ ਦਿੱਤੀ ਹੈ। ਐਨ.ਆਈ.ਏ. ਐਕਟ ਦੀ ਧਾਰਾ 22 ਅਧੀਨ ਮਾਮਲਿਆਂ ਦੀ ਜਾਂਚ ਲਈ ਮੋਹਾਲੀ ਵਿਖੇ ਐਗਜ਼ੀਕਿਊਟਿਵ ਵਿਸ਼ੇਸ਼ ਅਦਾਲਤ ਦੇ ਗਠਨ ਲਈ ਜ਼ਿਲ੍ਹਾ ਅਤੇ ਸੈਸ਼ਨ ਜੱਜ/ਵਧੀਕ ਜ਼ਿਲ੍ਹਾ ਅਤੇ ਸੈਸ਼ਨ ਜੱਜ ਪੱਧਰ ਦੀ ਇਕ ਅਸਾਮੀ ਮੋਹਾਲੀ ਵਿਖੇ ਬਣਾਈ ਜਾਵੇਗੀ। ਐਨ.ਆਈ.ਏ. ਤੋਂ ਇਲਾਵਾ ਇਸ ਅਦਾਲਤ ਨੂੰ ਈ.ਡੀ., ਸੀ.ਬੀ.ਆਈ. ਅਤੇ ਹੋਰ ਵਿਸ਼ੇਸ਼ ਮਾਮਲਿਆਂ ਦੀ ਸੁਣਵਾਈ ਕਰਨ ਦਾ ਵੀ ਅਧਿਕਾਰ ਹੋਵੇਗਾ।

### ਧਰਮਸੋਤ ਖ਼ਿਲਾਫ਼ ਭ੍ਰਿਸ਼ਟਾਚਾਰ ਦਾ ਕੇਸ

ਅਦਾਲਤ ਸਥਾਪਤ ਕਰਨ ਦਾ ਫੈਸਲਾ ਕੀਤਾ ਹੈ।

ਜਿੱਥੇ ਸੈਸ਼ਨ ਜੱਜ ਅਤੇ ਵਧੀਕ ਸੈਸ਼ਨ ਜੱਜ ਵੱਲੋਂ ਐੱਨਆਈਏ ਦੇ ਕੇਸਾਂ ਦਾ ਨਿਪਟਾਰਾ ਕੀਤਾ ਜਾਵੇਗਾ। ਇਸ ਦੇ ਨਾਲ ਹੀ ਪੰਜਾਬ ਮੰਤਰੀ ਮੰਡਲ ਨੇ ਪੇਂਡੂ ਵਿਕਾਸ ਵਿਭਾਗ ਦੀਆਂ ਪਗਡੰਡੀਆਂ ਅਤੇ ਖਾਲਿਆਂ 'ਤੇ ਕਬਜ਼ੇ ਕਰਨ ਵਾਲਿਆਂ ਤੋਂ ਵਸੂਲੀ ਕਰਨ ਲਈ ਵੀ ਪ੍ਰਵਾਨਗੀ ਦੇ ਦਿੱਤੀ ਹੈ। ਇਸ ਲਈ ਡਿਪਟੀ ਕਮਿਸ਼ਨਰ ਦੀ ਅਗਵਾਈ ਹੇਠ ਕਮੇਟੀ ਵੱਲੋਂ ਕੀਮਤ ਤੈਅ ਕੀਤੀ ਜਾਵੇਗੀ।

## ਪਹਿਲੇ ਸਫ਼ੇ ਦੀ ਬਾਕੀ

ਪੰਜਾਬ ਮੰਤਰੀ ਮੰਡਲ ਨੇ ਵੱਖ-ਵੱਖ ਨਿਯਮਾਂ ਤਹਿਤ ਟੈਕਸ ਦਾ ਭੁਗਤਾਨ ਨਾ ਕਰਨ ਵਾਲੇ ਵਪਾਰੀਆਂ ਨੂੰ ਵੱਡੀ ਰਾਹਤ ਦਿੰਦਿਆਂ ਓਟੀਐੱਸ ਸਕੀਮ ਲਿਆਉਣ ਦੀ ਪ੍ਰਵਾਨਗੀ ਦਿੱਤੀ ਹੈ। ਇਸ ਸਕੀਮ ਤਹਿਤ ਵਪਾਰੀਆਂ ਤੋਂ ਜੁਰਮਾਨਾ ਅਤੇ ਵਿਆਜ ਵਿੱਚ ਛੂਟ ਦਿੱਤੀ ਜਾਵੇਗੀ। ਇਹ ਸਕੀਮ 31 ਦਸੰਬਰ 2025 ਤੱਕ ਲਾਗੂ ਹੋਵੇਗੀ। ਇਸ ਤੋਂ ਬਾਅਦ ਸੂਬਾ ਸਰਕਾਰ ਵੱਲੋਂ ਬਕਾਇਆ ਭੁਗਤਾਨ ਨਾ ਕਰਨ ਵਾਲਿਆਂ ਵਿਰੁੱਧ ਸਖਤੀ ਨਾਲ ਕਾਰਵਾਈ ਕੀਤੀ ਜਾਵੇਗੀ।

### ਰਾਜੋਆਣਾ ਨੂੰ ਹੁਣ ਤੱਕ ਫਾਂਸੀ ਕਿਉਂ

ਕੇਂਦਰ ਨੇ ਉਦੋਂ ਮਾਮਲੇ ਵਿੱਚ ਸ਼ਾਮਲ ਸੰਵੇਦਨਸ਼ੀਲਤਾ ਦਾ ਹਵਾਲਾ ਦਿੱਤਾ ਸੀ ਅਤੇ ਕਿਹਾ ਸੀ ਕਿ ਰਹਿਮ ਦੀ ਪਟੀਸ਼ਨ 'ਤੇ ਵਿਚਾਰ ਕੀਤਾ ਜਾ ਰਿਹਾ ਹੈ।

ਪਿਛਲੇ ਸਾਲ 25 ਸਤੰਬਰ ਨੂੰ ਸਿਖਰਲੀ ਅਦਾਲਤ ਨੇ ਰਾਜੋਆਣਾ ਦੀ ਪਟੀਸ਼ਨ 'ਤੇ ਕੇਂਦਰ, ਪੰਜਾਬ ਸਰਕਾਰ ਅਤੇ ਕੇਂਦਰ ਸ਼ਾਸਤ ਪ੍ਰਦੇਸ਼ ਚੰਡੀਗੜ੍ਹ ਦੇ ਪ੍ਰਸ਼ਾਸਨ ਤੋਂ ਜਵਾਬ ਮੰਗਿਆ ਸੀ।

ਪੰਜਾਬ ਦੇ ਸਾਬਕਾ ਮੁੱਖ ਮੰਤਰੀ ਅਤੇ 16 ਹੋਰ 31 ਅਗਸਤ, 1995 ਨੂੰ ਚੰਡੀਗੜ੍ਹ ਸਥਿਤ ਸਿਵਲ ਸਕੱਤਰੇਤ ਦੇ ਪ੍ਰਵੇਸ਼ ਦੁਆਰ 'ਤੇ ਇੱਕ ਧਮਾਕੇ ਵਿੱਚ ਮਾਰੇ ਗਏ ਸਨ। ਇੱਕ ਵਿਸ਼ੇਸ਼ ਅਦਾਲਤ ਨੇ ਜੁਲਾਈ 2007 ਵਿੱਚ ਰਾਜੋਆਣਾ ਨੂੰ ਮੌਤ ਦੀ ਸਜ਼ਾ ਸੁਣਾਈ ਸੀ। ਰਾਜੋਆਣਾ ਦੀ ਪਟੀਸ਼ਨ ਵਿੱਚ ਹੋਰਨਾਂ ਗੱਲਾਂ ਦੇ ਨਾਲ, ਉਸਦੀ ਰਿਹਾਈ ਲਈ ਨਿਰਦੇਸ਼ ਦੀ ਮੰਗ ਕੀਤੀ ਗਈ ਸੀ।

3 ਮਈ, 2023 ਨੂੰ ਸਿਖਰਲੀ ਅਦਾਲਤ ਨੇ ਉਸਦੀ ਮੌਤ ਦੀ ਸਜ਼ਾ ਨੂੰ ਘਟਾਉਣ ਤੋਂ ਇਨਕਾਰ ਕਰ ਦਿੱਤਾ ਅਤੇ ਕਿਹਾ ਕਿ ਸਮਰੱਥ ਅਥਾਰਟੀ ਉਸਦੀ ਰਹਿਮ ਦੀ ਪਟੀਸ਼ਨ ਨਾਲ ਨਜਿੱਠ ਸਕਦੀ ਹੈ। ਆਪਣੀ ਤਾਜ਼ਾ ਪਟੀਸ਼ਨ ਵਿੱਚ ਰਾਜੋਆਣਾ ਨੇ 28.8 ਸਾਲਾਂ ਤੋਂ ਜੇਲ੍ਹ ਵਿੱਚ ਰਹਿਣ ਦਾ ਜ਼ਿਕਰ ਕੀਤਾ, ਜਿਸ ਵਿੱਚੋਂ ਉਸਨੇ 15 ਸਾਲ ਤੋਂ ਵੱਧ ਮੌਤ ਦੀ ਸਜ਼ਾ ਦੇ ਦੋਸ਼ੀ ਵਜੋਂ ਬਿਤਾਏ।

ਉਸ ਨੇ ਕਿਹਾ ਕਿ ਮਾਰਚ 2012 ਵਿੱਚ ਸੰਵਿਧਾਨ ਦੀ ਧਾਰਾ 72 ਦੇ ਤਹਿਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਉਸਦੀ ਤਰਫੋਂ ਰਹਿਮ ਦੀ ਪਟੀਸ਼ਨ ਪੇਸ਼ ਕੀਤੀ ਗਈ ਸੀ।

### ਫਾਂਸੀ ਤੋਂ ਬਿਨਾਂ ਕੋਈ ਕੇਸ ਫੌਰੀ ਸੁਣਵਾਈ ਲਈ ਸੂਚੀਬੱਧ ਨਹੀਂ ਕੀਤਾ

ਸੁਪਰੀਮ ਕੋਰਟ ਦਾ ਦੂਜਾ ਸਭ ਤੋਂ ਸੀਨੀਅਰ ਜੱਜ ਇਹ ਕੰਮ ਕਰਦਾ ਹੈ। ਜਸਟਿਸ ਕਾਂਤ ਦੀਆਂ ਉਪਰੋਕਤ ਟਿੱਪਣੀਆਂ ਉਦੋਂ ਆਈਆਂ ਜਦੋਂ ਵਕੀਲ ਸ਼ੋਭਾ ਗੁਪਤਾ ਨੇ ਜ਼ਿਕਰ ਕੀਤਾ ਕਿ ਰਾਜਸਥਾਨ ਵਿੱਚ ਇੱਕ ਰਿਹਾਇਸ਼ੀ ਘਰ ਦੀ ਨਿਲਾਮੀ ਅੱਜ ਕੀਤੀ ਜਾਵੇਗੀ ਅਤੇ ਇਸ ਲਈ ਇਸ ਨੂੰ ਅੱਜ ਹੀ ਸੂਚੀਬੱਧ ਕੀਤਾ ਜਾਵੇ। ਇਸ 'ਤੇ ਜਸਟਿਸ ਕਾਂਤ ਨੇ ਕਿਹਾ,"ਜਦੋਂ ਤੱਕ ਕਿਸੇ ਨੂੰ ਫਾਂਸੀ ਨਾ ਦਿੱਤੀ ਜਾਣ ਵਾਲੀ ਹੋਵੇ, ਮੈਂ ਕਿਸੇ ਵੀ ਕੇਸ ਨੂੰ ਉਸੇ ਦਿਨ ਲਈ ਸੂਚੀਬੱਧ ਨਹੀਂ ਕਰਾਂਗਾ। ਤੁਸੀਂ ਲੋਕ ਜੱਜਾਂ ਨੂੰ ਦਰਪੇਸ਼ ਮੁਸ਼ਕਲਾਂ ਨੂੰ ਨਹੀਂ ਸਮਝਦੇ, ਕੀ ਤੁਹਾਨੂੰ ਇਹ ਵੀ ਪਤਾ ਹੈ ਕਿ ਉਹ ਕਿੰਨੇ ਘੰਟੇ ਕੰਮ ਕਰ ਰਹੇ ਹਨ ਅਤੇ ਕਿੰਨੇ ਘੰਟੇ ਸੌਂਦੇ ਹਨ ? ਜਦੋਂ ਤੱਕ ਕਿਸੇ ਦੀ ਆਜ਼ਾਦੀ ਦਾਅ 'ਤੇ ਨਹੀਂ ਹੁੰਦੀ, ਅਸੀਂ ਉਸੇ ਦਿਨ ਇਸ ਨੂੰ ਸੂਚੀਬੱਧ ਨਹੀਂ ਕਰਾਂਗੇ।" ਜਦੋਂ ਗੁਪਤਾ ਆਪਣੀ ਗੱਲ 'ਤੇ ਅੜੀ ਰਹੀ, ਤਾਂ ਜਸਟਿਸ ਕਾਂਤ ਨੇ ਪੁੱਛਿਆ ਕਿ ਨਿਲਾਮੀ ਦਾ ਨੋਟਿਸ ਕਦੋਂ ਜਾਰੀ ਕੀਤਾ ਗਿਆ ਸੀ। ਉਨ੍ਹਾਂ ਜਵਾਬ ਦਿੱਤਾ ਕਿ ਨਿਲਾਮੀ ਦਾ ਨੋਟਿਸ ਪਿਛਲੇ ਹਫ਼ਤੇ ਜਾਰੀ ਕੀਤਾ ਗਿਆ ਸੀ ਅਤੇ ਬਕਾਇਆ ਰਕਮ ਲਈ ਇੱਕ ਨਿਰਧਾਰਿਤ ਰਕਮ ਪਹਿਲਾਂ ਹੀ ਅਦਾ ਕਰ ਦਿੱਤੀ ਗਈ ਹੈ। ਜਸਟਿਸ ਕਾਂਤ ਨੇ ਗੁਪਤਾ ਨੂੰ ਕਿਹਾ ਕਿ ਉਹ ਅਗਲੇ ਕੁਝ ਮਹੀਨਿਆਂ ਲਈ ਕੇਸ ਸੂਚੀਬੱਧ ਹੋਣ ਦੀ ਉਮੀਦ ਨਾ ਕਰਨ। ਹਾਲਾਂਕਿ, ਉਨ੍ਹਾਂ ਨੇ ਮਗਰੋਂ ਅਦਾਲਤ ਦੇ ਮਾਸਟਰ ਨੂੰ ਸ਼ੁੱਕਰਵਾਰ ਨੂੰ ਮਾਮਲਾ ਸੂਚੀਬੱਧ ਕਰਨ ਲਈ ਕਿਹਾ।

### ਲੇਹ 'ਚ ਪੁਲਿਸ ਅਤੇ ਪ੍ਰਦਰਸ਼ਕਾਰੀਆਂ

ਕਵਿੰਦਰ ਗੁਪਤਾ ਇੱਥੇ ਸ਼ੁਰੂ ਹੋਏ ਇਸ ਤਿਉਹਾਰ ਦੇ ਸਮਾਪਤੀ ਸਮਾਰੋਹ ਵਿੱਚ ਸ਼ਾਮਲ ਹੋਣ ਵਾਲੇ ਸਨ। ਪ੍ਰਸ਼ਾਸਨ ਨੇ ਅਣਚਾਹੇ ਹਾਲਾਤਾਂ ਕਾਰਨ ਚੱਲ ਰਹੇ ਲੱਦਾਖ ਫੈਸਟੀਵਲ ਦੇ ਆਖਰੀ ਦਿਨ ਅਤੇ ਸਮਾਪਤੀ ਸਮਾਰੋਹ ਨੂੰ ਰੱਦ ਕਰਨ ਦਾ ਐਲਾਨ ਕੀਤਾ ਸੀ। ਸੂਚਨਾ ਅਤੇ ਲੋਕ ਸੰਪਰਕ ਵਿਭਾਗ ਨੇ ਇੱਕ ਬਿਆਨ ਵਿੱਚ ਕਿਹਾ,ਪ੍ਰਸ਼ਾਸਨ ਸਥਾਨਕ ਕਲਾਕਾਰਾਂ, ਸੱਭਿਆਚਾਰਕ ਸਮੂਹਾਂ, ਸੈਲਾਨੀਆਂ ਅਤੇ ਲੱਦਾਖ ਦੇ ਲੋਕਾਂ ਸਮੇਤ ਸਾਰੇ ਹਿੱਸੇਦਾਰਾਂ ਨੂੰ ਹੋਈ ਅਸੁਵਿਧਾ ਲਈ ਡੂੰਘਾ ਅਫ਼ਸੋਸ ਕਰਦਾ ਹੈ, ਜੋ ਇਸ ਸਮਾਗਮ ਦੀ ਬੇਸਬਰੀ ਨਾਲ ਉਡੀਕ ਕਰ ਰਹੇ ਸਨ। ਪ੍ਰਸ਼ਾਸਨ ਨੇ ਜਨਤਾ ਨੂੰ ਸਹਿਯੋਗ ਦੀ ਅਪੀਲ ਕੀਤੀ ਅਤੇ ਤਿਉਹਾਰ ਵਿੱਚ ਭਾਰੀ ਸਮਰਥਨ ਅਤੇ ਭਾਗੀਦਾਰੀ ਲਈ ਧੰਨਵਾਦ ਪ੍ਰਗਟ ਕੀਤਾ। ਸਿੱਖਿਆ ਸ਼ਾਸਤਰੀ ਸੋਨਮ ਵਾਂਗਚੁਕ ਦੀ 35 ਦਿਨਾਂ ਦੀ ਭੁੱਖ ਹੜਤਾਲ ਦਾ ਸਮਰਥਨ ਕਰਨ ਵਾਲੇ ਦੋ ਲੋਕਾਂ ਦੀ ਸਿਹਤ ਵਿਗੜਨ ਤੋਂ ਬਾਅਦ ਬੁੱਧਵਾਰ ਸਵੇਰੇ ਲੱਦਾਖ ਦੇ ਲੇਹ ਜ਼ਿਲ੍ਹੇ ਵਿੱਚ ਹਿੰਸਕ ਵਿਰੋਧ ਪ੍ਰਦਰਸ਼ਨ ਸ਼ੁਰੂ ਹੋ ਗਏ ਸਨ । ਸਿੱਖਿਆ ਸ਼ਾਸਤਰੀ ਸੋਨਮ ਵਾਂਗਚੁਕ ਲੱਦਾਖ ਨੂੰ ਰਾਜ ਦਾ ਦਰਜਾ ਦੇਣ ਅਤੇ ਛੇਵੀਂ ਅਨੁਸੂਚੀ ਵਿਚ ਸ਼ਾਮਲ ਕੀਤੇ ਜਾਣ ਦੀ ਮੰਗ ਨੂੰ ਲੈ ਕੇ ਪਿਛਲੇ 35 ਦਿਨਾਂ ਤੋਂ ਭੁੱਖ ਹੜਤਾਲ 'ਤੇ ਹਨ। ਲੇਹ ਦੇ ਨੌਜਵਾਨਾਂ ਨੇ 'ਲੱਦਾਖ ਨੂੰ ਅਧਿਕਾਰ' ਨਾ ਦੇਣ ਲਈ ਕੇਂਦਰ ਸਰਕਾਰ ਵਿਰੁੱਧ ਇਕੱਠੇ ਹੋਣ ਅਤੇ ਵਿਰੋਧ ਪ੍ਰਦਰਸ਼ਨ ਕਰਨ ਦਾ ਫੈਸਲਾ ਕੀਤਾ ਸੀ। ਹਾਲਾਂਕਿ, ਵਿਰੋਧ ਪ੍ਰਦਰਸ਼ਨ ਨੇ ਜਲਦੀ ਹੀ ਹਿੰਸਕ ਰੂਪ ਲੈ ਲਿਆ। ਨੌਜਵਾਨਾਂ ਨੇ ਲੇਹ ਵਿੱਚ ਲੱਦਾਖ ਆਟੋਨੋਮਸ ਹਿੱਲ ਡਿਵੈਲਪਮੈਂਟ ਕੌਂਸਲ (1843) ਦੀ ਇਮਾਰਤ 'ਤੇ ਹਮਲਾ ਕਰਨ ਦੀ ਕੋਸ਼ਿਸ਼ ਕੀਤੀ ਸੀ। ਪੁਲਿਸ ਨੇ ਉਨ੍ਹਾਂ ਨੂੰ ਅੰਦਰ ਜਾਣ ਤੋਂ ਰੋਕਿਆ, ਜਿਸ ਤੋਂ ਬਾਅਦ ਉਨ੍ਹਾਂ ਨੇ ਇਮਾਰਤ ਅਤੇ ਨੇੜੇ ਤਾਇਨਾਤ ਪੁਲਿਸ ਮੁਲਾਜ਼ਮਾਂ 'ਤੇ ਪਥਰਾਅ ਕਰਨਾ ਸ਼ੁਰੂ ਕਰ ਦਿੱਤਾ। ਕੁਝ ਵਾਹਨਾਂ ਨੂੰ ਅੱਗ ਵੀ ਲਗਾ ਦਿੱਤੀ ਗਈ, ਜਿਸ ਕਾਰਨ ਪੁਲਿਸ ਨੂੰ ਪ੍ਰਦਰਸ਼ਨਕਾਰੀਆਂ 'ਤੇ ਅੱਥਰੂ ਗੈਸ ਦੇ ਗੋਲੇ ਦਾਗਣੇ ਪਏ। ਪੁਲਿਸ ਨੇ ਲਾਠੀਚਾਰਜ ਵੀ ਕੀਤਾ। ਸੋਨਮ ਵਾਂਗਚੁਕ ਕੇਂਦਰ ਸ਼ਾਸਤ ਪ੍ਰਦੇਸ਼ ਨੂੰ ਰਾਜ ਦਾ ਦਰਜਾ ਅਤੇ ਸੰਵਿਧਾਨ ਦੀ ਛੇਵੀਂ ਸ਼ਡਿਊਲ ਦੀ ਮੰਗ ਨੂੰ ਲੈ ਕੇ 35 ਦਿਨਾਂ ਦੀ ਭੁੱਖ ਹੜਤਾਲ 'ਤੇ ਹਨ। ਕੇਂਦਰ ਸਰਕਾਰ ਪਿਛਲੇ ਕਰੀਬ ਤਿੰਨ ਸਾਲਾਂ ਤੋਂ ਲੇਹ ਐਪਕਸ ਬਾਡੀ (*12) ਅਤੇ ਕਾਰਗਿਲ ਡੈਮੋਕਰੈਟਿਕ ਅਲਾਇੰਸ (™41) ਸਮੇਤ ਲੱਦਾਖ ਦੇ ਪ੍ਰਤੀਨਿਧੀਆਂ ਨਾਲ ਗੱਲਬਾਤ ਕਰ ਰਹੀ ਹੈ।

### 'ਆਪ' ਵਿਧਾਇਕ ਮਨਜਿੰਦਰ ਸਿੰਘ ਲਾਲਪੁਰਾ ਨੇ ਸਜ਼ਾ ਨੂੰ

ਇੱਕ ਵਿਆਹ ਸਮਾਰੋਹ ਵਿੱਚ ਸ਼ਾਮਲ ਹੋਣ ਲਈ ਪੰਜਾਬ ਇੰਟਰਨੈਸ਼ਨਲ ਪੈਲੇਸ ਪਹੁੰਚੀ। ਪੀੜਤਾ ਨਾਲ ਉੱਥੇ ਮੌਜੂਦ ਟੈਕਸੀ ਡਰਾਈਵਰਾਂ ਨੇ ਛੇੜਛਾੜ ਕੀਤੀ। ਜਦੋਂ ਉਨ੍ਹਾਂ ਨੇ ਵਿਰੋਧ ਕੀਤਾ ਤਾਂ ਟੈਕਸੀ ਡਰਾਈਵਰਾਂ ਨੇ ਉਨ੍ਹਾਂ 'ਤੇ ਹਮਲਾ ਕਰ ਦਿੱਤਾ। ਪੁਲਿਸ ਮੌਕੇ 'ਤੇ ਪਹੁੰਚੀ ਅਤੇ ਸੜਕ ਦੇ ਵਿਚਕਾਰ ਪਰਿਵਾਰ 'ਤੇ ਵੀ ਹਮਲਾ ਕਰ ਦਿੱਤਾ। ਮੁਲਜ਼ਮ ਟੈਕਸੀ ਡਰਾਈਵਰਾਂ ਵਿੱਚੋਂ ਮਨਜਿੰਦਰ ਸਿੰਘ ਲਾਲਪੁਰਾ 2022 ਵਿੱਚ ਖਡੂਰ ਸਾਹਿਬ ਹਲਕੇ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਵਜੋਂ ਚੁਣੇ ਗਏ ਸਨ। ਇਸ ਮਹੀਨੇ 10 ਸਤੰਬਰ ਨੂੰ ਤਰਨਤਾਰਨ ਦੀ ਇੱਕ ਅਦਾਲਤ ਨੇ ਵਿਧਾਇਕ ਲਾਲਪੁਰਾ ਨੂੰ ਦੋਸ਼ੀ ਠਹਿਰਾਇਆ ਅਤੇ ਉਨ੍ਹਾਂ ਨੂੰ ਚਾਰ ਸਾਲ ਦੀ ਕੈਦ ਦੀ ਸਜ਼ਾ ਸੁਣਾਈ। ਲਾਲਪੁਰਾ ਨੇ ਹੁਣ ਇਸ ਸਜ਼ਾ ਨੂੰ ਹਾਈਕੋਰਟ ਵਿੱਚ ਚੁਣੌਤੀ ਦਿੱਤੀ ਹੈ। ਜਿਸ 'ਤੇ ਹਾਈਕੋਰਟ ਨੇ ਅੱਜ ਪੰਜਾਬ ਸਰਕਾਰ ਨੂੰ ਨੋਟਿਸ ਜਾਰੀ ਕਰਕੇ ਜਵਾਬ ਮੰਗਿਆ ਹੈ।

### ਪੰਜਾਬ ਦੀ ਰਾਜ ਸਭਾ ਸੀਟ ਲਈ ਜ਼ਿਮਨੀ

ਲੁਧਿਆਣਾ ਪੱਛਮੀ ਦੇ ਵਿਧਾਇਕ ਗੁਰਪ੍ਰੀਤ ਸਿੰਘ ਗੋਗੀ ਦੀ ਮੌਤ ਤੋਂ ਬਾਅਦ ਹੋਈ ਸੀ। ਪਾਰਟੀ ਨੇ ਆਪਣੇ ਰਾਜ ਸਭਾ ਮੈਂਬਰ ਸੰਜੀਵ ਅਰੋੜਾ ਨੂੰ ਆਪਣਾ ਉਮੀਦਵਾਰ ਨਾਮਜ਼ਦ ਕੀਤਾ ਸੀ। ਅਰੋੜਾ ਨੇ 19 ਜੂਨ ਨੂੰ ਹੋਈ ਉਪ ਚੋਣ 10,637 ਵੋਟਾਂ ਦੇ ਫਰਕ ਨਾਲ ਜਿੱਤੀ ਸੀ। ਇਸ ਤੋਂ ਬਾਅਦ, ਪੰਜਾਬ ਸਰਕਾਰ ਨੇ ਉਨ੍ਹਾਂ ਨੂੰ ਉਦਯੋਗ ਅਤੇ ਪ੍ਰਵਾਸੀ ਭਾਰਤੀਆਂ ਦਾ ਮੰਤਰੀ ਨਿਯੁਕਤ ਕੀਤਾ।

### ਹੁਣ ਵੋਟਰ ਸੂਚੀ 'ਚੋਂ ਨਾਮ ਹਟਾਉਣਾ ਨਹੀਂ ਹੋਵੇਗਾ ਆਸਾਨ !

ਵਿਅਕਤੀ ਹੀ ਅਰਜ਼ੀ ਦੇ ਰਿਹਾ ਹੈ। ਇੱਕ ਅਧਿਕਾਰੀ ਨੇ ਦੱਸਿਆ ਕਿ ਪਹਿਲਾਂ ਕੁਝ ਲੋਕ ਕਿਸੇ ਹੋਰ ਦੇ ਨਾਂ ਜਾਂ ਨੰਬਰ ਦੀ ਵਰਤੋਂ ਕਰ ਕੇ ਨਾਂ ਹਟਵਾਉਣ ਦੀ ਕੋਸ਼ਿਸ਼ ਕਰਦੇ ਸਨ ਪਰ ਹੁਣ ਇਹ ਸਿਸਟਮ ਇਸ ਤਰ੍ਹਾਂ ਦੀ ਧੋਖਾਧੜੀ ਨੂੰ ਰੋਕੇਗਾ। ਇਹ ਸਿਸਟਮ ਇੱਕ ਹਫ਼ਤਾ ਪਹਿਲਾਂ ਲਾਗੂ ਹੋਇਆ ਹੈ। ਚੋਣ ਕਮਿਸ਼ਨ ਨੇ ਕਿਹਾ ਕਿ ਇਹ ਕਿਸੇ ਖਾਸ ਘਟਨਾ ਦਾ ਜਵਾਬ ਨਹੀਂ ਪਰ ਇਕ ਨਵਾਂ ਸੁਰੱਖਿਆ ਕਦਮ ਹੈ। ਦੱਸ ਦਈਏ ਕਿ ਕਰਨਾਟਕ ਦੇ ਅਲੰਦ ਹਲਕੇ ਵਿੱਚ ਨਾਅ ਹਟਵਾਉਣ ਲਈ 6,018 ਫਾਰਮ, ਜਿਨ੍ਹਾਂ ਵਿੱਚ ਸੱਤ ਆਨਲਾਈਨ ਭਰੇ ਗਏ ਸਨ ਪਰ ਜਾਂਚ ਦੌਰਾਨ ਸਿਰਫ਼ 24 ਅਸਲੀ ਨਿਕਲੇ। 5,994 ਫਰਜ਼ੀ ਨਿਕਲੇ, ਜੋ ਰੱਦ ਕਰ ਦਿੱਤੇ ਗਏ। ਕਾਂਗਰਸ ਆਗੂ ਰਾਹੁਲ ਗਾਂਧੀ ਨੇ ਕਿਹਾ ਕਿ ਚੋਣ ਕਮਿਸ਼ਨ ਨੇ ਇਹ ਲਾਕ ਸਿਸਟਮ ਉਦੋਂ ਲਾਗੂ ਕੀਤਾ, ਜਦੋਂ ਉਨ੍ਹਾਂ ਨੇ 'ਵੋਟ ਚੋਰੀ' ਦੀ ਗੱਲ ਚੁਕੀ। ਉਨ੍ਹਾਂ ਨੇ ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਨੂੰ ਸਵਾਲ ਕੀਤਾ ਕਿ ਉਹ ਅਲੰਦ 'ਚ ਹੋਈ ਚੋਰੀ ਦੀ ਜਾਂਚ ਸਬੰਧੀ ਸਬੂਤ ਕਦੋਂ ਦੇਣਗੇ ?

### ਮਾਨਸੂਨ 'ਚ ਤਬਾਹੀ 'ਤੇ ਸੁਪਰੀਮ

ਹਿਮਾਚਲ ਪ੍ਰਦੇਸ਼ ਦੇ ਨਾਜ਼ੁਕ ਈਕੋਸਿਸਟਮ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਹੈ। ਇਸ ਨਾਲ ਨਾ ਸਿਰਫ਼ ਬਹੁਤ ਸਾਰੀਆਂ ਜਾਨਾਂ ਗਈਆਂ ਹਨ ਬਲਕਿ ਜਾਇਦਾਦ ਨੂੰ ਵੀ ਕਾਫ਼ੀ ਨੁਕਸਾਨ ਹੋਇਆ ਹੈ।' ਅਦਾਲਤ ਦੇ ਅਨੁਸਾਰ, ਇਹ ਸਬੂਤ ਹੈ ਕਿ ਹਿਮਾਚਲ ਪ੍ਰਦੇਸ਼ ਸਮੇਤ ਸਾਰੇ ਪਹਾੜੀ ਰਾਜ ਇੱਕ ਗੰਭੀਰ ਖ਼ਤਰੇ ਦਾ ਸਾਹਮਣਾ ਕਰ ਰਹੇ ਹਨ। ਸੁਪਰੀਮ ਕੋਰਟ ਨੇ ਹਿਮਾਚਲ ਪ੍ਰਦੇਸ਼ ਨੂੰ ਨਾਜ਼ੁਕ ਵਾਤਾਵਰਣ ਅਤੇ ਵਾਤਾਵਰਣਕ ਸਥਿਤੀਆਂ ਦੇ ਕਾਰਨਾਂ ਦਾ ਵੇਰਵਾ ਦੇਣ ਵਾਲੀ ਇੱਕ ਵਿਸਤ੍ਰਿਤ ਰਿਪੋਰਟ ਤਿਆਰ ਕਰਨ ਦਾ ਹੁਕਮ ਦਿੱਤਾ ਹੈ। ਰਿਪੋਰਟ ਵਿੱਚ ਭੂਚਾਲ, ਜ਼ਮੀਨ ਖਿਸਕਣ, ਜੰਗਲਾਂ ਦੀ ਕਟਾਈ, ਰੁੱਖ ਲਗਾਉਣ, ਜਲਵਾਯੂ ਪਰਿਵਰਤਨ ਘਟਾਉਣ, ਸੜਕ ਡੇਟਾ ਸੰਗ੍ਰਹਿ, ਮਾਈਨਿੰਗ ਅਤੇ ਸੈਰ-ਸਪਾਟਾ ਪ੍ਰੋਜੈਕਟਾਂ ਵਰਗੇ ਕਾਰਕਾਂ ਨੂੰ ਸ਼ਾਮਲ ਕਰਨ ਦੀ ਉਮੀਦ ਹੈ। ਇਸ ਕੇਸ ਦੀ ਅਗਲੀ ਸੁਣਵਾਈ ਦੀ ਮਿਤੀ 28 ਅਕਤੂਬਰ ਹੈ। ਹਿਮਾਚਲ ਪ੍ਰਦੇਸ਼ ਨੂੰ ਆਪਣੀ ਰਿਪੋਰਟ 28 ਅਕਤੂਬਰ ਤੱਕ ਜਮ੍ਹਾਂ ਕਰਾਉਣੀ ਚਾਹੀਦੀ ਹੈ।

### ਬਿਹਾਰ ਚੋਣਾਂ ਮੋਦੀ ਸਰਕਾਰ ਦੇ

ਸਮੱਸਿਆਵਾਂ ਨਰਿੰਦਰ ਮੋਦੀ ਅਤੇ ਉਨ੍ਹਾਂ ਦੀ ਸਰਕਾਰ ਦੀ ਕੂਟਨੀਤਕ ਅਸਫਲਤਾ ਦਾ ਨਤੀਜਾ ਹਨ। ਜਿਨ੍ਹਾਂ ਦੋਸਤਾਂ ਨੂੰ ਪ੍ਰਧਾਨ ਮੰਤਰੀ 'ਮੇਰੇ ਦੋਸਤ' ਕਹਿ ਕੇ ਮਾਣ ਕਰਦੇ ਹਨ, ਉਹ ਅੱਜ ਭਾਰਤ ਨੂੰ ਕਈ ਮੁਸੀਬਤਾਂ ਵਿੱਚ ਪਾ ਰਹੇ ਹਨ।'' ਕਾਂਗਰਸ ਪ੍ਰਧਾਨ ਨੇ ਕਿਹਾ,"ਅੱਜ, ਜਦੋਂ ਸਾਡੀ ਵੋਟਰ ਸੂਚੀ ਨਾਲ ਅਧਿਕਾਰਤ ਤੌਰ 'ਤੇ ਛੇੜਛਾੜ ਕੀਤੀ ਜਾ ਰਹੀ ਹੈ, ਤਾਂ ਇਹ ਜ਼ਰੂਰੀ ਹੈ ਕਿ ਅਸੀਂ ਲੋਕਤੰਤਰ ਦੀ ਮਾਂ ਬਿਹਾਰ ਵਿੱਚ ਆਪਣੀ ਵਿਸਤ੍ਰਿਤ ਸੀ.ਡਬਲਯੂ.ਸੀ. ਮੀਟਿੰਗ ਕਰੀਏ ਅਤੇ ਇਸ ਦੇਸ਼ ਦੇ ਲੋਕਤੰਤਰ ਅਤੇ ਸੰਵਿਧਾਨ ਦੀ ਰੱਖਿਆ ਲਈ ਆਪਣੀ ਵਚਨਬੱਧਤਾ ਨੂੰ ਦੁਹਰਾਈਏ।" ਖੜਗੇ ਨੇ ਜ਼ੋਰ ਦੇ ਕੇ ਆਖਿਆ ਕਿ ਲੋਕਤੰਤਰ ਦੀ ਨੀਂਹ ਨਿਰਪੱਖ ਅਤੇ ਪਾਰਦਰਸ਼ੀ ਚੋਣਾਂ ਹਨ। ਉਨ੍ਹਾਂ ਕਿਹਾ ਕਿ ਅੱਜ ਚੋਣ ਕਮਿਸ਼ਨ ਦੀ ਨਿਰਪੱਖਤਾ ਅਤੇ ਪਾਰਦਰਸ਼ਤਾ ਬਾਰੇ ਗੰਭੀਰ ਸਵਾਲ ਖੜ੍ਹੇ ਹੋ ਰਹੇ ਹਨ। ਖੜਗੇ ਨੇ ਕਿਹਾ ਕਿ ਵੱਖ-ਵੱਖ ਰਾਜਾਂ ਤੋਂ ਹੋਏ ਖੁਲਾਸਿਆਂ ਬਾਰੇ ਸਵਾਲਾਂ ਦੇ ਜਵਾਬ ਦੇਣ ਦੀ ਬਜਾਏ, ਚੋਣ ਕਮਿਸ਼ਨ ਸਾਡੇ ਤੋਂ ਹਲਫ਼ਨਾਮੇ ਦੀ ਮੰਗ ਕਰ ਰਿਹਾ ਹੈ। ਖੜਗੇ ਨੇ ਬਿਹਾਰ ਵਿਚ 'ਸਰ' ਦੇ ਹਵਾਲੇ ਨਾਲ ਕਿਹਾ ਕਿ ਬਿਹਾਰ ਦੀ ਮਿਸਾਲ ਤੋਂ ਬਾਅਦ, ਹੁਣ ਦੇਸ਼ ਭਰ ਵਿੱਚ ਲੱਖਾਂ ਲੋਕਾਂ ਦੀਆਂ ਵੋਟਾਂ ਨੂੰ ਹਟਾਉਣ ਦੀ ਸਾਜ਼ਿਸ਼ ਰਚੀ ਜਾ ਰਹੀ ਹੈ। ਉਨ੍ਹਾਂ ਕਿਹਾ,"ਵੋਟ ਚੋਰੀ ਦਾ ਅਰਥ ਹੈ ਰਾਸ਼ਨ, ਪੈਨਸ਼ਨ, ਦਵਾਈ, ਬੱਚਿਆਂ ਦੇ ਵਜ਼ੀਫ਼ੇ ਅਤੇ ਦਲਿਤਾਂ, ਆਦਿਵਾਸੀਆਂ, ਪੱਛੜੇ ਵਰਗਾਂ, ਬਹੁਤ ਪੱਛੜੇ ਵਰਗਾਂ, ਘੱਟ ਗਿਣਤੀਆਂ, ਕਮਜ਼ੋਰਾਂ ਅਤੇ ਗਰੀਬਾਂ ਨਾਲ ਸਬੰਧਤ ਪ੍ਰੀਖਿਆ ਫੀਸਾਂ ਦੀ ਚੋਰੀ।" ਖੜਗੇ ਨੇ ਕਿਹਾ ਕਿ 'ਵੋਟਰ ਅਧਿਕਾਰ ਯਾਤਰਾ' ਨੇ ਬਿਹਾਰ ਦੇ ਲੋਕਾਂ ਵਿੱਚ ਜਾਗਰੂਕਤਾ ਪੈਦਾ ਕੀਤੀ, ਅਤੇ ਉਹ ਖੁੱਲ੍ਹ ਕੇ ਰਾਹੁਲ ਗਾਂਧੀ ਦੇ ਸਮਰਥਨ ਵਿੱਚ ਸਾਹਮਣੇ ਆਏ ਹਨ। ਉਨ੍ਹਾਂ ਕਿਹਾ,"ਅੱਜ, ਸਾਡਾ ਦੇਸ਼ ਬਹੁਤ ਸਾਰੀਆਂ ਸਮੱਸਿਆਵਾਂ ਨਾਲ ਜੂਝ ਰਿਹਾ ਹੈ। ਇਨ੍ਹਾਂ ਸਮੱਸਿਆਵਾਂ ਵਿੱਚ ਆਰਥਿਕ ਮੰਦੀ, ਬੇਰੁਜ਼ਗਾਰੀ, ਸਮਾਜਿਕ ਧਰੁਵੀਕਰਨ, ਅਤੇ ਖੁਦਮੁਖਤਿਆਰ ਸੰਵਿਧਾਨਕ ਸੰਸਥਾਵਾਂ ਨੂੰ ਨਿਸ਼ਾਨਾ ਬਣਾਉਣਾ ਅਤੇ ਕਮਜ਼ੋਰ ਕਰਨਾ ਸ਼ਾਮਲ ਹੈ।" ਖੜਗੇ ਨੇ ਕਿਹਾ,"2 ਕਰੋੜ ਨੌਕਰੀਆਂ' ਦਾ ਵਾਅਦਾ ਅਜੇ ਵੀ ਅਧੂਰਾ ਹੈ। ਨੌਜਵਾਨ ਰੁਜ਼ਗਾਰ ਤੋਂ ਬਿਨਾਂ ਭਟਕ ਰਹੇ ਹਨ। ਨੋਟਬੰਦੀ ਅਤੇ ਇੱਕ ਗਲਤ ਜੀ.ਐਸ.ਟੀ. ਨੇ ਅਰਥਚਾਰੇ ਨੂੰ ਲੀਹੋਂ ਲਾਹ ਦਿੱਤਾ ਹੈ। ਅੱਠ ਸਾਲਾਂ ਬਾਅਦ, ਪ੍ਰਧਾਨ ਮੰਤਰੀ ਨੂੰ ਆਪਣੀ ਗਲਤੀ ਦਾ ਅਹਿਸਾਸ ਹੋਇਆ। ਹੁਣ, ਜੀਐਸਟੀ ਵਿੱਚ ਉਹੀ ਸੁਧਾਰ ਪੇਸ਼ ਕੀਤੇ ਗਏ ਹਨ ਜਿਨ੍ਹਾਂ ਦੀ ਕਾਂਗਰਸ ਪਾਰਟੀ ਪਹਿਲੇ ਦਿਨ ਤੋਂ ਮੰਗ ਕਰ ਰਹੀ ਸੀ।" ਉਨ੍ਹਾਂ ਦਾਅਵਾ ਕੀਤਾ ਕਿ ਐਨਡੀਏ ਗੱਠਜੋੜ ਦਾ 'ਅੰਦਰੂਨੀ ਕਲੇਸ਼' ਹੁਣ ਖੁੱਲ੍ਹ ਕੇ ਸਾਹਮਣੇ ਆ ਗਿਆ ਹੈ। ਉਨ੍ਹਾਂ ਦਾਅਵਾ ਕੀਤਾ,"ਭਾਜਪਾ ਨੇ ਨਿਤੀਸ਼ ਕੁਮਾਰ ਨੂੰ ਮਾਨਸਿਕ ਤੌਰ 'ਤੇ ਸੇਵਾਮੁਕਤ ਕਰ ਦਿੱਤਾ ਹੈ। ਭਾਜਪਾ ਹੁਣ ਉਨ੍ਹਾਂ ਨੂੰ ਬੋਝ ਸਮਝਦੀ ਹੈ।" ਖੜਗੇ ਨੇ ਕਿਹਾ ਕਿ ਜਨਤਾ ਜਾਤੀ ਜਨਗਣਨਾ ਅਤੇ ਰਾਖਵਾਂਕਰਨ ਨੀਤੀਆਂ ਵਿੱਚ ਪਾਰਦਰਸ਼ਤਾ ਚਾਹੁੰਦੀ ਹੈ। ਉਨ੍ਹਾਂ ਕਿਹਾ,"2025 ਦੀਆਂ ਵਿਧਾਨ ਸਭਾ ਚੋਣਾਂ ਨਾ ਸਿਰਫ਼ ਬਿਹਾਰ ਲਈ ਸਗੋਂ ਪੂਰੇ ਦੇਸ਼ ਲਈ ਇੱਕ ਮੀਲ ਪੱਥਰ ਸਾਬਤ ਹੋਣਗੀਆਂ। ਇਹ ਮੋਦੀ ਸਰਕਾਰ ਦੇ ਭ੍ਰਿਸ਼ਟ ਸ਼ਾਸਨ ਦੀ ਉਲਟੀ ਗਿਣਤੀ ਅਤੇ ਅੰਤ ਦੀ ਸ਼ੁਰੂਆਤ ਹੋਵੇਗੀ।" ਵਰਕਿੰਗ ਕਮੇਟੀ ਮੀਟਿੰਗ ਵਿੱਚ ਖੜਗੇ, ਸਾਬਕਾ ਪਾਰਟੀ ਮੁਖੀ ਰਾਹੁਲ ਗਾਂਧੀ, ਖਜ਼ਾਨਚੀ ਅਜੈ ਮਾਕਨ, ਜਨਰਲ ਸਕੱਤਰ ਕੇਸੀ ਵੇਣੂਗੋਪਾਲ, ਜੈਰਾਮ ਰਮੇਸ਼ ਅਤੇ ਸਚਿਨ ਪਾਇਲਟ, ਬਿਹਾਰ ਕਾਂਗਰਸ ਮੁਖੀ ਰਾਜੇਸ਼ ਕੁਮਾਰ ਸਮੇਤ ਹੋਰ ਸੀਨੀਅਰ ਕਾਂਗਰਸੀ ਆਗੂਆਂ ਨੇ ਹਿੱਸਾ ਲਿਆ। ਸੀ.ਡਬਲਯੂ.ਸੀ. ਦੀ ਮੀਟਿੰਗ ਵਿੱਚ ਸਥਾਈ ਸੱਦੇ ਅਤੇ ਵਿਸ਼ੇਸ਼ ਸੱਦੇ ਤਹਿਤ ਪਾਰਟੀ-ਸ਼ਾਸਿਤ ਰਾਜਾਂ ਦੇ ਮੁੱਖ ਮੰਤਰੀ, ਰਾਜ ਇਕਾਈਆਂ ਦੇ ਪ੍ਰਧਾਨ ਅਤੇ ਕਾਂਗਰਸ ਵਿਧਾਨਕ ਪਾਰਟੀ ਦੇ ਆਗੂ ਵੀ ਸ਼ਾਮਲ ਹੋਏ। ਸੁਤੰਤਰ ਭਾਰਤ ਦੇ ਇਤਿਹਾਸ ਵਿੱਚ ਪਹਿਲੀ ਵਾਰ, ਕਾਂਗਰਸ ਵਰਕਿੰਗ ਕਮੇਟੀ ਬਿਹਾਰ ਵਿੱਚ ਮੀਟਿੰਗ ਕਰ ਰਹੀ ਹੈ। ਮੀਟਿੰਗ ਸ਼ੁਰੂ ਹੋਣ ਤੋਂ ਪਹਿਲਾਂ ਕਾਂਗਰਸ ਪ੍ਰਧਾਨ ਖੜਗੇ ਨੇ ਪਾਰਟੀ ਦਾ ਝੰਡਾ ਲਹਿਰਾਇਆ ਅਤੇ ਫਿਰ ਪਾਰਟੀ ਆਗੂਆਂ ਨੇ ਰਾਸ਼ਟਰੀ ਗੀਤ ਗਾਇਆ। ਇਹ ਮੀਟਿੰਗ ਮਹਾਂਗਠਜੋੜ ਦੇ ਭਾਈਵਾਲਾਂ ਵਿਚਕਾਰ ਸੀਟਾਂ ਦੀ ਵੰਡ ਬਾਰੇ ਗੱਲਬਾਤ ਦੌਰਾਨ ਅਤੇ ਰਾਹੁਲ ਗਾਂਧੀ ਦੀ ਕਥਿਤ 'ਵੋਟ ਚੋਰੀ' ਅਤੇ ਵੋਟਰ ਸੂਚੀਆਂ ਦੀ ਵਿਸ਼ੇਸ਼ ਵਿਆਪਕ ਸੋਧ ('ਸਰ') ਵਿਰੁੱਧ 'ਵੋਟਰ ਅਧਿਕਾਰ ਯਾਤਰਾ' ਤੋਂ ਬਾਅਦ ਹੋ ਰਹੀ ਹੈ। ਰਾਹੁਲ ਗਾਂਧੀ ਦੇ ਦੌਰੇ ਨੂੰ ਕਾਂਗਰਸੀ ਵਰਕਰਾਂ ਵਿਚ ਨਵੀਂ ਊਰਜਾ ਭਰਨ ਅਤੇ ਚੋਣ ਤਿਆਰੀਆਂ ਨੂੰ ਤੇਜ਼ ਕਰਨ ਵਜੋਂ ਦੇਖਿਆ ਜਾ ਰਿਹਾ ਹੈ। ਬਿਹਾਰ ਵਿਧਾਨ ਸਭਾ ਚੋਣਾਂ ਇਸ ਸਾਲ ਅਕਤੂਬਰ-ਨਵੰਬਰ ਵਿੱਚ ਹੋਣ ਦੀ ਸੰਭਾਵਨਾ ਹੈ।

### ਯੂਕ੍ਰੇਨ ਦੇ ਰਾਸ਼ਟਰਪਤੀ ਜ਼ੇਲੈਂਸਕੀ

ਚਾਹੁੰਦਾ, ਤਾਂ ਇਹ ਮਾਸਕੋ ਨੂੰ ਹਮਲਾ ਖਤਮ ਕਰਨ ਲਈ ਮਜਬੂਰ ਕਰ ਸਕਦਾ ਸੀ। ਚੀਨ ਤੋਂ ਬਿਨਾਂ ਪੁਤਿਨ ਦਾ ਰੂਸ ਕੁਝ ਵੀ ਨਹੀਂ ਹੈ। ਫਿਰ ਵੀ ਅਕਸਰ ਚੀਨ ਸ਼ਾਂਤੀ ਲਈ ਸਰਗਰਮ ਹੋਣ ਦੀ ਬਜਾਏ ਚੁੱਪ ਅਤੇ ਦੂਰ ਰਹਿੰਦਾ ਹੈ।"

## ਪੰਜ ਲੱਖ ਏਕੜ ਹੜ੍ਹ ਪ੍ਰਭਾਵਿਤ ਜ਼ਮੀਨ ਲਈ ਕਿਸਾਨਾਂ ਨੂੰ ਕਣਕ ਦਾ ਬੀਜ ਮੁਫ਼ਤ ਦੇਵੇਗੀ ਮਾਨ ਸਰਕਾਰ

ਚੰਡੀਗੜ੍ਹ, 24 ਸਤੰਬਰ (ਚ.ਨ.ਸ.): ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਇੱਕ ਠੋਸ ਮਾਨਵਤਾਵਾਦੀ ਉਪਰਾਲੇ ਤਹਿਤ ਹਾਲ ਹੀ ਵਿੱਚ ਆਏ ਭਿਆਨਕ ਹੜ੍ਹਾਂ ਦੌਰਾਨ ਲਗਭਗ ਪੰਜ ਲੱਖ ਏਕੜ ਰਕਬੇ ਵਿੱਚ ਆਪਣੀ ਫ਼ਸਲ ਗੁਆਉਣ ਵਾਲੇ ਕਿਸਾਨਾਂ ਨੂੰ ਦੋ ਲੱਖ ਕੁਇੰਟਲ ਕਣਕ ਦੇ ਕਣਕ ਦਾ ਬੀਜ ਮੁਫਤ ਦੇਣ ਦਾ ਫੈਸਲਾ ਕੀਤਾ ਹੈ।

ਵੇਰਵੇ ਦਿੰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਹਾਲ ਹੀ ਵਿੱਚ ਆਏ ਹੜ੍ਹਾਂ ਦੌਰਾਨ ਸੂਬੇ ਦੇ ਅਨਾਜ ਉਤਪਾਦਕਾਂ ਨੂੰ ਭਾਰੀ ਨੁਕਸਾਨ ਹੋਇਆ ਹੈ ਅਤੇ ਉਨ੍ਹਾਂ ਨੂੰ 74 ਕਰੋੜ ਰੁਪਏ ਦੀ ਕੀਮਤ ਦਾ ਇਹ ਦੋ ਲੱਖ ਕੁਇੰਟਲ ਬੀਜ ਮੁਫਤ ਮੁਹੱਈਆ ਕਰਵਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਸੂਬੇ ਦੇ ਮਿਹਨਤੀ ਕਿਸਾਨਾਂ ਨੇ ਦੇਸ ਨੂੰ ਅਨਾਜ ਉਤਪਾਦਨ ਵਿੱਚ ਆਤਮ ਨਿਰਭਰ ਬਣਾਉਣ ਵਿੱਚ ਮੁੱਖ ਭੂਮਿਕਾ ਨਿਭਾਈ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸੂਬਾ ਸਰਕਾਰ ਇਸ ਸੰਕਟ ਦੀ ਘੜੀ ਵਿੱਚ ਕਿਸਾਨਾਂ ਦੇ ਨਾਲ ਖੜ੍ਹੀ ਹੈ ਅਤੇ ਉਨ੍ਹਾਂ ਨੂੰ ਸੰਕਟ ਵਿੱਚੋਂ ਬਾਹਰ ਕੱਢਣ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ।

ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਕਿਸਾਨਾਂ ਨੂੰ ਆਗਾਮੀ ਹਾੜ੍ਹੀ ਦੀ ਫਸਲ ਲਈ ਕਣਕ ਦਾ ਬੀਜ ਮੁਫਤ ਮੁਹੱਈਆ ਕਰਵਾਏਗੀ। ਉਨ੍ਹਾਂ ਕਿਹਾ ਕਿ ਇਹ ਸੂਬਾ ਸਰਕਾਰ ਵੱਲੋਂ ਹੜ੍ਹਾਂ ਕਾਰਨ ਹੋਈ ਤਬਾਹੀ ਕਰਕੇ ਕਿਸਾਨਾਂ ਨੂੰ ਦਰਪੇਸ ਮੁਸਕਲਾਂ ਨੂੰ ਘਟਾਉਣ ਵੱਲ ਇੱਕ ਨਿਮਾਣਾ ਜਿਹਾ ਉਪਰਾਲਾ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਨ੍ਹਾਂ ਭਿਆਨਕ ਹੜ੍ਹਾਂ ਕਾਰਨ ਹੋਈ ਵੱਡ-ਆਕਾਰੀ ਤਬਾਹੀ ਦਾ ਅੰਦਾਜ਼ਾ ਵੀ ਨਹੀਂ ਲਾਇਆ ਜਾ ਸਕਦਾ ਕਿਉਂਕਿ ਪੰਜਾਬ ਨੇ ਪਹਿਲਾਂ ਕਦੇ ਵੀ ਇੰਨਾ ਨੁਕਸਾਨ ਨਹੀਂ ਦੇਖਿਆ।

ਮੁੱਖ ਮੰਤਰੀ ਨੇ ਅਫ਼ਸੋਸ ਪ੍ਰਗਟ ਕਰਦਿਆਂ ਕਿਹਾ ਕਿ ਪੰਜਾਬ ਵਿੱਚ 2,300 ਪਿੰਡ ਭਿਆਨਕ ਹੜ੍ਹਾਂ ਦੀ ਮਾਰ ਹੇਠ ਆਏ ਹਨ, ਜਿਸ ਨਾਲ 20 ਲੱਖ ਤੋਂ ਵੱਧ ਆਬਾਦੀ ਪ੍ਰਭਾਵਿਤ ਹੋਈ ਅਤੇ ਪੰਜ ਲੱਖ ਏਕੜ ਰਕਬੇ 'ਚ ਖੜ੍ਹੀਆਂ ਫ਼ਸਲਾਂ ਨੂੰ ਭਾਰੀ ਨੁਕਸਾਨ ਪਹੁੰਚਿਆ ਹੈ। ਉਨ੍ਹਾਂ ਕਿਹਾ ਕਿ ਇਸ ਨਾਲ ਹੀ ਹੜ੍ਹਾਂ ਕਾਰਨ 56 ਲੋਕਾਂ ਨੂੰ ਆਪਣੀ ਜਾਨ ਗੁਆਉਣੀ ਪਈ ਅਤੇ ਲਗਪਗ ਸੱਤ ਲੱਖ ਲੋਕ ਬੇਘਰ ਹੋ ਗਏ ਹਨ।

ਇਸ ਤੋਂ ਇਲਾਵਾ 3,200 ਸਰਕਾਰੀ ਸਕੂਲ ਨੁਕਸਾਨੇ ਗਏ, 19 ਕਾਲਜ ਮਲਬੇ ਵਿੱਚ ਤਬਦੀਲ ਹੋ ਗਏ, 1,400 ਕਲੀਨਿਕਾਂ ਅਤੇ ਹਸਪਤਾਲਾਂ ਦਾ ਵੱਡਾ ਨੁਕਸਾਨ ਹੋਣ ਦੇ ਨਾਲ-ਨਾਲ 8,500 ਕਿਲੋਮੀਟਰ ਸੜਕਾਂ ਤਬਾਹ ਹੋ ਗਈਆਂ ਹਨ ਅਤੇ 2,500 ਪੁਲ ਢਹਿ ਗਏ ਹਨ। ਉਨ੍ਹਾਂ ਅੱਗੇ ਦੱਸਿਆ ਕਿ ਕੁੱਲ ਨੁਕਸਾਨ ਦਾ ਅਨੁਮਾਨ ਲਗਪਗ 13,800 ਕਰੋੜ ਰੁਪਏ ਬਣਦਾ ਹੈ ਪਰ ਅਸਲ ਅੰਕੜੇ ਇਸ ਤੋਂ ਵੀ ਵੱਧ ਹੋ ਸਕਦੇ ਹਨ।

## ਖ਼ੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਵਿਭਾਗ ਮੁੱਖ ਮੰਤਰੀ ਰਾਹਤ ਫੰਡ 'ਚ ਪਾਏਗਾ 41 ਲੱਖ ਦਾ ਯੋਗਦਾਨ



ਚੰਡੀਗੜ੍ਹ, 24 ਸਤੰਬਰ (ਚ.ਨ.ਸ.) : ਇਸ ਔਖੀ ਘੜੀ ਵਿੱਚ ਪੰਜਾਬ ਦੇ ਹੜ੍ਹ ਪ੍ਰਭਾਵਿਤ ਲੋਕਾਂ ਲਈ ਮਦਦ ਦਾ ਹੱਥ ਵਧਾਉਂਦਿਆਂ ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਵਿਭਾਗ ਨੇ ਮਨੁੱਖੀ ਫਰਜ਼ ਵਜੋਂ ਮੁੱਖ ਮੰਤਰੀ ਰਾਹਤ ਫੰਡ ਵਿੱਚ ਇੱਕ ਦਿਨ ਦੀ ਤਨਖਾਹ, ਜੋ ਕੁੱਲ 41 ਲੱਖ ਰੁਪਏ ਬਣਦੇ ਹਨ, ਦਾ ਯੋਗਦਾਨ ਪਾਉਣ ਦਾ ਫ਼ੈਸਲਾ ਕੀਤਾ ਹੈ। ਇਸ ਫੰਡ ਵਿੱਚ ਅਧਿਕਾਰੀਆਂ, ਜਿਹਨਾਂ ਵਿੱਚ ਡਾਇਰੈਕਟਰ, ਕੰਟਰੋਲਰ ਵਿੱਤ ਅਤੇ ਲੇਖਾ, ਵਧੀਕ ਡਾਇਰੈਕਟਰ, ਸੰਯੁਕਤ ਡਾਇਰੈਕਟਰ, ਡਿਪਟੀ ਡਾਇਰੈਕਟਰ, ਸਹਾਇਕ ਡਾਇਰੈਕਟਰ/ਜ਼ਿਲ੍ਹਾ ਕੰਟਰੋਲਰ, ਸਹਾਇਕ ਕੰਟਰੋਲਰ/ਲੇਖਾ ਅਧਿਕਾਰੀ, ਖੁਰਾਕ ਅਤੇ ਸਿਵਲ ਸਪਲਾਈ ਅਧਿਕਾਰੀ, ਸਹਾਇਕ ਖੁਰਾਕ ਅਤੇ ਸਿਵਲ ਸਪਲਾਈ ਅਧਿਕਾਰੀ ਅਤੇ ਇੰਸਪੈਕਟਰ ਸ਼ਾਮਲ ਹਨ, ਨੇ ਯੋਗਦਾਨ ਪਾਉਣ ਦਾ ਫੈਸਲਾ ਕੀਤਾ ਹੈ।

ਇਸ ਸਬੰਧੀ ਵਿਭਾਗੀ ਕਰਮਚਾਰੀਆਂ ਦੀ ਸਹਿਮਤੀ ਵਾਲੇ ਡਾਇਰੈਕਟਰ (ਖਜ਼ਾਨਾ) ਨੂੰ ਲਿਖੇ ਗਏ ਪੱਤਰ ਦੀ ਕਾਪੀ ਅੱਜ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਵਿਭਾਗ ਦੇ ਮੰਤਰੀ ਲਾਲ ਚੰਦ ਕਟਾਰੂਚੱਕ ਵੱਲੋਂ ਸੌਂਪੀ ਗਈ।

ਚੜ੍ਹਦੀਕਲਾ
ਪਰਮਜੀਤ ਸਿੰਘ, ਪ੍ਰਿੰਟਰ ਪਬਲਿਸ਼ਰ ਨੇ ਰੋਜ਼ਾਨਾ ਚੜ੍ਹਦੀਕਲਾ, ਚੜ੍ਹਦੀਕਲਾ ਪ੍ਰਿੰਟਿੰਗ ਪ੍ਰੈੱਸ ਪ੍ਰਾਈਵੇਟ ਲਿਮਟਿਡ ਲਈ ਦਲਜੀਤ ਪ੍ਰਿੰਟਰਜ਼, 593 ਐਸ.ਐਸ.ਟੀ. ਨਗਰ ਪਟਿਆਲਾ ਤੋਂ ਛਪਵਾ ਕੇ ਦਫ਼ਤਰ ਰੋਜ਼ਾਨਾ ਚੜ੍ਹਦੀਕਲਾ, 577, ਐਸ.ਐਸ.ਟੀ. ਨਗਰ, ਪਟਿਆਲਾ ਤੋਂ ਪ੍ਰਕਾਸ਼ਿਤ ਕੀਤਾ। ਮੁੱਖ ਸੰਪਾਦਕ : ਜਗਜੀਤ ਸਿੰਘ 'ਦਰਦੀ'।
PRGI (RNI) Regd. No. 22972/1972

Printed & Published by Paramjit Singh on behalf of Charhdikala Printing Press Pvt. Ltd., Patiala & Printed at Daljit Printers 593, SST Nagar Patiala. Published at Office Daily Charhdikala 577, SST Nagar Patiala.
Chief Editor : Jagjit Singh Dardi
PRGI (RNI) Regd. No. 22972/1972


दीनदयाल लाडो लक्ष्मी योजना
सम्मान भी, सुरक्षा भी
हरियाणा सरकार
ਪ੍ਰਧਾਨ ਮੰਤਰੀ ਨਰਿੰਦਰ ਮੋਦੀ
ਸੇਵਾ ਹੀ ਸੰਕਲਪ
ਰਾਸ਼ਟਰ ਪ੍ਰਥਮ ਹੀ ਪ੍ਰੇਰਨਾ... 75 ਸਾਲ
Dummy
ਸੰਕਲਪ
ਅੱਜ ਪੂਰਾ ਹੋਇਆ
ਹੁਣ, ਹਰਿਆਣਾ ਦੀਆਂ ਔਰਤਾਂ ਨੂੰ
ਹਰ ਮਹੀਨੇ ਮਿਲਣਗੇ
₹2,100
ਹਰਿਆਣਾ ਦੀਆਂ ਸਾਰੀਆਂ ਔਰਤਾਂ ਨੂੰ ਹਾਰਦਿਕ ਵਧਾਈਆਂ!
1 ਨਵੰਬਰ, 2025 ਤੋਂ ਸ਼ੁਰੂ ਹੋਵੇਗਾ ਸਿੱਧਾ ਤੁਹਾਡੇ ਬੈਂਕ ਖਾਤੇ ਵਿੱਚ ਭੁਗਤਾਨ
ਅੱਜ ਹੋ ਰਿਹਾ ਹੈ ....
ਦੀਨਦਿਆਲ ਲਾਡੋ ਲਕਸ਼ਮੀ ਯੋਜਨਾ ਦਾ ਸ਼ਾਨਦਾਰ ਸ਼ੁੱਭ ਆਰੰਭ ਅਤੇ
ਦੀਨਦਿਆਲ ਲਾਡੋ ਲਕਸ਼ਮੀ ਮੋਬਾਈਲ ਐਪ ਦਾ ਉਦਘਾਟਨ
25 ਸਤੰਬਰ, 2025 | ਸਵੇਰੇ 11:00 ਵਜੇ
ਮਲਟੀਪਰਪਜ਼ ਹਾਲ, ਤਾਊ ਦੇਵੀ ਲਾਲ ਸਟੇਡੀਅਮ, ਸੈਕਟਰ 3, ਪੰਚਕੂਲਾ
ਮੁੱਖ ਮਹਿਮਾਨ : ਸ਼੍ਰੀ ਨਾਇਬ ਸਿੰਘ ਸੈਣੀ
ਮੁੱਖ ਮੰਤਰੀ, ਹਰਿਆਣਾ
ਪ੍ਰੋਗਰਾਮ ਵਿੱਚ ਸ਼ਾਮਲ ਹੋਣ ਲਈ QR ਕੋਡ ਸਕੈਨ ਕਰੋ
ਮਾਣਯੋਗ ਮੌਜੂਦਗੀ
ਸ਼੍ਰੀ ਹਰਵਿੰਦਰ ਕਲਿਆਣ
ਸਪੀਕਰ, ਹਰਿਆਣਾ ਵਿਧਾਨ ਸਭਾ
ਸ਼੍ਰੀ ਕ੍ਰਿਸ਼ਨ ਕੁਮਾਰ ਬੇਦੀ
ਸਮਾਜਿਕ ਨਿਆਂ ਅਤੇ ਸਸ਼ਕਤੀਕਰਨ, ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਭਲਾਈ ਅਤੇ ਅੰਤਯੋਦਯ, ਹਰਿਆਣਾ
ਪਲੇ ਸਟੋਰ ਤੋਂ ਲਾਡੋ ਲਕਸ਼ਮੀ ਯੋਜਨਾ ਐਪ ਡਾਊਨਲੋਡ ਕਰੋ
ਸੂਚਨਾ, ਲੋਕ ਸੰਪਰਕ ਅਤੇ ਭਾਸ਼ਾ ਵਿਭਾਗ, ਹਰਿਆਣਾ ਦੇ Whatsapp ਚੈਨਲ ਨਾਲ ਜੁੜਨ ਲਈ QR ਕੋਡ ਨੂੰ ਸਕੈਨ ਕਰੋ
ਸਮਾਜਿਕ ਨਿਆਂ ਅਤੇ ਸਸ਼ਕਤੀਕਰਨ, ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਭਲਾਈ ਅਤੇ ਅੰਤਯੋਦਯ (SEWA) ਵਿਭਾਗ, ਹਰਿਆਣਾ
ਸੂਚਨਾ, ਲੋਕ ਸੰਪਰਕ ਅਤੇ ਭਾਸ਼ਾ ਵਿਭਾਗ, ਹਰਿਆਣਾ
www.prharyana.gov.in | Follow us on @diprharyana

## ਸੰਪਾਦਕੀ

# ਬੋਲਣ ਦਾ ਹੱਕ

ਭਾਰਤੀ ਲੋਕਤੰਤਰ ਦੀ ਖ਼ਾਸੀਅਤ ਇਹ ਹੈ ਕਿ ਇਸ ਨੂੰ ਸੁਰੱਖਿਅਤ ਰੱਖਣ ਲਈ ਜੇਕਰ ਹੋਰ ਵਿਵਸਥਾਵਾਂ ਹਨ, ਉੱਥੇ ਹੀ ਸੰਵਿਧਾਨ ਵੀ ਇਸ ਲੋਕਤੰਤਰ ਦੇ ਬਚਾਓ ਵਿੱਚ ਖੜ੍ਹਾ ਹੈ। ਇਸ ਵਿੱਚ ਲੋਕਾਂ ਨੂੰ ਇਸ ਗੱਲ ਦਾ ਹੱਕ ਦਿੱਤਾ ਗਿਆ ਹੈ ਕਿ ਉਹ ਆਪਣੇ ਵਿਚਾਰਾਂ ਦੇ ਦੂਜੇ ਲੋਕਾਂ ਦੇ ਸਾਹਮਣੇ ਰੱਖ ਸਕਦੇ ਹਨ। ਪ੍ਰਗਟਾਵੇ ਦਾ ਅਧਿਕਾਰ ਲੋਕਤੰਤਰ ਦਾ ਜੀਵਨ ਹੈ। ਜੇਕਰ ਇਸ ਅਧਿਕਾਰ ਨੂੰ ਕਿਸੇ ਕਾਰਨ ਕਰਕੇ ਰੋਕਿਆ ਜਾਂਦਾ ਹੈ, ਤਾਂ ਇਹ ਅੰਤ ਵਿੱਚ ਦੇਸ਼ ਦੀ ਲੋਕਤੰਤਰੀ ਪ੍ਰਨਾਲੀ ਨੂੰ ਨੁਕਸਾਨ ਪਹੁੰਚਾਏਗਾ। ਹਾਲਾਂਕਿ, ਅਕਸਰ ਅਜਿਹੀਆਂ ਸਥਿਤੀਆਂ ਪੈਦਾ ਹੁੰਦੀਆਂ ਹਨ, ਜਿੱਥੇ ਇੱਕ ਵਿਅਕਤੀ ਦੀ ਟਿੱਪਣੀ ਜਦੋਂ ਕਿ ਉਸਦੇ ਆਪਣੇ ਪ੍ਰਗਟਾਵੇ ਵਜੋਂ ਵੇਖੀ ਜਾਂਦੀ ਹੈ, ਦੂਜੇ ਵਿਅਕਤੀ ਦੀ ਛਵੀ ਨੂੰ ਨੁਕਸਾਨ ਪਹੁੰਚਾਉਂਦੀ ਪ੍ਰਤੀਤ ਹੁੰਦੀ ਹੈ। ਸ਼ਾਇਦ ਇਸੇ ਲਈ ਪ੍ਰਗਟਾਵੇ ਦੀਆਂ ਸੀਮਾਵਾਂ 'ਤੇ ਅਕਸਰ ਸਵਾਲ ਉਠਾਏ ਗਏ ਹਨ। ਅਕਸਰ ਅਜਿਹੇ ਮਾਮਲੇ ਸਾਹਮਣੇ ਆਏ ਹਨ ਜਿੱਥੇ ਕੋਈ ਵਿਅਕਤੀ ਕਿਸੇ ਟਿੱਪਣੀ ਨੂੰ ਮਾਨਹਾਨੀ ਸਮਝਦਾ ਹੈ ਅਤੇ ਦੋਸ਼ੀ ਵਿਰੁੱਧ ਕਾਨੂੰਨੀ ਕਾਰਵਾਈ ਦੀ ਮੰਗ ਕਰਦਾ ਹੈ। ਇਸਦਾ ਮਤਲਬ ਹੈ ਕਿ ਕਿਸੇ ਵਿਅਕਤੀ ਦੇ ਆਪਣੇ ਵਿਚਾਰਾਂ ਦੇ ਪ੍ਰਗਟਾਵੇ ਨੂੰ ਕਾਨੂੰਨ ਦੇ ਤਹਿਤ ਕਿਸੇ ਵਿਰੁੱਧ ਅਪਰਾਧਿਕ ਮਾਨਹਾਨੀ ਮੰਨਿਆ ਜਾ ਸਕਦਾ ਹੈ। ਹਾਲਾਂਕਿ ਇਹ ਵੀ ਸੱਚ ਹੈ ਕਿ ਸਬੰਧਤ ਕਾਨੂੰਨ ਨੂੰ ਸੁਤੰਤਰ ਆਵਾਜ਼ਾਂ ਨੂੰ ਦਬਾਉਣ ਅਤੇ ਬੇਲੋੜੇ ਤੌਰ 'ਤੇ ਉਨ੍ਹਾਂ ਨੂੰ ਪਰੇਸ਼ਾਨ ਕਰਨ ਲਈ ਇੱਕ ਹਥਿਆਰ ਵਜੋਂ ਵਰਤਿਆ ਜਾਂਦਾ ਹੈ। ਸੋਮਵਾਰ ਨੂੰ ਇੱਕ ਕੇਸ ਦੀ ਸੁਣਵਾਈ ਕਰਦੇ ਹੋਏ ਸੁਪਰੀਮ ਕੋਰਟ ਦਾ ਇਸ ਮਾਮਲੇ 'ਤੇ ਫੈਸਲਾ ਪ੍ਰਗਟਾਵੇ ਦੇ ਅਧਿਕਾਰ ਦੇ ਸੰਦਰਭ ਵਿੱਚ ਬਹੁਤ ਮਹੱਤਵਪੂਰਨ ਸਾਬਤ ਹੋ ਸਕਦਾ ਹੈ। ਇੱਕ ਨਿਊਜ਼ ਵੈੱਬਸਾਈਟ ਨਾਲ ਜੁੜੇ ਇੱਕ ਮਾਮਲੇ ਵਿੱਚ ਅਦਾਲਤ ਨੇ ਸਪੱਸ਼ਟ ਤੌਰ 'ਤੇ ਕਿਹਾ ਕਿ ਅਪਰਾਧਿਕ ਮਾਨਹਾਨੀ ਨੂੰ ਅਪਰਾਧ ਤੋਂ ਮੁਕਤ ਕਰਨ ਦਾ ਸਮਾਂ ਆ ਗਿਆ ਹੈ। ਇਹ ਟਿੱਪਣੀ 2016 ਵਿੱਚ ਵੈੱਬਸਾਈਟ ਵਿਰੁੱਧ ਦਾਇਰ ਇੱਕ ਅਪਰਾਧਿਕ ਮਾਨਹਾਨੀ ਦੇ ਮਾਮਲੇ ਵਿੱਚ ਆਈ ਸੀ। ਭਾਰਤ ਉਨ੍ਹਾਂ ਦੇਸ਼ਾਂ ਵਿੱਚੋਂ ਇੱਕ ਹੈ, ਜਿੱਥੇ ਮਾਨਹਾਨੀ ਨੂੰ ਕਾਨੂੰਨੀ ਤੌਰ 'ਤੇ ਅਪਰਾਧ ਮੰਨਿਆ ਜਾਂਦਾ ਹੈ। ਹਾਲਾਂਕਿ, ਕੁਝ ਹੋਰ ਦੇਸ਼ਾਂ ਵਿੱਚ ਇਹ ਸਿਰਫ਼ ਇੱਕ ਸਿਵਲ ਵਿਵਾਦ ਹੈ, ਜਿਸ ਨਾਲ ਮੁਆਵਜ਼ਾ ਮਿਲਦਾ ਹੈ। ਭਾਰਤ ਵਿੱਚ ਇਸ ਕਾਨੂੰਨ ਦਾ ਪ੍ਰਭਾਵ ਅਕਸਰ ਇਸ ਤੱਥ ਵਿੱਚ ਦੇਖਿਆ ਜਾਂਦਾ ਹੈ ਕਿ ਜਦੋਂ ਰਾਜਨੀਤਿਕ ਸੰਦਰਭ ਵਿੱਚ ਦੋ ਧਿਰਾਂ ਵਿਚਕਾਰ ਦੋਸ਼ ਅਤੇ ਜਵਾਬੀ ਦੋਸ਼ ਲਗਾਏ ਜਾਂਦੇ ਹਨ ਤਾਂ ਇੱਕ ਧਿਰ ਆਪਣੇ ਵਿਰੁੱਧ ਕਾਨੂੰਨੀ ਕਾਰਵਾਈ ਦੀ ਮੰਗ ਕਰਦੀ ਹੈ, ਇਹ ਦਾਅਵਾ ਕਰਦੀ ਹੈ ਕਿ ਦੋਸ਼ ਅਪਰਾਧਿਕ ਮਾਨਹਾਨੀ ਹਨ। ਜਦੋਂ ਕਿ ਕੁਝ ਮਾਮਲੇ ਹੋ ਸਕਦੇ ਹਨ, ਜਿੱਥੇ ਕਿਸੇ ਵਿਅਕਤੀ ਦੀ ਸਾਖ ਨੂੰ ਨੁਕਸਾਨ ਪਹੁੰਚਾਉਣ ਦੀ ਜਾਣਬੁੱਝ ਕੇ ਕੋਸ਼ਿਸ਼ ਕੀਤੀ ਗਈ ਸੀ, ਜ਼ਿਆਦਾਤਰ ਮਾਮਲਿਆਂ ਵਿੱਚ ਦੋਸ਼ੀ ਵਿਅਕਤੀ ਵਿਰੁੱਧ ਸ਼ਿਕਾਇਤ ਦਾ ਕੋਈ ਮਜ਼ਬੂਤ ਆਧਾਰ ਨਹੀਂ ਹੁੰਦਾ। ਇਸ ਦੇ ਨਾਲ ਹੀ ਇਸ ਕਾਨੂੰਨ ਤਹਿਤ ਦਰਜ ਮਾਮਲੇ ਆਮ ਹਨ, ਜਿਨ੍ਹਾਂ ਵਿੱਚ ਅਕਸਰ ਸੁਤੰਤਰ ਆਵਾਜ਼ਾਂ ਨੂੰ ਦਬਾਉਣ ਦੀ ਗੱਲ ਸ਼ਾਮਲ ਹੁੰਦੀ ਹੈ। ਸ਼ਾਇਦ ਇਸੇ ਲਈ ਸੁਪਰੀਮ ਕੋਰਟ ਨੇ ਇਸ ਕਾਨੂੰਨ ਨੂੰ ਪਰਖ ਲਈ ਰੱਖਿਆ ਹੈ। ਇਹ ਧਿਆਨ ਦੇਣਯੋਗ ਹੈ ਕਿ ਇਸ ਤੋਂ ਪਹਿਲਾਂ 2016 ਵਿੱਚ ਸੁਪਰੀਮ ਕੋਰਟ ਨੇ ਇੱਕ ਮਾਮਲੇ ਵਿੱਚ ਅਪਰਾਧਿਕ ਮਾਨਹਾਨੀ ਕਾਨੂੰਨ ਦੀ ਸੰਵਿਧਾਨਕ ਵੈਧਤਾ ਨੂੰ ਬਰਕਰਾਰ ਰੱਖਿਆ ਸੀ। ਮਾਨਹਾਨੀ ਨੂੰ ਅਪਰਾਧਿਕ ਸ਼੍ਰੇਣੀ ਵਿੱਚੋਂ ਹਟਾਉਣ ਦੇ ਉਸੇ ਅਦਾਲਤ ਦੇ ਫੈਸਲੇ ਦੇ ਆਪਣੇ ਗੁਣ ਹਨ। ਇਹ ਕੋਈ ਭੇਤ ਨਹੀਂ ਹੈ ਕਿ ਇਸ ਕਾਨੂੰਨ ਦੀ ਵਰਤੋਂ ਪੱਤਰਕਾਰਾਂ, ਸਮਾਜਿਕ ਕਾਰਕੁੰਨਾਂ ਅਤੇ ਰਾਜਨੀਤਿਕ ਵਿਰੋਧੀਆਂ ਦੀਆਂ ਆਵਾਜ਼ਾਂ ਨੂੰ ਦਬਾਉਣ ਲਈ ਕੀਤੀ ਜਾਂਦੀ ਹੈ। ਕਈ ਵਾਰ ਤੱਥਾਂ 'ਤੇ ਅਧਾਰਤ ਜਾਂ ਬਹਿਸ ਛੇੜਨ ਵਾਲੀਆਂ ਟਿੱਪਣੀਆਂ ਨੂੰ ਵੀ ਮਾਨਹਾਨੀ ਕਿਹਾ ਜਾਂਦਾ ਹੈ। ਇਹ ਸੰਭਵ ਹੈ ਕਿ ਕੋਈ ਵਿਅਕਤੀ ਕਿਸੇ ਖਾਸ ਬਿਆਨ ਜਾਂ ਖ਼ਬਰ ਨੂੰ ਆਪਣੀ ਸਾਖ ਲਈ ਨੁਕਸਾਨਦੇਹ ਸਮਝੇ, ਪਰ ਜੇਕਰ ਉਹ ਬਿਆਨ ਜਾਂ ਖ਼ਬਰ ਵਿਆਪਕ ਜਨਤਕ ਹਿੱਤਾਂ ਦੇ ਮੁੱਦਿਆਂ ਨਾਲ ਸਬੰਧਤ ਹੈ ਤਾਂ ਇਸ 'ਤੇ ਵਿਚਾਰ ਕਰਨ ਅਤੇ ਅਸਲ ਦ੍ਰਿਸ਼ਟੀਕੋਣ ਨੂੰ ਉਜਾਗਰ ਕਰਨ ਨਾਲ ਦੇਸ਼ ਦੀਆਂ ਲੋਕਤੰਤਰੀ ਜੜ੍ਹਾਂ ਹੀ ਮਜ਼ਬੂਤ ਹੋਣਗੀਆਂ।

–ਜਗਜੀਤ ਸਿੰਘ ਦਰਦੀ

# ਲੇਹ, ਲਦਾਖ ਵਿੱਚ ਲੋਕ ਪ੍ਰਦਰਸ਼ਨ ਤੇ ਅੱਗਜ਼ਨੀ ਦੀਆਂ ਘਟਨਾਵਾਂ ਚਿੰਤਾਜਨਕ



ਪ੍ਰੋ. ਡਾ. ਕ੍ਰਿਸ਼ਨ ਕੁਮਾਰ ਰੱਤੂ
ਮੋ: 9478730156
ਉੱਘੇ ਲੇਖਕ ਤੇ ਮੀਡੀਆ ਵਿਸ਼ਲੇਸ਼ਕ

ਦੁਨੀਆਂ ਦੀ ਛੱਤ ਕਹੇ ਜਾਣ ਵਾਲੇ ਲਦਾਖ ਵਿਚ ਹੋ ਰਹੇ ਪ੍ਰਦਰਸ਼ਨ ਭਾਰਤ ਸਰਕਾਰ ਲਈ ਚਿੰਤਾ ਦਾ ਸਬੱਬ ਹਨ। ਲੇਹ ਵਰਗੇ ਸੰਵੇਦਨਸ਼ੀਲ ਸ਼ਹਿਰ ਵਿੱਚ ਸਰਕਾਰ ਦੇ ਵਿਰੁੱਧ ਪ੍ਰਦਰਸ਼ਨ ਹੋਣਾ ਅਸਲ ਵਿੱਚ ਖ਼ਤਰੇ ਦੀ ਨਵੀਂ ਘੰਟੀ ਨੂੰ ਦਰਸਾਉਂਦਾ ਹੈ ਤੇ ਇਹ ਘਟਨਾਵਾਂ ਹੁਣ ਪੂਰੇ ਦੇਸ਼ ਲਈ ਚਿੰਤਾ ਦਾ ਸਬੱਬ ਚਿੰਤਾ ਦਾ ਵਿਸ਼ਾ ਬਣ ਰਹੀਆਂ ਹਨ । ਕੱਲ ਜਿਸ ਤਰ੍ਹਾਂ ਲੇਹ ਦੀਆਂ ਸੜਕਾਂ 'ਤੇ ਤੋੜਫੋੜ ਹੋਈ, ਉਸਨੇ ਉੱਥੇ ਦੇ ਲੋਕ ਜੋ ਅਕਸਰ ਸ਼ਾਂਤ ਰਹਿੰਦੇ ਹਨ, ਪਰੰਤੂ ਹੁਣ ਜਿਸ ਤਰ੍ਹਾਂ ਦਾ ਅੱਗਜਨੀ ਦਾ ਤੇ ਤੋੜਫੋੜ ਦਾ ਪ੍ਰਦਰਸ਼ਨ ਹੋਇਆ ਹੈ, ਉਸ ਦੀ ਉਮੀਦ ਕਿਸੇ ਨੂੰ ਵੀ ਨਹੀਂ ਸੀ।

ਲਦਾਖ, ਜਿਸ ਨੂੰ ਉੱਚੇ ਦਰਿਆਂ ਦੀ ਧਰਤੀ ਵੀ ਕਿਹਾ ਜਾਂਦਾ ਹੈ, ਭਾਰਤ ਦਾ ਇੱਕ ਅਜਿਹਾ ਕੇਂਦਰ ਸ਼ਾਸਤ ਪ੍ਰਦੇਸ਼ ਹੈ ਜੋ ਨਾ ਸਿਰਫ਼ ਆਪਣੀ ਕੁਦਰਤੀ ਸੁੰਦਰਤਾ ਅਤੇ ਸਭਿਆਚਾਰਕ ਵਿਭਿੰਨਤਾ ਲਈ ਜਾਣਿਆ ਜਾਂਦਾ ਹੈ, ਸਗੋਂ ਆਪਣੀ ਭੂ-ਰਾਜਨੀਤਿਕ ਸੰਵੇਦਨਸ਼ੀਲਤਾ ਕਰਕੇ ਵੀ ਚਰਚਾ ਵਿੱਚ ਰਹਿੰਦਾ ਹੈ। ਪਾਕਿਸਤਾਨ ਅਤੇ ਚੀਨ ਨਾਲ ਲੱਗਦੀ ਸਰਹੱਦ, ਸਿਆਚਿਨ ਗਲੇਸ਼ੀਅਰ ਅਤੇ ਅਕਸਾਈ ਚਿਨ ਵਰਗੇ ਵਿਵਾਦਿਤ ਖੇਤਰਾਂ ਦੀ ਨੇੜਤਾ ਅਤੇ ਇਸ ਦੀ ਬਹੁ-ਜਾਤੀਆਂ ਅਤੇ ਬਹੁ-ਸਭਿਆਚਾਰਕ ਪਹਿਚਾਣ ਨੇ ਲਦਾਖ ਨੂੰ ਰਾਜਨੀਤਿਕ ਅਤੇ ਸੁਰੱਖਿਆ ਦੀ ਦ੍ਰਿਸ਼ਟੀ ਤੋਂ ਅਤਿ ਮਹੱਤਵਪੂਰਨ ਬਣਾਇਆ ਹੈ।

ਕੱਲ੍ਹ ਹਾਲ ਹੀ ਵਿੱਚ, 24 ਸਤੰਬਰ 2025 ਨੂੰ ਲੇਹ ਵਿੱਚ ਸੰਵਿਧਾਨ ਦੀ ਛੇਵੀਂ ਅਨੁਸੂਚੀ ਵਿੱਚ ਸ਼ਾਮਲ ਕਰਨ ਅਤੇ ਪੂਰਨ ਰਾਜ ਦਾ ਦਰਜਾ ਦੇਣ ਦੀ ਮੰਗ ਨੂੰ ਲੈ ਕੇ ਸੋਨਮ ਵਾਂਗਚੁਕ ਦੀ ਅਗਵਾਈ ਵਿੱਚ ਵਿਦਿਆਰਥੀਆਂ ਅਤੇ ਸਥਾਨਕ ਲੋਕਾਂ ਦੁਆਰਾ ਇੱਕ ਵੱਡਾ ਪ੍ਰਦਰਸ਼ਨ ਹੋਇਆ। ਇਸ ਪ੍ਰਦਰਸ਼ਨ ਦੌਰਾਨ ਹਿੰਸਕ ਘਟਨਾਵਾਂ ਵੀ ਵਾਪਰੀਆਂ, ਜਿਸ ਵਿੱਚ ਪੁਲਿਸ ਦੀਆਂ ਗੱਡੀਆਂ ਅਤੇ ਭਾਜਪਾ ਦਫਤਰ ਨੂੰ ਅੱਗ ਲਗਾਉਣ ਦੀਆਂ ਖਬਰਾਂ ਸਾਹਮਣੇ ਆਈਆਂ। ਇਹ ਘਟਨਾ ਨਾ ਸਿਰਫ਼ ਲੱਦਾਖ ਦੀ ਸਥਾਨਕ ਰਾਜਨੀਤੀ ਨੂੰ ਪ੍ਰਭਾਵਿਤ ਕਰਦੀ ਹੈ, ਸਗੋਂ ਇਸ ਦੇ ਦੂਰਗਾਮੀ ਪ੍ਰਭਾਵ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਵੀ ਦਿਖਾਈ ਦੇ ਸਕਦੇ ਹਨ।

ਇਸ ਮੌਕੇ ਲੱਦਾਖ ਦੀ ਸੰਵੇਦਨਸ਼ੀਲਤਾ, ਸਥਾਨਕ ਲੋਕਾਂ ਦੀਆਂ ਮੰਗਾਂ, ਕੇਂਦਰ ਸਰਕਾਰ ਦੇ ਰਵੱਈਏ ਅਤੇ ਇਸ ਵਿਦਰੋਹ ਦੇ ਸੰਭਾਵਿਤ ਰਾਜਨੀਤਿਕ ਅਤੇ ਸੁਰੱਖਿਆ ਸਬੰਧੀ ਪ੍ਰਭਾਵਾਂ ਦਾ ਵਿਸਤਾਰ ਨਾਲ ਵਿਸ਼ਲੇਸ਼ਣ ਕਰਦਿਆਂ ਨਾਲ ਹੀ, ਅਸੀਂ ਇਸ ਗੱਲ 'ਤੇ ਵੀ ਵਿਚਾਰ ਕਰਾਂਗੇ ਕਿ ਕੀ ਇਹ ਪ੍ਰਦਰਸ਼ਨ ਭਾਰਤ-ਵਿਰੋਧੀ ਤਾਕਤਾਂ ਜਾਂ ਜੈਨ ਜੀ ਵੀ (Gen Z) ਦੀ ਸੰਭਾਵਿਤ ਸ਼ਮੂਲੀਅਤ ਦਾ ਸੰਕੇਤ ਹਨ ਅਤੇ ਭਵਿੱਖ ਵਿੱਚ ਲੱਦਾਖ ਦੀ ਰਾਜਨੀਤੀ ਕਿਸ ਦਿਸ਼ਾ ਵਿੱਚ ਜਾ ਸਕਦੀ ਹੈ।

ਅੱਜ ਲੱਦਾਖ ਦੀ ਸੰਵੇਦਨਸ਼ੀਲਤਾ ਤੇ ਭੂ-ਰਾਜਨੀਤਕ ਅਤੇ ਸਭਿਆਚਾਰਕ ਪਿਛੋਕੜ ਬਾਰੇ ਚਰਚਾ ਜ਼ਰੂਰੀ ਹੈ ਕਿ ਲੱਦਾਖ, ਜੋ 31 ਅਕਤੂਬਰ 2019 ਨੂੰ ਜੰਮੂ ਅਤੇ ਕਸ਼ਮੀਰ ਪੁਨਰਗਠਨ ਐਕਟ, 2019 ਦੇ ਤਹਿਤ ਇੱਕ ਵੱਖਰਾ ਕੇਂਦਰ ਸ਼ਾਸਤ ਪ੍ਰਦੇਸ਼ ਬਣਿਆ, ਭਾਰਤ ਦੀ ਸੁਰੱਖਿਆ ਅਤੇ ਰਣਨੀਤੀ ਦੇ ਦ੍ਰਿਸ਼ਟੀਕੋਣ ਤੋਂ ਅਤਿਅੰਤ ਮਹੱਤਵਪੂਰਨ ਹੈ। ਇਹ ਖੇਤਰ ਪੂਰਬ ਵਿੱਚ ਤਿੱਬਤ ਸਵੈ-ਸ਼ਾਸਤ ਖੇਤਰ, ਦੱਖਣ ਵਿੱਚ ਹਿਮਾਚਲ ਪ੍ਰਦੇਸ਼, ਪੱਛਮ ਵਿੱਚ ਪਾਕਿਸਤਾਨ ਦੁਆਰਾ ਪ੍ਰਸ਼ਾਸਿਤ ਗਿਲਗਿਤ-ਬਾਲਟਿਸਤਾਨ ਅਤੇ ਉੱਤਰ ਵਿੱਚ ਸ਼ਿਨਜਿਆਂਗ ਨਾਲ ਘਿਰਿਆ ਹੋਇਆ ਹੈ। ਸਿਆਚਿਨ ਗਲੇਸ਼ੀਅਰ ਅਤੇ ਅਕਸਾਈ ਚਿਨ ਵਰਗੇ ਖੇਤਰ, ਜੋ ਕ੍ਰਮਵਾਰ ਭਾਰਤ-ਪਾਕਿਸਤਾਨ ਅਤੇ ਭਾਰਤ-ਚੀਨ ਵਿਵਾਦਾਂ ਦੇ ਕੇਂਦਰ ਵਿੱਚ ਹਨ, ਲੱਦਾਖ ਨੂੰ ਰਾਸ਼ਟਰੀ ਸੁਰੱਖਿਆ ਦੇ ਨਜ਼ਰੀਏ ਤੋਂ ਸੰਵੇਦਨਸ਼ੀਲ ਬਣਾਉਂਦੇ ਹਨ।

ਇਸ ਦੇ ਨਾਲ ਹੀ, ਲੱਦਾਖ ਦੀ ਸਭਿਆਚਾਰਕ ਅਤੇ ਨਸਲੀ ਵਿਭਿੰਨਤਾ ਵੀ ਇਸ ਨੂੰ ਵਿਲੱਖਣ ਬਣਾਉਂਦੀ ਹੈ। ਇੱਥੇ ਬੋਧੀ, ਮੁਸਲਿਮ, ਅਤੇ ਹਿੰਦੂ ਆਬਾਦੀ ਦਾ ਮਿਸ਼ਰਣ ਹੈ, ਜਿਸ ਵਿੱਚ ਮੋਨ ਅਤੇ ਦਰਦ ਜਾਤੀਆਂ ਦੀਆਂ ਹਿੰਦ-ਆਰੀਆਈ ਅਬਾਦੀਆਂ ਦੀ ਪੁਰਾਤਨ ਪਹਿਚਾਣ ਸ਼ਾਮਲ ਹੈ। ਇਤਿਹਾਸਕ ਤੌਰ 'ਤੇ ਲੱਦਾਖ ਕੁਸ਼ਨ ਸਾਮਰਾਜ ਦਾ ਹਿੱਸਾ ਰਿਹਾ ਅਤੇ ਦੂਜੀ ਸਦੀ ਵਿੱਚ ਬੁੱਧ ਧਰਮ ਦੇ ਫੈਲਣ ਨੇ ਇਸ ਦੀ ਸੱਭਿਆਚਾਰਕ ਪਹਿਚਾਣ ਨੂੰ ਮਜ਼ਬੂਤ ਕੀਤਾ। ਅਜਿਹੀ ਵਿਭਿੰਨਤਾ ਅਤੇ ਸੰਵੇਦਨਸ਼ੀਲਤਾ ਦੇ ਬਾਵਜੂਦ, ਲੱਦਾਖ ਦੀਆਂ ਸਥਾਨਕ ਜਨਤਕ ਮੰਗਾਂ ਅਕਸਰ ਰਾਜਨੀਤਿਕ ਅਤੇ ਪ੍ਰਸ਼ਾਸਨਿਕ ਢਾਂਚਿਆਂ ਵਿੱਚ ਅਣਸੁਣੀਆਂ ਰਹਿ ਜਾਂਦੀਆਂ ਹਨ, ਜਿਸ ਦਾ ਸਿੱਟਾ ਹਾਲੀਆ ਪ੍ਰਦਰਸ਼ਨਾਂ ਵਰਗੀਆਂ ਘਟਨਾਵਾਂ ਵਿੱਚ ਦਿਖਾਈ ਦਿੰਦਾ ਹੈ। ਇਸ ਪ੍ਰਦਰਸ਼ਨ ਅਤੇ ਸੋਨਮ ਵਾਂਗਚੁਕ ਦੀ ਅਗਵਾਈ ਵਿੱਚ 24 ਸਤੰਬਰ 2025 ਨੂੰ ਲੇਹ ਵਿੱਚ ਹੋਏ ਪ੍ਰਦਰਸ਼ਨ ਦਾ ਮੁੱਖ ਮੁੱਦਾ ਸੰਵਿਧਾਨ ਦੀ ਛੇਵੀਂ ਅਨੁਸੂਚੀ ਵਿੱਚ ਲੱਦਾਖ ਨੂੰ ਸ਼ਾਮਲ ਕਰਨ ਅਤੇ ਇਸ ਨੂੰ ਪੂਰਨ ਰਾਜ ਦਾ ਦਰਜਾ ਦੇਣ ਦੀ ਮੰਗ ਸੀ। ਸੋਨਮ ਵਾਂਗਚੁਕ, ਜੋ ਇੱਕ ਪ੍ਰਸਿੱਧ ਸਮਾਜਿਕ ਅਤੇ ਜਲਵਾਯੂ ਕਾਰਕੁੰਨ ਹਨ, ਨੇ ਇਸ ਅੰਦੋਲਨ ਦੀ ਅਗਵਾਈ ਕੀਤੀ। ਵਾਂਗਚੁਕ, ਜਿਨ੍ਹਾਂ ਨੂੰ 2018 ਵਿੱਚ ਰੈਮਨ ਮੈਗਸੇਸੇ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ ਸੀ, ਨੇ ਆਪਣੀ ਭੁੱਖ ਹੜਤਾਲ ਅਤੇ ਨਵੀਂ ਦਿੱਲੀ ਤੱਕ ਦੀ ਪਦਯਾਤਰਾ ਨਾਲ ਇਸ ਮੁੱਦੇ ਨੂੰ ਰਾਸ਼ਟਰੀ ਪੱਧਰ 'ਤੇ ਉਜਾਗਰ ਕੀਤਾ। ਉਨ੍ਹਾਂ ਦੀ ਅਗਵਾਈ ਵਿੱਚ ਲੱਦਾਖ ਦੀ ਏਪੇਕਸ ਬਾਡੀ ਨੇ ਇਹ ਮੰਗ ਉਠਾਈ ਕਿ ਲੱਦਾਖ ਨੂੰ ਸੰਵਿਧਾਨ ਦੀ ਛੇਵੀਂ ਅਨੁਸੂਚੀ ਅਧੀਨ ਆਦਿਵਾਸੀ ਖੇਤਰ ਵਜੋਂ ਮਾਨਤਾ ਦਿੱਤੀ ਜਾਵੇ, ਜਿਸ ਨਾਲ ਸਥਾਨਕ ਲੋਕਾਂ ਨੂੰ ਸਵੈ-ਸ਼ਾਸਨ, ਸੱਭਿਆਚਾਰਕ ਸੁਰੱਖਿਆ ਅਤੇ ਜ਼ਮੀਨੀ ਅਧਿਕਾਰ ਮਿਲ ਸਕਣ। ਹੁਣ ਛੇਵੀਂ ਅਨੁਸੂਚੀ ਜੋ ਸੰਵਿਧਾਨ ਦੇ ਅਨੁਛੇਦ 244(2) ਅਤੇ 275(1) ਅਧੀਨ ਆਦਿਵਾਸੀ ਖੇਤਰਾਂ ਦੇ ਪ੍ਰਸ਼ਾਸਨ ਲਈ ਵਿਸ਼ੇਸ਼ ਵਿਵਸਥਾਵਾਂ ਪ੍ਰਦਾਨ ਕਰਦੀ ਹੈ, ਦੇ ਤਹਿਤ ਲੱਦਾਖ ਨੂੰ ਸ਼ਾਮਲ ਕਰਨ ਨਾਲ ਸਥਾਨਕ ਲੋਕਾਂ ਨੂੰ ਆਪਣੀ ਜ਼ਮੀਨ, ਸੱਭਿਆਚਾਰ ਅਤੇ ਵਾਤਾਵਰਣ ਦੀ ਸੁਰੱਖਿਆ ਲਈ ਵਧੇਰੇ ਅਧਿਕਾਰ ਮਿਲ ਸਕਦੇ ਹਨ। ਇਸ ਮੰਗ ਦਾ ਸਿੱਧਾ ਸਬੰਧ ਲੱਦਾਖ ਦੀ ਵਿਲੱਖਣ ਸਭਿਆਚਾਰਕ ਅਤੇ ਵਾਤਾਵਰਣਕ ਪਹਿਚਾਣ ਨੂੰ ਸੁਰੱਖਿਅਤ ਰੱਖਣ ਨਾਲ ਹੈ, ਜੋ ਬਾਹਰੀ ਉਦਯੋਗਿਕ ਅਤੇ ਵਪਾਰਕ ਦਖਲਅੰਦਾਜ਼ੀ ਕਰਕੇ ਖ਼ਤਰੇ ਵਿੱਚ ਹੈ। ਇਸ ਪ੍ਰਦਰਸ਼ਨ ਦੌਰਾਨ ਹਿੰਸਕ ਘਟਨਾਵਾਂ, ਜਿਵੇਂ ਕਿ ਭਾਜਪਾ ਦਫਤਰ ਅਤੇ ਸੀਆਰਪੀਐਫ ਦੀਆਂ ਗੱਡੀਆਂ ਨੂੰ ਅੱਗ ਲਗਾਉਣਾ, ਨੇ ਸਥਿਤੀ ਨੂੰ ਤਣਾਅਪੂਰਨ ਬਣਾ ਦਿੱਤਾ। ਇਹ ਘਟਨਾਵਾਂ ਸਥਾਨਕ ਲੋਕਾਂ ਦੀ ਨਿਰਾਸ਼ਤਾ ਅਤੇ ਸਰਕਾਰ ਦੀ ਉਦਾਸੀਨਤਾ ਦਾ ਸੰਕੇਤ ਹਨ। ਵਿਦਿਆਰਥੀਆਂ ਅਤੇ ਨੌਜਵਾਨਾਂ (ਖਾਸਕਰ ਜੈਨ ਜੀ ਵੀ) ਦੀ ਵੱਡੀ ਸ਼ਮੂਲੀਅਤ ਨੇ ਇਸ ਅੰਦੋਲਨ ਨੂੰ ਇੱਕ ਨਵਾਂ ਮੋੜ ਦਿੱਤਾ, ਜਿਸ ਨੇ ਸਰਕਾਰ ਅਤੇ ਸੁਰੱਖਿਆ ਏਜੰਸੀਆਂ ਦੀਆਂ ਚਿੰਤਾਵਾਂ ਨੂੰ ਵਧਾ ਦਿੱਤਾ। ਉਧਰ ਕੇਂਦਰ ਸਰਕਾਰ ਦਾ ਰਵੱਈਆ ਹੈ ਕਿ ਕੇਂਦਰ ਸਰਕਾਰ ਨੇ ਲੱਦਾਖ ਦੀਆਂ ਮੰਗਾਂ ਨੂੰ ਲੈ ਕੇ ਨਰਮ ਰਵੱਈਆ ਅਪਣਾਇਆ ਹੈ, ਪਰ ਸਥਾਨਕ ਲੋਕਾਂ ਦਾ ਮੰਨਣਾ ਹੈ ਕਿ ਸਰਕਾਰ ਦੀਆਂ ਕੋਸ਼ਿਸ਼ਾਂ ਸਿਰਫ਼ ਸਤਹੀ ਹਨ। 5 ਅਗਸਤ 2019 ਨੂੰ ਧਾਰਾ 370 ਅਤੇ 351 ਨੂੰ ਰੱਦ ਕਰਨ ਅਤੇ ਜੰਮੂ-ਕਸ਼ਮੀਰ ਨੂੰ ਦੋ ਕੇਂਦਰ ਸ਼ਾਸਤ ਪ੍ਰਦੇਸ਼ਾਂ ਵਿੱਚ ਵੰਡਣ ਦੇ ਫੈਸਲੇ ਨੇ ਲੱਦਾਖ ਦੇ ਲੋਕਾਂ ਵਿੱਚ ਸ਼ੁਰੂਆਤੀ ਖੁਸ਼ੀ ਪੈਦਾ ਕੀਤੀ ਸੀ, ਕਿਉਂਕਿ ਉਨ੍ਹਾਂ ਨੂੰ ਲੱਗਿਆ ਕਿ ਵੱਖਰਾ ਕੇਂਦਰ ਸ਼ਾਸਤ ਪ੍ਰਦੇਸ਼ ਬਣਨ ਨਾਲ ਉਨ੍ਹਾਂ ਦੀਆਂ ਮੰਗਾਂ ਪੂਰੀਆਂ ਹੋਣਗੀਆਂ। ਪਰ, ਕੇਂਦਰ ਸ਼ਾਸਤ ਪ੍ਰਦੇਸ਼ ਦੇ ਰੂਪ ਵਿੱਚ ਲੱਦਾਖ ਨੂੰ ਵਿਧਾਨ ਸਭਾ ਨਾ ਦਿੱਤੇ ਜਾਣ ਅਤੇ ਸਥਾਨਕ ਅਧਿਕਾਰਾਂ ਦੀ ਕਮੀ ਨੇ ਲੋਕਾਂ ਵਿੱਚ ਨਿਰਾਸ਼ਤਾ ਵਧਾਈ। ਸਰਕਾਰ ਦੀ ਨਰਮੀ ਦਾ ਰਵੱਈਆ, ਜਿਵੇਂ ਕਿ ਵਾਰਤਾਲਾਪ ਦੀ ਪੇਸ਼ਕਸ਼ ਅਤੇ ਵਿਕਾਸ ਪ੍ਰੋਜੈਕਟਾਂ ਦੀ ਗੱਲ ਨੇ ਸਥਾਨਕ ਲੋਕਾਂ ਦੀਆਂ ਮੁੱਖ ਮੰਗਾਂ—ਛੇਵੀਂ ਅਨੁਸੂਚੀ ਅਤੇ ਪੂਰਨ ਰਾਜ ਦਾ ਦਰਜਾ—ਨੂੰ ਹੱਲ ਨਹੀਂ ਕੀਤਾ। ਸਥਾਨਕ ਲੋਕਾਂ ਦਾ ਮੰਨਣਾ ਹੈ ਕਿ ਸਰਕਾਰ ਦੀ ਉਦਾਸੀਨਤਾ ਅਤੇ ਦੇਰੀ ਨੀਤੀ ਨੇ ਹੀ ਇਸ ਹਿੰਸਕ ਪ੍ਰਦਰਸ਼ਨ ਨੂੰ ਜਨਮ ਦਿੱਤਾ। ਦੂਜੇ ਪਾਸੇ, ਸਰਕਾਰ ਅਤੇ ਸੁਰੱਖਿਆ ਏਜੰਸੀਆਂ ਨੂੰ ਚਿੰਤਾ ਹੈ ਕਿ ਅਜਿਹੀਆਂ ਘਟਨਾਵਾਂ ਵਿੱਚ ਵਿਦੇਸ਼ੀ ਸ਼ਕਤੀਆਂ, ਖਾਸਕਰ ਪਾਕਿਸਤਾਨ ਅਤੇ ਚੀਨ ਦੀ ਸ਼ਮੂਲੀਅਤ ਹੋ ਸਕਦੀ ਹੈ।

ਕੀ ਇਸ ਵਿੱਚ ਭਾਰਤ-ਵਿਰੋਧੀ ਤਾਕਤਾਂ ਅਤੇ ਜੈਨ ਜੀ ਵੀ ਦੀ ਭੂਮਿਕਾ ਹੈ। ਪ੍ਰਦਰਸ਼ਨ ਦੀ ਹਿੰਸਕ ਰੂਪ ਧਾਰਨ ਕਰਨ ਅਤੇ ਨੌਜਵਾਨਾਂ (ਜੈਨ ਜੀ ਵੀ) ਦੀ ਵੱਡੀ ਸ਼ਮੂਲੀਅਤ ਨੇ ਸਰਕਾਰ ਅਤੇ ਵਿਸ਼ਲੇਸ਼ਕਾਂ ਵਿੱਚ ਇਹ ਸਵਾਲ ਉਠਾਇਆ ਹੈ ਕਿ ਕੀ ਇਹ ਅੰਦੋਲਨ ਭਾਰਤ-ਵਿਰੋਧੀ ਤਾਕਤਾਂ ਦੁਆਰਾ ਪ੍ਰੇਰਿਤ ਹੈ। ਲੱਦਾਖ ਦੀ ਸਰਹੱਦੀ ਸਥਿਤੀ ਅਤੇ ਚੀਨ-ਪਾਕਿਸਤਾਨ ਨਾਲ ਚੱਲ ਰਹੇ ਭੂ-ਰਾਜਨੀਤਿਕ ਤਣਾਅ ਨੂੰ ਦੇਖਦੇ ਹੋਏ, ਅਜਿਹੀਆਂ ਸੰਭਾਵਨਾਵਾਂ ਨੂੰ ਪੂਰੀ ਤਰ੍ਹਾਂ ਨਕਾਰਿਆ ਨਹੀਂ ਜਾ ਸਕਦਾ। ਪਾਕਿਸਤਾਨ ਅਤੇ ਚੀਨ ਨੇ ਇਤਿਹਾਸਕ ਤੌਰ 'ਤੇ ਕਸ਼ਮੀਰ ਅਤੇ ਲੱਦਾਖ ਨੂੰ ਲੈ ਕੇ ਵਿਵਾਦ ਖੜ੍ਹੇ ਕੀਤੇ ਹਨ ਅਤੇ 1999 ਦੇ ਕਾਰਗਿੱਲ ਯੁੱਧ ਅਤੇ 2020 ਦੀ ਗਲਵਾਨ ਘਾਟੀ ਝੜਪ ਵਰਗੀਆਂ ਘਟਨਾਵਾਂ ਨੇ ਇਸ ਖੇਤਰ ਦੀ ਸੰਵੇਦਨਸ਼ੀਲਤਾ ਨੂੰ ਉਜਾਗਰ ਕੀਤਾ ਹੈ। ਪਰ, ਸਥਾਨਕ ਸੰਦਰਭ ਨੂੰ ਦੇਖਦੇ ਹੋਏ, ਇਹ ਪ੍ਰਦਰਸ਼ਨ ਜ਼ਿਆਦਾਤਰ ਸਥਾਨਕ ਮੰਗਾਂ ਅਤੇ ਨਿਰਾਸ਼ਤਾ ਦਾ ਨਤੀਜਾ ਜਾਪਦਾ ਹੈ। ਜੈਨ ਜੀ ਵੀ, ਜੋ ਨਵੀਂ ਪੀੜ੍ਹੀ ਦੀ ਨੁਮਾਇੰਦਗੀ ਕਰਦੀ ਹੈ, ਸੋਸ਼ਲ ਮੀਡੀਆ ਅਤੇ ਗਲੋਬਲ ਪ੍ਰਭਾਵਾਂ ਦੇ ਸੰਪਰਕ ਵਿੱਚ ਹੈ। ਉਨ੍ਹਾਂ ਦੀ ਸ਼ਮੂਲੀਅਤ ਨੂੰ ਸਿਰਫ਼ ਵਿਦੇਸ਼ੀ ਸ਼ਕਤੀਆਂ ਦੀ ਸਾਜ਼ਿਸ਼ ਵਜੋਂ ਦੇਖਣਾ ਅਤਿਕਥਨੀ ਹੋਵੇਗਾ। ਇਸ ਦੀ ਬਜਾਏ, ਇਹ ਨੌਜਵਾਨ ਸਥਾਨਕ ਸਭਿਆਚਾਰ, ਵਾਤਾਵਰਣ ਅਤੇ ਆਰਥਿਕ ਮੁੱਦਿਆਂ ਪ੍ਰਤੀ ਜਾਗਰੂਕ ਹਨ ਅਤੇ ਸਰਕਾਰ ਦੀਆਂ ਨੀਤੀਆਂ ਤੋਂ ਨਿਰਾਸ਼ ਹਨ।

ਹੁਣ ਭਵਿੱਖ ਦੀ ਰਾਜਨੀਤੀ ਅਤੇ ਸੰਭਾਵਿਤ ਪ੍ਰਭਾਵ ਇਹ ਵੀ ਹੈ ਕਿ ਲੱਦਾਖ ਵਿੱਚ ਇਸ ਪ੍ਰਦਰਸ਼ਨ ਦੇ ਰਾਜਨੀਤਿਕ ਪ੍ਰਭਾਵ ਬਹੁ-ਪਰਤੀ ਹਨ। ਪਹਿਲਾਂ, ਇਹ ਸਥਾਨਕ ਰਾਜਨੀਤੀ ਵਿੱਚ ਨਵੀਂ ਪੀੜ੍ਹੀ ਦੀ ਸਰਗਰਮੀ ਨੂੰ ਦਰਸਾਉਂਦਾ ਹੈ। ਜੈਨ ਜੀ ਵੀ ਦੀ ਸ਼ਮੂਲੀਅਤ ਨੇ ਸਥਾਨਕ ਅੰਦੋਲਨਾਂ ਨੂੰ ਇੱਕ ਨਵਾਂ ਜੋਸ਼ ਦਿੱਤਾ ਹੈ, ਜੋ ਸਰਕਾਰ ਲਈ ਚੁਣੌਤੀ ਵੀ ਹੈ ਅਤੇ ਮੌਕਾ ਵੀ। ਸਰਕਾਰ ਇਸ ਊਰਜਾ ਨੂੰ ਸਕਾਰਾਤਮਕ ਦਿਸ਼ਾ ਵਿੱਚ ਮੋੜ ਸਕਦੀ ਹੈ, ਜੇਕਰ ਉਹ ਸਥਾਨਕ ਮੰਗਾਂ ਨੂੰ ਗੰਭੀਰਤਾ ਨਾਲ ਸੰਬੋਧਿਤ ਕਰੇ।

ਦੂਜਾ, ਲੱਦਾਖ ਦੀ ਸੰਵੇਦਨਸ਼ੀਲ ਸਰਹੱਦੀ ਸਥਿਤੀ ਨੂੰ ਦੇਖਦੇ ਹੋਏ, ਅਜਿਹੀਆਂ ਘਟਨਾਵਾਂ ਰਾਸ਼ਟਰੀ ਸੁਰੱਖਿਆ ਲਈ ਚਿੰਤਾਜਨਕ ਹਨ। ਪਾਕਿਸਤਾਨ ਅਤੇ ਚੀਨ ਨਾਲ ਚੱਲ ਰਹੇ ਤਣਾਅ ਦੇ ਮੱਦੇਨਜ਼ਰ, ਸਰਕਾਰ ਨੂੰ ਸਥਾਨਕ ਅਸੰਤੋਸ਼ ਨੂੰ ਜਲਦੀ ਹੱਲ ਕਰਨ ਦੀ ਲੋੜ ਹੈ, ਤਾਂ ਜੋ ਵਿਦੇਸ਼ੀ ਸ਼ਕਤੀਆਂ ਇਸ ਦਾ ਫਾਇਦਾ ਨਾ ਉਠਾ ਸਕਣ।

ਤੀਜਾ, ਲੱਦਾਖ ਦੀ ਰਾਜਨੀਤੀ ਵਿੱਚ ਆਉਣ ਵਾਲੇ ਸਮੇਂ ਵਿੱਚ ਸਥਾਨਕ ਨੇਤਾਵਾਂ ਅਤੇ ਸਮਾਜਿਕ ਕਾਰਕੁੰਨਾਂ ਦੀ ਭੂਮਿਕਾ ਵਧੇਗੀ। ਸੋਨਮ ਵਾਂਗਚੁਕ ਵਰਗੇ ਨੇਤਾਵਾਂ ਦੀ ਪ੍ਰਸਿੱਧੀ ਨੌਜਵਾਨਾਂ ਵਿੱਚ ਵੱਧ ਰਹੀ ਹੈ ਅਤੇ ਇਹ ਸੰਭਵ ਹੈ ਕਿ ਭਵਿੱਖ ਵਿੱਚ ਲੱਦਾਖ ਦੀ ਰਾਜਨੀਤੀ ਵਧੇਰੇ ਸਥਾਨਕ-ਕੇਂਦਰਿਤ ਅਤੇ ਸਵੈ-ਸ਼ਾਸਨ ਦੀ ਮੰਗ 'ਤੇ ਅਧਾਰਿਤ ਹੋਵੇਗੀ । ਲੱਦਾਖ ਵਿੱਚ 24 ਸਤੰਬਰ 2025 ਦਾ ਪ੍ਰਦਰਸ਼ਨ ਸਥਾਨਕ ਲੋਕਾਂ ਦੀਆਂ ਜਾਇਜ਼ ਮੰਗਾਂ, ਸਰਕਾਰ ਦੀ ਉਦਾਸੀਨਤਾ ਅਤੇ ਭੂ-ਰਾਜਨੀਤਿਕ ਸੰਵੇਦਨਸ਼ੀਲਤਾ ਦਾ ਸੰਯੋਗ ਸੀ। ਸੰਵਿਧਾਨ ਦੀ ਛੇਵੀਂ ਅਨੁਸੂਚੀ ਅਤੇ ਪੂਰਨ ਰਾਜ ਦਾ ਦਰਜਾ ਮੰਗਣ ਵਾਲੇ ਇਸ ਅੰਦੋਲਨ ਨੂੰ ਸਿਰਫ਼ ਭਾਰਤ-ਵਿਰੋਧੀ ਸਾਜ਼ਿਸ਼ ਵਜੋਂ ਦੇਖਣਾ ਸਹੀ ਨਹੀਂ ਹੋਵੇਗਾ। ਇਹ ਪ੍ਰਦਰਸ਼ਨ ਸਥਾਨਕ ਲੋਕਾਂ ਦੀਆਂ ਸਭਿਆਚਾਰਕ, ਵਾਤਾਵਰਣਕ ਅਤੇ ਆਰਥਿਕ ਚਿੰਤਾਵਾਂ ਦਾ ਪ੍ਰਤੀਕ ਹੈ। ਸਰਕਾਰ ਨੂੰ ਇਸ ਨੂੰ ਗੰਭੀਰਤਾ ਨਾਲ ਲੈਂਦੇ ਹੋਏ ਸਥਾਨਕ ਲੋਕਾਂ ਨਾਲ ਸੰਵਾਦ ਸਥਾਪਤ ਕਰਨਾ ਚਾਹੀਦਾ। ਲੱਦਾਖ ਦੀ ਭਵਿੱਖ ਦੀ ਰਾਜਨੀਤੀ ਸਥਾਨਕ ਅਧਿਕਾਰਾਂ, ਵਿਕਾਸ, ਅਤੇ ਸੁਰੱਖਿਆ ਦੇ ਸੰਤੁਲਨ 'ਤੇ ਨਿਰਭਰ ਕਰੇਗੀ।

# ਸੁਖਬੀਰ ਸਿੰਘ ਬਾਦਲ ਸਿਆਸਤ 'ਚ ਪੱਕੇ ਪੈਰੀਂ ਹੋਏ

ਕਮਲਜੀਤ ਸਿੰਘ ਬਨਵੈਤ
98147 34035



ਸ਼੍ਰੋਮਣੀ ਅਕਾਲੀ ਦਲ ਪੰਜਾਬ ਦੀ ਸਿਆਸਤ ਵਿੱਚ ਹਾਸ਼ੀਏ ਤੋਂ ਬਾਹਰ ਚਲਿਆ ਆ ਰਿਹਾ ਹੈ। ਸ਼੍ਰੋਮਣੀ ਅਕਾਲੀ ਦਲ ਤੋਂ ਆਪਣੇ ਪੈਰਾਂ ਹੇਠਾਂ ਤੋਂ ਖਿਸਕੀ ਜ਼ਮੀਨ ਮੁੜ ਤੋਂ ਇਕੱਠੀ ਕਰਨ ਵਿੱਚ ਕਈ ਅੜਚਨਾਂ ਆ ਰਹੀਆਂ ਹਨ। ਅਸਲ ਵਿੱਚ ਸ਼੍ਰੋਮਣੀ ਅਕਾਲੀ ਦਲ ਵਿਸ਼ੇਸ਼ ਕਰਕੇ ਬਾਦਲ ਪਰਿਵਾਰ ਵੱਲੋਂ ਆਪਣੇ ਰਾਹ ਵਿੱਚ ਖਿਲਾਰੇ ਕੰਡੇ ਚੁਗਣੇ ਔਖੇ ਹੋ ਰਹੇ ਹਨ। ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਦੇ ਦਸ ਸਾਲਾਂ ਦੇ ਕਾਰਜਕਾਲ ਦੌਰਾਨ ਡੇਰਾ ਰਾਮ ਰਹੀਮ ਨੂੰ ਮੁਆਫ਼ੀ ਦੇਣ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੇ ਦਰਦ ਤੋਂ ਲੈ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਬੇਮੁੱਖ ਹੋਣ ਦੇ ਕੀਤੇ ਗੁਨਾਹਾਂ ਨੂੰ ਲੋਕਾਂ ਵਾਸਤੇ ਭੁੱਲਣਾ ਔਖਾ ਹੋ ਰਿਹਾ ਹੈ। ਕੌੜਾ ਸੱਚ ਤਾਂ ਇਹ ਹੈ ਕਿ ਦੇਸ਼ ਵਿਦੇਸ਼ ਵਿੱਚ ਵਸਦੇ ਸਿੱਖ ਸੁਖਬੀਰ ਸਿੰਘ ਬਾਦਲ ਨੂੰ ਮੁਆਫ਼ ਕਰਨ ਦੇ ਰੌਂਅ ਵਿੱਚ ਨਹੀਂ ਹਨ। ਸ਼੍ਰੋਮਣੀ ਅਕਾਲੀ ਦਲ ਦੇ ਦੋ ਫਾੜ ਹੋਣਾ ਸੁਖਬੀਰ ਸਿੰਘ ਬਾਦਲ ਵਾਸਤੇ ਅਸਹਿ ਸੱਟ ਸੀ। ਜਿਹੜੀ ਕਿ ਉਸਨੇ ਵੱਡੇ ਜੇਰੇ ਨਾਲ ਸਹਿ ਲਈ ਹੈ

ਸੁਖਬੀਰ ਸਿੰਘ ਬਾਦਲ ਸ਼੍ਰੋਮਣੀ ਅਕਾਲੀ ਦਲ ਦੇ ਦੁਬਾਰਾ ਪ੍ਰਧਾਨ ਚੁਣੇ ਜਾਣ ਤੋਂ ਬਾਅਦ ਕੰਡੇ ਚੁਗਣ ਦੇ ਰਾਹ ਤੁਰੇ ਹਨ। ਉਹ ਨਿਮਰਤਾ ਦਾ ਪੱਲਾ ਫੜਨ ਲੱਗੇ ਹਨ। ਲੋਕਾਂ ਨਾਲ ਦੂਰੀਆਂ ਖ਼ਤਮ ਕਰਨ ਨਿਕਲੇ ਹਨ। ਉਹਨਾਂ ਨੇ ਹੜ੍ਹਾਂ ਦੌਰਾਨ ਜਿਸ ਤਰ੍ਹਾਂ ਪੀੜਤਾਂ ਦੀ ਬਾਂਹ ਫੜੀ ਹੈ ਉਸ ਨਾਲ ਉਹ ਲੋਕ ਦਿਲਾਂ ਦੇ ਨੇੜੇ ਹੋਏ ਹਨ। ਸੱਚ ਤਾਂ ਇਹ ਹੈ ਕਿ ਉਹਨਾਂ ਨੇ ਹੜ੍ਹਾਂ ਦੌਰਾਨ ਲੋਕਾਂ ਦੀ ਮਦਦ ਲਈ ਨਾ ਦਿਨ ਦੇਖਿਆ ਨਾ ਰਾਤ। ਬਸ ਲੋਕਾਂ ਦੇ ਦਰਦ ਚੁੱਗਦੇ ਰਹੇ। ਜਿਸ ਤਰ੍ਹਾਂ ਉਹਨਾਂ ਨੇ ਹੜ੍ਹਾਂ ਵਿੱਚ ਫਸੇ ਲੋਕਾਂ ਦੀ ਮਨ ਤੇ ਧਨ ਨਾਲ ਸੇਵਾ ਕੀਤੀ, ਉਸ ਨਾਲ ਉਹਨਾਂ ਦਾ ਸਿਆਸਤ ਵਿੱਚ ਕੱਦ ਵੱਡਾ ਹੋਇਆ ਹੈ। ਅਸੀਂ ਇਹ ਤਾਂ ਨਹੀਂ ਕਹਿ ਸਕਦੇ ਕਿ ਸ਼੍ਰੋਮਣੀ ਅਕਾਲੀ ਦਲ ਵਿਸ਼ੇਸ਼ ਕਰਕੇ ਬਾਦਲਕਿਆਂ ਵੱਲੋਂ ਲੋਕਾਂ ਨੂੰ ਦਿੱਤੇ ਜ਼ਖ਼ਮ ਭਰ ਗਏ ਹਨ ਪਰ ਹਾਂ ਹੌਲੀ ਹੌਲੀ ਖਰਿੰਡ ਜ਼ਰੂਰ ਆਉਣੇ ਸ਼ੁਰੂ ਹੋ ਗਏ ਹਨ। ਸੁਖਬੀਰ ਸਿੰਘ ਬਾਦਲ ਨੇ ਇਹੋ ਰਫ਼ਤਾਰ ਫੜੀ ਰੱਖੀ ਤਾਂ 2027 ਨੂੰ ਚੰਗੇ ਦਿਨਾਂ ਦੀ ਉਮੀਦ ਰੱਖਣੀ ਬਣਦੀ ਹੈ।

ਪੰਜਾਬ ਸਰਕਾਰ ਦੀ ਗੱਲ ਕਰੀਏ ਜਾਂ ਮੁੱਖ ਵਿਰੋਧੀ ਧਿਰ ਕਾਂਗਰਸ ਪਾਰਟੀ ਦੀ ਦੋਹਾਂ ਨੇ ਹੜ੍ਹਾਂ ਵੇਲੇ ਲੋਕਾਂ ਨੂੰ ਗਲੇ ਤਾਂ ਲਾਇਆ ਹੈ ਪਰ ਉਹਨਾਂ ਦੇ ਸੀਨੇ ਠੰਡ ਨਹੀਂ ਪਈ। ਕਾਂਗਰਸ ਨੇ ਕੰਮ ਘੱਟ ਅਤੇ ਸਿਆਸਤ ਜ਼ਿਆਦਾ ਕੀਤੀ ਹੈ। ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਲੋਕਾਂ ਦੀ ਨੇੜੇ ਹੋ ਕੇ ਬਾਂਹ ਨਾ ਫੜਨ ਦਾ ਪਛਤਾਵਾ ਹੋਣ ਲੱਗਾ ਹੈ। ਇਸੇ ਕਰਕੇ ਹੁਣ ਚੜ੍ਹਦੀਕਲਾ ਮਿਸ਼ਨ ਅਤੇ ਰੰਗਲਾ ਪੰਜਾਬ ਸੁਸਾਇਟੀ ਦਾ ਗਠਨ ਕਰਨ ਦੀ ਨੌਬਤ ਆਈ ਹੈ। ਸੁਖਬੀਰ ਸਿੰਘ ਬਾਦਲ ਨੇ ਹੜ੍ਹਾਂ ਵਿੱਚ ਫਸੇ ਲੋਕਾਂ ਨੂੰ ਨਗਦ, ਡੀਜ਼ਲ, ਚਾਰਾ ਅਤੇ ਹੋਰ ਲੋੜ ਦੀਆਂ ਵਸਤਾਂ ਦੇ ਕੇ ਦਿਲਾਂ ਨੂੰ ਜਿੱਤ ਲਿਆ ਹੈ। ਕੇਂਦਰ ਦੀ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਦੇ ਡੇਢ ਦਰਜਨ ਮੰਤਰੀ ਪੰਜਾਬ ਦੇ ਗੇੜੇ ਲਾ ਰਹੇ ਹਨ ਪਰ ਸੁੱਕੀ ਬਿਆਨਬਾਜ਼ੀ ਨਾਲ ਲੋਕਾਂ ਨੂੰ ਕੀ ਭਾਅ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ 1600 ਕਰੋੜ ਦਾ ਐਲਾਨ ਕਰ ਗਏ ਹਨ। ਲੋਕਾਂ ਦੇ ਚਿਹਰੇ ਖਿੜੇ ਨਹੀਂ । ਇਸ ਤੋਂ ਵੱਧ ਪੈਸਾ ਤਾਂ ਆਪਣਿਆਂ ਨੇ ਆਪਣਿਆਂ ਤੋਂ ਵਾਰ ਦਿੱਤਾ ਹੈ।

ਗੱਲ ਸੁਖਬੀਰ ਸਿੰਘ ਬਾਦਲ ਵੱਲੋਂ ਆਪਣੇ ਰਾਹ ਵਿੱਚ ਖਿੰਡਰੇ ਕੰਡੇ ਚੁਗਣ ਦੀ ਗੱਲ ਕਰੀਏ ਤਾਂ ਬੜਾ ਕੁਝ ਉਹਨਾਂ ਦੇ ਹੱਕ ਵਿੱਚ ਭੁਗਤਣ ਲੱਗਾ ਹੈ। ਨਵੇਂ ਬਣੇ ਸ਼੍ਰੋਮਣੀ ਅਕਾਲੀ ਦਲ ਦੇ ਪੈਰ ਨਹੀਂ ਲੱਗ ਰਹੇ ਹਨ। ਨਵਾਂ ਬਣਿਆ ਸ਼੍ਰੋਮਣੀ ਅਕਾਲੀ ਦਲ ਆਪਣੇ ਭਾਰ ਆਪ ਡਿੱਗਣ ਲੱਗਾ ਹੈ। ਸਿੱਧੇ ਦਿਨਾਂ ਦੀ ਗੱਲ ਕਰੀਏ ਕਿ ਸੁਖਬੀਰ ਸਿੰਘ ਬਾਦਲ ਲਈ ਹੁਣ ਨਵਾਂ ਅਕਾਲੀ ਦਲ ਚੁਣੌਤੀ ਨਹੀਂ ਰਿਹਾ ਹੈ। ਕਾਂਗਰਸ ਪਾਰਟੀ ਨੂੰ ਬਾਹਰਲੇ ਦੁਸ਼ਮਣਾਂ ਦੀ ਲੋੜ ਨਹੀਂ ਹੈ। ਭਾਰਤੀ ਜਨਤਾ ਪਾਰਟੀ ਨਾਲ ਸੁਖਬੀਰ ਸਿੰਘ ਬਾਦਲ ਦੀ ਅੰਦਰੋਂ ਅੰਦਰੀ ਸੁਰ ਰਲਣ ਲੱਗੀ ਹੈ। ਇਹ ਵੱਖਰੀ ਗੱਲ ਹੈ ਕਿ ਉਹ ਦੱਬਵੀਂ ਜ਼ੁਬਾਨ ਨਾਲ ਭਾਜਪਾ ਦੀ ਆਲੋਚਨਾ ਕਰ ਰਹੇ ਹਨ। ਸਿਆਸੀ ਮਾਹਿਰਾਂ ਅਤੇ ਆਮ ਲੋਕਾਂ ਵਿੱਚ ਇਹ ਚਰਚਾ ਹੈ ਕਿ ਸ਼੍ਰੋਮਣੀ ਅਕਾਲੀ ਦਲ ਦਾ ਭਾਰਤੀ ਜਨਤਾ ਪਾਰਟੀ ਅਤੇ ਭਾਜਪਾ ਦਾ ਸ਼੍ਰੋਮਣੀ ਅਕਾਲੀ ਦਲ ਨਾਲ ਮੁੜ ਤੋਂ ਬਗਲਗੀਰ ਹੋਏ ਬਿਨਾਂ ਗੁਜ਼ਾਰਾ ਨਹੀਂ ਹੈ। ਸੁਖਬੀਰ ਸਿੰਘ ਬਾਦਲ ਅਤੇ ਭਾਜਪਾ ਸੱਤਾ ਉੱਤੇ ਕਾਬਜ਼ ਹੋਣ ਲਈ ਇਕੋ ਜਿੰਨੀ ਕਾਹਲ ਵਿੱਚ ਹਨ ।

ਸੁਖਬੀਰ ਸਿੰਘ ਬਾਦਲ ਵੱਲੋਂ ਪਿਛਲੇ ਦਿਨੀਂ ਚੋਣ ਗੱਠਜੋੜ ਨੂੰ ਲੈ ਕੇ ਦਿੱਤੇ ਬਿਆਨ ਦਾ ਗੰਭੀਰਤਾ ਨਾਲ ਵਿਸ਼ਲੇਸ਼ਣ ਕਰਨਾ ਬਣਦਾ ਹੈ। ਉਹਨਾਂ ਨੇ ਬੜੇ ਸਹੀ ਮੌਕੇ ਉੱਤੇ ਸਿਆਸੀ ਤੀਰ ਛੱਡਦਿਆਂ ਕਿਹਾ ਕਿ ਕਾਂਗਰਸ ਨੂੰ ਛੱਡ ਕੇ ਉਹ ਕਿਸੇ ਵੀ ਪਾਰਟੀ ਨਾਲ ਸਮਝੌਤਾ ਕਰਨ ਲਈ ਤਿਆਰ ਹਨ। ਆਮ ਆਦਮੀ ਪਾਰਟੀ ਅਤੇ ਸ਼੍ਰੋਮਣੀ ਅਕਾਲੀ ਦਲ ਦੀ ਸੁਰ ਰਲ ਨਹੀਂ ਰਹੀ ਹੈ। ਬਹੁਜਨ ਸਮਾਜ ਪਾਰਟੀ ਨਾਲ ਇੱਕ ਤੋਂ ਵੱਧ ਵਾਰ ਟੁੱਟ ਚੁੱਕੀ ਹੈ। ਰਲਾ ਮਿਲਾ ਕੇ ਗੁਨਾਹ ਆ ਕੇ ਭਾਜਪਾ ਉਤੇ ਪੈਣਾ ਹੈ। 1986 ਵਿੱਚ ਵੀ ਭਾਜਪਾ ਅਤੇ ਅਕਾਲੀ ਦਲ ਨੇ ਸਮਝੌਤਾ ਕਰਨ ਤੋਂ ਬਾਅਦ ਪੰਜਾਬ ਉੱਤੇ ਡੇਢ ਦਹਾਕੇ ਲਈ ਰਾਜ ਕੀਤਾ ਸੀ। ਉਦੋਂ ਪ੍ਰਕਾਸ਼ ਸਿੰਘ ਬਾਦਲ ਨੇ ਬਿਨਾਂ ਸ਼ਰਤ ਹਮਾਇਤ ਕਰ ਦਿੱਤੀ ਸੀ। ਹਾਲੇ ਤੱਕ ਤਾਂ ਸ਼੍ਰੋਮਣੀ ਅਕਾਲੀ ਦਲ ਆਪਣੀਆਂ ਮੰਗਾਂ ਮੰਨਵਾ ਕੇ ਭਾਜਪਾ ਨਾਲ ਗੱਠਜੋੜ 'ਤੇ ਅੜਿਆ ਹੋਇਆ ਹੈ ਪਰ ਦੋਵੇਂ ਧਿਰਾਂ ਸਤਾ ਨੂੰ ਹੱਥ ਪਾਉਣ ਲਈ ਕੋਈ ਵਿੱਚ ਵਿਚਾਲੇ ਦਾ ਰਾਹ ਕੱਢ ਲੈਣਗੀਆਂ। ਸੁਖਬੀਰ ਸਿੰਘ ਬਾਦਲ ਦੇ ਚੋਣ ਇਕੱਠ ਜੋੜ ਬਾਰੇ ਦਿੱਤੇ ਬਿਆਨ ਦਾ ਇੱਕ ਹੋਰ ਪੱਖ ਵੀ ਵਿਚਾਰਨ ਯੋਗ ਹੈ। ਇਸ ਦਾ ਮਤਲਬ ਇਹ ਲਿਆ ਜਾਣਾ ਬਣਦਾ ਹੈ ਕਿ ਉਹ ਸੱਤਾ ਉੱਤੇ ਕਾਬਜ਼ ਹੋਣ ਲਈ ਇੰਨੀ ਕਾਹਲ ਵਿੱਚ ਹਨ ਕਿ ਕਾਂਗਰਸ ਨੂੰ ਛੱਡ ਕੇ ਕਿਸੇ ਵੀ ਪਾਰਟੀ ਨਾਲ ਰਲ ਕੇ ਤੁਰਨ ਲਈ ਤਿਆਰ ਹਨ। ਸਵਾਲ ਉੱਠਦਾ ਹੈ ਕਿ ਕੀ ਸੱਤਾ ਹਾਸਲ ਕਰਨ ਲਈ ਮੁੱਦੇ ਛੱਡੇ ਜਾ ਸਕਦੇ ਹਨ। ਪੰਜਾਬ ਦੇ ਮਸਲਿਆਂ ਦੀ ਗੱਲ ਕਰਨੀ ਬੰਦ ਕੀਤੀ ਜਾ ਸਕਦੀ ਹੈ।

ਵੈਸੇ ਪੰਜਾਬ ਦੇ ਮੁੱਦਿਆਂ ਤੋਂ ਸਾਰੀਆਂ ਪਾਰਟੀਆਂ ਨੇ ਮੂੰਹ ਮੋੜ ਰੱਖਿਆ ਹੈ। ਸ਼੍ਰੋਮਣੀ ਅਕਾਲੀ ਦਲ ਇੱਕ ਖੇਤਰੀ ਪਾਰਟੀ ਹੈ, ਜਿਸ ਤੋਂ ਪੰਜਾਬ ਦੇ ਮੁੱਦਿਆਂ ਉੱਤੇ ਡਟਣ ਦੀ ਉਮੀਦ ਰੱਖੀ ਜਾਣੀ ਬਣਦੀ ਹੈ। ਪਿਛਲੇ ਸਮੇਂ ਤੋਂ ਸ਼੍ਰੋਮਣੀ ਅਕਾਲੀ ਦਲ ਆਪਣਾ ਵਿਰਸਾ ਤੇ ਇਤਿਹਾਸ ਦੋਵੇਂ ਭੁੱਲ ਗਿਆ ਹੈ। ਇਥੋਂ ਤੱਕ ਕਿ ਚੰਡੀਗੜ੍ਹ ਦੇ ਮੁੱਦੇ ਤਾਂ ਬਿਲਕੁਲ ਵਿਸਾਰ ਦਿੱਤੇ ਗਏ ਹਨ।

ਸੁਖਬੀਰ ਸਿੰਘ ਬਾਦਲ ਹੜ੍ਹਾਂ ਦੌਰਾਨ ਜਿਵੇਂ ਲੋਕਾਂ ਨਾਲ ਖੜੇ ਹਨ, ਉਹਨਾਂ ਦੀ ਚੰਗੀ ਭੱਲ ਬਣੀ ਹੈ। ਉਸ ਤੋਂ ਪਹਿਲਾਂ ਜਿਸ ਤਰ੍ਹਾਂ ਉਹਨਾਂ ਨੇ ਲੈਂਡ ਪੂਲਿੰਗ ਪਾਲਿਸੀ ਨੂੰ ਲੈ ਕੇ ਸਰਕਾਰ ਨੂੰ ਘੇਰਿਆ ਸੀ, ਉਸ ਨਾਲ ਵੀ ਉਹਨਾਂ ਦਾ ਸਿਆਸਤ ਵਿੱਚ ਕੱਦ ਉੱਪਰ ਉੱਠਣ ਲੱਗ ਪਿਆ ਸੀ। ਸੁਖਬੀਰ ਸਿੰਘ ਬਾਦਲ ਲੈਂਡ ਪੂਲਿੰਗ ਪਾਲਿਸੀ ਦੇ ਵਿਰੁੱਧ ਗਰਜੇ ਹੀ ਨਹੀਂ ਸਗੋਂ ਮੋਰਚਿਆਂ ਦਾ ਇਤਿਹਾਸ ਦੁਹਰਾਉਣ ਦਾ ਵੀ ਐਲਾਨ ਕੀਤਾ ਸੀ ਪਰ ਸਰਕਾਰ ਨੂੰ ਆਪਣੇ ਭਾਰ ਹੇਠਾਂ ਆ ਕੇ ਹੀ ਫੈਸਲਾ ਵਾਪਸ ਲੈਣਾ ਪੈ ਗਿਆ ਸੀ।

ਖਬਰਾਂ ਇਹ ਵੀ ਹਨ ਕਿ ਸੁਖਬੀਰ ਸਿੰਘ ਬਾਦਲ ਨਾਲੋਂ ਤੋੜ ਵਿਛੋੜਾ ਕਰਕੇ ਗਏ ਕਈ ਲੀਡਰ ਮੁੜ ਪਿੱਛੇ ਦੀ ਝਾਕ ਰੱਖਣ ਲੱਗੇ ਹਨ। ਸੁਖਬੀਰ ਸਿੰਘ ਬਾਦਲ ਦੀ ਸ਼ਖਸੀਅਤ ਦਾ ਇੱਕ ਹੋਰ ਪੱਖ ਬੜਾ ਮਜ਼ਬੂਤ ਹੈ ਕਿ ਉਹ ਜੋ ਕਹਿੰਦੇ ਹਨ ਉਹ ਕਰ ਕੇ ਦਿਖਾਉਂਦੇ ਹਨ। ਆਪਣੇ ਬਾਪ ਮਰਹੂਮ ਪ੍ਰਕਾਸ਼ ਸਿੰਘ ਬਾਦਲ ਦੀ ਤਰ੍ਹਾਂ ਜਿਸ ਦੀ ਬਾਂਹ ਫੜ ਲਈ ਉਹਨੂੰ ਸਹਿਜੇ ਕਿਤੇ ਛੱਡਦੇ ਨਹੀਂ। ਪਿਛਲੇ ਡੇਢ ਸਾਲ ਤੋਂ ਚੱਲ ਰਹੇ ਸੰਕਟ ਦੌਰਾਨ ਜਿਵੇਂ ਕਈ ਅਕਾਲੀ ਲੀਡਰਾਂ ਨੇ ਉਹਨਾਂ ਦਾ ਲੋਹੇ ਦੀ ਚਟਾਨ ਦੀ ਤਰ੍ਹਾਂ ਡੱਟ ਕੇ ਸਾਥ ਦਿੱਤਾ, ਉਸ ਨਾਲ ਵੀ ਉਹਨਾਂ ਦੇ ਪੈਰ ਉਖੜਨ ਤੋਂ ਬਚਦੇ ਰਹੇ ਹਨ। ਹੜ੍ਹਾਂ ਦੌਰਾਨ ਪੈਸੇ ਵੰਡਣ ਦੀ ਗੱਲ ਕਰੀਏ ਤਾਂ ਆਮ ਕਰਕੇ ਸਿਆਸੀ ਲੀਡਰ ਵੈਸੇ ਜੇਬਾਂ ਵਿੱਚ ਪਾਉਣ ਲਈ ਮਾਹਿਰ ਮੰਨੇ ਜਾਂਦੇ ਹਨ ਪਰ ਸੁਖਬੀਰ ਸਿੰਘ ਬਾਦਲ ਨੇ ਆਪਣਾ ਖੀਸਾ ਹਲਕਾ ਕੀਤਾ ਹੈ।।

ਕਹਿਣਾ ਬਣਦਾ ਹੈ ਕਿ ਸੁਖਬੀਰ ਸਿੰਘ ਬਾਦਲ ਇਸ ਵਾਰ ਪੱਕੇ ਪੈਰੀਂ ਹੋ ਕੇ ਨਿਕਲੇ ਹਨ। ਜਿਸ ਨਿਮਰਤਾ ਨਾਲ ਉਹਨਾਂ ਨੇ ਸ੍ਰੀ ਅਕਾਲ ਤਖ਼ਤ ਦੀ ਫ਼ਸੀਲ ਤੋਂ ਸਾਰੇ ਗੁਨਾਹ ਆਪਣੇ ਝੋਲੀ ਪਵਾਏ ਸਨ ਜੇ ਕਿਤੇ ਉਸੇ ਨਿਮਰਤਾ ਨਾਲ ਉਹ ਲੋਕਾਂ ਦੇ ਦਰਾਂ 'ਤੇ ਜਾ ਕੇ ਪੱਲਾ ਅੱਡ ਲੈਣ ਤਾਂ ਇੱਕ ਗੱਲ ਪੱਕੀ ਹੈ ਪੰਜਾਬੀ ਨਿਰਾਸ਼ ਨਹੀਂ ਮੁੜਨ ਲੱਗੇ । ਸੁਖਬੀਰ ਸਿੰਘ ਬਾਦਲ ਨੂੰ ਮੰਜ਼ਿਲ ਤੱਕ ਪਹੁੰਚਣ ਲਈ ਸਬਰ ਨਾਲ ਤੁਰਨਾ ਪਵੇਗਾ। ਵਿਚਾਰ ਅਤੇ ਸੰਵਾਦ ਉਹਨਾਂ ਲਈ ਲਾਹੇਵੰਦ ਸਿੱਧ ਹੋ ਸਕਦੇ ਹਨ। ਉਹਨਾਂ ਨੂੰ ਆਪਣੇ ਕੁਝ ਖ਼ਾਸਮ ਖ਼ਾਸ ਦੇ ਘੇਰੇ ਵਿੱਚੋਂ ਵੀ ਨਿਕਲਣ ਦੀ ਲੋੜ ਹੈ। ਸੁਖਬੀਰ ਸਿੰਘ ਬਾਦਲ ਨੂੰ ਵੀ ਯਾਰਾਂ ਦੀ ਜੁੰਡਲੀ ਤੋਂ ਅੱਗੇ ਨਿਗ੍ਹਾ ਮਾਰਨ ਦੀ ਲੋੜ ਹੈ, ਨਹੀਂ ਤਾਂ ਅਸਲੀਅਤ ਤੋਂ ਕੋਰੇ ਰਹਿ ਜਾਣਗੇ। ਸ਼੍ਰੋਮਣੀ ਅਕਾਲੀ ਦਲ ਦੇ ਹੱਕ ਵਿੱਚ ਹਵਾ ਰੁਕਮਣ ਲੱਗੀ ਹੈ। ਸ਼੍ਰੋਮਣੀ ਅਕਾਲੀ ਦਲ ਹਵਾਵਾਂ ਨੂੰ ਮੁੜ ਤੱਤੀਆਂ ਹਵਾਵਾਂ ਦੇ ਵਗਣ ਤੋਂ ਬਚਾਅ ਰੱਖ ਲਵੇ ਤਾਂ ਇਸੇ ਵਿੱਚ ਭਲਾ ਹੋਵੇਗਾ। ਪੰਜਾਬ ਵਿੱਚ ਸਰਕਾਰੀ ਤੰਤਰ ਦੇ ਵਿਰੋਧ ਵਿੱਚ ਹਵਾ ਵਗਣ ਲੱਗੀ ਹੈ ਹਰ ਕਿਸੀ ਸਿਆਸੀ ਪਾਰਟੀ ਦੇ ਹੱਕ ਵਿੱਚ ਨਹੀਂ। ਸ਼੍ਰੋਮਣੀ ਅਕਾਲੀ ਦਲ ਦੀ ਸਿਆਣਪ ਇਸ ਵਿੱਚ ਹੋਵੇਗੀ ਜੇ ਉਹ ਇਹ ਮੌਕਾ ਹੱਥੋਂ ਨਾ ਜਾਣ ਦੇਵੇ।



ਮਨੋਹਰ ਲਾਲ
ਕੇਂਦਰੀ ਬਿਜਲੀ, ਰਿਹਾਇਸ਼ ਅਤੇ ਸ਼ਹਿਰੀ ਮਾਮਲੇ ਮੰਤਰੀ

ਪੰਡਿਤ ਦੀਨਦਿਆਲ ਉਪਾਧਿਆਏ ਦੀ ਜਨਮ ਵਰ੍ਹੇਗੰਢ 'ਤੇ ਵਿਸ਼ੇਸ਼

# ਨਰਿੰਦਰ ਮੋਦੀ ਪੰਡਿਤ ਦੀਨਦਿਆਲ ਉਪਾਧਿਆਏ ਦੀ 'ਅੰਤਯੋਦਿਆ' ਦੀ ਭਾਵਨਾ ਨੂੰ ਮੂਰਤੀਮਾਨ ਕਰਦੇ ਨੇ

ਭਾਰਤੀ ਰਾਜਨੀਤਿਕ ਇਤਿਹਾਸ ਨੇ ਕਈ ਨੇਤਾਵਾਂ ਨੂੰ ਦੇਖਿਆ ਹੈ, ਜਿਨ੍ਹਾਂ ਨੇ ਵੱਖ-ਵੱਖ ਯੁੱਗਾਂ ਵਿੱਚ, ਦੇਸ਼ ਦੇ ਮਾਰਗ ਨੂੰ ਨਵੀਂ ਦਿਸ਼ਾ ਵੱਲ ਢਾਲਿਆ। ਹਾਲਾਂਕਿ, ਉਨ੍ਹਾਂ ਵਿੱਚੋਂ ਬਹੁਤ ਘੱਟ ਲੋਕਾਂ ਨੇ ਰਾਜਨੀਤੀ ਨੂੰ ਇੱਕ ਵਿਸ਼ੇਸ਼ ਅਧਿਕਾਰ ਦੀ ਬਜਾਏ ਸੇਵਾ, ਸਮਰਪਣ ਅਤੇ ਦ੍ਰਿੜਤਾ ਦਾ ਮਾਧਿਅਮ ਮੰਨਿਆ ਹੈ। ਪੰਡਿਤ ਦੀਨਦਿਆਲ ਉਪਾਧਿਆਏ ਇੱਕ ਅਜਿਹੇ ਮਹਾਨ ਵਿਅਕਤੀ ਸਨ, ਜਿਨ੍ਹਾਂ ਨੇ ਰਾਜਨੀਤੀ ਨੂੰ ਸਮਾਜ ਦੇ ਹੇਠਲੇ ਪੱਧਰ 'ਤੇ ਰਹਿਣ ਵਾਲੇ ਲੋਕਾਂ ਦੇ ਉਥਾਨ ਨਾਲ ਜੋੜਿਆ। ਉਨ੍ਹਾਂ ਨੇ ਇਹ ਸਿਧਾਂਤ ਪੇਸ਼ ਕੀਤਾ ਕਿ ਜੇਕਰ ਰਾਸ਼ਟਰ ਨਿਰਮਾਣ ਦਾ ਮਾਪਦੰਡ ਨਿਰਧਾਰਤ ਕਰਨਾ ਹੈ, ਤਾਂ ਇਹ ਹੋਣਾ ਚਾਹੀਦਾ ਹੈ ਕਿ ਵਿਕਾਸ ਦਾ ਰਸਤਾ ਸਮਾਜ ਦੇ ਹੇਠਲੇ ਪੱਧਰ 'ਤੇ ਰਹਿਣ ਵਾਲੇ ਲੋਕਾਂ ਤੱਕ ਪਹੁੰਚੇ। ਉਨ੍ਹਾਂ ਲਈ, 'ਅੰਤਯੋਦਿਆ' ਸਿਰਫ਼ ਇੱਕ ਰਾਜਨੀਤਿਕ ਨਾਅਰਾ ਨਹੀਂ ਸੀ, ਸਗੋਂ ਜੀਵਨ ਦਾ ਇੱਕ ਮੰਤਰ ਸੀ। ਉਨ੍ਹਾਂ ਕਿਹਾ, 'ਸਾਡੀ ਰਾਜਨੀਤੀ ਦਾ ਟੀਚਾ ਸੱਤਾ ਪ੍ਰਾਪਤੀ ਨਹੀਂ ਹੋਣਾ ਚਾਹੀਦਾ, ਸਗੋਂ ਸੇਵਾ ਰਾਹੀਂ ਸਮਾਜ ਦਾ ਉਥਾਨ ਹੋਣਾ ਚਾਹੀਦਾ ਹੈ।

ਅੱਜ, 25 ਸਤੰਬਰ, ਜਦੋਂ ਅਸੀਂ ਪੰਡਿਤ ਦੀਨਦਿਆਲ ਉਪਾਧਿਆਏ ਦੀ 109ਵੀਂ ਜਨਮ ਵਰ੍ਹੇਗੰਢ ਮਨਾ ਰਹੇ ਹਾਂ, ਇਹ ਯਾਦ ਰੱਖਣਾ ਮਹੱਤਵਪੂਰਨ ਹੈ ਕਿ ਉਨ੍ਹਾਂ ਦਾ ਦਰਸ਼ਨ ਸਮੇਂ ਦੇ ਪ੍ਰਵਾਹ ਨੂੰ ਕਿਵੇਂ ਪ੍ਰਭਾਵਿਤ ਕਰਦਾ ਹੈ ਅਤੇ ਅੱਜ ਵੀ ਪ੍ਰਸੰਗਿਕ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਨਾ ਸਿਰਫ਼ ਅੰਤਯੋਦਿਆ ਦੀ ਇਸ ਭਾਵਨਾ ਨੂੰ ਅਪਣਾਇਆ, ਸਗੋਂ ਇਸਨੂੰ ਆਪਣੀ ਕਾਰਜ ਸ਼ੈਲੀ ਅਤੇ ਸ਼ਾਸਨ ਪ੍ਰਣਾਲੀ ਦੀ ਨੀਂਹ ਵੀ ਬਣਾਈ। ਇਹ ਕਹਿਣਾ ਅਤਿਕਥਨੀ ਨਹੀਂ ਹੋਵੇਗੀ ਕਿ ਮੋਦੀ ਦੀ ਅਗਵਾਈ ਹੇਠ ਭਾਰਤ ਨੇ ਅੰਤਯੋਦਿਆ ਨੂੰ ਸਿਰਫ਼ ਇੱਕ ਵਿਚਾਰ ਜਾਂ ਦਰਸ਼ਨ ਤੋਂ ਵਿਕਾਸ ਦੇ ਇੱਕ ਵਿਹਾਰਕ ਰੂਪ ਵਿੱਚ ਉੱਚਾ ਚੁੱਕਿਆ ਹੈ। 25 ਸਾਲਾਂ ਲਈ ਗੁਜਰਾਤ ਦੇ ਮੁੱਖ ਮੰਤਰੀ ਅਤੇ ਪਿਛਲੇ ਸਾਢੇ 11 ਸਾਲਾਂ ਲਈ ਪ੍ਰਧਾਨ ਮੰਤਰੀ ਵਜੋਂ, ਮੋਦੀ ਨੇ ਸਾਰੀਆਂ ਸਰਕਾਰੀ ਨੀਤੀਆਂ ਅਤੇ ਯੋਜਨਾਵਾਂ ਦੇ ਕੇਂਦਰ ਵਿੱਚ ਗਰੀਬਾਂ, ਵਾਂਝਿਆਂ, ਕਿਸਾਨਾਂ, ਔਰਤਾਂ ਅਤੇ ਸਮਾਜ ਦੇ ਆਖਰੀ ਵਿਅਕਤੀ ਨੂੰ ਰੱਖਿਆ।

ਜਦੋਂ ਨਰਿੰਦਰ ਮੋਦੀ ਨੇ 26 ਮਈ, 2014 ਨੂੰ ਪ੍ਰਧਾਨ ਮੰਤਰੀ ਵਜੋਂ ਦੇਸ਼ ਦੀ ਵਾਗਡੋਰ ਸੰਭਾਲੀ ਤਾਂ ਭਾਰਤ ਕਈ ਚੁਣੌਤੀਆਂ ਨਾਲ ਜੂਝ ਰਿਹਾ ਸੀ। ਸਮਾਜਿਕ-ਆਰਥਿਕ ਅਸਮਾਨਤਾ, ਵਿਆਪਕ ਗਰੀਬੀ ਅਤੇ ਹਾਸ਼ੀਏ 'ਤੇ ਧੱਕੇ ਵਰਗਾਂ ਦੀ ਅਣਦੇਖੀ ਵਰਗੀਆਂ ਸਮੱਸਿਆਵਾਂ ਡੂੰਘੀਆਂ ਜੜ੍ਹਾਂ ਸਨ। ਇਸ ਸੰਦਰਭ ਵਿੱਚ, 15 ਅਗਸਤ, 2014 ਨੂੰ ਆਜ਼ਾਦੀ ਦਿਵਸ 'ਤੇ ਲਾਲ ਕਿਲ੍ਹੇ ਦੀ ਫਸੀਲ ਤੋਂ ਪ੍ਰਧਾਨ ਮੰਤਰੀ ਵਜੋਂ ਆਪਣੇ ਪਹਿਲੇ ਭਾਸ਼ਣ ਵਿੱਚ, ਉਨ੍ਹਾਂ ਨੇ ਗਰੀਬਾਂ ਨੂੰ, ਜੋ ਬੈਂਕਾਂ ਤੱਕ ਪਹੁੰਚਣ ਤੋਂ ਝਿਜਕਦੇ ਸਨ, ਬੈਂਕਿੰਗ ਪ੍ਰਣਾਲੀ ਨਾਲ ਜੋੜਨ ਦਾ ਦਲੇਰਾਨਾ ਕਦਮ ਚੁੱਕਿਆ। ਪ੍ਰਧਾਨ ਮੰਤਰੀ ਜਨ ਧਨ ਯੋਜਨਾ (PMJDY) ਅਧੀਨ ਖੋਲ੍ਹੇ ਗਏ 56 ਕਰੋੜ ਬੈਂਕ ਖਾਤਿਆਂ ਨੇ ਗਰੀਬਾਂ ਨੂੰ ਵਿੱਤੀ ਸਮਾਵੇਸ਼ ਪ੍ਰਦਾਨ ਕੀਤਾ । ਇਹ ਯੋਜਨਾ ਸਿਰਫ਼ ਬੈਂਕ ਖਾਤੇ ਖੋਲ੍ਹਣ ਦੀ ਯੋਜਨਾ ਨਹੀਂ ਸੀ, ਸਗੋਂ ਇੱਕ ਕ੍ਰਾਂਤੀਕਾਰੀ ਕਦਮ ਸੀ, ਜਿਸ ਨੇ ਗਰੀਬਾਂ ਨੂੰ ਆਰਥਿਕ ਸਵੈ-ਨਿਰਭਰਤਾ ਵੱਲ ਪਹਿਲਾ ਕਦਮ ਪ੍ਰਦਾਨ ਕੀਤਾ। ਇਸ ਯੋਜਨਾ ਨੇ ਗਰੀਬਾਂ ਦੀ ਮਿਹਨਤ ਦੀ ਕਮਾਈ ਨੂੰ ਵਿਚੋਲਿਆਂ ਦੇ ਚੁੰਗਲ ਤੋਂ ਬਚਾਇਆ, ਲਾਭਦਾਇਕ ਯੋਜਨਾਵਾਂ ਤੋਂ ਫੰਡ ਸਿੱਧੇ ਉਨ੍ਹਾਂ ਦੇ ਬੈਂਕ ਖਾਤਿਆਂ ਵਿੱਚ DBT ਰਾਹੀਂ ਜਮ੍ਹਾ ਕਰਵਾਏ ਅਤੇ ਉਨ੍ਹਾਂ ਨੂੰ ਮੁੱਖ ਧਾਰਾ ਦੀ ਅਰਥਵਿਵਸਥਾ ਵਿੱਚ ਸ਼ਾਮਲ ਹੋਣ ਦੇ ਯੋਗ ਬਣਾਇਆ ।

ਪ੍ਰਧਾਨ ਮੰਤਰੀ ਉੱਜਵਲਾ ਯੋਜਨਾ (PMUJJY) ਰਾਹੀਂ ਅੰਤਯੋਦਯ ਦੀ ਭਾਵਨਾ ਨੂੰ ਹਰ ਘਰ ਦੀ ਰਸੋਈ ਤੱਕ ਵਧਾਇਆ ਗਿਆ। LPG ਗੈਸ ਕੁਨੈਕਸ਼ਨ ਪ੍ਰਦਾਨ ਕਰਕੇ, ਮਾਵਾਂ ਅਤੇ ਭੈਣਾਂ ਜੋ ਪੀੜ੍ਹੀਆਂ ਤੋਂ ਧੂੰਏਂ ਨਾਲ ਭਰੇ ਚੁੱਲ੍ਹੇ 'ਤੇ ਖਾਣਾ ਪਕਾਉਂਦੀਆਂ ਸਨ, ਨੂੰ ਨਾ ਸਿਰਫ਼ ਸਿਹਤ ਸੁਰੱਖਿਆ ਪ੍ਰਦਾਨ ਕੀਤੀ ਗਈ, ਸਗੋਂ ਉਨ੍ਹਾਂ ਦੀ ਇੱਜ਼ਤ ਵੀ ਬਹਾਲ ਕੀਤੀ ਗਈ । ਇਹ ਯੋਜਨਾ ਸਿਰਫ਼ ਬਾਲਣ ਬਦਲਣ ਦੀ ਪਹਿਲ ਹੀ ਨਹੀਂ, ਸਗੋਂ ਔਰਤਾਂ ਲਈ ਜੀਵਨ ਪੱਧਰ ਨੂੰ ਬਿਹਤਰ ਬਣਾਉਣ ਲਈ ਇੱਕ ਮਹਾਨ ਮੁਹਿੰਮ ਸਾਬਤ ਹੋਈ।

ਪੰਡਿਤ ਦੀਨ ਦਿਆਲ ਦਾ ਅੰਤਯੋਦਯ ਦਰਸ਼ਨ ਵੱਡੇ ਪੱਧਰ 'ਤੇ ਉਸ ਸਮੇਂ ਪ੍ਰਗਟ ਹੋਇਆ ਜਦੋਂ ਦੁਨੀਆ ਕੋਵਿਡ-19 ਮਹਾਂਮਾਰੀ, ਟੀਕਿਆਂ ਦੀ ਘਾਟ, ਭੋਜਨ ਦੀ ਘਾਟ ਅਤੇ ਨੌਕਰੀਆਂ ਦੇ ਖੁੱਸਣ ਨਾਲ ਜੂਝ ਰਹੀ ਸੀ । ਪ੍ਰਧਾਨ ਮੰਤਰੀ ਗਰੀਬ ਕਲਿਆਣ ਅੰਨ ਯੋਜਨਾ, ਮਾਰਚ 2020 ਤੋਂ ਜਨਵਰੀ 2029 ਤੱਕ ਦੇਸ਼ ਦੇ 800 ਮਿਲੀਅਨ ਗਰੀਬ ਪਰਿਵਾਰਾਂ ਨੂੰ ਮੁਫ਼ਤ ਰਾਸ਼ਨ ਪ੍ਰਦਾਨ ਕਰਨ ਦੀ ਪਹਿਲ ਨੇ ਇਹ ਯਕੀਨੀ ਬਣਾਇਆ ਹੈ ਕਿ ਕਿਸੇ ਵੀ ਗਰੀਬ ਘਰ ਦਾ ਚੁੱਲ੍ਹਾ ਠੰਡਾ ਨਾ ਹੋਵੇ ਅਤੇ ਕੋਈ ਵੀ ਪਰਿਵਾਰ ਭੁੱਖਾ ਨਾ ਸੌਂਵੇ। ਇਹ ਪਹਿਲ ਨਾ ਸਿਰਫ਼ ਮਨੁੱਖੀ ਹਮਦਰਦੀ ਦੀ ਇੱਕ ਉਦਾਹਰਣ ਹੈ, ਸਗੋਂ ਭਾਰਤ ਦੀ ਸ਼ਾਸਨ ਪ੍ਰਣਾਲੀ ਦੀ ਲਚਕਤਾ ਅਤੇ ਸੰਵੇਦਨਸ਼ੀਲਤਾ ਦਾ ਪ੍ਰਮਾਣ ਵੀ ਹੈ।



ਸਿਹਤ ਸੁਰੱਖਿਆ ਲਈ, ਆਯੁਸ਼ਮਾਨ ਭਾਰਤ ਯੋਜਨਾ ਨੇ ਗਰੀਬਾਂ ਨੂੰ ਮੁਫ਼ਤ ਸਿਹਤ ਸੰਭਾਲ ਕਵਰੇਜ ਪ੍ਰਦਾਨ ਕੀਤੀ। ਪ੍ਰਧਾਨ ਮੰਤਰੀ ਕਿਸਾਨ ਸਨਮਾਨ ਨਿਧੀ ਨੇ 110 ਮਿਲੀਅਨ ਛੋਟੇ ਕਿਸਾਨਾਂ ਦੇ ਖਾਤਿਆਂ ਵਿੱਚ ਸਿੱਧੇ 6,000 ਟ੍ਰਾਂਸਫਰ ਕਰਕੇ ਉਨ੍ਹਾਂ ਦੇ ਜੀਵਨ ਨੂੰ ਵਿੱਤੀ ਸਹਾਇਤਾ ਪ੍ਰਦਾਨ ਕੀਤੀ। ਪ੍ਰਧਾਨ ਮੰਤਰੀ ਆਵਾਸ ਯੋਜਨਾ ਨੇ ਲੱਖਾਂ ਗਰੀਬ ਲੋਕਾਂ ਨੂੰ ਆਸਰਾ ਦਿੱਤਾ, ਜਲ ਜੀਵਨ ਮਿਸ਼ਨ ਦਾ ਉਦੇਸ਼ ਹਰ ਘਰ ਨੂੰ ਨਲਕੇ ਦਾ ਪਾਣੀ ਪਹੁੰਚਾਉਣਾ ਸੀ ਅਤੇ ਡਿਜੀਟਲ ਇੰਡੀਆ ਨੇ ਹਰ ਪਿੰਡ ਨੂੰ ਤਕਨਾਲੋਜੀ ਦੀ ਸ਼ਕਤੀ ਨਾਲ ਜੋੜਿਆ । ਇਸ ਸਭ ਦਾ ਸਾਰ ਦੀਨਦਿਆਲ ਜੀ ਨੇ ਕਿਹਾ ਸੀ ਸੱਚਾ ਵਿਕਾਸ ਉਹ ਹੈ ਜਿਸ ਵਿੱਚ ਸਹੂਲਤਾਂ, ਮੌਕੇ ਅਤੇ ਸਨਮਾਨ ਆਖਰੀ ਵਿਅਕਤੀ ਤੱਕ ਪਹੁੰਚਦਾ ਹੈ।

ਆਪਣੇ ਤੀਜੇ ਕਾਰਜਕਾਲ ਵਿੱਚ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅੰਤਯੋਦਯ ਦੀ ਇਸੇ ਭਾਵਨਾ ਨੂੰ ਅੱਗੇ ਵਧਾ ਰਹੇ ਹਨ। ਡਰੋਨ ਦੀਦੀ ਯੋਜਨਾ ਇਸਦੀ ਇੱਕ ਨਵੀਂ ਉਦਾਹਰਣ ਹੈ । ਇਹ ਯੋਜਨਾ, ਡਰੋਨ ਤਕਨਾਲੋਜੀ ਰਾਹੀਂ ਆਮ ਪਿੰਡ ਦੀਆਂ ਔਰਤਾਂ ਨੂੰ ਖੇਤੀਬਾੜੀ ਹੁਨਰਾਂ ਨਾਲ ਲੈਸ ਕਰਕੇ, ਨਾ ਸਿਰਫ਼ ਉਨ੍ਹਾਂ ਨੂੰ ਸਵੈ-ਨਿਰਭਰ ਬਣਾ ਰਹੀ ਹੈ, ਸਗੋਂ ਉੱਦਮਤਾ ਲਈ ਇੱਕ ਨਵਾਂ ਆਯਾਮ ਵੀ ਖੋਲ੍ਹ ਰਹੀ ਹੈ। ਸਮਾਜ ਹੁਣ ਇਨ੍ਹਾਂ ਔਰਤਾਂ ਨੂੰ 'ਲਖਪਤੀ ਦੀਦੀ' ਵਜੋਂ ਮਾਨਤਾ ਦੇ ਰਿਹਾ ਹੈ। ਇਹ ਅੰਤਯੋਦਯ ਤੋਂ ਸਸ਼ਕਤੀਕਰਨ ਤੱਕ ਦੀ ਯਾਤਰਾ ਦੀ ਇੱਕ ਜਿਉਂਦੀ ਜਾਗਦੀ ਉਦਾਹਰਣ ਹੈ। ਅੰਤਯੋਦਯ ਨੂੰ ਸਿਰਫ਼ ਦਇਆ ਜਾਂ ਕਿਰਪਾ ਦਾ ਮਾਮਲਾ ਨਹੀਂ ਮੰਨਿਆ ਜਾਂਦਾ ਸੀ, ਸਗੋਂ ਗਰੀਬਾਂ ਲਈ ਅਧਿਕਾਰਾਂ ਅਤੇ ਮੌਕਿਆਂ ਦਾ ਆਧਾਰ ਬਣਾਇਆ ਜਾਂਦਾ ਸੀ।

ਅੱਜ ਭਾਰਤ ਨਾ ਸਿਰਫ਼ ਤੇਜ਼ੀ ਨਾਲ ਤਰੱਕੀ ਕਰਨ ਵਾਲੀ ਦੁਨੀਆ ਦੀ ਚੌਥੀ ਸਭ ਤੋਂ ਵੱਡੀ ਅਰਥਵਿਵਸਥਾ ਹੈ, ਸਗੋਂ ਸਮਾਵੇਸ਼ੀ ਵਿਕਾਸ ਦਾ ਇੱਕ ਵਿਸ਼ਵ ਮਾਡਲ ਵੀ ਬਣ ਗਿਆ ਹੈ। ਇਹ ਇਸ ਗੱਲ ਦਾ ਸਬੂਤ ਹੈ ਕਿ ਜਦੋਂ ਲੀਡਰਸ਼ਿਪ ਆਖਰੀ ਵਿਅਕਤੀ 'ਤੇ ਕੇਂਦ੍ਰਿਤ ਹੁੰਦੀ ਹੈ, ਤਾਂ ਵਿਕਾਸ ਸਿਰਫ ਅੰਕੜਿਆਂ ਤੱਕ ਸੀਮਤ ਨਹੀਂ ਹੁੰਦਾ ਬਲਕਿ ਸਮਾਜ ਦੇ ਹਰ ਵਰਗ ਦੇ ਉਥਾਨ ਵਿੱਚ ਝਲਕਦਾ ਹੈ। ਪੰਡਿਤ ਦੀਨਦਿਆਲ ਉਪਾਧਿਆਏ ਨੇ ਕਿਹਾ, ਰਾਜਨੀਤੀ ਵਿੱਚ ਸਫਲਤਾ ਦਾ ਅਸਲ ਮਾਪਦੰਡ ਸਮਾਜ ਦੇ ਸਭ ਤੋਂ ਛੋਟੇ ਅਤੇ ਕਮਜ਼ੋਰ ਵਰਗਾਂ ਤੱਕ ਪਹੁੰਚਣਾ ਅਤੇ ਉਨ੍ਹਾਂ ਦੇ ਜੀਵਨ ਨੂੰ ਬਿਹਤਰ ਬਣਾਉਣਾ ਹੈ।

ਪੰਡਿਤ ਦੀਨਦਿਆਲ ਉਪਾਧਿਆਏ ਦੀ 109ਵੀਂ ਜਯੰਤੀ ਸਾਨੂੰ ਯਾਦ ਦਿਵਾਉਂਦੀ ਹੈ ਕਿ ਮਨਸਾ ਵਾਚਾ ਕਰਮਣਾ ਯ: ਸਮਾਕ੍ਰਿਯਤੇ, ਭਾਵ ਰਾਸ਼ਟਰ ਨਿਰਮਾਣ ਨੂੰ ਵਿਚਾਰ, ਬਚਨ ਅਤੇ ਕਰਮ ਵਿੱਚ ਸਦਭਾਵਨਾ ਅਤੇ ਸੱਚਾਈ ਦੁਆਰਾ ਤੇਜ਼ ਕੀਤਾ ਜਾ ਸਕਦਾ ਹੈ।

# ਪਟਾਖਿਆਂ ਦੀ ਵਿਕਰੀ ਲਈ ਆਰਜ਼ੀ ਦੁਕਾਨਾਂ ਦੇ ਲਾਇਸੈਂਸ ਲਈ 27 ਤੱਕ ਦਿੱਤੀਆਂ ਜਾ ਸਕਦੀਆਂ ਨੇ ਦਰਖਾਸਤਾਂ

ਜਲੰਧਰ, 24 ਸਤੰਬਰ (ਚ.ਨ.ਸ.): ਪੁਲਿਸ ਕਮਿਸ਼ਨਰ ਧਨਪ੍ਰੀਤ ਕੌਰ ਨੇ ਦੱਸਿਆ ਕਿ ਪੰਜਾਬ ਸਰਕਾਰ, ਉਦਯੋਗ ਅਤੇ ਕਾਮਰਸ ਵਿਭਾਗ ਵਲੋਂ ਜਾਰੀ ਹਦਾਇਤਾਂ ਅਨੁਸਾਰ ਦਿ ਐਕਸਪਲੋਸਿਵ ਨਿਯਮ-2008 ਅਧੀਨ ਜ਼ਿਲ੍ਹਾ ਮੈਜਿਸਟ੍ਰੇਟ ਵੱਲੋਂ ਸੀਡਬਲਿਊਪੀ ਨੰਬਰ 23548 ਆਫ਼ 2017 ਵਿੱਚ ਜਾਰੀ ਹੋਏ ਹੁਕਮਾਂ ਦੀ ਪਾਲਣਾ ਕਰਦੇ ਹੋਏ ਪਟਾਖੇ ਵੇਚਣ ਲਈ 20 ਆਰਜ਼ੀ ਲਾਇਸੈਂਸ ਡਰਾਅ ਰਾਹੀਂ ਜਾਰੀ ਕੀਤੇ ਜਾਣੇ ਹਨ। ਉਹ ਆਪਣਾ ਬਿਨੈ ਫਾਰਮ ਦਫ਼ਤਰ ਦੀ ਅਸਲਾ ਲਾਇਸੈਂਸਿੰਗ ਬ੍ਰਾਂਚ, ਕਮਿਸ਼ਨਰੇਟ ਜਲੰਧਰ ਤੋਂ ਹਾਸਿਲ ਕਰਕੇ ਜਾਂ ਦਫ਼ਤਰ ਕਮਿਸ਼ਨਰ ਪੁਲਿਸ ਜਲੰਧਰ ਦੀ ਵੈਬਸਾਈਟ https://jalandhrcity.punjabpolice.gov.in ਤੋਂ ਡਾਊਨਲੋਡ ਕਰਕੇ 25-09-2025 ਤੋਂ 27-09-2025 ਤੱਕ ਸਵੇਰੇ 9:30 ਤੋਂ ਸ਼ਾਮ 4 ਵਜੇ ਤੱਕ ਜਮ੍ਹਾ ਕਰਵਾ ਸਕਦੇ ਹਨ।


## ਕੁਟੇਸ਼ਨ ਨੋਟਿਸ

ਦਫਤਰ ਮਾਰਕਿਟ ਕਮੇਟੀ, ਫਗਵਾੜਾ (ਜ਼ਿਲ੍ਹਾ ਕਪੂਰਥਲਾ) ਅਧੀਨ ਆਉਂਦੀ ਮੁੱਖ ਮੰਡੀ, ਫਗਵਾੜਾ ਦੇ ਆੜ੍ਹਤੀਆਂ ਦੀ ਮੰਗ ਨੂੰ ਮੁੱਖ ਰੱਖਦੇ ਹੋਏ ਨਵੇਂ 03 ਵਾਟਰ ਕੂਲਰ ਸਮੇਤ RO ਦੀ ਖ੍ਰੀਦ ਕੀਤੀ ਜਾਣੀ ਹੈ। ਚਾਹਵਾਨ ਫਰਮਾਂ/ਏਜੰਸੀਆਂ ਉਪਰੋਕਤ ਕੰਮਾਂ ਸਬੰਧੀ ਲਿਫਾਫੇ ਵਿਚ ਸੀਲ ਬੰਦ ਰੇਟ ਕੁਟੇਸ਼ਨ ਦਫਤਰ ਮਾਰਕਿਟ ਕਮੇਟੀ, ਫਗਵਾੜਾ ਵਿਖੇ ਮਿਤੀ 30.09.2025 ਤੱਕ ਸਮਾਂ ਦੁਪਹਿਰ 12 ਵਜੇ ਤਕ ਪੁੱਜਦੀਆਂ ਕਰ ਸਕਦੇ ਹਨ। ਪ੍ਰਾਪਤ ਹੋਣ ਵਾਲੀਆਂ ਕੁਟੇਸ਼ਨਾਂ ਚਾਹਵਾਨ ਫਰਮਾਂ/ਏਜੰਸੀਆਂ ਦੀ ਹਾਜ਼ਰੀ ਵਿਚ ਉਸ ਹੀ ਮਿਤੀ 30.09.2025 ਨੂੰ ਸਮਾਂ 12.30 ਵਜੇ ਤੱਕ ਖੋਲ੍ਹੀਆਂ ਜਾਣਗੀਆਂ। ਇਸ ਕੁਟੇਸ਼ਨ ਨੋਟਿਸ ਸਬੰਧੀ ਕਿਸੇ ਵੀ ਕਿਸਮ ਦੀ ਹੋਰ ਵਧੇਰੇ ਜਾਣਕਾਰੀ, ਲੈਣ ਲਈ ਲੇਖਾਕਾਰ ਦਫਤਰ ਮਾਰਕਿਟ ਕਮੇਟੀ, ਫਗਵਾੜਾ ਦੇ ਨਾਲ ਕਿਸੇ ਵੀ ਕੰਮ-ਕਾਰ ਵਾਲੇ ਦਿਨ ਦਫਤਰੀ ਸਮੇਂ ਦੌਰਾਨ ਸੰਪਰਕ ਕੀਤਾ ਜਾ ਸਕਦਾ ਹੈ। ਚੇਅਰਮੈਨ ਮਾਰਕਿਟ ਕਮੇਟੀ, ਫਗਵਾੜਾ ਪਾਸ ਕਿਸੇ ਵੀ ਕੁਟੇਸ਼ਨ ਨੂੰ ਬਿਨਾਂ ਕਾਰਨ ਦੱਸੇ ਪ੍ਰਵਾਨ ਜਾਂ ਸਾਰੀਆਂ ਕੁਟੇਸ਼ਨਾਂ ਨੂੰ ਰੱਦ ਕਰਨ ਦਾ ਅਧਿਕਾਰ ਰਾਖਵਾਂ ਹੈ। ਇਸ ਕੁਟੇਸ਼ਨ ਨੋਟਿਸ ਸਬੰਧੀ ਕੋਈ ਵੀ ਹੋਰ ਸੋਧ/ਕੋਰੀਜੰਡਮ ਕੇਵਲ ਦਫਤਰ ਦੇ ਨੋਟਿਸ ਬੋਰਡ ਤੇ ਹੀ ਚਸਪਾ ਕੀਤਾ ਜਾਵੇਗਾ।

ਸਹੀ/- ਸਕੱਤਰ, ਮਾਰਕਿਟ ਕਮੇਟੀ, ਫਗਵਾੜਾ

ਸਹੀ/- ਚੇਅਰਮੈਨ, ਮਾਰਕਿਟ ਕਮੇਟੀ, ਫਗਵਾੜਾ

## ਉਦੈਪੁਰ ਸਿਟੀ-ਚੰਡੀਗੜ੍ਹ ਜੰ. ਰੇਲਵੇ ਸਟੇਸ਼ਨਾਂ ਦੇ ਵਿਚ ਨਵੀਂ ਸੁਪਰਫਾਸਟ ਐਕਸਪ੍ਰੈਸ ਟ੍ਰੇਨ ਸੇਵਾ ਦਾ ਸ਼ੁਭਾਰੰਭ

ਸਾਰੇ ਰੇਲਯਾਤਰੀਆਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਰੇਲਵੇ ਦੁਆਰਾ ਉਦੈਪੁਰ ਸਿਟੀ ਅਤੇ ਚੰਡੀਗੜ੍ਹ ਜੰ. ਸਟੇਸ਼ਨਾਂ ਦੇ ਵਿਚ ਰੇਲਗੱਡੀ ਨੰ. 20989/20990 ਨਵੀਂ ਸੁਪਰਫਾਸਟ ਐਕਸਪ੍ਰੈਸ ਟ੍ਰੇਨ ਦੀ ਰੈਗੂਲਰ ਸੇਵਾ ਦਾ ਸ਼ੁਭਾਰੰਭ ਕੀਤਾ ਜਾ ਰਿਹਾ ਹੈ। ਨਵੀਂ ਸੁਪਰਫਾਸਟ ਐਕਸਪ੍ਰੈਸ ਟ੍ਰੇਨ ਦੀਆਂ ਸੰਚਾਲਨ ਮਿਤੀਆਂ, ਟਾਈਮ-ਟੇਬਲ ਅਤੇ ਠਹਿਰਾਓ ਹੇਠਾਂ ਅਨੁਸਾਰ ਹੋਣਗੇ:-

**20989/20990 ਉਦੈਪੁਰ ਸਿਟੀ - ਚੰਡੀਗੜ੍ਹ ਜੰ. - ਉਦੈਪੁਰ ਸਿਟੀ ਸੁਪਰਫਾਸਟ ਐਕਸਪ੍ਰੈਸ ਟ੍ਰੇਨ (ਹਫਤੇ ਵਿਚ ਦੋ ਵਾਰ)**

| ਰੇਲਗੱਡੀ ਨੰ. 20989 ਪਹੁੰਚ | ਰੇਲਗੱਡੀ ਨੰ. 20989 ਰਵਾਨਗੀ | ਸਟੇਸ਼ਨ | ਰੇਲਗੱਡੀ ਨੰ. 20990 ਪਹੁੰਚ | ਰੇਲਗੱਡੀ ਨੰ. 20990 ਰਵਾਨਗੀ |
|---|---|---|---|---|
| ---- | 16.05 | ਉਦੈਪੁਰ ਸਿਟੀ | 05.25 | ---- |
| 16:13 | 16:15 | ਰਾਣਾ ਪ੍ਰਤਾਪ ਨਗਰ | 04:52 | 04:54 |
| 16:46 | 16:48 | ਮਾਲਵੀ ਜੰ. | 04:18 | 04:20 |
| 17:14 | 17:16 | ਕਪਾਸਨ | 03:48 | 03:50 |
| 18:00 | 18:02 | ਚਨਦੇਰਿਯਾ | 02:55 | 02:57 |
| 18:45 | 18:50 | ਭੀਲਵਾੜਾ | 01:45 | 01:50 |
| 19:33 | 19:35 | ਬਿਜਯਨਗਰ | 00:33 | 00:35 |
| 20:50 | 21:00 | ਅਜਮੇਰ | 23:35 | 23:45 |
| 21:27 | 21:29 | ਕਿਸ਼ਨਗੜ੍ਹ | 22:55 | 22:57 |
| 22:08 | 22:10 | ਫੁਲੇਰਾ ਜੰ. | 22:15 | 22:17 |
| 23:00 | 23:10 | ਜੈਪੁਰ ਜੰ. | 21:15 | 21:25 |
| 23:21 | 23:24 | ਗਾਂਧੀ ਨਗਰ | 20:48 | 20:51 |
| 00:01 | 00:03 | ਦੌਸਾ | 20:09 | 20:11 |
| 00:21 | 00:23 | ਬਾਂਦੀਕੂਈ ਜੰ. | 19:46 | 19:48 |
| 00:44 | 00:46 | ਰਾਜਗੜ੍ਹ | 19:20 | 19:22 |
| 01:23 | 01:26 | ਅਲਵਰ | 18:51 | 18:54 |
| 03:05 | 03:10 | ਰੇਵਾੜੀ ਜੰ. | 17:55 | 17:57 |
| 03:53 | 03:55 | ਝੱਜਰ | 16:35 | 16:37 |
| 04:23 | 04:25 | ਰੋਹਤਕ | 16:00 | 16:02 |
| 05:02 | 05:04 | ਜੀਂਦ | 15:07 | 15:09 |
| 05:30 | 05:32 | ਨਰਵਾਨਾ | 14:40 | 14:42 |
| 06:10 | 06:12 | ਕੈਥਲ | 13:50 | 13:52 |
| 07:20 | 07:45 | ਕੁਰੂਸ਼ੇਤਰ ਜੰ. | 12:50 | 13:20 |
| 09:05 | 09:10 | ਅੰਬਾਲਾ ਕੈਂਟ | 12:05 | 12:10 |
| 09:50 | ---- | ਚੰਡੀਗੜ੍ਹ ਜੰ. | ---- | 11:20 |

**ਚੱਲਣ ਦੇ ਦਿਨ: 20989 ਉਦੈਪੁਰ ਸਿਟੀ** ਤੋਂ ਹਰੇਕ ਬੁਧਵਾਰ ਅਤੇ ਸ਼ਨੀਵਾਰ ਨੂੰ ਮਿਤੀ 27.09.2025 ਤੋਂ ਅਤੇ **20990 ਚੰਡੀਗੜ੍ਹ ਜੰ.** ਤੋਂ ਹਰੇਕ ਵੀਰਵਾਰ ਅਤੇ ਐਤਵਾਰ ਨੂੰ ਮਿਤੀ 28.09.2025 ਤੋਂ।

**ਸਥਾਨ:** 2 ਟੀਯਰ ਏਸੀ., 3 ਟੀਯਰ ਏਸੀ., 3 ਟੀਯਰ ਏਸੀ ਇਕਨੌਮੀ, ਸਲੀਪਰ ਅਤੇ ਜਨਰਲ।

ਵਿਸਤ੍ਰਿਤ ਜਾਣਕਾਰੀ ਦੇ ਲਈ ਕਿਰਪਾ ਰੇਲਮਦਦ ਹੈਲਪਲਾਈਨ ਨੰ. 139 ਡਾਇਲ ਕਰੋ ਜਾਂ ਰੇਲਗੱਡੀ ਪੁਛਗਿਛ ਵੈਬਸਾਈਟ www.enquiry.indianrail.gov.in ਵੇਖੋ।

ਰੇਲਮਦਦ ਹੈਲਪਲਾਈਨ ਨੰ. 139

ਰੇਲਮਦਦ ਵੈਬਸਾਈਟ ਵੇਖੋ:- www.railmadad.indianrailways.gov.in

ਰੇਲਮਦਦ ਐਪ ਡਾਊਨਲੋਡ ਕਰੋ

2951/25 'ਤੇ ਸਾਨੂੰ ਫਾਲੋ ਕਰੋ

ਉਤਰ ਰੇਲਵੇ — ਸਦਾ ਤੁਹਾਡੀ ਸੇਵਾ ਵਿਚ — ਸਾਨੂੰ www.nr.indianrailways.gov.in 'ਤੇ ਮਿਲੋ

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ



## ਚੰਡੀਗੜ੍ਹ ਹਾਊਸਿੰਗ ਬੋਰਡ

8, ਜਨ ਮਾਰਗ, ਸੈਕਟਰ 9-ਡੀ, ਚੰਡੀਗੜ੍ਹ

ਚੰਡੀਗੜ੍ਹ ਪ੍ਰਸ਼ਾਸਨ ਦਾ ਇੱਕ ਅਦਾਰਾ

### ਜਨਤਕ ਸੂਚਨਾ

**ਵੱਲੋਂ ਸਕੱਤਰ, ਸੀਐਚਬੀ ਅਸਟੇਟ ਅਧਿਕਾਰੀ, ਯੂ.ਟੀ. ਚੰਡੀਗੜ੍ਹ ਦੀਆਂ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ।**

ਵਿਸ਼ਾ : ਅਲਾਟੀ/ਟ੍ਰਾਂਸਫਰੀ **ਸ੍ਰੀਮਤੀ ਸੁਨੀਤਾ ਸੁਪਤਨੀ ਸ੍ਰੀ ਅਜੇ ਕੁਮਾਰ ਸ਼ਰਮਾ** ਦੇ ਨਾਮ ਤੋਂ **ਸ੍ਰੀ ਸੂਰਜ ਗੁਪਤਾ ਸਪੁੱਤਰ ਸ੍ਰੀ ਰਮੇਸ਼ ਕੁਮਾਰ** ਦੇ ਨਾਮ 'ਤੇ ਵਿਕਰੀ ਡੀਡ ਦੇ ਆਧਾਰ 'ਤੇ **ਸੈਕਟਰ 39-ਬੀ, ਚੰਡੀਗੜ੍ਹ ਵਿਚ ਐਮਆਈਜੀ-3 ਵਰਗ ਦੀ ਰਿਹਾਇਸ਼ੀ ਇਕਾਈ ਨੰ.** 1722/2 (**ਦੂਜੀ ਮੰਜ਼ਿਲ**) ਦੇ ਸਬੰਧ ਵਿਚ ਮਾਲਕੀ ਅਧਿਕਾਰ ਦਾ ਤਬਾਦਲਾ/ਪਰਿਵਰਤਨ।

ਆਮ ਜਨਤਾ ਅਤੇ ਸਾਰੇ ਸਬੰਧਤਾਂ ਦੀ ਜਾਣਕਾਰੀ ਲਈ ਇਸ ਦੁਆਰਾ ਸੂਚਿਤ ਕੀਤਾ ਜਾਂਦਾ ਹੈ ਕਿ **ਸੈਕਟਰ 39-ਬੀ, ਚੰਡੀਗੜ੍ਹ ਵਿਚ ਐਮਆਈਜੀ-3 ਵਰਗ ਦੀ ਰਿਹਾਇਸ਼ੀ ਇਕਾਈ ਨੰ.** 1722/2 (**ਦੂਜੀ ਮੰਜ਼ਿਲ**) ਅਲਾਟੀ/ਟ੍ਰਾਂਸਫਰੀ **ਸ੍ਰੀਮਤੀ ਸੁਨੀਤਾ ਸੁਪਤਨੀ ਸ੍ਰੀ ਅਜੇ ਕੁਮਾਰ ਸ਼ਰਮਾ** ਦੇ ਨਾਮ 'ਤੇ ਦਰਜ ਹੈ। ਹੁਣ, **ਸ੍ਰੀਮਤੀ ਸੁਨੀਤਾ ਸੁਪਤਨੀ ਸ੍ਰੀ ਅਜੇ ਕੁਮਾਰ ਸ਼ਰਮਾ** ਨੇ ਉਕਤ ਦਰਸਾਈ ਰਿਹਾਇਸ਼ੀ ਇਕਾਈ 03.09.2025 ਨੂੰ ਸਬ-ਰਜਿਸਟਰਾਰ ਚੰਡੀਗੜ੍ਹ ਦੇ ਦਫਤਰ ਵਿਚ ਕਾਰਜਰੂਪ ਅਤੇ ਪੰਜੀਕ੍ਰਿਤ ਵਿਕਰੀ ਡੀਡ ਦੇ ਅਧੀਨ **ਸ੍ਰੀ ਸੂਰਜ ਗੁਪਤਾ ਸਪੁੱਤਰ ਸ੍ਰੀ ਰਮੇਸ਼ ਕੁਮਾਰ** ਨੂੰ ਵੇਚ ਦਿੱਤੀ ਹੈ। **ਸ੍ਰੀ ਸੂਰਜ ਗੁਪਤਾ ਸਪੁੱਤਰ ਸ੍ਰੀ ਰਮੇਸ਼ ਕੁਮਾਰ** ਨੇ ਤਬਾਦਲਾ ਡੀਡ ਦੇ ਆਧਾਰ 'ਤੇ ਆਪਣੇ ਨਾਮ 'ਤੇ ਉਕਤ ਦਰਸਾਈ ਰਿਹਾਇਸ਼ੀ ਇਕਾਈ ਦੇ ਤਬਾਦਲੇ ਲਈ ਇਸ ਦਫ਼ਤਰ ਨੂੰ ਬੇਨਤੀ ਕੀਤੀ ਹੈ।

ਜੇਕਰ ਕਿਸੇ ਵੀ ਵਿਅਕਤੀ ਨੂੰ ਬਿਨੈਕਾਰ ਦੇ ਪੱਖ ਵਿਚ ਦਰਸਾਈ ਸੰਪੱਤੀ ਦੇ ਤਬਾਦਲੇ ਬਾਰੇ ਕੋਈ ਵੀ ਇਤਰਾਜ਼ ਹੋਵੇ, ਤਾਂ ਉਹ ਇਸ ਸੂਚਨਾ ਦੇ ਪ੍ਰਕਾਸ਼ਨ ਤੋਂ 21 ਦਿਨਾਂ ਦੇ ਅੰਦਰ ਨਿਮਨ ਹਸਤਾਖ਼ਰੀ ਨੂੰ ਲਿਖਤ ਵਿਚ ਇਤਰਾਜ਼ ਪੇਸ਼ ਕਰ ਸਕਦਾ/ਸਕਦੀ ਹੈ/ਸਕਦੇ ਹਨ, ਜਿਸ ਤੋਂ ਅਸਫ਼ਲ ਰਹਿਣ 'ਤੇ ਦਰਸਾਈ ਰਿਹਾਇਸ਼ੀ ਇਕਾਈ ਦੀ ਮਾਲਕੀ ਉਕਤ ਦਰਸਾਏ ਦਾਅਵੇਕਾਰ (ਾਂ) ਦੇ ਪੱਖ ਵਿਚ ਤਬਦੀਲ ਕਰ ਦਿੱਤੀ ਜਾਵੇਗੀ।

ਸਕੱਤਰ
ਚੰਡੀਗੜ੍ਹ ਹਾਊਸਿੰਗ ਬੋਰਡ, ਚੰਡੀਗੜ੍ਹ

## ਚੰਡੀਗੜ੍ਹ ਹਾਊਸਿੰਗ ਬੋਰਡ

8, ਜਨ ਮਾਰਗ, ਸੈਕਟਰ 9-ਡੀ, ਚੰਡੀਗੜ੍ਹ

ਚੰਡੀਗੜ੍ਹ ਪ੍ਰਸ਼ਾਸਨ ਦਾ ਇੱਕ ਅਦਾਰਾ

### ਜਨਤਕ ਸੂਚਨਾ

**ਸ੍ਰੀਮਤੀ ਕਮਲੇਸ਼ ਮਿੱਤਲ ਸੁਪਤਨੀ ਸ੍ਰੀ ਰਾਜੀਵ ਮਿੱਤਲ**, ਵਾਸੀ ਮਕਾਨ ਨੰ. 317/1, ਸੈਕਟਰ 45-ਏ, ਚੰਡੀਗੜ੍ਹ ਨੇ ਦਸਤਾਵੇਜ਼ ਦੇ ਗੁੰਮ ਹੋਣ ਕਾਰਨ ਰਿਹਾਇਸ਼ੀ ਇਕਾਈ ਨੰਬਰ 317/1, ਸੈਕਟਰ 45-ਏ, ਚੰਡੀਗੜ੍ਹ ਦੇ ਸਬੰਧ ਵਿਚ **ਅਲਾਟਮੈਂਟ ਪੱਤਰ, ਭੌਤਿਕ ਕਬਜ਼ਾ ਅਤੇ ਬਕਾਇਆ ਨਾ ਹੋਣ ਦਾ ਸਰਟੀਫਿਕੇਟ ਦਾ ਦੂਪਰਤੀ ਉਤਾਰਾ** ਜਾਰੀ ਕਰਨ ਲਈ ਚੰਡੀਗੜ੍ਹ ਹਾਊਸਿੰਗ ਬੋਰਡ ਕੋਲ ਪਹੁੰਚ ਕੀਤੀ ਹੈ। ਉਨ੍ਹਾਂ ਨੇ ਉਕਤ ਦਰਸਾਏ ਦਸਤਾਵੇਜ਼ ਦੇ ਗੁੰਮ ਹੋਣ ਸਬੰਧੀ ਮਿਤੀ 10.09.2025 ਨੂੰ ਚੰਡੀਗੜ੍ਹ ਵਿਖੇ ਲੜੀ ਨੰ. 221402 ਐਲਏਆਰ ਨੰ. 2025/029290 ਅਧੀਨ ਪੁਲਿਸ ਸਟੇਸ਼ਨ-34 ਕੋਲ ਪੰਜੀਕ੍ਰਿਤ ਡੀਡੀਆਰ ਜਮ੍ਹਾਂ ਕੀਤੀ ਹੈ। ਕੋਈ ਵੀ ਵਿਅਕਤੀ ਜਿਸ ਨੂੰ ਦਰਸਾਈ **ਸ੍ਰੀਮਤੀ ਕਮਲੇਸ਼ ਮਿੱਤਲ ਸੁਪਤਨੀ ਸ੍ਰੀ ਰਾਜੀਵ ਮਿੱਤਲ** ਨੂੰ ਉਕਤ ਦਰਸਾਈ ਰਿਹਾਇਸ਼ੀ ਇਕਾਈ ਦੇ ਸਬੰਧ ਵਿਚ **ਅਲਾਟਮੈਂਟ ਪੱਤਰ, ਭੌਤਿਕ ਕਬਜ਼ਾ ਅਤੇ ਬਕਾਇਆ ਨਾ ਹੋਣ ਦੇ ਸਰਟੀਫਿਕੇਟ ਦਾ ਦੂਪਰਤੀ ਉਤਾਰਾ** ਜਾਰੀ ਕਰਨ ਦੇ ਖਿਲਾਫ਼ ਕੋਈ ਵੀ ਇਤਰਾਜ਼ ਹੋਵੇ, ਉਹ ਇਸ ਸੂਚਨਾ ਦੇ ਪ੍ਰਕਾਸ਼ਨ ਤੋਂ 15 ਦਿਨਾਂ ਦੇ ਅੰਦਰ ਲਿਖਤ ਵਿਚ ਨਿਮਨ ਹਸਤਾਖ਼ਰੀ ਕੋਲ ਇਤਰਾਜ਼ ਦਰਜ ਕਰ ਸਕਦਾ/ਸਕਦੀ ਹੈ, ਜਿਸ ਤੋਂ ਅਸਫ਼ਲ ਰਹਿਣ 'ਤੇ ਦਸਤਾਵੇਜ਼ ਜਾਰੀ ਕਰ ਦਿੱਤੇ ਜਾਣਗੇ। ਇਸ ਤੋਂ ਬਾਅਦ, ਕਿਸੇ ਵੀ ਵਿਅਕਤੀ ਨੂੰ ਉਕਤ ਦਰਸਾਏ ਮੂਲ ਦਸਤਾਵੇਜ਼ ਲੱਭ ਜਾਣ ਦੀ ਸੂਰਤ ਵਿਚ, ਇਨ੍ਹਾਂ ਨੂੰ ਉਕਤ ਦਰਸਾਏ ਪੁਲਿਸ ਸਟੇਸ਼ਨ ਜਾਂ ਨਿਮਨ ਹਸਤਾਖ਼ਰੀ ਦੇ ਦਫ਼ਤਰ ਵਿਚ ਜਮ੍ਹਾਂ ਕਰਵਾ ਦਿੱਤਾ ਜਾਵੇ।

ਸਕੱਤਰ
ਚੰਡੀਗੜ੍ਹ ਹਾਊਸਿੰਗ ਬੋਰਡ, ਚੰਡੀਗੜ੍ਹ

## ਚੰਡੀਗੜ੍ਹ ਹਾਊਸਿੰਗ ਬੋਰਡ

8, ਜਨ ਮਾਰਗ, ਸੈਕਟਰ 9-ਡੀ, ਚੰਡੀਗੜ੍ਹ

ਚੰਡੀਗੜ੍ਹ ਪ੍ਰਸ਼ਾਸਨ ਦਾ ਇੱਕ ਅਦਾਰਾ

### ਜਨਤਕ ਸੂਚਨਾ

**ਸ੍ਰੀਮਤੀ ਸਿੰਮੀ ਪੁਰੀ ਸੁਪਤਨੀ ਸ੍ਰੀ ਰਾਕੇਸ਼ ਪੁਰੀ ਅਤੇ ਸ੍ਰੀ ਰਾਕੇਸ਼ ਪੁਰੀ ਸਪੁੱਤਰ ਚੰਦਰ ਪਾਲ ਪੁਰੀ**, ਵਾਸੀ ਮਕਾਨ ਨੰ. 311, ਸੈਕਟਰ 35-ਏ, ਚੰਡੀਗੜ੍ਹ ਨੇ ਦਸਤਾਵੇਜ਼ ਦੇ ਗੁੰਮ ਹੋਣ ਕਾਰਨ ਰਿਹਾਇਸ਼ੀ ਇਕਾਈ ਨੰਬਰ 190/2, ਸੈਕਟਰ 45-ਏ, ਚੰਡੀਗੜ੍ਹ ਦੇ ਸਬੰਧ ਵਿਚ **ਅਲਾਟਮੈਂਟ ਪੱਤਰ ਦਾ ਦੂਪਰਤੀ ਉਤਾਰਾ** ਜਾਰੀ ਕਰਨ ਲਈ ਚੰਡੀਗੜ੍ਹ ਹਾਊਸਿੰਗ ਬੋਰਡ ਕੋਲ ਪਹੁੰਚ ਕੀਤੀ ਹੈ। ਉਨ੍ਹਾਂ ਨੇ ਉਕਤ ਦਰਸਾਏ ਦਸਤਾਵੇਜ਼ ਦੇ ਗੁੰਮ ਹੋਣ ਸਬੰਧੀ ਮਿਤੀ 13.09.2025 ਨੂੰ ਚੰਡੀਗੜ੍ਹ ਵਿਖੇ ਲੜੀ ਨੰ. 221784 ਐਲਏਆਰ ਨੰ. 2025/029672 ਅਧੀਨ ਪੁਲਿਸ ਸਟੇਸ਼ਨ-36 ਕੋਲ ਪੰਜੀਕ੍ਰਿਤ ਡੀਡੀਆਰ ਜਮ੍ਹਾਂ ਕੀਤੀ ਹੈ। ਕੋਈ ਵੀ ਵਿਅਕਤੀ ਜਿਸ ਨੂੰ ਦਰਸਾਈ **ਸ੍ਰੀਮਤੀ ਸਿੰਮੀ ਪੁਰੀ ਸੁਪਤਨੀ ਸ੍ਰੀ ਰਾਕੇਸ਼ ਪੁਰੀ ਅਤੇ ਸ੍ਰੀ ਰਾਕੇਸ਼ ਪੁਰੀ ਸਪੁੱਤਰ ਚੰਦਰ ਪਾਲ ਪੁਰੀ** ਨੂੰ ਉਕਤ ਦਰਸਾਈ ਰਿਹਾਇਸ਼ੀ ਇਕਾਈ ਦੇ ਸਬੰਧ ਵਿਚ **ਅਲਾਟਮੈਂਟ ਪੱਤਰ ਦਾ ਦੂਪਰਤੀ ਉਤਾਰਾ** ਜਾਰੀ ਕਰਨ ਦੇ ਖਿਲਾਫ਼ ਕੋਈ ਵੀ ਇਤਰਾਜ਼ ਹੋਵੇ, ਉਹ ਇਸ ਸੂਚਨਾ ਦੇ ਪ੍ਰਕਾਸ਼ਨ ਤੋਂ 15 ਦਿਨਾਂ ਦੇ ਅੰਦਰ ਲਿਖਤ ਵਿਚ ਨਿਮਨ ਹਸਤਾਖ਼ਰੀ ਕੋਲ ਇਤਰਾਜ਼ ਦਰਜ ਕਰ ਸਕਦਾ/ਸਕਦੀ ਹੈ, ਜਿਸ ਤੋਂ ਅਸਫ਼ਲ ਰਹਿਣ 'ਤੇ ਦਸਤਾਵੇਜ਼ ਜਾਰੀ ਕਰ ਦਿੱਤੇ ਜਾਣਗੇ। ਇਸ ਤੋਂ ਬਾਅਦ, ਕਿਸੇ ਵੀ ਵਿਅਕਤੀ ਨੂੰ ਉਕਤ ਦਰਸਾਏ ਮੂਲ ਦਸਤਾਵੇਜ਼ ਲੱਭ ਜਾਣ ਦੀ ਸੂਰਤ ਵਿਚ, ਇਨ੍ਹਾਂ ਨੂੰ ਉਕਤ ਦਰਸਾਏ ਪੁਲਿਸ ਸਟੇਸ਼ਨ ਜਾਂ ਨਿਮਨ ਹਸਤਾਖ਼ਰੀ ਦੇ ਦਫ਼ਤਰ ਵਿਚ ਜਮ੍ਹਾਂ ਕਰਵਾ ਦਿੱਤਾ ਜਾਵੇ।

ਸਕੱਤਰ
ਚੰਡੀਗੜ੍ਹ ਹਾਊਸਿੰਗ ਬੋਰਡ, ਚੰਡੀਗੜ੍ਹ


# ਏ.ਆਈ. ਦੀ ਵਧ ਰਹੀ ਦੁਰਵਰਤੋਂ ਸਰਕਾਰਾਂ ਰੋਕਣ 'ਚ ਫੇਲ੍ਹ : ਬਾਬਾ ਬਲਬੀਰ ਸਿੰਘ



ਅੰਮ੍ਰਿਤਸਰ, 24 ਸਤੰਬਰ (ਗੁਰਦਿਆਲ ਸਿੰਘ): ਨਿਹੰਗ ਸਿੰਘਾਂ ਦੀ ਸਿਰਮੌਰ ਸੰਸਥਾ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਪੰਜਵਾਂ ਤਖ਼ਤ ਦੇ 14ਵੇਂ ਮੁਖੀ ਸ਼੍ਰੋਮਣੀ ਸੇਵਾ ਰਤਨ, ਸ਼੍ਰੋਮਣੀ ਪੰਥ ਰਤਨ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਨੇ ਸਖ਼ਤ ਨਿੰਦਾ ਕਰਦਿਆਂ ਕਿਹਾ ਕਿ ਆਰਟੀਫੀਸ਼ਲ ਇੰਟੈਲੀਜੈਂਸ (ਏ.ਆਈ.) ਦੀ ਦੁਰਵਰਤੋਂ ਕਰਦਿਆਂ ਕਿਸੇ ਸ਼ਰਾਰਤੀ ਵਿਅਕਤੀ ਵੱਲੋਂ ਸ੍ਰੀ ਹਰਿਮੰਦਰ ਸਾਹਿਬ ਨਾਲ ਸੰਬੰਧਿਤ ਵੀਡੀਓ ਗਲਤ ਬਣਾਏ ਜਾਣ ਸਿੱਖ ਭਾਵਨਾਵਾਂ ਨੂੰ ਭਾਰੀ ਠੇਸ ਪਹੁੰਚੀ ਹੈ। ਉਨ੍ਹਾਂ ਕਿਹਾ ਭਾਰਤ ਸਰਕਾਰ ਨੂੰ ਅਜਿਹੇ ਵਰਤਾਰੇ ਪ੍ਰਤੀ ਗੰਭੀਰਤਾ ਦਿਖਾਉਣ ਅਤੇ ਠੋਸ ਨੀਤੀ ਬਣਾਉਣ ਦੀ ਮੰਗ ਕੀਤੀ ਹੈ। ਏ.ਆਈ. ਦੀ ਦੁਰਵਰਤੋਂ ਵਿਚ ਦਿਨੋ ਦਿਨ ਹੋ ਰਹੇ ਵਾਧੇ ਸਰਕਾਰਾਂ ਰੋਕਣ 'ਚ ਫੇਲ੍ਹ ਹੋ ਰਹੀਆਂ ਹਨ। ਜ਼ਿਕਰਯੋਗ ਹੈ ਕਿ ਏ.ਆਈ. ਤਕਨੀਕ ਨਾਲ ਬਣਾ ਕੇ ਵਾਇਰਲ ਕੀਤੀ ਗਈ ਹਾਲੀਆ ਵੀਡੀਓ ਵਿਚ ਕੁੱਝ ਜਾਨਵਰਾਂ ਨੂੰ ਸ੍ਰੀ ਦਰਬਾਰ ਸਾਹਿਬ ਦੇ ਅੰਦਰ ਬੇਅਦਬੀ ਕਰਦਿਆਂ ਦਿਖਾਇਆ ਗਿਆ ਹੈ, ਜਿਸ ਨਾਲ ਸੰਗਤਾਂ ਦੀਆਂ ਭਾਵਨਾਵਾਂ ਨੂੰ ਠੇਸ ਪੁੱਜ ਰਹੀ ਹੈ। ਉਨ੍ਹਾਂ ਕਿਹਾ ਕਿ ਏ.ਆਈ. ਤਕਨੀਕ ਨਾਲ ਤਿਆਰ ਅਜਿਹੀਆਂ ਵਾਇਰਲ ਵੀਡੀਓ ਨਾਲ ਸਿੱਖ ਸੰਗਤਾਂ ਵਿੱਚ ਰੋਸ ਪੈਦਾ ਹੋਇਆ ਹੈ। ਸਗੋਂ ਵਿਸ਼ਵ ਪੱਧਰੀ ਧਾਰਮਿਕ ਸੰਵੇਦਨਸ਼ੀਲਤਾ ਨੂੰ ਵੀ ਠੇਸ ਪਹੁੰਚਾਉਣ ਵਾਲੀ ਹਰਕਤ ਹੈ।

ਉਨ੍ਹਾਂ ਕਿਹਾ ਕਿ ਸ੍ਰੀ ਦਰਬਾਰ ਸਾਹਿਬ ਸਿੱਖ ਕੌਮ ਦਾ ਕੇਂਦਰੀ ਅਸਥਾਨ ਹੈ, ਜਿਥੋਂ ਸਮੁੱਚੀ ਮਨੁੱਖਤਾ ਨੂੰ ਸਰਬ ਸਾਂਝੀਵਾਲਤਾ ਦਾ ਉਪਦੇਸ਼ ਮਿਲਦਾ ਹੈ ਪਰ ਕੁੱਝ ਲੋਕਾਂ ਦੀ ਗਲਤ ਹਰਕਤ, ਸੰਗਤਾਂ ਦੀਆਂ ਭਾਵਨਾਵਾਂ ਨੂੰ ਸੱਟ ਮਾਰਦੀ ਹੈ।


## ਪੰਜਾਬ ਨੈਸ਼ਨਲ ਬੈਂਕ (ਭਾਰਤ ਸਰਕਾਰ ਦਾ ਅਦਾਰਾ)

ਬੀਓ : ਜਲਾਲਾਬਾਦ ਪੱਛਮ (023900)

### ਅੰਤਿਕਾ 4 [ਨਿਯਮ 8 (1)] ਕਬਜ਼ਾ ਸੂਚਨਾ

ਜਿਥੇ ਕਿ, ਨਿਮਨ ਹਸਤਾਖ਼ਰੀ ਨੇ **ਪੰਜਾਬ ਨੈਸ਼ਨਲ ਬੈਂਕ** ਦੇ ਅਧਿਕਾਰਤ ਅਧਿਕਾਰੀ ਵਜੋਂ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ (ਦੂਜਾ) **ਕਾਨੂੰਨ**, 2002 ਦੇ ਅਧੀਨ ਅਤੇ ਸੁਰੱਖਿਆ ਵਿਆਜ (ਲਾਗੂਕਰਨ) **ਨਿਯਮਾਂਵਲੀ**, 2002 ਦੇ **ਨਿਯਮ** 3 ਨਾਲ ਪੜ੍ਹੀ ਜਾਣ ਵਾਲੀ ਧਾਰਾ 13 ਅਧੀਨ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਦਰਸਾਈ ਸੂਚਨਾ ਦੀ ਪ੍ਰਾਪਤੀ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਸੂਚਨਾ ਵਿਚ ਦਰਸਾਈ ਰਕਮ ਅਤੇ ਵਿਆਜ ਨੂੰ ਅਦਾ ਕਰਨ ਲਈ ਕਰਜ਼ਦਾਰ ਨੂੰ ਸੱਦਾ ਦਿੰਦੇ ਹੋਏ ਨਿਮਨ ਦਰਸਾਈ ਮਿਤੀ ਨੂੰ ਮੰਗ ਸੂਚਨਾ ਜਾਰੀ ਕੀਤੀ ਸੀ। ਕਰਜ਼ਦਾਰ (ਾਂ)/ਜ਼ਾਮਨ (ਾਂ) ਰਕਮ ਅਦਾ ਕਰਨ ਵਿਚ ਅਸਫ਼ਲ ਰਹੇ ਹਨ, ਇਸ ਲਈ ਇਥੇ ਕਰਜ਼ਦਾਰ (ਾਂ) ਨੂੰ ਅਤੇ ਆਮ ਜਨਤਾ ਨੂੰ ਸੂਚਨਾ ਦਿੱਤੀ ਜਾਂਦੀ ਹੈ ਕਿ ਨਿਮਨ ਹਸਤਾਖ਼ਰੀ ਨੇ ਉਨ੍ਹਾਂ ਖਿਲਾਫ਼ ਦਰਸਾਈ ਮਿਤੀ ਨੂੰ ਸੁਰੱਖਿਆ ਵਿਆਜ ਲਾਗੂਕਰਨ **ਨਿਯਮਾਂਵਲੀ** 2002 ਦੇ ਨਿਯਮ 8 ਨਾਲ ਪੜ੍ਹੇ ਜਾਣ ਵਾਲੇ ਦਰਸਾਏ ਕਾਨੂੰਨ ਦੀ ਧਾਰਾ 13(4) ਦੇ ਅਧੀਨ ਉਨ੍ਹਾਂ ਨੂੰ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਨਿਮਨ ਦਰਸਾਈ ਸੰਪੱਤੀ/ਆਂ ਦਾ **ਕਬਜ਼ਾ** ਲੈ ਲਿਆ ਹੈ।

ਕਰਜ਼ਦਾਰ (ਾਂ)/ਜ਼ਾਮਨ (ਾਂ)/ਗਿਰਵੀਕਾਰ (ਾਂ) ਨੂੰ ਵਿਸ਼ੇਸ਼ ਕਰਕੇ ਅਤੇ ਜਨਤਾ ਨੂੰ ਆਮ ਕਰਕੇ ਇਥੇ ਚੇਤਾਵਨੀ ਦਿੱਤੀ ਜਾਂਦੀ ਹੈ ਕਿ ਸੰਪੱਤੀ/ਆਂ ਦੀ ਸੌਦੇਬਾਜ਼ੀ ਨਾ ਕੀਤੀ ਜਾਵੇ ਅਤੇ ਸੰਪੱਤੀ/ਆਂ ਦੀ ਕੋਈ ਵੀ ਸੌਦੇਬਾਜ਼ੀ ਰਕਮ ਅਤੇ ਵਿਆਜ ਦੇ ਲਈ **ਪੰਜਾਬ ਨੈਸ਼ਨਲ ਬੈਂਕ** ਦੇ ਚਾਰਜ ਨਾਲ ਸਬੰਧਤ ਹੋਵੇਗੀ।

ਕਰਜ਼ਦਾਰ (ਾਂ)/ਜ਼ਾਮਨ(ਾਂ)/ਗਿਰਵੀਕਾਰ (ਾਂ) ਦਾ ਧਿਆਨ ਸੁਰੱਖਿਅਤ ਸੰਪੱਤੀ (ਆਂ) ਦੀ ਪੁਨਰ ਪ੍ਰਾਪਤੀ ਲਈ ਉਪਲਬਧ ਸਮੇਂ ਦੇ ਸਬੰਧ ਵਿਚ ਕਾਨੂੰਨ ਦੀ ਧਾਰਾ 13 ਦੀ ਉਪ-ਧਾਰਾ (8) ਦੀਆਂ ਵਿਵਸਥਾਵਾਂ ਵੱਲ ਦੁਆਇਆ ਜਾਂਦਾ ਹੈ।

| ਕਰਜ਼ਦਾਰ ਦੇ ਨਾਮ | ਅਚੱਲ ਸੰਪੱਤੀਆਂ ਦੇ ਵੇਰਵੇ | ਮੰਗ ਸੂਚਨਾ ਦੀ ਮਿਤੀ | ਕਬਜ਼ੇ ਦੀ ਮਿਤੀ | ਬਕਾਇਆ ਰਕਮ |
|---|---|---|---|---|
| ਕਰਜ਼ਦਾਰ : ਸ੍ਰੀ ਰਮਨਦੀਪ ਜੋਸਨ ਪੁੱਤਰੀ ਨਿਰਮਲ ਸਿੰਘ ਅਤੇ ਨਿਰਮਲ ਸਿੰਘ ਸਪੁੱਤਰ ਹਰਬੰਸ ਸਿੰਘ | ਨਿਰਮਲ ਸਿੰਘ ਪੁੱਤਰ ਹਰਬੰਸ ਸਿੰਘ ਦੁਆਰਾ ਮਾਲਕੀ ਵਾਲਾ, ਆਰਟੀਡੀ ਨੰਬਰ 2588 ਮਿਤੀ 17-08-2011 ਰਿਹਾਇਸ਼ੀ ਮਕਾਨ ਦੀ ਜ਼ਮੀਨ ਦੇ ਸਾਰੇ ਭਾਗ ਅਤੇ ਹਿੱਸੇ ਜਿਸਦੀ ਮਾਪ 5 ਮਰਲਾ 1350 ਵਰਗ ਫੁੱਟ (30X45) ਹੈ, ਭਾਵ ਸ਼ਹੀਦ ਭਗਤ ਸਿੰਘ ਕਲੋਨੀ ਡੀਏਵੀ ਕਾਲਜ ਰੋਡ 'ਤੇ ਸਥਿਤ ਜਾਇਦਾਦ ਹੈ ਯਾਨੀ ਕਿ 3 ਕਨਾਲ 10 ਮਰਲੇ ਬੇਅਰਿੰਗ ਰੈਕਟ ਨੰਬਰ 105 ਕਿਲਾ ਨੰਬਰ 19/1(3-10) ਖੇਵਟ ਨੰਬਰ 1943 ਦਾ 5/70 ਹਿੱਸਾ, ਸਾਲ 2008-09 ਦੀ ਜਮ੍ਹਾਂਬੰਦੀ ਅਨੁਸਾਰ ਹਦਬਸਤ ਨੰਬਰ 196 ਜਲਾਲਾਬਾਦ ਪੱਛਮੀ ਜ਼ਿਲ੍ਹਾ ਫਾਜ਼ਿਲਕਾ (ਪੰਜਾਬ)। ਹੱਦਬੰਦੀ: ਪੂਰਬ- ਬਲਵਿੰਦਰ ਸਿੰਘ, ਪੱਛਮ- ਪ੍ਰੇਮ ਟੰਡਨ, ਉੱਤਰ- ਵਿਕਰੇਤਾ, ਦੱਖਣੀ- ਗਲੀ। ਨੋਟ- ਪਿਛਲਾ ਨੋਟਿਸ ਮਿਤੀ 09-09-2025 ਰੱਦ ਕਰ ਦਿੱਤਾ ਗਿਆ ਹੈ। | 23/06/2025 | 23/09/2025 | Rs. 2,33,319.18 ਮਿਤੀ 31.05.2025 ਅਨੁਸਾਰ ਸਮੇਤ ਅਗਲੇਰੇ ਵਿਆਜ, ਫੀਸਾਂ ਅਤੇ ਹੋਰ ਬਣਦੇ ਖਰਚੇ |

ਮਿਤੀ : 23.09.2025 ਸਥਾਨ : ਜਲਾਲਾਬਾਦ ਪੱਛਮ ਅਧਿਕਾਰਤ ਅਧਿਕਾਰੀ



## ਪੰਜਾਬ ਸਰਕਾਰ — ਟੈਂਡਰ ਸੂਚਨਾ

| ਲੜੀ ਨੰ. | ਵਿਭਾਗ ਦਾ ਨਾਮ | ਕੰਮ ਦਾ ਨਾਮ/ਸੂਚਨਾ/ਟੈਂਡਰ | ਖੁੱਲ੍ਹਣ ਦੀ ਮਿਤੀ/ਬੰਦ ਹੋਣ ਦੀ ਮਿਤੀ | ਰਕਮ/ਈ.ਐਮ.ਡੀ. (ਅਨੁਮਾਨਤ) ਲੱਖਾਂ ਵਿੱਚ | ਨੋਡਲ ਅਫ਼ਸਰ/ਸੰਪਰਕ ਵੇਰਵੇ/ਈਮੇਲ |
|---|---|---|---|---|---|
| 1. | ਕਾਰਜਕਾਰੀ ਇੰਜੀਨੀਅਰ, ਅਬੋਹਰ ਨਹਿਰ ਅਤੇ ਭੂਮੀਗਤ ਜਲ ਵਿਭਾਗ, ਡਬਲਿਊਆਰਡੀ, ਅਬੋਹਰ (ਫਾਜ਼ਿਲਕਾ) | ਡਿਸਟੀ ਅਤੇ ਮਾਈਨਰਜ਼ ਦੀ ਅੰਦਰੂਨੀ ਸਫਾਈ ਦੇ 47 ਅਦਦ ਕੰਮ। | 23/09/2025 06/10/2025 | 1.92 ਲੱਖ | 9417582955 xenaboharcanaldivision@gmail.com |
| 2. | ਕਾਰਜਕਾਰੀ ਇੰਜੀਨੀਅਰ, ਉਸਾਰੀ ਡਿਵੀਜ਼ਨ ਨੰ.2, ਲੋਕ ਨਿਰਮਾਣ ਵਿਭਾਗ (ਭ ਅਤੇ ਮ) ਸ਼ਾਖਾ, ਹੁਸ਼ਿਆਰਪੁਰ | ਬਲਾਚੌਰ-ਗੜ੍ਹਸ਼ੰਕਰ-ਹੁਸ਼ਿਆਰਪੁਰ ਸੜਕ 'ਤੇ ਪੈਚ ਵਰਕ ਜ਼ਿਲ੍ਹਾ: ਹੁਸ਼ਿਆਰਪੁਰ ਐਸਐਚ-24 (ਆਰਡੀ 51.00 ਤੋਂ 78.30 ਕਿਲੋਮੀਟਰ) - 27.30 ਕਿਲੋਮੀਟਰ | 19/09/2025 04/10/2025 | 1.58 ਲੱਖ | 8283818587 xen_c2@yahoo.co.in |
| 3. | ਕਾਰਜਕਾਰੀ ਇੰਜੀਨੀਅਰ/ਪਟਿਆਲਾ ਡਰੇਨੇਜ-ਕਮ-ਮਾਈਨਿੰਗ ਅਤੇ ਭੂ-ਵਿਗਿਆਨ ਵਿਭਾਗ, ਡਬਲਯੂਆਰਡੀ, ਪੰਜਾਬ, ਪਟਿਆਲਾ | ਜ਼ਿਲ੍ਹਾ ਪਟਿਆਲਾ ਦੇ ਨੇੜਲੇ ਪਿੰਡਾਂ ਦੀਆਂ ਆਬਾਦੀਆਂ ਅਤੇ ਸੀ-ਲੈਂਡ ਨੂੰ ਬਚਾਉਣ ਲਈ ਆਰ.ਡੀ. 150000 ਤੋਂ 158000 ਮੀਟਰ (ਪਿੰਡ ਹਰਚੰਦਪੁਰਾ ਤੋਂ ਬਾਦਸ਼ਾਹਪੁਰ) ਤੱਕ ਘੱਗਰ ਦਰਿਆ ਦੀ ਸਫ਼ਾਈ। | 19/09/2025 09/10/2025 | 13.21 ਲੱਖ | 9888652218 eedrg.dwr.ptl@punjab.gov.in |
| 4. | ਕਾਰਜਕਾਰੀ ਇੰਜੀਨੀਅਰ, ਉਸਾਰੀ ਵਿਭਾਗ, ਲੋਕ ਨਿਰਮਾਣ ਵਿਭਾਗ (ਭ ਅਤੇ ਮ) ਸ਼ਾਖਾ, ਫਾਜ਼ਿਲਕਾ | ਪਿੰਡ ਰੁਕਨਪੁਰਾ, ਅਬੋਹਰ, ਜ਼ਿਲ੍ਹਾ ਫਾਜ਼ਿਲਕਾ ਵਿਖੇ ਆਮ ਆਦਮੀ ਕਲੀਨਿਕ/ਆਯੁਸ਼ਮਾਨ ਅਰੋਗਯਾ ਕੇਂਦਰ ਦੀ ਮੁਰੰਮਤ/ਮੁਰੰਮਤ ਲਈ ਡੀ.ਐਨ.ਆਈ.ਟੀ. | 19/09/2025 26/09/2025 | 22.00 ਹਜ਼ਾਰ | 1638292974 eecdfzlpwdpb@gmail.com |
| 5. | ਕਾਰਜਕਾਰੀ ਇੰਜੀਨੀਅਰ, ਉਸਾਰੀ ਵਿਭਾਗ, ਲੋਕ ਨਿਰਮਾਣ ਵਿਭਾਗ (ਭ ਅਤੇ ਮ) ਸ਼ਾਖਾ, ਪਠਾਨਕੋਟ | ਹਲਕਾ ਭੋਆ, ਐਮਸੀ ਨਰੋਟ ਜੈਮਲ ਸਿੰਘ ਵਿੱਚ ਵੱਖ-ਵੱਖ ਐਲ/ਆਰ ਲਈ ਐਸ/ਆਰ ਨੂੰ ਸਾਲ 2022-23, 2023-24 ਅਤੇ 2024-25 ਲਈ ਐਸ/ਆਰ ਅਧੀਨ ਦੁਬਾਰਾ ਸੱਦਾ ਦਿਓ ਜਿਸ ਵਿੱਚ ਜ਼ਿਲ੍ਹਾ ਪਠਾਨਕੋਟ ਗਰੁੱਪ ਨੰਬਰ 6 ਅਤੇ 8 ਵਿੱਚ 5 ਸਾਲ ਦੀ ਦੇਖਭਾਲ ਸ਼ਾਮਲ ਹੈ। | 24/09/2025 08/10/2025 | 7.27 ਲੱਖ | 9988719007 eecdpthkpwdpb@gmail.com |
| 6. | ਕਾਰਜਕਾਰੀ ਇੰਜੀਨੀਅਰ, ਮਜੀਠਾ ਨਹਿਰ ਅਤੇ ਭੂਮੀਗਤ ਜਲ ਵਿਭਾਗ, ਜਲ ਸਰੋਤ ਵਿਭਾਗ; ਅੰਮ੍ਰਿਤਸਰ | "ਮੇਨ ਬ੍ਰਾਂਚ ਲੋਅਰ ਦੇ ਆਰਡੀ 101380 ਦੇ ਡੀ/ਐਸ 'ਤੇ ਖਰਾਬ ਵਿੰਗ ਵਾਲ ਕਰਾਸ ਰੈਗੂਲੇਟਰ ਦੀ ਉਸਾਰੀ" | 22/09/2025 02/10/2025 | 0.12 ਹਜ਼ਾਰ | 8950065264 xenmajitha@gmail.com |
| 7. | ਡਿਪਟੀ ਕਮਿਸ਼ਨਰ, ਐਸ.ਏ.ਐਸ.ਨਗਰ | ਡੀਏਸੀ ਕੰਪਲੈਕਸ, ਸੈਕਟਰ-76, ਐਸ.ਏ.ਐਸ. ਨਗਰ ਦੇ ਸਾਈਕਲ/ਸਕੂਟਰ/ਕਾਰ ਸਟੈਂਡ ਲਈ ਇੱਕ ਸਾਲ ਲਈ ਟੈਂਡਰ (01.11.2025 ਤੋਂ 31.10.26) | 09/10/2025 09/10/2025 | 1.57 ਲੱਖ | 9988819393 dn.dcsasnagar@punjab.gov.in |
| 8. | ਕਾਰਜਕਾਰੀ ਇੰਜੀਨੀਅਰ, ਉਸਾਰੀ ਡਿਵੀਜ਼ਨ ਨੰ.2, ਲੋਕ ਨਿਰਮਾਣ ਵਿਭਾਗ (ਭ ਅਤੇ ਮ) ਸ਼ਾਖਾ, ਬਠਿੰਡਾ | ਪਿੰਡ ਕਾਲਝਰਾਣੀ ਜ਼ਿਲ੍ਹਾ ਬਠਿੰਡਾ ਵਿਖੇ ਨਵੇਂ ਆਮ ਆਦਮੀ ਕਲੀਨਿਕ ਦੀ ਸਥਾਪਨਾ | 23/09/2025 01/10/2025 | 55.02 ਹਜ਼ਾਰ | 9888566783 xenc2bti@gmail.com |
| 9. | ਕਾਰਜਕਾਰੀ ਇੰਜੀਨੀਅਰ, ਬਠਿੰਡਾ ਨਹਿਰ ਅਤੇ ਭੂਮੀਗਤ ਜਲ ਵਿਭਾਗ, ਬਠਿੰਡਾ | "ਓ/ਐਲ ਆਰਡੀ 110957ਐਲ ਰਾਏਕੋਟ ਡਿਸਟੀ ਬਰਿਕ ਮੇਸਨਰੀ ਦੁਆਰਾ ਜਲ ਪ੍ਰਵਾਨ ਦੀ ਰੀਲਾਇਨਿੰਗ ਲਈ ਅਨੁਮਾਨ ਅਤੇ ਓ/ਐਲ ਆਰਡੀ 14393 2 ਆਰ ਰਾਏਕੋਟ ਡਿਸਟੀ ਬਰਿਕ ਮੇਸਨਰੀ ਦੁਆਰਾ ਜਲ ਪ੍ਰਵਾਨ ਦੀ ਰੀਲਾਇਨਿੰਗ ਲਈ ਅਨੁਮਾਨ, ਓ/ਐਲ ਆਰਡੀ 9835ਟੀਐਲ ਜਲਾਲਦੀਵਾਲ ਮਾਈਨਰ ਬਰਿਕ ਮੇਸਨਰੀ ਦੁਆਰਾ ਜਲ ਪ੍ਰਵਾਹ ਦੀ ਰੀਲਾਇਨਿੰਗ ਲਈ ਅਨੁਮਾਨ।" | 20/09/2025 06/10/2025 | 4.19 ਲੱਖ | 7888705125 xencanalbathinda@yahoo.in |
| 10. | ਕਾਰਜਕਾਰੀ ਇੰਜੀਨੀਅਰ, ਲਹਿਲ ਨਹਿਰ ਡਿਵੀਜ਼ਨ, ਜਲ ਸਰੋਤ ਵਿਭਾਗ, ਪੰਜਾਬ, ਪਟਿਆਲਾ | 10 ਨੰ. ਡਬਲਯੂਆਰਡੀ ਪੰਜਾਬ ਪਟਿਆਲਾ ਵੱਲੋਂ ਲਹਿਲ ਕੈਨਾਲ ਡਵੀਜ਼ਨ ਅਧੀਨ ਵੱਖ-ਵੱਖ ਰਜਬਾਹਿਆਂ ਦੀ ਨਦੀਨ, ਜੱਲਾ, ਡੀਲਾ, ਸਰਕੰਡਾ, ਜੰਗਲ ਬੂੱਟੀ, ਢੋਰਾ, ਗਾਦ ਦੀ ਅੰਦਰੂਨੀ ਨਿਕਾਸੀ ਦਾ ਕੰਮ | 20/09/2025 06/10/2025 | 1.31 ਲੱਖ | 9779173979 XENIBLEHAL@GMAIL.COM |
| 11. | ਕਾਰਜਕਾਰੀ ਇੰਜੀਨੀਅਰ, ਹਰੀਕੇ ਨਹਿਰ ਮੰਡਲ, ਜਲ ਸਰੋਤ ਵਿਭਾਗ; ਨਹਿਰ ਕਲੋਨੀ, ਫਿਰੋਜ਼ਪੁਰ | ਵੱਖ-ਵੱਖ ਆਰਡੀਜ਼ ਦੇ ਵਾਟਰਕੋਰਸਾਂ ਦੀ ਲਾਈਨਿੰਗ/ਰੀ-ਲਾਈਨਿੰਗ ਲਈ ਯੋਗ ਠੇਕੇਦਾਰਾਂ ਤੋਂ ਟੈਂਡਰ ਮੰਗੇ ਜਾਂਦੇ ਹਨ। ਕੰਮ ਦੇ ਵੇਰਵਿਆਂ ਲਈ WRD ਸਾਈਟ 'ਤੇ ਜਾਓ (DNIT ਵੇਖੋ)। | 25/09/2025 09/10/2025 | 21.79 ਲੱਖ | 9888546969 harikecanalfzr@gmail.com |
| 12. | ਕਾਰਜਕਾਰੀ ਇੰਜੀਨੀਅਰ, ਪਾਵਰ ਹਾਊਸ ਡਿਵੀਜ਼ਨ, ਸ਼ਾਹਪੁਰਕੰਡੀ ਟਾਊਨਸ਼ਿਪ | ਸ਼ਾਹਪੁਰਕੰਡੀ ਹਾਈਡਲ ਚੈਨਲ ਦੇ ਆਰਡੀ 0 ਮੀਟਰ ਤੋਂ 1500 ਮੀਟਰ ਅਤੇ 1960 ਮੀਟਰ ਤੋਂ 2240 ਮੀਟਰ ਤੱਕ ਖੁੱਲ੍ਹੇ ਪੱਕੇ ਨਾਲੇ ਦਾ ਨਿਰਮਾਣ, ਨਾਲ ਲੱਗਦੇ ਖੇਤਰ ਦੇ ਮੀਂਹ ਦੇ ਪਾਣੀ ਦੇ ਨਿਕਾਸ ਲਈ ਆਈਟਮ ਰੇਟ ਦੇ ਆਧਾਰ 'ਤੇ। | 23/09/2025 07/10/2025 | 2.09 ਲੱਖ | 9646003035 arvindkumar_badyal@yahoo.co.in |
| 13. | ਕਾਰਜਕਾਰੀ ਇੰਜੀਨੀਅਰ, ਸੂਬਾਈ ਮੰਡਲ, ਲੋਕ ਨਿਰਮਾਣ ਵਿਭਾਗ (ਭ ਅਤੇ ਮ) ਸ਼ਾਖਾ, ਹੁਸ਼ਿਆਰਪੁਰ | ਮੁਰੰਮਤ ਪ੍ਰੋਗਰਾਮ ਅਧੀਨ ਸੜਕਾਂ 2022-23, 2023-24 ਅਤੇ 2024-25 ਸ਼ਾਮਚੌਰਸੀ ਚੋਣ ਹਲਕਾ (ਸੀ ਸ਼੍ਰੇਣੀ ਦੀਆਂ ਸੜਕਾਂ) ਸਮੂਹ ਨੰ.1 ਅਤੇ ਸਮੂਹ ਨੰ.2 ਲਿੰਕ ਦੀ ਵਿਸ਼ੇਸ਼ ਮੁਰੰਮਤ | 24/09/2025 15/10/2025 | 6.10 ਲੱਖ | 8288869999 eepdhsrpurpwdpb@gmail.com |
| 14. | ਕਾਰਜਕਾਰੀ ਇੰਜੀਨੀਅਰ/ਪਟਿਆਲਾ ਡਰੇਨੇਜ-ਕਮ-ਮਾਈਨਿੰਗ ਅਤੇ ਭੂ-ਵਿਗਿਆਨ ਵਿਭਾਗ, ਡਬਲਯੂਆਰਡੀ, ਪੰਜਾਬ, ਪਟਿਆਲਾ | ਮੰਦਿਰ ਸ਼੍ਰੀ ਕਾਲੀ ਦੇਵੀ ਜੀ/ਸ਼੍ਰੀ ਰਾਜ ਰਾਜੇਸ਼ਵਰੀ ਜੀ, ਪਟਿਆਲਾ ਦੇ ਸਰੋਵਰ ਵਿੱਚ ਬਿਜਲੀ ਦਾ ਫੁਹਾਰਾ | 20/09/2025 10/10/2025 | 13.60 ਲੱਖ | 9888652218 eedrg.dwr.ptl@punjab.gov.in |
| 15. | ਕਾਰਜਕਾਰੀ ਇੰਜੀਨੀਅਰ, ਉਸਾਰੀ ਡਿਵੀਜ਼ਨ ਨੰ.2, ਲੋਕ ਨਿਰਮਾਣ ਵਿਭਾਗ (ਭ ਅਤੇ ਮ) ਸ਼ਾਖਾ, ਬਠਿੰਡਾ | 2025-26 ਲਈ ਪੂੰਜੀ ਨਿਵੇਸ਼ ਲਈ ਰਾਜ ਨੂੰ ਵਿਸ਼ੇਸ਼ ਸਹਾਇਤਾ ਸਕੀਮ ਅਧੀਨ ਐਮਸੀ ਤਲਵੰਡੀ ਸਾਬੋ ਵਿੱਚ ਪੈਂਦੇ ਵੱਖ-ਵੱਖ ਐਲ/ਆਰ ਦਾ ਆਧੁਨਿਕੀਕਰਨ | 23/09/2025 15/10/2025 | 21.62 ਲੱਖ | 9888566783 xenc2bti@gmail.com |
| 16. | ਕਾਰਜਕਾਰੀ ਇੰਜੀਨੀਅਰ, ਪੰਚਾਇਤੀ ਰਾਜ, (ਸੀ ਐਂਡ ਐਮ) ਡਿਵੀਜ਼ਨ, ਗੁਰਦਾਸਪੁਰ | ਜ਼ਿਲ੍ਹਾ ਗੁਰਦਾਸਪੁਰ ਵਿਖੇ 7 ਨੰਬਰ ਪੰਚਾਇਤ ਘਰ ਅਤੇ 4 ਨੰਬਰ ਸਿਹਤ ਕੇਂਦਰ ਦੀ ਉਸਾਰੀ। | 24/09/2025 02/10/2025 | 5.82 ਲੱਖ | 9914124342 xenprdgsp@gmail.com |
| 17. | ਕਾਰਜਕਾਰੀ ਇੰਜੀਨੀਅਰ, ਜਲ ਸਪਲਾਈ ਅਤੇ ਸੈਨੀਟੇਸ਼ਨ ਡਿਵੀਜ਼ਨ ਨੰ.1, ਅੰਮ੍ਰਿਤਸਰ | ਵੱਖ-ਵੱਖ ਮੌਜੂਦਾ ਜਲ ਸਪਲਾਈ ਸਕੀਮਾਂ ਬਲਾਕ ਅਜਨਾਲਾ ਜ਼ਿਲ੍ਹਾ ਅੰਮ੍ਰਿਤਸਰ (ਜਲ ਜੀਵਨ ਮਿਸ਼ਨ/ਐਨਡਬਲਯੂਕਿਊਐਸਐਮ/ਨਾਬਾਰਡ XXVI ਅਧੀਨ) (ਸੈਕਸ਼ਨ-V) ਵਿੱਚ ਘਰੇਲੂ ਕੁਨੈਕਸ਼ਨ ਰਾਹੀਂ ਪਾਣੀ ਦੀ ਬਿਹਤਰ ਪਹੁੰਚ ਪ੍ਰਦਾਨ ਕਰਨ ਦਾ ਬਕਾਇਆ ਕੰਮ। | 25/09/2025 10/10/2025 | 2.74 ਲੱਖ | 9872672747 xenrws_lasr@yahoo.com |
| 18. | ਕਾਰਜਕਾਰੀ ਇੰਜੀਨੀਅਰ, ਇਮਾਰਤ ਅਤੇ ਸਟੋਰ ਡਿਵੀਜ਼ਨ, ਪੰਜਾਬ ਚੰਡੀਗੜ੍ਹ | ਲਹਿਲ ਨਹਿਰ ਅਤੇ ਭੂਮੀਗਤ ਜਲ ਵਿਭਾਗ, ਪਟਿਆਲਾ ਅਤੇ ਪਟਿਆਲਾ ਨਹਿਰ ਅਤੇ ਭੂਮੀਗਤ ਜਲ ਵਿਭਾਗ, ਪਟਿਆਲਾ ਦੇ ਅਣਵਰਤੋਂਯੋਗ/ਨਿਰਦੇਸ਼ ਟੀ ਐਂਡ ਪੀ/ਸਟਾਕ ਵਸਤੂਆਂ ਦਾ ਨਿਪਟਾਰਾ | 25/09/2025 16/10/2025 | 21.60 ਹਜ਼ਾਰ | 8196817336 eeworkshop38@gmail.com |
| 19. | ਕਾਰਜਕਾਰੀ ਇੰਜਨੀਅਰ, ਪੰਚਾਇਤੀ ਰਾਜ ਪੀ.ਡਬਲਿਊ ਡਵੀਜ਼ਨ, ਫਿਰੋਜ਼ਪੁਰ | ਫਿਰੋਜ਼ਪੁਰ ਜ਼ਿਲ੍ਹੇ ਦੇ ਬਲਾਕਾਂ ਦੇ ਪਿੰਡਾਂ ਦੇ ਵੱਖ-ਵੱਖ ਕਲੱਸਟਰਾਂ ਵਿੱਚ ਖੇਡ ਮੈਦਾਨਾਂ ਦੀ ਉਸਾਰੀ- (ਪੰਜਾਬ ਸਰਕਾਰ ਵਿਭਾਗ ਦੇ ਸਾਰੇ ਸੂਚੀਬੱਧ ਠੇਕੇਦਾਰ ਐਸਬੀਡੀ ਵਿੱਚ ਦੱਸੇ ਅਨੁਸਾਰ ਯੋਗ ਹਨ) | 23/09/2025 08/10/2025 | 33.48 ਲੱਖ | 9888292002 xenprdfzr@gmail.com |
| 20. | ਕਾਰਜਕਾਰੀ ਇੰਜੀਨੀਅਰ, ਜਲ ਸਪਲਾਈ ਅਤੇ ਸੈਨੀਟੇਸ਼ਨ ਡਿਵੀਜ਼ਨ, ਫਿਰੋਜ਼ਪੁਰ ਜ਼ੀਰਾ ਵਿਖੇ | ਡਬਲਯੂ/ਐਸ ਸਕੀਮ ਵਾਰਿਸ ਵਾਲਾ ਜੱਟਾਂ ਬਲਾਕ ਮੱਖੂ, ਜ਼ਿਲ੍ਹਾ ਫਿਰੋਜ਼ਪੁਰ (ਅੰਡਰ ਹੈੱਡ 4215) ਲਈ ਟਿਊਬਵੈੱਲ ਦੀ ਸਥਾਪਨਾ | 26/09/2025 02/10/2025 | 17.19 ਹਜ਼ਾਰ | 9855554813 eewss.divzirapb@yahoo.com |
| 21. | ਕਾਰਜਕਾਰੀ ਇੰਜੀਨੀਅਰ, ਪੰਚਾਇਤੀ ਰਾਜ, ਸੀ ਐਂਡ ਐਮ ਡਿਵੀਜ਼ਨ, ਹੁਸ਼ਿਆਰਪੁਰ | ਖੇਡ ਦੇ ਮੈਦਾਨ ਦਾ ਵਿਕਾਸ ਵੱਖ-ਵੱਖ ਪਿੰਡ ਬਲਾਕ HSP-2. ਜ਼ਿਲ੍ਹਾ ਹੁਸ਼ਿਆਰਪੁਰ ਦੇ ਕਲੱਸਟਰ ACEFG (PB ਸਰਕਾਰੀ ਵਿਭਾਗ ਦੇ ਸਾਰੇ ਸੂਚੀਬੱਧ ਠੇਕੇਦਾਰ SBD ਵਿੱਚ ਜ਼ਿਕਰ ਕੀਤੇ ਅਨੁਸਾਰ ਯੋਗ ਹਨ)। | 24/09/2025 09/10/2025 | 18.25 ਲੱਖ | 8360146121 xenprhsp@gmail.com |
| 22. | ਕਾਰਜਕਾਰੀ ਇੰਜੀਨੀਅਰ, ਸੂਬਾਈ ਮੰਡਲ, ਲੋਕ ਨਿਰਮਾਣ ਵਿਭਾਗ (ਭ ਅਤੇ ਮ) ਸ਼ਾਖਾ, ਸੰਗਰੂਰ | ਧੂਰੀ, ਜ਼ਿਲ੍ਹਾ ਸੰਗਰੂਰ (ਪੰਜਾਹ) ਵਿਖੇ ਉਦਯੋਗਿਕ ਸਿਖਲਾਈ ਸੰਸਥਾ (I.T.A) (ਫੇਜ਼-1) ਦਾ ਨਵੀਨੀਕਰਨ। | 24/09/2025 15/10/2025 | 6.66 ਲੱਖ | 9888079005 xenprovincialsangrur@yahoo.com |
| 23. | ਕਾਰਜਕਾਰੀ ਇੰਜਨੀਅਰ, ਪੰਚਾਇਤੀ ਰਾਜ ਮੰਡਲ, ਸ੍ਰੀ ਮੁਕਤਸਰ ਸਾਹਿਬ | ਜ਼ਿਲ੍ਹਾ ਸ੍ਰੀ ਮੁਕਤਸਰ ਦੇ ਵੱਖ-ਵੱਖ ਪਿੰਡਾਂ ਵਿੱਚ ਪੰਚਾਇਤ ਘਰ ਦੀ ਉਸਾਰੀ, ਪੀਵੀਸੀ ਪਾਈਪ ਲਾਈਨ ਵਿਛਾਉਣਾ ਅਤੇ ਰਾਮਦਾਸੀਆ ਧਰਮਸ਼ਾਲਾ ਦੀ ਉਸਾਰੀ। | 23/09/2025 08/10/2025 | 96.40 ਹਜ਼ਾਰ | 9888292002 xenprmks@gmail.com |
| 24. | ਕਾਰਜਕਾਰੀ ਇੰਜੀਨੀਅਰ, ਲਹਿਲ ਨਹਿਰ ਡਿਵੀਜ਼ਨ, ਜਲ ਸਰੋਤ ਵਿਭਾਗ, ਪੰਜਾਬ, ਪਟਿਆਲਾ | 8 ਨੰ. ਕੰਮ ਡਬਲਿਊ.ਆਰ.ਡੀ.ਪੰਜਾਬ ਪਟਿਆਲਾ ਵੱਲੋਂ ਲੇਹਲ ਨਹਿਰ ਵਿਭਾਗ ਅਧੀਨ ਵੱਖ-ਵੱਖ ਰਜਬਾਹਿਆਂ ਦੀਆਂ ਨਦੀਨਾਂ, ਜੱਲਾ, ਦੀਲਾ, ਸਰਕੰਡਾ, ਜੰਗਲ ਬੂੱਟੀ, ਢੋਰਾ, ਗਾਦ ਦੀ ਨਿਕਾਸੀ | 20/09/2025 06/10/2025 | 2.29 ਲੱਖ | 9779173979 XENIBLEHAL@GMAIL.COM |
| 25. | ਕਾਰਜਕਾਰੀ ਇੰਜੀਨੀਅਰ, ਪੰਚਾਇਤੀ ਰਾਜ ਮੰਡਲ, ਲੁਧਿਆਣਾ | ਵੱਖ-ਵੱਖ ਪਿੰਡਾਂ ਵਿੱਚ 2 ਨੰਬਰ ਐਚਡਬਲਯੂਸੀ, 5 ਨੰਬਰ ਪੰਚਾਇਤ ਘਰ ਅਤੇ ਮਹਾਰਾਜਾ ਰਣਜੀਤ ਸਿੰਘ ਜੰਗੀ ਅਜਾਇਬ ਘਰ ਲੁਧਿਆਣਾ ਦੀ ਕੰਟੀਨ ਆਦਿ ਦੀ ਸਥਾਪਨਾ। | 23/09/2025 29/09/2025 | 4.04 ਲੱਖ | 9780020165 xenprdludhiana@yahoo.com |
| 26. | ਸਪੈਸ਼ਲ ਡਾਇਰੈਕਟਰ ਜਨਰਲ ਆਫ਼ ਪੁਲਿਸ, ਐਂਟੀ ਨਾਰਕੋਟਿਕਸ ਟਾਸਕ ਫੋਰਸ, ਪੰਜਾਬ, ਐਸ.ਏ.ਐਸ. ਨਗਰ (ਮੋਹਾਲੀ) | ਐਂਟੀ ਨਾਰਕੋਟਿਕਸ ਟਾਸਕ ਫੋਰਸ ਪੰਜਾਬ, ਸੈਕਟਰ-77, ਐਸ.ਏ.ਐਸ. ਨਗਰ ਲਈ ਆਈ.ਟੀ. ਸਾਫਟਵੇਅਰ/ਹਾਰਡਵੇਅਰ/ਹੋਰ ਵਸਤੂਆਂ ਦੀ ਸਥਾਪਨਾ ਅਤੇ ਸਪਲਾਈ ਲਈ ਈ-ਟੈਂਡਰ। | 25/09/2025 16/10/2025 | 2.00 ਪ੍ਰਤੀਸ਼ਤ | 9872710007 control.stf.police@punjab.gov.in |
| 27. | ਕਾਰਜਕਾਰੀ ਇੰਜੀਨੀਅਰ (ਬਿਜਲੀ), ਪੰਚਾਇਤੀ ਰਾਜ ਲੋਕ ਨਿਰਮਾਣ, ਐਸ.ਏ.ਐਸ. ਨਗਰ। | ਵਿਕਾਸ ਭਵਨ ਸੈਕਟਰ 62 ਐਸਏਐਸ ਨਗਰ ਵਿਖੇ ਸਥਾਪਤ ਵੱਖ-ਵੱਖ ਕਿਸਮਾਂ ਦੇ ਏਅਰ ਕੰਡੀਸ਼ਨਰਾਂ ਦਾ ਸਾਲਾਨਾ ਰੱਖ-ਰਖਾਅ ਇਕਰਾਰਨਾਮਾ (ਏਐਮਸੀ)। | 24/09/2025 08/10/2025 | 17.00 ਹਜ਼ਾਰ | 7355000017 xenprelect@gmail.com |
| 28. | ਕਾਰਜਕਾਰੀ ਇੰਜੀਨੀਅਰ, ਉਸਾਰੀ ਡਿਵੀਜ਼ਨ ਨੰ.1, ਲੋਕ ਨਿਰਮਾਣ ਵਿਭਾਗ (ਭ ਅਤੇ ਮ) ਸ਼ਾਖਾ, ਐਸ.ਏ.ਐਸ. ਨਗਰ (ਮੁਹਾਲੀ) | ਐਮ.ਸੀ. ਖਰੜ (ਗਰੁੱਪ-2) ਵਿੱਚ ਵਿਸ਼ੇਸ਼ ਸਹਾਇਤਾ ਯੋਜਨਾ ਅਧੀਨ ਵੱਖ-ਵੱਖ ਪੇਂਡੂ ਲਿੰਕ ਸੜਕਾਂ ਦਾ ਆਧੁਨਿਕੀਕਰਨ (ਤੀਜੀ ਵਾਰ ਕਾਲ ਕੀਤੀ ਜਾ ਰਹੀ ਹੈ) | 25/09/2025 09/10/2025 | 14.73 ਲੱਖ | 9876647324 Pwdc1mohali@gmail.com |
| 29. | ਕਾਰਜਕਾਰੀ ਇੰਜੀਨੀਅਰ, ਜਲ ਸਪਲਾਈ ਅਤੇ ਸੈਨੀਟੇਸ਼ਨ ਡਿਵੀਜ਼ਨ ਨੰ.2, ਐਸ.ਏ.ਐਸ. ਨਗਰ | ਜਲ ਸਪਲਾਈ ਅਤੇ ਸਕੀਮ ਫੇਜ਼-4 ਕਝੌਲੀ ਵਿਖੇ ਸਥਾਪਿਤ 10 ਐਮਜੀਡੀ ਪੰਪ ਸੈੱਟ (ਲੜੀ ਨੰ.. 173820300/1) ਦੀ ਮੁਰੰਮਤ। | 25/09/2025 02/10/2025 | 52.51 ਹਜ਼ਾਰ | 9815555418 eewss.div2mohalipb@yahoo.in |
| 30. | ਕਾਰਜਕਾਰੀ ਇੰਜੀਨੀਅਰ, ਸੂਬਾਈ ਮੰਡਲ, ਲੋਕ ਨਿਰਮਾਣ ਵਿਭਾਗ (ਭ ਅਤੇ ਮ) ਸ਼ਾਖਾ, ਲੁਧਿਆਣਾ | ਆਯੁਸ਼ਮਾਨ ਅਰੋਗਿਆ ਕੇਂਦਰ ਮੁੰਡੀਆਂ ਕਲਾਂ (ਰਾਮ ਨਗਰ) ਲੁਧਿਆਣਾ, ਪਿੰਡ ਜੰਡਿਆਲੀ, ਭਾਮਣ ਕਲਾਂ, ਕੁਲੀਏਵਾਲ ਜਮਾਲਪੁਰ, ਗਹਿਲੇਵਾਲ, ਖਵਾਜਕੇ ਰੋਡ, ਲੁਧਿਆਣਾ ਸ਼ਹਿਰੀ ਦੀ ਉਸਾਰੀ | 24/09/2025 01/10/2025 | 3.08 ਲੱਖ | 8146100632 eepdldnpwdpb@gmail.com |
| 31. | ਕਾਰਜਕਾਰੀ ਇੰਜੀਨੀਅਰ, ਫਾਜ਼ਿਲਕਾ ਨਹਿਰ ਅਤੇ ਭੂਮੀਗਤ ਜਲ ਵਿਭਾਗ, ਫਿਰੋਜ਼ਪੁਰ | ਵੱਖ-ਵੱਖ ਨਹਿਰਾਂ ਦੇ ਅੰਦਰੂਨੀ ਭਾਗ ਦੀ ਸਫਾਈ ਦੇ 32 ਅਦਦ ਕੰਮ ਅਤੇ ਮਹਿਮਾ ਮਾਈਨਰ ਦੀ ਆਊਟਲੈਟ ਆਰਡੀ 606/ਆਰ, ਆਰਡੀ 12460/ਐਲ, ਆਰਡੀ 13390/ਆਰ, ਆਰਡੀ 15585/ਆਰ, ਆਰਡੀ 19400/ਐਲ, ਆਰਡੀ 19550/ਆਰ ਦੇ ਜਲ ਪ੍ਰਵਾਹ ਦੀ ਲਾਇਨਿੰਗ ਲਈ 6 ਅਦਦ ਕੰਮ (ਡੀਐਨਆਈਟੀ ਦਾ ਹਵਾਲਾ ਲਓ) | 25/09/2025 10/10/2025 | 4.27 ਲੱਖ | 7696593933 xeneastern.fzr@gmail.com |
| 32. | ਕਾਰਜਕਾਰੀ ਇੰਜੀਨੀਅਰ, ਜਲ ਸਪਲਾਈ ਅਤੇ ਸੈਨੀਟੇਸ਼ਨ ਡਿਵੀਜ਼ਨ ਨੰ.2, ਫਿਰੋਜ਼ਪੁਰ | ਕਲੱਸਟਰ ਸੈਕਸ਼ਨ ਨੰਬਰ S-361 (ਪੈਕੇਜ-01) WSS ਜੀਵਨ ਅਰੋਨ, ਵਸਲ ਮੋਹਨ ਕੇ, ਸੈਦੋ ਕੇ ਮੋਹਨ, ਰਹੀਮੇ ਸ਼ਾਹ ਬੋਦਲਾ ਬਲਾਕ ਗੁਰੂਹਰਸਹਾਏ ਜ਼ਿਲ੍ਹਾ ਫਿਰੋਜ਼ਪੁਰ (ਰਾਜ ਭਾਗ/ਜੇਜੇਐਮ ਅਧੀਨ) ਲਈ ਸੁਧਾਰ ਕੰਮ | 26/09/2025 10/10/2025 | 2.73 ਲੱਖ | 9855554817 eewss.div2ferozepurpb@yahoo.com |
| 33. | ਕਾਰਜਕਾਰੀ ਇੰਜੀਨੀਅਰ, ਉਸਾਰੀ ਵਿਭਾਗ ਲੋਕ ਨਿਰਮਾਣ ਵਿਭਾਗ (ਭ ਅਤੇ ਮ) ਸ਼ਾਖਾ, ਸਰਹਿੰਦ | ਐਮਸੀ ਅਮਲੋਹ, ਸਰਹਿੰਦ ਜੀ.ਨੰਬਰ 1 ਅਤੇ 2, ਐਮਸੀ ਚਨਾਰਥਲ ਅਤੇ ਸਰਹਿੰਦ ਵਿੱਚ ਪਹਿਲੇ ਸਾਲ ਦੀ ਨੁਕਸ ਦੇਣਦਾਰੀ ਮਿਆਦ 4 ਸਾਲ ਦੀ ਦੇਖਭਾਲ ਦੇ ਨਾਲ ਐਲ/ਆਰ ਦਾ ਆਧੁਨਿਕੀਕਰਨ। | 25/09/2025 16/10/2025 | 82.39 ਲੱਖ | 8968876290 eecdsirhindpwdpb@gmail.com |
| 34. | ਕਾਰਜਕਾਰੀ ਇੰਜੀਨੀਅਰ, ਜਲ ਸਪਲਾਈ ਅਤੇ ਸੈਨੀਟੇਸ਼ਨ ਡਿਵੀਜ਼ਨ ਨੰ.1, ਗੁਰਦਾਸਪੁਰ | ਪ੍ਰੋਵ ਡਬਲਯੂ/ਐਸ ਸਕੀਮ ਵਾਰੀਆ ਅਤੇ ਮੁਸਤਫਾਬਾਦ ਸੈਦਾਂ ਬਲਾਕ ਗੁਰਦਾਸਪੁਰ ਜ਼ਿਲ੍ਹਾ ਗੁਰਦਾਸਪੁਰ | 26/09/2025 10/10/2025 | 43.33 ਹਜ਼ਾਰ | 9888332518 eewss_gsp@yahoo.in |
| 35. | ਕਾਰਜਕਾਰੀ ਇੰਜੀਨੀਅਰ, ਬਿਜਲੀ ਵਿਭਾਗ, ਲੋਕ ਨਿਰਮਾਣ ਵਿਭਾਗ (ਭ ਅਤੇ ਮ) ਸ਼ਾਖਾ, ਫਰੀਦਕੋਟ | ਜੈਤੋ ਜ਼ਿਲ੍ਹਾ ਫਰੀਦਕੋਟ ਵਿਖੇ ਨਿਆਂਇਕ ਅਦਾਲਤ ਕੰਪਲੈਕਸ ਦੀ ਉਸਾਰੀ ਜਿਸ ਵਿੱਚ ਰਿਹਾਇਸ਼ਾਂ ਸ਼ਾਮਲ ਹਨ। (ਪੰਜਾਬ) (ਲਿਫਟ ਅਤੇ ਬਾਹਰੀ ਬਿਜਲੀ ਸੇਵਾਵਾਂ)। | 24/09/2025 01/10/2025 | 1.24 ਲੱਖ | 9815150900 eeedfdkpwdpb@gmail.com |
| 36. | ਕਾਰਜਕਾਰੀ ਇੰਜੀਨੀਅਰ, ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ, ਫਤਿਹਗੜ੍ਹ ਸਾਹਿਬ | ਮੇਨ ਗੁਰਦੁਆਰਾ ਸਾਹਿਬ, ਬਲਾਕ ਸਰਹਿੰਦ, ਜ਼ਿਲਾ ਫਤਹਿਗੜ੍ਹ ਸਾਹਿਬ ਦੇ ਸਾਹਮਣੇ ਪਾਈਪਲਾਈਨ ਪ੍ਰਦਾਨ ਕਰਨਾ | 24/09/2025 03/10/2025 | 17.50 ਹਜ਼ਾਰ | 9815212243 ee.fatehgarhsahib@punjab.gov.in |
| 37. | ਕੰਟਰੋਲਰ ਆਫ਼ ਸਟੋਰਜ਼, ਪੰਜਾਬ, ਚੰਡੀਗੜ੍ਹ | ਬੇਕਾਰ ਸਟੋਰਾਂ ਦਾ ਨਿਪਟਾਰਾ। | 25/09/2025 15/10/2025 | 10.00 ਪ੍ਰਤੀਸ਼ਤ | 9815953044 cospunjab@yahoo.in |

ਹੋਰ ਜਾਣਕਾਰੀ ਅਤੇ ਸੋਧ ਅਤੇ ਵਾਧਾ, ਜੇਕਰ ਕੋਈ ਹੈ, ਦੇ ਲਈ ਕਿਰਪਾ ਕਰਕੇ ਦੇਖੋ :
**https://eproc.punjab.gov.in/eproc.punjab.gov.in, www.eproc.punjab.gov.in, www.dssanagar.nic.in, irrigation.punjab.gov.in**

**RO No. PR-Advt. No.: 1001/12/2025-26/3575/Dated CHD: 24/09/2025**



## SBI ਸਟੇਟ ਬੈਂਕ ਆਫ ਇੰਡੀਆ

ਬੰਦੀ ਸੰਪੱਤੀਆਂ ਵਸੂਲੀ ਸ਼ਾਖਾ

ਐਸਸੀਓ 15, ਪਹਿਲੀ ਮੰਜ਼ਿਲ, ਸੈਕਟਰ 7-ਸੀ, ਚੰਡੀਗੜ੍ਹ, Ph.: 0172-4568244, 4568249 E-mail: sbi.05179@sbi.co.in

**ਈ-ਨਿਲਾਮੀ ਵਿਕਰੀ ਸੂਚਨਾ**

ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 6 (2) ਅਤੇ 8 (6) ਦੀ ਵਿਵਸਥਾ ਨਾਲ ਪੜ੍ਹੇ ਜਾਣ ਵਾਲੇ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 ਦੇ ਅਧੀਨ ਅਚੱਲ ਸੰਪੱਤੀਆਂ ਦੀ ਵਿਕਰੀ ਦੇ ਲਈ ਈ-ਨਿਲਾਮੀ ਵਿਕਰੀ ਸੂਚਨਾ।

ਜਨਤਾ ਨੂੰ ਆਮ ਕਰਕੇ ਅਤੇ ਕਰਜ਼ਦਾਰ (ਾਂ) ਅਤੇ ਜ਼ਾਮਨ (ਾਂ) ਨੂੰ ਵਿਸ਼ੇਸ਼ ਕਰਕੇ ਇਥੇ ਸੂਚਨਾ ਦਿੱਤੀ ਜਾਂਦੀ ਹੈ ਕਿ ਸੁਰੱਖਿਅਤ ਕਰਜ਼ਦਾਤਾ ਕੋਲ ਗਿਰਵੀ/ਬੰਦੀ ਨਿਮਨ ਦਰਸਾਈਆਂ ਅਚੱਲ ਸੰਪੱਤੀਆਂ, ਜਿਨ੍ਹਾਂ ਦਾ ਉਸਾਰੂ/ਸੰਕੇਤਕ/ਭੌਤਿਕ ਕਬਜ਼ਾ ਸਟੇਟ ਬੈਂਕ ਆਫ ਇੰਡੀਆ, ਸੁਰੱਖਿਅਤ ਕਰਜ਼ਦਾਤਾ ਦੇ ਅਧਿਕਾਰਤ ਅਧਿਕਾਰੀ ਵੱਲੋਂ ਲਿਆ ਗਿਆ ਸੀ, ਦੀ ਵਿਕਰੀ ਕਰਜ਼ਦਾਰ (ਾਂ) ਅਤੇ ਜ਼ਾਮਨ (ਾਂ) (ਨਿਮਨ ਦਰਸਾਏ) ਤੋਂ ਸਟੇਟ ਬੈਂਕ ਆਫ ਇੰਡੀਆ, ਐਸਏਆਰਬੀ, ਚੰਡੀਗੜ੍ਹ ਬੈਂਕ ਵੱਲ ਬਕਾਇਆ (ਨਿਮਨ ਦਰਸਾਏ) ਦੀ ਵਸੂਲੀ ਲਈ ਲੜੀ ਨੰ. 1 ਤੋਂ 3 ਲਈ 15.10.2025 ਨੂੰ ਅਤੇ ਲੜੀ ਨੰ. 4 ਦੇ ਲਈ 31.10.2025 ਨੂੰ "ਜਿਵੇਂ ਹੈ ਜਿਥੇ ਹੈ", "ਜਿਵੇਂ ਹੈ ਜੋ ਹੈ" ਅਤੇ "ਜੋ ਵੀ ਹੈ, ਉਥੇ ਹੈ" ਆਧਾਰ 'ਤੇ ਕੀਤੀ ਜਾਵੇਗੀ। ਰਾਖਵੀਂ ਕੀਮਤ ਅਤੇ ਬਿਆਨਾ ਰਕਮ ਜਮ੍ਹਾਂ ਹਰੇਕ ਸੰਪੱਤੀ ਅਧੀਨ ਦਰਸਾਈ ਗਈ ਹੈ। ਵਿਕਰੀ ਦੇ ਵਿਸਥਾਰਤ ਨਿਯਮ ਅਤੇ ਸ਼ਰਤਾਂ ਦੇ ਲਈ ਕਿਰਪਾ ਕਰਕੇ **https://Baanknet.com** ਵਿਚ ਵਿਵਸਥਿਤ ਲਿੰਕ ਦਾ ਹਵਾਲਾ ਲਓ।

| ਲ. ਨੰ. | ਸੰਪੱਤੀ ਦਾ ਸਥਾਨ | ਕਰਜ਼ਦਾਰ (ਾਂ)/ਜ਼ਾਮਨ (ਾਂ) ਦਾ ਨਾਮ | ਸੰਪੱਤੀ (ਆਂ) ਦੇ ਵੇਰਵੇ | ਮੰਗ ਸੂਚਨਾ ਦੀ ਰਕਮ / ਮੰਗ ਸੂਚਨਾ ਦੀ ਮਿਤੀ / ਸੰਕੇਤਕ/ਭੌਤਿਕ ਕਬਜ਼ੇ ਦੀ ਮਿਤੀ | ਰਾਖਵੀਂ ਕੀਮਤ / ਬਿਆਨਾ ਰਕਮ / ਬੋਲੀ ਵਾਧਾ ਰਕਮ | ਸੰਪੱਤੀ ਦੀ ਜਾਂਚ ਦੀ ਮਿਤੀ ਅਤੇ ਸਮਾਂ / ਈ-ਨਿਲਾਮੀ ਦੀ ਮਿਤੀ/ਸਮਾਂ | ਸੰਪਰਕ ਵਿਅਕਤੀ |
|---|---|---|---|---|---|---|---|
| 1. | ਖਮਾਣੋਂ | ਕਰਜ਼ਦਾਰ (ਾਂ):- (1) **ਸ੍ਰੀ ਰਮੇਸ਼ ਕੁਮਾਰ ਸਪੁੱਤਰ ਸੋਮ ਨਾਥ, ਵਾਸੀ ਵਾਰਡ ਨੰ. 9, ਤਹਿਸੀਲ ਖਮਾਣੋਂ, ਜ਼ਿਲ੍ਹਾ ਫਤਿਹਗੜ੍ਹ ਸਾਹਿਬ, ਪੰਜਾਬ-140802 (2) ਸ੍ਰੀ ਦੀਪਕ ਅਰੋੜਾ ਸਪੁੱਤਰ ਸ੍ਰੀ ਰਮੇਸ਼ ਕੁਮਾਰ, ਵਾਸੀ ਵਾਰਡ ਨੰ. 9, ਤਹਿਸੀਲ ਖਮਾਣੋਂ, ਜ਼ਿਲ੍ਹਾ ਫਤਿਹਗੜ੍ਹ ਸਾਹਿਬ, ਪੰਜਾਬ-140802** | ਸ੍ਰੀ ਰਮੇਸ਼ ਕੁਮਾਰ ਸਪੁੱਤਰ ਸ੍ਰੀ ਸੋਮ ਨਾਥ ਦੇ ਨਾਮ 'ਤੇ ਦਰਜ ਵਿਕਰੀ ਡੀਡ ਵਸੀਕਾ ਨੰ. 445 ਮਿਤੀ 28.08.2015 ਦੇ ਅਨੁਸਾਰ ਨੇੜੇ ਗ੍ਰੀਨ ਇਨਕਲੇਵ, ਨੇੜੇ ਮਠਾੜੂ ਐਲੂਮੀਨੀਅਮ ਫਿਟਿੰਗਜ਼, ਪਿੰਡ ਬਿਲਾਸਪੁਰ, ਤਹਿਸੀਲ ਖਮਾਣੋਂ, ਜ਼ਿਲ੍ਹਾ ਫਤਿਹਗੜ੍ਹ ਸਾਹਿਬ ਵਿਖੇ ਸਥਿਤ ਖੇਵਟ ਖਤੌਨੀ ਨੰ. 102/111, ਖਸਰਾ ਨੰ. 18 (8-7), 19/1/1 (0-2), 20/1 (0-14), 22 (8-0), 23/1 (3-12), 31/1 (0-2), ਕਿੱਤੇ 6 ਵਿੱਚ ਸ਼ਾਮਲ 20 ਕਨਾਲ-17 ਮਰਲੇ ਮਾਪ ਵਾਲੀ ਕੁੱਲ ਜ਼ਮੀਨ ਵਿਚੋਂ 8/417 ਹਿੱਸੇ ਜ਼ਮੀਨ ਵਜੋਂ 0 ਕਨਾਲ-8 ਮਰਲੇ ਮਾਪ ਵਾਲਾ ਮਕਾਨ। ਜਿਸਦੀ ਹੱਦਬੰਦੀ ਨਿਮਨ ਅਨੁਸਾਰ ਹੈ: ਉੱਤਰ: ਖੁੱਲ੍ਹਾ ਪਲਾਟ 52'-0", ਦੱਖਣ: ਜਸਵੀਰ ਸਿੰਘ ਦਾ ਮਕਾਨ 52'-0", ਪੂਰਬ: ਪੁਨੀਤ ਅਰੋੜਾ 42'-0", ਪੱਛਮ: ਰਸਤਾ 42'-0"। | Rs. 30,52,210/- / 06.09.2021 / 14.12.2022 / ਭੌਤਿਕ ਕਬਜ਼ਾ | Rs. 23,90,000/- / Rs. 2,39,000/- / Rs. 10,000/- | 10.10.2025 11:00 Hrs. to 13:00 Hrs. / 15.10.2025 13:00 Hrs. to 15:00 Hrs. | ਸ੍ਰੀ ਸੁਭਾਸ਼ ਚੰਦਰ M.: 9728558877 ਸ੍ਰੀ ਮੌਸਮ ਪਾਲ M.: 9817280079 |
| 2. | ਸੰਗਰੂਰ | ਕਰਜ਼ਦਾਰ (ਾਂ) :- (1) ਜੱਗੀ ਖਾਨ ਸਪੁੱਤਰ ਸ੍ਰੀ ਮੇਹਰ ਦੀਨ (ਹੁਣ ਮ੍ਰਿਤਕ), ਵਾਰਡ ਨੰ. 10, ਰਵੀਦਾਸ ਨਗਰ, ਨੇੜੇ ਛੋਟੀ ਈਦਗਾਹ, ਬਰਕਤਪੁਰਾ ਰੋਡ, ਮਲੇਰਕੋਟਲਾ (2) **ਸ੍ਰੀਮਤੀ ਸਲਮਾ** ਸੁਪਤਨੀ ਸਵ. ਜੱਗੀ ਖਾਨ ਵਾਰਡ ਨੰ. 10, ਰਵੀਦਾਸ ਨਗਰ, ਨੇੜੇ ਛੋਟੀ ਈਦਗਾਹ, ਬਰਕਤਪੁਰਾ ਰੋਡ, ਮਲੇਰਕੋਟਲਾ, (3) **ਸ੍ਰੀ ਜੱਸਾ ਖਾਨ** ਸਪੁੱਤਰ ਸਵਰਗੀ ਸ੍ਰੀ ਜੱਗੀ ਖਾਨ, ਵਾਰਡ ਨੰ. 10, ਰਵੀਦਾਸ ਨਗਰ, ਨੇੜੇ ਛੋਟੀ ਈਦਗਾਹ, ਬਰਕਤਪੁਰਾ ਰੋਡ, ਮਲੇਰਕੋਟਲਾ, (4) **ਸ੍ਰੀ ਇਕਬਾਲ ਖਾਨ** ਸਪੁੱਤਰ ਸਵ. ਜੱਗੀ ਖਾਨ, ਵਾਰਡ ਨੰ. 10, ਰਵੀਦਾਸ ਨਗਰ, ਨੇੜੇ ਛੋਟੀ ਈਦਗਾਹ, ਬਰਕਤਪੁਰਾ ਰੋਡ, ਮਲੇਰਕੋਟਲਾ (5) **ਸ੍ਰੀਮਤੀ ਪਿੰਕੀ** ਸਪੁੱਤਰੀ ਸਵ. ਜੱਗੀ ਖਾਨ, ਵਾਰਡ ਨੰ. 10, ਰਵੀਦਾਸ ਨਗਰ, ਨੇੜੇ ਛੋਟੀ ਈਦਗਾਹ, ਬਰਕਤਪੁਰਾ ਰੋਡ, ਮਲੇਰਕੋਟਲਾ | ਵਸੀਕਾ ਨੰ. 2317 ਮਿਤੀ 06.12.2007 ਦੇ ਅਧੀਨ ਸ੍ਰੀ ਜੱਗੀ ਖਾਨ ਸਪੁੱਤਰ ਸ੍ਰੀ ਮੇਹਰ ਦੀਨ ਦੇ ਨਾਮ 'ਤੇ ਮਲੇਰਕੋਟਲਾ ਦੀ ਸਾਲ 2013-14 ਦੇ ਲਈ ਜਮ੍ਹਾਂਬੰਦੀ ਅਨੁਸਾਰ ਬਾਹਰਲੀ ਮਾਜਰੀ ਰਵੀਦਾਸ ਨਗਰ, ਮਲੇਰਕੋਟਲਾ ਵਿਖੇ ਸਥਿਤ ਖੇਵਟ ਨੰ. 2606/5090 ਤੋਂ 5092 ਖਸਰਾ ਨੰ. 168//17/2/1-10, 16/3/1-17, 24/1/1-17, 25/1ਮਿਨ/4-4.1/3, 168//25/1 ਮਿਨ/0-5, 168//25/1 ਮਿਨ/0-6.2/3 ਦੇ ਅਧੀਨ 10 ਕਨਾਲ -0 ਮਰਲੇ ਮਾਪ ਵਾਲੀ ਜ਼ਮੀਨ ਵਿਚੋਂ 19/600 ਹਿੱਸੇ ਵਜੋਂ ਭਾਵ 0 ਕਨਾਲ-6.1/3 ਮਰਲੇ (189.2/9 ਵਰਗ ਗਜ਼) ਮਾਪ ਵਾਲਾ ਮਕਾਨ। | Rs. 29,24,156.09 / 19.09.2022 / 01.02.2024 / ਭੌਤਿਕ ਕਬਜ਼ਾ | Rs. 19,85,000/- / Rs. 1,98,500/- / Rs. 10,000/- | 06.10.2025 11:00 Hrs. to 15:00 Hrs. / 15.10.2025 11:00 Hrs. to 15:00 Hrs. | ਮਿਸ ਹਰਮਨਦੀਪ ਕੌਰ M.: 7087421800 ਸ੍ਰੀ ਮੌਸਮ ਪਾਲ M.: 9817280079 |
| 3. | ਲੁਧਿਆਣਾ | ਕਰਜ਼ਦਾਰ (ਾਂ) :- (1) **ਸ੍ਰੀ ਪਰਮਿੰਦਰ ਸਿੰਘ** ਸਪੁੱਤਰ ਸ੍ਰੀ ਰਘਬੀਰ ਸਿੰਘ, ਪਿੰਡ ਸੋਹੀਆਂ, ਜ਼ਿਲ੍ਹਾ ਲੁਧਿਆਣਾ ਪੰਜਾਬ-141119 (2) **ਮੈਸ. ਆਰਓਸੀ ਫੂਡਜ਼ ਇੰਡਸਟ੍ਰੀਜ਼ ਪ੍ਰੋਪਰਾਈਟਰ- ਸ੍ਰੀ ਪਰਮਿੰਦਰ ਸਿੰਘ, ਮੁੱਖ ਦਫਤਰ** : ਪਿੰਡ ਕੁੱਪ ਕਲਾਂ, ਜ਼ਿਲ੍ਹਾ ਮਲੇਰਕੋਟਲਾ, ਪੰਜਾਬ-148024 | ਸ੍ਰੀ ਪਰਮਿੰਦਰ ਸਿੰਘ ਸਪੁੱਤਰ ਸ੍ਰੀ ਰਘਬੀਰ ਸਿੰਘ ਦੇ ਨਾਮ 'ਤੇ ਸਾਰੀ ਵਿਕਰੀ ਡੀਡ ਨੰ. 203 ਮਿਤੀ 13.06.2017, ਵਿਕਰੀ ਡੀਡ ਨੰ. 204 ਮਿਤੀ 13.06.2017 ਅਤੇ ਵਿਕਰੀ ਡੀਡ ਨੰ. 365 ਮਿਤੀ 04.09.2017 ਦੇ ਅਧੀਨ ਪੰਜੀਕ੍ਰਿਤ ਪਿੰਡ ਗੋਸਲ, ਉਪ ਤਹਿਸੀਲ ਮਲੌਦ ਵਿਖੇ ਸਥਿਤ 2 ਕਨਾਲ 6-9/10 ਮਰਲੇ (1418.725 ਵਰਗ ਗਜ਼) ਮਾਪ ਵਾਲੀ ਵਪਾਰਕ ਸੰਪੱਤੀ ਦੇ ਸਾਰੇ ਭਾਗ ਅਤੇ ਹਿੱਸੇ। | Rs. 40,42,751/- / 04.04.2022 / 09.06.2023 / ਭੌਤਿਕ ਕਬਜ਼ਾ | Rs. 24,05,000/- / Rs. 2,40,500/- / Rs. 10,000/- | 03.10.2025 11:00 Hrs. to 15:00 Hrs. / 15.10.2025 11:00 Hrs. to 15:00 Hrs. | ਮਿਸ ਹਰਮਨਦੀਪ ਕੌਰ M.: 7087421800 ਸ੍ਰੀ ਮੌਸਮ ਪਾਲ M.: 9817280079 |
| 4. | ਰੂਪਨਗਰ | ਕਰਜ਼ਦਾਰ (ਾਂ) :- **ਸ੍ਰੀ ਜਿਤੇਂਦਰ ਕੁਮਾਰ** ਸਪੁੱਤਰ ਸ੍ਰੀ ਛਿਦਾ ਸਿੰਘ, **ਪਤਾ 1 :- ਮਾਰਫਤ** ਸ਼ਰਮਾ ਸਟੋਰ, ਤਹਿਸੀਲ ਨੰਗਲ, ਜ਼ਿਲ੍ਹਾ ਰੂਪਨਗਰ, ਪੰਜਾਬ-140124 **ਪਤਾ 2 :- ਮਾਰਫਤ** ਗੁਰੂ ਕਿਰਪਾ ਮੈਡੀਕਲ ਲੈਬੋਰੇਟਰੀ, ਅੱਡਾ ਮਾਰਕੀਟ, ਤਹਿਸੀਲ ਨੰਗਲ, ਜ਼ਿਲ੍ਹਾ ਰੂਪਨਗਰ, ਪੰਜਾਬ-140124 **ਪਤਾ 3 :-** ਵਾਰਡ ਨੰ. 8 ਪਿੰਡ ਅਤੇ ਡਾਕਖਾਨਾ ਬਰਈ, ਤਹਿਸੀਲ ਨੰਗਲ, ਜ਼ਿਲ੍ਹਾ ਰੂਪਨਗਰ, ਪੰਜਾਬ 140125 | (1)ਵਿਕਰੀ ਡੀਡ ਨੰਬਰ 404 ਮਿਤੀ 30.06.2017 ਦੁਆਰਾ ਸਬ-ਰਜਿਸਟਰਾਰ ਦਫ਼ਤਰ ਨੰਗਲ, ਜ਼ਿਲ੍ਹਾ ਰੂਪਨਗਰ ਵਿਖੇ ਰਜਿਸਟਰ ਜ਼ਮੀਨ ਦੇ ਸਾਰੇ ਭਾਗ ਅਤੇ ਹਿੱਸੇ ਜੋ ਕਿ 0ਕੇ-08ਐਮ ਇਮਾਰਤ ਨੂੰ ਮਾਪ, ਹੇਠ ਲਿਖੇ ਵੇਰਵੇ ਅਨੁਸਾਰ ਉਸ ਉੱਤੇ ਬਣਾਈ ਗਈ ਹੈ:- (a) ਜ਼ਮੀਨ 0 ਕੇ-6 ਐਮ, ਜ਼ਮੀਨ 1ਕੇ-01ਐਮ ਦੇ 49/164 ਹਿੱਸੇ ਵਿੱਚ ਖਾਤਾ ਨੰਬਰ 275/321, ਖਸਰਾ ਨੰਬਰ 153(1-1) (ਨਵਾਂ - ਖਾਤਾ ਨੰਬਰ 339/297, ਖਤੌਨੀ ਨੰਬਰ 385, ਖਸਰਾ ਨੰਬਰ 153(1-1) ਸ਼ਾਮਲ ਹੈ ਜਿਸ ਵਿੱਚ ਪਿੰਡ ਤਲਵਾੜਾ ਐਚ.ਬੀ. ਨੰਬਰ 279, ਤਹਿਸੀਲ ਨੰਗਲ, ਜ਼ਿਲ੍ਹਾ ਰੂਪਨਗਰ ਵਿਖੇ ਸਥਿਤ, ਸਾਲ 2011-12 ਲਈ ਜਮ੍ਹਾਂਬੰਦੀ ਅਨੁਸਾਰ ਐਮ.ਸੀ. ਨੰਗਲ ਦੀ ਸੀਮਾ ਦੇ ਅੰਦਰ ਖਰੀਦੀ ਗਈ ਕੀਤੀ ਗਈ। (b) ਜ਼ਮੀਨ 0 ਕੇ-2 ਐਮ, ਜ਼ਮੀਨ 2ਕੇ-04ਐਮ ਦੇ 10/220 ਹਿੱਸੇ ਵਿੱਚ ਸ਼ਾਮਲ, ਖਾਤਾ ਨੰ. 568/729, ਖਸਰਾ ਨੰ. 642(2-4) (ਨਵਾਂ - ਖਾਤਾ ਨੰ. 624/581, ਖਤੌਨੀ ਨੰ. 777, ਖਸਰਾ ਨੰ. 642 (2-4)) ਪਿੰਡ ਤਲਵਾੜਾ ਵਿਖੇ ਸਥਿਤ ਐਚ.ਬੀ. ਨੰਬਰ 279, ਤਹਿਸੀਲ ਨੰਗਲ, ਜ਼ਿਲ੍ਹਾ ਰੂਪਨਗਰ ਨੇ ਸਬ-ਰਜਿਸਟਰਾਰ ਦਫ਼ਤਰ ਨੰਗਲ, ਜ਼ਿਲ੍ਹਾ ਰੂਪਨਗਰ ਵਿਖੇ ਰਜਿਸਟਰਡ ਵਿਕਰੀ ਡੀਡ ਨੰਬਰ 1224 ਮਿਤੀ 15.01.2018 ਦੇ ਤਹਿਤ ਐਮ.ਸੀ. ਨੰਗਲ ਦੀ ਹੱਦ ਅੰਦਰ ਸਾਲ 2011-12 ਲਈ ਜਮ੍ਹਾਂਬੰਦੀ ਦੇ ਅਨੁਸਾਰ ਖਰੀਦ ਕੀਤੀ। | Rs. 48,28,203/- / 13.05.2025 / 21.08.2025 / ਭੌਤਿਕ ਕਬਜ਼ਾ | Rs. 52,78,000/- / Rs. 5,27,800/- / Rs. 20,000/- | 16.10.2025 11:00 Hrs. to 15:00 Hrs. / 31.10.2025 11:00 Hrs. to 15:00 Hrs. | ਮਿਸ ਹਰਮਨਦੀਪ ਕੌਰ M.: 7087421800 ਸ੍ਰੀ ਮੌਸਮ ਪਾਲ M.: 9817280079 |

**ਇਹ ਪ੍ਰਕਾਸ਼ਨ ਉਕਤ ਕਰਜ਼ਦਾਰਾਂ ਅਤੇ ਜ਼ਾਮਨਾਂ ਦੇ ਲਈ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ 2002 ਦੇ ਨਿਯਮ 6 (2) ਅਤੇ 8 (6) ਦੇ ਅਧੀਨ ਇੱਕ ਸੂਚਨਾ ਵੀ ਹੈ।**

ਉਕਤ ਸੰਪੱਤੀਆਂ ਦੀ ਮਿਣਤੀ, ਹਾਲਾਂਕਿ ਸਾਈਟ 'ਤੇ ਬੋਲੀਕਾਰਾਂ ਵੱਲੋਂ ਅਤੇ ਨਿਲਾਮੀ ਵਿਚ ਭਾਗ ਲੈਣ ਤੋਂ ਪਹਿਲਾਂ ਮਾਲ ਅਧਿਕਾਰੀਆਂ ਦੇ ਰਿਕਾਰਡਾਂ ਤੋਂ ਵੀ ਪੜਤਾਲੀ ਜਾਵੇਗੀ। ਨਿਯਮ ਅਤੇ ਸ਼ਰਤਾਂ : ਈ- ਨਿਲਾਮੀ ਬੈਂਕ ਦੇ ਪ੍ਰਵਾਨਿਤ ਸਰਵਿਸ ਪ੍ਰੋਵਾਈਡਰ : **M/s PSB alliance Pvt. Ltd.** ਵੱਲੋਂ ਆਪਣੀ ਨਿਲਾਮੀ ਸਾਈਟ **https://baanknet.com**, ਸੰਪਰਕ ਫੋਨ : ਅਤੇ ਟੋਲ ਫ੍ਰੀ ਨੰਬਰ : 8291220220 ਅਤੇ ਈ-ਮੇਲ : **support.BAANKNET@psballiance.com** ਰਾਹੀਂ ਕੀਤੀ ਜਾਵੇਗੀ। ਆਨਲਾਈਨ ਈ-ਨਿਲਾਮੀ ਬੋਲੀ ਫਾਰਮ, ਐਲਾਨਨਾਮਾ, ਆਨਲਾਈਨ ਨਿਲਾਮੀ ਵਿਕਰੀ ਦੇ ਸਧਾਰਨ ਨਿਯਮ ਅਤੇ ਸ਼ਰਤਾਂ ਸਮੇਤ ਈ-ਨਿਲਾਮੀ ਟੈਂਡਰ ਦਸਤਾਵੇਜ਼ **https://baanknet.com** ਵਿਚ ਉਪਲਬਧ ਹਨ। ਇੱਛੁਕ ਬੋਲੀਕਾਰ ਲਾਗਇਨ ਆਈਡੀ ਅਤੇ ਪਾਸਵਰਡ ਰਾਹੀਂ (ਯੂਜ਼ਰ ਆਈ. ਡੀ. ਅਤੇ ਪਾਸਵਰਡ **https://baanknet.com** ਨਾਲ ਨਾਮ ਦੇ ਪੰਜੀਕਰਨ ਦੁਆਰਾ ਮੁਫਤ ਵਿਚ ਪ੍ਰਾਪਤ ਕੀਤੇ ਜਾ ਸਕਦੇ ਹਨ) ਵੈਬ ਪੋਰਟਲ : **https://baanknet.com** ਰਾਹੀਂ ਆਪਣੀ ਬਿਆਨਾ ਰਕਮ ਜਮ੍ਹਾਂ ਕਰਨਗੇ। ਬਿਆਨਾ ਰਕਮ ਨਿਮਨਲਿਖਤ ਖਾਤੇ ਵਿਚ ਨਿਲਾਮੀ ਸਾਈਟ 'ਤੇ **M/s PSB alliance Pvt. Ltd.** ਨਾਲ ਪੰਜੀਕ੍ਰਿਤ ਬੋਲੀਕਾਰ ਦੇ ਆਪਣੇ ਵੈਲੇਟ ਵਿਚ ਐਨਈਐਫਟੀ ਦੁਆਰਾ ਅਦਾਇਗੀਯੋਗ ਹੋਵੇਗੀ : ਕਿਰਪਾ ਕਰਕੇ ਨੋਟ ਕਰੋ ਕਿ ਬਿਆਨਾ ਰਕਮ **M/s PSB alliance Pvt. Ltd.** ਨਾਲ ਪੰਜੀਕ੍ਰਿਤ ਵੈਲੇਟ ਵਿਚ ਜਮ੍ਹਾਂ ਕਰਵਾਉਣੀ ਲਾਜ਼ਮੀ ਹੈ। ਸੁਰੱਖਿਅਤ ਕਰਜ਼ਦਾਤਾ ਦੀ ਜਾਣਕਾਰੀ ਵਿਚ ਸੰਪੱਤੀਆਂ 'ਤੇ ਕੋਈ ਦੇਣਦਾਰੀ ਨਹੀਂ ਹੈ। ਫਿਰ ਵੀ, ਇੱਛੁਕ ਬੋਲੀਕਾਰ ਆਪਣੀ ਬੋਲੀ ਪੇਸ਼ ਕਰਨ ਤੋਂ ਪਹਿਲਾਂ ਸੰਪੱਤੀ ਨੂੰ ਪ੍ਰਭਾਵਿਤ ਕਰਨ ਵਾਲੇ ਦਾਅਵੇ/ਅਧਿਕਾਰ/ਬਕਾਇਆਂ ਅਤੇ ਨਿਲਾਮੀ 'ਤੇ ਪਾਈ ਸੰਪੱਤੀ ਦੀ ਦੇਣਦਾਰੀ, ਮਾਲਕੀ ਸਬੰਧੀ ਆਪਣੀ ਸੁਤੰਤਰ ਪੁਛਗਿਛ ਜ਼ਰੂਰ ਕਰ ਲੈਣ। ਈ-ਨਿਲਾਮੀ ਇਸ਼ਤਿਹਾਰ ਬੈਂਕ ਦੀ ਕਿਸੇ ਵੀ ਵਚਨਬੱਧਤਾ ਜਾਂ ਕਿਸੇ ਵੀ ਪ੍ਰਤੀਨਿਧਤਾ ਦਾ ਗਠਨ ਨਹੀਂ ਕਰਦਾ ਹੈ ਅਤੇ ਗਠਨ ਨਹੀਂ ਕਰੇਗਾ। ਸੰਪੱਤੀ ਸਾਰੀਆਂ ਮੌਜੂਦਾ ਅਤੇ ਭਾਵੀ ਦੇਣਦਾਰੀਆਂ ਸਮੇਤ ਵੇਚੀ ਜਾ ਰਹੀ ਹੈ ਭਾਵੇਂ ਬੈਂਕ ਨੂੰ ਜਾਣੂੰ ਹੋਣ ਜਾਂ ਨਾ। ਅਧਿਕਾਰਤ ਅਧਿਕਾਰੀ/ਸੁਰੱਖਿਅਤ ਕਰਜ਼ਦਾਤਾ ਤੀਜੀ ਧਿਰ ਦੇ ਕਿਸੇ ਵੀ ਦਾਅਵੇ/ਅਧਿਕਾਰ/ਬਕਾਇਆਂ ਜਾਂ ਗਲਤ ਛਪਾਈ ਦੀ ਤਰੁੱਟੀ ਦੇ ਲਈ ਕਿਸੇ ਵੀ ਮਾਧਿਅਮ ਦੁਆਰਾ ਜ਼ਿੰਮੇਵਾਰ ਨਹੀਂ ਹੋਣਗੇ। ਵਿਕਰੀ **M/s PSB alliance Pvt. Ltd.** ਦੇ ਅਧੀਨ ਪ੍ਰਸਤਾਵਿਤ ਨਿਯਮ/ਸ਼ਰਤਾਂ ਨਾਲ ਸਬੰਧਤ ਹੋਵੇਗੀ।

ਮਿਤੀ : 24.09.2025 ਸਥਾਨ : ਚੰਡੀਗੜ੍ਹ ਅਧਿਕਾਰਤ ਅਧਿਕਾਰੀ

# ਪਰਾਲੀ ਸਾੜਨ ਤੋਂ ਬਚੋ, ਸਿਹਤ ਅਤੇ ਵਾਤਾਵਰਨ ਬਚਾਓ : ਸੌਂਦ

ਦੋਰਾਹਾ, 24 ਸਤੰਬਰ (ਅਮਰਜੀਤ ਸਿੰਘ ਸੰਧੂ): ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਵੱਲੋਂ ਬੁੱਧਵਾਰ ਨੂੰ ਪਿੰਡ ਦਹਿੜੂ, (ਖੰਨਾ) ਵਿਖੇ ਪਰਾਲੀ ਪ੍ਰਬੰਧਨ ਅਤੇ ਹਾੜੀ ਦੀਆਂ ਫ਼ਸਲਾਂ ਸਬੰਧੀ ਕਿਸਾਨਾਂ ਨੂੰ ਜਾਗਰੂਕ ਕਰਨ ਲਈ ਬਲਾਕ ਪੱਧਰੀ ਕਿਸਾਨ ਸਿਖਲਾਈ ਕੈਂਪ ਆਯੋਜਿਤ ਕੀਤਾ ਗਿਆ। ਇਸ ਕੈਂਪ ਵਿੱਚ ਪੰਜਾਬ ਦੇ ਪੇਂਡੂ ਵਿਕਾਸ ਤੇ ਪੰਚਾਇਤ, ਕਿਰਤ ਅਤੇ ਸੈਰ ਸਪਾਟਾ ਤੇ ਸੱਭਿਆਚਾਰਕ ਮਾਮਲਿਆਂ ਬਾਰੇ ਮੰਤਰੀ ਸ੍ਰੀ ਤਰੁਨਪ੍ਰੀਤ ਸਿੰਘ ਸੌਂਦ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ।

ਕੈਬਨਿਟ ਮੰਤਰੀ ਸ੍ਰੀ ਤਰੁਨਪ੍ਰੀਤ ਸਿੰਘ ਸੌਂਦ ਨੇ ਕਿਸਾਨਾਂ ਦੇ ਭਾਰੀ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਫਸਲਾਂ ਦੀ ਰਹਿੰਦ-ਖੂੰਹਦ ਨੂੰ ਅੱਗ ਲਾ ਕੇ ਸਾੜਨ ਨਾਲ ਜਿੱਥੇ ਵਾਤਾਵਰਣ ਵਿੱਚ ਵਿਗਾੜ ਪੈਦਾ ਹੁੰਦਾ ਹੈ ਉੱਥੇ ਇਸ ਤੋਂ ਪੈਦਾ ਹੋਣ ਵਾਲਾ ਪ੍ਰਦੂਸ਼ਣ ਮਨੁੱਖੀ ਸਿਹਤ, ਪਸ਼ੂਆਂ ਅਤੇ ਬਨਸਪਤੀ ਲਈ ਹਾਨੀਕਾਰਕ ਹੁੰਦਾ ਹੈ। ਉਨ੍ਹਾਂ ਕਿਸਾਨਾਂ ਨੂੰ ਕਿਹਾ ਕਿ ਉਹ ਝੋਨੇ ਦੀ ਪਰਾਲੀ ਨੂੰ ਅੱਗ ਲਗਾ ਕੇ ਸਾੜਨ ਦੀ ਬਜਾਏ ਨਵੀਆਂ ਇਜਾਦ ਕੀਤੀਆਂ ਖੇਤੀਬਾੜੀ ਮਸ਼ੀਨਾਂ ਨਾਲ ਸੁਚੱਜੀ ਸਾਂਭ-ਸੰਭਾਲ ਕਰਨ। ਉਨ੍ਹਾਂ ਕਿਹਾ ਕਿ ਸੂਬੇ ਵਿੱਚ ਮੁੱਖ ਮੰਤਰੀ ਪੰਜਾਬ ਸ੍ਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਕਿਸਾਨਾਂ ਦੇ ਨਾਲ ਖੜੀ ਹੈ ਅਤੇ ਹਰ ਬਣਦੀ ਸੰਭਵ ਮੱਦਦ ਕਿਸਾਨਾਂ ਨੂੰ ਦਿੱਤੀ ਜਾ ਰਹੀ ਹੈ। ਉਨ੍ਹਾਂ ਕਿਸਾਨਾਂ ਨੂੰ ਵਾਤਾਵਰਨ ਬਚਾਉਣ ਲਈ ਅੱਗੇ ਆਉਣ ਦਾ ਸੱਦਾ ਦਿੱਤਾ।

ਕੈਂਪ ਦੌਰਾਨ ਖੇਤੀਬਾੜੀ ਵਿਭਾਗ ਦੇ ਅਧਿਕਾਰੀਆਂ ਵੱਲੋਂ ਝੋਨੇ ਦੀ ਪਰਾਲੀ ਦੇ ਪ੍ਰਬੰਧਨ ਅਤੇ ਹਾੜ੍ਹੀ ਦੀਆਂ ਫ਼ਸਲਾਂ ਸਬੰਧੀ ਕਿਸਾਨਾਂ ਨਾਲ ਜਾਣਕਾਰੀ ਸਾਂਝੀ ਕੀਤੀ ਗਈ ਅਤੇ ਕਿਸਾਨਾਂ ਦੇ ਸਵਾਲਾਂ ਦੇ ਜੁਆਬ ਵੀ ਦਿੱਤੇ। ਇਸ ਮੌਕੇ ਖੇਤੀਬਾੜੀ ਵਿਭਾਗ ਵੱਲੋਂ ਖੇਤੀ ਮਿਸ਼ਨਰੀ ਅਤੇ ਫ਼ਸਲਾਂ ਦੀਆਂ ਬਿਮਾਰੀਆਂ ਸਬੰਧੀ ਦਵਾਈਆਂ ਦੀ ਪ੍ਰਦਰਸ਼ਨੀ ਵੀ ਲਗਾਈ ਗਈ।

ਇਸ ਮੌਕੇ ਚੇਅਰਮੈਨ ਮਾਰਕੀਟ ਕਮੇਟੀ ਖੰਨਾ ਜਗਤਾਰ ਸਿੰਘ ਗਿੱਲ ਰਤਨਹੇੜੀ, ਉਪ ਮੰਡਲ ਮੈਜਿਸਟਰੇਟ ਖੰਨਾ ਡਾ. ਬਲਜਿੰਦਰ ਸਿੰਘ ਢਿੱਲੋਂ, ਮੁੱਖ ਖੇਤੀਬਾੜੀ ਅਫ਼ਸਰ ਡਾ. ਗੁਰਦੀਪ ਸਿੰਘ, ਬਲਾਕ ਖੇਤੀਬਾੜੀ ਅਫ਼ਸਰ ਰਮਿੰਦਰ ਸਿੰਘ, ਨਾਇਬ ਤਹਿਸੀਲਦਾਰ ਮਨਪ੍ਰੀਤ ਸਿੰਘ, ਜ਼ਿਲ੍ਹਾ ਪਲਾਨਿੰਗ ਬੋਰਡ ਦੇ ਮੈਂਬਰ ਮਾਸਟਰ ਅਵਤਾਰ ਸਿੰਘ ਦਹਿੜੂ, ਕਿਸਾਨ ਵਿੰਗ ਦੇ ਪ੍ਰਧਾਨ ਯਾਦਵਿੰਦਰ ਸਿੰਘ ਬਿੱਟੂ ਲਿਬੜਾ, ਓ.ਐਸ.ਡੀ ਕਰਨ ਅਰੋੜਾ, ਐਡਵੋਕੇਟ ਮਨਦੀਪ ਸਿੰਘ ਨਾਗਰਾ, ਅਮਰਿੰਦਰ ਸਿੰਘ ਚਾਹਲ, ਇੰਜੀਨੀਅਰ ਅਮਨਪ੍ਰੀਤ ਸਿੰਘ ਘੁਈ, ਏ.ਡੀ.ਓ ਨਵਜੋਤ ਕੌਰ, ਏ.ਡੀ.ਓ ਰਘੁਨੀਤ ਕੌਰ, ਏ.ਡੀ.ਓ ਸੰਦੀਪ ਸਿੰਘ, ਏ.ਡੀ.ਓ ਸਤਨਾਮ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਕਿਸਾਨਾਂ ਨੇ ਸ਼ਮੂਲੀਅਤ ਕੀਤੀ।

# ਸੁਪਰ ਸਾਈਕਲ ਮਾਰਕੀਟ ਐਸੋ: ਦੀ ਮੀਟਿੰਗ

ਲੁਧਿਆਣਾ, 24 ਸਤੰਬਰ (ਰਵਿੰਦਰ ਸਿੰਘ ਨਿੱਝਰ) : ਸੁਪਰ ਸਾਈਕਲ ਮਾਰਕੀਟ ਵੈਲਫੇਅਰ ਐਸੋਸੀਏਸ਼ਨ ਗਿੱਲ ਰੋਡ ਵੱਲੋਂ ਇਕ ਮਹੱਤਵਪੂਰਨ ਮੀਟਿੰਗ ਦਾ ਆਯੋਜਨ ਐਸੋਸੀਏਸ਼ਨ ਦੇ ਜਨਰਲ ਸਕੱਤਰ ਇਕਬਾਲ ਸਿੰਘ ਦੀ ਦੇਖ ਰੇਖ ਹੇਠ ਕੀਤਾ ਗਿਆ। ਜਿਸ ਵਿੱਚ ਇਲਾਕਾ ਕੌਂਸਲਰ ਸੁਖਦੇਵ ਸਿੰਘ ਸੀਰਾ ਵਿਸ਼ੇਸ਼ ਤੌਰ 'ਤੇ ਪਹੁੰਚੇ। ਇਸ ਮੌਕੇ ਐਸੋਸੀਏਸ਼ਨ ਦੇ ਪ੍ਰਧਾਨ ਦਲੀਪ ਸਿੰਘ ਖੁਰਾਣਾ ਅਤੇ ਐਸੋਸੀਏਸ਼ਨ ਦੇ ਸਮੂਹ ਮੈਂਬਰਾਂ ਨੇ ਇੱਥੇ ਮਾਰਕੀਟ ਦੇ ਵਿਕਾਸ ਅਤੇ ਸੁਵਿਧਾਵਾਂ ਸਬੰਧੀ ਚਰਚਾ ਕੀਤੀ ਗਈ। ਐਸੋ: ਵੱਲੋਂ ਇਲਾਕਾ ਕੌਂਸਲਰ ਸੁਖਦੇਵ ਸਿੰਘ ਸੀਰਾ (ਵਾਰਡ ਨੰਬਰ 46) ਨੂੰ ਇੱਕ ਮੰਗ ਪੱਤਰ ਵੀ ਸੌਂਪਿਆ ਗਿਆ ਜਿਸ ਵਿੱਚ ਸਟਰੀਟ ਲਾਈਟਾਂ ਦੀ ਸਹੀ ਵਿਵਸਥਾ ਕਰਨ, ਮਾਰਕੀਟ ਵਿੱਚ ਸਾਫ-ਸਫਾਈ ਦਾ ਖਾਸ ਧਿਆਨ ਰੱਖਣ, ਟੁੱਟੀਆਂ ਗਲੀਆਂ ਦੀ ਮੁਰੰਮਤ ਅਤੇ ਨਵੀਆਂ ਸੜਕਾਂ ਦੇ ਨਿਰਮਾਣ ਦੀ ਮੰਗ ਰੱਖੀ ਗਈ। ਸੀਰਾ ਨੇ ਮਾਰਕੀਟ ਐਸੋਸੀਏਸ਼ਨ ਦੀਆਂ ਚਿੰਤਾਵਾਂ ਨੂੰ ਧਿਆਨ ਨਾਲ ਸੁਣਿਆ ਅਤੇ ਭਰੋਸਾ ਦਿਵਾਇਆ ਕਿ ਉਹ ਇਨ੍ਹਾਂ ਸਾਰੀਆਂ ਮੰਗਾਂ ਨੂੰ ਕਾਰਪੋਰੇਸ਼ਨ ਅਧਿਕਾਰੀਆਂ ਅੱਗੇ ਰੱਖ ਕੇ ਜਲਦੀ ਕਾਰਵਾਈ ਕਰਵਾਉਣਗੇ। ਅੰਤ ਵਿੱਚ ਐਸੋਸੀਏਸ਼ਨ ਵੱਲੋਂ ਕੌਂਸਲਰ ਦਾ ਧੰਨਵਾਦ ਕਰਦਿਆਂ ਸਨਮਾਨ ਵੀ ਕੀਤਾ ਗਿਆ।

# ਲੁਧਿਆਣਾ ਸ਼ਹਿਰੀ ਕਾਂਗਰਸ ਦੀ ਪ੍ਰਧਾਨਗੀ ਲਈ ਅੱਧੀ ਦਰਜ਼ਨ ਤੋਂ ਵੱਧ ਉਮੀਦਵਾਰ ਕਤਾਰ ਵਿੱਚ




ਲੁਧਿਆਣਾ, 24 ਸਤੰਬਰ (ਰਵਿੰਦਰ ਸਿੰਘ ਨਿੱਝਰ): ਕੁਲ ਹਿੰਦ ਕਾਂਗਰਸ ਕਮੇਟੀ ਵੱਲੋਂ ਸ਼ੁਰੂ ਕੀਤੇ ਗਏ ਸੰਗਠਨ ਸਿਰਜਨ ਅਭਿਆਨ ਤਹਿਤ ਹਾਈ ਕਮਾਂਡ ਵੱਲੋਂ ਲੁਧਿਆਣਾ ਸ਼ਹਿਰੀ ਲਈ ਨਿਯੁਕਤ ਕੀਤੀ ਗਈ। ਸ੍ਰੀਮਤੀ ਕ੍ਰਿਸ਼ਨਾ ਤੀਰਥ ਸਾਬਕਾ ਮੰਤਰੀ ਕੇਂਦਰ ਸਰਕਾਰ ਨੇ ਪ੍ਰੈਸ ਕਾਨਫਰੰਸ ਦੌਰਾਨ ਕਿਹਾ ਕਿ ਇਸ ਵਾਰ ਜ਼ਿਲ੍ਹਾ ਕਾਂਗਰਸ ਕਮੇਟੀਆਂ ਕਾਂਗਰਸੀ ਅਹੁਦੇਦਾਰਾਂ ਅਤੇ ਵਰਕਰਾਂ ਦੀ ਸਲਾਹ ਨਾਲ ਬਣਾਈਆਂ ਜਾਣਗੀਆਂ। ਕ੍ਰਿਸ਼ਨ ਤੀਰਥ ਨੇ ਮੰਨਿਆ ਕਿ ਹੋ ਸਕਦਾ ਹੈ ਕਈ ਦੂਜੇ ਸੂਬਿਆਂ ਵਿੱਚ ਪਾਰਟੀ ਆਗੂਆਂ ਵਿੱਚ ਕੋਈ ਕਮੀ ਹੋਵੇ, ਜਿਸ ਕਾਰਨ ਲੋਕਾਂ ਨੇ ਦੂਜੀਆਂ ਸਿਆਸੀ ਪਾਰਟੀਆਂ ਨੂੰ ਸੱਤਾ ਸੌਂਪਣੀ ਠੀਕ ਸਮਝੀ। ਉਨ੍ਹਾਂ ਕਿਹਾ ਕਿ ਇਸੇ ਕਾਰਨ ਕਾਂਗਰਸ ਹਾਈ ਕਮਾਂਡ ਵੱਲੋਂ ਕਾਂਗਰਸੀ ਵਰਕਰਾਂ ਦੇ ਵਿਚਾਰ ਸੁਣਨ ਅਤੇ ਹੋਈਆਂ ਗਲਤੀਆਂ ਨੂੰ ਸੁਧਾਰਨ ਲਈ ਅਬਜਰਵਰ ਭੇਜੇ ਗਏ ਹਨ ਤਾਂ ਜੋ ਉਹਨਾਂ ਦੀ ਸਲਾਹ ਨਾਲ ਜ਼ਿਲ੍ਹਾ ਪ੍ਰਧਾਨ ਅਤੇ ਬਾਕੀ ਦੇ ਅਹੁਦੇਦਾਰ ਲਗਾਏ ਜਾ ਸਕਣ। ਕਾਂਗਰਸ ਵਿੱਚ ਧੜ੍ਹੇਬੰਦੀ ਦੇ ਸਵਾਲ ਨੂੰ ਟਾਲਦੇ ਹੋਏ ਉਹਨਾਂ ਕਿਹਾ ਕਿ ਕਾਂਗਰਸ ਪਾਰਟੀ ਵਿੱਚ ਕੋਈ ਧੜ੍ਹੇਬੰਦੀ ਨਹੀਂ, ਪ੍ਰੰਤੂ ਛੋਟੇ ਮੋਟੇ ਝਗੜੇ ਹਰੇਕ ਘਰ ਅਤੇ ਸਿਆਸੀ ਪਾਰਟੀ ਵਿੱਚ ਚਲਦੇ ਰਹਿੰਦੇ ਹਨ ਉਹਨਾਂ ਕਿਹਾ ਕਿ ਸਾਡੇ ਵੱਲੋਂ ਜਿਲਾ ਪ੍ਰਧਾਨਗੀ ਦੇ ਚਾਹਵਾਨਾਂ ਦਾ ਇੱਕ ਪੈਨਲ ਬਣਾ ਕੇ ਕਾਂਗਰਸ ਹਾਈ ਕਮਾਂਡ ਨੂੰ ਭੇਜ ਦਿੱਤਾ ਜਾਵੇਗਾ ਜਿਨਾਂ ਵਿੱਚੋਂ ਇੱਕ ਨੂੰ ਜ਼ਿਲ੍ਹਾ ਪ੍ਰਧਾਨ ਨਿਯੁਕਤ ਕਰ ਦਿੱਤਾ ਜਾਵੇਗਾ। ਇਸ ਮੀਟਿੰਗ ਵਿੱਚ ਹਲਕਾ ਆਤਮ ਨਗਰ ਦੇ ਬਹੁਤੇ ਸੀਨੀਅਰ ਆਗੂਆਂ ਦੀ ਗੈਰ ਹਾਜ਼ਰੀ ਚਰਚਾ ਦਾ ਵਿਸ਼ਾ ਬਣੀ, ਜਦੋਂ ਇੱਕ ਆਗੂ ਨੂੰ ਪੁੱਛਿਆ ਗਿਆ ਤਾਂ ਉਸਨੇ ਆਖਿਆ ਕਿ ਸਾਨੂੰ ਕੋਈ ਸੱਦਾ ਪੱਤਰ ਹੀ ਨਹੀਂ ਆਇਆ ਬਿਨਾਂ ਸੱਦਾ ਪੱਤਰ ਤੋਂ ਅਸੀਂ ਕਿਵੇਂ ਜਾਂਦੇ। ਇਸ ਮੌਕੇ ਤੇ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਵੱਲੋਂ ਨਿਯੁਕਤ ਕੀਤੇ ਗਏ ਅਬਜ਼ਰਵਰ ਤੇ ਪੰਜਾਬ ਮਹਿਲਾ ਕਾਂਗਰਸ ਦੀ ਸਾਬਕਾ ਪ੍ਰਧਾਨ ਮਮਤਾ ਦੱਤਾ, ਜਸਪ੍ਰੀਤ ਸਿੰਘ ਕਲਾਲਮਾਜਰਾ, ਜ਼ਿਲਾ ਕਾਂਗਰਸ ਕਮੇਟੀ ਲੁਧਿਆਣਾ ਸ਼ਹਿਰੀ ਦੇ ਪ੍ਰਧਾਨ ਸੰਜੇ ਤਲਵਾੜ, ਲੁਧਿਆਣਾ ਯੂਥ ਕਾਂਗਰਸ ਦੇ ਪ੍ਰਧਾਨ ਹਰਜਿੰਦਰ ਸਿੰਘ ਹੈਪੀ ਲਾਲੀ, ਕਾਂਗਰਸ ਸੇਵਾ ਦਲ ਪੰਜਾਬ ਦੇ ਸਾਬਕਾ ਪ੍ਰਧਾਨ ਅਤੇ ਕੌਂਸਲਰ ਨਿਰਮਲ ਕੈੜਾ, ਪੰਜਾਬ ਯੂਥ ਕਾਂਗਰਸ ਦੇ ਸਕੱਤਰ ਚਰਨਜੋਤ ਸਿੰਘ ਕਿਟੂ ਅਤੇ ਤਿਲਕਰਾਜ ਸੋਨੂ ਆਦਿ ਵੀ ਹਾਜ਼ਰ ਸਨ।

# ਬੁੱਢੇਵਾਲ ਸੜਕ 'ਤੇ ਬਣੀ ਟਾਇਰਾਂ 'ਚੋਂ ਤੇਲ ਕੱਢਣ ਵਾਲੀ ਫੈਕਟਰੀ ਦੇ ਪ੍ਰਦੂਸ਼ਨ ਤੋਂ ਰਾਹਗੀਰ ਪ੍ਰੇਸ਼ਾਨ

## ਲੋਕਾਂ 'ਚ ਟਾਇਰਾਂ ਦੇ ਧੂਏਂ ਤੋਂ ਫੈਲ ਰਹੀਆਂ ਸਾਹ ਦੀਆਂ ਬਿਮਾਰੀਆਂ



ਸਾਹਨੇਵਾਲ ਕੁਹਾੜਾ, 24 ਸਤੰਬਰ (ਕੁਲਦੀਪ ਸਿੰਘ ਕੁਹਾੜਾ): ਚੰਡੀਗੜ੍ਹ-ਲੁਧਿਆਣਾ ਮਾਰਗ ਤੋਂ ਪਿੰਡ ਬੁੱਢੇਵਾਲ ਨੂੰ ਜਾਂਦੀ ਸੜ੍ਹਕ ਉਤੇ ਟਾਇਰਾਂ ਨੂੰ ਸਾੜ੍ਹਕੇ ਉਹਨਾਂ ਵਿੱਚੋਂ ਤੇਲ ਕੱਢਣ ਵਾਲੀ ਫੈਕਟਰੀ ਦੇ ਧੂੰਏਂ ਨਾਲ ਫੈਲਦੇ ਪ੍ਰਦੂਸ਼ਨ ਤੋਂ ਸਵੇਰੇ ਸਵੇਰੇ ਆਪਣੇ ਕੰਮਾਂ ਕਾਰਾਂ ਨੂੰ ਜਾਣ ਵਾਲੇ ਰਾਹਗੀਰ ਪ੍ਰੇਸ਼ਾਨ ਹਨ।ਇਸ ਸੜ੍ਹਕ ਤੋਂ ਰੋਜ਼ਾਨਾ ਹੀ ਸਵੇਰ ਮੌਕੇ ਪਿੰਡ ਬੁੱਢੇਵਾਲ ਵਿਖੇ ਬਣੇ ਨਨਕਾਣਾ ਸਾਹਿਬ ਸੀਨੀਅਰ ਸੈਕੰਡਰੀ ਸਕੂਲ ਤੇ ਇਸ ਸੜ੍ਹਕ 'ਤੇ ਪੈਂਦੇ ਹੋਰ ਸਕੂਲਾਂ ਦੇ ਬੱਚਿਆਂ ਨੂੰ ਵੀ ਇਸ ਫੈਕਟਰੀ ਦੇ ਮੂਹਰੋਂ ਦੀ ਗੁਜ਼ਰਨਾ ਪੈਂਦਾ ਹੈ।ਇਸ ਫੈਕਟਰੀ ਦੇ ਧੂੰਏਂ ਵਿੱਚੋ ਨਿਕਲਦੀ ਮੀਥੇਨ ਗੈਸ ਤੋਂ ਨਾਲ ਲੱਗਦੀ ਕਲੋਨੀ ਵਿੱਚ ਰਹਿੰਦੇ ਕਈ ਲੋਕਾਂ ਨੂੰ ਸਾਹ ਲੈਣ ਵਿੱਚ ਪ੍ਰੇਸ਼ਾਨੀ ਵੀ ਆ ਰਹੀ ਹੈ ।ਭਾਵੇਂ ਇਹਨਾਂ ਫੈਕਟਰੀ ਨੂੰ ਪ੍ਰਦੂਸ਼ਣ ਵਿਭਾਗ ਵੱਲੋਂ ਪ੍ਰਦੂਸ਼ਣ ਨਾ ਫੈਲਾਉਣ ਦੀਆਂ ਸਖ਼ਤ ਹਦਾਇਤਾਂ ਦਿੱਤੀਆਂ ਗਈਆਂ ਹਨ ਪਰ ਇਸ ਫੈਕਟਰੀ ਵੱਲੋਂ ਪ੍ਰਦਰਸ਼ਨ ਵਿਭਾਗ ਦੀਆਂ ਹਦਾਇਤਾਂ ਦੀਆਂ ਧੱਜੀਆਂ ਉਡਾਕੇ ਸ਼ਰੇਆਮ ਪ੍ਰਦੂਸ਼ਣ ਫ਼ੈਲਾਇਆ ਦਾ ਰਿਹਾ ਹੈ,ਜਿਸ ਵੱਲ ਪ੍ਰਦੂਸ਼ਨ ਵਿਭਾਗ ਦਾ ਕੋਈ ਵੀ ਧਿਆਨ ਨਹੀਂ ਹੈ ।

ਕੀ ਕਹਿਣਾ ਪ੍ਰਦੂਸ਼ਨ ਵਿਭਾਗ ਦਾ-ਜਦੋਂ ਇਸ ਸਬੰਧੀ ਐਸ ਈ ਹਰਵਿੰਦਰ ਸਿੰਘ ਭੱਟੀ ਨਾਲ ਉਹਨਾਂ ਦੇ ਮੋਬਾਇਲ ਫੋਨ 'ਤੇ ਗੱਲ ਕੀਤੀ ਤਾਂ ਉਹਨਾਂ ਕਿਹਾ ਕਿ ਅਸੀਂ ਆਪਣੇ ਦਫਤਰ ਵੱਲੋਂ ਉਹਨਾਂ ਫੈਕਟਰੀ ਵਾਲਿਆਂ ਨੂੰ ਲਿਖਤੀ ਨੋਟਿਸ ਜਾਰੀ ਕੀਤਾ ਹੈ ਹੁਣ ਅਸੀਂ ਟੀਮ ਭੇਜ ਕੇ ਇਸ ਦੀ ਜਾਂਚ ਕਰਵਾ ਰਹੇ ਹਾਂ ਜਾਂਚ ਉਪਰੰਤ ਇਸ ਫੈਕਟਰੀ ਖਿਲਾਫ਼ ਬਣਦੀ ਕਾਰਵਾਈ ਕੀਤੀ ਜਾਵੇਗੀ ।

# ਹਰਕੁਨਵਰ ਨੇ ਸੀ.ਟੀ.ਯੂ. ਨੂੰ ਅਮਰੀਕਾ ਵਿੱਚ ਅੰਤਰਰਾਸ਼ਟਰੀ ਖੇਡ ਮੈਪ 'ਤੇ ਲਿਆ




ਲੁਧਿਆਣਾ, 24 ਸਤੰਬਰ (ਵਿਸ਼ਾਲ ਸ਼ਰਮਾ): ਸੀ.ਟੀ ਯੂਨੀਵਰਸਿਟੀ ਗਰਵ ਨਾਲ ਇਹ ਸੂਚਨਾ ਦਿੰਦੀ ਹੈ ਕਿ ਯੂਨੀਵਰਸਿਟੀ ਦੇ ਪ੍ਰਤਿਭਾਸ਼ਾਲੀ ਟੇਬਲ ਟੈਨਿਸ ਖਿਡਾਰੀ ਹਰਕੁਨਵਰ ਸਿੰਘ ਨੂੰ WTT ਯੂਥ ਕੰਟੈਂਡਰ ਚੈਂਪੀਅਨਸ਼ਿਪ, ਕੈਲਿਫ਼ੋਰਨੀਆ, USA ਵਿੱਚ ਭਾਰਤ ਦਾ ਪ੍ਰਤੀਨਿਧਤਵ ਕਰਨ ਲਈ ਚੁਣਿਆ ਗਿਆ ਹੈ।

ਇਸ ਪ੍ਰਤਿਸ਼ਠਿਤ ਇਵੈਂਟ ਵਿੱਚ ਭਾਰਤ ਤੋਂ ਕੁੱਲ 11 ਖਿਡਾਰੀ (4 ਮਹਿਲਾ, 7 ਪੁਰਸ਼) ਭਾਗ ਲੈਣਗੇ, ਜਿਸ ਵਿੱਚ ਹਰਕੁਨਵਰ ਸਿੰਘ ਦੇਸ਼ ਦੇ ਸਭ ਤੋਂ ਚਮਕਦੇ ਹੋਏ ਨੌਜਵਾਨ ਟੈਲੈਂਟਾਂ ਵਿੱਚੋਂ ਇੱਕ ਵਜੋਂ ਉਭਰ ਕੇ ਸਾਹਮਣੇ ਆ ਰਹੇ ਹਨ। ਇਹ ਉਪਲੱਬਧੀ ਸੀ ਟੀ ਯੂਨੀਵਰਸਿਟੀ ਖੇਡ ਵਿਭਾਗ ਦੇ ਸਮਰਪਿਤ ਯਤਨਾਂ ਦਾ ਨਤੀਜਾ ਹੈ, ਜਿਸਦਾ ਨੇਤ੍ਰਿਤਵ ਗੁਰਦੀਪ ਸਿੰਘ, ਹੈਡ ਆਫ਼ ਸਪੋਰਟਸ ਡਿਪਾਰਟਮੈਂਟ ਅਤੇ ਇੰਜੀਨੀਅਰ ਦਿਵੇਂਦਰ ਸਿੰਘ, ਡਾਇਰੈਕਟਰ DSW ਕਰ ਰਹੇ ਹਨ। ਉਹਨਾਂ ਦੀ ਲਗਾਤਾਰ ਪ੍ਰੋਤਸਾਹਨ ਅਤੇ ਵਿਦਿਆਰਥੀਆਂ ਨੂੰ ਖੇਡਾਂ ਵਿੱਚ ਮਹਾਨਤਾ ਪ੍ਰਾਪਤ ਕਰਨ ਲਈ ਮਿਲੀ ਸਹਾਇਤਾ ਨੇ ਇਹ ਸਫ਼ਲਤਾ ਸੰਭਵ ਬਣਾਈ। ਸੀ ਟੀ ਯੂਨੀਵਰਸਿਟੀ ਦੇ ਪ੍ਰੋ. ਚਾਂਸਲਰ, ਡਾ. ਮਨਬੀਰ ਸਿੰਘ ਨੇ ਖੁਸ਼ੀ ਜ਼ਾਹਰ ਕਰਦਿਆਂ ਕਿਹਾ ਅਸੀਂ ਹਰਕੁਨਵਰ ਦੀ ਇਸ ਉਪਲਬਧੀ 'ਤੇ ਬਹੁਤ ਗਰਵ ਮਹਿਸੂਸ ਕਰ ਰਹੇ ਹਾਂ। ਉਸਦਾ ਅੰਤਰਰਾਸ਼ਟਰੀ ਸਤਰ 'ਤੇ ਚੋਣ ਹੋਣਾ ਸਿਰਫ਼ ਨਿੱਜੀ ਸਫ਼ਲਤਾ ਨਹੀਂ ਹੈ, ਬਲਕਿ ਪੂਰੇ ਸੀਟੀ ਯੂਨੀਵਰਸਿਟੀ ਪਰਿਵਾਰ ਲਈ ਗਰਵ ਦਾ ਪਲ ਹੈ। ਇਹ ਸਾਡੇ ਅਕਾਦਮਿਕ ਅਤੇ ਖੇਡ ਦੋਹਾਂ ਖੇਤਰਾਂ ਵਿੱਚ ਵਿਸ਼ਵ-ਸਤਰੀਅ ਮੌਕੇ ਦੇਣ ਦੇ ਪ੍ਰਤੀ ਸਖ਼ਤ ਵਾਅਦੇ ਨੂੰ ਦਰਸਾਉਂਦਾ ਹੈ। ਸੀ ਟੀ ਯੂਨੀਵਰਸਿਟੀ ਦੇ ਵਾਈਸ ਚੇਅਰਮੈਨ, ਹਰਪਰੀਤ ਸਿੰਘ ਨੇ ਆਪਣੇ ਵਿਚਾਰ ਸਾਂਝੇ ਕਰਦਿਆਂ ਕਿਹਾ ਖੇਡਾਂ ਹਮੇਸ਼ਾਂ ਹੀ ਸੀ ਟੀ ਯੂਨੀਵਰਸਿਟੀ ਦੇ ਵਿਜ਼ਨ ਦਾ ਇੱਕ ਮਜ਼ਬੂਤ ਸਤੰਭ ਰਹੀਆਂ ਹਨ। ਹਰਕੁਨਵਰ ਦੀ ਸਫ਼ਲਤਾ ਇਹ ਸਾਬਤ ਕਰਦੀ ਹੈ ਕਿ ਜਦੋਂ ਪ੍ਰਤਿਭਾ ਨੂੰ ਅਨੁਸ਼ਾਸਨ, ਸਮਰਪਣ ਅਤੇ ਸੰਸਥਾਗਤ ਸਹਿਯੋਗ ਮਿਲਦਾ ਹੈ ਤਾਂ ਇਹ ਵਿਸ਼ਵ ਪੱਧਰ 'ਤੇ ਪ੍ਰਤਿਸ਼ਠਾ ਹਾਸਲ ਕਰ ਸਕਦੀ ਹੈ। ਸਾਨੂੰ ਪੂਰਾ ਵਿਸ਼ਵਾਸ ਹੈ ਕਿ ਇਸ ਸਫ਼ਲਤਾ ਨਾਲ ਹੋਰ ਵਿਦਿਆਰਥੀ ਪ੍ਰੇਰਿਤ ਹੋਣਗੇ ਅਤੇ ਆਪਣੇ ਸੁਪਨਿਆਂ ਨੂੰ ਸਾਕਾਰ ਕਰਨਗੇ। ਇਸ ਅੰਤਰਰਾਸ਼ਟਰੀ ਚੋਣ ਦੇ ਨਾਲ ਸੀ ਟੀ ਯੂਨੀਵਰਸਿਟੀ ਆਪਣੇ ਵਿਦਿਆਰਥੀਆਂ ਨੂੰ ਖੇਡ ਅਤੇ ਸਿੱਖਿਆ ਦੋਹਾਂ ਵਿੱਚ ਮਹਾਨਤਾ ਪ੍ਰਾਪਤ ਕਰਨ ਲਈ ਪੂਰਾ ਸਮਰਥਨ ਦੇਣ ਦੀ ਆਪਣੀ ਵਚਨਬੱਧਤਾ ਨੂੰ ਦੁਬਾਰਾ ਸਾਬਤ ਕਰਦੀ ਹੈ।

# ਗੁਰਦੁਆਰਾ ਸ੍ਰੀ ਮੰਜੀ ਸਾਹਿਬ ਆਲਮਗੀਰ ਵਿਖੇ ਧਾਰਮਿਕ ਸਮਾਗਮ




ਲੁਧਿਆਣਾ, 24 ਸਤੰਬਰ (ਕਰਨੈਲ ਸਿੰਘ ਐੱਮ.ਏ.): ਸਾਹਿਬ-ਏ-ਕਮਾਲ, ਪੰਥ ਦੇ ਵਾਲੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਚਰਨ-ਛੋਹ ਪ੍ਰਾਪਤ ਅਸਥਾਨ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਆਲਮਗੀਰ ਵਿਖੇ ਸਮਾਗਮ ਵਿੱਚ ਉੱਘੇ ਢਾਡੀ ਅਤੇ ਕਵੀਸ਼ਰੀ ਜਥਿਆਂ ਨੇ ਸੰਗਤਾਂ ਨੂੰ ਗੁਰੂ ਇਤਿਹਾਸ ਨਾਲ ਜੋੜ ਕੇ ਗੁਰੂ ਸਾਹਿਬ ਵੱਲੋਂ ਦਰਸਾਏ ਮਾਰਗ 'ਤੇ ਚੱਲਣ ਲਈ ਪ੍ਰੇਰਿਤ ਕੀਤਾ। ਰਾਗੀ ਜਥਿਆਂ ਨੇ ਗੁਰਬਾਣੀ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਗੁਰਦੁਆਰਾ ਸ੍ਰੀ ਮੰਜੀ ਸਾਹਿਬ ਆਲਮਗੀਰ ਦੇ ਸਮੂਹ ਪ੍ਰਬੰਧਕਾਂ ਵੱਲੋਂ ਆਏ ਕੀਰਤਨੀ, ਢਾਡੀ ਅਤੇ ਕਵੀਸ਼ਰੀ ਜਥਿਆਂ ਨੂੰ ਗੁਰੂ ਘਰ ਦੀ ਬਖਸ਼ਿਸ਼ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ। ਇਸ ਮੌਕੇ ਗੁਰਦੁਆਰਾ ਸਾਹਿਬ ਦੇ ਮੈਨੇਜਰ ਹਰਦੀਪ ਸਿੰਘ ਗਿੱਲ, ਮੀਤ ਮੈਨੇਜਰ ਭੁਪਿੰਦਰ ਸਿੰਘ ਜੋਸ਼ੀ, ਮੁੱਖ ਗ੍ਰੰਥੀ ਗਿਆਨੀ ਬਲਵਿੰਦਰ ਸਿੰਘ, ਅਮਨਦੀਪ ਸਿੰਘ ਖਜ਼ਾਨਚੀ, ਤਲਵਿੰਦਰ ਸਿੰਘ ਮੁਲਤਾਨੀ ਰਿਕਾਰਡ ਕੀਪਰ, ਮਨਪ੍ਰੀਤ ਸਿੰਘ ਅਕਾਊਂਟੈਂਟ, ਭਾਈ ਰਵਿੰਦਰ ਸਿੰਘ, ਬਾਬਾ ਗੁਰਮੀਤ ਸਿੰਘ ਸਹਾਇਕ ਗ੍ਰੰਥੀ, ਪ੍ਰਗਟ ਸਿੰਘ ਗਰੇਵਾਲ, ਅਵਤਾਰ ਸਿੰਘ ਰਾਜੂ ਵੀਰ ਜੀ, ਦਿਲਪ੍ਰੀਤ ਸਿੰਘ, ਵਰਿੰਦਰ ਸਿੰਘ, ਬਲਜੀਤ ਸਿੰਘ, ਦਿਲਬਾਗ ਸਿੰਘ, ਸਿਕੰਦਰ ਸਿੰਘ, ਤਰਨਬੀਰ ਸਿੰਘ ਤੇ ਵੱਡੀ ਤਾਦਾਦ ਵਿੱਚ ਸੰਗਤਾਂ ਨੇ ਸੰਗਤੀ ਰੂਪ 'ਚ ਗੁਰਬਾਣੀ ਕੀਰਤਨ ਸਰਵਣ ਕੀਤਾ।

# ਗੀਤਕਾਰ ਟੱਲੇਵਾਲੀਆ ਦਾ ਲਿਖਿਆ ਗੀਤ 'ਸੂਰਜ' ਪਾਲੀ ਦੇਤਵਾਲੀਆ ਦੀ ਆਵਾਜ਼ 'ਚ ਰਿਲੀਜ਼





ਲੁਧਿਆਣਾ, 24 ਸਤੰਬਰ (ਰਵਿੰਦਰ ਸਿੰਘ ਨਿੱਝਰ) : ਉੱਘੇ ਗੀਤਕਾਰ, ਲੇਖਕ ਤੇ ਇੰਜੀਨੀਅਰ ਵਰਿੰਦਰ ਟੱਲੇਵਾਲੀਆ ਦਾ ਲਿਖਿਆ ਗੀਤ ਸੂਰਜ ਪੰਜਾਬੀ ਦੇ ਨਾਮਵਰ ਗਾਇਕ ਪਾਲੀ ਦੇਤਵਾਲੀਆ ਦੀ ਆਵਾਜ਼ ਵਿੱਚ ਰਿਲੀਜ਼ ਕੀਤਾ ਗਿਆ ਹੈ। ਟੱਲੇਵਾਲੀਆ ਨੇ ਦੱਸਿਆ ਕਿ ਇਸ ਗੀਤ ਦਾ ਸੰਗੀਤ ਬਿੰਦਾ ਕੈਂਥ ਨੇ ਤਿਆਰ ਕੀਤਾ ਹੈ ਅਤੇ ਇਸ ਦੀ ਵੀਡੀਓ ਅਵਤਾਰ ਧਾਮਾ ਦੀ ਨਿਰਦੇਸ਼ਨਾ ਹੇਠ ਬਣਾਈ ਗਈ ਹੈ। ਟੱਲੇਵਾਲੀਆ ਨੇ ਇਸ ਗੀਤ ਨੂੰ ਅੰਜਾਮ ਤੱਕ ਪਹੁੰਚਾਉਣ ਵਿੱਚ ਸਹਿਯੋਗ ਦੇਣ ਵਾਲੇ ਪੰਜਾਬ ਕੰਟੇਨਰ ਐਂਡ ਵੇਅਰ ਹਾਊਸਿੰਗ ਕਾਰਪੋਰੇਸ਼ਨ ਪੰਜਾਬ ਸਰਕਾਰ ਦੇ ਡਾਇਰੈਕਟਰ ਰਵਿੰਦਰ ਪਾਲ ਸਿੰਘ ਪਾਲੀ, ਕੁਲਦੀਪ ਸਿੰਘ ਦੁੱਗਲ, ਕੇਵਲ ਸਿੰਘ ਹੀਰਾ, ਅਮਰੀਕ ਸਿੰਘ ਤਲਵੰਡੀ, ਬਲਬੀਰ ਸਿੰਘ ਮਾਨ ਅਤੇ ਡਾ: ਪੂਰਨ ਅਗਰਵਾਲ ਆਦਿ ਦਾ ਧੰਨਵਾਦ ਕੀਤਾ ਹੈ।

# ਪਵਨ ਦੀਵਾਨ ਨੇ ਸ੍ਰੀ ਹਨੂੰਮਾਨ ਮੰਦਿਰ ਵਿਖੇ ਮੱਥਾ ਟੇਕਿਆ



ਲੁਧਿਆਣਾ, 24 ਸਤੰਬਰ (ਰਵਿੰਦਰ ਸਿੰਘ ਨਿੱਝਰ) : ਮਾਤਾ ਰਾਣੀ ਦੇ ਨਰਾਤਿਆਂ ਦੇ ਸ਼ੁਭ ਮੌਕੇ 'ਤੇ, ਜ਼ਿਲ੍ਹਾ ਕਾਂਗਰਸ ਕਮੇਟੀ ਲੁਧਿਆਣਾ ਸ਼ਹਿਰੀ ਦੇ ਸਾਬਕਾ ਪ੍ਰਧਾਨ ਪਵਨ ਦੀਵਾਨ ਨੇ ਜੋਸ਼ੀ ਨਗਰ, ਹੈਬੋਵਾਲ ਕਲਾਂ ਸਥਿਤ ਸਿੱਧ ਪੀਠ ਮਹਾਬਲੀ ਸੰਕਟ ਮੋਚਨ ਸ਼੍ਰੀ ਹਨੂੰਮਾਨ ਮੰਦਿਰ ਵਿਖੇ ਮੱਥਾ ਟੇਕਿਆ। ਮੰਦਰ ਕਮੇਟੀ ਵੱਲੋਂ ਉਨ੍ਹਾਂ ਨੂੰ ਯਾਦਗਾਰੀ ਚਿੰਨ੍ਹ ਵੀ ਭੇਟ ਕੀਤਾ ਗਿਆ।ਦੀਵਾਨ ਨੇ ਕਿਹਾ ਕਿ ਉਹ ਬਹੁਤ ਖੁਸ਼ਕਿਸਮਤ ਹਨ ਕਿ ਉਨ੍ਹਾਂ ਨੂੰ ਭਗਵਾਨ ਹਨੂੰਮਾਨ ਦਾ ਆਸ਼ੀਰਵਾਦ ਪ੍ਰਾਪਤ ਕਰਨ ਅਤੇ ਇਸ ਪਵਿੱਤਰ ਸਥਾਨ ਦੇ ਦਰਸ਼ਨ ਕਰਨ ਦਾ ਮੌਕਾ ਮਿਲਿਆ। ਉਨ੍ਹਾਂ ਨੇ ਸੰਕਟ ਮੋਚਨ ਸ਼੍ਰੀ ਹਨੂੰਮਾਨ ਪ੍ਰਤੀ ਸ਼ਰਧਾ ਅਤੇ ਸੇਵਾ ਲਈ ਮੰਦਰ ਕਮੇਟੀ ਦੀ ਵੀ ਸ਼ਲਾਘਾ ਕੀਤੀ।ਇਸ ਮੌਕੇ 'ਤੇ, ਮੰਦਰ ਕਮੇਟੀ ਵੱਲੋਂ ਅਨੁਜ ਮਦਨ ਅਤੇ ਰਿਸ਼ਭ ਜੈਨ ਨੇ ਦੀਵਾਨ, ਇੰਦਰਜੀਤ ਕਪੂਰ ਅਤੇ ਐਨਆਰਆਈ ਸੁਨੀਲ ਬਜਾਜ ਨੂੰ ਸਨਮਾਨ ਚਿੰਨ੍ਹ ਭੇਟ ਕੀਤੇ।

# ਸਰਕਾਰੀ ਸਹੂਲਤਾਂ ਦੀ ਉਡੀਕ 'ਚ ਸਕ੍ਰੈਪ ਟਰੇਡਰਜ਼ : ਖੁਰਾਣਾ



ਲੁਧਿਆਣਾ, 24 ਸਤੰਬਰ (ਰਵਿੰਦਰ ਸਿੰਘ ਨਿੱਝਰ) : ਲੁਧਿਆਣਾ ਸਕਰੈਪ ਟ੍ਰੇਡਰਜ਼ ਐਸੋਸੀਏਸ਼ਨ ਵੱਲੋਂ ਕੇਂਦਰ ਸਰਕਾਰ ਵੱਲੋਂ ਹਾਲ ਹੀ ਵਿੱਚ ਜੀਐਸਟੀ ਦਰਾਂ ਵਿੱਚ ਕੀਤੀਆਂ ਗਈਆਂ ਤਬਦੀਲੀਆਂ ਦਾ ਸਵਾਗਤ ਕੀਤਾ ਗਿਆ ਹੈ। ਐਸੋਸੀਏਸ਼ਨ ਦੇ ਪ੍ਰਧਾਨ ਜਤਿੰਦਰਪਾਲ ਸਿੰਘ ਖੁਰਾਣਾ ਅਤੇ ਚੇਅਰਮੈਨ ਜਰਨੈਲ ਸਿੰਘ ਖੇੜਾ ਬੰਟੂ ਨੇ ਕਿਹਾ ਕਿ ਇਹ ਤਬਦੀਲੀਆਂ ਕਾਰੋਬਾਰੀਆਂ ਲਈ ਕੁਝ ਹੱਦ ਤੱਕ ਰਾਹਤ ਵਾਲੀਆਂ ਸਾਬਤ ਹੋਣਗੀਆਂ। ਉਨ੍ਹਾਂ ਕਿਹਾ ਕਿ ਸਕਰੈਪ ਟ੍ਰੇਡ ਨਾਲ ਜੁੜੇ ਉਦਯੋਗ, ਦੇਸ਼ ਦੀ ਅਰਥਵਿਵਸਥਾ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ ਪਰ ਇਸ ਖੇਤਰ ਨੂੰ ਅਜੇ ਵੀ ਸਰਕਾਰਾਂ ਵੱਲੋਂ ਮਿਲਣ ਵਾਲੀਆਂ ਸਹੂਲਤਾਂ ਦੀ ਕਮੀ ਮਹਿਸੂਸ ਹੋ ਰਹੀ ਹੈ ਜਿਹੜੀਆਂ ਹੋਰ ਉਦਯੋਗਾਂ ਨੂੰ ਪ੍ਰਾਪਤ ਹਨ। ਐਸੋਸੀਏਸ਼ਨ ਆਗੂਆਂ ਨੇ ਸਰਕਾਰ ਨੂੰ ਅਪੀਲ ਕੀਤੀ ਕਿ ਸਕਰੈਪ ਟ੍ਰੇਡ ਨਾਲ ਸੰਬੰਧਤ ਉਦਯੋਗ ਲਈ ਵੱਖਰੀ ਨੀਤੀ ਤਹਿਤ ਰਾਹਤਾਂ ਅਤੇ ਸਹਾਇਤਾ ਯਕੀਨੀ ਬਣਾਈ ਜਾਵੇ । ਉਨ੍ਹਾਂ ਸਰਕਾਰ ਨੂੰ ਅਪੀਲ ਕੀਤੀ ਕਿ ਉਦਯੋਗ ਦੀਆਂ ਅਸਲ ਜ਼ਰੂਰਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਲੰਮੇ ਸਮੇਂ ਦੀ ਯੋਜਨਾ ਬਣਾਈ ਜਾਵੇ।

# ਦੋ ਦਿਨਾਂ ਮੁਫ਼ਤ ਆਕੂਪੰਚਰ ਡਾਕਟਰੀ ਕੈਂਪ 26 ਨੂੰ ਪੀਏਯੂ ਦੇ ਮੇਲੇ ਵਿੱਚ



ਲੁਧਿਆਣਾ, 24 ਸਤੰਬਰ (ਰਵਿੰਦਰ ਸਿੰਘ ਨਿੱਝਰ) : ਡਾ. ਕੋਟਨੀਸ ਚੈਰੀਟੇਬਲ ਹਸਪਤਾਲ ਸਲੇਮ ਟਾਬਰੀ ਵੱਲੋਂ ਭਾਰਤੀ ਮੈਡੀਕਲ ਮਿਸ਼ਨ ਚੀਨ 1938-1942 ਦੀ 87ਵੀਂ ਵਰ੍ਹੇਗੰਢ ਅਤੇ ਡਾ.ਕੋਟਨੀਸ ਦੀ 50 ਵੀਂ ਵਰ੍ਹੇਗੰਢ ਪੂਰੇ ਹੋਣ ਤੇ ਭਾਰਤ ਦੇ ਵੱਖ ਵੱਖ ਰਾਜਾਂ ਵਿੱਚ ਫਰੀ ਕੈਂਪਾਂ ਦੀ ਲੜੀ ਲਾਈ ਜਾਵੇਗੀ, ਜਿਸ ਦੀ ਪਹਿਲੀ ਸ਼ੁਰੂਆਤ ਭਾਰਤ ਦੇ ਅਨਦਾਤਾ ਅਤੇ ਪੰਜਾਬ ਦੇ ਕਿਸਾਨਾਂ ਨੂੰ ਸਮਰਪਿਤ ਦੋ ਦਿਨ ਫਰੀ ਐਕੂਪੰਚਰ ਮੈਡੀਕਲ ਕੈਂਪ ਪੰਜਾਬ ਐਗਰੀਕਲਚਰ ਯੂਨੀਵਰਸਿਟੀ ਵਿੱਚ ਕਿਸਾਨ ਮੇਲੇ ਮੌਕੇ 'ਤੇ 26 ਅਤੇ 27 ਸਤੰਬਰ ਨੂੰ ਡਾ. ਇੰਦਰਜੀਤ ਸਿੰਘ (ਵਿਸ਼ਵ ਸਿਹਤ ਸੰਗਠਨ) ਦੀ ਰਹਿਨੁਮਾਈ ਹੇਠ ਲਗਾਇਆ ਜਾਵੇਗਾ । ਉਪਰੋਕਤ ਜਾਣਕਾਰੀ ਦਿੰਦਿਆਂ ਡਾਕਟਰ ਇੰਦਰਜੀਤ ਨੇ ਦੱਸਿਆ ਕਿ ਕੈਂਪ ਵਿੱਚ ਹਰ ਪ੍ਰਕਾਰ ਦੀਆਂ ਪੁਰਾਣੀਆਂ ਬਿਮਾਰੀਆਂ ਸਰਵਾਈਕਲ ਦਰਦ ,ਗਰਦਨ ਦੀ ਅਕੜਨ ,ਗੀ ਦਾ ਦਰਦ ,ਕਮਰ ਦਰਦ, ਗੋਡਿਆਂ ਦਾ ਦਰਦ ,ਪੰਜਾਬ ਦੀ ਨੌਜਵਾਨ ਪੀੜੀ ਨੂੰ ਨਸ਼ਾ ਮੁਕਤ ,ਮਾਨਸਿਕ ਪਰੇਸ਼ਾਨੀਆ ਅਤੇ ਹੜ੍ਹਾਂ ਦੀ ਵਜਹਾ ਤੋਂ ਪੇਟ ਦੀਆਂ ਬਿਮਾਰੀਆਂ ਦਮਾਂ ਸਾਹ ਰੋਗ ਚਮੜੀ ਰੋਗ ਆਦੀ ਦਾ ਇਲਾਜ ਕੀਤਾ ਜਾਵੇਗਾ ਇਹ ਜਾਣਕਾਰੀ ਹਸਪਤਾਲ ਦੇ ਜਰਨਲ ਸਕੱਤਰ ਡਾ< ਇਕਬਾਲ ਸਿੰਘ ਗਿੱਲ ਹਾਈ ਪੀਐਸ ਰਿਟਾਇਰਡ (ਆਈ ਜੀ)ਅਤੇ ਸਰਦਾਰ ਜਸਵੰਤ ਸਿੰਘ ਛਾਪਾ ਪ੍ਰਧਾਨ ਸਰਬਤ ਦਾ ਭਲਾ ਚੈਰੀਟੇਬਲ ਟਰੱਸਟ ਲੁਧਿਆਣਾ ਨੇ ਦਿੱਤੀ ਇਹ ਕੈਂਪ ਐਗਰੀਕਲਚਰ ਯੂਨੀਵਰਸਿਟੀ ਵਿੱਚ ਕਿਸਾਨ ਮੇਲੇ ਮੌਕੇ ਸਵੇਰੇ 9 ਤੋਂ ਸ਼ਾਮ 6 ਵਜੇ ਤੱਕ ਲਗਾਇਆ ਜਾਵੇਗਾ ਇਹ ਦੋ ਦਿਨਾਂ ਵਿੱਚ ਇਲਾਜ ਕਰਵਾਉਣ ਵਾਲੇ ਕਿਸਾਨਾਂ ਭਰਾਵਾਂ ਦਾ ਬਾਕੀ ਰਹਿੰਦਾ ਇਲਾਜ ਸਲੇਮ ਟਾਬਰੀ ਹਸਪਤਾਲ ਵਿੱਚ ਕੀਤਾ ਜਾਵੇਗਾ।

# ਲੋਕਾਂ ਦੀ ਮੱਦਦ ਲਈ ਅਸੀਂ ਵਚਨਬੱਧ, ਰਾਹਤ ਅਤੇ ਪੁਨਰ ਨਿਰਮਾਣ ਦੇ ਸਮਰਥਨ ਕਰਨ ਲਈ : ਨਿਊ ਸਵੈਨ



ਲੁਧਿਆਣਾ,24 ਸਤੰਬਰ (ਵਿਸ਼ਾਲ ਸ਼ਰਮਾ): ਹਾਲ ਹੀ ਵਿੱਚ ਆਏ ਹੜ੍ਹਾਂ ਨੇ ਪੰਜਾਬ ਵਿੱਚ ਅਕਲਪਿਤ ਤਬਾਹੀ ਮਚਾਈ ਹੈ - ਪਿੰਡ, ਘਰ, ਸਕੂਲ, ਅਤੇ ਅਣਗਿਣਤ ਪਰਿਵਾਰਾਂ ਦੀ ਮਿਹਨਤ ਨਾਲ ਕਮਾਈ ਗਈ ਬੱਚਤ ਵਹਿ ਗਈ ਹੈ। ਇਸ ਮੁਸ਼ਕਲ ਸਮੇਂ ਵਿੱਚ ਲੋਕਾਂ ਦੇ ਨਾਲ ਖੜ੍ਹੇ, ਨਿਊ ਸਵੈਨ ਹੜ੍ਹ ਸ਼ੁਰੂ ਹੋਣ ਤੋਂ ਬਾਅਦ ਖੁੱਲ੍ਹੇ ਦਿਲ ਨਾਲ ਯੋਗਦਾਨ ਪਾ ਰਿਹਾ ਹੈ। ਅੱਜ, ਉਨ੍ਹਾਂ ਪੰਜਾਬ ਦੇ ਮਾਨਯੋਗ ਮੁੱਖ ਮੰਤਰੀ, ਸ. ਭਾਗਵਤ ਸਿੰਘ ਮਾਨ ਨੂੰ ਉਦਯੋਗ ਮੰਤਰੀ ਸ਼੍ਰੀ ਸੰਜੀਵ ਅਰੋੜਾ ਦੀ ਮੌਜੂਦਗੀ ਵਿੱਚ, ਉਦਯੋਗ ਦੇ ਸ਼ੁਭਚਿੰਤਕਾਂ ਦੇ ਨਾਲ ਚੈੱਕ ਸੌਂਪੇ ਅਤੇ ਕਿਹਾ ਕਿ ਇਨ੍ਹਾਂ ਲੋਕਾਂ ਦੀ ਮੱਦਦ ਅਸੀਂ ਵਚਨਬੱਧ ਹਾਂ, ਰਾਹਤ ਅਤੇ ਪੁਨਰ ਨਿਰਮਾਣ ਦੇ ਯਤਨਾਂ ਦਾ ਸਮਰਥਨ ਕਰਨ ਲਈ।

# ਵਿਧਾਇਕ ਸਿੱਧੂ ਵੱਲੋਂ ਸੜਕ ਨਿਰਮਾਣ ਕਾਰਜਾਂ ਦਾ ਉਦਘਾਟਨ



ਲੁਧਿਆਣਾ, 24 ਸਤੰਬਰ (ਵਿਸ਼ਾਲ ਸ਼ਰਮਾ): ਵਿਧਾਨ ਸਭਾ ਹਲਕਾ ਆਤਮ ਨਗਰ ਤੋਂ ਵਿਧਾਇਕ ਕੁਲਵੰਤ ਸਿੰਘ ਸਿੱਧੂ ਵੱਲੋਂ ਵਾਰਡ ਨੰਬਰ 42 ਵਿਖੇ ਸੜਕ ਨਿਰਮਾਣ ਕਾਰਜ਼ਾਂ ਦਾ ਉਦਘਾਟਨ ਕੀਤਾ ਗਿਆ। ਇਸ ਮੌਕੇ ਉਨ੍ਹਾਂ ਦੇ ਨਾਲ ਨਗਰ ਨਿਗਮ ਮੇਅਰ ਪ੍ਰਿੰਸੀਪਲ ਇੰਦਰਜੀਤ ਕੌਰ, ਕੌਂਸਲਰ ਜਗਮੀਤ ਸਿੰਘ ਨੋਨੀ, ਕੌਂਸਲਰ ਮਨੀ ਭਗਤ ਅਤੇ ਸੁਖਵਿੰਦਰ ਸਿੰਘ ਗਿੱਲ ਤੋ ਇਲਾਵਾ ਵੱਡੀ ਗਿਣਤੀ ਵਿੱਚ ਇਲਾਕਾ ਨਿਵਾਸੀ ਵੀ ਮੌਜੂਦ ਸਨ। ਇਸ ਮੌਕੇ ਵਿਧਾਇਕ ਕੁਲਵੰਤ ਸਿੰਘ ਸਿੱਧੂ ਨੇ ਕਿਹਾ ਕਿ ਹਲਕਾ ਆਤਮ ਨਗਰ ਅਧੀਨ ਗਿੱਲ ਰੋਡ ਵਿਖੇ ਏ.ਟੀ.ਆਈ. ਤੋਂ ਇੱਟਾਂ ਵਾਲੇ ਚੌਕ ਤੱਕ ਆਰ.ਐਮ.ਸੀ. ਸੜਕ ਦਾ ਨਿਰਮਾਣ ਕਰਵਾਇਆ ਜਾ ਰਿਹਾ ਹੈ ਜਿਸ 'ਤੇ ਕਰੀਬ 96 ਲੱਖ ਰੁਪਏ ਖਰਚ ਕੀਤੇ ਜਾਣਗੇ। ਇਸ ਤੋਂ ਇਲਾਵਾ ਕਰੀਬ 89 ਲੱਖ ਰੁਪਏ ਦੀ ਲਾਗਤ ਨਾਲ, ਇੱਟਾਂ ਵਾਲੇ ਚੌਕ ਤੋਂ ਬੇਦੀ ਚੌਕ ਤੱਕ ਦੀ ਸੜਕ ਦਾ ਵੀ ਨਿਰਮਾਣ ਕਰਵਾਇਆ ਜਾ ਰਿਹਾ ਹੈ। ਵਿਧਾਇਕ ਸਿੱਧੂ ਨੇ ਕਿਹਾ ਕਿ ਇਨ੍ਹਾਂ ਸੜਕਾਂ ਦੇ ਨਿਰਮਾਣ ਤੋਂ ਬਾਅਦ ਆਵਾਜਾਈ ਸੁਚਾਰੂ ਹੋਵੇਗੀ ਅਤੇ ਇਲਾਕਾ ਨਿਵਾਸੀਆਂ ਨੂੰ ਰਾਹਤ ਮਿਲੇਗੀ। ਵਿਧਾਨ ਸਭਾ ਹਲਕਾ ਆਤਮ ਨਗਰ ਨੂੰ ਵਿਕਾਸ ਪੱਖੋਂ ਮੋਹਰੀ ਬਣਾਉਣ ਦੀ ਵਚਨਬੱਧਤਾ ਨੂੰ ਦੁਹਰਾਉਂਦੇ ਹੋਏ ਵਿਧਾਇਕ ਸਿੱਧੂ ਅਤੇ ਉਨ੍ਹਾ ਦੀ ਟੀਮ ਨੇ ਕਿਹਾ ਕਿ ਨਵੀਂ ਸੜਕ ਦਾ ਨਿਰਮਾਣ ਜੰਗੀ ਪੱਧਰ 'ਤੇ ਕਰਵਾਇਆ ਜਾਵੇਗਾ ਅਤੇ ਇਹ ਯਕੀਨੀ ਬਣਾਇਆ ਜਾ ਰਿਹਾ ਹੈ ਕਿ ਹਲਕੇ ਵਿੱਚ ਕੋਈ ਸੜਕ ਮੁਰੰਮਤ ਤੋਂ ਵਾਂਝੀ ਨਾ ਰਹੇ। ਉਨ੍ਹਾ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਪਿੰਡਾਂ ਦੇ ਨਾਲ ਸ਼ਹਿਰਾਂ ਦੇ ਵਿੱਚ ਵੀ ਸੜਕ ਕੁਨੇਕਟੀਵਿਟੀ ਨੂੰ ਬਿਹਤਰ ਬਣਾਉਣ ਲਈ ਲਗਾਤਾਰ ਉਪਰਾਲੇ ਕੀਤੇ ਜਾ ਰਹੇ ਹਨ। ਵਿਧਾਇਕ ਕੁਲਵੰਤ ਸਿੰਘ ਸਿੱਧੂ ਨੇ ਸਪੱਸ਼ਟ ਕੀਤਾ ਕਿ ਸੂਬੇ ਵਿੱਚ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵਸਨੀਕਾਂ ਨੂੰ ਬੁਨਿਆਦੀ ਸਹੂਲਤਾਂ ਮੁਹੱਈਆ ਕਰਵਾਉਣ ਲਈ ਵਚਨਬੱਧ ਹੈ। ਇਸ ਮੌਕੇ ਅਜੀਤ ਸਿੰਘ ਬੱਬੀ, ਅਵਤਾਰ ਸਿੰਘ ਕੰਡਾ, ਰਾਜੇਸ਼ ਸੋਨੀ, ਡਾ.ਰਮਨ ਅਰੋੜਾ, ਬਲਵਿੰਦਰ ਸਿੰਘ ਹਾਂਡਾ, ਦਲਜੀਤ ਸਿੰਘ ਏ ਡੀ, ਲੱਕੀ ਸੋਹਲ, ਵਿਨੋਦ ਸ਼ਰਮਾ, ਜਸਵੀਰ ਸਿੰਘ ਕਲਸੀ, ਘੁੱਗੀ ਜੀ, ਸੁਰਿੰਦਰ ਸਿੰਘ, ਬਲਵੀਰ ਸਿੰਘ, ਸ਼ੀਲਾ ਕਰਿਆਨਾ ਸਟੋਰ ਵਾਲੇ, ਹਰਦੇਵ ਸਿੰਘ, ਰਾਕੇਸ਼ ਕੁਮਾਰ ਬਾਵਾ, ਜਗਦੀਸ਼ ਸਿੰਘ, ਸਤਨਾਮ ਸਿੰਘ ਗਰੇਵਾਲ ਵੀ ਮੌਜੂਦ ਸਨ।

# ਇੱਕ ਕਰੋੜ 86 ਲੱਖ ਦੀ ਲਾਗਤ ਨਾਲ ਬਣਨ ਵਾਲੀ ਏ.ਟੀ.ਆਈ. ਰੋਡ ਦਾ ਹੋਇਆ ਉਦਘਾਟਨ




ਲੁਧਿਆਣਾ, 24 ਸਤੰਬਰ (ਰਵਿੰਦਰ ਸਿੰਘ ਨਿੱਝਰ): ਏਟੀਆਈ ਲਾਈਟਾਂ ਵਾਲੇ ਚੌਕ ਤੋਂ ਬੇਦੀ ਚੌਕ ਤੱਕ ਲਗਭਗ ਸਵਾ ਦੋ ਕਿਲੋਮੀਟਰ ਲੰਬੀ ਆਰਐਮਸੀ ਦੀ ਬਣਾਈ ਜਾਣ ਵਾਲੀ ਏਟੀਆਈ ਰੋਡ ਦਾ ਉਦਘਾਟਨ ਹਲਕਾ ਆਤਮ ਨਗਰ ਦੇ ਵਿਧਾਇਕ ਕੁਲਵੰਤ ਸਿੰਘ ਸਿੱਧੂ ਨੇ ਕੀਤਾ। ਸਮਾਗਮ ਦਾ ਸਮੁੱਚਾ ਪ੍ਰਬੰਧ ਵਾਰਡ 42 ਦੇ ਕੌਂਸਲਰ ਜਗਮੀਤ ਸਿੰਘ ਨੋਨੀ ਦੁਆਰਾ ਕੀਤਾ ਗਿਆ। ਇਸ ਸਮਾਗਮ ਵਿੱਚ ਨਗਰ ਨਿਗਮ ਦੀ ਮੇਅਰ ਇੰਦਰਜੀਤ ਕੌਰ, ਵਾਰਡ ਨੰਬਰ 41 ਦੀ ਕੌਂਸਲਰ ਮਮਤਾ ਰਾਣੀ, ਵਾਰਡ 46 ਦੇ ਕੌਂਸਲਰ ਸੋਹਣ ਸਿੰਘ ਗੋਗਾ ਅਤੇ ਸੀਨੀਅਰ ਆਪ ਆਗੂ ਮਨੀ ਭਗਤ ਤੇ ਰਜੇਸ਼ ਸੋਨੀ ਵਿਸ਼ੇਸ਼ ਤੌਰ ਤੇ ਸ਼ਾਮਿਲ ਹੋਏ। ਨੋਨੀ ਨੇ ਦੱਸਿਆ ਕਿ ਵਾਰਡ ਨੰਬਰ 42 ਅਤੇ 46 ਵਿੱਚੋਂ ਲੰਘਣ ਵਾਲੀ ਇਸ ਸੜਕ ਨੂੰ ਜਲਦੀ ਤੋਂ ਜਲਦੀ ਮੁਕੰਮਲ ਕੀਤਾ ਜਾਵੇਗਾ। ਵਿਧਾਇਕ ਸਿੱਧੂ ਨੇ ਆਖਿਆ ਕਿ ਵਾਰਡ ਦੀ ਕੋਈ ਸੜਕ ਕੱਚੀ ਨਹੀਂ ਰਹਿਣ ਦਿੱਤੀ ਜਾਏਗੀ। ਹਲਕਾ ਆਤਮ ਨਗਰ ਦੇ ਬੀਸੀ ਬਿੰਗ ਦੇ ਪ੍ਰਧਾਨ ਅਵਤਾਰ ਸਿੰਘ ਕੰਡਾ ਨੇ ਇਸ ਮੌਕੇ ਕਿਹਾ ਕਿ ਹਲਕੇ ਵਿੱਚ ਵਿਕਾਸ ਦੇ ਕੰਮ ਜੰਗੀ ਪੱਧਰ ਤੇ ਚੱਲ ਰਹੇ ਹਨ। ਕੌਂਸਲਰ ਗੋਗਾ, ਕੌਂਸਲਰ ਮਮਤਾ ਰਾਣੀ ਅਤੇ ਮਨੀ ਭਗਤ ਨੇ ਆਖਿਆ ਕਿ ਆਮ ਆਦਮੀ ਪਾਰਟੀ ਵੱਲੋਂ ਲੋਕ ਪੰਜਾਬ ਦੇ ਲੋਕਾਂ ਨੂੰ ਦਿੱਤੀਆਂ ਜਾ ਰਹੀਆਂ ਸਹੂਲਤਾਂ ਕਾਰਣ ਪੰਜਾਬ ਦੀ ਜਨਤਾ ਵਿੱਚ ਭਾਰੀ ਉਤਸਾਹ ਹੈ ਅਤੇ 2027 ਦੀਆਂ ਚੋਣਾਂ ਵਿੱਚ ਪਾਰਟੀ ਸੁਪਰੀਮੋ ਅਰਵਿੰਦ ਕੇਜਰੀਵਾਲ ਅਤੇ ਮੁੱਖ ਮੰਤਰੀ ਭਗਵੰਤ ਮਾਨ ਦੀ ਰਹਿਨੁਮਾਈ ਹੇਠ ਪਾਰਟੀ ਇੱਕ ਵਾਰ ਮੁੜ ਵੱਡੇ ਪੱਧਰ ਤੇ ਜਿੱਤ ਹਾਸਲ ਕਰੇਗੀ। ਇਸ ਮੌਕੇ ਬਲਵਿੰਦਰ ਸਿੰਘ ਹਾਂਡਾ, ਦਲਜੀਤ ਸਿੰਘ ਏਡੀ, ਡਾ ਰਮਨ ਅਰੋੜਾ, ਹਰਜਿੰਦਰ ਸਿੰਘ ਬਿੱਲੂ, ਲੱਕੀ ਸੋਹਲ, ਵਿਨੋਦ ਸ਼ਰਮਾ, ਜਸਬੀਰ ਸਿੰਘ ਕਲਸੀ, ਘੁੱਗੀ, ਸੁਰਿੰਦਰ ਸਿੰਘ, ਬਲਬੀਰ ਸਿੰਘ ਰਾਜਾ, ਅਜੀਤ ਸਿੰਘ ਬੱਬੀ, ਸ਼ੀਲਾ, ਹਰਦੇਵ ਸਿੰਘ, ਰਕੇਸ਼ ਕੁਮਾਰ ਬਾਵਾ, ਕਰਨੈਲ ਸਿੰਘ ਜੋਸਨ, ਜਗਦੀਸ਼ ਸਿੰਘ, ਬਲਬੀਰ ਸਿੰਘ, ਸਤਨਾਮ ਸਿੰਘ ਗਰੇਵਾਲ, ਜਰਨੈਲ ਸਿੰਘ, ਸ਼ੇਖਰ ਸ਼ਰਮਾ, ਵਿਪਨ ਸੇਠੀ, ਸੁਖਵਿੰਦਰ ਸਿੰਘ ਮਨੀ ਅਤੇ ਮਨੋਜ ਕੁਮਾਰ ਆਦਿ ਹਾਜਰ ਸਨ। ਅਖੀਰ ਤੇ ਨੋਨੀ ਦੇ ਸਭ ਦਾ ਧੰਨਵਾਦ ਕੀਤਾ।

# ਜਮਹੂਰੀ ਫਰੰਟ ਵੱਲੋਂ ਨਕਸਲੀ ਆਗੂਆਂ ਨੂੰ 'ਮੁਕਾਬਲਿਆਂ' ਦੇ ਨਾਂ ਹੇਠ ਮਾਰਨ ਦੀ ਸਖ਼ਤ ਨਿੰਦਾ

ਲੁਧਿਆਣਾ, 24 ਸਤੰਬਰ, (ਰਵਿੰਦਰ ਸਿੰਘ ਨਿੱਝਰ): ਅੱਜ ਇੱਥੇ ਪ੍ਰੈੱਸ ਬਿਆਨ ਜਾਰੀ ਕਰਕੇ ਓਪਰੇਸ਼ਨ ਗ੍ਰੀਨ ਹੰਟ ਵਿਰੋਧੀ ਜਮਹੂਰੀ ਫਰੰਟ ਦੇ ਕਨਵੀਨਰਾਂ ਡਾ. ਪਰਮਿੰਦਰ, ਪ੍ਰੋਫੈਸਰ ਏ.ਕੇ.ਮਲੇਰੀ, ਬੂਟਾ ਸਿੰਘ ਮਹਿਮੂਦਪੁਰ ਅਤੇ ਯਸ਼ਪਾਲ ਨੇ 22 ਸਤੰਬਰ ਨੂੰ ਛੱਤੀਸਗੜ੍ਹ ਦੇ ਨਾਰਾਇਣਪੁਰ ਜ਼ਿਲ੍ਹੇ ਦੇ ਜੰਗਲਾਂ ਵਿਚ ਕਥਿਤ ਮੁਕਾਬਲੇ ਵਿਚ ਸੀਪੀਆਈ (ਮਾਓਵਾਦੀ) ਦੇ ਦੋ ਕੇਂਦਰੀ ਕਮੇਟੀ ਮੈਂਬਰਾਂ ਸਤਿਆਨਾਰਾਇਣ ਰੈੱਡੀ ਅਤੇ ਕੇ. ਰਾਮਚੰਦਰ ਰੈੱਡੀ ਨੂੰ ਕਤਲ ਕਰਨ ਦੀ ਸਖ਼ਤ ਸ਼ਬ<ਦਾਂ ਵਿਚ ਨਿਖੇਧੀ ਕੀਤੀ ਹੈ। ਉਨ੍ਹਾਂ ਕਿਹਾ ਕਿ ਮਾਓਵਾਦੀ ਲਹਿਰ ਨੂੰ ਰਾਜਨੀਤਕ ਮਸਲੇ ਵਜੋਂ ਲੈਣ ਦੀ ਬਜਾਏ ਭਾਰਤੀ ਹੁਕਮਰਾਨ ਕਰੂਰ ਕਤਲੇਆਮ ਰਾਹੀਂ ਦਬਾਉਣ ਅਤੇ ਆਪਣੇ ਹੀ ਲੋਕਾਂ ਦੀਆਂ ਲਾਸ਼ਾਂ ਵਿਛਾਉਣ ਦੇ ਰਾਹ ਪਏ ਹੋਏ ਹਨ। ਜੰਗਲੀ-ਪਹਾੜੀ ਇਲਾਕਿਆਂ ਨੂੰ ਦਹਾਕਿਆਂ ਤੋਂ ਸੁਰੱਖਿਆ ਬਲਾਂ ਦੀ ਵਿਆਪਕ ਛਾਉਣੀ ਬਣਾਏ ਹੋਣ ਅਤੇ ਲੋਕ ਹਿਤਾਂ ਨਾਲ ਜੁੜੇ ਰਾਜਨੀਤਕ ਮਸਲੇ ਨੂੰ ਅਮਨ-ਕਾਨੂੰਨ ਦਾ ਮਸਲਾ ਬਣਾਕੇ ਪੇਸ਼ ਕਰਨ ਦੇ ਪਿੱਛੇ ਭਾਜਪਾ ਸਰਕਾਰ ਦੇ ਫਾਸ਼ੀਵਾਦੀ ਇਰਾਦੇ ਬਿਲਕੁਲ ਸਪੱਸ਼ਟ ਹਨ। ਮੋਦੀ-ਅਮਿਤ ਸ਼ਾਹ ਵਜ਼ਾਰਤ ਐਲਾਨੀਆ ਟੀਚੇ ਮਿੱਥਕੇ ਆਪਣੀ ਸਿੱਧੀ ਨਿਗਰਾਨੀ ਹੇਠ ਕਤਲੇਆਮ ਕਰਵਾ ਰਹੀ ਹੈ। ਆਦਿਵਾਸੀਆਂ ਤੇ ਹੋਰ ਮਿਹਨਤਕਸ਼ ਵਰਗਾਂ ਦੇ ਨੌਜਵਾਨਾਂ ਨੂੰ ਸਰਕਾਰੀ ਲਸ਼ਕਰਾਂ 'ਚ ਭਰਤੀ ਕਰਕੇ ਆਦਿਵਾਸੀ ਸੰਘਰਸ਼ਾਂ ਵਿਰੁੱਧ ਮੋਹਰੇ ਬਣਾ ਕੇ ਵਰਤਿਆ ਜਾ ਰਿਹਾ ਹੈ। 'ਓਪਰੇਸ਼ਨ ਕਗਾਰ' ਤਹਿਤ 'ਮਾਰਚ 2026 ਤੱਕ ਨਕਸਲਵਾਦ ਮੁਕਤ ਭਾਰਤ' ਬਣਾਉਣ ਦੇ ਐਲਾਨ ਦੇ ਪਿੱਛੇ ਆਦਿਵਾਸੀਆਂ ਦੇ ਆਪਣੇ ਜਲ-ਜੰਗਲ-ਜ਼ਮੀਨ ਦੀ ਰਾਖੀ ਲਈ ਜਮਹੂਰੀ ਵਿਰੋਧ ਨੂੰ ਕੁਚਲਕੇ ਧਾੜਵੀ ਕਾਰਪੋਰੇਟ ਪ੍ਰੋਜੈਕਟ ਥੋਪਣ ਦੀ ਨੀਤੀ ਕੰਮ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਨੰਗੇ ਅਨਿਆਂ, ਘੋਰ ਨਾਬਰਾਬਰੀ ਅਤੇ ਮੌਜੂਦਾ ਰਾਜਨੀਤਕ ਪ੍ਰਬੰਧ ਦੀ ਲੋਕ ਵਿਰੋਧੀ ਕਾਰਗੁਜ਼ਾਰੀ 'ਚੋਂ ਪੈਦਾ ਹੋਈਆਂ ਹਥਿਆਰਬੰਦ ਟਾਕਰਾ ਲਹਿਰਾਂ ਨੂੰ ਸਟੇਟ ਦੀ ਹਥਿਆਰਬੰਦ ਤਾਕਤ ਵਕਤੀ ਤੌਰ 'ਤੇ ਤਾਂ ਦਬਾ ਸਕਦੀ ਹੈ ਪਰ ਖ਼ਤਮ ਨਹੀਂ ਕਰ ਸਕਦੀ। ਉਨ੍ਹਾਂ ਮੰਗ ਕੀਤੀ ਕਿ ਆਦਿਵਾਸੀ ਇਲਾਕਿਆਂ ਵਿਚ ਝੂਠੇ ਮੁਕਾਬਲਿਆਂ ਅਤੇ ਹੋਰ ਰੂਪਾਂ ਵਿਚ ਕਤਲੇਆਮ ਬੰਦ ਕੀਤਾ ਜਾਵੇ, ਸਾਰੇ ਸਕਿਊਰਿਟੀ ਕੈਂਪ ਹਟਾਏ ਜਾਣ ਅਤੇ ਵਿਸ਼ੇਸ਼ ਸੁਰੱਖਿਆ ਤਾਕਤਾਂ ਤੁਰੰਤ ਵਾਪਸ ਬੁਲਾਈਆਂ ਜਾਣ; ਕਾਰਪੋਰੇਟ ਹਿਤੈਸ਼ੀ ਆਰਥਕ ਮਾਡਲ ਰੱਦ ਕੀਤਾ ਜਾਵੇ, ਜਲ-ਜੰਗਲ-ਜ਼ਮੀਨ ਉੱਪਰ ਆਦਿਵਾਸੀ ਲੋਕਾਂ ਦਾ ਕੁਦਰਤੀ ਹੱਕ ਤਸਲੀਮ ਕੀਤਾ ਜਾਵੇ, ਜਨਤਕ ਅੰਦੋਲਨਾਂ ਨੂੰ ਗ਼ੈਰਕਾਨੂੰਨੀ/ਪਾਬੰਦੀਸ਼ੁਦਾ ਕਰਾਰ ਦੇ ਕੇ ਕੁਚਲਣਾ ਅਤੇ ਹੁਕਮਰਾਨ ਜਮਾਤ ਦੀਆਂ ਲੋਕ ਵਿਰੋਧੀ ਨੀਤੀਆਂ ਉੱਪਰ ਸਵਾਲ ਉਠਾਉਣ ਵਾਲੇ ਚਿੰਤਕਾਂ ਤੇ ਹੱਕਾਂ ਦੇ ਕਾਰਕੁਨਾਂ ਨੂੰ ਝੂਠੇ ਕੇਸ ਬਣਾ ਕੇ ਜੇਲ੍ਹਾਂ ਵਿਚ ਡੱਕਣਾ ਬੰਦ ਕੀਤਾ ਜਾਵੇ।

# ਕਿਸਾਨ ਮੇਲੇ ਮੌਕੇ ਕਣਕ ਦੀਆਂ ਨਵੀਆਂ ਕਿਸਮਾਂ ਦੀ ਜਾਣਕਾਰੀ ਦਿੱਤੀ ਜਾਵੇਗੀ : ਬਰਾੜ



ਲੁਧਿਆਣਾ, 24 ਸਤੰਬਰ (ਵਿਸ਼ਾਲ ਸ਼ਰਮਾ): ਕਿਸਾਨ ਮੇਲੇ ਕਿਸਾਨਾਂ ਤੱਕ ਖੇਤੀ ਗਿਆਨ-ਵਿਗਿਆਨ ਅਤੇ ਸ਼ੁੱਧ ਬੀਜ ਪਹੁੰਚਾਉਣ ਲਈ ਇੱਕ ਵਧੀਆ ਜ਼ਰੀਆ ਹਨ। ਇਹਨਾਂ ਮੇਲਿਆਂ ਰਾਹੀਂ ਕਿਸਾਨਾਂ ਦੀ ਰਾਏ 'ਤੇ ਪਿਛਲੀ ਖੋਜ ਦਾ ਮੂਲਅੰਕਣ ਵੀ ਹੁੰਦਾ ਹੈ ਅਤੇ ਵਿਗਿਆਨੀਆਂ ਨੂੰ ਸੇਧ ਮਿਲਦੀ ਹੈ ਤੇ ਨਵੀਆਂ ਖੇਤੀ ਤਕਨੀਕਾਂ ਵਿਧੀਆਂ ਦਾ ਪ੍ਰਦਰਸ਼ਨ ਵੀ ਇਹਨਾਂ ਮੇਲਿਆਂ ਦੌਰਾਨ ਹੀ ਕੀਤਾ ਜਾਂਦਾ ਹੈ। ਇਸੇ ਮਕਸਦ ਨੂੰ ਲੈ ਕੇ ਪੀ ਏ ਯੂ ਲੁਧਿਆਣਾ ਵਿਖੇ ਦੋ ਰੋਜ਼ਾ ਕਿਸਾਨ ਮੇਲਾ 26 ਅਤੇ 27 ਸਤੰਬਰ ਨੂੰ ਲੱਗ ਰਿਹਾ ਹੈ। ਹਾੜੀ ਦੇ ਮੌਸਮ ਦੌਰਾਨ ਪੰਜਾਬ ਵਿੱਚ ਕਣਕ ਅਨਾਜ ਦੀ ਮੁੱਖ ਫਸਲ ਹੈ, ਇਸ ਦੀ ਬਿਜਾਈ ਝੋਨੇ ਤੋਂ ਬਾਅਦ ਵੱਡੇ ਪੱਧਰ 'ਤੇ ਕੀਤੀ ਜਾਂਦੀ ਹੈ। ਇਸ ਤੋਂ ਇਲਾਵਾ ਕਣਕ ਦੀ ਲਾਹੇਵੰਦ ਕਿਸਮ ਪੀ ਏ ਯੂ ਲੁਧਿਆਣਾ ਵੱਲੋਂ ਸਿਫਾਰਿਸ਼ ਕੀਤੀ ਨਵੀਂ ਕਿਸਮ ਪੀ ਬੀ ਡਬਲਿਊ 872 ਹੈ।(ਜਾਣਕਾਰੀ ਹਿੱਤ) ਇਸ ਦਾ ਕੱਦ 100 ਸੈਂ. ਮੀ ਤੱਕ ਹੁੰਦਾ ਹੈ। ਇਹ ਕਿਸਮ ਤਕਰੀਬਨ 152 ਦਿਨਾਂ ਵਿੱਚ ਪੱਕ ਕੇ ਤਿਆਰ ਹੋ ਜਾਂਦੀ ਹੈ । ਇਸ ਕਿਸਮ ਦਾ ਝਾੜ 24 ਕੁਇੰਟਲ ਪ੍ਰਤੀ ਏਕੜ ਤੱਕ ਨਿਕਲ ਸਕਦਾ ਹੈ। ਇਹ ਕਿਸਮ ਗਰਮੀ ਦੇ ਤਾਪਮਾਨ ਦਾ ਟਾਕਰਾ ਕਰਨ ਦੀ ਸਮਰੱਥਾ ਰੱਖਦੀ ਹੈ। ਇਹ ਕਿਸਮ ਭੂਰੀ ਤੇ ਪੀਲੀ ਕੁੰਗੀ ਦਾ ਟਾਕਰਾ ਕਰ ਸਕਦੀ ਹੈ। ਇਸ ਦਾ ਨਾੜ ਮੋਟਾ ਹੋਣ ਕਰਕੇ ਇਹ ਕਿਸਮ ਡਿੱਗਦੀ ਨਹੀਂ। ਇਸ ਕਿਸਮ ਦੇ ਦਾਣੇ ਚਮਕੀਲੇ ਅਤੇ ਮੋਟੇ ਹੁੰਦੇ ਹਨ। ਇਹ ਕਿਸਮ ਅਗੇਤੀ ਅਤੇ ਪਿਛੇਤੀ ਕਿਸਮ ਹੈ ਇਸ ਦੀ ਬਿਜਾਈ 25 ਅਕਤੂਬਰ ਤੋਂ ਲੈ ਕੇ 31 ਦਸੰਬਰ ਤੱਕ ਕੀਤੀ ਜਾ ਸਕਦੀ ਹੈ।

ਉਹਨਾਂ ਦੱਸਿਆ ਕਿ ਇਸ ਤੋਂ ਇਲਾਵਾ ਕਣਕ ਦੀਆਂ ਹੋਰ ਕਿਸਮਾਂ ਡੀ ਬੀ ਡਬਲਊ 327, ਡੀ ਬੀ ਡਬਲਊ 371, 372 , ਡੀ ਬੀ ਡਬਲਊ 222, ਡੀ ਬੀ ਡਬਲਊ 187, ਐਚਡੀ 3086 ਵੀ ਕਿਸਮਾਂ ਵਧੇਰੇ ਲਾਹੇਵੰਦ ਹਨ। ਉਹਨਾਂ ਦੱਸਿਆ ਕਿ ਚਾਰੇ ਦੀਆਂ ਕਿਸਮਾਂ ਦੀ ਬਿਜਾਈ ਦਾ ਢੁਕਵਾਂ ਸਮਾਂ ਚੱਲ ਰਿਹਾ ਹੈ ਜਿਨਾਂ ਵਿੱਚੋਂ ਬਰਸੀਮ ਬੀ ਐਲ 10, ਹਾੜ੍ਹੂ, ਬੀਐਲ 42, ਰਾਈ ਘਾਹ ਨੰਬਰ 1, ਮੱਖਣ ਘਾਹ, ਜਵਾਂ ਕੈਂਟ ਹੋਰ ਕਿਸਮਾਂ ਛੋਲੇ, ਮਸਰ, ਮਟਰ, ਅਲਸੀ, ਸਰੋਂਆ, ਤੋਰੀਆ, ਰਾਹਿਆ ਸਰੋਂ, ਗੋਭੀ ਸਰ੍ਹੋਂ ਦੀ ਬਿਜਾਈ ਕਰਕੇ ਕਿਸਾਨ ਭਰਾ ਵਧੇਰੇ ਮੁਨਾਫਾ ਲੈ ਸਕਦੇ ਹਨ।

# ਜ਼ਿਲ੍ਹਾ ਵਾਤਾਵਰਨ ਪਲਾਨ ਦੀ ਸਮੀਖਿਆ ਲਈ ਹੋਈ ਬੈਠਕ



ਫਾਜ਼ਿਲਕਾ, 24 ਸਤੰਬਰ (ਬਖ਼ਸ਼ੀਸ਼ ਸਿੰਘ/ਜਸਪ੍ਰੀਤ ਸਿੰਘ): ਜ਼ਿਲ੍ਹਾ ਵਾਤਾਵਰਨ ਪਲਾਨ ਦੀ ਸਮੀਖਿਆ ਲਈ ਇੱਕ ਜ਼ਰੂਰੀ ਬੈਠਕ ਵਧੀਕ ਡਿਪਟੀ ਕਮਿਸ਼ਨਰ (ਜਨਰਲ) ਡਾ. ਮਨਦੀਪ ਕੌਰ ਦੀ ਅਗਵਾਈ ਹੇਠ ਹੋਈ। ਬੈਠਕ ਦੌਰਾਨ ਉਨਾਂ ਨੇ ਸਥਾਨਕ ਸਰਕਾਰਾਂ ਵਿਭਾਗ ਨੂੰ ਹਦਾਇਤ ਕੀਤੀ ਕਿ ਘਰਾਂ ਤੋਂ ਇਕੱਤਰ ਕੀਤੇ ਜਾਣ ਵਾਲੇ ਕੂੜੇ ਦਾ ਵਰਗੀਕਰਨ ਘਰ ਦੇ ਪੱਧਰ 'ਤੇ ਹੀ ਕੀਤਾ ਜਾਣਾ ਯਕੀਨੀ ਬਣਾਇਆ ਜਾਵੇ। ਉਨ੍ਹਾਂ ਨੇ ਕਿਹਾ ਕਿ ਸਵੱਛਤਾ ਗਤੀਵਿਧੀਆਂ ਹੋਰ ਤੇਜ਼ ਕੀਤੀਆਂ ਜਾਣ ਅਤੇ ਪੌਲੀਥੀਨ ਦੇ ਲਿਫਾਫਿਆਂ ਅਤੇ ਚਾਈਨਾ ਡੋਰ ਨੂੰ ਵੀ ਸਖਤੀ ਨਾਲ ਰੋਕਿਆ ਜਾਵੇ। ਇਸ ਦੌਰਾਨ ਉਨ੍ਹਾਂ ਨੇ ਇਹ ਵੀ ਕਿਹਾ ਕਿ ਪਿੰਡਾਂ ਵਿੱਚ ਸੋਲਿਡ ਵੇਸਟ ਪ੍ਰਬੰਧਨ ਲਈ 99 ਯੂਨਿਟ ਬਣਾਏ ਗਏ ਹਨ, ਤਰਲ ਕਚਰੇ ਦੇ ਨਿਪਟਾਰੇ ਲਈ 152 ਯੂਨਿਟ ਬਣਾਏ ਗਏ ਹਨ ਤੇ 69 ਥਾਪਰ ਮਾਡਲ ਵਿਕਸਿਤ ਕੀਤੇ ਗਏ ਹਨ। ਉਨ੍ਹਾਂ ਨੇ ਸਮੂਹ ਜ਼ਿਲ੍ਹਾ ਵਾਸੀਆਂ ਨੂੰ ਵਾਤਾਵਰਨ ਸੰਭਾਲ ਵਿਚ ਯੋਗਦਾਨ ਪਾਉਣ ਦੀ ਅਪੀਲ ਕਰਦਿਆਂ ਕਿਹਾ ਕਿ ਵਾਤਾਵਰਨ ਦੀ ਸੰਭਾਲ ਵਿਚ ਹਰੇਕ ਨਾਗਰਿਕ ਨੂੰ ਯੋਗਦਾਨ ਕਰਨਾ ਚਾਹੀਦਾ ਹੈ। ਬੈਠਕ ਵਿੱਚ ਐਸਡੀਐਮ ਕੰਵਰਜੀਤ ਸਿੰਘ ਮਾਨ, ਡੀਐਸਪੀ ਤਜਿੰਦਰ ਸਿੰਘ ਤੇ ਜਤਿੰਦਰ ਸਿੰਘ ਗਿੱਲ, ਬਲਾਕ ਵਿਕਾਸ ਤੇ ਪੰਚਾਇਤ ਅਫਸਰ ਅੰਤਰਪ੍ਰੀਤ ਸਿੰਘ, ਕਾਰਜਕਾਰੀ ਇੰਜੀਨੀਅਰ ਜਲ ਸਰੋਤ ਸੁਖਜੀਤ ਸਿੰਘ, ਐਸਡੀਓ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਹਰਬਲਿਸਟਰ ਜੀਤ ਸਿੰਘ ਹਾਜ਼ਰ ਸਨ।

# ਸਰਕਾਰ ਵੱਲੋਂ ਲੋਕ ਪੱਖੀ ਨੀਤੀਆਂ ਨੂੰ ਘਰ-ਘਰ ਪਹੁੰਚਾਉਣ ਲਈ ਵਿਸ਼ੇਸ਼ ਯਤਨ ਕੀਤੇ ਜਾ ਰਹੇ ਨੇ: ਲਿਬੜਾ, ਢਿੱਲੋਂ



ਫਤਹਿਗੜ੍ਹ ਸਾਹਿਬ, 24 ਸਤੰਬਰ (ਹਰਪ੍ਰੀਤ ਕੌਰ ਟਿਵਾਣਾ): ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਲੋਕ ਪੱਖੀ ਨੀਤੀਆਂ ਨੂੰ ਲੋਕਾਂ ਤੱਕ ਘਰ-ਘਰ ਪਹੁੰਚਾਉਣ ਲਈ ਹਰ ਸੰਭਵ ਯਤਨ ਕੀਤੇ ਜਾ ਰਹੇ ਹਨ ਤਾਂ ਜੋ ਲੋੜਵੰਦ ਲੋਕਾਂ ਨੂੰ ਇਨ੍ਹਾਂ ਦਾ ਲਾਭ ਮਿਲ ਸਕੇ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਆਮ ਆਦਮੀ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਤੇ ਚੇਅਰਮੈਨ ਜ਼ਿਲ੍ਹਾ ਯੋਜਨਾ ਬੋਰਡ ਫਤਹਿਗੜ੍ਹ ਸਾਹਿਬ ਅਜੇ ਸਿੰਘ ਲਿਬੜਾ ਨੇ ਜ਼ਿਲ੍ਹੇ ਦੇ ਸਾਰੇ ਵਿੰਗਾਂ ਦੇ ਪ੍ਰਧਾਨ ਸਾਹਿਬਾਨਾਂ ਨਾਲ ਇੱਕ ਮੀਟਿੰਗ ਕਰਨ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਚੇਅਰਮੈਨ ਲਿਬੜਾ ਨੇ ਕਿਹਾ ਕਿ ਪੰਜਾਬ ਵੱਲੋਂ ਕੁਦਰਤੀ ਹੜ੍ਹਾਂ ਦੀ ਮਾਰ ਹੇਠ ਆਉਣ ਕਾਰਨ ਜਿੱਥੇ ਸਮੁੱਚੀਆਂ ਸਮਾਜ ਸੇਵੀ ਜਥੇਬੰਦੀਆਂ ਵੱਲੋਂ ਸੇਵਾ ਕਾਰਜਾਂ ਵਿੱਚ ਵੱਡੇ ਪੱਧਰ 'ਤੇ ਯੋਗਦਾਨ ਪਾ ਕੇ ਮਦਦ ਕੀਤੀ, ਉੱਥੇ ਹੀ ਪੰਜਾਬ ਸਰਕਾਰ ਵੱਲੋਂ ਵੀ ਪ੍ਰਭਾਵਿਤ ਲੋਕਾਂ ਦੇ ਜੀਵਨ ਪੱਧਰ ਨੂੰ ਉੱਚਾ ਚੁੱਕਣ ਲਈ ਵਿਸ਼ੇਸ਼ ਉਪਰਾਲੇ ਕੀਤੇ ਗਏ, ਉਨ੍ਹਾਂ ਕਿਹਾ ਕਿ ਪੰਜਾਬ ਭਰ ਵਿੱਚ ਹੜ੍ਹਾਂ ਦੇ ਸਿਖਰ ਦੌਰਾਨ ਕੁੱਲ 219 ਰਾਹਤ ਕੈਂਪ ਖੋਲ੍ਹੇ ਗਏ ਸਨ, ਜਿਨ੍ਹਾਂ ਵਿੱਚ ਸਮੇਂ-ਸਮੇਂ 'ਤੇ 8,270 ਪ੍ਰਭਾਵਿਤ ਲੋਕਾਂ ਨੇ ਬਸੇਰਾ ਕੀਤਾ। ਇਸ ਮੌਕੇ 'ਤੇ ਚੇਅਰਮੈਨ ਲਿਬੜਾ ਵੱਲੋਂ ਜ਼ਿਲ੍ਹੇ ਦੇ ਸਾਰੇ ਵਿੰਗਾਂ ਦੇ ਪ੍ਰਧਾਨ ਸਾਹਿਬਾਨਾਂ ਨਾਲ ਸਬੰਧਤ ਵਿੰਗਾਂ ਵਿੱਚ ਚੱਲ ਰਹੀਆਂ ਗਤੀਵਿਧੀਆਂ ਦੀ ਜਾਣਕਾਰੀ ਲਈ ਗਈ ਅਤੇ ਨਾਲ ਹੀ ਆ ਰਹੀਆਂ ਸਮੱਸਿਆਵਾਂ ਨੂੰ ਜਲਦ ਤੋਂ ਜਲਦ ਹੱਲ ਕਰਵਾਉਣ ਲਈ ਕਿਹਾ ਗਿਆ।ਇਸ ਮੌਕੇ ਚੇਅਰਮੈਨ ਮਾਰਕਿਟ ਕਮੇਟੀ ਗੁਰਵਿੰਦਰ ਢਿੱਲੋਂ ਨੇ ਕਿਹਾ ਕਿ ਇਸ ਸਮੇਂ ਚੱਲ ਰਹੇ ਝੋਨੇ ਦੀ ਫਸਲ ਦੀ ਚੁਕਾਈ ਨੂੰ ਲੈ ਕੇ ਪੰਜਾਬ ਸਰਕਾਰ ਵੱਲੋਂ ਵਿਸ਼ੇਸ਼ ਪ੍ਰਬੰਧ ਕੀਤੇ ਹੋਏ ਹਨ ਤੇ ਜ਼ਿਲ੍ਹਾ ਫਤਿਹਗੜ੍ਹ ਸਾਹਿਬ ਵਿੱਚ ਝੋਨੇ ਦੀ ਫਸਲ ਦੀ ਚੁਕਾਈ ਦਾ ਕੰਮ ਆਰੰਭ ਹੋ ਗਿਆ ਹੈ। ਉਹਨਾਂ ਕਿਹਾ ਕਿ ਮੰਡੀਆਂ ਵਿੱਚ ਕਿਸੇ ਵੀ ਕਿਸਾਨ ਨੂੰ ਕੋਈ ਦਿੱਕਤ ਪਰੇਸ਼ਾਨੀ ਪੇਸ਼ ਨਹੀਂ ਆਉਣ ਦਿੱਤੀ ਜਾਵੇਗੀ। ਉਨ੍ਹਾਂ ਕਿਸਾਨ ਭਾਈਚਾਰੇ ਨੂੰ ਅਪੀਲ ਕੀਤੀ ਕਿ ਉਹ ਆਪਣੀ ਝੋਨੇ ਫਸਲ ਪੂਰੀ ਤਰ੍ਹਾਂ ਸੁਕਾ ਕੇ ਹੀ ਮੰਡੀਆਂ ਵਿੱਚ ਲਿਆਉਣ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਚੇਅਰਮੈਨ ਮਾਰਕੀਟ ਕਮੇਟੀ ਗੁਰਵਿੰਦਰ ਢਿੱਲੋਂ, ਜ਼ਿਲ੍ਹਾ ਸੈਕਟਰੀ ਗਾਰਵ ਅਰੋੜਾ, ਓਂਕਾਰ ਚੌਹਾਨ, ਗੁਰਮੀਤ ਬਾਜਵਾ, ਰਾਜਪੁਰੀ, ਅਵਤਾਰ ਟਹਿਣੀ ਤੇ ਅਸ਼ੀਸ਼ ਅੱਤਰੀ ਹਾਜ਼ਰ ਸਨ।

# ਸਿਹਤ ਵਿਭਾਗ ਦੀ ਫੂਡ ਸੇਫਟੀ ਟੀਮ ਨੇ ਦੁਕਾਨਦਾਰਾਂ ਨਾਲ ਕੀਤੀ ਮੀਟਿੰਗ



ਫਤਹਿਗੜ੍ਹ ਸਾਹਿਬ, 24 ਸਤੰਬਰ (ਹਰਪ੍ਰੀਤ ਕੌਰ ਟਿਵਾਣਾ): ਸਟੇਟ ਕਮਿਸ਼ਨਰ ਫੂਡ ਐਂਡ ਡਰੱਗਜ਼ ਐਡਮਿਨਿਸਟਰੇਸ਼ਨ, ਪੰਜਾਬ, ਦਿਲਰਾਜ ਸਿੰਘ ਦੇ ਦਿਸ਼ਾ ਨਿਰਦੇਸ਼ਾਂ 'ਤੇ ਸਿਵਲ ਸਰਜਨ ਫਤਿਹਗੜ੍ਹ ਸਾਹਿਬ ਡਾ. ਅਰਵਿੰਦਪਾਲ ਸਿੰਘ ਦੀਆਂ ਹਦਾਇਤਾਂ ਅਨੁਸਾਰ ਸਹਾਇਕ ਕਮਿਸ਼ਨਰ (ਫੂਡ ਸੇਫਟੀ) ਰਾਖੀ ਵਿਨਾਇਕ ਦੀ ਅਗਵਾਈ ਵਿੱਚ ਫੂਡ ਸੇਫਟੀ ਅਫਸਰ ਸੰਦੀਪ ਸਿੰਘ ਸੰਧੂ ਤੇ ਫੂਡ ਸੇਫਟੀ ਅਫਸਰ ਲਵਪ੍ਰੀਤ ਸਿੰਘ 'ਤੇ ਅਧਾਰਤ ਟੀਮ ਵੱਲੋਂ ਜ਼ਿਲ੍ਹੇ ਅੰਦਰ ਆਮ ਲੋਕਾਂ ਨੂੰ ਖਾਣ ਪੀਣ ਦੀਆਂ ਮਿਆਰੀ ਤੇ ਸ਼ੁੱਧ ਵਸਤਾਂ ਮੁਹੱਈਆ ਕਰਵਾਉਣ ਲਈ ਮੁਹਿੰਮ ਵਿੱਢੀ ਗਈ ਹੈ।ਇਸ ਮੁਹਿੰਮ ਤਹਿਤ ਖਾਣ ਪੀਣ ਦੀਆਂ ਵਸਤੂਆਂ ਦਾ ਕਾਰੋਬਾਰ ਕਰਨ ਵਾਲੇ ਦੁਕਾਨਦਾਰਾਂ, ਹਲਵਾਈਆਂ, ਡੇਅਰੀ ਮਾਲਕਾਂ, ਦੋਧੀਆਂ, ਰੈਸਟੋਰੈਂਟਾਂ ਤੇ ਢਾਬਿਆਂ ਦੇ ਮਾਲਕਾਂ ਤੇ ਇਨ੍ਹਾਂ ਕਾਰੋਬਾਰੀਆਂ ਦੀਆਂ ਯੂਨੀਅਨਾਂ ਨੂੰ ਜਾਗਰੂਕ ਕਰਨ ਲਈ ਵਿਸ਼ੇਸ਼ ਸੈਮੀਨਾਰ ਆਯੋਜਿਤ ਕੀਤੇ ਜਾ ਰਹੇ ਹਨ।ਖਮਾਣੋਂ ਵਿਖੇ ਅਜਿਹੇ ਜਾਗਰੂਕਤਾ ਸੈਮੀਨਾਰ ਨੂੰ ਸੰਬੋਧਨ ਕਰਦਿਆਂ ਰਾਖੀ ਵਿਨਾਇਕ ਨੇ ਕਿਹਾ ਕਿ ਉਹ ਆਮ ਲੋਕਾਂ ਨੂੰ ਖਾਣ ਪੀਣ ਦੀਆਂ ਮਿਆਰੀ ਤੇ ਸ਼ੁੱਧ ਵਸਤਾਂ ਹੀ ਮੁਹੱਈਆ ਕਰਵਾਉਣੀਆਂ ਯਕੀਨੀ ਬਣਾਉਣ ਅਤੇ ਦੁੱਧ ਤੋਂ ਤਿਆਰ ਕੀਤੀਆਂ ਜਾਣ ਵਾਲੀਆਂ ਵਸਤੂਆਂ ਜਿਵੇਂ ਦਹੀ, ਖੋਆ, ਪਨੀਰ ਲੱਸੀ ਆਦਿ ਆਪਣੇ ਅਦਾਰੇ ਵਿੱਚ ਹੀ ਤਿਆਰ ਕਰਨ। ਉਨ੍ਹਾਂ ਕਿਹਾ ਕਿ ਮਠਿਆਈਆਂ ਆਦਿ ਬਣਾਉਣ ਲਈ ਮਿਆਰੀ ਖਾਦ ਪਦਾਰਥਾਂ ਦੀ ਵਰਤੋਂ ਕੀਤੀ ਜਾਵੇ, ਜੇਕਰ ਲੋੜ ਪੈਂਦੀ ਹੈ ਤਾਂ ਉਨ੍ਹਾਂ ਵਿੱਚ ਮਾਨਤਾ ਪ੍ਰਾਪਤ ਨਿਰਧਾਰਤ ਮਾਪਦੰਡ ਅਨੁਸਾਰ ਫੂਡ ਕਲਰ ਵਰਤੇ ਜਾਣ, ਜੇਕਰ ਲੋੜ ਹੋਵੇ ਤਾਂ ਕੇਵਲ ਸ਼ੁੱਧ ਚਾਂਦੀ ਦੇ ਵਰਕ ਦੀ ਹੀ ਵਰਤੋਂ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਕੋਲਡ ਸਟੋਰਾਂ ਵਿੱਚ ਖੋਆ ਤੇ ਹੋਰ ਮਠਿਆਈਆਂ ਨੂੰ ਸਟੋਰ ਨਾ ਕੀਤਾ ਜਾਵੇ ਜੇਕਰ ਸੀਮਤ ਸਮੇਂ ਲਈ ਮਠਿਆਈਆਂ ਜਾਂ ਖੋਆ ਸਟੋਰ ਕਰਨਾ ਹੈ ਤਾਂ ਆਪਣੇ ਖੁਦ ਦੇ ਅਦਾਰੇ ਅੰਦਰ ਬਣੇ ਚੈਂਬਰ ਵਿੱਚ ਸਟੋਰ ਕੀਤਾ ਜਾ ਸਕਦਾ ਹੈ। ਫੂਡ ਸੇਫਟੀ ਅਫਸਰ ਸੰਦੀਪ ਸਿੰਘ ਸੰਧੂ ਅਤੇ ਲਵਪ੍ਰੀਤ ਸਿੰਘ ਨੇ ਸਮੂਹ ਹਲਵਾਈਆਂ, ਕਰਿਆਨਾ ਅਤੇ ਡੇਅਰੀ ਵਾਲਿਆਂ ਤੋਂ ਸਹਿਯੋਗ ਦੀ ਮੰਗ ਹੋਏ ਕਰਦੇ ਹੋਏ ਕਿਹਾ ਕਿ ਤਿਉਹਾਰੀ ਸੀਜਨ ਦੌਰਾਨ ਖਾਣ ਪੀਣ ਦੀਆਂ ਵਸਤੂਆਂ ਦੀ ਸ਼ੁੱਧਤਾ ਵੱਲ ਵਿਸ਼ੇਸ਼ ਤਵੱਜੋ ਦਿੱਤੀ ਜਾਵੇ।

# ਮਹਾਰਾਜਾ ਅਗਰਸੇਨ ਨੇ ਸਮਾਜ ਨੂੰ ਬਰਾਬਰੀ ਤੇ ਏਕਤਾ ਦਾ ਸੰਦੇਸ਼ ਦਿੱਤਾ: ਗੈਰੀ ਬੜਿੰਗ

☛ਵਿਧਾਇਕ ਨੇ ਮਹਾਰਾਜਾ ਅਗਰਸੈਨ ਜੈਯੰਤੀ ਮੌਕੇ ਵੱਖ-ਵੱਖ ਸਮਾਗਮਾਂ 'ਚ ਕੀਤੀ ਸ਼ਿਰਕਤ



ਮੰਡੀ ਗੋਬਿੰਦਗੜ੍ਹ, 24 ਸਤੰਬਰ (ਸੂਦ): ਮਹਾਰਾਜਾ ਅਗਰਸੈਨ ਜਯੰਤੀ ਮੰਡੀ ਗੋਬਿੰਦਗੜ੍ਹ ਵਿਖੇ ਧੂਮਧਾਮ ਤੇ ਸ਼ਰਧਾ ਨਾਲ ਮਨਾਈ ਗਈ। ਇਸ ਮੌਕੇ ਵਿਧਾਇਕ ਗੁਰਿੰਦਰ ਸਿੰਘ ਗੈਰੀ ਬੜਿੰਗ ਨੇ ਮੁੱਖ-ਮਹਿਮਾਨ ਵਜੋਂ ਸ਼ਿਰਕਤ ਕੀਤੀ। ਇਥੇ ਸਮਾਗਮ ਦੀ ਸ਼ੁਰੂਆਤ ਮਹਾਰਾਜਾ ਅਗਰਸੈਨ ਦੀ ਤਸਵੀਰ 'ਤੇ ਫੁੱਲ ਮਾਲਾਵਾਂ ਭੇਟ ਕਰਕੇ ਕੀਤੀ ਗਈ। ਉਨ੍ਹਾਂ ਮਹਾਰਾਜਾ ਅਗਰਸੈਨ ਦੇ ਜੀਵਨ ਤੇ ਉਨ੍ਹਾਂ ਦੇ ਸਮਾਜਿਕ ਸੁਧਾਰਾਂ ਬਾਰੇ ਚਾਨਣਾ ਪਾਇਆ। ਉਨ੍ਹਾਂ ਕਿਹਾ ਕਿ ਮਹਾਰਾਜਾ ਅਗਰਸੈਨ ਨੇ ਸਮਾਜ ਨੂੰ ਬਰਾਬਰੀ ਤੇ ਏਕਤਾ ਦਾ ਸੰਦੇਸ਼ ਦਿੱਤਾ ਸੀ। ਉਨ੍ਹਾਂ ਦਾ 'ਇੱਕ ਇੱਟ, ਇੱਕ ਰੁਪਿਆ' ਦਾ ਸਿਧਾਂਤ ਅੱਜ ਵੀ ਸਾਡੇ ਲਈ ਪ੍ਰੇਰਣਾ ਸਰੋਤ ਹੈ ਜੋ ਸਮਾਜ ਦੇ ਹਰ ਵਰਗ ਨੂੰ ਨਾਲ ਲੈ ਕੇ ਚੱਲਣ ਦੀ ਗੱਲ ਕਰਦਾ ਹੈ। ਉਨ੍ਹਾਂ ਕਿਹਾ ਕਿ ਸਾਨੂੰ ਸਾਰਿਆਂ ਨੂੰ ਮਹਾਰਾਜਾ ਅਗਰਸੈਨ ਦੇ ਆਦਰਸ਼ਾਂ 'ਤੇ ਚੱਲਦੇ ਹੋਏ ਸਮਾਜ ਭਲਾਈ ਦੇ ਕੰਮਾਂ ਵਿੱਚ ਯੋਗਦਾਨ ਪਾਉਣਾ ਚਾਹੀਦਾ ਹੈ। ਸਮਾਗਮ ਵਿੱਚ ਨਗਰ ਕੌਂਸਲ ਦੇ ਪ੍ਰਧਾਨ ਹਰਪ੍ਰੀਤ ਸਿੰਘ ਪ੍ਰਿੰਸ ਨੇ ਨੌਜਵਾਨਾਂ ਨੂੰ ਇਸ ਮਹਾਨ ਸ਼ਖਸੀਅਤ ਦੇ ਇਤਿਹਾਸ ਬਾਰੇ ਜਾਨਣ ਤੇ ਉਨ੍ਹਾਂ ਦੇ ਸਿਧਾਂਤਾਂ ਨੂੰ ਅਪਨਾਉਣ ਦੀ ਅਪੀਲ ਕੀਤੀ। ਇਸ ਮੌਕੇ ਨਰਾਇਣ ਸਿੰਗਲਾ, ਰਮੇਸ਼ ਮਿੱਤਲ, ਵਿਨੋਦ ਗੋਇਲ, ਸੁਰੇਸ਼ ਗੁਪਤਾ, ਸੱਜਣ ਗੋਇਲ, ਯਸ਼ਪਾਲ ਜੈਨ, ਹੇਮੰਤ ਗੋਇਲ, ਰੋਹਿਤ ਗੋਇਲ, ਰਣਜੀਤ ਪਨਾਗ, ਵਿਵੇਕ ਸਿੰਗਲਾ, ਰਿਸ਼ੀ ਗੋਇਲ, ਸੁਮਨ ਗੋਇਲ, ਸੰਜੇ ਗਰਗ, ਰਿੰਕੂ ਅਗਰਵਾਲ, ਸ਼ਿਵਮ, ਮਹਿੰਦਰ ਗੋਇਲ, ਸੰਜੀਵ ਮਿੱਤਲ, ਵਿਨੋਦ ਗੋਇਲ, ਰਾਮ ਨਿਵਾਸ ਗੋਇਲ, ਰੌਸ਼ਨ ਗਰਗ ਤੇ ਸੰਜੇ ਗਰਗ ਮੌਜੂਦ ਸਨ।

# 'ਆਪ' ਵੱਲੋਂ ਸ਼ਹਿਰ ਦੇ ਸਰਵਪੱਖੀ ਵਿਕਾਸ 'ਚ ਪਾਇਆ ਜਾ ਰਿਹੈ ਅਹਿਮ ਯੋਗਦਾਨ: ਜਗਦੀਸ਼ ਘੁੰਮਣ

☛ਹਲਕਾ ਵਿਧਾਇਕ ਬੜਿੰਗ ਦੀ ਅਗਵਾਈ 'ਚ ਚੱਲ ਰਹੇ ਨੇ ਵਿਕਾਸ ਕਾਰਜ



ਮੰਡੀ ਗੋਬਿੰਦਗੜ੍ਹ, 24 ਸਤੰਬਰ (ਸੂਦ): ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਹਲਕਾ ਵਿਧਾਇਕ ਗੁਰਿੰਦਰ ਸਿੰਘ ਗੈਰੀ ਬੜਿੰਗ ਦੀ ਅਗਵਾਈ ਹੇਠ ਹਲਕੇ ਵਿਚ ਵੱਡੇ ਪੱਧਰ 'ਤੇ ਵਿਕਾਸ ਕਾਰਜ ਚੱਲ ਰਹੇ ਹਨ, ਜਿਸ ਦੀ ਕੜੀ ਅਧੀਨ ਨਗਰ ਕੌਂਸਲ ਮੰਡੀ ਗੋਬਿੰਦਗੜ੍ਹ ਵੱਲੋਂ ਸ਼ਹਿਰ ਦੇ ਵਾਰਡ ਨੰਬਰ 22 ਅਤੇ 23 ਵਿੱਚ ਗਲੀਆਂ 'ਚ ਇੰਟਰਲੌਕ ਟਾਇਲਾਂ ਲਾਉਂਣ ਦਾ ਕਾਰਜ ਸ਼ੁਰੂ ਕੀਤਾ ਗਿਆ। ਵਾਰਡ ਨੰਬਰ 23 ਦੇ ਆਮ ਆਦਮੀ ਦੇ ਇੰਚਾਰਜ ਜਗਦੀਸ਼ ਸਿੰਘ ਘੁੰਮਣ ਨੇ ਦੱਸਿਆ ਕਿ ਹਲਕਾ ਵਿਧਾਇਕ ਗੈਰੀ ਬੜਿੰਗ ਦੇ ਨਿਰਦੇਸ਼ਾਂ 'ਤੇ ਵਾਰਡ ਨੰਬਰ 22 ਅਤੇ 23 ਵਿਚ 54 ਲੱਖ 11 ਹਜ਼ਾਰ ਰੁਪਏ ਦੀ ਰਾਸ਼ੀ ਨਾਲ ਇਸ ਕਾਰਜ ਨੂੰ ਕਰਵਾਇਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਇਹ ਕਾਰਜ ਸੰਤ ਨਗਰ, ਇਕਬਾਲ ਨਗਰ ਅਤੇ ਐਸਡੀ ਪਬਲਿਕ ਸਕੂਲ ਦੇ ਨਾਲ ਲੱਗਦੀਆਂ ਗਲੀਆਂ ਵਿਚ ਪਹਿਲ ਦੇ ਅਧਾਰ 'ਤੇ ਹੋਵੇਗਾ। ਸ੍ਰੀ ਘੁੰਮਣ ਨੇ ਦੱਸਿਆ ਕਿ ਪੰਜਾਬ ਭਰ ਵਿਚ ਆਪ ਸਰਕਾਰ ਵਲੋਂ ਵੱਡੇ ਪੱਧਰ 'ਤੇ ਵਿਕਾਸ ਕਾਰਜ ਸ਼ੁਰੂ ਕੀਤੇ ਗਏ ਹਨ ਜਦੋਂ ਕਿ ਵਿਰੋਧੀ ਪਾਰਟੀਆਂ ਪਾਸ ਲੋਕਾਂ ਵਿਚ ਜਾਣ ਲਈ ਕੋਈ ਮੁੱਦਾ ਨਹੀਂ ਜਿਸ ਕਾਰਣ ਸਰਕਾਰ ਦੀ ਝੂਠੀ ਅਲੋਚਨਾ ਕਰਕੇ ਲੋਕਾਂ ਨੂੰ ਗੁੰਮਰਾਹ ਕਰਨ ਦਾ ਯਤਨ ਕੀਤਾ ਜਾ ਰਿਹਾ ਹੈ। ਜਿਸ ਤੋਂ ਉਨ੍ਹਾਂ ਲੋਕਾਂ ਨੂੰ ਸੁਚੇਤ ਰਹਿਣ ਦੀ ਅਪੀਲ ਕਰਦਿਆਂ ਆਮ ਆਦਮੀ ਪਾਰਟੀ ਦਾ ਡੱਟ ਕੇ ਸਾਥ ਦੇਣ ਦੀ ਅਪੀਲ ਕੀਤੀ। ਇਸ ਮੌਕੇ ਵਾਰਡ ਨੰਬਰ 22 ਦੇ ਇੰਚਾਰਜ ਦਲਜੀਤ ਸਿੰਘ ਵਿਰਕ, ਬਲਜੀਤ ਕੌਰ, ਰਮਨਜੀਤ ਸਿੰਘ, ਸੰਜੀਵ ਵਰਮਾ, ਵਿਕਰਮ ਸਿੰਘ, ਸ਼ਿੰਗਾਰਾ ਸਿੰਘ, ਨੇਹਾ ਰਾਣੀ, ਨੀਰਜ ਵਰਮਾ, ਮਨੋਜ ਕੁਮਾਰ, ਬਾਦਲ ਕੁਮਾਰ ਅਤੇ ਮਨਮੋਹਨ ਸਿੰਘ ਹਾਜ਼ਰ ਸਨ।

# ਭੋਗਪੁਰ ਰੇਲਵੇ ਰੋਡ ਮਾਰਕੀਟ 'ਚ ਜੀ.ਐਸ.ਟੀ. ਵਿਭਾਗ ਨੇ ਦੁਕਾਨਾਂ ਦੇ ਕੀਤੇ ਬਿੱਲ ਚੈੱਕ



ਭੋਗਪੁਰ, 24 ਸਤੰਬਰ (ਅਮਰਜੀਤ ਸਿੰਘ ਸੈਣੀ ਜੰਡੀਰ): ਭੋਗਪੁਰ ਰੇਲਵੇ ਰੋਡ ਮਾਰਕੀਟ ਵਿੱਚ ਉਸ ਵੇਲੇ ਹਾਹਾਕਾਰ ਮੱਚ ਗਈ, ਜਦ ਜੀਐਸਟੀ ਵਿਭਾਗ ਵਾਲੇ ਅਚਾਨਕ ਦੁਕਾਨਾਂ ਦੇ ਬਿੱਲ ਚੈੱਕ ਕਰਨ ਵਾਸਤੇ ਪਹੁੰਚ ਗਏ। ਵਿਭਾਗ ਵੱਲੋਂ ਸਭ ਤੋਂ ਪਹਿਲਾਂ ਬੈਹਲ ਭਾਂਡਿਆਂ ਵਾਲੇ ਦੀ ਦੁਕਾਨ ਦੇ ਬਿੱਲ ਚੈੱਕ ਕੀਤੇ ਗਏ ਅਤੇ ਅਫਸਰ ਨੇ ਜਦ ਹੀ ਭਾਂਡਿਆਂ ਦੀ ਦੁਕਾਨ ਵਾਲੇ ਕੋਲੋਂ ਦੁਕਾਨ ਦੇ ਬਿੱਲ ਮੰਗੇ ਤਾਂ ਦੇਖਦੇ ਹੀ ਦੇਖਦੇ ਸਾਰੀ ਮਾਰਕੀਟ ਇਕੱਠੀ ਹੋ ਗਈ, ਦੁਕਾਨਦਾਰਾਂ ਦਾ ਕਹਿਣਾ ਸੀ ਕਿ ਸਾਡੇ ਨਾਲ ਧੱਕਾ ਕੀਤਾ ਜਾ ਰਿਹਾ ਹੈ, ਕਿਹਾ ਕਿ ਵਿਭਾਗ ਵੱਲੋਂ ਸਿਰਫ ਮੇਨ ਆਗੂਆਂ ਦੀ ਦੁਕਾਨ 'ਤੇ ਹੀ ਬਿੱਲ ਚੈੱਕ ਕੀਤੇ ਗਏ ਹਨ। ਜਦ ਕਿ ਜੀ.ਐਸ.ਟੀ. ਵਿਭਾਗ ਅਫਸਰ ਦਾ ਕਹਿਣਾ ਹੈ ਕਿ ਵਿਭਾਗ ਨੂੰ ਕੋਈ ਨਾ ਕੋਈ ਜਾਣਕਾਰੀ ਮਿਲਣ 'ਤੇ ਹੀ ਚੈਕਿੰਗ ਕੀਤੀ ਜਾਂਦੀ ਹੈ। ਉਹਨਾਂ ਕਿਹਾ ਹੋਰ ਵੀ ਦੁਕਾਨਾਂ ਦੇ ਬਿੱਲ ਚੈੱਕ ਕੀਤੇ ਗਏ ਹਨ ਅਤੇ ਅਗਲੇਰੀ ਕਾਰਵਾਈ ਜਾਰੀ ਹੈ।

# ਲੁੱਟਾਂ-ਖੋਹਾਂ ਤੇ ਨਸ਼ੇੜੀਆਂ ਨੂੰ ਕਿਸੇ ਵੀ ਸੂਰਤ 'ਚ ਨਹੀਂ ਬਖਸ਼ਿਆ ਜਾਵੇਗਾ: ਐਸ.ਐਚ.ਓ. ਸੰਦੀਪ ਸਿੰਘ



ਮੰਡੀ ਗੋਬਿੰਦਗੜ੍ਹ, 24 ਸਤੰਬਰ (ਸੂਦ): ਥਾਣਾ ਮੰਡੀ ਗੋਬਿੰਦਗੜ੍ਹ ਦੇ ਨਵ-ਨਿਯੁਕਤ ਥਾਣਾ ਮੁਖੀ ਇੰਸਪੈਕਟਰ ਸੰਦੀਪ ਸਿੰਘ ਨੇ ਪੱਤਰਕਾਰਾਂ ਨਾਲ ਪਲੇਠੀ ਮੀਟਿੰਗ ਦੌਰਾਨ ਕਿਹਾ ਕਿ ਸ਼ਹਿਰ ਵਿਚ ਡਕੈਤੀਆਂ ਅਤੇ ਲੁੱਟਾਂ-ਖੋਹਾਂ ਵਿਚ ਸ਼ਾਮਲ ਨਸ਼ੇੜੀ ਹੁਣ ਪੁਲਿਸ ਦੀ ਗ੍ਰਿਫਤ ਤੋਂ ਬਚ ਨਹੀਂ ਸਕਣਗੇ, ਜਿਨ੍ਹਾਂ 'ਤੇ ਸਖਤ ਨਿਗ੍ਹਾ ਰੱਖਣ ਲਈ ਪੁਲਿਸ ਵੱਲੋਂ ਵਿਸ਼ੇਸ਼ ਪੈਟਰੋਲਿੰਗ ਟੀਮਾਂ ਦਾ ਗਠਨ ਕੀਤਾ ਗਿਆ ਹੈ, ਜੋ ਹਰ ਇਲਾਕੇ ਵਿਚ ਗਸ਼ਤ ਕਰੇਗੀ ਅਤੇ ਸ਼ੱਕੀ ਵਿਅਕਤੀਆਂ ਨੂੰ ਕਾਬੂ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਸ਼ਹਿਰ ਵਿਚ ਜ਼ਿਆਦਾਤਰ ਚੋਰੀਆਂ ਅਤੇ ਲੁੱਟਾਂ-ਖੋਹਾਂ ਬਿਨਾਂ ਨੰਬਰ ਪਲੇਟਾਂ ਵਾਲੇ ਮੋਟਰਸਾਈਕਲ ਸਵਾਰ ਨੌਜਵਾਨਾਂ ਵੱਲੋਂ ਕੀਤੀਆਂ ਜਾਂਦੀਆਂ ਹਨ। ਉਨ੍ਹਾਂ ਲੋਕਾਂ ਨੂੰ ਤੁਰੰਤ ਇਸ ਸਬੰਧੀ ਇਤਲਾਹ ਦੇਣ ਦੀ ਅਪੀਲ ਕੀਤੀ ਤੇ ਜੋ ਦੋਸ਼ੀਆਂ ਨੂੰ ਮੌਕੇ 'ਤੇ ਹੀ ਦਬੋਚਿਆ ਜਾ ਸਕੇ। ਐਸਐਚਓ ਨੇ ਕਿਹਾ ਕਿ ਫੋਕਲ ਪੁਆਇੰਟ ਖੇਤਰਾਂ ਵਿਚ ਫੈਕਟਰੀ ਕਰਮਚਾਰੀਆਂ ਦੀਆਂ ਸ਼ਾਮ ਨੂੰ ਹੋਈਆਂ ਖੋਹਾਂ ਬਾਰੇ ਉਨ੍ਹਾਂ ਕਿਹਾ ਕਿ ਨਿੱਜੀ ਸੀਸੀਟੀਵੀ ਦੀ ਸਹਾਇਤਾ ਲਈ ਜਾ ਰਹੀ ਹੈ। ਇਹ ਫੈਕਟਰੀ ਬੰਦ ਹੋਣ ਦੇ ਸਮੇਂ ਦੌਰਾਨ ਸੰਵੇਦਨਸ਼ੀਲ ਖੇਤਰਾਂ ਵਿਚ ਗਸ਼ਤ ਕਰਨਗੇ। ਉਨ੍ਹਾਂ ਕਿਹਾ ਕਿ ਸ਼ਹਿਰ ਵਾਸੀਆਂ ਨੂੰ ਘਬਰਾਉਣ ਦੀ ਕੋਈ ਲੋੜ ਨਹੀਂ ਹੈ ਸਗੋਂ ਆਉਣ ਵਾਲੇ ਤਿਉਹਾਰਾਂ ਦੁਸਹਿਰਾ ਅਤੇ ਦੀਵਾਲੀ ਦੌਰਾਨ ਚੌਕਸੀ ਰੱਖੀ ਜਾਵੇ। ਉਨ੍ਹਾਂ ਬਿਨਾਂ ਨੰਬਰ ਪਲੇਟਾਂ, ਬਿਨਾਂ ਦਸਤਾਵੇਜ਼ਾਂ ਤੇ ਬਿਨਾਂ ਹੈਲਮੇਟ ਵਾਹਨ ਚਾਲਕਾਂ ਨੂੰ ਚੇਤਾਵਨੀ ਦਿੰਦਿਆਂ ਕਿਹਾ ਕਿ ਅਜਿਹੇ ਵਿਅਕਤੀਆਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ।

# ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਵਿਗਿਆਨਕ ਤੇ ਫੈਡਰੇਸ਼ਨ ਵਿਗਿਆਨਕ ਵੱਲੋਂ ਡੀ.ਸੀ. ਦਫਤਰ ਮੂਹਰੇ ਨਾਅਰੇਬਾਜ਼ੀ, ਪ੍ਰਧਾਨ ਮੰਤਰੀ ਨੂੰ ਭੇਜਿਆ ਮੰਗ ਪੱਤਰ



ਫਾਜ਼ਿਲਕਾ, 24 ਸਤੰਬਰ (ਬਖਸ਼ੀਸ਼ ਸਿੰਘ/ਜਸਪ੍ਰੀਤ ਸਿੰਘ): ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਵਿਗਿਆਨਕ ਤੇ ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ ਵਿਗਿਆਨਕ ਜ਼ਿਲ੍ਹਾ ਫਾਜ਼ਿਲਕਾ ਵੱਲੋਂ ਡਿਪਟੀ ਕਮਿਸ਼ਨਰ ਫਾਜ਼ਿਲਕਾ ਰਾਹੀਂ ਪ੍ਰਧਾਨ ਮੰਤਰੀ ਨੂੰ ਆਲ ਇੰਡੀਆ ਸਟੇਟ ਗੌਰਮਿੰਟ ਇੰਪਲਾਈਜ਼ ਫੈਡਰੇਸ਼ਨ ਤੇ ਸਕੂਲ ਟੀਚਰਜ਼ ਫੈਡਰੇਸ਼ਨ ਆਫ ਇੰਡੀਆ ਦੇ ਦਿੱਤੇ ਪ੍ਰੋਗਰਾਮ ਮੁਤਾਬਕ ਮੰਗ ਪੱਤਰ ਭੇਜੇ ਗਏ। ਇਸ ਮੌਕੇ ਡਿਪਟੀ ਕਮਿਸ਼ਨਰ ਦਫਤਰ ਦੇ ਅੱਗੇ ਗੇਟ ਰੈਲੀ ਕਰਕੇ ਕੇਂਦਰ ਸਰਕਾਰ ਤੇ ਪੰਜਾਬ ਸਰਕਾਰ ਖ਼ਿਲਾਫ਼ ਸਮੂਹ ਆਗੂਆਂ ਨੇ ਜੰਮ ਕੇ ਨਾਅਰੇਬਾਜ਼ੀ ਕੀਤੀ ਤੇ ਦੋਹਾਂ ਸਰਕਾਰਾਂ ਨੂੰ ਕੋਸਦੇ ਹੋਏ ਮੰਗਾਂ ਦੀ ਪੂਰਤੀ ਦੀ ਗੱਲ ਆਖੀ। ਜੀ ਟੀ ਯੂ ਦੇ ਸੂਬਾ ਜਨਰਲ ਸਕੱਤਰ ਸੁਰਿੰਦਰ ਕੰਬੋਜ ਅਤੇ ਫੈਡਰੇਸ਼ਨ ਦੇ ਜ਼ਿਲ੍ਹਾ ਪ੍ਰਧਾਨ ਹਰੀਸ਼ ਚੰਦਰ ਮਨਿਸਟੀਰੀਅਲ ਸਰਵਿਸਿਜ਼ ਯੂਨੀਅਨ ਦੇ ਪ੍ਰਧਾਨ ਸੁਖਦੇਵ ਕੰਬੋਜ ਆਗੂਆਂ ਨੇ ਮੰਗ ਕੀਤੀ ਕਿ ਮੰਗ ਪੱਤਰ ਵਿੱਚ ਦਰਜ ਮੰਗਾਂ ਜਿਵੇਂ ਕਿ ਪੀ ਐਫ ਆਰ ਡੀ ਏ ਐਕਟ ਰੱਦ ਕਰਕੇ ਪੁਰਾਣੀ ਪੈਨਸ਼ਨ ਸਕੀਮ ਬਹਾਲ ਕੀਤੀ ਜਾਵੇ, ਚਾਰ ਲੇਬਰ ਕੋਡ ਵਾਪਸ ਲਏ ਜਾਣ, ਨਵੀਂ ਸਿੱਖਿਆ ਨੀਤੀ 2020 ਰੱਦ ਕਰਕੇ ਰਾਜਾਂ ਦੁਆਰਾ ਆਪਣੀ ਸਿੱਖਿਆ ਨੀਤੀ ਬਣਾਈ ਜਾਵੇ, ਕੱਚੇ ਮੁਲਾਜ਼ਮਾਂ ਨੂੰ ਪੂਰੇ ਗਰੇਡਾਂ 'ਤੇ ਪੱਕਾ ਕੀਤਾ ਜਾਵੇ, ਆਊਟ ਸੋਰਸ, ਠੇਕਾ ਭਰਤੀ ਪ੍ਰਣਾਲੀ ਬੰਦ ਕਰਕੇ ਸਾਰੇ ਵਿਭਾਗਾਂ ਵਿੱਚ ਰੈਗੂਲਰ ਭਰਤੀ ਕੀਤੀ ਜਾਵੇ, ਟੈੱਟ ਮਾਮਲੇ ਵਿੱਚ ਕੇਂਦਰ ਸਰਕਾਰ ਸੁਪਰੀਮ ਕੋਰਟ ਵਿੱਚ ਰਿਵਿਊ ਪਟੀਸ਼ਨ ਦਾਇਰ ਕਰੇ, ਸਿੱਖਿਆ ਅਧਿਕਾਰ ਐਕਟ 2009 ਦੀ ਸੈਕਸ਼ਨ 23 ਵਿੱਚ ਸੋਧ ਕੀਤੀ ਜਾਵੇ, ਨਵੀਂ ਸਿੱਖਿਆ ਨੀਤੀ ਵਾਪਸ ਲਈ ਜਾਵੇ, ਸਾਰੇ ਵਿਭਾਗਾਂ ਵਿੱਚ ਕਰਮਚਾਰੀਆਂ ਦਾ ਸਿਹਤ ਬੀਮਾ ਤਹਿਤ ਮੁਫ਼ਤ ਇਲਾਜ ਕੀਤਾ ਜਾਵੇ ਨਿੱਜੀਕਰਨ, ਸਰਕਾਰੀ ਜਾਇਦਾਦਾਂ ਵੇਚਣ ਦੀਆਂ ਨੀਤੀਆਂ ਬੰਦ ਕੀਤੀਆਂ ਜਾਣ। ਮਹਿੰਦਰ ਸਿੰਘ ਘੱਲੂ, ਜਸਵਿੰਦਰ ਸਿੰਘ, ਰੇਸ਼ਮ ਸਿੰਘ, ਰਾਧਾ ਕ੍ਰਿਸ਼ਨ, ਗੁਰਮੀਤ ਚੰਦ, ਗੁਰਮੀਤ ਸਿੰਘ ਮਿਲਖ ਰਾਜ, ਹੁਣਾਂ ਮੰਗ ਕੀਤੀ ਕਿ ਮਹਿੰਗਾਈ ਭੱਤੇ ਦੀਆਂ ਰੁਕੀਆਂ ਕਿਸ਼ਤਾਂ ਜਾਰੀ ਕੀਤੀਆਂ ਜਾਣ। ਇਸ ਮੌਕੇ ਕੁਲਵੰਤ ਰਾਏ, ਸੁਰਿੰਦਰ ਕੁਮਾਰ, ਬਹਾਲ ਸਿੰਘ, ਰਾਜੇਸ਼ ਕੁਮਾਰ, ਬਲਵਿੰਦਰ ਗੋਰਾ, ਟਹਿਲ ਸਿੰਘ, ਪਰੇਮ ਪਰਦੇਸੀ, ਰਾਜੀਵ ਕੁਮਾਰ, ਸੁਭਾਸ਼ ਚੰਦਰ ਰੰਗੀਲਾ, ਸੁਖਮੰਦਰ ਸਿੰਘ, ਓਮ ਪ੍ਰਕਾਸ਼ ਅਬੋਹਰ, ਅਮਰ ਸਿੰਘ ਹਾਜ਼ਰ ਸਨ।

# ਟੀਕਾਕਰਨ ਸ਼ਡਿਊਲ ਮੁਤਾਬਕ ਨਿਯਮਿਤ ਲਗਵਾਏ ਜਾਣ ਟੀਕੇ: ਡਾ. ਰੋਹਿਤ ਗੋਇਲ



ਅਬੋਹਰ, 24 ਸਤੰਬਰ (ਬਖਸ਼ੀਸ਼ ਸਿੰਘ/ਜਸਪ੍ਰੀਤ ਸਿੰਘ): ਸਿਹਤ ਵਿਭਾਗ ਵੱਲੋਂ ਜੱਚਾ ਬੱਚਾ ਟੀਕਾਕਰਨ ਪ੍ਰੋਗਰਾਮ ਨੂੰ ਸਫਲ ਬਣਾਉਣ ਸਬੰਧੀ ਵਿਸ਼ੇਸ਼ ਧਿਆਨ ਦਿੱਤਾ ਜਾਂਦਾ ਹੈ, ਜਿਸ ਦੇ ਤਹਿਤ ਸਿਹਤ ਕਰਮੀਆਂ ਵੱਲੋਂ ਲਗਾਤਾਰ ਟੀਕਾਕਰਨ ਕੈਂਪ ਆਯੋਜਿਤ ਕੀਤੇ ਜਾਂਦੇ ਹਨ।ਪੰਜਾਬ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਡਾ. ਰਾਜ ਕੁਮਾਰ ਸਿਵਲ ਸਰਜਨ ਫਾਜ਼ਿਲਕਾ ਦੀ ਉਚੇਚੀ ਨਿਗਰਾਨੀ, ਡਾ. ਰੋਹਿਤ ਗੋਇਲ ਸਹਾਇਕ ਸਿਵਲ ਸਰਜਨ ਤੇ ਡਾ. ਸੁਰੇਸ਼ ਕੰਬੋਜ ਕਾਰਜਕਾਰੀ ਸੀਨੀਅਰ ਮੈਡੀਕਲ ਅਫਸਰ ਸਿਵਲ ਹਸਪਤਾਲ ਅਬੋਹਰ ਦੀ ਦੇਖਰੇਖ ਵਿੱਚ ਸ਼ਹਿਰ ਵਿਖੇ ਵੱਖ-ਵੱਖ ਥਾਵਾਂ 'ਤੇ ਟੀਕਾਕਰਨ ਕੈਂਪ ਲਗਾਏ ਗਏ। ਡਾ. ਰੋਹਿਤ ਗੋਇਲ ਨੇ ਕਿਹਾ ਕਿ ਗਰਭਵਤੀ ਔਰਤਾਂ ਅਤੇ ਬੱਚਿਆਂ ਦੇ ਟੀਕਾਕਰਨ ਨੂੰ ਯਕੀਨੀ ਬਣਾਉਣ ਲਈ ਇਹ ਕੈਂਪ ਲਗਾਏ ਜਾਂਦੇ ਹਨ। ਸਰਕਾਰੀ ਟੀਕਾਕਰਨ ਸੂਚੀ ਵਿਚ 12 ਮਾਰੂ ਬਿਮਾਰੀਆਂ ਤੋਂ ਬੱਚਿਆਂ ਦੇ ਬਚਾਅ ਲਈ ਜ਼ਰੂਰੀ ਟੀਕੇ ਮੌਜੂਦ ਹਨ। ਉਨ੍ਹਾਂ ਨੇ ਕਿਹਾ ਕਿ ਸਿਹਤ ਕਰਮੀਆਂ ਦੀ ਮਿਹਨਤ ਸਦਕਾ ਸਰਕਾਰੀ ਟੀਕਾਕਰਨ ਵਿਚ ਲੋਕਾਂ ਦਾ ਭਰੋਸਾ ਵਧਿਆ ਹੈ। ਡਾ. ਸੁਰੇਸ਼ ਕੰਬੋਜ ਨੇ ਦੱਸਿਆ ਕਿ ਮਮਤਾ ਦਿਵਸ ਦੇ ਮੌਕੇ 'ਤੇ ਅਬੋਹਰ ਦੇ ਵੱਖ-ਵੱਖ ਏਰੀਆ ਜਿਵੇਂ ਕਿ ਈਦਗਾਹ ਬਸਤੀ, ਨਵੀਂ ਆਬਾਦੀ, ਖੁਫੀਆ ਮੁਹੱਲਾ, ਰਾਜੀਵ ਨਗਰ ਤੇ ਪੀ.ਪੀ ਯੂਨਿਟ ਵਿਖੇ ਕੈਂਪ ਲਗਾ ਕੇ 0 ਤੋਂ 16 ਸਾਲ ਤੱਕ ਦੇ ਬੱਚਿਆਂ ਤੇ ਗਰਭਵਤੀ ਔਰਤਾਂ ਦਾ ਟੀਕਾਕਰਨ ਕੀਤਾ ਗਿਆ। ਉਨ੍ਹਾਂ ਨੇ ਦੱਸਿਆ ਕਿ ਬੱਚਿਆਂ ਦੇ ਮੁਕੰਮਲ ਟੀਕਾਕਰਨ ਨਾਲ ਉਨ੍ਹਾਂ ਨੂੰ 12 ਮਾਰੂ ਬਿਮਾਰੀਆਂ ਜਿਵੇਂ ਹੈਪੇਟਾਇਟਸ (ਪੀਲੀਆ), ਪੋਲੀਓ, ਤਪਦਿਕ, ਅੰਧਰਾਤਾ, ਗਲਘੋਟੂ, ਕਾਲੀ ਖਾਂਸੀ, ਟੈਟਨਸ, ਨਮੂਨੀਆ, ਦਿਮਾਗੀ ਬੁਖਾਰ, ਦਸਤ, ਖਸਰਾ ਤੇ ਰੁਬੇਲਾ ਆਦਿ ਤੋਂ ਬਚਾਇਆ ਜਾ ਸਕਦਾ ਹੈ। ਡਿਪਟੀ ਮਾਸ ਮੀਡੀਆ ਅਫਸਰ ਮਨਬੀਰ ਸਿੰਘ ਨੇ ਦੱਸਿਆ ਕਿ ਇਹਨਾਂ ਕੈਂਪਾਂ ਦੌਰਾਨ ਸਿਹਤ ਸਟਾਫ ਵੱਲੋਂ ਲੋਕਾਂ ਨੂੰ ਵੱਖ-ਵੱਖ ਸਿਹਤ ਪ੍ਰੋਗ੍ਰਾਮਾਂ ਜਿਵੇਂ ਜਨਨੀ ਸੁਰੱਖਿਆ ਯੋਜਨਾ, ਜਨਨੀ ਸ਼ਿਸ਼ੂ ਸੁਰੱਖਿਆ ਕਾਰਿਆਕ੍ਰਮ, ਕੇਅਰ ਕੰਪੈਨਿਅਨ ਪ੍ਰੋਗ੍ਰਾਮ, ਰਾਸ਼ਟਰੀ ਬਾਲ ਸੁਰੱਖਿਆ ਕਾਰਿਆਕ੍ਰਮ, ਸਤਨਪਾਨ ਤੇ ਪੌਸ਼ਟਿਕ ਖੁਰਾਕ ਦੇ ਮਹੱਤਵ ਆਦਿ ਬਾਰੇ ਵੀ ਜਾਗਰੂਕ ਕੀਤਾ ਗਿਆ। ਇਸ ਮੌਕੇ ਏ.ਐਨ.ਐਮ ਦਿਨੇਸ਼ ਰਾਣੀ, ਲਖਵਿੰਦਰ ਕੌਰ, ਡਿੰਪਲ, ਸੁਮੇਰ, ਸੁਰਿੰਦਰ ਕੌਰ, ਮ.ਪ.ਹ.ਵ (ਮੇਲ) ਭਾਰਤ ਸੇਠੀ, ਅੰਕੁਸ਼ ਕੁਮਾਰ, ਆਸ਼ਾ ਵਰਕਰ ਮੌਜੂਦ ਸਨ।

# 6 ਰੁਪਏ ਦੀ ਲਾਟਰੀ 'ਚ ਨਿਕਲਿਆ 45 ਹਜ਼ਾਰ ਰੁਪਏ ਦਾ ਇਨਾਮ



ਮੱਲਾਂ ਵਾਲਾ, 24 ਸਤੰਬਰ (ਹਰਪਾਲ ਸਿੰਘ ਖਾਲਸਾ): ਅਕਸਰ ਕਿਹਾ ਜਾਂਦਾ ਹੈ ਕਿ ਇਨਸਾਨ ਨੂੰ ਜ਼ਿੰਦਗੀ 'ਚ ਸਫ਼ਲ ਹੋਣ ਲਈ ਮਿਹਨਤ ਦੇ ਨਾਲ-ਨਾਲ ਕਿਸਮਤ ਦਾ ਸਾਥ ਮਿਲਣਾ ਵੀ ਜ਼ਰੂਰੀ ਹੁੰਦਾ ਹੈ। ਅਜਿਹਾ ਹੀ ਇਕ ਮਾਮਲਾ ਸਾਹਮਣੇ ਆਇਆ ਹੈ, ਕਸਬਾ ਮੱਲਾਂਵਾਲਾ ਤੋਂ, ਜਿੱਥੇ ਇਕ ਮਜ਼ਦੂਰ ਨੇ 6 ਰੁਪਏ ਦੀ ਕੀਮਤ ਵਾਲੀ ਸਿੱਕਮ ਸਟੇਟ ਲਾਟਰੀ ਟਿਕਟ ਖ਼ਰੀਦੀ ਸੀ। ਜਿਸ ਵਿੱਚੋਂ ਉਸ ਦਾ 45,000 ਰੁਪਏ ਦਾ ਨਕਦੀ ਇਨਾਮ ਨਿਕਲਿਆ। ਜਾਣਕਾਰੀ ਦਿੰਦੇ ਹੋਏ ਲਾਟਰੀ ਵਿਜੇਤਾ ਅਨਵਰ ਨੇ ਦੱਸਿਆ ਹੈ ਕਿ ਉਹ ਮੱਲਾਂਵਾਲਾ ਦਾ ਰਹਿਣ ਵਾਲਾ ਹੈ ਅਤੇ ਮਜ਼ਦੂਰੀ ਕਰਦਾ ਹੈ। ਉਸ ਵੱਲੋਂ ਸ਼ਾਮ 4 ਕੁ ਵਜੇ ਦੇ ਕਰੀਬ ਗਿੱਲ ਲਾਟਰੀ ਸਟਾਲ ਮੱਲਾਂਵਾਲਾ ਤੋਂ 6 ਰੁਪਏ ਵਾਲੀ ਲਾਟਰੀ ਟਿਕਟ ਖ਼ਰੀਦੀ ਸੀ ਅਤੇ ਉਸ ਦੀ ਟਿਕਟ ਦਾ ਨੰਬਰ ਡਰਾਅ 'ਚ ਨਿਕਲ ਆਇਆ ਤੇ ਉਹ 45,000 ਰੁਪਏ ਜਿੱਤ ਗਿਆ। ਅਨਵਰ ਦਾ ਕਹਿਣਾ ਹੈ ਕਿ ਉਹ ਬਹੁਤ ਖੁਸ਼ ਹੈ ਕਿ ਉਸ ਨੂੰ 6 ਰੁਪਏ ਵਾਲੀ ਲਾਟਰੀ ਤੋਂ 45,000 ਰੁਪਏ ਮਿਲੇ ਹਨ। ਇਸ ਮੌਕੇ ਲਾਟਰੀ ਸੇਲਰ ਗੁਰਦੇਵ ਸਿੰਘ ਨੇ ਦੱਸਿਆ ਕਿ ਉਨ੍ਹਾਂ ਵੱਲੋਂ ਸੋਮਵਾਰ ਨੂੰ 6 ਰੁਪਏ ਵਾਲੀ ਸਿੱਕਮ ਸਟੇਟ ਲਾਟਰੀ ਟਿਕਟ ਨੰਬਰ (64253 ) ਸੇਲ ਕੀਤੀ ਗਈ ਸੀ। ਜਿਸ 'ਚ 45,000 ਰੁਪਏ ਦਾ ਇਨਾਮ ਨਿਕਲਿਆ ਹੈ ਅਤੇ ਉਸ ਵੱਲੋਂ ਲਾਟਰੀ ਜਿੱਤਣ ਵਾਲੇ ਨੂੰ ਫੋਨ ਕਰਕੇ ਦੱਸਿਆ ਤੇ ਅੱਜ ਲਾਟਰੀ ਵਿਜੇਤਾ ਦਾ ਮਠਿਆਈ ਨਾਲ ਮੂੰਹ ਮਿੱਠਾ ਕਰਵਾ ਨਗਦ ਇਨਾਮ ਰਾਸ਼ੀ ਦਿੱਤੀ ਗਈ ਹੈ। ਲਾਟਰੀ ਸੇਲਰ ਗੁਰਦੇਵ ਸਿੰਘ ਨੇ ਦੱਸਿਆ ਕਿ ਉਹ ਫਿਰੋਜ਼ਪੁਰ ਦੀ ਮਸ਼ਹੂਰ ਐਨ.ਕੇ ਲਾਟਰੀ ਏਜੰਸੀ ਨਾਲ ਜੁੜੇ ਹੋਏ ਹਨ। ਜੋ ਇਸ ਨਾਮਵਰ ਏਜੰਸੀ ਤੋਂ ਖਰੀਦੀਆਂ ਟਿਕਟਾਂ 'ਚੋਂ ਪਹਿਲਾਂ ਵੀ ਕਈਆਂ ਲੋਕਾਂ ਦੇ ਲੱਖਾਂ ਕਰੋੜਾਂ ਦੇ ਇਨਾਮ ਨਿਕਲ ਚੁੱਕੇ ਹਨ।

# ਜ਼ਿਲ੍ਹੇ ਦੇ ਪਿੰਡਾਂ 'ਚ ਕੈਂਪ ਲਗਾ ਕੇ ਕਿਸਾਨਾਂ ਨੂੰ ਪਰਾਲੀ ਨਾ ਸਾੜਨ ਸਬੰਧੀ ਕੀਤਾ ਜਾ ਰਿਹੈ ਜਾਗਰੂਕ: ਡੀ.ਸੀ.




ਫ਼ਿਰੋਜ਼ਪੁਰ, 24 ਸਤੰਬਰ (ਤਿਵਾੜੀ): ਡਿਪਟੀ ਕਮਿਸ਼ਨਰ ਦੀਪਸ਼ਿਖਾ ਸ਼ਰਮਾ ਨੇ ਦੱਸਿਆ ਕਿ ਜ਼ਿਲ੍ਹੇ ਦੇ ਵਿੱਚ ਝੋਨੇ ਦੀ ਪਰਾਲੀ ਨਾ ਸਾੜਨ ਸਬੰਧੀ ਕਿਸਾਨਾਂ ਨੂੰ ਜਾਗਰੂਕ ਕੀਤਾ ਜਾ ਰਿਹਾ ਹੈ। ਇਸ ਦੇ ਲਈ ਜਿੱਥੇ ਜ਼ਿਲ੍ਹੇ ਵਿੱਚ ਵੱਖ-ਵੱਖ ਪਿੰਡਾਂ ਵਿਖੇ ਕੈਂਪ ਲਗਾਏ ਜਾ ਰਹੇ ਹਨ ਉੱਥੇ ਹੀ ਕਿਸਾਨਾਂ ਨੂੰ ਖੇਤੀਬਾੜੀ ਵਿਭਾਗ ਵੱਲੋਂ ਉਪਲੱਬਧ ਆਧੁਨਿਕ ਮਸ਼ੀਨਾਂ ਰਾਹੀਂ ਪਰਾਲੀ / ਰਹਿੰਦ-ਖੂੰਹਦ ਨੂੰ ਜ਼ਮੀਨ ਵਿੱਚ ਹੀ ਮਿਲਾਉਣ ਦੇ ਲਈ ਜਾਗਰੂਕ ਕੀਤਾ ਜਾ ਰਿਹਾ ਹੈ।ਉਨ੍ਹਾਂ ਦੱਸਿਆ ਕਿ ਪਿੰਡ ਪੀਰੂ ਵਾਲਾ ਵਿਖੇ ਪਰਾਲੀ ਨਾ ਸਾੜਨ ਦੇ ਲਈ ਕੈਂਪ, ਪਿੰਡ ਮਹੀਆਂ ਵਾਲਾ ਖੁਰਦ ਵਿਖੇ ਜਾਗਰੂਕਤਾ ਵੈਨ, ਪਿੰਡ ਵਰਨਾਲਾ, ਪਿੰਡ ਗੁਰਦਿੱਤੀ ਵਾਲਾ ਵਿਖੇ ਕੈਂਪ, ਪਿੰਡ ਮਸਤੇ ਕੇ ਸਮੇਤ ਹੋਰ ਪਿੰਡਾਂ ਵਿਖੇ ਸੀ.ਆਰ.ਐਮ. ਸਕੀਮ ਅਧੀਨ ਪਰਾਲੀ ਦੀ ਸਾਂਭ ਸੰਭਾਲ ਅਤੇ ਨਿਪਟਾਰੇ ਸਬੰਧੀ ਕੈਂਪ, ਪਿੰਡਾਂ ਦੇ ਵਿੱਚ ਗੁਰੂ ਘਰਾਂ ਵਿੱਚੋਂ ਪਰਾਲੀ ਨਾ ਸਾੜਨ ਸਬੰਧੀ ਜਾਗਰੂਕ ਕਰਨ ਦੇ ਲਈ ਅਨਾਊਂਸਮੈਂਟ, ਸਰਕਲ ਆਰਿਫ ਕੇ ਵਿਖੇ ਕਿਸਾਨ ਜਾਗਰੂਕਤਾ ਕੈਂਪ ਸਮੇਤ ਵੱਖ-ਵੱਖ ਢੰਗ-ਤਰੀਕਿਆਂ ਰਾਹੀਂ ਕਿਸਾਨਾਂ ਨੂੰ ਪਰਾਲੀ ਨੂੰ ਅੱਗ ਨਾ ਲਗਾਉਣ ਦੇ ਲਈ ਜਾਗਰੂਕ ਕੀਤਾ ਜਾ ਰਿਹਾ ਹੈ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਪਰਾਲ਼ੀ ਨੂੰ ਸਾੜਨ ਦੇ ਨਾਲ ਜੋ ਨੁਕਸਾਨ ਹੁੰਦਾ ਹੈ ਉਸ ਸਬੰਧੀ ਕੈਂਪਾਂ ਰਾਹੀਂ ਕਿਸਾਨਾਂ ਨੂੰ ਜਾਗਰੂਕ ਕੀਤਾ ਜਾ ਰਿਹਾ ਹੈ। ਪਿਛਲੇ ਸਮਿਆਂ ਦੌਰਾਨ ਵੀ ਕਿਸਾਨਾਂ ਨੂੰ ਪਰਾਲੀ ਨੂੰ ਸਾੜਨ ਦੇ ਨਾਲ ਹੋਣ ਬਾਰੇ ਨੁਕਸਾਨਾਂ ਸਬੰਧੀ ਜਾਗਰੂਕ ਕੀਤਾ ਗਿਆ ਹੈ। ਹੁਣ ਕਿਸਾਨਾਂ ਦੀ ਖੁਦ ਦੀ ਜ਼ਿੰਮੇਦਾਰੀ ਬਣਦੀ ਹੈ ਕਿ ਉਹ ਪਰਾਲੀ ਨੂੰ ਅੱਗ ਨਾ ਲਗਾਉਣ ਤਾਂ ਜੋ ਸਾਡੀ ਆਉਣ ਵਾਲੀ ਪੀੜ੍ਹੀ ਲਈ ਸਾਫ਼-ਸੁੱਥਰਾ ਵਾਤਾਵਰਣ ਦਿੱਤਾ ਜਾ ਸਕੇ। ਖੇਤੀਬਾੜੀ ਵਿਭਾਗ ਅਤੇ ਹੋਰ ਵਿਭਾਗਾਂ ਵੱਲੋਂ ਪਰਾਲੀ ਨੂੰ ਖੇਤ ਵਿੱਚ ਹੀ ਮਿਲਾਉਣ ਦੇ ਲਈ ਕਈ ਤਰ੍ਹਾਂ ਦੀਆਂ ਆਧੁਨਿਕ ਮਸ਼ੀਨਾਂ ਤਿਆਰ ਕੀਤੀਆਂ ਗਈਆਂ ਹਨ, ਜਿਸ 'ਤੇ ਸਰਕਾਰ ਵੱਲੋਂ ਬਕਾਇਦਾ ਤੌਰ 'ਤੇ ਸਬਸਿਡੀ ਵੀ ਦਿੱਤੀ ਜਾਂਦੀ ਹੈ। ਇਸ ਲਈ ਕਿਸਾਨ ਭਰਾਵਾਂ ਅਪੀਲ ਹੈ ਕਿ ਉਹ ਪਰਾਲੀ ਨੂੰ ਅੱਗ ਨਾ ਲਗਾ ਕੇ ਸਗੋਂ ਪਰਾਲ਼ੀ ਨੂੰ ਜ਼ਮੀਨ ਵਿੱਚ ਹੀ ਮਿਲਾਉਣ ਤੇ ਪਰਾਲ਼ੀ ਨੂੰ ਅੱਗ ਨਾ ਲਗਾਉਣ।

# ਬਾਬਾ ਜ਼ੋਰਾਵਰ ਸਿੰਘ ਫਤਹਿ ਸਿੰਘ ਸੀਨੀ. ਸੈਕੰ. ਪਬਲਿਕ ਸਕੂਲ ਨੇ ਵਿਸ਼ਵ ਜਲ ਦਿਵਸ ਮਨਾਇਆ



ਫਤਹਿਗੜ੍ਹ ਸਾਹਿਬ, 24 ਸਤੰਬਰ (ਹਰਪ੍ਰੀਤ ਕੌਰ ਟਿਵਾਣਾ): ਬਾਬਾ ਜ਼ੋਰਾਵਰ ਸਿੰਘ ਫਤਹਿ ਸਿੰਘ ਸੀਨੀ. ਸੈਕੰ, ਪਬਲਿਕ ਸਕੂਲ, ਫਤਹਿਗੜ੍ਹ ਸਾਹਿਬ ਵੱਲੋਂ ਜਲ ਪਖਵਾੜਾ ਪ੍ਰੋਗਰਾਮ ਤਹਿਤ ਪਾਣੀ ਦੀ ਸਾਂਭ ਸੰਭਾਲ ਨਾਲ ਸਬੰਧਤ ਵੱਖ-ਵੱਖ ਗਤੀਵਿਧੀਆਂ ਕਰਵਾਈਆਂ ਗਈਆਂ। ਤੀਜੀ ਤੋਂ ਪੰਜਵੀਂ ਤੱਕ ਦੇ ਬੱਚਿਆਂ ਨੂੰ ਆਡੀਓ-ਵਿਜ਼ੂਅਲ ਪ੍ਰੋਗਰਾਮ ਦੁਆਰਾ ਪਾਣੀ ਬਚਾਓ ਮੁਹਿੰਮ ਤੋਂ ਜਾਣੂੰ ਕਰਵਾਇਆ ਗਿਆ। ਸਵੇਰ ਦੀ ਪ੍ਰਾਰਥਨਾ ਸਭਾ ਦੌਰਾਨ ਛੋਟੇ ਬੱਚਿਆਂ ਵੱਲੋਂ ਪਾਣੀ ਦੀ ਮਹੱਤਤਾ ਦਰਸਾਉਂਦਾ ਹੋਇਆ ਇੱਕ ਸਕਿੱਟ ਪੇਸ਼ ਕੀਤਾ ਗਿਆ ਤੇ ਪਾਣੀ ਦੀ ਸਾਂਭ-ਸੰਭਾਲ ਰੱਖਣ ਸਬੰਧੀ ਸਹੁੰ ਵੀ ਚੁੱਕੀ ਗਈ। ਮਿਡਲ ਤੇ ਸੀਨੀਅਰ ਵਿੰਗ ਦੇ ਵਿਦਿਆਰਥੀਆਂ ਨੇ ਕਵਿਤਾ, ਭਾਸ਼ਣ, ਪੇਂਟਿੰਗ ਰਾਹੀਂ ਤੇ ਸਲੋਗਨ ਲਿਖ ਕੇ ਪਾਣੀ ਦੀ ਮਹੱਤਤਾ ਬਾਰੇ ਜਾਗਰੂਕ ਕੀਤਾ। ਇਸ ਸਬੰਧੀ ਬੱਚਿਆਂ ਦੇ ਲੇਖ ਤੇ ਕੁਇਜ਼ ਮੁਕਾਬਲੇ ਵੀ ਕਰਵਾਏ ਗਏ। ਸੀਨੀਅਰ ਵਿੰਗ ਵੱਲੋਂ ਵੱਖ-ਵੱਖ ਵਿਸ਼ੇ ਜਿਵੇਂ ਕਿ ਪਾਣੀ ਤੋਂ ਹੋਣ ਵਾਲੀਆਂ ਬੀਮਾਰੀਆਂ ਤੇ ਗੰਦੇ ਪਾਣੀ ਦੇ ਨਿਕਾਸ ਦੇ ਢੁੱਕਵੇਂ ਪ੍ਰਬੰਧ ਬਾਰੇ ਵਿਦਿਆਰਥੀਆਂ ਨੂੰ ਜਾਣੂੰ ਕਰਵਾਇਆ। ਇਸ ਦੌਰਾਨ ਸਕੂਲ ਪ੍ਰਿੰਸੀਪਲ ਅਰਸ਼ਦੀਪ ਕੌਰ ਵੱਲੋਂ ਵਿਦਿਆਰਥੀਆਂ ਨੂੰ ਪਾਣੀ ਦੀ ਮਹੱਤਤਾ ਤੇ ਸਹੀ ਵਰਤੋਂ ਬਾਰੇ ਜਾਣੂੰ ਕਰਵਾਇਆ।

# ਸਰਕਾਰ ਤੋਂ ਤੰਗ ਆਏ ਵੈਟਰਨਰੀ ਇੰਸਪੈਕਟਰਾਂ ਨੇ ਕੀਤਾ ਵਰਕ ਟੂ ਰੂਲ, ਇਸ ਵਾਰ ਮਨਾਉਣਗੇ ਕਾਲੀ ਦੀਵਾਲੀ: ਗੁਰਦੀਪ ਸਿੰਘ ਬਾਸੀ





ਮੁਕੇਰੀਆਂ, 24 ਸਤੰਬਰ (ਧਰਮ ਚੰਦ): ਬੀਤੇ ਦਿਨੀਂ ਵੈਟਰਨਰੀ ਇੰਸਪੈਕਟਰ ਐਸੋਸੀਏਸ਼ਨ ਪੰਜਾਬ ਦੀ ਮੀਟਿੰਗ ਸੂਬਾ ਪ੍ਰਧਾਨ ਗੁਰਦੀਪ ਸਿੰਘ ਬਾਸੀ ਦੀ ਪ੍ਰਧਾਨਗੀ ਹੇਠ ਹੋਈ। ਜਿਸ ਵਿੱਚ ਪੂਰੇ ਪੰਜਾਬ ਤੋਂ ਐਸੋਸੀਏਸ਼ਨ ਦੇ ਜ਼ਿਲ੍ਹਾ ਪ੍ਰਧਾਨ ਤੇ ਸਟੇਟ ਕਮੇਟੀ ਮੈਂਬਰਾਂ ਨੇ ਹਿੱਸਾ ਲਿਆ। ਮੀਟਿੰਗ ਸਬੰਧੀ ਪ੍ਰੈਸ ਨੋਟ ਰਾਹੀਂ ਜਾਣਕਾਰੀ ਸਾਂਝੀ ਕਰਦਿਆਂ ਆਗੂਆਂ ਨੇ ਦੱਸਿਆ ਕਿ ਲੰਬੇ ਵਿਚਾਰ ਵਟਾਂਦਰੇ ਤੋਂ ਬਾਅਦ ਐਸੋਸੀਏਸ਼ਨ ਨੇ ਫੈਸਲਾ ਲਿਆ ਕਿ ਪੰਜਾਬ ਸਰਕਾਰ ਤੇ ਵਿਭਾਗ ਦੇ ਅਫਸਰ ਉਨ੍ਹਾਂ ਦੀਆਂ ਮੰਗਾਂ ਮੰਨਣ ਤੋਂ ਪੂਰੀ ਤਰ੍ਹਾਂ ਇਨਕਾਰੀ ਹਨ, ਜਦ ਕਿ ਵੈਟਰਨਰੀ ਇੰਸਪੈਕਟਰ ਵਿਭਾਗ ਦਾ 90 ਪ੍ਰਤੀਸ਼ਤ ਕੰਮ ਕਰਦੇ ਹਨ। ਵੈਟਰਨਰੀ ਇੰਸਪੈਕਟਰ ਐਸੋਸੀਏਸ਼ਨ ਦੀਆਂ ਤਿੰਨ ਮੀਟਿੰਗਾਂ ਵਿਭਾਗ ਦੇ ਮਾਨਯੋਗ ਕੈਬਨਟ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨਾਲ ਹੋ ਚੁੱਕੀਆਂ ਹਨ, ਪਰ ਹੁਣ ਤੱਕ ਇਨ੍ਹਾਂ ਮੀਟਿੰਗਾਂ ਦਾ ਸਿੱਟਾ ਜ਼ੀਰੋ ਨਿਕਲਿਆ ਹੈ, ਵੈਟਰਨਰੀ ਇੰਸਪੈਕਟਰਾਂ ਦੀਆਂ ਤਤਕਾਲੀ ਹੋਈਆਂ ਜਬਰੀ ਬਦਲੀਆਂ ਨੂੰ ਲੈ ਕੇ ਵੀ ਰੋਸ ਵਿੱਚ ਹਨ, ਵੈਟਰਨਰੀ ਇੰਸਪੈਕਟਰਾਂ ਦੀਆਂ ਮੰਗਾਂ ਨੂੰ ਅਫਸਰਸ਼ਾਹੀ ਦੇ ਦਬਾਅ ਹੇਠਾਂ ਜਾਣ ਬੁਝ ਕੇ ਨਜ਼ਰ ਅੰਦਾਜ਼ ਕੀਤਾ ਜਾ ਰਿਹਾ ਹੈ, ਐਸੋਸੀਏਸ਼ਨ ਦੇ ਪ੍ਰਧਾਨ ਗੁਰਦੀਪ ਸਿੰਘ ਬਾਸੀ ਨੇ ਪ੍ਰੈਸ ਨਾਲ ਜਾਣਕਾਰੀ ਸਾਂਝੀ ਕਰਦਿਆਂ ਹੋਇਆਂ ਕਿਹਾ ਕਿ ਉਹ ਹੁਣ ਵਰਕ ਟੂ ਰੂਲ ਲਾਗੂ ਕਰ ਦੇਣਗੇ ਜਿਸ ਅਨੁਸਾਰ ਸਿਰਫ ਹਸਪਤਾਲਾਂ ਤੇ ਡਿਸਪੈਂਸਰੀਆਂ ਵਿੱਚ ਆਏ ਹੋਏ ਪਸ਼ੂ ਨੂੰ ਮੁੱਢਲੀ ਸਹਾਇਤਾ ਪ੍ਰਦਾਨ ਕਰਨਗੇ, ਨਾਲ ਹੀ ਉਨ੍ਹਾਂ ਨੇ ਕਿਸੇ ਵੀ ਤਰ੍ਹਾਂ ਦੀ ਆਨਲਾਈਨ ਰਿਪੋਰਟਿੰਗ ਦਾ ਬਾਈਕਾਟ ਕਰਨ, ਭਾਰਤ ਸਰਕਾਰ ਦੀਆਂ ਵਿਭਾਗੀ ਸਕੀਮਾਂ ਦਾ ਬਾਈਕਾਟ ਕਰਨ ਦਾ ਐਲਾਨ ਕੀਤਾ, ਉਨ੍ਹਾਂ ਨੇ ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਹੋਇਆਂ ਦੱਸਿਆ ਕਿ ਪੰਜਾਬ ਦੇ ਬਹੁਤ ਸਾਰੇ ਜ਼ਿਲ੍ਹਿਆਂ ਵਿੱਚ ਵੈਟਰਨਰੀ ਇੰਸਪੈਕਟਰਾਂ ਦੀਆਂ ਸਟਬਲ ਬਰਨਿੰਗ ਵਿੱਚ ਡਿਊਟੀਆਂ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਲਗਾ ਦਿੱਤੀਆਂ ਗਈਆਂ ਹਨ, ਜਦ ਕਿ ਵੈਟਰਨਰੀ ਇੰਸਪੈਕਟਰਾਂ ਦੀਆਂ ਡਿਊਟੀਆਂ ਐਮਰਜੰਸੀ ਡਿਊਟੀਆਂ ਵਿੱਚ ਆਉਂਦੀਆਂ ਹਨ। ਸਰਕਾਰ ਜਾਣ ਬੁਝ ਕੇ ਇੰਸਪੈਕਟਰਾਂ ਦੀ ਆਵਾਜ਼ ਨੂੰ ਦਬਾ ਰਹੀ ਹੈ, ਰੋਸ ਵਜੋਂ ਇਸ ਵਾਰ ਸਮੂਹ ਵੈਟਰਨਰੀ ਇੰਸਪੈਕਟਰ ਕਾਲੀ ਦੀਵਾਲੀ ਮਨਾਉਣਗੇ ਅਤੇ 10 ਅਕਤੂਬਰ ਤੋਂ ਡਿਪਟੀ ਡਾਇਰੈਕਟਰ ਦਫਤਰਾਂ ਸਾਹਮਣੇ ਧਰਨਿਆਂ ਦਾ ਸਿਲਸਿਲਾ ਸ਼ੁਰੂ ਕਰਨਗੇ, ਦੀਵਾਲੀ ਤੋਂ ਬਾਅਦ ਵੈਟਰਨਰੀ ਇੰਸਪੈਕਟਰ ਐਸੋਸੀਏਸ਼ਨ ਸਮੂਹ ਵੈਟਰਨਰੀ ਇੰਸਪੈਕਟਰਾਂ ਸਮੇਤ ਮਾਨਯੋਗ ਮੰਤਰੀ ਸਾਹਿਬ ਦੇ ਹਲਕੇ ਲੰਬੀ ਦਾ ਰੁੱਖ ਕਰਨਗੇ ਤੇ ਉਹ ਉਦੋਂ ਤੱਕ ਚੁੱਪ ਕਰਕੇ ਨਹੀਂ ਬੈਠਣਗੇ ਜਦੋਂ ਤੱਕ ਵੈਟਰਨਰੀ ਇੰਸਪੈਕਟਰ ਦੀਆਂ ਮੰਗਾਂ ਮੰਨੀਆਂ ਨਹੀਂ ਜਾਂਦੀਆਂ, ਇਸ ਸਮੇਂ ਐਸੋਸੀਏਸ਼ਨ ਦੇ ਜਨਰਲ ਸਕੱਤਰ ਪਰਮਜੀਤ ਸੋਹੀ, ਸੀਨੀਅਰ ਮੀਤ ਪ੍ਰਧਾਨ ਗੁਰਦੀਪ ਸਿੰਘ ਛੰਨਾ, ਰਜੀਵ ਮਲਹੋਤਰਾ, ਗੁਰਮੀਤ ਸਿੰਘ ਮਹਿਤਾ ਮੁਕਤਸਰ, ਹਰਦੀਪ ਸਿੰਘ ਗਿਆਨਾ, ਦਲਜੀਤ ਸਿੰਘ ਚਾਹਲ ਤਰਨ ਤਾਰਨ, ਧਰਮਵੀਰ ਸਰਾਂ ਫਿਰੋਜ਼ਪੁਰ, ਪ੍ਰਵੀਨ ਕੁਮਾਰ ਗੁਰਦਾਸਪੁਰ, ਹਰਦੀਪ ਸਿੰਘ ਮੋਗਾ, ਰਜਿੰਦਰ ਕੰਬੋਜ, ਰਕੇਸ਼ ਸੈਣੀ, ਵਿਜੇ ਕੰਬੋਜ, ਜ਼ਿਲ੍ਹਾ ਪ੍ਰਧਾਨ ਪਟਿਆਲਾ ਸੰਦੀਪ ਚੌਧਰੀ, ਮੁਖਤਿਆਰ ਸਿੰਘ ਲੁਧਿਆਣਾ, ਅਸ਼ੋਕ ਕੁਮਾਰ ਜਲੰਧਰ, ਬਲਜਿੰਦਰ ਸਿੰਘ ਤਰਨ ਤਰਨ, ਪ੍ਰੇਮ ਕੰਬੋਜ, ਫਿਰੋਜ਼ਪੁਰ ਸ਼ਾਮਨਾਥ ਫਤਿਹਗੜ੍ਹ ਸਾਹਿਬ, ਸੁਖਵਿੰਦਰ ਸਿੰਘ ਸੰਧੂ ਮਾਨਸਾ, ਹਰਦੀਪ ਸਿੰਘ ਸੰਧੂ ਬਠਿੰਡਾ, ਬਲਜਿੰਦਰ ਸਿੰਘ ਤਰਨ ਤਾਰਨ, ਜਸਵਿੰਦਰ ਸਿੰਘ ਬੜੀ ਸੰਗਰੂਰ, ਸੁਪ੍ਰੀਤ ਸਿੰਘ, ਹਰਨਾਇਬ ਸਿੰਘ ਚਾਹਲ ਬਰਨਾਲਾ, ਪੁਸ਼ਪਦੀਪ ਸਿੰਘ ਫਤਿਹਗੜ੍ਹ, ਕਰਮਜੀਤ ਸਿੰਘ, ਕੁਲਦੀਪ ਸਿੰਘ ਅਜੇ ਕੁਮਾਰ, ਰਾਜਵਿੰਦਰ ਸਿੰਘ ਧਾਮੀ ਸਮੇਤ ਹੋਰ ਅਹੁਦੇਦਾਰ ਸ਼ਾਮਲ ਸਨ।

# ਮਿਊਂਸੀਪਲ ਕੌਂਸਲ ਦੇ ਕਰਮਚਾਰੀਆਂ ਦੀਆਂ ਪੰਜਾਬ ਸਰਕਾਰ ਤੁਰੰਤ ਮੰਗਾਂ ਮੰਨੇ : ਸੀ.ਪੀ.ਆਈ.ਐਮ



ਸ੍ਰੀ ਅਨੰਦਪੁਰ ਸਾਹਿਬ, 24 ਸਤੰਬਰ (ਤਰਲੋਚਨ ਸਿੰਘ): ਮਿਊਸੀਪਲ ਕੌਂਸਲ ਦੇ ਕਰਮਚਾਰੀਆਂ ਵੱਲੋਂ ਪਿਛਲੇ ਦਿਨਾਂ ਤੋਂ ਕੀਤੀ ਜਾ ਰਹੀ ਹੜਤਾਲੀ ਕਰਮਚਾਰੀਆਂ ਦੀਆਂ ਪੰਜਾਬ ਸਰਕਾਰ ਤੁਰੰਤ ਮੰਗਾਂ ਮੰਨੇ। ਕੌਂਸਲ ਕਰਮਚਾਰੀਆਂ ਦੀ ਹੜਤਾਲ ਨੂੰ ਸੰਬੋਧਨ ਕਰਦਿਆਂ ਸੀਪੀਆਈਐਮ ਦੇ ਜਿਲ ?ਾ ਸਕੱਤਰ ਬਜਿੰਦਰ ਪੰਡਤ, ਸਕੱਤਰੇਤ ਮੈਂਬਰ ਕਾਮਰੇਡ ਸੁਰਜੀਤ ਸਿੰਘ ਢੇਰ ਨੇ ਕਿਹਾ ਕਿ ਘਰ ਘਰ ਰੁਜ਼ਗਾਰ ਦੇਣ ਦੇ ਵਾਅਦਾ ਕਰਕੇ ਸਤਾ ਵਿੱਚ ਆਈ ਆਮ ਆਦਮੀ ਪਾਰਟੀ ਸਰਕਾਰ ਨੇ ਅੱਜ ਸੂਬੇ ਵਿੱਚ ਲੋਕਾਂ ਕੋਲੋਂ ਰੁਜ਼ਗਾਰ ਖੋ ਰਹੀ ਹੈ। ਜਿਹੜਾ ਹਰਾ ਪੈੱਨ ਲੋਕਾਂ ਦੇ ਭਲੇ ਲਈ ਚਲਾਉਣ ਦਾ ਵਾਅਦਾ ਕਰਦੇ ਸਨ ਅੱਜ ਉਹ ਹਰਾ ਪੈੱਨ ਲੋਕਾਂ ਦੀ ਤਬਾਹੀ ਕਰ ਰਿਹਾ ਹੈ। ਮਲਾਈਦਾਰ ਕੌਂਸਲਾਂ ਦੇ ਠੇਕੇ ਹੁਣ ਪ੍ਰਾਈਵੇਟ ਦਿੱਲੀ ਦੇ ਠੇਕੇਦਾਰਾਂ ਨੂੰ ਦਿੱਤੇ ਜਾ ਰਹੇ ਹਨ। ਜਿਸ ਦਾ ਕਿ ਕੌਂਸਲ ਕਰਮਚਾਰੀ ਡੱਟ ਕੇ ਵਿਰੋਧ ਕਰ ਰਹੇ ਹਨ। ਕੌਂਸਲਾਂ ਦੇ ਕਰਮਚਾਰੀ ਪਿਛਲੇ ਲੰਬੇ ਸਮੇਂ ਤੋਂ ਨਿਗੂਣੀਆਂ ਤਨਖਾਹਾਂ ਤੇ ਕੰਮ ਕਰ ਰਹੇ ਹਨ। ਸੀਪੀਆਈਐਮ ਦੇ ਆਗੂਆਂ ਨੇ ਮੰਗ ਕੀਤੀ ਕਿ ਮਜ਼ਦੂਰਾਂ ਨੂੰ ਘੱਟ ਘੱਟ ਤਨਖਾਹ 26000 ਹਜ਼ਾਰ ਰੁਪਏ ਪ੍ਰਤੀ ਮਹੀਨਾ ਦਿੱਤੀ ਜਾਵੇ, ਕਰਮਚਾਰੀਆਂ ਦੀਆਂ ਮੰਗਾਂ ਨੂੰ ਤੁਰੰਤ ਪੰਜਾਬ ਸਰਕਾਰ ਮੰਨੇ। ਵੱਖ ਵੱਖ ਸ਼ਹਿਰਾਂ 'ਚ ਇਸ ਸਮੇਂ ਸਫਾਈ ਦੀ ਅਵਸਥਾ ਕਾਫੀ ਖਰਾਬ ਹੁੰਦੀ ਜਾ ਰਹੀ ਹੈ। ਆਗੂਆਂ ਨੇ ਕਿਹਾ ਕਿ ਪੰਜਾਬ ਸਰਕਾਰ ਗੱਲ ਕਰਨ ਦੀ ਬਜਾਏ ਮਜ਼ਦੂਰਾਂ ਦਾ ਸ਼ੋਸ਼ਣ ਕਰ ਰਹੀ ਹੈ। ਸੀਪੀਆਈਐਮ ਦੇ ਆਗੂਆਂ ਨੇ ਲੋਕਾਂ ਨੂੰ ਸੱਦਾ ਦਿੱਤਾ ਕਿ ਉਹ ਕੌਂਸਲ ਕਰਮਚਾਰੀਆਂ ਨਾਲ ਡੱਟ ਕੇ ਖੜਨ ਤੇ ਉਨ੍ਹਾਂ ਦਾ ਸਾਥ ਦੇਣ। ਇਸ ਮੌਕੇ ਤੇ ਮਦਨ ਲਾਲ, ਜੈਮਲ ਸਿੰਘ, ਸਤੀਸ਼ ਕੁਮਾਰ, ਅਸ਼ਵਨੀ ਕੁਮਾਰ, ਹਰੀਸ਼ ਕੁਮਾਰ ਸਤੀਸ਼, ਜੱਸੀ ਸਮੇਤ ਹੋਰ ਕੌਂਸਲ ਦੇ ਕਰਮਚਾਰੀ ਵੱਡੀ ਗਿਣਤੀ 'ਚ ਹਾਜ਼ਰ ਸਨ।

# ਦਾਣਾ ਮੰਡੀ 'ਚ ਕੈਬਨਿਟ ਮੰਤਰੀ ਹਰਭਜਨ ਸਿੰਘ ਈ.ਟੀ.ਓ. ਨੇ ਝੋਨੇ ਦੀ ਖਰੀਦ ਸ਼ੁਰੂ ਕਰਵਾਈ



ਚੌਂਕ ਮਹਿਤਾ, 24 ਸਤੰਬਰ (ਬਲਜਿੰਦਰ ਸਿੰਘ ਰੰਧਾਵਾ): ਕੈਬਨਿਟ ਮੰਤਰੀ ਹਰਭਜਨ ਸਿੰਘ ਈਟੀਓ ਨੇ ਦਾਣਾ ਮੰਡੀ ਮਹਿਤਾ ਚੌਂਕ ਵਿਖੇ ਪਹੁੰਚ ਕੇ ਝੋਨੇ ਦੀ ਸਰਕਾਰੀ ਖਰੀਦ ਦੀ ਸ਼ੁਰੂਆਤ ਕਰਵਾਈ।ਇਸ ਮੌਕੇ ਉਨ੍ਹਾਂ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਖਰੀਦ ਦੇ ਸਾਰੇ ਪ੍ਰਬੰਧ ਮੁਕੰਮਲ ਕਰ ਲਏ ਗਏ ਹਨ।ਬਾਰਦਾਨੇ ਦੀ ਕੋਈ ਕਮੀ ਨਹੀਂ ਹੈ ਤੇ ਝੋਨਾ ਖਰੀਦਣ ਤੋਂ ਬਾਅਦ ਦੋ ਦਿਨਾਂ ਦੇ ਅੰਦਰ-ਅੰਦਰ ਫਸਲ ਦੀ ਕੀਮਤ ਜ਼ਿੰਮੀਦਾਰ ਦੇ ਖਾਤੇ ਵਿੱਚ ਪਹੁੰਚ ਜਾਵੇਗੀ।ਉਨ੍ਹਾਂ ਨੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਝੋਨਾ ਸੁਕਾਅ ਕੇ ਵੱਢਣ ਤਾਂ ਜੋ ਉਨ੍ਹਾਂ ਨੂੰ ਬਿਨਾਂ ਵਜ੍ਹਾ ਤੋਂ ਮੰਡੀ ਵਿੱਚ ਕਿਸੇ ਕਿਸਮ ਦੀ ਪ੍ਰੇਸ਼ਾਨੀ ਪੇਸ਼ ਨਾ ਆਵੇ।ਇਸ ਮੌਕੇ ਹੋਰਨਾਂ ਤੋਂ ਇਲਾਵਾ ਚੇਅਰਮੈਨ ਗੁਰਵਿੰਦਰ ਸਿੰਘ ਰੰਧਾਵਾ, ਸਰਪੰਚ ਅਜੇ ਕੁਮਾਰ ਗਾਂਧੀ, ਗੁਰਜਿੰਦਰ ਸਿੰਘ ਕੋਹਾਟ ਵਿੰਡ, ਪ੍ਰਧਾਨ ਸੁਖਦੇਵ ਸਿੰਘ ਬੁਟਰ, ਪ੍ਰਧਾਨ ਹਰਜਿੰਦਰ ਸਿੰਘ ਜਲਾਲ ਉਸਮਾ, ਬਲਜੀਤ ਸਿੰਘ ਚਾਹਲ ਜਨਰਲ ਸਕੱਤਰ ਪੰਜਾਬ, ਅਮਰਜੀਤ ਸਿੰਘ ਭੋਲਾ, ਜਤਿੰਦਰ ਸਿੰਘ ਲੱਧਾ ਮੁੰਡਾ, ਰਾਜਬੀਰ ਸਿੰਘ ਉਦੋ ਨੰਗਲ, ਗੁਰਮੁੱਖ ਸਿੰਘ ਸਾਹਬਾ ਸਾਬਕਾ ਡਾਇਰੈਕਟਰ, ਗੁਰਵੇਲ ਸਿੰਘ ਔਜਲਾ, ਪ੍ਰਧਾਨ ਗੁਰਮੁਖ ਸਿੰਘ ਡੇਰੀਵਾਲ, ਰਜਿੰਦਰ ਸਿੰਘ ਸਰਪੰਚ, ਜਰਮਨਜੀਤ ਸਿੰਘ, ਨਿਸ਼ਾਨ ਸਿੰਘ ਗੋਲਡੀ ਸਰਪੰਚ ਦਬੁਰਜੀ, ਹਰਪਾਲ ਸਿੰਘ ਜੱਜ, ਦਵਿੰਦਰ ਸਿੰਘ ਮੱਲੀ, ਬਲਜਿੰਦਰ ਸਿੰਘ ਹੈਪੀ, ਮਾਸਟਰ ਸੁਖਦੇਵ ਸਿੰਘ ਬੱਲ, ਸਰਪੰਚ ਬਲਜੀਤ ਸਿੰਘ ਸੈਦੋਕੇ, ਸਰਪੰਚ ਬਲਵਿੰਦਰ ਸਿੰਘ ਰਜਧਾਨ, ਜਗਦੀਪ ਸਿੰਘ ਰੰਧਾਵਾ, ਸ਼ਮਸ਼ੇਰ ਸਿੰਘ, ਸੰਦੀਪ ਸਿੰਘ (ਤਿੰਨੇ ਇੰਚਾਰਜ ਅਨਾਜ ਮੰਡੀ), ਇੰਸਪੈਕਟਰ ਜਗਜੀਤ ਸਿੰਘ ਪਨਗਰੇਨ, ਕੁਲਤਾਰਨ ਸਿੰਘ ਪੱਡਾ, ਅਵਿਨਾਸ਼ ਗਰੋਵਰ, ਅਮਿਤ ਸ਼ਰਮਾ ਤੇ ਆੜ੍ਹਤੀ ਮੌਜੂਦ ਸਨ।

# ਨਵੋਦਿਆ ਵਿਦਿਆਲਿਆ ਵਿਖੇ ਦਾਖ਼ਲੇ ਲਈ ਆਨਲਾਈਨ ਰਜਿਸਟ੍ਰੇਸ਼ਨ ਸ਼ੁਰੂ

ਗੁਰਦਾਸਪੁਰ, 24 ਸਤੰਬਰ (ਸੰਧੂ/ਬਸਰਾ): ਪ੍ਰਧਾਨ ਮੰਤਰੀ ਸ੍ਰੀ ਸਕੂਲ ਜਵਾਹਰ ਨਵੋਦਿਆ ਵਿਦਿਆਲਿਆ, ਦਬੁੜੀ, ਜ਼ਿਲ੍ਹਾ ਗੁਰਦਾਸਪੁਰ (ਪੀ.ਬੀ.) ਭਾਰਤ ਸਰਕਾਰ ਦੇ ਸਿੱਖਿਆ ਮੰਤਰਾਲੇ




ਅਧੀਨ ਚੱਲ ਰਿਹਾ ਹੈ ਤੇ ਸੀ.ਬੀ.ਐਸ.ਈ. ਬੋਰਡ ਨਾਲ ਸਬੰਧਤ ਹੈ।ਇਸ ਸਕੂਲ ਵਿੱਚ ਨੌਵੀਂ ਤੇ ਗਿਆਰ੍ਹਵੀਂ ਜਮਾਤ ਵਿੱਚ ਦਾਖ਼ਲੇ ਲਈ ਅਰਜ਼ੀ ਫਾਰਮ ਦੀ ਰਜਿਸਟ੍ਰੇਸ਼ਨ ਆਨਲਾਈਨ ਸ਼ੁਰੂ ਕਰ ਦਿੱਤੀ ਗਈ ਹੈ।ਉਮੀਦਵਾਰ ਜਿਨ੍ਹਾਂ ਦਾ ਜਨਮ 1 ਮਈ 2011 ਤੋਂ 31 ਜੁਲਾਈ 2013 (ਦੋਵੇਂ ਦਿਨ ਸ਼ਾਮਲ) ਤੇ 1 ਜੂਨ 2009 ਤੋਂ 31 ਜੁਲਾਈ 2011 (ਦੋਵੇਂ ਦਿਨ ਸ਼ਾਮਲ) ਦੇ ਵਿਚਕਾਰ ਹੋਇਆ ਹੈ, ਗੁਰਦਾਸਪੁਰ ਜ਼ਿਲ੍ਹੇ ਦੇ ਕਿਸੇ ਵੀ ਸਰਕਾਰੀ ਜਾਂ ਮਾਨਤਾ ਪ੍ਰਾਪਤ ਸਕੂਲ ਵਿੱਚ 8ਵੀਂ ਜਮਾਤ ਤੇ 10ਵੀਂ ਵਿੱਚ ਪੜ੍ਹ ਰਹੇ ਹਨ, ਉਹ ਦਾਖਲਾ ਲੈਣ ਦੇ ਯੋਗ ਹਨ।ਸਕੂਲ ਦੇ ਪ੍ਰਿੰਸੀਪਲ ਨਰੇਸ਼ ਕੁਮਾਰ ਨੇ ਦੱਸਿਆ ਕਿ ਦਾਖ਼ਲੇ ਲਈ ਰਜਿਸਟ੍ਰੇਸ਼ਨ ਵੈਬਸਾਈਟ Class IX LEST 2026= https://cbsetms.nic.in2025/nvsix9 ਤੇ Class XI LEST 2026= https://cbsetms.nic.in2025/nvsxi_11 'ਤੇ ਮੁਫ਼ਤ ਕੀਤੀ ਜਾ ਸਕਦੀ ਹੈ। ਉਨ੍ਹਾਂ ਦੱਸਿਆ ਕਿ ਚੋਣ ਟੈਸਟ ਦੀ ਮਿਤੀ 7 ਫਰਵਰੀ 2026 ਹੈ। ਵੇਰਵੇ ਸਹਿਤ ਜਾਣਕਾਰੀ ਵੈੱਬਸਾਈਟ www.Navodaya.gov.in ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ।

# ਲੋਕਾਂ ਦੇ ਸਹਿਯੋਗ ਨਾਲ ਨਸ਼ਿਆਂ ਨੂੰ ਜੜ੍ਹ ਤੋਂ ਖ਼ਤਮ ਕੀਤਾ ਜਾਵੇਗਾ: ਵਿਧਾਇਕ ਕਲਸੀ



ਬਟਾਲਾ, 24 ਸਤੰਬਰ (ਧੰਨਪਾਲ ਕਲਸੀ/ਡਾ. ਸਤਨਾਮ ਸੰਧੂ): ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਵੱਲੋਂ ਸੂਬੇ ਨੂੰ ਨਸ਼ਾ ਮੁਕਤ ਕਰਨ ਲਈ ਚਲਾਈ ਜਾ ਰਹੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਨਸ਼ਿਆਂ ਨੂੰ ਜੜ੍ਹ ਤੋਂ ਖ਼ਤਮ ਕਰਨ ਲਈ ਪਿੰਡਾਂ ਦੀਆਂ ਪੰਚਾਇਤਾਂ, ਪਿੰਡ ਤੇ ਵਾਰਡ ਪੱਧਰੀ ਰੱਖਿਆ ਕਮੇਟੀਆਂ ਤੇ ਆਮ ਲੋਕ ਪੂਰਨ ਸਹਿਯੋਗ ਦੇ ਰਹੇ ਹਨ ਤੇ ਉਹ ਦਿਨ ਦੂਰ ਨਹੀਂ ਜਦੋਂ ਪੰਜਾਬ ਮੁਕੰਮਲ ਤੌਰ 'ਤੇ ਨਸ਼ਾ ਮੁਕਤ ਹੋ ਜਾਵੇਗਾ।ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਪੰਜਾਬ ਦੇ ਕਾਰਜਕਾਰੀ ਪ੍ਰਧਾਨ ਤੇ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਨੇ ਪਿੰਡ ਕੋਟਲਾ ਵਿਖੇ 'ਨਸ਼ਾ ਮੁਕਤੀ ਯਾਤਰਾ' ਦੌਰਾਨ ਪਿੰਡ ਦੇ ਲੋਕਾਂ ਨੂੰ ਸੰਬੋਧਨ ਕਰਦਿਆਂ ਕੀਤਾ।ਇਸ ਮੌਕੇ ਪਿੰਡ ਵਾਸੀਆਂ ਨੂੰ ਨਸ਼ਿਆਂ ਨੂੰ ਜੜ੍ਹ ਤੋਂ ਖਤਮ ਕਰਨ ਲਈ ਸਹੁੰ ਵੀ ਚੁਕਾਈ ਗਈ। ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਮੁਹਿੰਮ ਯੁੱਧ ਨਸ਼ਿਆਂ ਵਿਰੁੱਧ ਤਹਿਤ ਨਸ਼ਾ ਮੁਕਤੀ ਯਾਤਰਾਵਾਂ ਦਾ ਸਿਲਸਿਲਾ ਲਗਾਤਾਰ ਜਾਰੀ ਹੈ ਤੇ ਇਸ ਮੁਹਿੰਮ ਨੂੰ ਲੋਕਾਂ ਦੇ ਸਹਿਯੋਗ ਨਾਲ ਭਰਪੂਰ ਸਫਲਤਾ ਮਿਲ ਰਹੀ ਹੈ।ਇਸ ਮੌਕੇ ਉਨ੍ਹਾਂ ਪਿੰਡ ਵਾਸੀਆਂ, ਖ਼ਾਸਕਰ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਨਸ਼ਿਆਂ ਤੋਂ ਦੂਰ ਰਹਿਣ ਤੇ ਸਮਾਜ ਨੂੰ ਵੀ ਇਸ ਬੁਰਾਈ ਤੋਂ ਮੁਕਤ ਕਰਵਾਉਣ ਵਿੱਚ ਸਰਗਰਮ ਭੂਮਿਕਾ ਨਿਭਾਉਣ ਤਾਂ ਜੋ ਇਸ ਮੁਹਿੰਮ ਨੂੰ ਸਫਲ ਬਣਾਇਆ ਜਾ ਸਕੇ।ਇਸ ਮੌਕੇ ਐਸਐਚਓ ਗੁਰਮੀਤ ਸਿੰਘ ਸਰਪੰਚ ਬਲਜੀਤ ਸਿੰਘ ਐਸਡੀਓ ਨਿਰਮਲ ਸਿੰਘ ਕੈਪਟਨ ਨਰਿੰਦਰ ਸਿੰਘ, ਡਾ. ਜਗਦੀਸ਼ ਸਿੰਘ ਜਜਦਾਣ ਮਲਕੀਤ ਸਿੰਘ ਨਾਥਪੁਰ ਗੁਰਵਿੰਦਰ ਸਿੰਘ ਬੂਟਰ ਕਲਾਂ ਮਿੱਟੂ ਤਲਵਾੜਾ ਸਮੇਤ ਪਿੰਡ ਵਾਸੀ ਮੌਜੂਦ ਸਨ।

ਚੰਡੀਗੜ੍ਹ ਹਾਊਸਿੰਗ ਬੋਰਡ
ਚੰਡੀਗੜ੍ਹ ਪ੍ਰਸ਼ਾਸਨ ਦਾ ਇੱਕ ਅਦਾਰਾ
8, ਜਨ ਮਾਰਗ, ਸੈਕਟਰ 9-ਡੀ, ਚੰਡੀਗੜ੍ਹ

## ਜਨਤਕ ਸੂਚਨਾ

**ਵੱਲੋਂ ਸਕੱਤਰ, ਸੀਐਚਬੀ ਅਸਟੇਟ ਅਧਿਕਾਰੀ, ਯੂ.ਟੀ. ਚੰਡੀਗੜ੍ਹ ਦੀਆਂ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ।**

ਵਿਸ਼ਾ: ਅਲਾਟੀ/ਟ੍ਰਾਂਸਫਰੀ **ਸ੍ਰੀ ਸੁਮਿਤ ਕਾਲਰਾ ਸਪੁੱਤਰ ਸ੍ਰੀ ਸਤੀਸ਼ ਕਾਲਰਾ** ਦੇ ਨਾਮ ਤੋਂ **(1) ਸ੍ਰੀ ਅਮਨ ਮੋਂਗਾ ਸਪੁੱਤਰ ਸ੍ਰੀ ਅਸ਼ੋਕ ਕੁਮਾਰ ਮੋਂਗਾ ਅਤੇ (2) ਸ੍ਰੀਮਤੀ ਸਮ੍ਰਿਧੀ ਗੁਲਾਟੀ ਮੋਂਗਾ ਸੁਪਤਨੀ ਸ੍ਰੀ ਅਮਨ ਮੋਂਗਾ** ਦੇ ਨਾਮ 'ਤੇ ਵਿਕਰੀ ਡੀਡ ਦੇ ਆਧਾਰ 'ਤੇ **ਮਾਡਲ ਹਾਊਸਿੰਗ ਕੰਪਲੈਕਸ, ਮਨੀਮਾਜਰਾ, ਚੰਡੀਗੜ੍ਹ ਵਿਚ ਵਰਗ-4 ਦੀ ਰਿਹਾਇਸ਼ੀ ਇਕਾਈ ਨੰਬਰ 5252/1 (ਪਹਿਲੀ ਮੰਜ਼ਿਲ)** ਦੇ ਸਬੰਧ ਵਿਚ ਮਾਲਕੀ ਅਧਿਕਾਰ ਦਾ ਤਬਾਦਲਾ/ਪਰਿਵਰਤਨ।

ਆਮ ਜਨਤਾ ਅਤੇ ਸਾਰੇ ਸਬੰਧਤਾਂ ਦੀ ਜਾਣਕਾਰੀ ਲਈ ਇਸ ਦੁਆਰਾ ਸੂਚਿਤ ਕੀਤਾ ਜਾਂਦਾ ਹੈ ਕਿ **ਮਾਡਲ ਹਾਊਸਿੰਗ ਕੰਪਲੈਕਸ, ਮਨੀਮਾਜਰਾ, ਚੰਡੀਗੜ੍ਹ ਵਿਚ ਵਰਗ-4 ਦੀ ਰਿਹਾਇਸ਼ੀ ਇਕਾਈ ਨੰਬਰ 5252/1 (ਪਹਿਲੀ ਮੰਜ਼ਿਲ)** ਅਲਾਟੀ/ਟ੍ਰਾਂਸਫਰੀ **ਸ੍ਰੀ ਸੁਮਿਤ ਕਾਲਰਾ ਸਪੁੱਤਰ ਸ੍ਰੀ ਸਤੀਸ਼ ਕਾਲਰਾ** ਦੇ ਨਾਮ 'ਤੇ ਦਰਜ ਹੈ। ਹੁਣ, **ਸ੍ਰੀ ਸੁਮਿਤ ਕਾਲਰਾ ਸਪੁੱਤਰ ਸ੍ਰੀ ਸਤੀਸ਼ ਕਾਲਰਾ** ਨੇ ਉਕਤ ਦਰਸਾਈ ਰਿਹਾਇਸ਼ੀ ਇਕਾਈ 23.07.2025 ਨੂੰ ਸਬ-ਰਜਿਸਟਰਾਰ ਚੰਡੀਗੜ੍ਹ ਦੇ ਦਫ਼ਤਰ ਵਿਚ ਕਾਰਜਰੂਪ ਅਤੇ ਪੰਜੀਕ੍ਰਿਤ ਵਿਕਰੀ ਡੀਡ ਦੇ ਅਧੀਨ **(1) ਸ੍ਰੀ ਅਮਨ ਮੋਂਗਾ ਸਪੁੱਤਰ ਸ੍ਰੀ ਅਸ਼ੋਕ ਕੁਮਾਰ ਮੋਂਗਾ ਅਤੇ (2) ਸ੍ਰੀਮਤੀ ਸਮ੍ਰਿਧੀ ਗੁਲਾਟੀ ਮੋਂਗਾ ਸੁਪਤਨੀ ਸ੍ਰੀ ਅਮਨ ਮੋਂਗਾ** ਨੂੰ ਵੇਚ ਦਿੱਤੀ ਹੈ। **(1) ਸ੍ਰੀ ਅਮਨ ਮੋਂਗਾ ਸਪੁੱਤਰ ਸ੍ਰੀ ਅਸ਼ੋਕ ਕੁਮਾਰ ਮੋਂਗਾ ਅਤੇ (2) ਸ੍ਰੀਮਤੀ ਸਮ੍ਰਿਧੀ ਗੁਲਾਟੀ ਮੋਂਗਾ ਸੁਪਤਨੀ ਸ੍ਰੀ ਅਮਨ ਮੋਂਗਾ** ਨੇ ਤਬਾਦਲਾ ਡੀਡ ਦੇ ਆਧਾਰ 'ਤੇ ਆਪਣੇ ਨਾਮ 'ਤੇ ਉਕਤ ਦਰਸਾਈ ਰਿਹਾਇਸ਼ੀ ਇਕਾਈ ਦੇ ਤਬਾਦਲੇ ਲਈ ਇਸ ਦਫ਼ਤਰ ਨੂੰ ਬੇਨਤੀ ਕੀਤੀ ਹੈ।

ਜੇਕਰ ਕਿਸੇ ਵੀ ਵਿਅਕਤੀ ਨੂੰ ਬਿਨੈਕਾਰ ਦੇ ਪੱਖ ਵਿਚ ਦਰਸਾਈ ਸੰਪੱਤੀ ਦੇ ਤਬਾਦਲੇ ਬਾਰੇ ਕੋਈ ਵੀ ਇਤਰਾਜ਼ ਹੋਵੇ, ਤਾਂ ਉਹ ਇਸ ਸੂਚਨਾ ਦੇ ਪ੍ਰਕਾਸ਼ਨ ਤੋਂ 21 ਦਿਨਾਂ ਦੇ ਅੰਦਰ ਨਿਮਨ ਹਸਤਾਖ਼ਰੀ ਨੂੰ ਲਿਖਤ ਵਿਚ ਇਤਰਾਜ਼ ਪੇਸ਼ ਕਰ ਸਕਦਾ/ਸਕਦੀ ਹੈ/ਸਕਦੇ ਹਨ, ਜਿਸ ਤੋਂ ਅਸਫ਼ਲ ਰਹਿਣ 'ਤੇ ਦਰਸਾਈ ਰਿਹਾਇਸ਼ੀ ਇਕਾਈ ਦੀ ਮਾਲਕੀ ਉਕਤ ਦਰਸਾਏ ਦਾਅਵੇਕਾਰ (ਾਂ) ਦੇ ਪੱਖ ਵਿਚ ਤਬਦੀਲ ਕਰ ਦਿੱਤੀ ਜਾਵੇਗੀ।

**ਸਕੱਤਰ**
**ਚੰਡੀਗੜ੍ਹ ਹਾਊਸਿੰਗ ਬੋਰਡ, ਚੰਡੀਗੜ੍ਹ**

# ਪਰਾਲੀ ਪ੍ਰਬੰਧਨ ਲਈ ਬਲਾਕ ਸ੍ਰੀ ਹਰਗੋਬਿੰਦਪੁਰ ਦੇ ਕਲੱਸਟਰ ਇੰਚਾਰਜਾਂ ਦੀ ਮੀਟਿੰਗ



ਘੁਮਾਣ/ਸ੍ਰੀ ਹਰਗੋਬਿੰਦਪੁਰ ਸਾਹਿਬ, 24 ਸਤੰਬਰ (ਡਾ. ਨਰਿੰਦਰ ਸਿੰਘ ਘੁਮਾਣ/ਜਗੀਰ ਸਿੰਘ ਮੰਡ): ਮਾਣਯੋਗ ਉਪ-ਮੰਡਲ ਮੈਜਿਸਟਰੇਟ ਬਟਾਲਾ ਵਿਕਰਮਜੀਤ ਸਿੰਘ ਦੇ ਨਿਰਦੇਸ਼ਾਂ ਤਹਿਤ ਬਲਾਕ ਸ੍ਰੀ ਹਰਗੋਬਿੰਦਪੁਰ ਸਾਹਿਬ ਵਿਖੇ ਤਾਇਨਾਤ ਕੀਤੇ ਕਲੱਸਟਰ ਇੰਚਾਰਜਾਂ ਦੀ ਮੀਟਿੰਗ ਡਾ. ਸ਼ਾਹਬਾਜ ਸਿੰਘ ਚੀਮਾ ਖੇਤੀਬਾੜੀ ਅਫਸਰ ਵੱਲੋਂ ਕੀਤੀ ਗਈ।ਡਾ. ਚੀਮਾ ਵੱਲੋਂ ਮੀਟਿੰਗ ਵਿੱਚ ਹਾਜ਼ਰ ਹੋਏ ਸਮੂਹ ਅਧਿਕਾਰੀ ਕਰਮਚਾਰੀਆਂ ਨੂੰ ਅਪੀਲ ਕੀਤੀ ਗਈ ਕਿ ਆਪੋ-ਆਪਣੇ ਅਲਾਟ ਕੀਤੇ ਗਏ ਪਿੰਡਾਂ ਵਿੱਚ ਝੋਨੇ ਦੀ ਪਰਾਲੀ ਨੂੰ ਅੱਗ ਨਾ ਲਗਾਉਣ ਸਬੰਧੀ ਜਾਗਰੂਕ ਮੁਹਿੰਮ ਸ਼ੁਰੂ ਕੀਤੀ ਜਾਵੇ ਤੇ ਪਿੰਡ ਪੱਧਰ 'ਤੇ ਤਾਇਨਾਤ ਕੀਤੇ ਗਏ ਨੋਡਲ ਅਫਸਰਾਂ ਨਾਲ ਤਾਲਮੇਲ ਕਰਕੇ ਉਨ੍ਹਾਂ ਨੂੰ ਵੀ ਇਸ ਮੁਹਿੰਮ ਵਿੱਚ ਜੋੜ ਕੇ ਕਿਸਾਨ ਪੱਧਰ 'ਤੇ ਪਰਾਲੀ ਨੂੰ ਅੱਗ ਨਾ ਲਗਾਉਣ ਸਬੰਧੀ ਪੰਜਾਬ ਸਰਕਾਰ ਦੀ ਮੁਹਿੰਮ ਬਾਰੇ ਜਾਣੂੰ ਕਰਵਾਇਆ ਜਾਵੇ।ਹਰ ਪਿੰਡ ਦੇ ਗੁਰਦੁਆਰੇ ਜਾਂ ਕੋਈ ਵੀ ਧਾਰਮਿਕ ਸਥਾਨ ਤੋਂ ਪਰਾਲੀ ਨੂੰ ਅੱਗ ਨਾ ਲਗਾਉਣ ਸਬੰਧੀ ਰੋਜ਼ਾਨਾ ਅਨਾਊਂਸਮੈਂਟ ਕਰਵਾਈਆਂ ਜਾਣ ਤਾਂ ਜੋ ਕਿ ਪਰਾਲੀ ਨੂੰ ਅੱਗ ਲੱਗਣ ਵਾਲੀਆਂ ਘਟਨਾਵਾਂ ਨੂੰ ਖਤਮ ਕੀਤਾ ਜਾ ਸਕੇ।ਡਾ. ਚੀਮਾ ਵੱਲੋਂ ਸਮੂਹ ਕਲੱਸਟਰ ਇੰਚਾਰਜਾਂ ਨੂੰ ਉਨ੍ਹਾਂ ਨੂੰ ਅਲਾਟ ਹੋਏ ਪਿੰਡਾਂ ਵਿੱਚ ਖੇਤੀਬਾੜੀ ਵਿਭਾਗ ਵੱਲੋਂ ਸਬਸਿਡੀ 'ਤੇ ਦਿੱਤੀਆਂ ਮਸ਼ੀਨਾਂ ਦੀਆਂ ਲਿਸਟਾਂ ਵੀ ਦਿੱਤੀਆਂ ਗਈਆਂ ਤੇ ਕਿਹਾ ਗਿਆ ਕਿ ਕਿਸਾਨਾਂ ਦਾ ਪਿੰਡ ਪੱਧਰ 'ਤੇ ਇਹ ਮਸ਼ੀਨਾਂ ਵਾਲਿਆਂ ਨਾਲ ਤਾਲਮੇਲ ਕਰਵਾ ਕੇ ਝੋਨੇ ਦੀ ਪਰਾਲੀ ਦਾ ਸੁਚੱਜਾ ਪ੍ਰਬੰਧਨ ਕਰਵਾਇਆ ਜਾਵੇ ਤੇ ਕਿਸੇ ਵੀ ਕੀਮਤ 'ਤੇ ਪਰਾਲੀ ਨੂੰ ਅੱਗ ਨਾ ਲੱਗਣ ਦਿੱਤੀ ਜਾਵੇ।

# ਘੁਮਾਣ ਪੁਲਿਸ ਵੱਲੋਂ ਗੋਲੀਆ ਚਲਾ ਕੇ ਫਿਰੌਤੀਆਂ ਮੰਗਣ ਵਾਲੇ ਦੋ ਨੌਜਵਾਨ ਨਾਜਾਇਜ਼ ਪਿਸਟਲ ਸਮੇਤ ਕਾਬੂ

## ☛ਸਬ-ਡਵੀਜ਼ਨ ਸ੍ਰੀ ਹਰਗੋਬਿੰਦਪੁਰ ਸਾਹਿਬ ਅਧੀਨ ਆਉਂਦੇ ਪਿੰਡਾਂ 'ਚ ਕ੍ਰਾਈਮ ਕਰਨ ਵਾਲਿਆਂ ਨੂੰ ਬਖ਼ਸ਼ਿਆ ਨਹੀਂ ਜਾਵੇਗਾ: ਡੀ.ਐਸ.ਪੀ.



ਬਟਾਲਾ/ਸ੍ਰੀ ਹਰਗੋਬਿੰਦਪੁਰ ਸਾਹਿਬ/ਘੁਮਾਣ, 24 ਸਤੰਬਰ (ਡਾ. ਨਰਿੰਦਰ ਸਿੰਘ ਘੁਮਾਣ/ਜਗੀਰ ਸਿੰਘ ਮੰਡ/ਡਾ. ਸਰਬਜੀਤ ਸਿੰਘ ਭਿੰਡਰ): ਥਾਣਾ ਘੁਮਾਣ ਦੀ ਪੁਲਿਸ ਨੂੰ ਉਸ ਵੇਲੇ ਵੱਡੀ ਸਫਲਤਾ ਪ੍ਰਾਪਤ ਹੋਈ, ਜਦੋਂ ਪਿਛਲੇ ਦਿਨੀਂ ਕਸਬਾ ਘੁਮਾਣ ਵਿੱਚ ਫਿਰੌਤੀ ਮੰਗਣ 'ਤੇ ਗੋਲੀਆਂ ਚਲਾਉਣ ਵਾਲੇ ਗਿਰੋਹ ਦੇ ਦੋ ਮੈਂਬਰਾਂ ਨੂੰ ਕਾਬੂ ਕਰ ਲਿਆ ਗਿਆ।ਇਸ ਸਬੰਧੀ ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਡੀਐਸਪੀ ਸ੍ਰੀ ਹਰਗੋਬਿੰਦਪੁਰ ਸਾਹਿਬ ਹਰੀਸ਼ ਬਹਿਲ ਤੇ ਥਾਣਾ ਘੁਮਾਣ ਦੇ ਮੁਖੀ ਐਸਐਚਓ ਗਗਨਦੀਪ ਸਿੰਘ ਢੀਂਡਸਾ ਨੇ ਦੱਸਿਆ ਕਿ ਮਾਣਯੋਗ ਐਸਐਸਪੀ ਸੁਹੇਲ ਕਾਸਿਮ ਮੀਰ ਆਈਪੀਐਸ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਕੰਮ ਕਰਦੇ ਹੋਏ ਘੁਮਾਣ ਪੁਲਿਸ ਨੂੰ ਉਸ ਵੇਲੇ ਵੱਡੀ ਕਾਮਯਾਬੀ ਮਿਲੀ ਹੈ, ਜਦੋਂ ਪਿਛਲੇ ਦਿਨੀਂ 16 ਅਗਸਤ ਕਸਬਾ ਘੁਮਾਣ ਦੇ ਨਿਊ ਮਾਡਲ ਟਾਊਨ ਕਲੋਨੀ 'ਤੇ ਗੁਰਬਚਨ ਸਿੰਘ ਦੇ ਘਰ ਦੇ ਗੇਟ 'ਤੇ ਇੱਕ ਗੋਲੀ ਚਲਾਈ ਗਈ ਤੇ ਇਸ ਤਰ੍ਹਾਂ ਹੀ 1 ਮਹੀਨੇ ਬਾਅਦ ਹੀ ਸੁਖਦੇਵ ਸਿੰਘ ਪਿੰਡ ਬੱਲੜਵਾਲ ਦੇ ਘਰ ਦੇ ਬਾਹਰ ਗੇਟ ਦੇ ਬਾਹਰ ਗੋਲੀਆਂ ਚਲਾਈਆਂ ਗਈਆਂ ਸਨ।ਉਨ੍ਹਾਂ ਦੱਸਿਆ ਕਿ ਇਸ ਵਾਰਦਾਤਾਂ ਨੂੰ ਟਰੇਸ ਕਰਨ ਲਈ ਥਾਣਾ ਘੁਮਾਣ ਦੇ ਐਸਐਚਓ ਗਗਨਦੀਪ ਸਿੰਘ ਢੀਂਡਸਾ ਦੀ ਟੀਮ ਵੱਲੋਂ ਤੇ ਸੀਆਈਏ ਸਟਾਫ ਬਟਾਲਾ ਦੇ ਇੰਚਾਰਜ ਸੁਖਰਾਜ ਸਿੰਘ ਦੀ ਟੀਮ ਵੱਲੋਂ ਸਾਂਝੀ ਕਰਦਿਆਂ ਹੋਇਆਂ ਫਿਰੌਤੀਆਂ ਮੰਗਣ ਵਾਲੇ ਗਿਰੋਹ ਦੇ ਦੋ ਨੌਜਵਾਨ ਭੁਪਿੰਦਰ ਸਿੰਘ ਤੇ ਰਣਜੀਤ ਸਿੰਘ ਵਾਸੀ ਬਰਿਆਰ ਨੂੰ ਕਾਬੂ ਕੀਤਾ ਗਿਆ ਹੈ।ਉਨ੍ਹਾਂ ਦੱਸਿਆ ਕਿ ਇਨ੍ਹਾਂ ਦਾ ਮਾਸਟਰਮਾਇੰਡ ਪਲਵਿੰਦਰ ਸਿੰਘ ਬਿੱਲਾਂ ਸੱਖੋਵਾਲ ਜੋ ਕਿ ਹੁਣ ਬੈਲਜੀਅਮ ਵਿਚ ਹੈ, ਜਿਸ ਨੇ ਰਣਜੀਤ ਸਿੰਘ ਵਾਸੀ ਬਰਿਆਰ ਤੇ ਭੁਪਿੰਦਰ ਸਿੰਘ ਨਾਲ ਤਿੰਨ-ਚਾਰ ਨੌਜਵਾਨਾਂ ਦਾ ਗਿਰੋਹ ਬਣਾਇਆ ਸੀ ਜੋ ਕਿ ਇਹ ਇਕੱਠੇ ਹੋ ਕੇ ਲੋਕਾਂ ਤੋਂ ਫਿਰੌਤੀਆਂ ਲਈ 50 ਲੱਖ ਰੁਪਏ ਦੀ ਫਿਰੌਤੀ ਦੀ ਮੰਗ ਕਰਦੇ ਸਨ ਤੇ ਕਹਿੰਦੇ ਸਨ ਕਿ ਨਹੀਂ ਤਾਂ ਤੇਰੇ ਸਾਰੇ ਪਰਿਵਾਰ ਨੂੰ ਮਾਰ ਦਵਾਂਗੇ। ਉਨ੍ਹਾਂ ਦੱਸਿਆ ਕਿ ਫੜੇ ਗਏ ਭੁਪਿੰਦਰ ਸਿੰਘ ਤੇ ਰਣਜੀਤ ਸਿੰਘ ਬਰਿਆਰ ਨੂੰ ਕਾਬੂ ਕੀਤਾ ਗਿਆ ਹੈ ਤੇ ਰਣਜੀਤ ਸਿੰਘ ਕੋਲੋਂ ਇੱਕ ਪਿਸਟਲ 32 ਬੋਰ ਤੇ ਇਕ ਜ਼ਿੰਦਾ ਕਾਰਤੂਸ ਬ੍ਰਾਮਦ ਕੀਤਾ।ਇਸ ਮੌਕੇ ਮੁੱਖ ਮੁਨਸ਼ੀ ਥਾਣਾ ਘੁਮਾਣ ਪ੍ਰਮਜੀਤ ਸਿੰਘ, ਮੁਨਸ਼ੀ ਗੁਰਸੇਵਕ ਸਿੰਘ, ਏਐਸਆਈ ਗੁਰਜੀਤ ਸਿੰਘ, ਏਐਸਆਈ ਸਤਪਾਲ ਸਿੰਘ, ਮੁਨਸ਼ੀ ਗੁਰਪ੍ਰੀਤ ਸਿੰਘ, ਹੈਡ ਕਾਂਸਟੇਬਲ ਹਰਮਨਪ੍ਰੀਤ ਸਿੰਘ, ਹੈਡ ਕਾਂਸਟੇਬਲ ਸਤਿੰਦਰ ਸਿੰਘਹੈਡ ਕਾਂਸਟੇਬਲ ਪ੍ਰਮਜੀਤ ਸਿੰਘ, ਏਐਸਆਈ ਜਸਵੰਤ ਸਿੰਘ ਹਾਜ਼ਰ ਸਨ।

ਚੰਡੀਗੜ੍ਹ ਹਾਊਸਿੰਗ ਬੋਰਡ
ਚੰਡੀਗੜ੍ਹ ਪ੍ਰਸ਼ਾਸਨ ਦਾ ਇੱਕ ਅਦਾਰਾ
8, ਜਨ ਮਾਰਗ, ਸੈਕਟਰ 9-ਡੀ, ਚੰਡੀਗੜ੍ਹ

## ਜਨਤਕ ਸੂਚਨਾ

**ਵੱਲੋਂ ਸਕੱਤਰ, ਸੀਐਚਬੀ ਅਸਟੇਟ ਅਧਿਕਾਰੀ, ਯੂ.ਟੀ. ਚੰਡੀਗੜ੍ਹ ਦੀਆਂ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ।**

ਵਿਸ਼ਾ : ਅਲਾਟੀ/ਟ੍ਰਾਂਸਫਰੀ **ਸ੍ਰੀ ਸੀਤਲ ਸਿੰਘ ਸਪੁੱਤਰ ਸ੍ਰੀ ਸ਼੍ਰੀ ਰਾਮ** ਦੇ ਨਾਮ ਤੋਂ **ਸ੍ਰੀ ਗੁਰਜੀਤ ਸਿੰਘ ਸਪੁੱਤਰ ਸ੍ਰੀ ਸੀਤਲ ਸਿੰਘ** ਦੇ ਨਾਮ 'ਤੇ **ਤਬਾਦਲਾ ਡੀਡ** ਦੇ ਆਧਾਰ 'ਤੇ **ਸੈਕਟਰ 38 (ਪੱਛਮ), ਚੰਡੀਗੜ੍ਹ ਵਿਚ ਐਲਆਈਜੀ ਵਰਗ ਦੀ ਰਿਹਾਇਸ਼ੀ ਇਕਾਈ ਨੰਬਰ 5170 (ਜ਼ਮੀਨੀ ਤਲ)** ਦੇ ਸਬੰਧ ਵਿਚ ਟਰਾਂਸਫਰੀ ਦਾ ਤਬਾਦਲਾ/ਪਰਿਵਰਤਨ।

(ਪਿਤਾ ਤੋਂ ਪੁੱਤਰ ਨੂੰ)

ਆਮ ਜਨਤਾ ਅਤੇ ਸਾਰੇ ਸਬੰਧਤਾਂ ਦੀ ਜਾਣਕਾਰੀ ਲਈ ਇਸ ਦੁਆਰਾ ਸੂਚਿਤ ਕੀਤਾ ਜਾਂਦਾ ਹੈ ਕਿ **ਸੈਕਟਰ 38 (ਪੱਛਮ), ਚੰਡੀਗੜ੍ਹ ਵਿਚ ਐਲਆਈਜੀ ਵਰਗ ਦੀ ਰਿਹਾਇਸ਼ੀ ਇਕਾਈ ਨੰਬਰ 5170 (ਜ਼ਮੀਨੀ ਤਲ)** ਅਲਾਟੀ/ਟ੍ਰਾਂਸਫਰੀ **ਸ੍ਰੀ ਸੀਤਲ ਸਿੰਘ ਸਪੁੱਤਰ ਸ੍ਰੀ ਸ਼੍ਰੀ ਰਾਮ** ਦੇ ਨਾਮ 'ਤੇ ਦਰਜ ਹੈ। **ਸ੍ਰੀ ਗੁਰਜੀਤ ਸਿੰਘ ਸਪੁੱਤਰ ਸ੍ਰੀ ਸੀਤਲ ਸਿੰਘ** ਵੱਲੋਂ ਸੂਚਨਾ ਦਿੱਤੀ ਗਈ ਹੈ, ਜਿਨ੍ਹਾਂ ਨੇ 02.09.2025 ਨੂੰ ਸਬ ਰਜਿਸਟਰਾਰ, ਚੰਡੀਗੜ੍ਹ ਦੇ ਦਫ਼ਤਰ ਵਿਚ ਉਨ੍ਹਾਂ ਦੇ ਨਾਮ 'ਤੇ ਕਾਰਜਰੂਪ ਅਤੇ ਪੰਜੀਕ੍ਰਿਤ ਤਬਾਦਲਾ ਡੀਡ ਦੇ ਆਧਾਰ 'ਤੇ ਦਰਸਾਈ ਰਿਹਾਇਸ਼ੀ ਇਕਾਈ ਦੇ ਸਬੰਧ ਵਿਚ ਮਾਲਕੀ ਅਧਿਕਾਰ ਦੇ ਤਬਾਦਲੇ ਬਿਨੈ ਕੀਤਾ ਹੈ।

ਜੇਕਰ ਕਿਸੇ ਵੀ ਵਿਅਕਤੀ ਨੂੰ ਬਿਨੈਕਾਰ ਦੇ ਪੱਖ ਵਿਚ ਦਰਸਾਈ ਸੰਪੱਤੀ ਦੇ ਤਬਾਦਲੇ ਸਬੰਧੀ ਕੋਈ ਵੀ ਇਤਰਾਜ਼ ਹੈ ਤਾਂ ਉਹ ਆਪਣਾ ਇਤਰਾਜ਼ ਇਸ ਸੂਚਨਾ ਦੇ ਪ੍ਰਕਾਸ਼ਨ ਤੋਂ 21 ਦਿਨਾਂ ਦੇ ਅੰਦਰ ਨਿਮਨ ਹਸਤਾਖ਼ਰੀ ਕੋਲ ਲਿਖਤ ਵਿਚ ਪੇਸ਼ ਕਰ ਸਕਦਾ/ਸਕਦੀ ਹੈ/ਸਕਦੇ ਹਨ, ਜਿਸ ਤੋਂ ਅਸਫ਼ਲ ਰਹਿਣ 'ਤੇ ਦਰਸਾਈ ਰਿਹਾਇਸ਼ੀ ਇਕਾਈ ਦੀ ਮਾਲਕੀ ਉਕਤ ਦਰਸਾਏ ਦਾਅਵੇਕਾਰ (ਾਂ) ਦੇ ਪੱਖ ਵਿਚ ਤਬਦੀਲ ਕਰ ਦਿੱਤੀ ਜਾਵੇਗੀ।

**ਸਕੱਤਰ**
**ਚੰਡੀਗੜ੍ਹ ਹਾਊਸਿੰਗ ਬੋਰਡ, ਚੰਡੀਗੜ੍ਹ**

# ਝੋਨੇ ਦੀ ਪਰਾਲੀ ਨੂੰ ਅੱਗ ਨਾ ਲਗਾਈ ਜਾਵੇ: ਡਾ. ਚੀਮਾ



ਘੁਮਾਣ/ਸ੍ਰੀ ਹਰਗੋਬਿੰਦਪੁਰ ਸਾਹਿਬ, 24 ਸਤੰਬਰ (ਡਾ. ਨਰਿੰਦਰ ਸਿੰਘ ਘੁਮਾਣ/ਜਗੀਰ ਸਿੰਘ ਮੰਡ): ਪੰਜਾਬ ਸਰਕਾਰ ਦੀਆਂ ਹਦਾਇਤਾਂ ਤੇ ਡਿਪਟੀ ਕਮਿਸ਼ਨਰ ਦਲਵਿੰਦਰਜੀਤ ਸਿੰਘ ਦੇ ਹੁਕਮਾਂ ਤਹਿਤ ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਗੁਰਦਾਸਪੁਰ ਵੱਲੋਂ ਸ਼ੁਰੂ ਕੀਤੀ ਮੁਹਿੰਮ ਤਹਿਤ ਪਿੰਡ ਈਨੋਕੋਟ ਬਲਾਕ ਸ੍ਰੀ ਹਰਗੋਬਿੰਦਪੁਰ ਸਾਹਿਬ ਵਿਖੇ ਝੋਨੇ ਦੀ ਪਰਾਲੀ ਨੂੰ ਅੱਗ ਨਾ ਲਗਾਉਣ ਸਬੰਧੀ ਡਾ. ਸ਼ਾਹਬਾਜ਼ ਸਿੰਘ ਚੀਮਾ ਖੇਤੀਬਾੜੀ ਅਫਸਰ ਦੀ ਰਹਿਨੁਮਾਈ ਹੇਠ ਜਾਗਰੂਕ ਕੈਂਪ ਲਗਾਇਆ ਗਿਆ।ਇਸ ਸਬੰਧੀ ਡਾ. ਚੀਮਾ ਨੇ ਕਿਸਾਨਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਝੋਨੇ ਦੀ ਪਰਾਲੀ ਨੂੰ ਖੇਤ ਵਿੱਚ ਹੀ ਮਿਲਾ ਕੇ ਮਿੱਟੀ ਦੀ ਉਪਜਾਊ ਸ਼ਕਤੀ ਵਧਾਈ ਜਾਵੇ ਤੇ ਵਾਤਾਵਰਨ ਨੂੰ ਪ੍ਰਦੂਸ਼ਿਤ ਹੋਣ ਤੋਂ ਰੋਕਿਆ ਜਾ ਸਕੇ।ਉਨ੍ਹਾਂ ਕਿਹਾ ਕਿ ਜਦੋਂ ਅਸੀਂ ਅੱਗ ਲਗਾ ਦਿੰਦੇ ਹਾਂ ਤਾਂ ਪਰਾਲੀ ਵਿਚਲੇ ਤੱਤ ਕਾਰਬਨ, ਮੈਗਨੀਸ਼ੀਅਮ, ਨਾਈਟਰੋਜਨ, ਫਾਸਫੋਰਸ, ਸਲਫਰ, ਕੈਲਸ਼ੀਅਮ, ਪੋਟਾਸ਼ ਆਦਿ ਜ਼ਰੂਰੀ ਤੱਤ ਨਸ਼ਟ ਹੋ ਜਾਂਦੇ ਹਨ, ਅਸਲ ਤਾਂ ਅਸੀਂ ਆਪਣੀ ਆਉਣ ਵਾਲੀ ਪੀੜੀ ਦੇ ਭਵਿੱਖ ਨੂੰ ਹੀ ਅੱਗ ਲਗਾ ਰਹੇ ਹੁੰਦੇ ਹਾਂ।ਡਾ.ਚੀਮਾ ਨੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਪੰਜਾਬ ਨੂੰ ਪ੍ਰਦੂਸ਼ਿਤ ਰਹਿਤ ਬਣਾਉਣ ਸਬੰਧੀ ਪੰਜਾਬ ਸਰਕਾਰ ਵੱਲੋਂ ਚਲਾਈ ਜਾ ਰਹੀ ਮੁਹਿੰਮ ਨੂੰ ਕਾਮਯਾਬ ਬਣਾਉਣ ਲਈ ਝੋਨੇ ਦੀ ਪਰਾਲੀ ਨੂੰ ਅੱਗ ਨਾ ਲਗਾਈ ਜਾਵੇ। ਉਨ੍ਹਾਂ ਕਿਸਾਨਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸਭ ਤੋਂ ਪਹਿਲਾਂ ਧੂੰਆਂ ਤਾਂ ਉਸੇ ਹੀ ਕਿਸਾਨ ਦੇ ਸਰੀਰ ਵਿੱਚ ਜਾਂਦਾ ਹੈ, ਜਿਹੜਾ ਉਸ ਸਮੇਂ ਆਪਣੀ ਜ਼ਿੰਦਗੀ ਖਤਰੇ ਵਿੱਚ ਪਾ ਕੇ ਅੱਗ ਲਗਾ ਰਿਹਾ ਹੁੰਦਾ ਹੈ।ਉਨ੍ਹਾਂ ਨੇ ਪੰਜਾਬ ਦੇ ਹਿੰਮਤੀ ਤੇ ਉਦਮੀ ਕਿਸਾਨਾਂ ਨੂੰ ਮੁੜ ਅਪੀਲ ਕੀਤੀ ਕਿ ਬਾਬੇ ਨਾਨਕ ਦੀ ਖੇਤੀ ਤੇ ਧਰਤੀ ਮਾਤਾ ਨੂੰ ਬਚਾਈਏ ਪਰਾਲੀ ਨੂੰ ਅੱਗ ਨਾ ਲਗਾਈਏ।ਇਸ ਕੈਂਪ ਵਿੱਚ ਰਜਿੰਦਰ ਕੁਮਾਰ ਖੇਤੀਬਾੜੀ ਵਿਸਥਾਰ ਅਫਸਰ ਘੁਮਾਣ ਵੱਲੋਂ ਖੇਤੀਬਾੜੀ ਮਹਿਕਮੇ ਦੀਆਂ ਵੱਖ-ਵੱਖ ਚੱਲ ਰਹੀਆਂ ਸਕੀਮਾਂ ਬਾਰੇ ਜਾਣਕਾਰੀ ਦਿੱਤੀ ਗਈ ਤੇ ਉਨ੍ਹਾਂ ਨੇ ਵੀ ਕਿਸਾਨਾਂ ਨੂੰ ਅਪੀਲ ਕੀਤੀ ਕਿ ਪਰਾਲੀ ਨੂੰ ਅੱਗ ਨਾ ਲਗਾਈ ਜਾਵੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਗੁਰਸੇਵਕ ਸਿੰਘ ਖੇਤੀਬਾੜੀ ਉਪ-ਨਿਰੀਖਕ, ਰਣਬੀਰ ਸਿੰਘ, ਸ਼ੁਭ ਕਰਨ ਸਿੰਘ, ਸੁਖਚੈਨ ਸਿੰਘ, ਅਮਨਦੀਪ ਸਿੰਘ ਸਰਪੰਚ, ਨਿਸ਼ਾਨ ਸਿੰਘ ਸਰਪੰਚ, ਪ੍ਰਤਾਪ ਸਿੰਘ ਹਾਜ਼ਰ ਸਨ।

# ਨਿੱਜੀ ਹਸਪਤਾਲ 'ਚ ਇਲਾਜ ਦੌਰਾਨ ਐਨ.ਜੀ.ਓ. ਮੈਂਬਰਾਂ ਨਾਲ ਡਾਕਟਰ ਵੱਲੋਂ ਬਦਸਲੂਕੀ

ਬਟਾਲਾ, 24 ਸਤੰਬਰ (ਬਲਵਿੰਦਰ ਸਿੰਘ ਪੰਜਗਰਾਈਂ): ਮੇਰੀ ਮਾਂ ਸੇਵਾ ਸੁਸਾਇਟੀ ਵੱਲੋਂ ਪਿਛਲੇ ਮਹੀਨੇ ਵਿੱਚ ਇੱਕ ਮਰੀਜ਼ ਦਾ ਇਲਾਜ ਬਟਾਲਾ ਦੇ ਇੱਕ ਨਿੱਜੀ ਹਸਪਤਾਲ ਵਿੱਚ ਕਰਵਾਇਆ ਜਾ ਰਿਹਾ ਸੀ।ਇਸ ਦੌਰਾਨ ਪੰਜਾਬ ਸਰਕਾਰ ਹੇਠਾਂ ਤਾਇਨਾਤ ਇੱਕ ਸੀਐਚਓ ਵੱਲੋਂ ਮੇਰੀ ਮਾਂ ਸੇਵਾ ਸੁਸਾਇਟੀ ਦੇ ਮੈਂਬਰਾਂ ਨਾਲ ਬਦਸਲੂਕੀ ਕੀਤੀ ਗਈ।ਸੁਸਾਇਟੀ ਮੈਂਬਰਾਂ ਦੇ ਦੋਸ਼ ਅਨੁਸਾਰ ਸੀਐਚਓ ਡਾ. ਸੁਨੀਲ ਵੱਲੋਂ ਉਨ੍ਹਾਂ ਨੂੰ ਹਸਪਤਾਲ ਵਿੱਚੋਂ ਨਿਕਲੋ ਬਾਹਰ ਆਖ ਕੇ ਹਟਾਇਆ ਗਿਆ ਤੇ ਬਹੁਤ ਭੱਦੇ ਸ਼ਬਦਾਂ ਦੀ ਵਰਤੋਂ ਕੀਤੀ ਗਈ।ਇਸ ਘਟਨਾ ਕਾਰਨ ਸੁਸਾਇਟੀ ਮੈਂਬਰਾਂ ਵਿੱਚ ਰੋਸ ਪਾਇਆ ਜਾ ਰਿਹਾ ਹੈ। ਸਮਾਜ ਸੇਵਕਾਂ ਦਾ ਕਹਿਣਾ ਹੈ ਕਿ ਇੱਕ ਕਮਿਊਨਿਟੀ ਹੈਲਥ ਅਫਸਰ (ਸੀਐਚਓ) ਜੋ ਸਰਕਾਰੀ ਡਿਊਟੀ 'ਤੇ ਹੈ, ਉਸ ਵੱਲੋਂ ਨਿੱਜੀ ਹਸਪਤਾਲ 'ਚ ਕੰਮ ਕਰਨਾ ਵੀ ਗ਼ੈਰ ਕਾਨੂੰਨੀ ਹੈ, ਉਨ੍ਹਾਂ ਕਿਹਾ ਕਿ ਅਸੀਂ ਮਰੀਜ਼ ਦੀ ਸਹਾਇਤਾ ਲਈ ਮਰੀਜ਼ ਨੂੰ ਹਸਪਤਾਲ ਵਿੱਚ ਲੈ ਕੇ ਗਏ ਸੀ।ਇਥੇ ਇਹ ਗੱਲ ਵਰਣਨਯੋਗ ਹੈ ਕਿ ਐਨ.ਜੀ.ਓ. ਵਰਕਰਾਂ ਨਾਲ ਤਾਂ ਕਿ ਕਿਸੇ



ਨਾਲ ਵੀ ਬਦਤਮੀਜ਼ੀ ਕਰਨਾ ਇੱਕ ਗੰਭੀਰ ਮਾਮਲਾ ਹੈ।ਸੁਸਾਇਟੀ ਨੇ ਸਿਹਤ ਵਿਭਾਗ ਤੇ ਪ੍ਰਸ਼ਾਸਨ ਤੋਂ ਮੰਗ ਕੀਤੀ ਹੈ ਕਿ ਇਸ ਮਾਮਲੇ ਦੀ ਜਾਂਚ ਕੀਤੀ ਜਾਵੇ ਤੇ ਕਾਰਵਾਈ ਕੀਤੀ ਜਾਵੇ ਤਾਂ ਜੋ ਭਵਿੱਖ ਵਿੱਚ ਸਮਾਜ ਸੇਵਕਾਂ ਨਾਲ ਇਸ ਤਰ੍ਹਾਂ ਦੀ ਘਟਨਾ ਨਾ ਹੋਵੇ।ਇਸ ਸਬੰਧੀ ਜਦ ਡਾ. ਸੁਨੀਲ ਚਗੋਤਰਾ ਦਾ ਪੱਖ ਜਾਨਣਾ ਚਾਹਿਆ ਤਾਂ ਉਨ੍ਹਾਂ ਕਿਹਾ ਕਿ ਮੈਂ ਕੁੱਖ ਹਸਪਤਾਲ ਵਿਖੇ ਕੋਈ ਮੁਲਾਜ਼ਮਤ ਨਹੀਂ ਕਰ ਰਿਹਾ ਸੀ ਸਗੋਂ ਵਿਹਲੇ ਸਮੇਂ ਵਿੱਚ ਸਮਾਜ ਸੇਵਾ ਦੀ ਭਾਵਨਾ ਨਾਲ ਫ੍ਰੀ ਕੰਮ ਕਰ ਰਿਹਾ ਸੀ। ਉਨ੍ਹਾਂ ਕਿਹਾ ਕਿ ਉਕਤ ਐਨਜੀਓ ਨੁਮਾਇੰਦਿਆਂ ਵੱਲੋਂ ਹਸਪਤਾਲ ਵਿਖੇ ਤੈਨਾਤ ਮਹਿਲਾ ਕਰਮਚਾਰੀਆਂ ਨਾਲ ਦੁਰਵਿਵਹਾਰ ਕੀਤਾ ਜਾ ਰਿਹਾ ਸੀ, ਉਸ ਸਮੇਂ ਮੈਂ ਹੋਰ ਦਾਖਲ ਮਰੀਜ਼ਾਂ ਦੀ ਸਿਹਤ ਤੇ ਮਹਿਲਾ ਕਰਮਚਾਰਨਾ ਦੀ ਇੱਜ਼ਤ ਨੂੰ ਧਿਆਨ ਵਿੱਚ ਰੱਖਦਿਆਂ ਹੋਇਆਂ ਐਨਜੀਓ ਦੇ ਨੁਮਾਇੰਦਿਆਂ ਨੂੰ ਇਹ ਬੇਨਤੀ ਕੀਤੀ ਸੀ ਕਿ ਤੁਸੀਂ ਰੌਲਾ ਨਾ ਪਾਓ ਹਸਪਤਾਲ ਵਿੱਚ ਬਾਹਰ ਜਾ ਕੇ ਮੈਨੇਜਮੈਂਟ ਨਾਲ ਗੱਲ ਕਰ ਲਵੋ।ਉਨ੍ਹਾਂ ਕਿਹਾ ਕਿ ਉਕਤ ਐਨਜੀਓ ਸੁਸਾਇਟੀ ਦੇ ਮੈਂਬਰਾਂ ਵੱਲੋਂ ਮੇਰੇ ਨਾਲ ਬਹੁਤ ਭੰਡੀ ਪ੍ਰਚਾਰ ਕਰਨ ਦੇ ਬਾਵਜੂਦ ਵੀ ਮੇਰਾ ਨਾਲ ਇਨ੍ਹਾਂ ਨਾਲ ਕੋਈ ਵੈਰ ਵਿਰੋਧ ਨਹੀਂ ਹੈ, ਸੇਵਾ ਭਾਵਨਾ ਨਾਲ ਕੰਮ ਕਰਨ ਵਾਲੇ ਸਾਰੇ ਵੀਰਾਂ ਨਾਲ ਮੈਂ ਹਰ ਵਕਤ ਸਹਿਯੋਗ ਕਰਾਂਗਾ।

ਚੰਡੀਗੜ੍ਹ ਹਾਊਸਿੰਗ ਬੋਰਡ
ਚੰਡੀਗੜ੍ਹ ਪ੍ਰਸ਼ਾਸਨ ਦਾ ਇੱਕ ਅਦਾਰਾ
8, ਜਨ ਮਾਰਗ, ਸੈਕਟਰ 9-ਡੀ, ਚੰਡੀਗੜ੍ਹ
0172-2511141

## ਜਨਤਕ ਸੂਚਨਾ

ਆਮ ਜਨਤਾ ਲਈ ਇਥੇ ਸੂਚਿਤ ਕੀਤਾ ਜਾਂਦਾ ਹੈ ਕਿ ਨਿਮਨਲਿਖਤ ਵਿਅਕਤੀ (ਆਂ) ਨੇ ਚੰਡੀਗੜ੍ਹ ਹਾਊਸਿੰਗ ਬੋਰਡ (ਮਕਾਨਾਂ ਦੀ ਅਲਾਟਮੈਂਟ, ਪ੍ਰਬੰਧ ਅਤੇ ਵਿਕਰੀ) ਨਿਯਮਾਂਵਲੀ 1979 ਦੀ ਨਿਯਮਾਂਵਲੀ ਦੇ ਅਧੀਨ ਆਪਣੇ ਨਾਂਵਾਂ 'ਤੇ ਰਿਹਾਇਸ਼ੀ ਇਕਾਈ ਦੇ ਉਪਹਾਰ/ਵਿਕਰੀ/ਖਰੀਦ ਦੇ ਲਈ ਪ੍ਰਵਾਨਗੀ ਹਿਤ ਬਿਨੈ ਕੀਤਾ ਹੈ :-

| ਲ. ਨ. | ਖਰੀਦਦਾਰ ਦਾ ਨਾਮ | ਵਿਕ੍ਰੇਤਾ ਦਾ ਨਾਮ | ਡੀ ਯੂ ਨੰ. | ਵਰਗ | ਸੈਕਟਰ |
|---|---|---|---|---|---|
| 1. | ਸ੍ਰੀ ਮਨੋਜ ਕੁਮਾਰ ਸਪੁੱਤਰ ਸ੍ਰੀ ਮੇਹਰ ਚੰਦ | ਸ੍ਰੀ ਵਿਨੋਦ ਕੁਮਾਰ ਗੁਪਤਾ ਸਪੁੱਤਰ ਸ੍ਰੀ ਵੇਦ ਪ੍ਰਕਾਸ਼ (ਵੇਦ ਪਰਕਾਸ਼) | 505 (ਜੀਐਫ) | EWS | 40-ਏ, ਚੰਡੀਗੜ੍ਹ |
| 2. | ਸ੍ਰੀ ਮੁਕੇਸ਼ ਲਾਲ ਸਪੁੱਤਰ ਸ੍ਰੀ ਬਦਰੀ ਲਾਲ | ਸ੍ਰੀਮਤੀ ਮਨਜੀਤ ਕੌਰ ਸੈਣੀ (ਮਨਜੀਤ ਕੌਰ) ਸਪੁੱਤਰੀ ਸ੍ਰੀ ਜਗਨ ਨਾਥ ਸੈਣੀ ਸੁਪਤਨੀ ਸ੍ਰੀ ਰਜਿੰਦਰ ਸਿੰਘ | 3102-1 | LIG (F) | 41-ਡੀ, ਚੰਡੀਗੜ੍ਹ |
| 3. | ਸ੍ਰੀਮਤੀ ਮਨਜੀਤ ਕੌਰ ਸੁਪਤਨੀ ਸ੍ਰੀ ਨਰਿੰਦਰ ਸਿੰਘ | ਸ੍ਰੀ ਰਜਿੰਦਰ ਕੁਮਾਰ ਪੁਰੀ ਸਪੁੱਤਰ ਸ੍ਰੀ ਚਮਨ ਲਾਲ ਪੁਰੀ | 1035-2 | HIG (L)-II | 45-ਬੀ, ਚੰਡੀਗੜ੍ਹ |
| 4. | ਸ੍ਰੀਮਤੀ ਸੁਨੀਤਾ ਸੁਪਤਨੀ ਸ੍ਰੀ ਸੁਰੇਂਦਰ | ਸ੍ਰੀ ਪ੍ਰਦੀਪ ਸ਼ਰਮਾ ਸਪੁੱਤਰ ਸ੍ਰੀ ਸੰਦੇਸ਼ ਕੁਮਾਰ | 3169-3 | MIG-II | 44-ਡੀ, ਚੰਡੀਗੜ੍ਹ |
| 5. | ਸ੍ਰੀਮਤੀ ਨਿਧੀ ਜੋਸ਼ੀ ਸੁਪਤਨੀ ਸ੍ਰੀ ਪ੍ਰਵੀਨ ਜੋਸ਼ੀ | ਸ੍ਰੀਮਤੀ ਜਤਿੰਦਰ ਕੌਰ ਸੁਪਤਨੀ ਸ੍ਰੀ ਦਲਵਿੰਦਰ ਸਿੰਘ | 3243 (ਜੀਐਫ) | LIG | 40-ਡੀ, ਚੰਡੀਗੜ੍ਹ |

ਉਕਤ ਦਰਸਾਈਆਂ ਰਿਹਾਇਸ਼ੀ ਇਕਾਈਆਂ ਦੇ ਸਬੰਧ ਵਿਚ ਵਿਕਰੀ/ਖਰੀਦ ਦੇ ਲਈ ਕਿਸੇ ਨੂੰ ਵੀ ਕੋਈ ਇਤਰਾਜ਼ ਹੋਣ ਦੀ ਸੂਰਤ ਵਿਚ ਉਹ ਆਪਣਾ ਇਤਰਾਜ਼, ਜੇਕਰ ਕੋਈ ਹੋਵੇ, ਦਸਤਾਵੇਜ਼ੀ ਸਬੂਤ, ਜੇਕਰ ਕੋਈ ਹੋਵੇ, ਸਮੇਤ ਨਿਮਨ ਹਸਤਾਖ਼ਰੀ ਕੋਲ ਇਸ ਸੂਚਨਾ ਦੇ ਪ੍ਰਕਾਸ਼ਨ ਦੇ 21 ਦਿਨਾਂ ਦੇ ਅੰਦਰ ਲਿਖਤ ਵਿਚ ਜਮ੍ਹਾਂ ਕਰ ਸਕਦਾ/ਸਕਦੀ ਹੈ।

**ਸਕੱਤਰ,**
**ਚੰਡੀਗੜ੍ਹ ਹਾਊਸਿੰਗ ਬੋਰਡ, ਚੰਡੀਗੜ੍ਹ**

# ਨਵ ਭਾਰਤ ਮਿਸ਼ਨ ਫਾਊਂਡੇਸ਼ਨ ਨੇ ਹੜ੍ਹ ਪ੍ਰਭਾਵਿਤ ਪੰਜਾਬ ਲਈ ਮਦਦ ਦਾ ਹੱਥ ਵਧਾਇਆ



ਡੇਰਾ ਬਾਬਾ ਨਾਨਕ, 24 ਸਤੰਬਰ (ਹੈਪੀ ਕੋਟਲੀ): ਪੰਜਾਬ ਵਿੱਚ ਹਾਲ ਹੀ ਵਿੱਚ ਆਏ ਵਿਨਾਸ਼ਕਾਰੀ ਹੜ੍ਹਾਂ ਤੋਂ ਬਾਅਦ ਆ ਰਹੀਆਂ ਸਿਹਤ ਚੁਣੌਤੀਆਂ ਤੇ ਕੁਝ ਇਲਾਕੇ ਹਾਲੇ ਵੀ ਪਾਣੀ ਵਿਚ ਡੁੱਬੇ ਹੋਣ ਕਾਰਨ ਸੀ.ਜੀ.ਸੀ. ਯੂਨੀਵਰਸਿਟੀ, ਮੋਹਾਲੀ ਤੇ ਨਵ ਭਾਰਤ ਮਿਸ਼ਨ ਫਾਊਂਡੇਸ਼ਨ ਨੇ ਹੜ੍ਹ ਪ੍ਰਭਾਵਿਤ ਲੋਕਾਂ ਪ੍ਰਤੀ ਡੂੰਘੀ ਹਮਦਰਦੀ ਪ੍ਰਗਟਾਈ ਹੈ।ਇਸ ਦੁੱਖ ਦੀ ਘੜੀ ਵਿਚ ਨਵ ਭਾਰਤ ਮਿਸ਼ਨ ਫਾਊਂਡੇਸ਼ਨ ਵੱਲੋਂ ਸੀਜੀਸੀ ਯੂਨੀਵਰਸਿਟੀ ਦੇ ਸਹਿਯੋਗ ਨਾਲ ਮਾਝੇ ਦੇ ਇਲਾਕੇ ਵਿੱਚ ਜ਼ਰੂਰਤਮੰਦਾਂ ਦੀ ਸਹਾਇਤਾ ਲਈ ਅੱਗੇ ਆ ਕੇ ਆਪਣੇ ਪੰਜਾਬੀਆਂ ਦੀ ਸੇਵਾ ਵਿਚ ਆਪਣਾ ਯੋਗਦਾਨ ਪਾਇਆ ਹੈ।ਇਸ ਮੁਹਿੰਮ ਦੀ ਸ਼ੁਰੂਆਤ ਸੀਜੀਸੀ ਯੂਨੀਵਰਸਿਟੀ ਦੇ ਸੰਸਥਾਪਕ ਚਾਂਸਲਰ ਰਛਪਾਲ ਸਿੰਘ ਧਾਲੀਵਾਲ ਦੀ ਅਗਵਾਈ ਵਿੱਚ ਕਰਦੇ ਹੋਏ ਮੰਗਲਵਾਰ ਰਾਸ਼ਨ ਕਿੱਟਾਂ, ਮੈਡੀਕਲ ਕਿੱਟਾਂ ਤੇ ਵਲੰਟੀਅਰਾਂ ਦੀਆਂ ਟੀਮਾਂ ਲੈ ਕੇ ਬੱਸਾਂ ਹੜ੍ਹ ਪ੍ਰਭਾਵਿਤ ਇਲਾਕਿਆਂ ਲਈ ਪਹੁੰਚੀਆਂ।ਰਾਹਤ ਕਾਰਜ ਡੇਰਾ ਬਾਬਾ ਨਾਨਕ, ਗੁਰਦਾਸਪੁਰ ਤੋਂ ਪਿੰਡਾਂ ਤਲਵੰਡੀ ਹਿੰਦੂਆ, ਧਰਮਾਬਾਦ, ਖੰਨਾ ਚਮਿਆਰਾ, ਮਾਹਲ ਨੰਗਲ, ਗੋਲਾ ਢੋਲਾ, ਰਤੜ ਛੱਤੜ, ਮਨਸੂਰ ਤੇ ਪੱਤੀ ਅਬਦਾਲ ਤੋਂ ਸ਼ੁਰੂ ਹੋਏ, ਜੋ ਕਿ ਸਭ ਤੋਂ ਵੱਧ ਪ੍ਰਭਾਵਿਤ ਖੇਤਰਾਂ ਵਿੱਚੋਂ ਇੱਕ ਹੈ।ਇੱਥੇ ਪ੍ਰਭਾਵਿਤ ਪਰਿਵਾਰਾਂ ਨੂੰ ਤੁਰੰਤ ਮਦਦ ਮੁਹੱਈਆ ਕਰਵਾਈ ਜਾ ਰਹੀ ਹੈ ਤਾਂ ਜੋ ਉਹ ਇਸ ਭਿਆਨਕ ਤਬਾਹੀ ਤੋਂ ਉੱਭਰ ਸਕਣ।ਇਸ ਦੇ ਨਾਲ ਹੀ ਇਸ ਮਨੁੱਖਤਾਵਾਦੀ ਮਿਸ਼ਨ ਵਿੱਚ ਵਿਦਿਆਰਥੀ ਤੇ ਫੈਕਲਟੀ ਵਲੰਟੀਅਰ ਵੀ ਸਰਗਰਮੀ ਨਾਲ ਹਿੱਸਾ ਲੈ ਰਹੇ ਹਨ, ਜਿਨ੍ਹਾਂ ਦੀ ਸੇਵਾ ਭਾਵਨਾ ਤੇ ਸਮਰਪਣ ਜ਼ਮੀਨੀ ਪੱਧਰ 'ਤੇ ਸਕਾਰਾਤਮਿਕ ਬਦਲਾਅ ਲਿਆ ਰਿਹਾ ਹੈ।ਚਾਂਸਲਰ ਧਾਲੀਵਾਲ ਨੇ ਕਿਹਾ ਕਿ ਇਹ ਸਿਰਫ਼ ਇੱਕ ਰਾਹਤ ਕਾਰਜ ਨਹੀਂ ਸਗੋਂ ਸੀ.ਜੀ.ਸੀ. ਯੂਨੀਵਰਸਿਟੀ ਮੋਹਾਲੀ ਦੇ ਮਨੁੱਖਤਾ ਪ੍ਰਤੀ ਸੇਵਾ ਸਮਾਜਿਕ ਜ਼ਿੰਮੇਵਾਰੀ ਦੇ ਮੁੱਲਾਂ ਦਾ ਪ੍ਰਤੀਕ ਹੈ।

# ਭਾਟੀਆ ਹਸਪਤਾਲ ਨੇ ਹੜ੍ਹ ਪੀੜਤਾਂ ਲਈ ਖ਼ੂਨਦਾਨ ਕੈਂਪ ਲਗਾਇਆ




ਕਾਦੀਆਂ, 24 ਸਤੰਬਰ (ਸਲਾਮ ਤਾਰੀ): ਅੱਜ ਭਾਟੀਆ ਹਸਪਤਾਲ ਕਾਦੀਆਂ ਵੱਲੋਂ ਲੋੜਵੰਦ ਹੜ੍ਹ ਪੀੜਤਾਂ ਲਈ ਖ਼ੂਨਦਾਨ ਕੈਂਪ ਲਗਾਇਆ ਗਿਆ।ਇਸ ਸਬੰਧ ਵਿੱਚ ਡਾ. ਬਲਚਰਨਜੀਤ ਸਿੰਘ ਭਾਟੀਆ ਨੇ ਦੱਸਿਆ ਕਿ ਜਦੋਂ ਉਨ੍ਹਾਂ ਨੇ ਅਖ਼ਬਾਰ ਵਿੱਚ ਪੜ੍ਹਿਆ ਕਿ ਜ਼ਿਲ੍ਹੇ ਵਿੱਚ ਖ਼ੂਨ ਦੀ ਕਾਫ਼ੀ ਕਮੀ ਪੈਦਾ ਹੋ ਗਈ ਹੈ ਤੇ ਹੜ੍ਹ ਪੀੜਤਾਂ ਤੇ ਹੋਰ ਵਰਗਾਂ ਦੇ ਲੋਕਾਂ ਨੂੰ ਖ਼ੂਨ ਦੀ ਕਮੀ ਹੈ ਤਾਂ ਉਨ੍ਹਾਂ ਦੇ ਦਿਮਾਗ ਵਿੱਚ ਆਇਆ ਕਿ ਪੁੰਨ ਤੇ ਹੋਰ ਵੀ ਬਹੁਤ ਸਾਰੇ ਕੰਮਾਂ ਰਾਹੀਂ ਕਰਦੇ ਹਨ।ਪਰ ਖ਼ੂਨਦਾਨ ਅਜਿਹਾ ਨੇਕ ਕੰਮ ਹੈ ਜਿਸ ਨੂੰ ਕਰਨ ਲਈ ਕੋਈ ਮੁੱਲ ਨਹੀਂ ਲੱਗਦਾ।ਖ਼ੂਨ ਦੇਣ ਨਾਲ ਇੱਕ ਮਰੀਜ਼ ਦੀ ਜਾਨ ਬਚਦੀ ਹੈ, ਇਹ ਗੱਲ ਸੋਚ ਕੇ ਉਨ੍ਹਾਂ ਇਸ ਕੈਂਪ ਦਾ ਆਯੋਜਨ ਕੀਤਾ।ਡਾ. ਭਾਟੀਆ ਨੇ ਅੱਗੇ ਦੱਸਿਆ ਕਿ ਉਹ ਪਹਿਲਾਂ ਵੀ ਕੈਂਪ ਲਗਾਉਂਦੇ ਆਏ ਹਨ।ਪਰ ਇਹ ਕੈਂਪ ਕਾਫ਼ੀ ਦੇਰ ਬਾਅਦ ਹਸਪਤਾਲ ਵਿੱਚ ਲਗਾਇਆ ਗਿਆ ਹੈ।ਅੱਖਾਂ ਦੇ ਕੈਂਪ ਤੋਂ ਬਾਅਦ ਇਹ ਪਹਿਲਾਂ ਖ਼ੂਨਦਾਨ ਕੈਂਪ ਹਸਪਤਾਲ ਵਿੱਚ ਲਗਾਇਆ ਗਿਆ ਹੈ।ਇਸ ਮੌਕੇ 'ਤੇ ਡਾ. ਪ੍ਰਿਆਜੀਤ ਕੌਰ ਬਲੱਡ ਟਰਾਂਸਮਿਸ਼ਨ ਆਫੀਸਰ ਬਲੱਡ ਸੈਂਟਰ ਬਟਾਲਾ ਨੇ ਦੱਸਿਆ ਕਿ ਨੈਸ਼ਨਲ ਵਲੰਟੀਅਰ ਬਲੱਡ ਡੋਨੇਸ਼ਨ ਡੇਅ ਤੇ ਨੈਸ਼ਨਲ ਵਲੰਟੀਅਰ ਬਲੱਡ ਡਰਾਈਵ ਜੋਕਿ 2 ਅਕਤੂਬਰ ਤੱਕ ਚੱਲਦਾ ਹੈ।ਪੰਜਾਬ ਵਿੱਚ 46 ਸਰਕਾਰੀ ਤੇ ਪ੍ਰਾਈਵੇਟ ਬਲੱਡ ਬੈਂਕ ਹਨ, ਇਨ੍ਹਾਂ ਦਿਨਾਂ ਵਿੱਚ ਖ਼ੂਨਦਾਨ ਕਰਨ ਲਈ ਮੁਹਿੰਮ ਚਲਾਈ ਜਾਂਦੀ ਹੈ ਜੋ ਕਿ ਇਸ ਸਮੇਂ ਚੱਲ ਰਹੀ ਹੈ। ਹਰ ਤਿੰਨ ਮਹੀਨੇ ਬਾਅਦ ਖ਼ੂਨ ਦਿੱਤਾ ਜਾ ਸਕਦਾ ਹੈ। ਇਸ ਮੌਕੇ 'ਤੇ ਡਾ. ਬਲਚਰਨਜੀਤ ਸਿੰਘ ਭਾਟੀਆ, ਮਿਸਿਜ਼ ਡਾ. ਭਾਟੀਆ, ਮੋਹਨ ਸਿੰਘ ਔਬਰਾਏ, ਨਰਿੰਦਰ ਜੀਤ ਸਿੰਘ ਐਮਐਲਟੀ, ਮਲਕੀਅਤ ਸਿੰਘ ਐਮਐਲਟੀ, ਮਨਪ੍ਰੀਤ ਕੌਰ ਸਟਾਫ਼ ਨਰਸ, ਸਾਗਰ ਮਾਹਲ, ਹਾਫਿਜ਼ ਨਈਮ ਪਾਸ਼ਾ, ਮੁਹੰਮਦ ਅਹਸਨ, ਅਤਉਲ ਬਾਰੀ, ਪਵਨ ਕੁਮਾਰ ਕੌਂਸਲਰ, ਕਰਨਬੀਰ ਸਿੰਘ ਤੇ ਗੁਰਪ੍ਰੀਤ ਸਿੰਘ ਹਾਜ਼ਰ ਸਨ।

# ਖਾਲਸਾ ਕਾਲਜ ਗੁਰਦਾਸਨੰਗਲ ਵਿਖੇ ਜ਼ਿਲ੍ਹਾ ਪੱਧਰੀ ਤਾਇਕਵਾਂਡੋ ਮੁਕਾਬਲੇ ਕਰਵਾਏ



ਧਾਰੀਵਾਲ, 24 ਸਤੰਬਰ (ਅਸ਼ੋਕ ਕੁਮਾਰ): ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਸੁਖਮਿੰਦਰ ਸਿੰਘ ਵਿੱਦਿਆ ਸਕੱਤਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਰਪ੍ਰਸਤੀ ਹੇਠ ਪ੍ਰਿੰਸੀਪਲ ਡਾ.ਗੁਰਜੀਤ ਸਿੰਘ ਦੀ ਦੇਖ-ਰੇਖ ਅਧੀਨ ਚੱਲ ਰਹੇ ਬਾਬਾ ਅਜੈ ਸਿੰਘ ਖਾਲਸਾ ਕਾਲਜ ਗੁਰਦਾਸਨੰਗਲ ਵਿਖੇ 24 ਸਤੰਬਰ ਨੂੰ ਜ਼ਿਲ੍ਹਾ ਪੱਧਰੀ ਲੜਕੇ ਤੇ ਲੜਕੀਆਂ ਦੇ ਅੰਡਰ-14, 17, 19 ਉਮਰ ਵਰਗ ਦੇ ਤਾਇਕਵਾਂਡੋ ਮੁਕਾਬਲੇ ਕਰਵਾਏ ਗਏ।ਜ਼ਿਕਰਯੋਗ ਹੈ ਕਿ ਖੇਡ ਪ੍ਰਸ਼ਾਸਨ ਗੁਰਦਾਸਪੁਰ ਵੱਲੋਂ ਪਹਿਲਾਂ ਦੀ ਤਰ੍ਹਾਂ ਬਾਬਾ ਅਜੈ ਸਿੰਘ ਖਾਲਸਾ ਕਾਲਜ ਗੁਰਦਾਸਨੰਗਲ ਦੀ ਚੋਣ ਜ਼ਿਲ੍ਹਾ ਸਕੂਲ ਖੇਡਾਂ ਲਈ ਕੀਤੀ ਗਈ।ਤਾਇਕਵਾਂਡੋ ਖੇਡ ਮੁਕਾਬਲਿਆਂ ਲਈ ਕਾਲਜ ਵੱਲੋਂ ਲੋੜੀਂਦਾ ਸਾਜ਼ੋ-ਸਮਾਨ ਤੇ ਸਹੂਲਤਾਂ ਪ੍ਰਦਾਨ ਕੀਤੀਆਂ ਗਈਆਂ।ਇਨ੍ਹਾਂ ਮੁਕਾਬਲਿਆਂ ਵਿੱਚ ਇਲਾਕੇ ਦੇ ਵੱਖ-ਵੱਖ ਜ਼ੋਨਾਂ ਦੇ ਲਗਭਗ 12 ਸਕੂਲਾਂ ਦੇ ਵਿਦਿਆਰਥੀਆਂ ਨੇ ਭਾਗ ਲਿਆ। ਬਾਬਾ ਅਜੈ ਸਿੰਘ ਖਾਲਸਾ ਕਾਲਜ ਗੁਰਦਾਸਨੰਗਲ ਦੇ ਵਿਦਿਆਰਥੀ ਅੰਮ੍ਰਿਤਪਾਲ 10+1 ਨਾਨ-ਮੈਡੀਕਲ ਨੇ 44 ਕੇਜੀ ਭਾਰ ਵਿੱਚੋਂ ਗੋਲਡ ਮੈਡਲ, ਗੁਰਸਿਮਰਨ ਸਿੰਘ 10+1 ਨਾਨ ਮੈਡੀਕਲ ਨੇ 66 ਕੇਜੀ ਵਿੱਚੋਂ ਗੋਲਡ ਮੈਡਲ, ਵਿਕਾਸ ਤੇ ਹਰਜੋਤ ਸਿੰਘ 10+1 ਨਾਨ ਮੈਡੀਕਲ ਨੇ 63 ਕੇਜੀ ਤੇ 46 ਕੇਜੀ ਭਾਰ ਵਿੱਚੋਂ ਸਿਲਵਰ ਮੈਡਲ ਤੇ ਸੰਜੀਵ ਕੁਮਾਰ 10+2 ਨਾਨ ਮੈਡੀਕਲ ਨੇ 59 ਕੇਜੀ ਭਾਰ ਵਰਗ ਵਿੱਚੋਂ ਸਿਲਵਰ ਮੈਡਲ ਹਾਸਲ ਕਰਕੇ ਕਾਲਜ ਦਾ ਨਾਮ ਰੌਸ਼ਨ ਕੀਤਾ। ਅੰਡਰ-19 ਲੜਕੀਆਂ ਦੇ ਮੁਕਾਬਲਿਆਂ ਵਿੱਚੋਂ 10+1 ਨਾਨ ਮੈਡੀਕਲ ਦੀਆਂਵਿਦਿਆਰਥਣਾਂ ਰਾਜਵਿੰਦਰ ਕੌਰ, ਮਹਿਕਪ੍ਰੀਤ ਕੌਰ, ਹਰਮੀਤ ਕੌਰ, ਜੋਬਨਪ੍ਰੀਤ ਕੌਰ, ਪ੍ਰਭਜੋਤ ਕੌਰ ਤੇ ਸੁਨੇਹਾ ਨੇ ਗੋਲਡ ਮੈਡਲ ਹਾਸਲ ਕਰਕੇ ਕਾਲਜ ਦਾ ਮਾਣ ਵਧਾਇਆ। ਕਾਲਜ ਪ੍ਰਿੰਸੀਪਲ ਡਾ.ਗੁਰਜੀਤ ਸਿੰਘ ਨੇ ਜੇਤੂ ਵਿਦਿਆਰਥੀਆਂ ਤੇ ਉਨ੍ਹਾਂ ਦੇ ਮਾਤਾ-ਪਿਤਾ ਨੂੰ ਵਧਾਈ ਦਿੱਤੀ।

# ਚੋਣ ਕਮਿਸ਼ਨ ਦੀਆਂ ਗਤੀਵਿਧੀਆਂ ਤੇ ਹਦਾਇਤਾਂ ਤੋਂ ਜਾਣੂੰ ਹੋਣ ਲਈ ਮੁੱਖ ਚੋਣ ਅਫ਼ਸਰ, ਪੰਜਾਬ ਦੇ ਸੋਸ਼ਲ ਮੀਡੀਆ ਪਲੇਟਫ਼ਾਰਮਾਂ ਨੂੰ ਫਾਲੋ ਕੀਤਾ ਜਾਵੇ



ਗੁਰਦਾਸਪੁਰ, 24 ਸਤੰਬਰ (ਜਗੀਰ ਸਿੰਘ ਮੰਡ/ਜਗਮੋਹਨ ਸਿੰਘ ਬਾਗੋਵਾਨੀ): ਮੁੱਖ ਚੋਣ ਅਫ਼ਸਰ ਪੰਜਾਬ ਵੱਲੋਂ ਹਦਾਇਤ ਕੀਤੀ ਗਈ ਹੈ ਕਿ ਮੁੱਖ ਚੋਣ ਅਫ਼ਸਰ ਪੰਜਾਬ ਦੇ ਸੋਸ਼ਲ ਮੀਡੀਆ ਪਲੇਟਫ਼ਾਰਮਾਂ https://www.facebook.com/TheCEOPunjab/, https://x.com/TheCEOPunjab, https://www.instagram.com/theceopunjab/, https://www.youtube.com/@TheCEOPunjab ਨੂੰ ਵੱਧ ਤੋਂ ਵੱਧ ਫਾਲੋ ਕੀਤਾ ਜਾਵੇ ਤਾਂ ਜੋ ਆਮ ਜਨਤਾ ਤੱਕ ਮਾਣਯੋਗ ਚੋਣ ਕਮਿਸ਼ਨ ਵੱਲੋਂ ਜਾਰੀ ਕੀਤੀਆਂ ਜਾਂਦੀਆਂ ਹਦਾਇਤਾਂ ਤੇ ਗਤੀਵਿਧੀਆਂ ਦੀ ਸਮੇਂ ਸਿਰ ਜਾਣਕਾਰੀ ਮਿਲਦੀ ਰਹੇ। ਵਧੀਕ ਜ਼ਿਲ੍ਹਾ ਚੋਣ ਅਧਿਕਾਰੀ-ਕਮ-ਵਧੀਕ ਡਿਪਟੀ ਕਮਿਸ਼ਨਰ (ਜਨਰਲ) ਗੁਰਦਾਸਪੁਰ ਡਾ. ਹਰਜਿੰਦਰ ਸਿੰਘ ਬੇਦੀ ਨੇ ਜ਼ਿਲ੍ਹੇ ਦੇ ਸਮੂਹ ਚੋਣਕਾਰ ਰਜਿਸਟ੍ਰੇਸ਼ਨ ਅਫ਼ਸਰਾਂ ਨੂੰ ਹਦਾਇਤ ਕੀਤੀ ਹੈ ਕਿ ਉਹ ਆਪਣੇ ਅਧੀਨ ਆਉਂਦੇ ਸਹਾਇਕ ਸਵੀਪ ਨੋਡਲ ਅਫ਼ਸਰਾਂ, ਬੀ.ਐਲ.ਓ. ਸੁਪਰਵਾਈਜ਼ਰਾਂ ਤੇ ਬੀ.ਐਲ.ਓਜ਼. ਨੂੰ ਉਕਤ ਸੋਸ਼ਲ ਮੀਡੀਆ ਪਲੇਟਫ਼ਾਰਮਾਂ ਦੇ ਲਿੰਕ ਨੂੰ ਫਾਲੋ ਕਰਨ ਦੀ ਹਦਾਇਤ ਕਰਨ ਤੇ ਇਸ ਦੀ ਪੁਸ਼ਟੀ ਸਬੰਧੀ ਸਮੂਹ ਬੀ.ਐਲ.ਓ. ਸੁਪਰਵਾਈਜ਼ਰਾਂ ਤੋਂ ਅੰਡਰਟੇਕਿੰਗ ਪ੍ਰਾਪਤ ਕਰਨ ਉਪਰੰਤ ਆਪਣੇ ਹਸਤਾਖਰਾਂ ਹੇਠ ਸਰਟੀਫਿਕੇਟ ਮਿਤੀ 29.09.2025 ਨੂੰ ਸਵੇਰੇ 10.00 ਵਜੇ ਤੱਕ ਜ਼ਿਲ੍ਹਾ ਚੋਣ ਦਫ਼ਤਰ ਨੂੰ ਭੇਜਣ।ਇਸ ਦੇ ਨਾਲ ਹੀ ਉਨ੍ਹਾਂ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ:ਸਿ:) ਗੁਰਦਾਸਪੁਰ-ਕਮ-ਜ਼ਿਲ੍ਹਾ ਸਵੀਪ ਨੋਡਲ ਅਫ਼ਸਰ ਨੂੰ ਹਦਾਇਤ ਕੀਤੀ ਹੈ ਕਿ ਜ਼ਿਲ੍ਹੇ ਦੇ ਸਕੂਲਾਂ/ਕਾਲਜਾਂ ਵਿਚ ਇਲੈਕਟੋਰਲ ਲਿਟਰੇਸੀ ਕਲੱਬ (ਈਐਲਸੀ) ਬਣੇ ਹੋਏ ਹਨ, ਇਨ੍ਹਾਂ ਦੇ ਇੰਚਾਰਜਾਂ ਦੇ ਰਾਹੀਂ ਸਬੰਧਤ ਸਕੂਲਾਂ/ਕਾਲਜਾਂ ਵਿੱਚ ਵਿਦਿਆਰਥੀਆਂ ਨੂੰ ਸੋਸ਼ਲ ਮੀਡੀਆ ਪਲੇਟਫ਼ਾਰਮਾਂ 'ਤੇ ਫਾਲੋਅਰਜ਼ ਨੂੰ ਵਧਾਉਣ ਲਈ ਜਾਗਰੂਕ ਕੀਤਾ ਜਾਵੇ।

ਚੰਡੀਗੜ੍ਹ ਹਾਊਸਿੰਗ ਬੋਰਡ
ਚੰਡੀਗੜ੍ਹ ਪ੍ਰਸ਼ਾਸਨ ਦਾ ਇੱਕ ਅਦਾਰਾ
8, ਜਨ ਮਾਰਗ, ਸੈਕਟਰ 9-ਡੀ, ਚੰਡੀਗੜ੍ਹ

## ਜਨਤਕ ਸੂਚਨਾ

**ਵੱਲੋਂ ਸਕੱਤਰ, ਸੀਐਚਬੀ ਅਸਟੇਟ ਅਧਿਕਾਰੀ, ਯੂ.ਟੀ. ਚੰਡੀਗੜ੍ਹ ਦੀਆਂ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ।**

ਵਿਸ਼ਾ : ਅਲਾਟੀ/ਟ੍ਰਾਂਸਫਰੀ **ਸ੍ਰੀ ਰੂਪਮ ਰੋਹਤਗੀ ਸਪੁੱਤਰ ਸ੍ਰੀ ਐਸ. ਕੇ. ਰੋਹਤਗੀ** ਦੇ ਨਾਮ ਤੋਂ **(1) ਸ੍ਰੀ ਮਨਫੂਲ ਸੈਣੀ ਸਪੁੱਤਰ ਸ੍ਰੀ ਮਦਨ ਲਾਲ ਅਤੇ (2) ਸ੍ਰੀਮਤੀ ਰਜਿੰਦਰ ਕੌਰ ਸੈਣੀ ਸੁਪਤਨੀ ਸ੍ਰੀ ਮਨਫੂਲ ਸੈਣੀ** ਦੇ ਨਾਮ 'ਤੇ ਵਿਕਰੀ ਡੀਡ ਦੇ ਆਧਾਰ 'ਤੇ **ਸੈਕਟਰ 63, ਚੰਡੀਗੜ੍ਹ ਵਿਚ ਬਲਾਕ ਨੰ. 28 ਵਿਚ ਇੱਕ ਬੈਡਰੂਮ ਫਲੈਟ ਵਰਗ ਦੀ ਰਿਹਾਇਸ਼ੀ ਇਕਾਈ ਨੰਬਰ 2319-ਬੀ (ਦੂਜੀ ਮੰਜ਼ਿਲ) ਅਤੇ ਬਲਾਕ ਨੰਬਰ 28 ਵਿਚ ਪਾਰਕਿੰਗ** ਦੇ ਸਬੰਧ ਵਿਚ ਮਾਲਕੀ ਅਧਿਕਾਰ ਦਾ ਤਬਾਦਲਾ/ਪਰਿਵਰਤਨ।

ਆਮ ਜਨਤਾ ਅਤੇ ਸਾਰੇ ਸਬੰਧਤਾਂ ਦੀ ਜਾਣਕਾਰੀ ਲਈ ਇਸ ਦੁਆਰਾ ਸੂਚਿਤ ਕੀਤਾ ਜਾਂਦਾ ਹੈ ਕਿ **ਸੈਕਟਰ 63, ਚੰਡੀਗੜ੍ਹ ਵਿਚ ਬਲਾਕ ਨੰ. 28 ਵਿਚ ਇੱਕ ਬੈਡਰੂਮ ਫਲੈਟ ਵਰਗ ਦੀ ਰਿਹਾਇਸ਼ੀ ਇਕਾਈ ਨੰਬਰ 2319-ਬੀ (ਦੂਜੀ ਮੰਜ਼ਿਲ) ਅਤੇ ਬਲਾਕ ਨੰਬਰ 28 ਵਿਚ ਪਾਰਕਿੰਗ** ਅਲਾਟੀ/ਟ੍ਰਾਂਸਫਰੀ **ਸ੍ਰੀ ਰੂਪਮ ਰੋਹਤਗੀ ਸਪੁੱਤਰ ਸ੍ਰੀ ਐਸ. ਕੇ. ਰੋਹਤਗੀ** ਦੇ ਨਾਮ 'ਤੇ ਦਰਜ ਹੈ। ਹੁਣ, **ਸ੍ਰੀ ਰੂਪਮ ਰੋਹਤਗੀ ਸਪੁੱਤਰ ਸ੍ਰੀ ਐਸ. ਕੇ. ਰੋਹਤਗੀ** ਨੇ ਉਕਤ ਦਰਸਾਈ ਰਿਹਾਇਸ਼ੀ ਇਕਾਈ 08.04.2025 ਨੂੰ ਸਬ-ਰਜਿਸਟਰਾਰ ਚੰਡੀਗੜ੍ਹ ਦੇ ਦਫਤਰ ਵਿਚ ਕਾਰਜਰੂਪ ਅਤੇ ਪੰਜੀਕ੍ਰਿਤ ਵਿਕਰੀ ਡੀਡ ਦੇ ਅਧੀਨ **(1) ਸ੍ਰੀ ਮਨਫੂਲ ਸੈਣੀ ਸਪੁੱਤਰ ਸ੍ਰੀ ਮਦਨ ਲਾਲ ਅਤੇ (2) ਸ੍ਰੀਮਤੀ ਰਜਿੰਦਰ ਕੌਰ ਸੈਣੀ ਸੁਪਤਨੀ ਸ੍ਰੀ ਮਨਫੂਲ ਸੈਣੀ** ਨੂੰ ਵੇਚ ਦਿੱਤੀ ਹੈ। **(1) ਸ੍ਰੀ ਮਨਫੂਲ ਸੈਣੀ ਸਪੁੱਤਰ ਸ੍ਰੀ ਮਦਨ ਲਾਲ ਅਤੇ (2) ਸ੍ਰੀਮਤੀ ਰਜਿੰਦਰ ਕੌਰ ਸੈਣੀ ਸੁਪਤਨੀ ਸ੍ਰੀ ਮਨਫੂਲ ਸੈਣੀ** ਨੇ ਤਬਾਦਲਾ ਡੀਡ ਦੇ ਆਧਾਰ 'ਤੇ ਆਪਣੇ ਨਾਮ 'ਤੇ ਉਕਤ ਦਰਸਾਈ ਰਿਹਾਇਸ਼ੀ ਇਕਾਈ ਦੇ ਤਬਾਦਲੇ ਲਈ ਇਸ ਦਫ਼ਤਰ ਨੂੰ ਬੇਨਤੀ ਕੀਤੀ ਹੈ।

ਜੇਕਰ ਕਿਸੇ ਵੀ ਵਿਅਕਤੀ ਨੂੰ ਬਿਨੈਕਾਰ ਦੇ ਪੱਖ ਵਿਚ ਦਰਸਾਈ ਸੰਪੱਤੀ ਦੇ ਤਬਾਦਲੇ ਬਾਰੇ ਕੋਈ ਵੀ ਇਤਰਾਜ਼ ਹੋਵੇ, ਤਾਂ ਉਹ ਇਸ ਸੂਚਨਾ ਦੇ ਪ੍ਰਕਾਸ਼ਨ ਤੋਂ 21 ਦਿਨਾਂ ਦੇ ਅੰਦਰ ਨਿਮਨ ਹਸਤਾਖ਼ਰੀ ਨੂੰ ਲਿਖਤ ਵਿਚ ਇਤਰਾਜ਼ ਪੇਸ਼ ਕਰ ਸਕਦਾ/ਸਕਦੀ ਹੈ/ਸਕਦੇ ਹਨ, ਜਿਸ ਤੋਂ ਅਸਫ਼ਲ ਰਹਿਣ 'ਤੇ ਦਰਸਾਈ ਰਿਹਾਇਸ਼ੀ ਇਕਾਈ ਦੀ ਮਾਲਕੀ ਉਕਤ ਦਰਸਾਏ ਦਾਅਵੇਕਾਰ (ਾਂ) ਦੇ ਪੱਖ ਵਿਚ ਤਬਦੀਲ ਕਰ ਦਿੱਤੀ ਜਾਵੇਗੀ।

**ਸਕੱਤਰ**
**ਚੰਡੀਗੜ੍ਹ ਹਾਊਸਿੰਗ ਬੋਰਡ, ਚੰਡੀਗੜ੍ਹ**

# ਦੇਸ਼ ਭਗਤ ਯੂਨੀਵਰਸਿਟੀ ਨੇ ਅਧਿਆਪਕ ਦਿਵਸ ਸਬੰਧ ਕਰਵਾਇਆ ਸ਼ਾਨਦਾਰ ਸਨਮਾਨ ਸਮਾਰੋਹ

ਮੰਡੀ ਗੋਬਿੰਦਗੜ੍ਹ, 24 ਸਤੰਬਰ: ਦੇਸ਼ ਭਗਤ ਯੂਨੀਵਰਸਿਟੀ ਨੇ ਕੈਂਪਸ ਵਿੱਚ ਇੱਕ ਸ਼ਾਨਦਾਰ ਸਨਮਾਨ ਸਮਾਰੋਹ ਦਾ ਆਯੋਜਨ ਕਰਕੇ ਅਧਿਆਪਕ ਦਿਵਸ 2025 ਨੂੰ ਬਹੁਤ ਹੀ ਜੋਸ਼ ਅਤੇ ਉਤਸ਼ਾਹ ਨਾਲ ਮਨਾਇਆ। ਇਹ ਸਮਾਗਮ ਯੂਨੀਵਰਸਿਟੀ ਦੇ ਵਿਕਾਸ, ਉੱਤਮਤਾ ਅਤੇ ਸੰਪੂਰਨ ਵਿਕਾਸ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਣ ਵਾਲੇ ਫੈਕਲਟੀ ਅਤੇ ਸਟਾਫ ਮੈਂਬਰਾਂ ਦੇ ਅਨਮੋਲ ਯੋਗਦਾਨ ਦਾ ਸਨਮਾਨ ਕਰਨ ਲਈ ਸਮਰਪਿਤ ਸੀ। ਇਸ ਸਮਾਰੋਹ ਦੀ ਸ਼ਾਨਦਾਰ ਸ਼ੋਭਾ ਮਾਣਯੋਗ ਚਾਂਸਲਰ, ਡਾ. ਜ਼ੋਰਾ ਸਿੰਘ ਨੇ ਮੁੱਖ ਮਹਿਮਾਨ ਵਜੋਂ ਨਿਭਾਈ, ਜਿਨ੍ਹਾਂ ਦੇ ਨਾਲ ਪ੍ਰੋ-ਚਾਂਸਲਰ, ਡਾ. ਤਜਿੰਦਰ ਕੌਰ, ਵਾਈਸ ਚਾਂਸਲਰ, ਡਾ. ਹਰਸ਼ ਸਦਾਵਰਤੀ ਅਤੇ ਪ੍ਰੋ-ਵਾਈਸ ਚਾਂਸਲਰ (ਅਕੈਡਮਿਕ), ਪ੍ਰੋ. ਅਮਰਜੀਤ ਸਿੰਘ ਵੀ ਸ਼ਾਮਲ ਹੋਏ। ਇਸ ਮੌਕੇ ਨੂੰ ਹੋਰ ਮਾਣ ਦਿੰਦੇ ਹੋਏ, ਪ੍ਰੋ. ਜਨਕ ਰਾਜ ਸਚਦੇਵਾ, ਪ੍ਰੋਫੈਸਰ ਅਤੇ ਮੁਖੀ (ਸੇਵਾਮੁਕਤ), ਮੈਡੀਸਨ ਵਿਭਾਗ, ਸਰਕਾਰੀ ਮੈਡੀਕਲ ਕਾਲਜ ਪਟਿਆਲਾ ਅਤੇ ਸੀਨੀਅਰ ਐਡਵੋਕੇਟ ਸਰਦਾਰ ਹਰਦੇਵ ਸਿੰਘ ਵਿਸ਼ੇਸ਼ ਮਹਿਮਾਨਾਂ ਵਜੋਂ ਸ਼ਾਮਲ ਹੋਏ। ਇਸ ਸਮਾਰੋਹ ਦੌਰਾਨ ਯੂਨੀਵਰਸਿਟੀ ਨੇ ਕਰਮਚਾਰੀਆਂ ਨੂੰ ਅਕਾਦਮਿਕ, ਖੋਜ, ਪ੍ਰਸ਼ਾਸਨ ਅਤੇ ਹੋਰ ਖੇਤਰਾਂ ਵਿੱਚ ਉਨ੍ਹਾਂ ਦੇ ਸ਼ਾਨਦਾਰ ਯੋਗਦਾਨ ਲਈ ਪੁਰਸਕਾਰ ਅਤੇ ਪ੍ਰਸ਼ੰਸਾ ਦੇ ਚਿੰਨ੍ਹ ਭੇਟ ਕੀਤੇ ਜਿਨ੍ਹਾਂ ਨੇ ਸੰਸਥਾ ਦੀ ਸਾਖ ਨੂੰ ਮਹੱਤਵਪੂਰਨ ਤੌਰ 'ਤੇ ਉੱਚਾ ਕੀਤਾ ਹੈ। ਇੱਥੇ ਜ਼ਿਕਰਯੋਗ ਹੈ ਕਿ ਦੇਸ਼ ਭਗਤ ਯੂਨੀਵਰਸਿਟੀ ਦੇ ਵਾਈਸ ਚਾਂਸਲਰ, ਡਾ. ਹਰਸ਼ ਸਦਾਵਰਤੀ ਨੂੰ ਗੋਲਡ ਐਵਾਰਡ ਦੇ ਨਾਲ-ਨਾਲ ?31,000 ਦੇ ਨਕਦ ਰਾਸ਼ੀ ਨਾਲ ਸਨਮਾਨਿਤ ਕੀਤਾ ਗਿਆ, ਡਾ. ਕੁਲਭੂਸ਼ਣ ਵਸ਼ਿਸ਼ਟ ਨੂੰ ?21,000 ਦੇ ਨਕਦ ਇਨਾਮ ਨਾਲ ਸਿਲਵਰ ਐਵਾਰਡ ਮਿਲਿਆ ਅਤੇ ਡਾ. ਪੁਨੀਤ ਨੂੰ ?11,000 ਦੇ ਨਾਲ ਬਰੌਂਜ਼ ਐਵਾਰਡ ਦਿੱਤਾ ਗਿਆ। ਇਸ ਮੌਕੇ ਮੁੱਖ ਮਹਿਮਾਨਾਂ ਅਤੇ ਪਤਵੰਤਿਆਂ ਨੇ ਅਧਿਆਪਨ ਅਤੇ ਗੈਰ-ਅਧਿਆਪਨ ਸਟਾਫ਼ ਦੇ ਸਮਰਪਣ ਦੀ ਸ਼ਲਾਘਾ ਕੀਤੀ, ਉਨ੍ਹਾਂ ਨੂੰ ਡੀਬੀਯੂ ਦੀ ਨਿਰੰਤਰ ਸਫਲਤਾ ਦੀ ਰੀੜ੍ਹ ਦੀ ਹੱਡੀ ਮੰਨਿਆ। ਆਪਣੇ ਸੰਬੋਧਨ ਵਿੱਚ, ਡੀ.ਬੀ.ਯੂ. ਦੇ ਚਾਂਸਲਰ ਡਾ. ਜ਼ੋਰਾ ਸਿੰਘ ਨੇ ਰਾਸ਼ਟਰ ਨਿਰਮਾਣ ਵਿੱਚ ਅਧਿਆਪਕਾਂ ਦੀ ਭੂਮਿਕਾ ਅਤੇ ਇੱਕ ਉੱਜਵਲ ਭਵਿੱਖ ਲਈ ਨੌਜਵਾਨ ਮਨਾਂ ਨੂੰ ਢਾਲਣ ਵਿੱਚ ਉਨ੍ਹਾਂ ਦੀ ਜ਼ਿੰਮੇਵਾਰੀ 'ਤੇ ਜ਼ੋਰ ਦਿੱਤਾ। ਵਾਈਸ ਚਾਂਸਲਰ, ਡਾ. ਹਰਸ਼ ਸਦਾਵਰਤੀ ਨੇ ਫੈਕਲਟੀ ਦੀ ਸ਼ਲਾਘਾ ਕੀਤੀ ਕਿ ਉਹ ਇੱਕ ਸਿੱਖਿਆਰਥੀ-ਕੇਂਦ੍ਰਿਤ ਵਾਤਾਵਰਣ ਨੂੰ ਉਤਸ਼ਾਹਿਤ ਕਰਦੇ ਹਨ ਜੋ ਨਵੀਨਤਾ, ਰਚਨਾਤਮਕਤਾ ਅਤੇ ਅਕਾਦਮਿਕ ਪ੍ਰਤਿਭਾ ਨੂੰ ਪੋਸ਼ਣ ਦਿੰਦਾ ਹੈ।

## ਸਿਰਲੇਖਵਾਰ ਇਸ਼ਤਿਹਾਰ /Classified Advertisement

(U/o 5 Rule 20 CPC)
**In the Court of Ms. Ekta Sahota Additional Civil Judge Senior Division-1, Patiala**
CNR No. PBPT02-002377-2025
Next Date : 13-10-2025
Shahid Salmani
Versus
General Public
Notice to: General Public
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on 13-10-2025 at 10:00 A.M.
For details logon to https://highcourtchd.gov.in/?mod=district_notice&district=Patiala
Dated this day of 19-09-2025
**Sd/- Additional Civil Judge Senior Division-1, Patiala**

---

(U/o 5 Rule 20 CPC)
(Succession Case)
**In The Court of Ms. Neha Goel Civil Judge (Senior Division), Ferozepur**
CNR No. PBFZ02-002710-2025
Next Date : 12-10-2025
Rohit
Versus
General Public
Application u/s 372 of the Indian Succession Act
Notice to: Respondent No. 1, General Public
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on 12-10-2025 at 10:00 A.M.
For details logon to https://highcourtchd.gov.in/?mod=district_notice&district=ferozepur
Dated, this day of 17-09-2025
**Sd/- Civil Judge (Senior Division), Ferozepur**

---

(U/o 5 Rule 20 CPC)
**In the Court of Sh. Insan Civil Judge Junior Division-1, Moga**
CNR No. PBMO02-001229-2025
Next Date: 08-10-2025
Lakhvir Singh Jhamat
Versus
Punjab state power corporation Ltd
The Plaintiff prays for declaration that
Notice to: General Public
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on 08-10-2025 at 10:00 A.M.
For details logon to https://highcourtchd.gov.in/?mod=district_notice&district=mogacourt
Dated, this day of 22-09-2025
**Sd/- Civil Judge Junior Division-1, Moga**

---

(U/o 5 Rule 20 CPC)
**In the Court of Sh. Sangam Kaushal Civil Judge (Junior Division)-5, Mohali**
CNR No. PBSA02-000935-2025
Next Date: 13.10.2025
Deepak Saini
Versus
Parminder Singh
Petition for Eviction From Booth No. 14, Ground Floor, Sector 78, Sas Nagar On Ground Of Non Payment Of Rent
Notice to: Parminder Singh S/O Sh. Gurcharan Singh R/O H.No 202 Near Balmiki Mandir Sector 78 Sohana Sas Nagar Punjab 140308 2nd Address-Booth No. 14 Ground Floor Sector 78 Sas Nagar Punjab
In above titled case the defendant(s)/respondent(s) could not be served. It is ordered that the defendant(s)/respondent(s) should appear in person or through counsel on 13.10.2025 at 10:00 A.M.
For details logon to https://highcourtchd.gov.in/?mod=district_notice&district=mohali
Dated, this day of 09-09-2025
**Sd/- Civil Judge (Junior Division)-5,**

---

(U/o 5 Rule 20 CPC)
**In the Court of Ms. Geetanshu Civil Judge (Junior Division)-IV, Barnala**
CNR No. PBBR02-001043-2024
Next Date: 13.10.2025
Punjab National Bank
Versus
Lakhwinder Singh
Notice to: Lr. Of Manjit Kaur Spouse: Pritam Singh 1) Lakhwinder Singh Son Of Pritam Singh 2) Gurwinder Singh Son Of Pritam Singh 3) Sukhpal Kaur D/O Manjit Kaur, W/O Gurjeet Singh R/O Village Buttar 4) Jaswinder Kaur D/O Manjit Kaur, W/O Pritam Singh R/O Village Khatewal
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on 13-10-2025 at 10:00 A.M.
For details logon to https://highcourtchd.gov.in/?mod=district_notice&district=barnala
Dated, this day of 18-09-2025
**Sd/- Civil Judge (Junior Division)-IV, Barnala**

---

(U/o 5 Rule 20 CPC)
**In the Court of Ms. Anshul Berry Matrimonial Cases Special Courts, Bathinda**
CNR No. PBBT01-010636-2024
Next Date: 13.10.2025
Harjeet Kaur
Versus
Pardeep Singh @ Jugnu
Petition Under Section 13 Of The Hindu Marriage Act, 1955, For Dissolution Of Marriage By Way Of A Decree Of Divorce As Amended By The Marriage Laws Amendment Act 1976.
Notice to: Pardeep Singh @ Jugnu Son Of Rajinder Singh Resident Of H. No. 140, Ward No. 11, Goniana Mandi, Tehsil And District Bathinda.
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on 13-10-2025 at 10:00 A.M.
For details logon to https://highcourtchd.gov.in/?mod=district_notice&district=Bathinda
Dated, this day of 24-07-2025
**Sd/- Matrimonial Cases Special Courts, Bathinda**

---

(U/o 5 Rule 20 CPC)
**In the Court of Sh. Sudhir Kumar Additional Civil Judge (Senior Division), Barnala**
CNR No. PBBR02-000813-2025
Next Date: 13.10.2025
CS/529/2025
Manjit Kaur
Versus
Jeoni
Notice to: 1. Jeoni D/O Gajjan Singh S/O Uttam Singh 2. Malkiat Singh Son Of Gajjan Singh S/O Uttam Singh 3.Nachattar Singh Son Of Gajjan Singh S/O Uttam Singh 4.Saudagar Singh S/O Uttam Singh Sehna Teh Tapa Dist Barnala
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on 13-10-2025 at 10:00 A.M.
For details logon to https://highcourtchd.gov.in/?mod=district_notice&district=mogacourt
Dated, this day of 29-07-2025
**Sd/- Additional Civil Judge (Senior Division), Barnala**

---

(U/o 5 Rule 20 CPC)
**In the Court of Sh. Akbar Khan Additional Civil Judge (Senior Divsion), Guruharsahai**
CNR No. PBFZD0-000340-2019
Next Date: 13.10.2025
M/s Tejindera Plastic Industry Mukhsar Road, Near Basti Deria Wali, Guruharsahai through its partner Dinesh Sharma son of Tajinder pal Sharma R/o Guruharsahai Distt. Ferozpur
Versus
Paramjit Singh
Recovery of Rs. 199320/-
Notice to: 1. Paramjit Singh Partner/ Prop. M/S K.S.Iron Box Industry, Ladhpur, Mandi Gobindgarh, Distt Fatehgarh Sahib 2. M/S Ks Iron Box Industry, Ladhpur, Mandi Gobindgarh Dist Fatehgarh Sahib Through Its Part/Proprietor Paramjit Singh.
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on 13-10-2025 at 10:00 A.M.
For details logon to https://highcourtchd.gov.in/?mod=district_notice&district=
Dated, this day of 02-09-2025
**Sd/- Additional Civil Judge (Senior Divsion), Guruharsahai**

---

**Criminal Courts Phillaur**
**In the Court of Sh. Mukesh Kumar Singla Judicial Magistrate First Class,Phillaur**
**Next Date, Purpose of Case, Orders and Judgments as well as other case information is available on http://ecourts.gov.in**
CNR No. PBJLB1-000308-2021
Next Date: 10.10.2025
Case NACT/13/2021
138 of Negotiable Instruments Act
Police Station/FIR No. Nurmehal/0
Kuldeep Singh
Versus
Raj Kumar Walia
Proclamation Requiring the appearance of a person Accused
Notice to: Raj Kumar Walia Father: Sohan Lal R/O House No 80 E Street No 2, Guru Teg Bahadur Nagar, Chandigarh Road, Ludhiana
Whereas Complaint/Case Has Been Made Before Me That Raj Kumar Waliafather Sohan Lal R/O House No 80 E Street, No 2, Guru Teg Bahadur Nagar, Chandigarh Road, Ludhiana Has Committed (Or Is Suspected To Have Committed) The Offence Punishable Under Section 138 Of Negotiable Instruments Act And It Has Been Returned To A Warrant Of Arrest Thereupon Issued That The Said Raj Kumar Walla Cannot Be Found, And Whereas It Has Been Shown To My Satisfaction That The Said Raj Kumar Walia Has Absconded (Or Is Concealing Himself/Herself To Avoid The Service Of The Said Warrant); Proclamation Is Hereby Made That The Said Raj Kumar Walia Is Required To Appear Before This Court (Or Before Me) On 10-10-2025 To Answer The Said Complaint/Case.
Dated, this day of 08-09-2025
**Sd/- Judicial Magistrate First Class,Phillaur**

---

(U/o 5 Rule 20 CPC)
**In the Court of Sh. Akbar Khan Additional Civil Judge (Senior Division), Guruharsahai**
CNR No. PBFZD0-000458-2024
Next Date: 10.10.2025
CS/315/2024
Punjab National Bank Branch office at Guruharsahai Dist Ferozepur through its principal Officer Ms prateesh Kumar
Versus
Mohan Singh S/O Khushal Singh Now (Deceased) a Joginder Kaur
Recovery Of Rs 2,36,075/-
Notice to: 2. Saraj Singh Father::-Harbhajan Singh Village Trida Tehsil Guruharsahai Distt Ferozepur
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on 10-10-2025 at 10:00 A.M.
For details logon to https://highcourtchd.gov.in/?mod=district_notice&district=mogacourt
Dated, this day of 04-09-2025
**Sd/- Additional Civil Judge (Senior Division), Guruharsahai**

---

(U/o 5 Rule 20 CPC)
**In the Court of Sh. Arun Gupta Additional Civil Judge (Senior Division), Jalalabad**
CNR No. PBFZB0-000603-2024
Next Date: 10.10.2025
Amritpal Singh
Versus
Bikarjit Singh
Notice to: 1.Bikarjit Singh Father::-Bachittar Singh S/O Tota Singh 2.Gurcharan Singh S/O Nirmal Singh S/O Atar Singh 3.Ranjeet Singh S/O Nirmal Singh S/O Atar Singh 4.Gurdev Singh S/O Joginder Singh S/O Uttam Singh 5. Pushwinder Kaur Wife Of Harinder Singh S/O Baldev Singh 6.Harbhajan Singh S/O Makhan Singh S/O Uttar Singh 7. Pardeep Singh S/O Harjang Singh @ Jang Singh S/O Baldev Singh 8. Jagtar Singh S/O Jang Singh @ Jagwinder Singh S/O Anokh Singh 10.Balwinder Singh S/O Bassa Singh S/O Uttam Singh 12.Manjeet Kaur Wife Of Satwinder Singh S/O Sadha Singh All R/O Vill Chak Dhab Khushal Joiya, Tehsil Jalalabad Dist Fazilka 13.H.D.F.C Bank Ltd. Branch Jalalabad Through Its Branch Manager 14. Axis Bank Ltd. Branch Jalalabad Through Its Branch Manager
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on 10-10-2025 at 10:00 A.M.
For details logon to https://highcourtchd.gov.in/?mod=district_notice&district=fazilkacourt
Dated this day of 06-09-2025
**Sd/- Additional Civil Judge (Senior Division), Jalalabad**

---

## Change of Name

I Harish Kumar Dua S/o Ascharaj Lal R/o H.No- 499, St No-10, Kamalpur Hoshiarpur have changed the name to Harish Dua and declare that Harish Kumar Dua and Harish Dua are one and the same person.

---

(U/o 5 Rule 20 CPC)
**In the Court of Ms. Parneet Kaur Civil Judge (Junior Division), Dera Bassi**
CNR No. PBSAB0-001483-2024
Next Date: 20.11.2025
State Bank of India
Versus
Shivani Chauhan
Notice to: Shivani Chauhan :- Sunny rana vill Khelan Teh dera bassi
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on 20-11-2025 at 10:00 A.M.
For details logon to https://highcourtchd.gov.in/?mod=district_notice&district=mogacourt
Dated, this day of 24-09-2025
**Sd/- Civil Judge (Junior Division), Dera Bassi**

---

(U/o 5 Rule 20 CPC)
**In the Court of Ms. Parneet Kaur Civil Judge (Junior Division), Dera Bassi**
CNR No. PBSAB0-001484-2024
Next Date: 26.11.2025
State Bank of India
Versus
Jasvir Singh
Notice to: Jasvir Singh:- Vill malan teh dera bassi
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on 26-11-2025 at 10:00 A.M.
For details logon to https://highcourtchd.gov.in/?mod=district_notice&district=mogacourt
Dated, this day of 24-09-2025
**Sd/- Civil Judge (Junior Division), Dera Bassi**

---

**In the Court of Ms. Niharika Singla Judicial Magistrate -Ist Class-III, Barnala**
CNR No. PBBR03-002447-2025
Next Date: 23.10.2025
Hardeep Singh
Versus
Baljinder Singh
Notice to: Kamaljeet Kaur Spouse:- Baljinder Singh Near Mata De Mandir Vill Nainewal Dist Barnala
In above titled case the accused could not be served. It is ordered that accused should appear in person or through counsel on 23-10-2025 at 10:00 A.M.
For details logon to https://highcourtchd.gov.in/?mod=district_notice&district=mogacourt
Dated, this day of 23-09-2025
**Sd/- Judicial Magistrate -Ist Class-III Barnala**

# ਸਾਲਾਨਾ ਜੋੜ ਮੇਲਾ ਧੂਮ ਧਾਮ ਨਾਲ ਕਰਵਾਇਆ

ਨਵਾਂਸ਼ਹਿਰ 24 ਸਤੰਬਰ (ਸੁਖਦੇਵ ਸਿੰਘ ਉੜਾਪੜ) ਇੱਥੇ ਨਜ਼ਦੀਕ ਪਿੰਡ ਮੋਹਰਾ ਵਿਖੇ ਧੰਨ ਧੰਨ ਬਾਬਾ ਹੰਸ ਰਾਜ ਜੀ ਪੰਜ ਪੀਰ ਨੂਰੀ ਦਰਬਾਰ ਚ ਸਲਾਨਾ ਜੋੜ ਮੇਲਾ ਧੂਮ ਧਾਮ ਨਾਲ ਕਰਵਾਇਆ ਗਿਆ। ਇਸ ਮੌਕੇ ਤੇ ਗੱਦੀਨਸ਼ੀਨ ਬਾਬਾ ਪੂਰਨ ਨੇ ਕਿ ਮੇਲੇ ਦੇ ਪਹਿਲੇ ਦਿਨ ਦਰਬਾਰ ਵਿਚ ਮਹਿੰਦੀ ਦੀ ਰਸਮ ਕੀਤੀ ਗਈ ਤੇ ਚਿਰਾਗ਼ ਰੋਸ਼ਨ ਕੀਤੇ ਗਏ ਹਨ। ਇਸ ਤਰਾਂ ਮੇਲੇ ਦੇ ਦੂਜੇ ਦਿਨ ਸਵੇਰੇ ਝੰਡਾ ਚੜ੍ਹਾਉਣ ਦੀ ਰਸਮ ਸਮੂਹ ਸੰਗਤਾਂ ਵਲੋ ਕੀਤੀ ਗਈ ਤੇ ਉਸ ਤੋ ਬਾਅਦ ਮਹਿਫਲ ਕਵਾਲੀ ਦਾ ਪ੍ਰੋਗਰਾਮ ਸ਼ੁਰੂ ਕੀਤਾ ਗਿਆ ਜਿਸ ਵਿਚ ਸਲਾਮਤ ਅਲੀ ਵਲੋ ਕਵਾਲੀਆ ਦੀ ਸ਼ੁਰੂਆਤ ਕੀਤੀ ਗਈ। ਤੇ ਬਾਅਦ ਵਿੱਚ ਪੰਜਾਬ ਦੇ ਮਸ਼ਹੂਰ ਗਾਇਕ ਮਹੇਸ਼ ਸਾਜਨ ਵਲੋ ਦਰਬਾਰ ਚ ਹਾਜਰੀ ਭਰੀ ਜਿਸ ਵਿਚ ਗੱਦੀ ਵਾਲਿਆ ਬਜ਼ੁਰਗਾ ਵੇ ਆਜਾ ਮਾਰ ਗਦੀ ਤੇ ਗੇੜ, ਅੱਜ ਮੈ ਪੀਰਾ ਦੇ ਜਾਣਾ ਪੰਜ ਪੀਰ ਸਰਕਾਰ ਦਾ ਲਗਿਆ ਮੇਲਾ,ਗੋਸ ਮੇਰਾ ਵਲਿਆ ਦਾ ਰਾਜਾ ਗਾਕੇ ਦਰਬਾਰ ਚ ਸੰਗਤਾਂ ਨੂੰ ਮੰਸਤੀ ਵਿਚ ਝੂਮਣ ਲਗਾ ਦਿਤਾ ਤੇ ਬਾਅਦ ਚ ਮੁਸਕਾਨ ਚੋਪੜਾ ਵਲੋ ਨਿੱਤ ਖੈਰਾ ਮੰਗਾ ਸੋਹਣਿਆ, ਪੀਰਾ ਨੇ ਸੰਗਤਾ ਨੂੰ ਤਾਰਿਆ, ਪੀਰ ਨੂੰ ਮਨਣ ਵਾਲਿਆ ਦੀ ਗਾਕੇ ਹਾਜਰੀ ਭਰੀ ਇਸ ਮੇਲੇ ਵਿਚ ਸੰਗਤਾ ਨੂੰ ਆਸ਼ਿਰਵਾਦ ਦੇਣ ਲਈ ਪਦਮ ਸ਼੍ਰੀ ਰਾਜ ਗਾਇਕ ਹੰਸ ਰਾਜ ਹੰਸ ਵੀ ਪੁੰਹਚੇ ਤੇ ਇਹਨਾ ਤੋ ਇਲਾਵਾ ਸੰਗਤਾਂ ਨੂੰ ਆਸ਼ਿਰਵਾਦ ਦੇਣ ਲਈ ਵੱਖ ਵੱਖ ਡੇਰਿਆ ਤੋ ਸੰਤ ਫਕੀਰਾ ਨੇ ਵੀ ਸ਼ਿਰਕਤ ਕੀਤੀ।

---

**ਜਨਤਕ ਸੂਚਨਾ**
**ਸ੍ਰੀ ਰਾਜੀਵ ਤਿਵਾੜੀ, ਸਹਾਇਕ ਅਸਟੇਟ ਅਫ਼ਸਰ, ਯੂ.ਟੀ., ਚੰਡੀਗੜ੍ਹ ਵੱਲੋਂ**



ਵਿਸ਼ਾ:-ਸਵ. ਸ਼੍ਰੀਮਤੀ ਜਸਬੀਰ ਕੌਰ ਦੀ ਰਜਿਸਟਰਡ ਵਸੀਅਤ ਦੇ ਆਧਾਰ 'ਤੇ ਕਮਰਸ਼ੀਅਲ ਬੇ ਸ਼ਾਪ ਨੰਬਰ 10, ਇੰਡਸਟਰੀਅਲ ਏਰੀਆ, ਚੰਡੀਗੜ੍ਹ (ਸੀ.ਪੀ.ਐਲ. 2565) ਦੇ ਸੰਬੰਧ ਵਿੱਚ ਲੀਜ਼ ਹੋਲਡ ਅਧਿਕਾਰਾਂ ਦਾ 100% ਸ਼ੇਅਰ ਤੱਕ ਤਬਾਦਲਾ।
ਆਮ ਜਨਤਾ ਅਤੇ ਸਾਰੇ ਸਬੰਧਤਾਂ ਦੀ ਜਾਣਕਾਰੀ ਲਈ ਸੂਚਿਤ ਕੀਤਾ ਜਾਂਦਾ ਹੈ ਕਿ ਇਸ ਦਫ਼ਤਰ ਦੇ ਰਿਕਾਰਡ ਅਨੁਸਾਰ ਸ਼੍ਰੀਮਤੀ ਜਸਬੀਰ ਕੌਰ ਕਮਰਸ਼ੀਅਲ ਬੇ ਸ਼ਾਪ ਨੰਬਰ 10, ਇੰਡਸਟਰੀਅਲ ਏਰੀਆ, ਚੰਡੀਗੜ੍ਹ ਦੀ 100% ਸ਼ੇਅਰ ਤੱਕ ਮਾਲਕ/ਪੱਟੇਦਾਰ ਹੈ। ਹਰਮਿੰਦਰ ਸਿੰਘ ਚਾਵਲਾ ਦੁਆਰਾ ਸੂਚਿਤ ਕੀਤਾ ਗਿਆ ਹੈ ਕਿ ਸ਼੍ਰੀਮਤੀ। ਜਸਬੀਰ ਕੌਰ ਦੀ ਮੌਤ 07/02/1986 ਨੂੰ ਹੋ ਗਈ ਸੀ ਅਤੇ ਉਸਨੇ ਮ੍ਰਿਤਕ ਮਾਲਕ/ਪੱਟੇਦਾਰ ਦੇ ਹੇਠ ਲਿਖੇ ਕਾਨੂੰਨੀ ਵਾਰਸਾਂ ਨੂੰ ਵੀ ਸੂਚਿਤ ਕੀਤਾ ਹੈ:- (1) ਅਮਰਜੀਤ ਸਿੰਘ ਚਾਵਲਾ (ਪੁੱਤਰ) (2) ਗੁਰਬਚਨ ਸਿੰਘ ਚਾਵਲਾ (ਪਤੀ-ਮ੍ਰਿਤਕ) (3) ਅਮਰਪ੍ਰੀਤ ਕੌਰ (ਧੀ) (4) ਸਤਿੰਦਰ ਕੌਰ (ਧੀ) (5) ਹਰਮਿੰਦਰ ਸਿੰਘ ਚਾਵਲਾ (ਪੁੱਤਰ)। ਹੁਣ, ਹਰਮਿੰਦਰ ਸਿੰਘ ਚਾਵਲਾ ਨੇ 09/01/1986 ਦੀ ਰਜਿਸਟਰਡ ਵਸੀਅਤ ਦੇ ਆਧਾਰ 'ਤੇ, ਕਮਰਸ਼ੀਅਲ ਬੇ ਸ਼ਾਪ ਨੰਬਰ 10, ਇੰਡਸਟਰੀਅਲ ਏਰੀਆ, ਚੰਡੀਗੜ੍ਹ ਦੇ ਸੰਬੰਧ ਵਿੱਚ ਸਵਰਗੀ ਸ਼੍ਰੀਮਤੀ ਜਸਬੀਰ ਕੌਰ ਦੁਆਰਾ ਆਪਣੇ ਹੱਕ ਵਿੱਚ ਰੱਖੇ 100% ਸ਼ੇਅਰ ਦੀ ਹੱਦ ਤੱਕ ਲੀਜ਼ ਅਧਿਕਾਰਾਂ ਦੇ ਤਬਾਦਲੇ ਲਈ ਅਰਜ਼ੀ ਦਿੱਤੀ ਹੈ। ਜੇਕਰ ਕਿਸੇ ਕੋਲ ਉੱਪਰ ਦੱਸੇ ਗਏ ਤੋਂ ਇਲਾਵਾ ਮ੍ਰਿਤਕ ਦੇ ਕਿਸੇ ਹੋਰ ਕਾਨੂੰਨੀ ਵਾਰਸ (ਵਾਰਸਾਂ) ਬਾਰੇ ਕੋਈ ਜਾਣਕਾਰੀ ਹੈ, ਤਾਂ ਇਸਦੀ ਸੂਚਨਾ ਤੁਰੰਤ ਅਸਟੇਟ ਅਫਸਰ, ਯੂ.ਟੀ., ਚੰਡੀਗੜ੍ਹ ਨੂੰ ਦਿੱਤੀ ਜਾ ਸਕਦੀ ਹੈ। ਜੇਕਰ ਕਿਸੇ ਨੂੰ ਉਪਰੋਕਤ ਨਾਮਜ਼ਦ ਬਿਨੈਕਾਰਾਂ ਦੇ ਹੱਕ ਵਿੱਚ ਉਕਤ ਜਾਇਦਾਦ ਵਿੱਚ ਉਕਤ ਹਿੱਸੇ ਦੇ ਇੰਤਕਾਲ 'ਤੇ ਕੋਈ ਇਤਰਾਜ਼ ਹੈ, ਤਾਂ ਉਹ ਇਸ ਨੋਟਿਸ ਦੇ ਪ੍ਰਕਾਸ਼ਨ ਦੀ ਮਿਤੀ ਤੋਂ 30 ਦਿਨਾਂ ਦੇ ਅੰਦਰ-ਅੰਦਰ ਹੇਠ ਹਸਤਾਖਰ ਕਰਨ ਵਾਲੇ ਦੇ ਦਫ਼ਤਰ ਵਿੱਚ ਲਿਖਤੀ ਰੂਪ ਵਿੱਚ (ਮੈਜਿਸਟ੍ਰੇਟ/ਨੋਟਰੀ ਦੁਆਰਾ ਪ੍ਰਮਾਣਿਤ ਹਲਫਨਾਮੇ ਨਾਲ ਸਮਰਥਤ) ਇਸਨੂੰ ਜਮ੍ਹਾਂ ਕਰਵਾ ਸਕਦੇ ਹਨ, ਨਹੀਂ ਤਾਂ ਉਕਤ ਜਾਇਦਾਦ ਵਿੱਚ ਉਕਤ ਹਿੱਸੇ ਦਾ ਇੰਤਕਾਲ ਉਪਰੋਕਤ ਲਾਭਪਾਤਰੀ ਦੇ ਨਾਮ 'ਤੇ ਕਰ ਦਿੱਤਾ ਜਾਵੇਗਾ ਅਤੇ ਬਾਅਦ ਵਿੱਚ ਕਿਸੇ ਵੀ ਹੋਰ ਦਾਅਵੇ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ।
**ਸ੍ਰੀ ਰਾਜੀਵ ਤਿਵਾੜੀ, ਸਹਾਇਕ ਅਸਟੇਟ ਅਫ਼ਸਰ, ਅਸਟੇਟ ਅਫ਼ਸਰ ਯੂ.ਟੀ., ਚੰਡੀਗੜ੍ਹ ਦੇ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ**

---

## ਜ਼ਰੂਰੀ ਸੂਚਨਾ

ਰੋਜ਼ਾਨਾ ਚੜ੍ਹਦੀਕਲਾ ਵਿਚ ਛੱਪੇ ਲੇਖ, ਲੇਖਕਾਂ ਦੇ ਆਪਣੇ ਵਿਚਾਰ ਹਨ। ਇਸ ਨਾਲ ਸੰਪਾਦਕ ਦਾ ਸਹਿਮਤ ਹੋਣਾ ਕੋਈ ਜ਼ਰੂਰੀ ਨਹੀਂ। ਇਸ਼ਤਿਹਾਰ (ਡਿਸਪਲੇ/ਕਲਾਸੀਫਾਈਡ) ਦੇ ਤੱਥਾਂ ਲਈ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਨ੍ਹਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ ਦੇ ਤੱਥਾਂ ਦੀ ਪੁਸ਼ਟੀ ਕਰ ਲੈਣ।

---

**ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ**
(ਰਜਿਸਟਰਡ ਆਫਿਸ:-ਪੀ.ਐਸ.ਈ.ਬੀ.. ਹੈਡਆਫਿਸ , ਦਾ ਮਾਲ ਪਟਿਆਲਾ-147001)
ਕਾਰਪੋਰੇਸ਼ਨ ਆਈਡੈਂਟੀਫਿਕੇਸ਼ਨ ਨੰ:-(CIN) U40109PB2010SGC033813,
(ਮੋਬਾਇਲ ਨੰ.9646119178 Email:-xencivilabdc@gmail.com)
ਟੈਂਡਰ ਇਨਕੁਆਰੀ ਨੰ. 17/XEN/C/25-26 ਅਤੇ18XEN/c/25-26 ਮਿਤੀ : 24.09.2025
ਸੀਨੀਅਰ ਕਾਰਜਕਾਰੀ ਇੰਜੀ:/ਸਿਵਲ , ਯੂ.ਬੀ.ਡੀ.ਸੀ., ਓ ਅਤੇ ਐਮ ਮੰਡਲ, ਪੰ.ਰ.ਪਾ.ਕਾ.ਲਿਮ, ਮਲਿਕਪੁਰ ਵੱਲੋਂ ਹੇਠ ਲਿਖੇ 2 ਨੰ. ਕੰਮਾਂ ਦਾ ਛੋਟੀ ਮਿਆਦ ਦੇ ਖੁੱਲ੍ਹੇ ਟੈਂਡਰ ਦਾ ਨੋਟਿਸ ਸੱਦਿਆ ਜਾਂਦਾ ਹੈ:-
1. ਯੂਬੀਡੀਸੀ ਹਾਈਡਲ ਚੈਨਲ ਦੇ ਅਨਲਾਈਨਡ ਕਨਾਲ ਹਿੱਸੇ ਦੀ ਆਂਤਰੀਕ ਸਾਈਡ ਸਲੋਪ ਦੀ ਸੁਰੱਖਿਆ ਲਈ ਦੋਹਾਂ ਕੰਢਿਆਂ 'ਤੇ ਵੱਖ ਵੱਖ ਸਥਾਨਾਂ 'ਤੇ ਪੱਥਰ ਵਾਲੇ ਵਾਇਰ ਗੇਬਿਅਨ (stone wire crates) ਲਗਾਉਣ ਦਾ ਕੰਮ।
2. ਸਾਲ 2025-26 ਦੌਰਾਨ ਯੂਬੀਡੀਸੀ ਹਾਈਡਲ ਚੈਨਲ ਦੇ ਦੋਵੇਂ ਕਿਨਾਰਿਆਂ 'ਤੇ ਆਰਡੀ 19000 ਤੋਂ ਆਰਡੀ 23865 'ਤੇ ਮਿੱਟੀ ਭਰ ਕੇ ਡੌਵੇਲ ਦੀ ਮੁਰੰਮਤ।
ਸੰਖੇਪ NIT ਅਤੇ ਟੈਂਡਰ ਸਪੈਸੀਫਿਕੇਸ਼ਨ eproc. punjab.gov.in ਉਪਰ ਮਿਤੀ 24.09.2025 ਨੂੰ ਦੁਪਹਿਰ 1.00 ਵਜੇ ਤੋਂ ਉਪਲਬਧ ਹੈ।
ਨੋਟ : ਕੋਰੀਜੰਡਮ ਅਤੇ ਹੋਰ ਕੋਈ ਸੋਧ ਸੰਬੰਧੀ ਵੇਰਵੇ eproc.punjab.gov.in 'ਤੇ ਵੇਖੇ ਜਾਣ। C678/25
**Ro No PR ADVT NO: 1079/12/2025-26/3541/ Dated CHD: 24/9/2025**

---

**ਯੂਨੀਅਨ ਬੈਂਕ ਆਫ ਇੰਡੀਆ** ਭਾਰਤ ਸਰਕਾਰ ਦਾ ਅਦਾਰਾ — Union Bank of India, A Goverment Of India Undertaking
ਖੇਤਰੀ ਦਫਤਰ : ਐਸਸੀਓ 113, 114, ਦੂਜੀ ਤੀਜੀ ਮੰਜ਼ਿਲ, ਅਰਬਨ ਅਸਟੇਟ, ਫੇਜ਼, ਜਲੰਧਰ
E.Mail: crld.rojalandhar@unionbankofindia.bank

### ਮੰਗ ਸੂਚਨਾ (ਸਰਫਾਇਸੀ ਐਕਟ, 2002 ਦੀ ਧਾਰਾ 13 ਦੀ ਉਪ-ਧਾਰਾ (2) ਅਧੀਨ)

ਇਥੇ ਸੂਚਨਾ ਦਿੱਤੀ ਜਾਂਦੀ ਹੈ ਕਿ ਨਿਮਨਲਿਖਤ ਕਰਜ਼ਦਾਰ (ਾਂ)/ਜ਼ਾਮਨਾਂ ਨੇ ਬੈਂਕ ਤੋਂ ਉਨ੍ਹਾਂ ਨੂੰ ਪ੍ਰਾਪਤ ਕਰਜ਼ ਸਹੂਲਤਾਂ ਦੇ ਮੂਲ ਅਤੇ ਵਿਆਜ ਦੇ ਪੁਨਰ ਭੁਗਤਾਨ ਵਿਚ ਕੁਤਾਹੀ ਕੀਤੀ ਹੈ ਅਤੇ ਦਰਸਾਈਆਂ ਸਹੂਲਤਾਂ ਗੈਰ ਕਾਰਗੁਜ਼ਾਰੀ ਵਾਲੀਆਂ ਸੰਪੱਤੀਆਂ ਬਣ ਚੁੱਕੀਆਂ ਹਨ। ਕਰਜ਼ਦਾਰ (ਾਂ)/ਜ਼ਾਮਨ (ਾਂ) ਨੂੰ ਉਨ੍ਹਾਂ ਦੇ ਆਖਰੀ ਜਾਣੂੰ ਪਤਿਆਂ 'ਤੇ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 ਦੀ ਧਾਰਾ 13(2) ਅਧੀਨ ਸੂਚਨਾ ਭੇਜੀ ਗਈ ਸੀ। ਹਾਲਾਂਕਿ ਕੁਝ ਮਾਮਲਿਆਂ ਵਿਚ ਸੂਚਨਾਵਾਂ ਅਣਸੌਂਪੀਆਂ ਹੀ ਪਰਤ ਆਈਆਂ ਅਤੇ ਹੋਰ ਮਾਮਲਿਆਂ ਵਿਚ ਪਹੁੰਚ ਰਸੀਦ ਪ੍ਰਾਪਤ ਨਹੀਂ ਕੀਤੀ ਗਈ ਅਤੇ ਸੂਚਨਾ ਉਨ੍ਹਾਂ ਦੇ ਪੰਜੀਕ੍ਰਿਤ ਪਤੇ ਉਪਰ ਚਸਪਾ ਕੀਤੀ ਗਈ ਸੀ, ਇਸ ਲਈ ਉਨ੍ਹਾਂ ਨੂੰ ਇਥੇ ਇਸ ਸੰਬੰਧੀ ਜਨਤਕ ਸੂਚਨਾ ਦੇ ਮਾਧਿਅਮ ਦੁਆਰਾ ਸੂਚਿਤ ਕੀਤਾ ਜਾਂਦਾ ਹੈ।

| ਕਰਜ਼ਦਾਰ(ਾਂ) ਅਤੇ ਜ਼ਾਮਨ (ਾਂ) ਦਾ ਨਾਮ | ਅਚੱਲ ਸੰਪੱਤੀ ਦੇ ਵੇਰਵੇ | ਮੰਗ ਸੂਚਨਾ ਦੀ ਮਿਤੀ / ਐਨਪੀਏ ਦੀ ਮਿਤੀ | ਮੰਗ ਸੂਚਨਾ ਅਨੁਸਾਰ ਰਕਮ |
|---|---|---|---|
| **ਸ਼ਾਖਾ : ਬਸਤੀ ਅੱਡਾ**<br>**ਕਰਜ਼ਦਾਰ (1) ਸ੍ਰੀ ਕੁਲਜੀਤ ਸਿੰਘ ਸਪੁੱਤਰ ਸ੍ਰੀ ਅਮਰਜੀਤ ਸਿੰਘ** ਮਕਾਨ ਨੰ. ਬੀX738, ਮੰਦਿਰ ਵਾਲੀ ਗਲੀ, ਸਾਹਮਣੇ ਬਲੀ ਕਾਊਂਸਲਰਜ਼ ਦਫਤਰ , ਕਿਸ਼ਨਪੁਰਾ, ਜਲੰਧਰ (2) **ਸ੍ਰੀਮਤੀ ਸਵਿਤਾ ਪਤਨੀ ਸ੍ਰੀ ਕੁਲਜੀਤ ਸਿੰਘ**, ਮਕਾਨ ਨੰ. ਬੀX738, ਮੰਦਿਰ ਵਾਲੀ ਗਲੀ, ਸਾਹਮਣੇ ਬਲੀ ਕਾਊਂਸਲਰਜ਼ ਦਫਤਰ , ਕਿਸ਼ਨਪੁਰਾ, ਜਲੰਧਰ | ਰਿਹਾਇਸ਼ੀ ਸੰਪੱਤੀ ਦਾ ਹਿੱਸਾ ਮਕਾਨ ਨੰ. ਬੀX738, ਮੰਦਿਰ ਵਾਲੀ ਗਲੀ, ਸਾਹਮਣੇ ਬਲੀ ਕਾਊਂਸਲਰਜ਼ ਦਫਤਰ , ਕਿਸ਼ਨਪੁਰਾ, ਜਲੰਧਰ ਸਿਟੀ-144004 **ਹੱਦਬੰਦੀ : ਪੂਰਬ** : ਦੁਆਰਕਾ ਦਾਸ, ਪੱਛਮ : ਮਾਲਕ ਸ੍ਰੀ ਦੇਸ ਰਾਮ ਬਕਾਇਆ ਹਿੱਸਾ, ਉੱਤਰ : ਗਲੀ, ਦੱਖਣ : ਸ੍ਰੀ ਸ਼ਮਸ਼ੇਰ ਸਿੰਘ<br>ਖਰਚੇ ਠੇਕਾ ਦਰ ਵਿਆਜ ਸਲਾਨਾ ਦਰ ਮਾਸਿਕ ਵਿਆਜ ਦੇ ਨਾਲ | 24.09.2025<br>29.06.2025 | Rs. 3,91,255.15 /- (ਰੁ. ਤਿੰਨ ਲੱਖ ਇਕਾਨਵੇਂ ਹਜ਼ਾਰ ਦੋ ਸੌ ਪਚਵੰਜਾ ਅਤੇ ਪੰਦਰਾਂ ਪੈਸੇ ਕੇਵਲ) ਸਮੇਤ ਅਗਲੇਰੇ ਵਿਆਜ ਅਤੇ |

ਹੁਣ ਇਸ ਪ੍ਰਕਾਸ਼ਨ ਦੇ ਮਾਧਿਅਮ ਦੁਆਰਾ ਸੁਰੱਖਿਅਣ ਕਾਨੂੰਨ 2002 ਦੀ ਵਿਵਸਥਾ ਅਨੁਸਾਰ ਸੁਰੱਖਿਅਤ ਕਰਜ਼ਦਾਤਾ (ਬੈਂਕ) ਦੇ ਅਧਿਕਾਰਤ ਅਧਿਕਾਰੀ ਵਜੋਂ ਆਪਣੀ ਸਮਰਥਾ ਵਿਚ ਨਿਮਨ ਹਸਤਾਖਰੀ ਦੁਆਰਾ ਇਸ ਸੂਚਨਾ ਦੇ ਪ੍ਰਕਾਸ਼ਨ ਦੀ ਮਿਤੀ ਤੋਂ 60 ਦਿਨਾਂ ਦੀ ਮਿਆਦ ਦੇ ਅੰਦਰ ਲਾਗੂ ਅਨੁਸਾਰ ਭਾਵੀ ਵਿਆਜ ਅਤੇ ਖਰਚਿਆਂ/ਫੀਸਾਂ ਸਮੇਤ ਬਕਾਇਆ ਦੇਣਦਾਰੀ ਦੀ ਰਕਮ ਨੂੰ ਅਦਾ ਕਰਨ ਲਈ ਸੱਦਾ ਦਿੱਤਾ ਜਾਂਦਾ ਹੈ, ਜਿਸ ਤੋਂ ਅਸਫਲ ਰਹਿਣ 'ਤੇ ਸੁਰੱਖਿਅਤ ਕਰਜ਼ਦਾਤਾ ਦਰਸਾਏ ਅਧਿਆਦੇਸ਼ ਦੀ ਧਾਰਾ 13 ਦੀ ਉਪ ਧਾਰਾ (2) ਅਤੇ ਹੋਰ ਲਾਗੂ ਵਿਵਸਥਾਵਾਂ ਦੇ ਅਧੀਨ ਵਿਸਥਾਰਤ ਅਨੁਸਾਰ ਕਿਸੇ ਵੀ ਜਾਂ ਸਾਰੇ ਅਧਿਕਾਰਾਂ ਦੀ ਵਰਤੋਂ ਕਰਨਗੇ।
ਤੁਹਾਨੂੰ ਇਹ ਵੀ ਸੂਚਨਾ ਦਿੱਤੀ ਜਾਂਦੀ ਹੈ ਕਿ ਦਰਸਾਏ ਕਾਨੂੰਨ ਦੀ ਧਾਰਾ 13 ਦੇ ਸੰਬੰਧ ਵਿਚ ਤੁਸੀਂ ਬੈਂਕ ਦੀ ਲਿਖਤੀ ਪ੍ਰਵਾਨਗੀ ਪ੍ਰਾਪਤ ਕੀਤੇ ਬਿਨਾਂ ਦਰਸਾਈਆਂ ਸੁਰੱਖਿਅਤ ਸੰਪੱਤੀਆਂ ਦੀ ਵਿਕਰੀ, ਲੀਜ਼ ਜਾਂ ਕਿਸੇ ਹੋਰ ਮਾਧਿਅਮ ਦੁਆਰਾ ਤਬਾਦਲਾ ਨਹੀਂ ਕਰੋਗੇ।
ਇਹ ਸੂਚਨਾ ਕਾਨੂੰਨ ਦੀਆਂ ਕਿਸੇ ਵੀ ਹੋਰ ਲਾਗੂ ਵਿਵਸਥਾਵਾਂ ਦੇ ਅਧੀਨ ਜ਼ਰੂਰੀ ਸਮਝੀ ਜਾਂਦੀ ਅਜਿਹੀ ਹੋਰ ਕਾਰਵਾਈ ਜਾਂ ਕਾਨੂੰਨੀ ਪ੍ਰਕਿਰਿਆ ਨੂੰ ਸ਼ੁਰੂ ਕਰਨ ਲਈ ਬੈਂਕ ਦੇ ਅਧਿਕਾਰ ਦੀ ਉਲੰਘਣਾ ਤੋਂ ਬਿਨਾਂ ਹੈ।
**ਤੁਹਾਡਾ ਦਾ ਧਿਆਨ ਸੁਰੱਖਿਅਤ ਸੰਪੱਤੀ ਦੀ ਪੁਨਰ ਪ੍ਰਾਪਤੀ ਲਈ ਉਪਲਬਧ ਸਮੇਂ ਦੇ ਸੰਬੰਧ ਵਿਚ ਕਾਨੂੰਨ ਦੀ ਧਾਰਾ 13 ਦੀ ਉਪ-ਧਾਰਾ (8) ਦੀਆਂ ਵਿਵਸਥਾਵਾਂ ਵੱਲ ਦੁਆਇਆ ਜਾਂਦਾ ਹੈ।**
ਮਿਤੀ : 24.09.2025 ਸਥਾਨ : ਜਲੰਧਰ ਅਧਿਕਾਰਤ ਅਧਿਕਾਰੀ

---

**ਸੈਂਟਰਲ ਬੈਂਕ ਆਫ ਇੰਡੀਆ** Central Bank of India "CENTRAL TO YOU SINCE 1911"

## ਸੈਂਟਰਲ ਬੈਂਕ ਆਫ ਇੰਡੀਆ

ਖੇਤਰੀ ਦਫ਼ਤਰ, ਕੇਪੀ ਕੰਪਲੈਕਸ, ਨੇੜੇ ਹੋਟਲ ਪਾਰਕ ਪਲਾਜ਼ਾ, ਫਿਰੋਜ਼ਪੁਰ ਰੋਡ, ਲੁਧਿਆਣਾ-141001

**ਈ-ਨਿਲਾਮੀ ਵਿਕਰੀ ਸੂਚਨਾ**

28.10.2025 ਨੂੰ ਸਵੇਰੇ 11.00 ਵਜੇ ਤੋਂ ਬਾ. ਦੁ.04.00 ਵਜੇ ਤੱਕ ਅਚੱਲ ਸੰਪੱਤੀਆਂ ਦੀ ਵਿਕਰੀ ਦੇ ਲਈ ਈ-ਨਿਲਾਮੀ ਬਾਰੇ ਜਨਤਕ ਸੂਚਨਾ
ਬਿਆਨਾ ਰਕਮ ਅਤੇ ਦਸਤਾਵੇਜ਼ ਆਨਲਾਈਨ ਜਮ੍ਹਾਂ ਕਰਨ ਲਈ ਆਖ਼ਰੀ ਮਿਤੀ 27.10.2025 ਨੂੰ ਜਾਂ ਪਹਿਲਾਂ
(ਦਸਤਾਵੇਜ਼ਾਂ ਦੀ ਪ੍ਰਵਾਨਗੀ ਲਈ 2-3 ਕੰਮ ਵਾਲੇ ਦਿਨ ਲੱਗ ਸਕਦੇ ਹਨ)

ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ 2002 ਦੇ ਨਿਯਮ 8 (6) ਅਤੇ 6 (2) ਦੀ ਵਿਵਸਥਾ ਨਾਲ ਪੜ੍ਹੇ ਜਾਣ ਵਾਲੇ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ, 2002 ਦੇ ਅਧੀਨ ਚੱਲ/ਅਚੱਲ ਸੰਪੱਤੀਆਂ ਦੀ ਵਿਕਰੀ ਲਈ ਈ-ਨਿਲਾਮੀ ਵਿਕਰੀ ਸੂਚਨਾ। ਆਮ ਕਰਕੇ ਜਨਤਾ ਨੂੰ ਅਤੇ ਵਿਸ਼ੇਸ਼ ਕਰਕੇ ਕਰਜ਼ਦਾਰ (ਾਂ) ਅਤੇ ਜ਼ਾਮਨ (ਾਂ) ਨੂੰ ਇਸ ਦੁਆਰਾ ਸੂਚਨਾ ਦਿੱਤੀ ਜਾਂਦੀ ਹੈ ਕਿ ਸੁਰੱਖਿਅਤ ਕਰਜ਼ਦਾਤਾ ਕੋਲ ਗਿਰਵੀ/ਬੰਦੀ ਨਿਮਨ ਦਰਸਾਈ ਅਚੱਲ/ਚੱਲ ਸੰਪੱਤੀ, ਜਿਸ ਦਾ ਉਸਾਰੂ/ਭੌਤਿਕ ਕਬਜ਼ਾ ਸੈਂਟਰਲ ਬੈਂਕ ਆਫ ਇੰਡੀਆ ਦੇ ਅਧਿਕਾਰਤ ਅਧਿਕਾਰੀ ਵੱਲੋਂ ਲਿਆ ਗਿਆ ਹੈ, ਦੀ ਵਿਕਰੀ **"ਜਿਵੇਂ ਹੈ, ਜਿਥੇ ਹੈ"**, **"ਜਿਵੇਂ ਹੈ, ਜੋ ਹੈ"** ਅਤੇ **"ਜੋ ਵੀ ਜਿਥੇ ਹੈ ਆਧਾਰ"** 'ਤੇ ਕੀਤੀ ਜਾਵੇਗੀ।

| ਲ. ਨੰ. | ਸ਼ਾਖਾ ਅਤੇ ਖਾਤੇ ਦਾ ਨਾਮ | ਸੰਪੱਤੀ /ਸੁਰੱਖਿਅਤ ਅਸਾਸਿਆਂ ਦੇ ਵੇਰਵੇ | ਮੰਗ ਸੂਚਨਾ ਦੀ ਮਿਤੀ / ਬਕਾਇਆ ਰਕਮ / ਕਬਜ਼ੇ ਦੀ ਮਿਤੀ | ਰਾਖਵੀਂ ਕੀਮਤ / ਬਿਆਨਾ ਰਕਮ ਜਮ੍ਹਾਂ / ਬੋਲੀ ਵਾਧਾ ਰਕਮ |
|---|---|---|---|---|
| 1. | ਬੀ/ਓ : ਐਮਡੀਐਸ ਮੋਗਾ<br>ਕਰਜ਼ਦਾਰ: 1) ਸ਼੍ਰੀ ਅਮਰਜੀਤ ਸਿੰਘ ਸਪੁੱਤਰ ਸ਼੍ਰੀ ਮਹਿੰਦਰ ਸਿੰਘ, 2) ਸ਼੍ਰੀਮਤੀ ਕਰਮਜੀਤ ਕੌਰ ਪਤਨੀ ਅਮਰਜੀਤ ਸਿੰਘ, ਦੋਵੇਂ ਵਾਸੀ ਕਬੀਰ ਨਗਰ, ਨੇੜੇ ਰੇਲਵੇ ਕਰਾਸਿੰਗ (ਬੰਦ ਫਾਟਕ) ਮੋਗਾ - 142001 | 1315.74 ਵਰਗ ਫੁੱਟ ਦੀ ਰਿਹਾਇਸ਼ੀ ਜਾਇਦਾਦ, ਖਸਰਾ ਨੰ. 95//34/6(0-17) ਖੇਵਟ ਨੰ. 642, ਖਤੌਨੀ ਨੰ. 1912, ਜਮਾਂਬੰਦੀ ਸਾਲ 2007-08 ਕਬੀਰ ਨਗਰ, ਨੇੜੇ ਰੇਲਵੇ ਕਰਾਸਿੰਗ (ਬੈਂਡ ਫਾਟਕ), ਮੋਗਾ ਵਿਖੇ ਸਥਿਤ ਹੈ। | 21.04.2018<br>ਰੁ.19,36,138.09/- 15.09.2025 ਨੂੰ ਜਮ੍ਹਾਂ ਇਸ 'ਤੇ ਵਿਆਜ ਅਤੇ ਖਰਚੇ।<br>ਸੰਕੇਤਕ ਕਬਜ਼ਾ/ 21.07.2018 | Rs. 11,24,000/-<br>Rs. 1,12,400/-<br>Rs. 15,000/- |
| 2. | ਬੀ/ਓ : ਦੁਗਰੀ ਰੋਡ<br>ਕਰਜ਼ਦਾਰ: ਸ਼੍ਰੀ ਬਾਬੂ ਰਾਮ ਪੁੱਤਰ ਸ਼੍ਰੀ ਰਾਮ ਫੇਰ, ਮਕਾਨ ਨੰ. 24, ਗਲੀ ਨੰ. 11, ਸ਼ਹੀਦ ਭਗਤ ਸਿੰਘ ਨਗਰ ਧਾਂਦਰਾ ਗਿੱਲ ਰੋਡ, ਲੁਧਿਆਣਾ - 141013 | ਰਿਹਾਇਸ਼ੀ-ਕਮ-ਵਪਾਰਕ ਜਾਇਦਾਦ ਜਿਸ ਵਿੱਚ 55.50 ਵਰਗ ਗਜ਼ ਦੀ ਜ਼ਮੀਨੀ ਮੰਜ਼ਿਲ, ਪਹਿਲੀ ਮੰਜ਼ਿਲ ਅਤੇ ਦੂਜੀ ਮੰਜ਼ਿਲ ਵਾਕਿਆ ਪਿੰਡ ਦੁੱਗਰੀ, ਅਬਾਦੀ ਭਗਤ ਸਿੰਘ ਨਗਰ, ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ ਸ਼ਾਮਲ ਹੈ, ਜਿਸ ਦਾ ਵਸੀਕਾ ਨੰਬਰ 2019-20/101/1/15765 ਮਿਤੀ 18-02-2020 ਸ਼੍ਰੀ ਬਾਬੂ ਰਾਮ ਪੁੱਤਰ ਸ਼੍ਰੀ ਰਾਮ ਫੇਰ ਦੇ ਨਾਮ 'ਤੇ ਹੈ। | 15.04.2024<br>ਰੁ.21,45,636.86/- 15.09.2025 ਨੂੰ ਜਮ੍ਹਾਂ ਇਸ 'ਤੇ ਵਿਆਜ ਅਤੇ ਖਰਚੇ।<br>ਸੰਕੇਤਕ ਕਬਜ਼ਾ/ 11.10.2024 | Rs. 21,27,000/-<br>Rs. 2,12,700/-<br>Rs. 20,000/- |
| 3. | ਬੀ/ਓ :ਸਿਵਲ ਲਾਈਨਜ਼ ਲੁਧਿਆਣਾ<br>ਕਰਜ਼ਦਾਰ: 1) ਸ਼੍ਰੀਮਤੀ ਰਜਨੀ ਵਸ਼ਿਸ਼ਟ ਪਤਨੀ ਸ਼੍ਰੀ ਭੂਸ਼ਣ ਕੁਮਾਰ ਵਸ਼ਿਸ਼ਟ, 2) ਸ਼੍ਰੀ. ਭੂਸ਼ਣ ਕੁਮਾਰ ਵਸ਼ਿਸ਼ਟ ਪੁੱਤਰ ਸ੍ਰੀ. ਜਤਿੰਦਰ ਪਰਸ਼ਾਦ, ਦੋਵੇਂ ਵਾਸੀ ਪਤਾ 1: 25 ਜੋਗਿੰਦਰ ਨਗਰ ਦੇ ਸਾਹਮਣੇ, ਗਲੀ ਨੰ. 10, ਜੀਐਮਟੀ ਸਕੂਲ ਨੇੜੇ, ਮਾਇਆ ਨਗਰ, ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ - 141001, ਪਤਾ 2: ਪਲਾਟ ਨੰਬਰ 47 ਮਿੰਨ ਅਤੇ 47-ਏ, ਵਾਕਿਆ ਪਿੰਡ ਜੱਸੀਆਂ, ਅਬਾਦੀ ਗੁਰਦੇਵ ਨਗਰ (ਗੁਰਦੇਵ ਪਾਰਕ), ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ | 144.44 ਵਰਗ ਗਜ਼ ਦੀ ਰਿਹਾਇਸ਼ੀ ਜਾਇਦਾਦ ਜਿਸ ਵਿੱਚ ਗਰਾਊਂਡ ਫਲੋਰ ਅਤੇ ਪਹਿਲੀ ਮੰਜ਼ਿਲ ਸ਼ਾਮਲ ਹੈ। ਪਲਾਟ ਨੰ. 47 ਮਿੰਨ ਅਤੇ 47-ਏ, ਵਾਕਿਆ ਪਿੰਡ ਜੱਸੀਆਂ, ਆਬਾਦੀ ਗੁਰਦੇਵ ਨਗਰ (ਗੁਰਦੇਵ ਪਾਰਕ), ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ | 7.05.2024<br>ਰੁ.65,86,076.38/- 15.09.2025 ਨੂੰ ਜਮ੍ਹਾਂ ਇਸ 'ਤੇ ਵਿਆਜ ਅਤੇ ਖਰਚੇ।<br>ਸੰਕੇਤਕ ਕਬਜ਼ਾ/ 12.07.2024 | Rs. 69,57,000/-<br>Rs. 6,95,700/-<br>Rs. 50,000/- |
| 4. | ਬੀ/ਓ : ਗਾਲਿਬ ਕਲਾਂ<br>ਕਰਜ਼ਦਾਰ: 1) ਸ਼੍ਰੀ ਗੁਰਪ੍ਰੀਤ ਸਿੰਘ ਪੁੱਤਰ ਸ਼੍ਰੀ ਜਗਤਾਰ ਸਿੰਘ, 2) ਸ਼੍ਰੀਮਤੀ ਸ਼ਿੰਦਰਪਾਲ ਕੌਰ, ਦੋਵੇਂ ਵਾਸੀ ਪਿੰਡ ਗਾਲਿਬ ਕਲਾਂ, ਤਹਿਸੀਲ ਜਗਰਾਉਂ ਜ਼ਿਲ੍ਹਾ ਲੁਧਿਆਣਾ- 142036 | ਰਿਹਾਇਸ਼ੀ ਜਾਇਦਾਦ 3ਐਮ/ 1.8 ਬਿਸਵਾ, ਖਸਰਾ ਨੰਬਰ 499 ਖਾਤਾ ਨੰ.696/749 ਜਮ੍ਹਾਂਬੰਦੀ ਸਾਲ 2019-20 ਤਲਵੰਡੀ ਮੱਲੀਆਂ ਰੋਡ, ਪਿੰਡ ਗਾਲਿਬ ਕਲਾਂ, ਤਹਿ, ਜਗਰਾਉਂ, ਜ਼ਿਲ੍ਹਾ ਲੁਧਿਆਣਾ ਵਿਖੇ ਸਥਿਤ ਹੈ। ਸੰਪੱਤੀ ਦਾ ਖੇਤਰਫਲ 90.75 ਵਰਗ ਗਜ਼ ਹੈ। | 1.07.2015<br>ਰੁ.65,86,076.38/- 15.09.2025 ਨੂੰ ਜਮ੍ਹਾਂ ਇਸ 'ਤੇ ਵਿਆਜ ਅਤੇ ਖਰਚੇ।<br>ਸੰਕੇਤਕ ਕਬਜ਼ਾ/ 10.10.2015 | Rs. 2,20,000/-<br>Rs. 22,000/-<br>Rs. 10,000/- |
| 5. | ਬੀ/ਓ : ਮੋਗਾ<br>**ਕਰਜ਼ਦਾਰ (ਾਂ) : 1) ਖਾਲਸਾ ਫੀਡ ਫੈਕਟਰੀ, 2) ਸ੍ਰੀ ਪ੍ਰਦੀਪ ਸਿੰਘ ਸਪੁੱਤਰ ਸ੍ਰੀ ਭੁਪਿੰਦਰ ਸਿੰਘ, 3) ਸ੍ਰੀ ਹਰਨੇਕ ਸਿੰਘ ਸਪੁੱਤਰ ਸ੍ਰੀ ਥੰਮਣ ਸਿੰਘ, ਸਾਰੇ ਵਾਸੀ** ਪਿਛੇ ਸ਼ਾਮ ਲਾਲ ਨਰਸਿੰਗ ਕਾਲਜ ਦੋਸਾਂਝ ਰੋਡ, ਪਿੰਡ ਤਲਵੰਡੀ ਭੰਗੇਰੀਆ, ਤਹਿਸੀਲ ਅਤੇ ਜ਼ਿਲ੍ਹਾ ਮੋਗਾ। | **ਸੰਪੱਤੀ 1** : ਦੁਸਾਂਝ ਰੋਡ ਵਾਲੀ ਗਲੀ, ਪਿੰਡ ਤਲਵੰਡੀ ਭੰਗੇਰੀਆ, ਤਹਿਸੀਲ ਅਤੇ ਜ਼ਿਲ੍ਹਾ ਮੋਗਾ ਵਿਖੇ ਸਥਿਤ ਸਾਲ 2008-09 ਦੀ ਜਮ੍ਹਾਂਬੰਦੀ ਅਨੁਸਾਰ ਖਸਰਾ ਨੰ. 51//8/2 (0-19), 9 (7-11), 11/1 (2-10), 12/1 (2-18), ਖੇਵਟ ਨੰ. 411, ਖਤੌਨੀ ਨੰ. 492 ਦੇ ਅਧੀਨ 14 ਮਰਲੇ-7 ਸਰਸਾਹੀ/4023.25 ਵਰਗ ਫੁੱਟ ਦਾ ਰਿਹਾਇਸ਼ੀ ਖਾਲੀ ਪਲਾਟ। | 31.08.2018<br>ਰੁ.80,84,942.89/- 15.09.2025 ਨੂੰ ਜਮ੍ਹਾਂ ਇਸ 'ਤੇ ਵਿਆਜ ਅਤੇ ਖਰਚੇ।<br>ਸੰਕੇਤਕ ਕਬਜ਼ਾ/ 14.11.2018 | Rs. 7,03,000/-<br>Rs. 70,300/-<br>Rs. 10,000/- |
| | | **ਸੰਪੱਤੀ 2** : ਦੁਸਾਂਝ ਰੋਡ ਵਾਲੀ ਗਲੀ, ਪਿੰਡ ਤਲਵੰਡੀ ਭੰਗੇਰੀਆ, ਤਹਿਸੀਲ ਅਤੇ ਜ਼ਿਲ੍ਹਾ ਮੋਗਾ ਵਿਖੇ ਸਥਿਤ ਸਾਲ 2008-09 ਦੀ ਜਮ੍ਹਾਂਬੰਦੀ ਅਨੁਸਾਰ ਖਸਰਾ ਨੰ. 51//8/2 (0-19), 9 (7-11), 11/1 (2-10), 12/1 (2-18), ਖੇਵਟ ਨੰ. 411, ਖਤੌਨੀ ਨੰ. 492 ਦੇ ਅਧੀਨ 14 ਮਰਲੇ-3 ਸਰਸਾਹੀ/3902.25 ਵਰਗ ਫੁੱਟ ਦੀ ਵਪਾਰਕ ਇਮਾਰਤ। | ਸੰਕੇਤਕ ਕਬਜ਼ਾ/ 14.11.2018 | Rs. 16,27,000/-<br>Rs. 1,62,700/-<br>Rs. 20,000/- |
| | | **ਸੰਪੱਤੀ 3** : ਦੁਸਾਂਝ ਰੋਡ ਵਾਲੀ ਗਲੀ, ਪਿੰਡ ਤਲਵੰਡੀ ਭੰਗੇਰੀਆ, ਤਹਿਸੀਲ ਅਤੇ ਜ਼ਿਲ੍ਹਾ ਮੋਗਾ ਵਿਖੇ ਸਥਿਤ ਸਾਲ 2008-09 ਦੀ ਜਮ੍ਹਾਂਬੰਦੀ ਅਨੁਸਾਰ ਖਸਰਾ ਨੰ. 51//8/2 (0-19), 9 (7-11), 11/1 (2-10), 12/1 (2-18), ਖੇਵਟ ਨੰ. 411, ਖਤੌਨੀ ਨੰ. 492 ਦੇ ਅਧੀਨ 0 ਕਨਾਲ - 14 ਮਰਲੇ/3811.5 ਵਰਗ ਫੁੱਟ ਦੇ ਪਸ਼ੂ ਸ਼ੈੱਡ ਦੀ ਸੰਪੱਤੀ। | ਸੰਕੇਤਕ ਕਬਜ਼ਾ/ 14.11.2018 | Rs. 9,29,000/-<br>Rs. 92,900/-<br>Rs. 10,000/- |
| 6. | ਬੀ/ਓ : ਐਮਡੀਐਸ ਮੋਗਾ<br>ਕਰਜ਼ਦਾਰ: 1) ਸ਼੍ਰੀਮਤੀ ਮਧੂ ਬਾਲਾ ਪਤਨੀ ਸ਼੍ਰੀ ਨਰਿੰਦਰ ਸਿੰਘ, 2) ਸ਼੍ਰੀ. ਨਰਿੰਦਰ ਸਿੰਘ ਪੁੱਤਰ ਸ੍ਰੀ ਮੋਹਨ ਸਿੰਘ, ਦੋਵੇਂ ਵਾਸੀ ਪਤਾ 1: ਮਕਾਨ ਨੰ. 1441, ਨਿਊ ਸਿਵਲ ਲਾਈਨਜ਼ ਜੀ.ਟੀ. ਰੋਡ, ਮੋਗਾ - 142001, ਪਤਾ 2: ਵਾਰਡ ਨੰ. 29, ਨਛੱਤਰ ਸਿੰਘ ਟੀਚਰ ਕਲੋਨੀ, ਬਹੋਨਾ ਚੌਕ ਦੇ ਨੇੜੇ, ਮੋਗਾ - 142001 | 2ਐਮ-8ਐਸ-15/800 ਵਰਗ ਫੁੱਟ ਦਾ ਰਿਹਾਇਸ਼ੀ ਮਕਾਨ ਖਸਰਾ ਨੰਬਰ 170//5 (8-0) ਖੇਵਟ ਨੰਬਰ 1281, ਖਤੌਨੀ ਨੰਬਰ 1481, ਵਾਰਡ ਨੰਬਰ 29, ਨਛੱਤਰ ਸਿੰਘ ਟੀਚਰ ਕਲੋਨੀ, ਬਹੋਨਾ ਚੌਕ ਨੇੜੇ, ਮੋਗਾ ਵਿਖੇ ਸਥਿਤ ਹੈ। | 21.06.2021<br>ਰੁ.23,68,306.09/- 15.09.2025 ਨੂੰ ਜਮ੍ਹਾਂ ਇਸ 'ਤੇ ਵਿਆਜ ਅਤੇ ਖਰਚੇ।<br>ਸੰਕੇਤਕ ਕਬਜ਼ਾ/ 11.11.2021 | Rs. 9,90,000/-<br>Rs. 99,000/-<br>Rs. 10,000/- |
| 7. | ਬੀ/ਓ : ਜਮਾਲਪੁਰ ਅਵਾਨਾ<br>ਕਰਜ਼ਦਾਰ: ਸ਼੍ਰੀ ਮੁਹੰਮਦ ਅਲੀ ਹੁਸੈਨ ਪੁੱਤਰ ਸ਼੍ਰੀ ਮੁਹੰਮਦ ਨਾਸਿਰ, ਮਕਾਨ ਨੰ: 132, ਗਲੀ ਨੰ: 8, ਭਾਈ ਦਇਆ ਸਿੰਘ ਹਸਪਤਾਲ ਨੇੜੇ, ਬਾਬਾ ਨਾਮਦੇਵ ਕਲੋਨੀ, ਟਿੱਬਾ ਰੋਡ ਵਾਕੀਆ ਜਗੀਰਪੁਰ, ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ - 141007 | ਰਿਹਾਇਸ਼ੀ ਜਾਇਦਾਦ ਮਕਾਨ ਨੰਬਰ 132, ਗਲੀ ਨੰਬਰ 8, ਐਮ.ਡੀ. ਪਬਲਿਕ ਸਕੂਲ ਦੇ ਨਾਲ, ਟਿੱਬਾ ਰੋਡ, ਆਬਾਦੀ ਬਾਬਾ ਨਾਮਦੇਵ ਕਲੋਨੀ, ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ ਵਿਖੇ ਸਥਿਤ ਹੈ। ਜਾਇਦਾਦ ਦਾ ਖੇਤਰਫਲ 72.00 ਵਰਗ ਗਜ਼ ਹੈ। | 14.01.2025<br>ਰੁ.4,32,643.00/- 15.09.2025 ਨੂੰ ਜਮ੍ਹਾਂ ਇਸ 'ਤੇ ਵਿਆਜ ਅਤੇ ਖਰਚੇ।<br>ਸੰਕੇਤਕ ਕਬਜ਼ਾ/ 01.08.2025 | Rs. 10,82,000/-<br>Rs. 1,08,200/-<br>Rs. 15,000/- |
| 8. | ਬੀ/ਓ : ਸਲੇਮ ਟਾਬਰੀ<br>ਕਰਜ਼ਦਾਰ: 1) ਸ਼ਿਵ ਸੰਨਜ਼ ਨਿਟਵੀਅਰਜ਼, 2) ਸ਼੍ਰੀ ਰਾਜ ਕੁਮਾਰ ਪੁੱਤਰ ਸ਼੍ਰੀ ਕ੍ਰਿਸ਼ਨ ਲਾਲ, 3) ਸ਼੍ਰੀਮਤੀ ਰਵੀਨਾ ਪਤਨੀ ਸ਼੍ਰੀ ਰਾਜਕੁਮਾਰ, ਸਾਰੇ ਵਾਸੀ ਬੀ-XXIII-6837/28148 ਅਤੇ ਬੀ-XXIII-6837/8, ਗਲੀ ਨੰ. 5, ਮੋਹਰ ਸਿੰਘ ਨਗਰ, ਤਰਫ ਸੈਦਾ, ਲੁਧਿਆਣਾ | ਵਪਾਰਕ ਸੰਪੱਤੀ MC ਨੰ. 2-XXIII-6837/28148 ਅਤੇ 2-XXIII-6837/8, ਗਲੀ ਨੰ. 5, ਮੋਹਰ ਸਿੰਘ ਨਗਰ, ਤਰਫ ਸੈਦਾ, ਲੁਧਿਆਣਾ ਜਿਸ ਦਾ ਖੇਤਰਫਲ 376.77 ਵਰਗ ਗਜ਼ ਹੈ। | 07.10.2022<br>ਰੁ.78,48,542.91/- 15.09.2025 ਨੂੰ ਜਮ੍ਹਾਂ ਇਸ 'ਤੇ ਵਿਆਜ ਅਤੇ ਖਰਚੇ।<br>ਸੰਕੇਤਕ ਕਬਜ਼ਾ/ 04.02.2023 | Rs. 2,03,25,000/-<br>Rs. 20,32,500/-<br>Rs. 2,00,000/- |

ਈ-ਨਿਲਾਮੀ **"ਜਿਵੇਂ ਹੈ ਜਿੱਥੇ ਹੈ", "ਜਿਵੇਂ ਹੈ ਜੋ ਹੈ" ਅਤੇ "ਜੋ ਵੀ ਉਥੇ ਹੈ ਆਧਾਰ"** 'ਤੇ ਆਯੋਜਿਤ ਕੀਤੀ ਜਾ ਰਹੀ ਹੈ। 1. ਅਧਿਕਾਰਤ ਅਧਿਕਾਰੀ ਦੇ ਸਰਵੋਤਮ ਗਿਆਨ ਅਤੇ ਜਾਣਕਾਰੀ ਵਿਚ ਸੰਪੱਤੀ 'ਤੇ ਕੋਈ ਦੇਣਦਾਰੀ ਨਹੀਂ ਹੈ। ਫਿਰ ਵੀ ਇਛੁਕ ਬੋਲੀਕਾਰਾਂ ਨੂੰ ਆਪਣੀ ਬੋਲੀ ਪੇਸ਼ ਕਰਨ ਤੋਂ ਪਹਿਲਾਂ ਦੇਣਦਾਰੀਆਂ, ਨਿਲਾਮੀ 'ਤੇ ਪਾਈ ਸੰਪੱਤੀ ਦੀ ਮਾਲਕੀ ਅਤੇ ਸੰਪੱਤੀ ਨੂੰ ਪ੍ਰਭਾਵਿਤ ਕਰਦੇ ਦਾਅਵੇ/ਅਧਿਕਾਰ/ਬਕਾਇਆਂ ਸਬੰਧੀ ਆਪਣੀ ਪੁਛਗਿਛ ਅਤੇ ਨਿਰਪੱਖ ਜਾਂਚ ਕਰ ਲੈਣੀ ਚਾਹੀਦੀ ਹੈ। 2. ਬੋਲੀਕਾਰਾਂ ਨੂੰ ਅਗਾਊਂ ਤੌਰ 'ਤੇ ਨਿਮਨਲਿਖਤ ਰਸਮਾਂ ਮੁਕੰਮਲ ਕਰਨੀਆਂ ਹੋਣਗੀਆਂ :- **ਪੜਾਅ 1- ਬੋਲੀਕਾਰ/ਖਰੀਦਦਾਰ ਦਾ ਪੰਜੀਕਰਨ** ਬੋਲੀਕਾਰਾਂ ਨੂੰ ਈ-ਨਿਲਾਮੀ ਪੋਰਟਲ **https://baanknet.com** 'ਤੇ ਆਪਣਾ ਮੋਬਾਇਲ ਨੰਬਰ ਅਤੇ ਈ-ਮੇਲ ਆਈ.ਡੀ. ਦੀ ਵਰਤੋਂ ਕਰਦੇ ਹੋਏ ਪੰਜੀਕਰਨ ਕਰਵਾਉਣਾ ਹੋਵੇਗਾ। **ਪੜਾਅ 2 : ਕੇਵਾਈਸੀ ਪੜਤਾਲ** : ਬੋਲੀਕਾਰਾਂ ਨੂੰ ਲੋੜੀਂਦੇ ਕੇਵਾਈਸੀ ਦਸਤਾਵੇਜ਼ ਅਪਲੋਡ ਕਰਨੇ ਹੋਣਗੇ। ਕੇਵਾਈਸੀ ਦਸਤਾਵੇਜ਼ ਈ-ਨਿਲਾਮੀ ਸਰਵਿਸ ਪ੍ਰੋਵਾਈਡਰ ਦੁਆਰਾ ਪੜਤਾਲੇ ਜਾਣਗੇ , **ਪੜਾਅ 3 : ਉਨ੍ਹਾਂ ਦੇ ਗਲੋਬਲ ਈਐਮਡੀ ਵੈਲੇਟ ਵਿਚ ਬਿਆਨਾ ਰਕਮ ਰਾਸ਼ੀ ਦਾ ਤਬਾਦਲਾ** : ਈ-ਨਿਲਾਮੀ ਪੋਰਟਲ 'ਤੇ ਸੰਚਾਲਿਤ ਚਲਾਨ ਦੀ ਵਰਤੋਂ ਕਰਦੇ ਹੋਏ ਐਨਈਐਫਟੀ/ਟਰਾਂਸਫਰ ਦੀ ਵਰਤੋਂ ਕਰਕੇ ਫੰਡਾਂ ਦਾ ਆਨਲਾਈਨ/ਆਫਲਾਈਨ ਤਬਾਦਲਾ। **ਪੜਾਅ 1 ਤੋਂ ਪੜਾਅ 3** ਬੋਲੀਕਾਰ ਵੱਲੋਂ ਈ-ਨਿਲਾਮੀ ਮਿਤੀ ਤੋਂ ਪਹਿਲਾਂ ਅਗਾਊਂ ਤੌਰ 'ਤੇ ਮੁਕੰਮਲ ਕਰ ਲਏ ਜਾਣੇ ਚਾਹੀਦੇ ਹਨ। ਪਤੇ ਦੇ ਸਬੂਤ ਦਾ ਉਤਾਰਾ; ਜਿਸ ਤੋਂ ਬਿਨਾਂ ਬੋਲੀ ਰੱਦ ਕੀਤੀ ਜਾ ਸਕਦੀ ਹੈ। **ਪੂਰੀ ਤਰ੍ਹਾਂ ਭਰਨ ਅਤੇ ਸਹੀਬੱਧ ਕਰਨ ਉਪਰੰਤ ਅਨੁਲਗ 2 ਅਤੇ 3 (ਟੈਂਡਰ ਸੂਚਨਾ ਵਿਚ ਦਰਸਾਏ) ਦਾ ਸਕੈਨ ਕੀਤਾ ਉਤਾਰਾ ਅਪਲੋਡ ਕਰਨਾ। ਈ-ਨਿਲਾਮੀ ਦੇ ਵਿਸਥਾਰਤ ਨਿਯਮ ਅਤੇ ਸ਼ਰਤਾਂ ਦੇ ਲਈ, ਆਪਣੀਆਂ ਬੋਲੀਆਂ ਪੇਸ਼ ਕਰਨ ਅਤੇ ਈ-ਨਿਲਾਮੀ ਵਿਚ ਭਾਗ ਲੈਣ ਤੋਂ ਪਹਿਲਾਂ ਕਿਰਪਾ ਕਰਕੇ ਲਿੰਕ https://baanknet.com ਅਤੇ ਸੁਰੱਖਿਅਤ ਕਰਜ਼ਦਾਤਾ ਦੀ ਵੈਬਸਾਈਟ ਭਾਵ https://www.centralbankofindian.co.in ਦਾ ਹਵਾਲਾ ਲਓ।**
**ਨੋਟ :- ਨਿਲਾਮੀ 'ਤੇ ਪਾਈ ਸੰਪੱਤੀ/ਆਂ ਦੀ ਜਾਂਚ ਦੀ ਆਗਿਆ ਸ਼ਾਖਾ ਪ੍ਰਬੰਧਕ/ਅਧਿਕਾਰਤ ਅਧਿਕਾਰੀ ਤੋਂ ਅਗਾਊਂ ਪ੍ਰਵਾਨਗੀ ਅਤੇ ਮਸ਼ਵਰੇ ਨਾਲ 20.10.2025 ਨੂੰ ਸਵੇਰੇ 11.00 ਤੋਂ ਸ਼ਾਮ 04.00 ਵਜੇ ਤੱਕ ਕੰਮ ਵਾਲੇ ਦਿਨਾਂ ਦੌਰਾਨ ਇਛੁੱਕ ਬੋਲੀਕਾਰਾਂ ਨੂੰ ਦਿੱਤੀ ਜਾਵੇਗੀ।**

**ਸਰਫਾਇਸੀ ਐਕਟ, 2002 ਦੇ ਅਧੀਨ 30 ਰੋਜ਼ਾ ਵਿਧਾਨਕ ਵਿਕਰੀ ਸੂਚਨਾ**
ਕਰਜ਼ਦਾਰ/ਜ਼ਾਮਨਾਂ ਨੂੰ ਇਥੇ ਸੂਚਿਤ ਕੀਤਾ ਜਾਂਦਾ ਹੈ ਕਿ ਈ-ਨਿਲਾਮੀ ਦੀ ਮਿਤੀ ਤੋਂ ਪਹਿਲਾਂ ਤਾਜ਼ਾ ਵਿਆਜ ਅਤੇ ਅਚਨਚੇਤੀ ਖਰਚਿਆਂ ਸਮੇਤ ਉਕਤ ਦਰਸਾਏ ਅਨੁਸਾਰ ਰਕਮ ਨੂੰ ਅਦਾ ਕਰ ਦੇਣ, ਜਿਸ ਤੋਂ ਅਸਫਲ ਰਹਿਣ 'ਤੇ ਸੰਪੱਤੀ ਦੀ ਨਿਲਾਮੀ/ਵਿਕਰੀ ਕੀਤੀ ਜਾਵੇਗੀ ਅਤੇ ਬਕਾਇਆ ਰਕਮ, ਜੇਕਰ ਕੋਈ ਹੋਵੇ, ਵਿਆਜ ਅਤੇ ਲਾਗਤ ਸਮੇਤ ਵਸੂਲੀ ਜਾਵੇਗੀ।
ਮਿਤੀ : 24.09.2025 ਸਥਾਨ : ਲੁਧਿਆਣਾ ਅਧਿਕਾਰਤ ਅਧਿਕਾਰੀ, ਸੈਂਟਰਲ ਬੈਂਕ ਆਫ ਇੰਡੀਆ

---

**ਇੰਡੀਅਨ ਬੈਂਕ** Indian Bank
ਇਲਾਹਾਬਾਦ ALLAHABAD

**ਅੰਤਿਕਾ-IV** [ਨਿਯਮ-8(1)]
**ਕਬਜ਼ਾ ਸੂਚਨਾ (ਅਚੱਲ ਜਾਇਦਾਦ ਲਈ)**

ਜਦੋਂ ਕਿ, ਵਿੱਤੀ ਸੰਪਤੀਆਂ ਦੀ ਸੁਰੱਖਿਆ ਅਤੇ ਪੁਨਰ ਨਿਰਮਾਣ ਅਤੇ ਸੁਰੱਖਿਆ ਵਿਆਜ ਐਕਟ 2002 ਦੇ ਅਧੀਨ ਭਾਰਤੀ ਬੈਂਕ ਦੇ ਅਧਿਕਾਰਤ ਅਧਿਕਾਰੀ ਹੋਣ ਦੇ ਨਾਤੇ ਅਤੇ ਸੁਰੱਖਿਆ ਵਿਆਜ (ਲਾਗੂਕਰਨ) ਨਿਯਮ, 2002 ਦੇ ਨਿਯਮ 8 ਅਤੇ 9 ਦੇ ਨਾਲ ਪੜ੍ਹੇ ਗਏ ਧਾਰਾ 13 (12) ਦੇ ਅਧੀਨ ਪ੍ਰਾਪਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ, ਹੇਠ ਹਸਤਾਖਰ ਕਰਨ ਵਾਲੇ ਨੇ 19/07/2025 ਨੂੰ ਇੱਕ ਮੰਗ ਨੋਟਿਸ ਜਾਰੀ ਕੀਤਾ ਹੈ ਜਿਸ ਵਿੱਚ ਕਿਹਾ ਗਿਆ ਹੈ ਕਿ
1. **ਸ਼੍ਰੀ ਹਾਕਮ ਸਿੰਘ ਪੁੱਤਰ ਹਰਭਜਨ ਸਿੰਘ (ਕਰਜ਼ਦਾਰ/ਗਿਰਵੀਕਾਰ)**, ਪਤਾ: ਪਿੰਡ ਮੀਰਪੁਰ ਹਾਂਸ ਤਹਿਸੀਲ ਜਗਰਾਉਂ ਲੁਧਿਆਣਾ, ਪੰਜਾਬ, ਪਿੰਨ ਕੋਡ- 142023
2. **ਸ਼੍ਰੀਮਤੀ ਜਸਵੀਰ ਕੌਰ ਪਤਨੀ ਹਾਕਮ ਸਿੰਘ (ਜ਼ਾਮਨ)** ਪਤਾ: ਪਿੰਡ ਮੀਰਪੁਰ ਹਾਂਸ ਤਹਿਸੀਲ ਜਗਰਾਉਂ ਲੁਧਿਆਣਾ, ਪੰਜਾਬ, ਪਿੰਨ ਕੋਡ- 142023
ਸਾਡੀ ਜਗਰਾਉਂ ਸ਼ਾਖਾ ਨਾਲ ਨੋਟਿਸ ਵਿੱਚ ਦੱਸੀ ਗਈ ਰਕਮ ਦੀ ਅਦਾਇਗੀ ਕਰਨ ਲਈ **18/07/2025 ਨੂੰ 6,85,557/- (ਰੁ. ਛੇ ਲੱਖ ਪਚਾਸੀ ਹਜ਼ਾਰ ਪੰਜ ਸੌ ਸਤਵੰਜਾ ਕੇਵਲ)** ਉਕਤ ਨੋਟਿਸ ਪ੍ਰਾਪਤ ਹੋਣ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਹੋਰ ਵਿਆਜ ਅਤੇ ਉਸ 'ਤੇ ਖਰਚਿਆਂ ਸਮੇਤ।
ਕਰਜ਼ਦਾਰ ਵੱਲੋਂ ਰਕਮ ਵਾਪਸ ਕਰਨ ਵਿੱਚ ਅਸਫਲ ਰਹਿਣ ਕਰਕੇ, ਕਰਜ਼ਦਾਰ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਹੇਠਾਂ ਹਸਤਾਖਰ ਕਰਨ ਵਾਲੇ ਨੇ **23 ਸਤੰਬਰ 2025** ਨੂੰ ਉਕਤ ਐਕਟ ਦੀ ਧਾਰਾ 13 (4) ਦੇ ਤਹਿਤ ਉਸਨੂੰ ਦਿੱਤੇ ਗਏ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਹੇਠਾਂ ਦੱਸੀ ਗਈ ਜਾਇਦਾਦ ਦਾ ਕਬਜ਼ਾ ਲੈ ਲਿਆ ਹੈ।
ਖਾਸ ਕਰਕੇ ਕਰਜ਼ਦਾਰ ਅਤੇ ਆਮ ਜਨਤਾ ਨੂੰ ਇਸ ਦੁਆਰਾ ਚੇਤਾਵਨੀ ਦਿੱਤੀ ਜਾਂਦੀ ਹੈ ਕਿ ਉਹ ਜਾਇਦਾਦ ਨਾਲ ਕੋਈ ਵੀ ਲੈਣ-ਦੇਣ ਨਾ ਕਰੇ ਅਤੇ ਜਾਇਦਾਦ ਨਾਲ ਕੋਈ ਵੀ ਲੈਣ-ਦੇਣ 23/09/2025 ਨੂੰ ਹੋਮ ਲੋਨ ਅਤੇ ਹੋਮ ਲੋਨ ਪਲੱਸ ਖਾਤੇ ਵਿੱਚ **ਰੁ. 6,98,181/- ਰੁਪਏ (ਰੁ. ਛੇ ਲੱਖ ਅਠਾਨਵੇਂ ਹਜ਼ਾਰ ਇੱਕ ਸੌ ਇਕਆਸੀ ਕੇਵਲ)** ਦੀ ਰਕਮ ਲਈ ਇੰਡੀਅਨ ਬੈਂਕ ਦੇ ਚਾਰਜ ਦੇ ਅਧੀਨ ਹੋਵੇਗਾ, ਜਿਸ ਵਿੱਚ ਹੋਰ ਵਿਆਜ ਅਤੇ ਖਰਚੇ ਸ਼ਾਮਲ ਹਨ।
**"ਅਸੀਂ ਸਰਫਾਇਸੀ ਕਾਨੂੰਨ ਦੀ ਧਾਰਾ 13(8) ਦੇ ਉਪਬੰਧਾਂ ਅਤੇ ਉੱਥੇ ਬਣਾਏ ਗਏ ਨਿਯਮਾਂ ਵੱਲ ਧਿਆਨ ਖਿੱਚਦੇ ਹਾਂ ਜੋ ਪ੍ਰਤੀਭੂਤੀਆਂ ਉੱਤੇ ਤੁਹਾਡੇ ਮੁਕਤੀ ਦੇ ਅਧਿਕਾਰਾਂ ਨਾਲ ਸੰਬੰਧਿਤ ਹਨ"**
**ਅਚੱਲ ਜਾਇਦਾਦ ਦਾ ਵੇਰਵਾ**
ਜਾਇਦਾਦ: ਹਾਕਮ ਸਿੰਘ ਪੁੱਤਰ ਭਜਨ ਸਿੰਘ ਦੇ ਨਾਮ 'ਤੇ ਕਨਵੈਂਸ ਡੀਡ ਨੰਬਰ 1266 ਮਿਤੀ 29/06/2016 ਦੁਆਰਾ ਐਸਆਰ, ਜਗਰਾਉਂ ਰਿਹਾਇਸ਼ੀ ਮਕਾਨ ਜਿਸਦਾ ਮਾਪ 1ਕੇ 17-1/3 ਐਮ ਹੈ, 5ਕੇ-12ਐਮ ਜ਼ਮੀਨ ਦਾ 1/3 ਹਿੱਸਾ, ਖਾਤਾ ਨੰਬਰ 176/204, ਖਸਰਾ ਨੰਬਰ 86/3/2(5-12) ਜੋ ਕਿ ਸਾਲ 2011-2012 ਲਈ ਜਮ੍ਹਾਂਬੰਦੀ ਵਿੱਚ ਦਰਜ ਹੈ, ਪਿੰਡ ਮੀਰਪੁਰ, ਤਹਿਸੀਲ ਜਗਰਾਉਂ, ਜ਼ਿਲ੍ਹਾ ਲੁਧਿਆਣਾ ਵਿਖੇ ਸਥਿਤ ਹੈ, **ਹੇਠ ਲਿਖੇ ਅਨੁਸਾਰ ਹੱਦਬੰਦੀ: ਵਿਕਰੀ ਡੀਡ ਦੇ ਅਨੁਸਾਰ**: ਪੂਰਬ- ਰੇਸ਼ਮ ਸਿੰਘ, ਪੱਛਮ- ਜੋਗਿੰਦਰ ਸਿੰਘ - ਗੁਰਦਿਆਲ ਸਿੰਘ, ਉੱਤਰ- ਗੁਰਬਚਨ ਸਿੰਘ, ਦੱਖਣ- ਰਸਤਾ
ਮਿਤੀ: 23.09.2025 ਸਥਾਨ: ਲੁਧਿਆਣਾ ਅਧਿਕਾਰਤ ਅਧਿਕਾਰੀ (ਇੰਡੀਅਨ ਬੈਂਕ)

---

**ਇੰਡੀਅਨ ਬੈਂਕ** Indian Bank
ਇਲਾਹਾਬਾਦ ALLAHABAD

**ਅੰਤਿਕਾ-IV** [ਨਿਯਮ-8(1)]
**ਕਬਜ਼ਾ ਸੂਚਨਾ (ਅਚੱਲ ਜਾਇਦਾਦ ਲਈ)**

ਜਦੋਂ ਕਿ, ਵਿੱਤੀ ਸੰਪਤੀਆਂ ਦੀ ਸੁਰੱਖਿਆ ਅਤੇ ਪੁਨਰ ਨਿਰਮਾਣ ਅਤੇ ਸੁਰੱਖਿਆ ਵਿਆਜ ਐਕਟ 2002 ਦੇ ਲਾਗੂਕਰਨ ਅਧੀਨ ਭਾਰਤੀ ਬੈਂਕ ਦੇ ਅਧਿਕਾਰਤ ਅਧਿਕਾਰੀ ਹੋਣ ਦੇ ਨਾਤੇ ਅਤੇ ਸੁਰੱਖਿਆ ਹਿੱਤ (ਲਾਗੂਕਰਨ) ਨਿਯਮ, 2002 ਦੇ ਨਿਯਮ 8 ਅਤੇ 9 ਦੇ ਨਾਲ ਪੜ੍ਹੇ ਗਏ ਧਾਰਾ 13 (12) ਦੇ ਅਧੀਨ ਪ੍ਰਾਪਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ, ਹੇਠ ਹਸਤਾਖਰ ਕਰਨ ਵਾਲੇ ਨੇ 15/04/2025 ਨੂੰ ਇੱਕ ਮੰਗ ਨੋਟਿਸ ਜਾਰੀ ਕੀਤਾ ਹੈ ਜਿਸ ਵਿੱਚ ਹੇਠ ਲਿਖਿਆ ਹੈ:
1. **ਸ਼੍ਰੀ ਸੁਖਦੇਵ ਸਿੰਘ ਪੁੱਤਰ ਦਰਸ਼ਨ ਸਿੰਘ (ਕਰਜ਼ਦਾਰ/ਗਿਰਵੀਕਾਰ)** ਪਤਾ: ਮਕਾਨ ਨੰ. 5755, ਅਗਵਾਰ ਡਾਲਾ ਵਾਰਡ ਨੰ. 6, ਜਗਰਾਉਂ, ਲੁਧਿਆਣਾ ਪਿੰਨ 142026 ਫੋਨ: 8360570156
2. **ਸ਼੍ਰੀ ਰਾਕਾਸ਼ ਗੁਪਤਾ ਪੁੱਤਰ ਕੱਲੂ ਰਾਮ (ਜ਼ਾਮਨ)** ਆਸਪਾਸ ਗਲੀ ਨੰ. 1L, ਚੱਕੀ ਵਾਲੀ ਗਲੀ, ਜਗਰਾਉਂ ਤਹਿਸੀਲ ਜਗਰਾਉਂ, ਜ਼ਿਲ੍ਹਾ ਲੁਧਿਆਣਾ 142026, ਫ਼ੋਨ: 7999551000
ਸਾਡੀ **ਜਗਰਾਉਂ ਸ਼ਾਖਾ** ਨੂੰ 14/04/2025 ਨੂੰ ਨੋਟਿਸ ਵਿੱਚ ਦੱਸੀ ਗਈ ਰਕਮ **ਰੁ. 7,82,221/- (ਰੁ. ਸੱਤ ਲੱਖ ਬਿਆਸੀ ਹਜ਼ਾਰ ਦੋ ਸੌ ਇੱਕੀ ਕੇਵਲ)** ਸਮੇਤ ਉਕਤ ਨੋਟਿਸ ਪ੍ਰਾਪਤ ਹੋਣ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ-ਅੰਦਰ ਹੋਰ ਵਿਆਜ ਅਤੇ ਉਸ 'ਤੇ ਖਰਚਿਆਂ ਦਾ ਭੁਗਤਾਨ ਕਰਨਾ ਹੈ।
ਕਰਜ਼ਦਾਰ ਨੇ ਰਕਮ ਵਾਪਸ ਕਰਨ ਵਿੱਚ ਅਸਫਲ ਰਹਿਣ ਕਰਕੇ, ਕਰਜ਼ਦਾਰ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਹੇਠਾਂ ਦਿੱਤੇ ਗਏ ਜਾਇਦਾਦ 'ਤੇ ਹੇਠ ਲਿਖੇ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ, ਉਪਰੋਕਤ ਨਿਯਮਾਂ ਦੇ ਨਿਯਮ 8 ਅਤੇ 9 ਦੇ ਨਾਲ ਪੜ੍ਹੇ ਗਏ ਐਕਟ ਦੀ ਧਾਰਾ 13 (4) ਦੇ ਤਹਿਤ 23 ਸਤੰਬਰ 2025 ਨੂੰ ਕਬਜ਼ਾ ਕਰ ਲਿਆ ਹੈ।
ਖਾਸ ਕਰਕੇ ਕਰਜ਼ਦਾਰ ਅਤੇ ਆਮ ਜਨਤਾ ਨੂੰ ਇਸ ਦੁਆਰਾ ਚੇਤਾਵਨੀ ਦਿੱਤੀ ਜਾਂਦੀ ਹੈ ਕਿ ਉਹ ਜਾਇਦਾਦ ਨਾਲ ਕੋਈ ਵੀ ਲੈਣ-ਦੇਣ ਨਾ ਕਰੇ ਅਤੇ ਜਾਇਦਾਦ ਨਾਲ ਕੋਈ ਵੀ ਲੈਣ-ਦੇਣ ਇੰਡੀਅਨ ਬੈਂਕ ਦੇ ਰੁਪਏ ਦੀ ਰਕਮ ਦੇ ਅਧੀਨ ਹੋਵੇਗਾ, 23/09/2025 ਨੂੰ ਰੁ. 8,14,609/- (ਰੁ. ਅੱਠ ਲੱਖ ਚੌਦਾਂ ਹਜ਼ਾਰ ਛੇ ਸੌ ਨੌਂ ਕੇਵਲ) ਹੋਰ ਵਿਆਜ ਅਤੇ ਉਸ 'ਤੇ ਖਰਚਿਆਂ ਸਮੇਤ।
**"ਅਸੀਂ ਸਰਫਾਇਸੀ ਕਾਨੂੰਨ ਦੀ ਧਾਰਾ 13(8) ਦੇ ਉਪਬੰਧਾਂ ਅਤੇ ਉੱਥੇ ਬਣਾਏ ਗਏ ਨਿਯਮਾਂ ਵੱਲ ਧਿਆਨ ਖਿੱਚਦੇ ਹਾਂ ਜੋ ਪ੍ਰਤੀਭੂਤੀਆਂ ਉੱਤੇ ਤੁਹਾਡੇ ਮੁਕਤੀ ਦੇ ਅਧਿਕਾਰਾਂ ਨਾਲ ਸੰਬੰਧਿਤ ਹਨ"**
**ਅਚੱਲ ਜਾਇਦਾਦ ਦਾ ਵੇਰਵਾ**
ਜਾਇਦਾਦ: ਸੁਖਦੇਵ ਸਿੰਘ ਪੁੱਤਰ ਦਰਸ਼ਨ ਸਿੰਘ ਦੇ ਨਾਮ 'ਤੇ ਟਾਈਟਲ ਡੀਡ ਨੰਬਰ 1429 ਮਿਤੀ 25/08/2015 ਦੇ ਅਨੁਸਾਰ ਐਸਆਰ, ਜਗਰਾਉਂ ਰਿਹਾਇਸ਼ੀ ਮਕਾਨ 5 ਮਰਲੇ ਦਾ ਹੈ ਜੋ ਕਿ ਜਾਇਦਾਦ 1ਕੇ-15ਐਮ ਵਿੱਚੋਂ 5/35 ਹਿੱਸਾ ਹੈ, ਖਸਰਾ ਨੰਬਰ 202(1-15) ਜੋ ਕਿ ਸਾਲ 2010-2011 ਲਈ ਜਮ੍ਹਾਂਬੰਦੀ ਵਿੱਚ ਦਰਜ ਹੈ, ਅਗਵਾਰ ਡਾਲਾ, ਤਹਿਸੀਲ ਜਗਰਾਉਂ, ਜ਼ਿਲ੍ਹਾ ਲੁਧਿਆਣਾ ਵਿਖੇ ਸਥਿਤ ਅਤੇ **ਹੇਠ ਲਿਖੇ ਅਨੁਸਾਰ ਹੱਦਬੰਦੀ ਹੈ: ਵਿਕਰੀ ਡੀਡ ਦੇ ਅਨੁਸਾਰ**: ਪੂਰਬ- ਸੁਰਜੀਤ ਸਿੰਘ, ਪੱਛਮ- ਰਸਤਾ, ਉੱਤਰ- ਇਕਬਾਲ ਸਿੰਘ, ਦੱਖਣ- ਰਣਜੀਤ ਸਿੰਘ
ਮਿਤੀ: 23.09.2025 ਸਥਾਨ: ਲੁਧਿਆਣਾ ਅਧਿਕਾਰਤ ਅਧਿਕਾਰੀ (ਇੰਡੀਅਨ ਬੈਂਕ)



# ਬਹੁਤ ਕੁਝ ਸਿੱਖਿਆ ਜਾ ਸਕਦੈ ਨਾਰਵੇ ਤੋਂ

ਪਰਮਜੀਤ ਕੌਰ ਸਰਹਿੰਦ
98728-98599

**ਸਾਡੇ** ਮੁਲਕ ਵਿਚ ਜਦੋਂ ਵਿਦਿਆਰਥੀ ਸਕੂਲ ਤੋਂ ਕਿਸੇ ਕਾਲਜ ਜਾਂ ਯੂਨੀਵਰਸਿਟੀ 'ਚ ਦਾਖ਼ਲਾ ਲੈਂਦੇ ਹਨ ਤਾਂ ਉਹ ਆਪਣੇ ਜੀਵਨ ਵਿਚ ਖ਼ੁਸ਼ੀ ਤੇ ਉਤਸ਼ਾਹ ਭਰਿਆ ਕੋਈ ਅਨੋਖਾ ਬਦਲਾਅ ਮਹਿਸੂਸ ਕਰਦੇ ਹਨ। ਉਨ੍ਹਾਂ ਦੇ ਮਨਾਂ ਵਿਚ ਚਾਅ ਹੁੰਦਾ ਹੈ। ਮਾਪੇ ਬੱਚਿਆਂ ਦੀ ਕਾਮਯਾਬੀ ਦੇਖਦੇ ਪ੍ਰਸੰਨ ਹੁੰਦੇ ਹਨ। ਮਾਪਿਆਂ ਤੇ ਬੱਚਿਆਂ ਦੀਆਂ ਜਾਗਦੀਆਂ ਅੱਖਾਂ ਵਿਚ ਭਵਿੱਖ ਦੇ ਸੋਹਣੇ ਸੁਪਨੇ ਆ ਵਸਦੇ ਹਨ। ਆਪਣੇ ਜੀਵਨ ਵਿਚ ਰਹਿ ਗਈਆਂ ਅਧੂਰੀਆਂ ਰੀਝਾਂ ਨੂੰ ਮਾਪੇ ਆਪਣੇ ਬੱਚਿਆਂ ਰਾਹੀ ਪੂਰੀਆਂ ਕਰਨ ਦੇ ਸੁਪਨੇ ਸਿਰਜਦੇ ਹਨ। ਅੱਜ-ਕੱਲ੍ਹ ਦੀਆਂ ਮਹਿੰਗੀਆਂ ਪੜ੍ਹਾਈਆਂ ਲਈ ਮਾਪੇ ਆਪ ਤੰਗੀਆਂ-ਤੁਰਸ਼ੀਆਂ ਕੱਟ ਕੇ ਵੀ ਔਲਾਦ ਨੂੰ ਉੱਚ ਵਿੱਦਿਆ ਮੁਹੱਈਆ ਕਰਵਾਉਣੀ ਚਾਹੁੰਦੇ ਹਨ। ਕਾਲਜਾਂ-ਯੂਨੀਵਰਸਿਟੀਆਂ ਵਿਚ ਜਿੱਥੇ ਖ਼ੁਸ਼ਨੁਮਾ ਮਾਹੌਲ ਹੁੰਦਾ ਹੈ ਉੱਥੇ ਨਵੇਂ ਵਿਦਿਆਰਥੀਆਂ ਦੇ ਮਨਾਂ ਵਿਚ ਚਿੰਤਾ ਅਤੇ ਡਰ ਵਰਗੀਆਂ ਭਾਵਨਾਵਾਂ ਵੀ ਉਨ੍ਹਾਂ ਨੂੰ ਅੰਦਰਖਾਤੇ ਪਰੇਸ਼ਾਨ ਕਰ ਰਹੀਆਂ ਹੁੰਦੀਆਂ ਹਨ। ਅੱਲ੍ਹੜ ਉਮਰ ਦੇ ਵਿਦਿਆਰਥੀਆਂ ਦੀ ਸੀਨੀਅਰ ਵਿਦਿਆਰਥੀਆਂ ਵੱਲੋਂ ਕੀਤੀ ਜਾਂਦੀ ਰੈਗਿੰਗ ਬਾਰੇ ਸੋਚ ਕੇ ਮਾਪੇ ਖ਼ੌਫ਼ਜ਼ਦਾ ਹੋਏ ਰਹਿੰਦੇ ਹਨ। ਗੱਲ ਪੰਜਾਬ ਦੇ ਕਾਲਜਾਂ-ਯੂਨੀਵਰਸਿਟੀਆਂ ਦੀ ਕਰੀਏ ਤਾਂ ਸਰਕਾਰ ਜਾਂ ਨਿੱਜੀ ਸੰਸਥਾਵਾਂ ਭਾਵ ਪ੍ਰਬੰਧਕਾਂ ਨੇ ਪਿਛਲੇ ਕੁਝ ਸਮੇਂ ਤੋਂ ਰੈਗਿੰਗ 'ਤੇ ਪਾਬੰਦੀ ਲਗਾਈ ਹੈ ਤੇ ਕਿਸੇ ਨੂੰ ਵੀ ਨਵੇਂ ਵਿਦਿਆਰਥੀਆਂ ਨੂੰ ਤੰਗ ਕਰਨ ਸਬੰਧੀ ਮਿਲੀ ਸ਼ਿਕਾਇਤ ਕਾਰਨ ਸਖ਼ਤ ਸਜ਼ਾ ਦਿੱਤੇ ਜਾਣ ਦਾ ਫ਼ੈਸਲਾ ਲਿਆ ਗਿਆ ਹੈ। ਰੈਗਿੰਗ ਦੇ ਨਾਂ 'ਤੇ ਪਹਿਲਾਂ ਪੁਰਾਣੇ ਵਿਦਿਆਰਥੀਆਂ ਵੱਲੋਂ ਨਵਿਆਂ ਨਾਲ ਬਹੁਤ ਗ਼ਲਤ ਵਰਤਾਰਾ ਅਪਣਾਉਂਦਿਆਂ ਉਨ੍ਹਾਂ ਤੋਂ ਗ਼ਲਤ ਕੰਮ ਕਰਵਾਏ ਜਾਂਦੇ ਸਨ। ਕਈ ਵਾਰ ਤਕਰਾਰ ਕਰਨ 'ਤੇ ਉਨ੍ਹਾਂ ਦੀ ਮਾਰ-ਕੁਟਾਈ ਤੱਕ ਕੀਤੀ ਜਾਂਦੀ ਸੀ। ਡਰਾਉਣਾ-ਧਮਕਾਉਣਾ ਤਾਂ ਆਮ ਗੱਲ ਸੀ। ਕੁਝ ਅਜਿਹੀਆਂ ਘਟਨਾਵਾਂ ਵੀ ਪੜ੍ਹਨ-ਸੁਣਨ ਵਿਚ ਆਈਆਂ ਜੋ ਵਰਣਨਯੋਗ ਨਹੀ ਹਨ। ਪਿਛਲੇ ਕੁਝ ਸਾਲਾਂ ਵਿਚ ਇਕ-ਦੋ ਵਾਰ ਰੈਗਿੰਗ ਦੇ ਸਤਾਏ ਤੇ ਹੀਣ ਭਾਵਨਾ ਦਾ ਸ਼ਿਕਾਰ ਹੋਏ ਵਿਦਿਆਰਥੀਆਂ ਵੱਲੋਂ ਖੁਦਕੁਸ਼ੀ ਕਰਨ ਦੀਆਂ ਦੁਖਦਾਈ ਤੇ ਸ਼ਰਮਨਾਕ ਘਟਨਾਵਾਂ ਵੀ ਸਾਹਮਣੇ ਆਈਆਂ। ਉਸ ਤੋਂ ਬਾਅਦ ਹੀ ਇਸ ਰੈਗਿੰਗ ਨਾਂ ਦੀ ਗੁੰਡਾਗਰਦੀ ਨੂੰ ਠੱਲ੍ਹ ਪਾਈ ਗਈ ਹੈ। ਯੂਰਪ ਦੇ ਠੰਢੇ ਮੁਲਕ ਨਾਰਵੇ ਵਿਚ ਬੜਾ ਕੁਝ ਨਵਾਂ ਦੇਖਣ, ਸੁਣਨ ਤੇ ਸਿੱਖਣ ਨੂੰ ਮਿਲਦਾ ਹੈ। ਮੈਂ ਆਪਣੇ ਬੱਚਿਆਂ ਕੋਲ ਅਕਸਰ ਇੱਥੇ ਆਉਂਦੀ ਤੇ ਇਨ੍ਹਾਂ ਤੋਂ ਜਾਣਕਾਰੀ ਲੈਂਦੀ ਹਾਂ। ਅਜਿਹੀਆਂ ਜਾਣਕਾਰੀਆਂ ਘੁੰਮਦਿਆਂ-ਫਿਰਦਿਆਂ ਇਕੱਤਰ ਕਰਦੀ ਹਰਫ਼ਾਂ ਵਿਚ ਸਾਂਭ ਲੈਂਦੀ ਹਾਂ। ਕੁਝ ਸਮਾਂ ਪਹਿਲਾਂ ਨਾਰਵੇ, ਇੰਗਲੈਂਡ, ਜਰਮਨੀ, ਡੈਨਮਾਰਕ, ਸਵੀਡਨ ਤੇ ਵੇਲਜ਼ ਆਦਿ ਬਾਰੇ ਮੈਂ ਸਫ਼ਰਨਾਮਾ 'ਮੁਲਕ-ਮੁਲਕ ਦੀਆਂ ਗੱਲਾਂ' ਲਿਖਿਆ ਸੀ। ਹੁਣ ਮੇਰੀ ਇਸ ਨਾਰਵੇ ਫੇਰੀ ਦੌਰਾਨ ਜਦੋਂ ਸਾਡੇ ਦੋਹਤੇ ਨੇ ਬੀ-ਆਈ ਯੂਨੀਵਰਸਿਟੀ, ਓਸਲੋ ਵਿਖੇ ਦਾਖ਼ਲਾ ਲਿਆ ਤਾਂ ਬਹੁਤ ਦਿਲਚਸਪ ਗੱਲਾਂ ਸੁਣਨ ਵਿਚ ਆਈਆਂ। ਕਲਾਸਾਂ ਸ਼ੁਰੂ ਹੋਣ ਤੋਂ ਹਫ਼ਤਾ ਪਹਿਲਾਂ ਵਿਦਿਆਰਥੀ ਜਥੇਬੰਦੀ ਆਪਣੇ ਨਵੇਂ ਵਿਦਿਆਰਥੀਆਂ ਲਈ ਇਕ ਹਫ਼ਤੇ ਦਾ ਪ੍ਰੋਗਰਾਮ ਉਲੀਕ ਕੇ ਉਨ੍ਹਾਂ ਨੂੰ ਸੂਚਿਤ ਕਰਦੀ ਹੈ ਕਿ ਇਸ ਦਿਨ-ਤਰੀਕ ਨੂੰ ਅਦਾਰੇ ਵਿਚ ਪਹੁੰਚੋ। ਇਨ੍ਹਾਂ ਦੇ ਗਰੁੱਪ ਬਣਾਏ ਜਾਂਦੇ ਹਨ, ਜਿਨ੍ਹਾਂ ਨੂੰ ਦੋ ਜਾਂ ਤਿੰਨ ਸੀਨੀਅਰ ਵਿਦਿਆਰਥੀ ਯੂਨੀਵਰਸਿਟੀ ਜਾਂ ਪੜ੍ਹਾਈ ਬਾਰੇ ਹਰ ਤਰ੍ਹਾਂ ਦੀ ਜਾਣਕਾਰੀ ਦਿੰਦੇ ਹਨ। ਉਨ੍ਹਾਂ ਦੇ ਪੁੱਛੇ ਸਵਾਲਾਂ ਦੇ ਜਵਾਬ ਦੇ ਕੇ ਅਪਣੱਤ ਨਾਲ ਪੇਸ਼ ਆਉਂਦੇ ਹਨ। ਪੂਰਾ ਹਫ਼ਤਾ ਇਹ ਗਰੁੱਪ ਦੀ ਰਾਹਨੁਮਾਈ ਕਰਦੇ ਹਨ। ਨਵੇਂ ਵਿਦਿਆਰਥੀਆਂ ਨੂੰ ਉਨ੍ਹਾਂ ਦੀ ਲੋੜ ਦੀਆਂ ਕਿਤਾਬਾਂ ਆਪਣੇ ਕੋਲੋਂ ਘੱਟ ਕੀਮਤ 'ਤੇ ਦਿੰਦੇ ਹਨ, ਜੋ ਆਪ ਪੜ੍ਹ ਕੇ ਦੂਜਿਆਂ ਲਈ ਸਾਂਭੀਆਂ ਹੁੰਦੀਆਂ ਹਨ। ਯੂਨੀਵਰਸਿਟੀ ਦੀ ਕੰਟੀਨ ਵਿੱਚੋਂ ਵਿਦਿਆਰਥੀਆਂ ਨੂੰ ਵਾਜਬ ਕੀਮਤ 'ਤੇ ਥਰਮਸ ਵਰਗਾ ਇਕ ਕੱਪ ਦਿੱਤਾ ਜਾਂਦਾ ਹੈ ਜਿਸ ਦੀ ਕੀਮਤ ਇੱਥੋਂ ਦੀ ਕਰੰਸੀ ਸੌ ਕਰੋਨੇ ਹੁੰਦੀ ਹੈ ਤੇ ਭਾਰਤੀ ਕਰੰਸੀ ਲਗਪਗ ਇਕ ਹਜ਼ਾਰ ਰੁਪਏ ਬਣਦੀ ਹੈ। ਕੰਟੀਨ ਵਿਚ ਕੌਫ਼ੀ ਦਾ ਕੱਪ ਪੈਂਤੀ ਕਰੋਨੇ ਤੇ ਭਾਰਤੀ ਕਰੰਸੀ ਮੁਤਾਬਕ ਕਰੀਬ ਸਾਢੇ ਤਿੰਨ-ਚਾਰ ਸੌ ਰੁਪਏ ਦਾ ਮਿਲਦਾ ਹੈ। ਜਿਸ ਵਿਦਿਆਰਥੀ ਕੋਲ ਕੰਟੀਨ ਦਾ ਕੱਪ ਹੁੰਦਾ ਹੈ ਉਸ ਨੂੰ ਕੌਫ਼ੀ ਦਾ ਕੱਪ ਸਿਰਫ਼ ਗਿਆਰਾਂ ਕਰੋਨੇ ਭਾਵ ਭਾਰਤੀ ਸੌ-ਇਕ ਦਸ ਕੁ ਰੁਪਏ ਦਾ ਪੈਂਦਾ ਹੈ। ਇਹ ਜਾਣਕਾਰੀ ਵੀ ਗਰੁੱਪ ਵਿੱਚੋਂ ਮਿਲ ਜਾਂਦੀ ਹੈ। ਇਕ ਗਰੁੱਪ ਵਿਚ ਪੰਦਰਾਂ-ਵੀਹ ਮੁੰਡੇ-ਕੁੜੀਆਂ ਦਾ ਟੋਲਾ ਹੁੰਦਾ ਹੈ। ਵੱਡੇ ਅਦਾਰਿਆਂ ਵਿਚ ਪੁਰਾਣੇ ਵਿਦਿਆਰਥੀ ਆਪਣੇ ਸਬੰਧਤ ਗਰੁੱਪ ਨਾਲ ਫੋਨ ਕਰ ਕੇ ਜਾਂ ਈਮੇਲ ਰਾਹੀ ਸਲਾਹ ਕਰ ਕੇ ਇਕ ਸੀਨੀਅਰ ਦੇ ਘਰ ਇਕੱਠੇ ਹੁੰਦੇ ਹਨ। ਅਜਿਹਾ ਇਸ ਲਈ ਕੀਤਾ ਜਾਂਦਾ ਹੈ ਕਿ ਨਵੇਂ ਵਿਦਿਆਰਥੀਆਂ ਨੂੰ ਆਪਣੇਪਣ ਦਾ ਅਹਿਸਾਸ ਕਰਵਾਇਆ ਜਾਵੇ। ਗੋਰਾ ਕਲਚਰ ਅਨੁਸਾਰ ਇਹ ਸਾਰੇ ਇਕੱਠੇ ਹੋ ਕੇ ਖਾਂਦੇ-ਪੀਂਦੇ ਵਿਸ਼ੇਸ਼ ਤੌਰ 'ਤੇ 'ਪੀਂਦੇ' ਹਨ। ਸਾਰੇ ਆਪਣੀ ਪਸੰਦੀਦਾ ਵਾਈਨ (ਸ਼ਰਾਬ) ਅਤੇ ਸਨੈਕਸ, ਚਿਪਸ ਵਗੈਰਾ ਨਾਲ ਲੈ ਕੇ ਆਉਂਦੇ ਹਨ। ਇਨ੍ਹਾਂ ਵਿਚ ਕੁੜੀਆਂ ਵੀ ਹੁੰਦੀਆਂ ਹਨ। ਜ਼ਿਕਰਯੋਗ ਹੈ ਕਿ ਸਾਡੇ ਪਰਿਵਾਰ ਵਿਚ ਸ਼ਰਾਬ ਦਾ ਸੇਵਨ ਨਹੀ ਕੀਤਾ ਜਾਂਦਾ। ਅਸੀ ਆਪਣੇ ਬੱਚੇ ਨੂੰ ਸਮਝਾ ਦਿੱਤਾ ਸੀ ਕਿ ਕੋਈ ਵੀ ਤੈਨੂੰ ਪੀਣ ਲਈ ਕਹੇ ਤਾਂ ਪ੍ਰੇਮ-ਪਿਆਰ ਨਾਲ ਨਾਂਹ ਕਰ ਦੇਣੀ ਹੈ ਤੇ ਜੇ ਸਿਰਫ਼ ਟੇਸਟ ਕਰਨ ਲਈ ਮਜਬੂਰ ਕਰਨ ਤਾਂ ਉਹ ਵੀ ਨਹੀ ਕਰਨੀ। ਆਪਣੇ ਮੁਲਕ ਵਿਚਲੀਆਂ ਰੈਗਿੰਗ ਦੀਆਂ ਮਾੜੀਆਂ ਘਟਨਾਵਾਂ ਕਾਰਨ ਮੈਂ ਆਪਣੇ ਦੋਹਤੇ ਲਈ ਬਹੁਤ ਫ਼ਿਕਰਮੰਦ ਸਾਂ ਪਰ ਇਹ ਜਾਣ ਕੇ ਮੈਨੂੰ ਬਹੁਤ ਖ਼ੁਸ਼ੀ ਹੋਈ ਕਿ ਇਨ੍ਹਾਂ ਵਲਾਇਤੀ ਮੁੰਡਿਆਂ ਨੇ ਸਾਡੇ ਬੱਚੇ ਨੂੰ ਪੀਣ ਲਈ ਮਜਬੂਰ ਨਹੀ ਕੀਤਾ। ਇਹ ਆਪਣੇ ਕੋਕ, 'ਆਈਸ ਟੀ' (ਠੰਢੀ ਚਾਹ) ਅਤੇ ਸਨੈਕਸ ਵਗੈਰਾ ਖਾ-ਪੀ ਲੈਂਦਾ ਤੇ ਉਨ੍ਹਾਂ ਦਾ ਸਾਥ ਦਿੰਦਾ। ਕਾਰਨ ਇਹ ਵੀ ਹੈ ਕਿ ਇਸ ਨੇ ਪਰਦੇਸ ਵਿਚ ਜੰਮ-ਪਲ ਕੇ ਵੀ ਆਪਣਾ ਸਿੱਖ ਸਰੂਪ ਰੱਖਿਆ ਹੋਇਆ ਹੈ ਅਤੇ ਖ਼ੂਬਸੂਰਤ ਪੱਗ ਬੰਨ੍ਹ ਕੇ ਰੱਖਦਾ ਹੈ। ਸਾਢੇ ਚਾਰ ਸੌ ਵਿਦਿਆਰਥੀਆਂ ਦੀ ਆਪਣੀ ਜਮਾਤ ਵਿਚ ਇਹ ਇਕੱਲਾ ਪੱਗ ਵਾਲਾ ਸਰਦਾਰ ਪੰਜਾਬੀ ਪੁੱਤ ਹੈ। ਪੂਰੀ ਯੂਨੀਵਰਸਿਟੀ ਵਿਚ ਇੱਕਾ-ਦੁੱਕਾ ਪਟਕੇ ਵਾਲੇ ਮੁੰਡੇ ਤਾਂ ਹਨ ਪਰ ਪੱਗ ਵਾਲਾ ਹੋਰ ਕੋਈ ਨਹੀ ਹੈ।

ਦੱਸਦਿਆਂ ਮਾਣ ਮਹਿਸੂਸ ਹੁੰਦਾ ਹੈ ਕਿ ਸੰਨ 1998 ਤੋਂ 2003 ਦੌਰਾਨ ਇਸ ਬੱਚੇ ਦਾ ਪਿਤਾ ਸਾਡਾ ਦਾਮਾਦ ਵੀ ਇਸੇ ਯੂਨੀਵਰਸਿਟੀ ਦਾ ਇਕੱਲਾ ਪੱਗ ਵਾਲਾ ਸਰਦਾਰ ਵਿਦਿਆਰਥੀ ਰਿਹਾ ਹੈ। ਜਿਸ ਨੇ ਇੱਥੋਂ ਐੱਮਬੀਈ ਅਤੇ ਐੱਮਐੱਸਈ ਦੀਆਂ ਦੋ ਮਾਸਟਰ ਡਿਗਰੀਆਂ ਪ੍ਰਾਪਤ ਕੀਤੀਆਂ। ਹੁਣ ਫਿਰ ਸਰਕਾਰ ਵੱਲੋਂ ਉਸ ਨੂੰ ਟੈਕਸ ਸਬੰਧੀ ਹੋਰ ਉਚੇਰੀ ਵਿੱਦਿਆ 'ਐਗਜ਼ੈਕਟਿਵ ਮਾਸਟਰ ਇਨ ਡਾਇਰੈਕਟ ਐਂਡ ਇਨਡਾਇਰੈਕਟ ਟੈਕਸਜ਼' ਹਾਸਲ ਕਰਨ ਲਈ ਉਸੇ ਯੂਨੀਵਰਸਿਟੀ ਵਿਚ ਭੇਜਿਆ ਗਿਆ ਹੈ ਜਿਸ ਦਾ ਖ਼ਰਚਾ ਸਰਕਾਰ ਕਰੇਗੀ। ਮੌਜੂਦਾ ਸਮੇਂ ਉਹ ਸਰਕਾਰੀ ਟੈਕਸ ਕਮਿਸ਼ਨਰ ਹੈ। ਇਸ ਪੜ੍ਹਾਈ ਲਈ ਉਸ ਨੂੰ ਰੋਜ਼ਾਨਾ ਪੜ੍ਹਨ ਲਈ ਨਹੀ ਜਾਣਾ ਪਵੇਗਾ। ਮਹੀਨੇ ਵਿਚ ਕੁਝ ਦਿਨਾਂ ਲਈ ਜਾਣਾ ਹੋਵੇਗਾ। ਇਹ ਸਰਕਾਰਾਂ ਪੜ੍ਹਨ ਵਾਲਿਆਂ ਦੀ ਬਹੁਤ ਮਦਦ ਕਰਦੀਆਂ ਹਨ। ਇਸ ਤਰ੍ਹਾਂ ਉਸ ਦੇ ਕੰਮ ਵਿਚ ਵੀ ਕੋਈ ਦਿੱਕਤ ਨਹੀ ਆਵੇਗੀ। ਪੱਗ ਤੇ ਸਿੱਖੀ ਸਰੂਪ ਵਾਲੇ ਸਰਦਾਰ ਪਿਓ-ਪੁੱਤ ਇਕ ਨਾਮੀ ਯੂਨੀਵਰਸਿਟੀ ਵਿਚ ਪੰਜਾਬ ਦੀ ਸ਼ਾਨ ਤੇ ਪਛਾਣ ਨੂੰ ਮਾਣਮੱਤੀ ਬਣਾਉਣਗੇ। ਸਾਡੇ ਮੁਲਕ ਦੀ ਤ੍ਰਾਸਦੀ ਹੈ ਕਿ ਬਹੁਤ ਕਾਬਲ ਵਿਦਿਆਰਥੀ ਫੀਸਾਂ ਨਾ ਦੇ ਸਕਣ ਕਾਰਨ ਪੜ੍ਹਾਈ ਤੋਂ ਵਾਂਝੇ ਰਹਿ ਜਾਂਦੇ ਹਨ। ਸੀਨੀਅਰ ਹਫ਼ਤੇ ਦੇ ਪ੍ਰੋਗਰਾਮਾਂ ਵਿਚ ਕਈ ਵਾਰ ਦੋ-ਤਿੰਨ ਗਰੁੱਪ ਮਿਲ ਕੇ ਵੀ ਖਾਂਦੇ-ਪੀਂਦੇ ਤੇ ਮੌਜ-ਮੇਲਾ ਕਰਦੇ ਹਨ।

ਵਿਚਾਰਨਯੋਗ ਗੱਲ ਹੈ ਕਿ ਇਨ੍ਹਾਂ ਨੌਜਵਾਨ ਮੁੰਡੇ-ਕੁੜੀਆਂ ਦੇ ਟੋਲੇ ਸ਼ਰਾਬ ਜਾਂ ਬੀਅਰ ਵਗੈਰਾ ਜ਼ਰੂਰ ਪੀਂਦੇ ਹਨ ਪਰ ਨਾ ਕੋਈ ਲੜਾਈ-ਝਗੜਾ ਕਰਦੇ ਹਨ, ਨਾ ਹੀ ਹੜਦੂੰਗ ਮਚਾਉਂਦੇ ਹਨ। ਇਨ੍ਹਾਂ ਦੇ ਪ੍ਰੋਗਰਾਮ ਕਈ ਵਾਰ ਦੇਰ ਰਾਤ ਤੱਕ ਚੱਲਦੇ ਹਨ। ਜਦੋਂ ਇਹ ਘਰੋਂ ਬਾਹਰ ਕਿਸੇ 'ਕੌਨਸਰਟ' 'ਤੇ ਜਾਂਦੇ ਤਾਂ ਉੱਥੇ ਗਾਉਣ-ਵਜਾਉਣ ਦਾ ਪ੍ਰੋਗਰਾਮ ਦੇਖਦੇ ਹੋਏ ਵੀ ਕੋਈ ਖੱਪਖਾਨਾ ਨਹੀ ਕਰਦੇ। ਸਰਕਾਰੀ ਹਦਾਇਤਾਂ ਮੁਤਾਬਕ ਇਹ ਅਨੁਸ਼ਾਸਨ ਵਿਚ ਰਹਿੰਦੇ ਹਨ। ਕੌਨਸਰਟ ਤੋਂ ਬਾਅਦ ਇਹ ਸਾਰੇ ਕਿਸੇ ਪੱਬ-ਬਾਰ ਵਿਚ ਵੀ ਚਲੇ ਜਾਂਦੇ ਹਨ ਜਿੱਥੇ ਇਨ੍ਹਾਂ ਨੂੰ ਰਾਤ ਦੇ ਗਿਆਰਾਂ-ਬਾਰਾਂ ਵੀ ਵੱਜ ਜਾਂਦੇ ਹਨ। ਸਾਡਾ ਦੋਹਤਾ ਕਈ ਵਾਰ ਇਨ੍ਹਾਂ 'ਪੀਤੀ' ਵਾਲਿਆਂ ਨੂੰ ਘਰੋ-ਘਰੀ ਪਹੁੰਚਾਉਣ ਦੀ ਸੇਵਾ ਵੀ ਨਿਭਾਉਂਦਾ। ਇਸ ਦੇ ਗਰੁੱਪ ਵਿਚ ਇਸ ਦਾ ਇਕ ਪੰਜਾਬੀ ਦੋਸਤ ਵੀ ਸ਼ਾਮਲ ਰਿਹਾ। ਮੌਜੂਦਾ ਸਮੇਂ ਨਾਰਵੇ ਵਿਚ ਲਗਪਗ 24500 ਭਾਰਤੀ ਹਨ ਜੋ ਦੂਜੇ ਮੁਲਕਾਂ ਦੀ ਬਨਿਸਬਤ ਬਹੁਤ ਘੱਟ ਹਨ। ਇਨ੍ਹਾਂ ਵਿਚ ਪੰਜਾਬੀਆਂ ਦੀ ਗਿਣਤੀ ਅੰਦਾਜ਼ਨ ਪੰਜ ਹਜ਼ਾਰ ਹੈ। ਗੁਰਦੁਆਰਾ ਸਾਹਿਬ ਤੋਂ ਇਲਾਵਾ ਛੇਤੀ ਕੀਤਿਆਂ ਕੋਈ ਪੱਗ ਵਾਲਾ ਸਰਦਾਰ ਨਜ਼ਰ ਨਹੀ ਆਉਂਦਾ। ਸੰਨ 2017 ਵਿਚ ਵਰਲਡ ਹੈਪੀਨੈੱਸ ਰਿਪੋਰਟ ਅਨੁਸਾਰ ਨਾਰਵੇ ਦੁਨੀਆ ਦਾ ਸਭ ਤੋਂ ਖ਼ੁਸ਼ਹਾਲ ਮੁਲਕ ਮੰਨਿਆ ਗਿਆ। ਸੰਨ 2025 ਵਿਚ ਇਹ ਸੱਤਵੇਂ ਨੰਬਰ 'ਤੇ ਹੈ। ਕਿਹਾ ਜਾਂਦਾ ਹੈ 'ਅੱਜ ਦੇ ਬੱਚੇ ਕੱਲ੍ਹ ਦਾ ਭਵਿੱਖ ਜਾਂ ਕੱਲ੍ਹ ਦੇ ਨੇਤਾ'। ਇਨ੍ਹਾਂ ਬੱਚਿਆਂ ਦੇ ਬਚਪਨ ਤੇ ਜਵਾਨੀ ਨੂੰ ਸਹੀ ਦਿਸ਼ਾ ਦੇਣ ਲਈ ਪਰਿਵਾਰ, ਸਰਕਾਰ ਤੇ ਵਿੱਦਿਅਕ ਅਦਾਰਿਆਂ ਦਾ ਯੋਗਦਾਨ ਬਹੁਤ ਅਹਿਮੀਅਤ ਰੱਖਦਾ ਹੈ।

# ਜ਼ਿੰਦਗੀ ਦੀ ਸਿਰਜਣਾ ਵਿੱਚ ਔਰਤ ਦੀ ਸ਼ਕਤੀਸ਼ਾਲੀ ਭੂਮਿਕਾ



ਗੁਰਬਿੰਦਰ ਸਿੰਘ ਮਾਣਕ
9815356086

**ਸੰਸਾਰ** ਦੀ ਅੱਧੀ ਆਬਾਦੀ ਔਰਤਾਂ ਦੀ ਹੈ।ਇਸ ਦੇ ਬਾਵਜੂਦ ਦੁਨੀਆਂ ਦੇ ਬਹੁਤੇ ਦੇਸ਼ਾਂ ਵਿਚ ਔਰਤਾਂ ਦੀ ਸਮਾਜਿਕ ਆਰਥਿਕ ਦੇਣ ਨੂੰ ਬਹੁਤ ਹੱਦ ਤੱਕ ਅਣਗੌਲਿਆਂ ਕੀਤਾ ਗਿਆ ਹੈ।ਏਸ਼ੀਆ ਤੇ ਅਫਰੀਕਾ ਮਹਾਂਦੀਪਾਂ ਦੇ ਦੇਸ਼ਾਂ ਵਿਚ ਤਾਂ ਔਰਤਾਂ ਦੀ ਸਥਿਤੀ ਬਹੁਤ ਹੀ ਚਿੰਤਾਜਨਕ ਹੈ।ਇਸ ਪੱਖ ਤੋ ਭਾਰਤ ਤੇ ਉਸ ਦੇ ਗਵਾਂਢੀ ਦੇਸ਼ਾਂ ਦੀ ਹਾਲਤ ਬਹੁਤ ਹੀ ਮਾੜੀ ਹੈ।ਸਮਾਂ ਬਹੁਤ ਬਦਲ ਗਿਆ ਹੈ, ਔਰਤਾਂ ਦੀ ਸਥਿਤੀ ਵਿਚ ਵੀ ਕੁਝ ਤਬਦੀਲੀ ਜਰੂਰ ਆਈ ਹੈ ਪਰ ਅਜੇ ਵੀ ਬਹੁਤ ਕੁਝ ਅਜਿਹਾ ਵਾਪਰ ਰਿਹਾ ਹੈ ਜਿਹੜਾ ਔਰਤਾਂ ਦੇ ਸਮੁੱਚੇ ਵਿਕਾਸ ਦੇ ਰਾਹ ਦਾ ਰੋੜਾ ਬਣਿਆ ਹੋਇਆ ਹੈ।ਅਜੋਕੇ ਸਮਿਆਂ ਵਿਚ ਵੀ ਰੂੜੀਵਾਦੀ ਮਾਨਸਿਕਤਾ ਦੇ ਕਾਰਨ ਮਰਦ ਪ੍ਰਧਾਨ ਸਮਾਜ ਦਾ ਬੋਲਬਾਲਾ ਹੈ।ਘਰ ਪਰਿਵਾਰਾਂ ਵਿਚ ਵੀ ਅਜੇ ਤੱਕ ਵੱਡੇ ਫੈਸਲੇ ਮਰਦ ਹੀ ਕਰਦੇ ਹਨ।ਇਹ ਬਹੁਤ ਹੀ ਦੁਖਦਾਈ ਵਰਤਾਰਾ ਹੈ ਕਿ ਅੱਜ ਵੀ ਭਾਰਤ ਵਿਚ ਔਰਤਾਂ ਕਈ ਤਰ੍ਹਾਂ ਦੇ ਵਿਤਕਰੇ ਤੇ ਘਰੇਲੂ ਜਬਰ ਸਹਿਣ ਲਈ ਮਜਬੂਰ ਹਨ।ਔਰਤ ਦੀ ਵੱਡੀ ਸਮਾਜਿਕ ਭੂਮਿਕਾ ਦੇ ਬਾਵਜੂਦ,ਉਸ ਨੂੰ ਇਕ ਵਿਅਕਤੀ ਵਜੋਂ ਜਿਹੜਾ ਸਤਿਕਾਰ ਮਿਲਣਾ ਚਾਹੀਦਾ ਹੈ,ਉਹ ਅਜੇ ਵੀ ਨਹੀ ਮਿਲ ਰਿਹਾ।ਘਰੇਲੂ ਹਿੰਸਾ,ਛੇੜਛਾੜ ਤੇ ਜਬਰ-ਜਨਾਹ ਵਰਗੀਆਂ ਘਟਨਾਵਾਂ ਦਾ ਲਗਾਤਾਰ ਵਾਪਰਨਾ ਇਹੀ ਦਰਸਾਉਂਦਾ ਹੈ ਕਿ ਸਮਾਜ ਦੀ ਮਾਨਸਿਕਤਾ ਅਜੇ ਵੀ ਔਰਤਾਂ ਪ੍ਰਤੀ ਠੀਕ ਨਹੀ ਹੈ। ਇਸ ਗੱਲ ਬਾਰੇ ਕੋਈ ਦੋ ਰਾਵਾਂ ਨਹੀ ਹੋ ਸਕਦੀਆਂ ਕਿ ਸਦੀਆਂ ਤੋਂ ਘਰ ਦੀ ਸਿਰਜਣਾ ਵਿਚ ਔਰਤਾਂ ਦਾ ਵਿਸ਼ੇਸ਼ ਯੋਗਦਾਨ ਰਿਹਾ ਹੈ।ਉਨ੍ਹਾਂ ਸਮਿਆਂ ਤੋ ਲੈ ਕੇ ਜਦੋਂ ਔਰਤ ਦੀ ਭੂਮਿਕਾ ਕੇਵਲ ਘਰ ਦੀ ਚਾਰਦੀਵਾਰੀ ਤੱਕ ਹੀ ਸੀਮਤ ਸੀ ਤੇ ਅਜੋਕੇ ਸਮਿਆਂ ਦੀ ਔਰਤ ਜਿਸ ਨੇ ਆਪਣੀ ਸੂਝ, ਸਮਰਥਾ,ਯੋਗਤਾ ਤੇ ਪ੍ਰਤਿੱਭਾ ਸਦਕਾ ਵੱਡਾ ਨਾਮਣਾ ਖੱਟਿਆ ਹੈ। ਘਰ ਦੀ ਹੋਂਦ ਨੂੰ ਮਜਬੂਤ ਤੇ ਸ਼ਕਤੀਸ਼ਾਲੀ ਬਣਾਉਣ ਵਿਚ ਔਰਤ ਦੀ ਵੱਡੀ ਭੂਮਿਕਾ ਤੋ ਕੋਈ ਇਨਕਾਰੀ ਨਹੀ ਕਰ ਸਕਦਾ।ਅਸਲ ਵਿਚ ਔਰਤ ਸਮਾਜਿਕ ਰਿਸ਼ਤਿਆਂ ਦੀ ਧਰੋਹਰ ਹੈ।ਘਰ ਦਾ ਸੰਕਲਪ ਹੀ ਔਰਤ ਨਾਲ ਜੁੜਿਆ ਹੋਇਆ ਹੈ।ਸਦੀਆਂ ਤੋਂ ਔਰਤ ਘਰ ਦੇ ਕੰਮਾਂ ਦੇ ਨਾਲ ਨਾਲ ਘਰ ਦੇ ਮਰਦਾਂ ਦੇ ਨਾਲ ਖੇਤੀਬਾੜੀ ਜਾਂ ਹੋਰ ਬਾਹਰਲੇ ਕੰਮਾਂ ਵਿਚ ਵੀ ਮੋਢੇ ਨਾਲ ਮੋਢਾ ਜੋੜ ਕੇ ਕੰਮ ਕਰਦੀ ਰਹੀ ਹੈ।ਖੇਤੀਬਾੜੀ ਸਾਡਾ ਆਦਿਕਾਲੀ ਧੰਦਾ ਰਿਹਾ ਹੈ ਜਿਸ ਵਿਚ ਔਰਤਾਂ ਸਮੇਤ ਘਰ ਦੇ ਸਾਰੇ ਮੈਂਬਰ ਹੀ ਪਸੀਨਾ ਵਹਾਉਂਦੇ ਸਨ। ਮਰਦ ਤਾਂ ਥੋੜ੍ਹਾ ਸਮਾਂ ਕੱਢ ਕੇ ਆਰਾਮ ਕਰ ਲੈਂਦੇ ਸਨ ਪਰ ਔਰਤ ਨੂੰ ਘਰ ਦੇ ਸਾਰੇ ਟੱਬਰ ਦੀ ਰੋਟੀ ਪਕਾਉਣ ਤੋਂ ਲੈ ਕੇ ਅਨੇਕਾਂ ਹੋਰ ਕੰਮਾਂ ਵਿਚ ਵੀ ਆਪਣੀ ਜਾਨ ਮਾਰਨੀ ਪੈਂਦੀ ਸੀ।ਇਹ ਵਰਤਾਰਾ ਥੋੜ੍ਹੇ ਬਹੁਤੇ ਫਰਕ ਨਾਲ ਅੱਜ ਵੀ ਕਾਇਮ ਹੈ।ਜਿਹੜੀ ਗੱਲ ਪਿਛਲੇ ਸਮਿਆਂ ਤੋਂ ਲੈ ਕੇ ਅਜੋਕੇ ਸਮਿਆਂ ਤੱਕ ਨਹੀ ਬਦਲੀ ਉਹ ਹੈ ਔਰਤਾਂ ਦੇ ਕੰਮਾਂ ਨੂੰ ਕੰਮ ਹੀ ਨਾਂ ਸਮਝਣਾ।ਅੱਜ ਦੇ ਸਮੇਂ ਵਿਚ ਤਾਂ ਸਗੋਂ ਔਰਤ ਦੂਹਰੇ ਰੂਪ ਵਿਚ ਪਿੱਸ ਰਹੀ ਹੈ,ਨੌਕਰੀ ਦੀ ਜ਼ਿੰਮੇਵਾਰੀ ਨਿਭਾਉਣ ਦੇ ਨਾਲ ਨਾਲ ਉਸ ਨੂੰ ਘਰ ਦੀ ਜ਼ਿੰਮੇਵਾਰੀ ਵੀ ਨਿਭਾਉਣੀ ਪੈਂਦੀ ਹੈ।ਅਕਸਰ ਦੇਖਣ ਵਿਚ ਆਇਆ ਹੈ ਕਿ ਜੇ ਪਤੀ ਪਤਨੀ ਦੋਵੇਂ ਨੌਕਰੀ ਕਰਦੇ ਹੋਣ ਤਾਂ ਡਿਊਟੀ ਤੋਂ ਪਰਤ ਕੇ ਪਤੀਦੇਵ ਤਾਂ ਆਰਾਮ ਫਰਮਾਉਣ ਲੱਗ ਜਾਂਦੇ ਹਨ ਪਰ ਨਾਲ ਹੀ ਪਰਤੀ ਪਤਨੀ ਥੱਕੀ ਹੋਣ ਦੇ ਬਾਵਜੂਦ ਅਜਿਹਾ ਨਹੀ ਕਰ ਸਕਦੀ ਕਿਉਂਕਿ ਘਰ ਰਸੋਈ ਬੱਚੇ ਤੇ ਅਨੇਕਾਂ ਹੋਰ ਕੰਮ ਔਰਤ ਦੇ ਹੀ ਜ਼ਿੰਮੇ ਹਨ। ਔਰਤ ਦੇ ਘਰੇਲੂ ਕੰਮਾਂ ਦੀ ਜੇਕਰ ਲਿਸਟ ਬਣਾਈ ਜਾਵੇ ਤਾਂ ਇਹ ਮੁੱਕਣ ਵਿਚ ਹੀ ਨਹੀ ਆਉਂਦੇ।ਮਕਾਨ ਬਣਾ ਦੇਣ ਨਾਲ ਹੀ ਕੋਈ ਇਮਾਰਤ ਘਰ ਨਹੀ ਬਣ ਜਾਂਦੀ ਸਗੋਂ ਔਰਤ ਆਪਣੀਆਂ ਕਲਾਤਮਿਕ ਛੋਹਾਂ ਨਾਲ ਉਸ ਨੂੰ ਘਰ ਬਣਾਉਂਦੀ ਹੈ।ਘਰ ਦਾਕੋਈ ਵੀ ਕੋਨਾ ਘਰ ਦੀ ਸੁਆਣੀ ਦੀ ਤਿੱਖੀ ਨਜ਼ਰ ਤੋਂ ਉਹਲੇ ਨਹੀ ਰਹਿ ਸਕਦਾ ਤੇ ਜੇਕਰ ਕਿਤੇ ਅਣਜਾਣੇ ਵਿਚ ਰਹਿ ਜਾਵੇ ਤਾਂ ਉਹੀ ਕੋਨਾ ਗੰਦਾ-ਮੰਦਾ,ਬੇ-ਤਰਤੀਬਾ ਤੇ ਬੇ-ਰੌਣਕਾ ਜਾਪਣ ਲੱਗ ਜਾਂਦਾ ਹੈ।ਇਹ ਔਰਤ ਦੇ ਹੱਥਾਂ ਦਾ ਹੀ ਕਮਾਲ ਹੈ ਕਿ ਘਰ ਹਰ ਰੋਜ਼ ਹੀ ਚਮਕ ਉੱਠਦਾ ਹੈ ਤੇ ਸਾਰਾ ਪਰਿਵਾਰ ਉਸ ਵਿਚ ਵਿਚਰਦਿਆਂ ਅਗੰਮੀ ਸਕੂਨ ਮਹਿਸੂਸ ਕਰਦਾ ਹੈ। ਬਹੁਤੇ ਪਰਿਵਾਰਾਂ ਵਿਚ ਬੱਚਿਆਂ ਦੇ ਪਾਲਣ-ਪੋਸਣ,ਖਾਣ-ਪੀਣ,ਪੜ੍ਹਾਉਣ ਲਿਖਾਉਣ ਤੋਂ ਜੀਵਨ-ਜਾਚ ਦੀਆਂ ਹੋਰ ਗੱਲਾਂ ਸਿਖਾਉਣ ਦੀ ਜ਼ਿੰਮੇਵਾਰੀ ਬਹੁਤ ਹੱਦ ਤੱਕ ਔਰਤ ਨੂੰ ਹੀ ਨਿਭਾਉਣੀ ਪੈਂਦੀ ਹੈ।ਬਿਨਾਂ ਸ਼ੱਕ ਪਿਤਾ ਦੀ ਮਹੱਤਵਪੂਰਨ ਭੂਮਿਕਾ ਤੋ ਇਨਕਾਰ ਨਹੀ ਕੀਤਾ ਜਾ ਸਕਦਾ ਪਰ ਕੁਦਰਤ ਨੇ ਔਰਤ ਦੇ ਮਨ ਵਿਚ ਜਿਹੜਾ ਕੁਰਬਾਨੀ ਦਾ ਜਜ਼ਬਾ ਪੈਦਾ ਕੀਤਾ ਹੋਇਆ ਹੈ ਉਹ ਕੇਵਲ ਔਰਤ ਦੇ ਹੀ ਹਿੱਸੇ ਆਇਆ ਹੈ।ਸਾਰੇ ਜੀਆਂ ਲਈ ਖਾਣਾ ਬਣਾਉਣਾ,ਘਰ ਦੀ ਸਫਾਈ,ਕੱਪੜੇ ਧੋਣਾ,ਬੱਚਿਆਂ ਦੀ ਦੇਖ ਭਾਲ ਤੇ ਪੜ੍ਹਾਈ ਆਦਿ ਕੰਮ ਤਾਂ ਘਰ ਦੀ ਔਰਤ ਦੀ ਨਿੱਤ ਦੀ ਡਿਊਟੀ ਹੈ।ਕਈ ਵਾਰ ਸਿਹਤ ਠੀਕ ਨਾਂ ਹੋਣ ਦੇ ਬਾਵਜੂਦ ਔਰਤ ਨੂੰ ਇਹ ਸਾਰੇ ਕੰਮ ਕਰਨੇ ਪੈਂਦੇ ਹਨ।ਬਹੁਤ ਘੱਟ ਮਰਦ ਹਨ ਜਿਹੜੇ ਇਨ੍ਹਾਂ ਕੰਮਾਂ ਵਿਚ ਔਰਤਾਂ ਦੀ ਸਹਾਇਤਾ ਕਰਦੇ ਹਨ।ਸਦੀਆਂ ਤੋਂ ਸਾਡੀ ਮਾਨਸਿਕਤਾ ਵਿਚ ਇਹ ਗੱਲ ਪਈ ਹੋਈ ਹੈ ਕਿ ਅਜਿਹੇ ਕੰਮ ਕਰਨ ਦੀ ਜ਼ਿੰਮੇਵਾਰੀ ਕੇਵਲ ਤੇ ਕੇਵਲ ਔਰਤ ਦੀ ਹੀ ਹੈ।ਇਸ ਤੋਂ ਵੀ ਮਾੜੀ ਗੱਲ ਇਹ ਹੈ ਕਿ ਸਾਰਾ ਦਿਨ ਇਨ੍ਹਾਂ ਕੰਮਾ ਵਿਚ ਰੁੱਝੀ ਰਹਿਣ ਵਾਲੀ ਔਰਤ ਦੇ ਇਨ੍ਹਾਂ ਕੰਮਾਂ ਨੂੰ ਸਮਾਜ ਕੰਮ ਹੀ ਨਹੀ ਸਮਝਦਾ।ਸਗੋਂ ਇਹ ਕਿਹਾ ਜਾਂਦਾ ਹੈ ਕਿ ਔਰਤਾਂ ਤਾਂ ਵਿਹਲੀਆਂ ਹੀ ਰਹਿੰਦੀਆਂ ਹਨ।ਜਿੱਥੇ ਪਤੀ-ਪਤਨੀ ਦਾ ਆਪਸੀ ਪਿਆਰ ਤੇ ਵਿਸ਼ਵਾਸ਼ ਹੋਵੇ,ਉੱਥੇ ਔਰਤਾਂ ਵੱਧ ਕੰਮ ਕਰਕੇ ਵੀ ਖੁਸ਼ੀ ਮਹਿਸੂਸ ਕਰਦੀਆਂ ਹਨ। ਪਿੰਡਾਂ ਵਿਚ ਛੋਟੀ ਕਿਸਾਨੀ ਨਾਲ ਜੁੜੇ ਪਰਿਵਾਰਾਂ ਦੀਆਂ ਔਰਤਾਂ ਹੀ ਬਹੁਤੇ ਕੰਮ ਕਰਦੀਆਂ ਹਨ।ਫਸਲ ਬੀਜਣ ਤੋਂ ਲੈ ਕੇ ਉਸ ਦੀ ਸਾਂਭ ਸੰਭਾਲ ਤੇ ਤਿਆਰ ਫਸਲ ਦੀ ਕਟਾਈ ਵਢਾਈ ਵਿਚ ਔਰਤ ਆਪਣਾ ਭਰਵਾਂ ਯੋਗਦਾਨ ਦਿੰਦੀ ਹੈ।ਪਸ਼ੂਆਂ ਦੇ ਪੱਠੇ-ਦੱਥੇ ਸਾਂਭ ਸੰਭਾਲ ਤੇ ਦੁੱਧ ਚੋਣ ਦੀ ਜ਼ਿੰਮੇਵਾਰੀ ਵੀ ਔਰਤ ਹੀ ਸੰਭਾਲਦੀ ਹੈ।ਖੇਤਾਂ ਵਿਚ ਕੰਮ ਕਰਦੇ ਘਰ ਦੇ ਜੀਆਂ ਤੇ ਕਾਮਿਆਂ ਲਈ ਰੋਟੀ ਪਾਣੀ ਤੇ ਚਾਹ ਦੀ ਡਿਊਟੀ ਤਾਂ ਉਸ ਨੂੰ ਸੰਭਾਲਣੀ ਹੀ ਪੈਂਦੀ ਹੈ।ਘਰਾਂ ਵਿਚ ਛੋਟੇ ਛੋਟੇ ਅਨੇਕਾਂ ਅਜਿਹੇ ਕੰਮ ਹੁੰਦੇ ਹਨ ਜਿਨ੍ਹਾਂ ਨੂੰ ਮਰਦ ਕੰਮ ਹੀ ਨਹੀ ਸਮਝਦੇ,ਪਰ ਔਰਤ ਸਾਰਾ ਦਿਨ ਇਨ੍ਹਾਂ ਵਿਚ ਰੁੱਝੀ ਰਹਿੰਦੀ ਹੈ।ਔਰਤ ਦੇ ਕੰਮ ਸੂਰਜ ਚੜ੍ਹਨ ਤੋਂ ਪਹਿਲਾਂ ਆਰੰਭ ਹੋ ਕੇ ਦੇਰ ਰਾਤ ਤੱਕ ਜਾਰੀ ਰਹਿੰਦੇ ਹਨ।ਇਸ ਦੇ ਬਾਵਜੂਦ ਜੇ ਮਰਦ ਪ੍ਰਧਾਨ ਸਮਾਜ ਔਰਤ ਦੇ ਕੰਮਾਂ ਨੂੰ ਕੰਮ ਹੀ ਨਹੀ ਸਮਝਦਾ ਤਾਂ ਇਸ ਤੋਂ ਦੁਖਦਾਈ ਗੱਲ ਕੀ ਹੋ ਸਕਦੀ ਹੈ। ਅਸਲ ਵਿਚ ਕੁਦਰਤ ਨੇ ਔਰਤ ਨੂੰ ਵਿਸ਼ਾਲ ਹਿਰਦੇ ਦੀ ਮਾਲਕ ਬਣਾਇਆ ਹੈ।ਸਾਰੇ ਕੰਮ ਕਰਨ ਦੇ ਬਾਵਜੂਦ ਉਹ ਕਦੇ ਜਤਲਾਉਂਦੀ ਨਹੀ ਹੈ ਕਿ ਉਹ ਕੰਮ ਕਰਦੀ ਹੈ।ਘਰ ਨੂੰ ਪੋਟਾ-ਪੋਟਾ ਕਰਕੇ ਸਿਰਜਦਿਆਂ ਉਸ ਦੇ ਮਨ ਨੂੰ ਅੰਤਰੀਵ ਖੁਸ਼ੀ ਮਿਲਦੀ ਹੈ।ਜੇਕਰ ਘਰ ਦੇ ਮੈਂਬਰ ਉਸ ਦੇ ਕੀਤੇ ਹੋਏ ਕੰਮਾਂ ਦੀ ਕਿਤੇ ਪ੍ਰਸੰਸਾ ਕਰ ਦੇਣ ਤਾਂ ਉਸ ਦੀ ਸਾਰੀ ਥਕਾਵਟ ਲਹਿ ਜਾਂਦੀ ਹੈ।ਔਰਤ ਪਰਿਵਾਰ ਦੀ ਥੰਮ ਹੁੰਦੀ ਹੈ।ਜੇ ਕੁਝ ਦਿਨਾਂ ਲਈ ਘਰ ਦੀ ਔਰਤ ਕਿਤੇ ਬਾਹਰ ਚਲੀ ਜਾਵੇ ਤਾਂ ਘਰ ਦੀ ਜੋ ਸਥਿਤੀ ਬਣਦੀ ਹੈ ਉਸ ਨੂੰ ਸ਼ਬਦਾਂ ਵਿਚ ਬਿਆਨ ਨਹੀ ਕੀਤਾ ਜਾ ਸਕਦਾ,ਉਸ ਨੂੰ ਤਾਂ ਮਹਿਸੂਸ ਹੀ ਕੀਤਾ ਜਾ ਸਕਦਾ ਹੈ।ਔਰਤ ਦੀ ਗੈਰ-ਹਾਜ਼ਰੀ ਵਿਚ ਜੇ ਮਰਦਾਂ ਨੂੰ ਕੋਈ ਚੀਜ਼ ਲੱਭਣੀ ਪੈ ਜਾਵੇ ਤਾਂ ਸਾਰੇ ਘਰ ਵਿਚ ਖਲਾਰਾ ਪੈ ਜਾਂਦਾ ਹੈ, ਪਰ ਚੀਜ਼ ਫੇਰ ਨਹੀ ਲੱਭਦੀ। ਸਮਾਂ ਬਹੁਤ ਬਦਲ ਗਿਆ ਹੈ।ਅਜੋਕੀ ਪੜ੍ਹੀ ਲਿਖੀ ਔਰਤ ਨੇ ਆਪਣੀ ਮਿਹਨਤ,ਲਗਨ,ਯੋਗਤਾ ਨਾਲ ਇਹ ਸਿੱਧ ਕਰ ਦਿੱਤਾ ਹੈ ਕਿ ਉਹ ਮਰਦਾਂ ਤੋਂ ਕਿਤੇ ਅੱਗੇ ਹੈ।ਅੱਜ ਦੀ ਤਾਰੀਕ ਵਿਚ ਹੁਣ ਕੋਈ ਅਜਿਹਾ ਖੇਤਰ ਨਹੀ ਹੈ,ਜਿਸ ਵਿਚ ਔਰਤਾਂ ਨੇ ਆਪਣੀ ਕਾਬਲੀਅਤ ਦਾ ਸਬੂਤ ਨਾਂ ਦਿੱਤਾ ਹੋਵੇ।ਇਸ ਦੇ ਬਾਵਜੂਦ ਅਜੇ ਵੀ ਔਰਤ ਨੂੰ ਜ਼ਿੰਦਗੀ ਵਿਚ ਵਿਚਰਦਿਆਂ ਅਨੇਕਾਂ ਦੁਸ਼ਵਾਰੀਆਂ ਵਿਚੋਂ ਗੁਜ਼ਰਨਾ ਪੈ ਰਿਹਾ ਹੈ।ਹੁਣ ਤਾਂ ਸ਼ਾਇਦ ਹੀ ਕੋਈ ਅਜਿਹਾ ਖੇਤਰ ਹੋਵੇ ਜਿੱਥੇ ਔਰਤ ਨੇ ਆਪਣੀ ਸਮਰਥਾ ਦਾ ਪ੍ਰਗਟਾਵਾ ਨਾਂ ਕੀਤਾ ਹੋਵੇ,ਪਰ ਘਰ ਦੀ ਸਿਰਜਣਾ ਦਾ ਤਾਂ ਔਰਤ ਦੀ ਹੋਂਦ ਤੋਂ ਬਿਨਾਂ ਕਿਆਸ ਵੀ ਨਹੀ ਕੀਤਾ ਜਾ ਸਕਦਾ।ਜੇਕਰ ਘਰਾਂ ਨੂੰ ਹੋਰ ਸੁੰਦਰ ਤੇ ਖੁਸ਼ਗਵਾਰ ਬਣਾਉਣਾ ਚਾਹੁੰਦੇ ਹੋ ਤਾਂ ਘਰ ਦੀ ਸੁਆਣੀ ਦੇ ਕੰਮਾਂ ਨੂੰ ਮਾਨਤਾ ਵੀ ਮਿਲਣੀ ਚਾਹੀਦੀ ਹੈ ਤੇ ਉਸ ਨੂੰ ਬਣਦਾ ਆਦਰ ਮਾਣ ਵੀ ਮਿਲਣਾ ਚਾਹੀਦਾ ਹੈ ਜਿਸ ਦੀ ਉਹ ਪੂਰੀ ਤਰ੍ਹਾਂ ਹੱਕਦਾਰ ਹੈ।

# ਮੱਧ-ਪੂਰਬ ਏਸ਼ੀਆ ਦਾ ਸੰਕਟ ਅਤੇ ਆਮ ਲੋਕ

ਡਾ. ਰਣਜੀਤ ਸਿੰਘ
94170-87328



**ਮੱਧ** ਪੂਰਬ ਏਸ਼ੀਆ ਸੰਸਾਰ ਦੇ ਉਨ੍ਹਾਂ ਕੁਝ ਕੁ ਖਿੱਤਿਆਂ ਵਿੱਚੋਂ ਹੈ ਜਿੱਥੇ ਸੱਭਿਅਤਾ ਦਾ ਵਿਕਾਸ ਹੋਇਆ। ਮਨੁੱਖ ਨੇ ਜੰਗਲਾਂ ਵਿੱਚੋਂ ਨਿਕਲ ਘਰ ਵਸਾ ਕੇ ਰਹਿਣਾ ਸ਼ੁਰੂ ਕੀਤਾ ਅਤੇ ਖੇਤੀ ਦਾ ਧੰਦਾ ਅਪਣਾਇਆ। ਕਣਕ ਦੀ ਖੇਤੀ ਵੀ ਇਸੇ ਖਿੱਤੇ ਵਿੱਚ ਸ਼ੁਰੂ ਹੋਈ ਮੰਨੀ ਜਾਂਦੀ ਹੈ। ਭਾਰਤ ਵਿੱਚ ਕਣਕ ਦੀ ਆਮਦ ਵੀ ਇਸੇ ਖਿੱਤੇ ਵਿੱਚੋਂ ਆਈ ਮੰਨੀ ਜਾਂਦੀ ਹੈ। ਭਾਰਤੀ ਪਹਿਲਾਂ ਜੌਂਆਂ ਦੀ ਖੇਤੀ ਕਰਦੇ ਸਨ। ਇਹ ਖਿੱਤਾ ਆਪਣੀ ਖੇਤੀ ਅਤੇ ਬਗੀਚਿਆਂ ਲਈ ਪ੍ਰਸਿੱਧ ਹੈ। ਸੰਸਾਰ ਦੇ ਸਭ ਤੋਂ ਵੱਧ ਮੰਨੇ ਜਾਂਦੇ ਦੋਵੇਂ ਧਰਮ ਵੀ ਇੱਥੇ ਹੀ ਪ੍ਰਫੁਲਿਤ ਹੋਏ ਤੇ ਇਨ੍ਹਾਂ ਦੋਹਾਂ ਧਰਮਾਂ ਨੂੰ ਮੰਨਣ ਵਾਲੇ ਲੋਕਾਂ ਨੇ ਲਗਭਗ ਸਾਰੇ ਸੰਸਾਰ ਵਿੱਚ ਹੀ ਰਾਜ ਕੀਤਾ। ਇਹ ਵੀ ਮੰਨਿਆ ਜਾਂਦਾ ਹੈ ਕਿ ਅਸੀ ਆਰੀਆ ਲੋਕ ਵੀ ਇਸੇ ਖਿੱਤੇ ਵਿੱਚੋਂ ਭਾਰਤ ਆਏ ਸਾਂ। ਗਿਆਰਵੀ ਸਦੀ ਵਿੱਚ ਇਸੇ ਪਾਸਿਓਂ ਮੁੜ ਭਾਰਤ ਉੱਤੇ ਹਮਲੇ ਹੋਣ ਲੱਗੇ ਅਤੇ ਭਾਰਤ ਦੀ ਲੁੱਟ ਸ਼ੁਰੂ ਹੋ ਗਈ। ਇੱਥੋਂ ਹੀ ਆ ਕੇ ਹਮਲਾਵਰਾਂ ਨੇ ਭਾਰਤ ਉੱਤੇ ਕਈ ਸਦੀਆਂ ਰਾਜ ਕੀਤਾ। ਸੰਸਾਰ ਦੇ ਹੋਰ ਦੇਸ਼ਾਂ ਵਾਂਗ ਇਸ ਖਿੱਤੇ ਦੇ ਦੇਸ਼ਾਂ ਵਿੱਚ ਵੀ ਬਾਦਸ਼ਾਹ ਹੀ ਰਾਜ ਕਰਦੇ ਸਨ। ਸੰਸਾਰ ਦੇ ਗ਼ੁਲਾਮ ਦੇਸ਼ਾਂ ਨੇ ਜਦੋਂ ਆਜ਼ਾਦੀ ਲਈ ਲੜਾਈ ਸ਼ੁਰੂ ਕੀਤੀ ਤਾਂ ਇੱਥੋਂ ਦੇ ਲੋਕਾਂ ਨੇ ਵੀ ਰਾਜਿਆਂ ਵਿਰੁੱਧ ਬਗਾਵਤ ਦਾ ਰਾਹ ਫੜਿਆ। ਇਹ ਲੋਕ ਆਪਣੀ ਖ਼ੂਬਸੂਰਤੀ ਲਈ ਪ੍ਰਸਿੱਧ ਹਨ। ਇਥੋਂ ਦੀਆਂ ਹੂਰਾਂ, ਖਜੂਰਾਂ ਅਤੇ ਖੁਸ਼ਕ ਮੇਵੇ ਤੇ ਹੋਰ ਫਲ ਸਾਰੇ ਸੰਸਾਰ ਵਿੱਚ ਜਾਣੇ ਜਾਂਦੇ ਹਨ। ਪਹਿਲੀ ਤੇ ਦੂਜੀ ਸੰਸਾਰ ਜੰਗ ਸਮੇਂ ਅੰਗਰੇਜ਼ ਫ਼ੌਜਾਂ ਇਸ ਖਿੱਤੇ ਰਾਹੀ ਹੀ ਯੂਰੋਪ ਪੁੱਜੀਆਂ ਸਨ। ਹੌਲੀ-ਹੌਲੀ ਇਨ੍ਹਾਂ ਦੇਸ਼ਾਂ ਵਿੱਚ ਰਾਜ ਪਲਟੇ ਹੋਏ ਅਤੇ ਬਾਦਸ਼ਾਹਾਂ ਦੀ ਥਾਂ ਤਾਨਾਸ਼ਾਹੀ ਅਗਵਾਈ ਹੇਠ ਅਖੌਤੀ ਲੋਕਰਾਜ ਸਥਾਪਤ ਹੋਏ। ਦੂਜੇ ਸੰਸਾਰ ਯੁੱਧ ਪਿਛੋਂ ਇਜ਼ਰਾਈਲ ਨਾਮ ਹੇਠ ਯਹੂਦੀਆਂ ਲਈ ਨਵਾਂ ਦੇਸ਼ ਹੋਂਦ ਵਿੱਚ ਆਇਆ। ਇਨ੍ਹਾਂ ਲੋਕਾਂ ਦੀ ਸੰਸਾਰ ਦੇ ਹਰ ਖੇਤਰ ਵਿੱਚ ਤੂਤੀ ਬੋਲਦੀ ਹੈ। ਆਪਣੀ ਹੋਂਦ ਨੂੰ ਕਾਇਮ ਰੱਖਣ ਲਈ ਇਸ ਦੇਸ਼ ਦੀ ਫੌਜ ਦੀ ਟੱਕਰ ਆਪਣੇ ਗੁਆਂਢੀ ਦੇਸ਼ਾਂ ਜਿਨ੍ਹਾਂ ਵਿੱਚ ਸੀਰੀਆ, ਫ਼ਲਸਤੀਨ ਅਤੇ ਲਿਬਰਾਨ ਮੁੱਖ ਹਨ, ਨਾਲ ਚੱਲਦੀ ਹੀ ਰਹਿੰਦੀ ਹੈ। ਹਜ਼ਾਰਾਂ ਬੇਦੋਸ਼ੇ ਲੋਕ ਇਸ ਟੱਕਰ ਵਿੱਚ ਹੁਣ ਵੀ ਆਪਣੀਆਂ ਜਾਨਾਂ ਵਾਰ ਚੁੱਕੇ ਹਨ। ਗਾਜ਼ਾ ਪੱਟੀ ਵਿੱਚ ਤਾਂ ਲੋਕਾਂ ਨੂੰ ਭੋਜਨ ਦੀ ਥਾਂ ਗੋਲੀਆਂ ਅਤੇ ਬੰਬ ਹੀ ਨਸੀਬ ਹੋ ਰਹੇ ਹਨ। ਜਦੋਂ ਤੋਂ ਇੱਥੇ ਤੇਲ ਦੇ ਭੰਡਾਰ ਮਿਲੇ ਹਨ, ਸੰਸਾਰ ਦੀਆਂ ਮੁੱਖ ਤਾਕਤਾਂ ਨੇ ਆਪਣੀ ਦਿਲਚਸਪੀ ਲੈਣੀ ਸ਼ੁਰੂ ਕਰ ਦਿੱਤੀ। ਇਜ਼ਰਾਈਲ ਭਾਵੇਂ ਸਭ ਤੋਂ ਛੋਟਾ ਦੇਸ਼ ਹੈ, ਪਰ ਫ਼ੌਜੀ ਅਤੇ ਆਰਥਿਕ ਪੱਖੋਂ ਸਭ ਤੋਂ ਮਜ਼ਬੂਤ ਦੇਸ਼ ਬਣ ਗਿਆ ਹੈ। ਇਸ ਨੂੰ ਅਮਰੀਕਾ ਅਤੇ ਹੋਰ ਯੂਰੋਪੀਅਨ ਦੇਸ਼ਾਂ ਦੀ ਪੂਰੀ ਹਮਾਇਤ ਪ੍ਰਾਪਤ ਹੈ। ਇਸ ਦੀ ਗੁਆਂਢੀਆਂ ਨਾਲ ਲੜਾਈ ਚੱਲਦੀ ਹੀ ਰਹਿੰਦੀ ਹੈ ਕਿਉਂਕਿ ਫ਼ਲਸਤੀਨੀ ਬਾਗ਼ੀਆਂ ਦੇ ਅੱਡੇ ਇਨ੍ਹਾਂ ਦੇਸ਼ਾਂ 'ਚ ਹਨ। ਇਸ ਵਾਰ ਤਾਂ ਇਸ ਦੀ ਮਾਰ ਇਰਾਨ ਤੱਕ ਪਹੁੰਚ ਗਈ ਹੈ। ਇਨ੍ਹਾਂ ਸਾਰੇ ਦੇਸ਼ਾਂ ਵਿੱਚ ਅੰਦਰੂਨੀ ਮਾਹੌਲ ਅਸ਼ਾਂਤ ਹੀ ਰਿਹਾ ਹੈ। ਇਸ ਅਸ਼ਾਂਤੀ ਦਾ ਕਾਰਨ ਤਿੰਨ ਮੁੱਖ ਤਾਕਤਾਂ ਦੀ ਸੱਤਾ ਪ੍ਰਾਪਤੀ ਲਈ ਕੋਸ਼ਿਸ਼ ਹੈ। ਇਨ੍ਹਾਂ ਤਿੰਨ੍ਹਾਂ ਹੀ ਧਿਰਾਂ ਨੂੰ ਵਿਦੇਸ਼ੀ ਹਮਾਇਤ ਪ੍ਰਾਪਤ ਹੈ ਜਿਸ ਕਰ ਕੇ ਇਹ ਅੰਦਰੂਨੀ ਬਗ਼ਾਵਤਾਂ ਦੀਆਂ ਘਾੜਤਾਂ ਘੜਦੇ ਰਹਿੰਦੇ ਹਨ। ਇਨ੍ਹਾਂ ਵਿੱਚੋਂ ਮੁੱਖ ਇਸਲਾਮੀ ਕੱਟੜਵਾਦੀ ਧੜੇ ਹਨ, ਜਿਹੜੇ ਲਿਬਨਾਨ ਤੋਂ ਲੈ ਕੇ ਅਫ਼ਗਾਨਿਸਤਾਨ ਤੱਕ ਫੈਲੇ ਹੋਏ ਹਨ। ਹੁਣ ਬਲੋਚਿਸਤਾਨ ਵਿੱਚ ਵੀ ਬਗ਼ਾਵਤੀ ਸੁਰਾਂ ਤੇਜ਼ ਹੋਣ ਲੱਗੀਆਂ ਹਨ। ਦੂਜਾ ਧੜਾ ਆਪਣੇ ਆਪ ਨੂੰ ਸਮਾਜਵਾਦੀ ਤਾਨਾਸ਼ਾਹੀ ਦਾ ਨੁਮਾਇੰਦਾ ਮੰਨਦਾ ਹੈ। ਇਸ ਧੜੇ ਨੂੰ ਰੂਸ ਦੀ ਹਮਾਇਤ ਹਾਸਲ ਹੈ ਪਰ ਰੂਸ ਦੇ ਟੁੱਟਣ ਨਾਲ ਅਤੇ ਹੁਣ ਯੂਕਰੇਨ ਨਾਲ ਯੁੱਧ ਕਾਰਨ ਰੂਸੀ ਹਮਾਇਤ ਕਮਜ਼ੋਰ ਹੋ ਗਈ ਹੈ। ਇਸ ਸੋਚ ਵਾਲੀ ਬਾਥ ਪਾਰਟੀ ਨੇ ਸੀਰੀਆ ਅਤੇ ਇਰਾਕ ਉਤੇ ਰਾਜ ਕਾਇਮ ਕੀਤਾ। ਸੀਰੀਆ ਵਿੱਚ ਅਸਦ ਪਰਿਵਾਰ ਦਾ ਰਾਜ ਅੰਦਰੂਨੀ ਬਗ਼ਾਵਤ ਕਾਰਨ ਪਿਛਲੇ ਸਾਲ ਕੋਈ ਅੱਧੀ ਸਦੀ ਪਿੱਛੋਂ ਖ਼ਤਮ ਹੋ ਗਿਆ ਹੈ ਜਦੋਂਕਿ ਇਰਾਕ ਵਿੱਚ ਅਮਰੀਕਾ ਦੀ ਸਿੱਧੀ ਦਖਲਅੰਦਾਜ਼ੀ ਨਾਲ ਸੱਦਾਮ ਹੁਸੈਨ ਦਾ ਰਾਜ ਖ਼ਤਮ ਕੀਤਾ ਗਿਆ ਸੀ ਤੇ ਉਸ ਨੂੰ ਫ਼ਾਂਸੀ ਦੀ ਸਜ਼ਾ ਸੁਣਾਈ ਗਈ। ਅਮਰੀਕੀ ਹਮਾਇਤ ਪ੍ਰਾਪਤ ਧਿਰਾਂ ਦੇ ਦਬਦਬੇ ਵਿੱਚ ਵਾਧਾ ਹੋ ਰਿਹਾ ਹੈ। ਮੱਧ-ਪੂਰਬ ਏਸ਼ੀਆ ਤੁਰਕੀ ਤੋਂ ਸ਼ੁਰੂ ਹੁੰਦਾ ਹੈ ਜਿਸ ਦੇ ਕੁਝ ਇਲਾਕੇ ਨੂੰ ਯੂਰੋਪ ਦਾ ਹਿੱਸਾ ਮੰਨਿਆ ਜਾਂਦਾ ਹੈ। ਇਥੇ ਹੁਣ ਲੋਕਰਾਜ ਕਾਇਮ ਹੋ ਚੁੱਕਾ ਹੈ ਭਾਵੇਂ ਇਸ ਉੱਤੇ ਪੂਰਾ ਫ਼ੌਜੀ ਪ੍ਰਭਾਵ ਹੈ। ਇਸ ਸਮੇਂ ਇਸ ਨੂੰ ਮੱਧ-ਪੂਰਬ ਏਸ਼ੀਆ ਦਾ ਸਭ ਤੋਂ ਸ਼ਕਤੀਸ਼ਾਲੀ ਦੇਸ਼ ਆਖਿਆ ਜਾ ਸਕਦਾ ਹੈ। ਹੁਣੇ ਭਾਰਤ ਦੇ ਪਾਕਿਸਤਾਨ ਨਾਲ ਹੋਏ ਝਗੜੇ ਵਿੱਚ ਇਸ ਦੇਸ਼ ਨੇ ਪਾਕਿਸਤਾਨ ਦੀ ਸਿੱਧੀ ਹਮਾਇਤ ਕੀਤੀ ਸੀ। ਸਮੁੰਦਰ ਦੇ ਕੰਢੇ ਇਹ ਖ਼ੂਬਸੂਰਤ ਬੰਦਰਗਾਹ ਹੈ। ਏਸ਼ੀਆ ਵਾਲੇ ਪਾਸਿਓਂ ਇਸ ਨੂੰ ਯੂਰੋਪ ਦਾ ਦੁਆਰ ਵੀ ਆਖਿਆ ਜਾਂਦਾ ਹੈ। ਇਸ ਦੇ ਨਾਲ ਲੱਗਦਾ ਦੂਜਾ ਦੇਸ਼ ਲਿਬਨਾਨ ਹੈ। ਇਸ ਨੂੰ ਏਸ਼ੀਆ ਦਾ ਸਵਿਟਜ਼ਰਲੈਂਡ ਵੀ ਆਖਿਆ ਜਾਂਦਾ ਹੈ। ਇੱਕ ਪਾਸੇ ਸਮੁੰਦਰ ਤੇ ਦੂਜੇ ਪਾਸੇ ਉੱਚੀਆਂ ਪਹਾੜੀਆਂ ਹਨ। ਬਹੁਤ ਹੀ ਪ੍ਰਸਿੱਧ ਸੈਰਗਾਹ ਹੈ ਪਰ ਜਦੋਂ ਤੋਂ ਇਜ਼ਰਾਈਲ ਹੋਂਦ ਵਿੱਚ ਆਇਆ, ਉਦੋਂ ਤੋਂ ਇਸ ਉੱਤੇ ਬਾਗ਼ੀਆਂ ਨੂੰ ਕਾਬੂ ਕਰਨ ਦੇ ਨਾਮ 'ਤੇ ਇਹ ਦੇਸ਼ ਹਮਲੇ ਕਰਦਾ ਰਹਿੰਦਾ ਹੈ। ਲਿਬਨਾਨ ਦੀ ਰਾਜਧਾਨੀ ਬੈਰੂਤ ਬਹੁਤ ਖ਼ੂਬਸੂਰਤ ਸੈਰਗਾਹ ਹੈ। ਸੰਸਾਰ ਦੀਆਂ ਵੱਡੀਆਂ ਕੰਪਨੀਆਂ ਦੇ ਦਫ਼ਤਰ ਇੱਥੇ ਹਨ। ਇਨ੍ਹਾਂ ਦੋਵਾਂ ਦੇਸ਼ਾਂ ਨਾਲ ਸਾਂਝੀਆਂ ਸਰਹੱਦਾਂ ਵਾਲਾ ਦੇਸ਼ ਸੀਰੀਆ ਹੈ। ਤੁਰਕੀ ਤੋਂ ਬੈਰੂਤ ਨੂੰ ਜਾਂਦਿਆਂ ਸਮੁੰਦਰ ਕੰਢੇ ਵਾਲੀ ਸੜਕ ਸੀਰੀਆ ਦੇ ਕੁਝ ਹਿੱਸੇ ਵਿੱਚੋਂ ਲੰਘਦੀ ਹੈ। ਸੀਰੀਆ ਖੇਤੀ, ਵਿਸ਼ੇਸ਼ ਕਰ ਕੇ ਦਾਲਾਂ ਦੀ ਖੇਤੀ ਲਈ ਪ੍ਰਸਿੱਧ ਹੈ। ਸੀਰੀਆਂ ਤੋਂ ਅਗਲਾ ਦੇਸ਼ ਇਰਾਕ ਹੈ ਜਿਸ ਦੀਆਂ ਸਰਹੱਦਾਂ ਸੀਰੀਆ, ਤੁਰਕੀ, ਇਰਾਨ ਅਤੇ ਕੁਵੈਤ ਨਾਲ ਲੱਗਦੀਆਂ ਹਨ। ਇਸ ਦੇ ਤਿੰਨ ਬੜੇ ਸ਼ਹਿਰ ਮੌਸਲ, ਬਗ਼ਦਾਦ ਤੇ ਬਸਰਾ ਹਨ। ਕੁਰਦ ਲੋਕਾਂ ਦੀ ਵਸੋਂ ਵਾਲਾ ਸ਼ਹਿਰ ਕਿਰਕੂਕ ਹੈ ਜਿੱਥੇ ਵਧੀਆ ਤੇਲ ਦਾ ਭੰਡਾਰ ਹੈ। ਇਸਲਾਮ ਦੇ ਸ਼ੀਆ ਫ਼ਿਰਕੇ ਦਾ ਪਵਿੱਤਰ ਸ਼ਹਿਰ ਕਰਬਲਾ, ਬੈਬੀਲੋਨ ਦੇ ਲਟਕਦੇ ਬਗੀਚੇ ਇੱਥੇ ਹੀ ਹਨ। ਇਸ ਦੇ ਦੋ ਦਰਿਆ ਦਜਲਾ ਅਤੇ ਫ਼ਰਾਤ ਸੀਰੀਆ ਵਾਲੇ ਪਾਸਿਓਂ ਆਉਂਦੇ ਹਨ। ਬਸਰੇ ਲਾਗੇ ਜਾ ਕੇ ਦੋਵੇਂ ਦਰਿਆ ਇੱਕ ਹੋ ਕੇ ਅਰਬ ਸਾਗਰ ਵਿੱਚ ਚਲੇ ਜਾਂਦੇ ਹਨ। ਦੋਵਾਂ ਦਰਿਆਵਾਂ ਵਿਚਲੇ ਇਲਾਕੇ ਨੂੰ ਮੈਸੋਪੋਟੇਮੀਆ ਆਖਿਆ ਜਾਂਦਾ ਹੈ ਜਿਸ ਦਾ ਅਰਥ ਦੁਆਬਾ ਹੈ। ਇਸ ਖਿੱਤੇ ਨੂੰ ਸੰਸਾਰ ਵਿੱਚ ਸੱਭਿਆਚਾਰਕ ਵਿਕਾਸ ਦਾ ਮੁੱਢਲਾ ਕੇਂਦਰ ਮੰਨਿਆ ਜਾਂਦਾ ਹੈ। ਇਰਾਕ ਦੇ ਨਾਲ ਲੱਗਦਾ ਸਮੁੰਦਰ ਕੰਢੇ ਇੱਕੋ ਸ਼ਹਿਰ ਵਾਲਾ ਨਿੱਕਾ ਜਿਹਾ ਦੇਸ਼ ਕੁਵੈਤ ਹੈ। ਇਸ ਕੋਲ ਤੇਲ ਦੇ ਭੰਡਾਰ ਹੋਣ ਕਰ ਕੇ ਅਮੀਰ ਰਿਆਸਤ ਹੈ। ਸੱਦਾਮ ਹੁਸੈਨ ਨੇ ਕਦੇ ਇਸ ਨੂੰ ਆਪਣੇ ਕਬਜ਼ੇ ਵਿੱਚ ਲੈਣ ਦੀ ਕੋਸ਼ਿਸ਼ ਕੀਤੀ ਸੀ ਪਰ ਅਮਰੀਕੀ ਫ਼ੌਜਾਂ ਨੇ ਕੇਵਲ ਕੁਵੈਤ ਹੀ ਆਜ਼ਾਦ ਨਹੀ ਕਰਵਾਇਆ, ਸਗੋਂ ਸੱਦਾਮ ਹੁਸੈਨ ਨੂੰ ਵੀ ਸੂਲੀ ਉੱਤੇ ਟੰਗ ਦਿੱਤਾ ਅਤੇ ਇੱਥੇ ਆਪਣੀ ਕਠਪੁਤਲੀ ਸਰਕਾਰ ਕਾਇਮ ਕਰ ਲਈ। ਇਸ ਖਿੱਤੇ ਵਿੱਚ ਦੂਜਾ ਸ਼ਕਤੀਸ਼ਾਲੀ ਦੇਸ਼ ਇਰਾਨ ਹੈ। ਇਸ ਦੀਆਂ ਸਰਹੱਦਾਂ ਇਰਾਕ, ਤੁਰਕੀ, ਅਫ਼ਗਾਨਿਸਤਾਨ ਨਾਲ ਲੱਗਦੀਆਂ ਹਨ। ਇਸ ਕੋਲ ਤੇਲ ਦੇ ਭੰਡਾਰ ਅਤੇ ਸਮੁੰਦਰੀ ਤੱਟ ਵੀ ਹੈ। ਇਸ ਖਿੱਤੇ ਵਿੱਚੋਂ ਬਾਦਸ਼ਾਹਿਤ ਖਤਮ ਕਰ ਕੇ ਇਸਲਾਮੀ ਸਟੇਟ ਬਣਨ ਵਾਲਾ ਇਹ ਸਭ ਤੋਂ ਮਗਰਲਾ ਦੇਸ਼ ਹੈ। ਸਾਰੇ ਖਿੱਤੇ ਵਿੱਚ ਜਿੱਤੇ ਸੁੰਨੀ ਮੁਸਲਮਾਨਾਂ ਦਾ ਵੱਧ ਆਬਾਦੀ ਹੈ, ਉਥੇ ਇਰਾਨ ਹੀ ਅਜਿਹਾ ਦੇਸ਼ ਹੈ ਜਿੱਥੇ ਸ਼ੀਆ ਮੁਸਲਮਾਨ ਰਾਜ ਕਰਦੇ ਹਨ। ਤੁਰਕੀ, ਸੀਰੀਆ, ਇਰਾਕ ਅਤੇ ਇਰਾਨ ਦੀਆਂ ਜਿੱਥੇ ਸਰਹੱਦਾਂ ਮਿਲਦੀਆਂ ਹਨ, ਉਥੇ ਵੱਖਰੀ ਕੁਰਦ ਕੌਮ ਰਹਿੰਦੀ ਹੈ। ਇਨ੍ਹਾਂ ਦਾ ਆਰੀਅਨ ਪਿਛੋਕੜ ਮੰਨਿਆ ਜਾਂਦਾ ਹੈ ਅਤੇ ਇਨ੍ਹਾਂ ਦੀ ਬੋਲੀ ਵੱਖਰੀ ਹੈ ਜਿਹੜੀ ਪੰਜਾਬੀ ਬੋਲੀ ਦੇ ਵਧੇਰੇ ਨੇੜੇ ਹੈ। ਇੱਕ ਤੋਂ ਦਸ ਤਕ ਗਿਣਤੀ ਪੰਜਾਬੀ ਵਾਲੀ ਹੈ। ਇਨ੍ਹਾਂ ਲੋਕਾਂ ਨੇ ਅਮਰੀਕੀ, ਤੁਰਕੀ ਅਤੇ ਇਰਾਨੀ ਸ਼ਹਿ ਉੱਤੇ ਇਰਾਕ ਵਿੱਚ ਕੋਈ ਅੱਧੀ ਸਦੀ ਪਹਿਲਾਂ ਬਗ਼ਾਵਤ ਕੀਤੀ ਅਤੇ ਆਰਜ਼ੀ ਤੌਰ ਉੱਤੇ ਕੁਰਦਸਤਾਨ ਦੇਸ਼ ਐਲਾਨ ਦਿੱਤਾ। ਇਰਾਕ ਦੇ ਤੇਲ ਭੰਡਾਰ ਵੀ ਇਸੇ ਖਿੱਤੇ ਵਿੱਚ ਹਨ ਤੇ ਮੇਵਿਆਂ ਦੇ ਬਗੀਚੇ ਵੀ ਇੱਥੇ ਹੀ ਹਨ। ਕਿਰਕੂਕ ਮੁੱਖ ਸ਼ਹਿਰ ਹੈ। 1974 ਵਿੱਚ ਸੱਦਾਮ ਹੁਸੈਨ ਨੇ ਇਰਾਨ ਨਾਲ ਸਮਝੌਤਾ ਕਰ ਲਿਆ ਜਿਸ ਕਰ ਕੇ ਕੁਰਦਾਂ ਦੀ ਬਗ਼ਾਵਤ ਉਤੇ ਕਾਬੂ ਪਾ ਲਿਆ ਗਿਆ ਅਤੇ ਇਰਾਕ ਨੇ ਬੜੀ ਤੇਜ਼ੀ ਨਾਲ ਵਿਕਾਸ ਕਾਰਜ ਅਰੰਭ ਕੀਤੇ। ਕਾਲਜ ਅਤੇ ਯੂਨੀਵਰਸਿਟੀਆਂ ਕਾਇਮ ਕੀਤੀਆਂ। ਵਿਕਾਸ ਕਾਰਜਾਂ ਨੂੰ ਨੇਪਰੇ ਚਾੜ੍ਹਨ ਲਈ ਭਾਰਤ ਅਤੇ ਹੋਰ ਦੇਸ਼ਾਂ ਵਿੱਚੋਂ ਵੱਡੀ ਗਿਣਤੀ ਵਿੱਚ ਮਾਹਿਰਾਂ ਨੂੰ ਬੁਲਾਇਆ ਗਿਆ। ਅਗਲਾ ਦੇਸ਼ ਅਫ਼ਗਾਨਿਸਤਾਨ ਹੈ। ਇਹ ਬਗ਼ੀਚਿਆਂ ਅਤੇ ਬਹਾਦਰ ਲੋਕਾਂ ਦਾ ਖ਼ੂਬਸੂਰਤ ਦੇਸ਼ ਹੈ ਪਰ ਪਿਛਲੇ ਲੰਮੇ ਸਮੇਂ ਤੋਂ ਚੱਲ ਰਹੀ ਖਾਨਾਜੰਗੀ ਨੇ ਇਸ ਨੂੰ ਤਬਾਹ ਕਰ ਦਿੱਤਾ ਹੈ। ਕਦੇ ਅਮਰੀਕੀ ਅਤੇ ਕਦੇ ਰੂਸੀ ਹਮਾਇਤ ਨੇ ਖਾਨਾਜੰਗੀ ਨੂੰ ਜਾਰੀ ਰੱਖਣ ਵਿੱਚ ਸਹਾਇਤਾ ਕੀਤੀ। ਹੁਣ ਥੱਕ ਕੇ ਇਨ੍ਹਾਂ ਦੋਵਾਂ ਸ਼ਕਤੀਆਂ ਨੇ ਆਪਣੇ ਆਪ ਨੂੰ ਬਾਹਰ ਕੱਢਿਆ ਹੈ ਤੇ ਇੱਥੇ ਸ਼ਾਂਤੀ ਬਹਾਲ ਹੋਈ ਹੈ। ਹੁਣ ਦੇਸ਼ ਵਿੱਚ ਮੁੜ ਉਸਾਰੀ ਕਾਰਜ ਅਰੰਭ ਹੋਏ ਹਨ। ਇਥੋਂ ਦੇ ਲੋਕ ਤਾਕਤਵਰ ਅਤੇ ਅਣਖੀਲੇ ਹਨ। ਇਨ੍ਹਾਂ ਨੇ ਭਾਰਤ ਨੂੰ ਗਿਆਰਵੀ ਸਦੀ ਤੋਂ ਅਠਾਰਵੀ ਸਦੀ ਤੱਕ ਬੁਰੀ ਤਰ੍ਹਾਂ ਲੁੱਟਿਆ। ਭਾਰਤੀ ਔਰਤਾਂ ਨੂੰ ਗਜ਼ਨੀ ਦੇ ਬਾਜ਼ਾਰਾਂ ਵਿੱਚ ਨਿਲਾਮ ਕੀਤਾ ਗਿਆ। ਮਹਾਰਾਜਾ ਰਣਜੀਤ ਸਿੰਘ ਦਾ ਪੰਜਾਬ ਵਿੱਚ ਜਦੋਂ ਰਾਜ ਕਾਇਮ ਹੋਇਆ ਤਾਂ ਉਸ ਨੇ ਇਨ੍ਹਾਂ ਦੇ ਘਰ ਜਾ ਕੇ ਸਬਕ ਸਿਖਾਇਆ। ਮੁੜ ਕਿਸੇ ਦੀ ਵੀ ਇਸ ਪਾਸਿਉਂ ਭਾਰਤ ਉੱਤੇ ਹਮਲਾ ਕਰਨ ਦੀ ਹਿੰਮਤ ਨਹੀ ਪਈ। ਇਸ ਖਿੱਤੇ ਦੀ ਧਾਰਮਿਕ, ਰਾਜਨੀਤਕ ਅਤੇ ਸੱਭਿਆਚਾਰਕ ਮਹੱਤਤਾ ਨੂੰ ਦੇਖਦੇ ਹੋਏ ਗੁਰੂ ਨਾਨਕ ਜੀ ਨੇ ਇਥੋਂ ਦੀ ਯਾਤਰਾ ਕੀਤੀ। ਉਨ੍ਹਾਂ ਦੀ ਚਰਨਛੋਹ ਦੀਆਂ ਨਿਸ਼ਾਨੀਆਂ ਅਫ਼ਗਾਨਿਸਤਾਨ, ਇਰਾਨ, ਇਰਾਕ, ਤੁਰਕੀ ਅਤੇ ਰੂਸ ਦੇ ਏਸ਼ਿਆਈ ਖਿੱਤੇ ਵਿੱਚ ਮੌਜੂਦ ਹਨ। ਅਫ਼ਗਾਨਿਸਤਾਨ ਅਤੇ ਇਰਾਨ ਵਿੱਚ ਸਿੱਖਾਂ ਦੀ ਚੋਖੀ ਗਿਣਤੀ ਸੀ, ਉਥੇ ਉਨ੍ਹਾਂ ਦੇ ਗੁਰੂ ਘਰ ਅਤੇ ਸਕੂਲ ਸਨ ਪਰ ਦੋਵਾਂ ਦੇਸ਼ਾਂ ਵਿੱਚ ਹੋਈਆਂ ਬਗ਼ਾਵਤਾਂ ਕਾਰਨ ਬਹੁਤਿਆਂ ਨੂੰ ਇਹ ਦੇਸ਼ ਛੱਡਣੇ ਪਏ।

ਹੁਣ ਸਾਰੇ ਮੱਧ-ਪੂਰਬ ਏਸ਼ੀਆ ਵਿੱਚ ਸਿੱਖਾਂ ਅਤੇ ਹਿੰਦੂਆਂ ਦੀ ਗਿਣਤੀ ਨਾਮਮਾਤਰ ਹੈ ਕਿਉਂਕਿ ਇਨ੍ਹਾਂ ਦੇਸ਼ਾਂ ਵਿੱਚ ਵਿਦੇਸ਼ੀਆਂ ਨੂੰ ਪੱਕੇ ਤੌਰ ਉੱਤੇ ਵਸੇਬਾ ਕਰਨ ਨਹੀ ਦਿੱਤਾ ਜਾਂਦਾ। ਇੱਥੋਂ ਦੇ ਲੋਕ ਮਨੁੱਖੀ ਕਦਰਾਂ ਕੀਮਤਾਂ ਦੇ ਧਾਰਨੀ ਮਿਹਨਤੀ ਅਤੇ ਬਹਾਦਰ ਹਨ ਪਰ ਪੂਰੀ ਵੀਹਵੀ ਸਦੀ ਇਥੇ ਗੜਬੜ ਹੁੰਦੀ ਰਹੀ ਹੈ ਜਿਸ ਕਰ ਕੇ ਇਥੋਂ ਦੀ ਖ਼ੁਸ਼ਹਾਲੀ ਅਤੇ ਵਿਕਾਸ ਬਹੁਤ ਪਿਛੜ ਗਿਆ ਹੈ। ਸੰਸਾਰ ਦਾ ਸਭ ਤੋਂ ਵੱਧ ਅਗਾਂਹ ਵਧੂ ਖਿੱਤਾ ਹੁਣ ਪਛੜ ਗਿਆ ਹੈ ਅਤੇ ਕੱਟੜਵਾਦ ਦਾ ਸ਼ਿਕਾਰ ਹੋ ਗਿਆ ਹੈ। ਮਨੁੱਖੀ ਅਧਿਕਾਰਾਂ ਦਾ ਘਾਣ ਹੋ ਰਿਹਾ ਹੈ। ਇਜ਼ਰਾਈਲ ਰਾਹੀ ਅਮਰੀਕਾ ਇਸ ਖਿੱਤੇ ਵਿੱਚ ਆਪਣਾ ਦਬਦਬਾ ਕਾਇਮ ਰੱਖਣਾ ਚਾਹੁੰਦਾ ਹੈ ਜਿਸ ਦਾ ਸ਼ਿਕਾਰ ਆਮ ਲੋਕ ਹੋ ਰਹੇ ਹਨ। ਸਭ ਤੋਂ ਵੱਧ ਨੁਕਸਾਨ ਫ਼ਲਸਤੀਨੀ ਲੋਕਾਂ ਦਾ ਹੋਇਆ ਹੈ। ਉਹ ਖਾਨਾਬਦੋਸ਼ ਬਣ ਕੇ ਭੁੱਖਮਰੀ ਦਾ ਸ਼ਿਕਾਰ ਹਨ। ਵਿੱਦਿਆ ਅਤੇ ਗਿਆਨ ਦਾ ਗੜ੍ਹ ਇਹ ਖਿੱਤਾ ਹੁਣ ਕੱਟੜਵਾਦ ਕਾਰਨ ਪਛੜ ਗਿਆ ਹੈ। ਇਨ੍ਹਾਂ ਦੇ ਨਸੀਬ ਵਿੱਚ ਸ਼ਾਂਤੀ ਕਦੋਂ ਹੋਵੇਗੀ ਰੱਬ ਹੀ ਜਾਣਦਾ ਹੈ।



# ਔਲਾਦ ਕਰੇ ਬਜ਼ੁਰਗਾਂ ਦਾ ਸਤਿਕਾਰ

ਸੰਜੀਵ ਸਿੰਘ ਸੈਣੀ
78889-66168

**ਬਚਪਨ** ਤੋਂ ਹੀ ਬੱਚਿਆਂ ਨੂੰ ਸਿੱਖਿਆ ਦਿੱਤੀ ਜਾਂਦੀ ਸੀ ਕਿ ਬਜ਼ੁਰਗ ਸਾਡੇ ਸਮਾਜ ਦਾ ਸਰਮਾਇਆ ਹਨ। ਉਹ ਘਰ ਦੀ ਨੀਹ ਹੁੰਦੇ ਹਨ। ਬਜ਼ੁਰਗਾਂ ਦਾ ਅਸ਼ੀਰਵਾਦ ਬਹੁਤ ਕਰਮਾਂ ਵਾਲਿਆਂ ਨੂੰ ਹੀ ਮਿਲਦਾ ਹੈ ਪਰ ਅੱਜ ਸਾਡਾ ਸਮਾਜ ਕਿੱਧਰ ਨੂੰ ਜਾ ਰਿਹਾ ਹੈ? ਜ਼ਿਆਦਾਤਰ ਘਰਾਂ ਵਿਚ ਬਜ਼ੁਰਗਾਂ ਨੂੰ ਤ੍ਰਿਸਕਾਰਿਆ ਜਾ ਰਿਹਾ ਹੈ। ਹਰ ਸਾਲ ਮਾਂ-ਪਿਓ ਦਿਵਸ ਬਹੁਤ ਹੀ ਖ਼ੁਸ਼ੀ ਤੇ ਉਤਸ਼ਾਹ ਨਾਲ ਮਨਾਏ ਜਾਂਦੇ ਹਨ। ਉਦੋਂ ਤਾਂ ਇੰਜ ਪ੍ਰਤੀਤ ਹੁੰਦਾ ਹੈ ਕਿ ਕਿਸੇ ਦੇ ਵੀ ਮਾਪੇ ਬਿਰਧ ਆਸ਼ਰਮ ਵਿਚ ਨਹੀ ਹਨ। ਇਕ ਅਕਤੂਬਰ ਨੂੰ ਅੰਤਰਰਾਸ਼ਟਰੀ ਬਜ਼ੁਰਗ ਦਿਵਸ ਮਨਾਇਆ ਜਾਂਦਾ ਹੈ। ਇਸ ਦੀ ਸ਼ੁਰੂਆਤ ਬਜ਼ੁਰਗਾਂ ਨਾਲ ਹੋ ਰਿਹਾ ਮਾੜਾ ਵਤੀਰਾ, ਅਣਗਹਿਲੀ ਤੇ ਬੇਇਨਸਾਫ਼ੀ ਨੂੰ ਰੋਕਣ ਦੇ ਉਦੇਸ਼ ਨਾਲ ਕੀਤੀ ਗਈ ਹੈ। ਅੱਜ ਬਜ਼ੁਰਗਾਂ ਨੂੰ ਅਣਗੌਲਿਆ ਕੀਤਾ ਜਾ ਰਿਹਾ ਹੈ। ਅੱਜ ਭੱਜ-ਦੌੜ ਵਾਲੀ ਜ਼ਿੰਦਗੀ ਵਿਚ ਕਿਤੇ ਨਾ ਕਿਤੇ ਅਸੀ ਆਪਣੇ ਸੰਸਕਾਰਾਂ ਤੋਂ ਮੂੰਹ ਫੇਰ ਰਹੇ ਹਾਂ। ਸਾਂਝੇ ਪਰਿਵਾਰ ਟੁੱਟ ਚੁੱਕੇ ਹਨ। ਜ਼ਿਆਦਾਤਰ ਘਰਾਂ ਵਿਚ ਬਜ਼ੁਰਗਾਂ ਨਾਲ ਸਿੱਧੇ ਮੂੰਹ ਗੱਲ ਤੱਕ ਨਹੀ ਕੀਤੀ ਜਾਂਦੀ। ਉਨ੍ਹਾਂ ਦੇ ਦੁੱਖ-ਸੁੱਖ ਦਾ ਵੀ ਧਿਆਨ ਨਹੀਂ ਰੱਖਿਆ ਜਾਂਦਾ। ਬਜ਼ੁਰਗਾਂ ਨੇ ਆਪਣੀ ਸਾਰੀ ਉਮਰ ਔਲਾਦ ਦੇ ਲੇਖੇ ਲਾਈ ਹੁੰਦੀ ਹੈ ਤੇ ਜਦੋਂ ਇਹੀ ਔਲਾਦ ਆਪਣੇ ਪੈਰਾਂ 'ਤੇ ਖੜ੍ਹੀ ਹੁੰਦੀ ਹੈ ਤਾਂ ਬਜ਼ੁਰਗ ਮਾਪਿਆਂ ਨੂੰ ਤ੍ਰਿਸਕਾਰਨ ਲੱਗ ਜਾਂਦੀ ਹੈ। ਇੱਥੋਂ ਤੱਕ ਕਿ ਮਾੜੇ ਲਫ਼ਜ਼ ਬੋਲੇ ਜਾਂਦੇ ਹਨ ਅਤੇ ਅਸੱਭਿਅਕ ਢੰਗ ਨਾਲ ਬਜ਼ੁਰਗਾਂ ਦੇ ਸਨਮੁੱਖ ਹੋਇਆ ਜਾਂਦਾ ਹੈ। ਅੱਜ ਦੇ ਜ਼ਮਾਨੇ ਵਿਚ ਬਿਰਧ ਆਸ਼ਰਮ ਸਮਾਜ ਦੇ ਮੱਥੇ 'ਤੇ ਬਹੁਤ ਵੱਡਾ ਕਲੰਕ ਹਨ। ਵਧੀਆ ਪਰਿਵਾਰਾਂ ਨਾਲ ਸਬੰਧ ਰੱਖਣ ਵਾਲੇ 50 ਫ਼ੀਸਦੀ ਬਜ਼ੁਰਗ ਘਰਾਂ ਵੱਲੋਂ ਨਕਾਰੇ ਹੁੰਦੇ ਹਨ। ਔਲਾਦ ਇੱਥੋਂ ਤੱਕ ਗਈ-ਗੁਜ਼ਰੀ ਬਣ ਚੁੱਕੀ ਹੈ ਕਿ ਮਾਪਿਆਂ ਨੂੰ ਬਿਰਧ ਆਸ਼ਰਮਾਂ ਵਿਚ ਛੱਡ ਕੇ ਆਪ ਮੌਜ-ਮਸਤੀ ਕਰਦੀ ਹੈ। ਪੁੱਤ ਕਪੁੱਤ ਬਣ ਚੁੱਕੇ ਹਨ ਜਦਕਿ ਮਾਂ-ਪਿਓ ਨੇ ਬੱਚਿਆਂ ਨੂੰ ਆਪਣੇ ਪੈਰਾਂ 'ਤੇ ਖੜ੍ਹਾ ਕਰਨ ਦੀ ਆਪਣੀ ਨੈਤਿਕ ਜ਼ਿੰਮੇਵਾਰੀ ਨਿਭਾਈ ਹੁੰਦੀ ਹੈ। ਅੱਜ ਜੋ ਬਜ਼ੁਰਗ ਸਰਕਾਰੀ ਪੈਨਸ਼ਨ ਲੈ ਰਹੇ ਹਨ, ਪੈਨਸ਼ਨ ਦੇ ਲਾਲਚ ਵਿਚ ਔਲਾਦ ਉਨ੍ਹਾਂ ਦੀ ਪੁੱਛ-ਪ੍ਰਤੀਤ ਕਰਦੀ ਹੈ। ਹਾਲਾਂਕਿ ਅੱਜ ਦੇ ਦੌਰ ਵਿਚ ਪਤੀ-ਪਤਨੀ ਦੋਵੇਂ ਹੀ ਨੌਕਰੀਪੇਸ਼ਾ ਹਨ। ਪਿੱਛੋਂ ਬਜ਼ੁਰਗ ਹੀ ਬੱਚਿਆਂ ਨੂੰ ਸਾਂਭਦੇ ਹਨ। ਉਨ੍ਹਾਂ ਵੇਲੇ ਚਾਹੇ ਸਿੱਖਿਆ ਦਾ ਘੱਟ ਪ੍ਰਸਾਰ ਸੀ ਪਰ ਬਜ਼ੁਰਗਾਂ ਕੋਲ ਜ਼ਿੰਦਗੀ ਦਾ ਨਿਚੋੜ ਹੁੰਦਾ ਹੈ। ਜਦੋਂ ਦੋਹਾਂ ਵਿੱਚੋਂ ਇਕ ਜੀਅ ਚਲਾ ਜਾਂਦਾ ਹੈ ਤਾਂ ਉਸ ਦੀ ਕਮੀ ਪਤਾ ਲੱਗਦੀ ਹੈ। ਜਿਉਂਦੇ-ਜੀਅ ਅਸੀ ਉਨ੍ਹਾਂ ਦੀ ਪਰਵਾਹ ਨਹੀ ਕਰਦੇ। ਚੌਵੀ ਘੰਟਿਆਂ ਵਿੱਚੋਂ 10 ਮਿੰਟ ਜੇ ਬਜ਼ੁਰਗਾਂ ਕੋਲ ਬੈਠ ਜਾਈਏ ਤਾਂ ਉਨ੍ਹਾਂ ਦੀ ਰੂਹ ਖ਼ੁਸ਼ ਹੋ ਜਾਂਦੀ ਹੈ। ਬਜ਼ੁਰਗਾਂ ਪ੍ਰਤੀ ਸਤਿਕਾਰ ਸਾਡੇ ਮਨ ਵਿਚ ਹਰ ਵਕਤ ਹੋਣਾ ਚਾਹੀਦਾ ਹੈ। ਜੇ ਤੁਸੀ ਆਪਣੇ ਬਜ਼ੁਰਗਾਂ ਦੀ ਸੇਵਾ ਕਰਦੇ ਹੋ ਤਾਂ ਤੀਰਥਾਂ 'ਤੇ ਜਾਣ ਦੀ ਜ਼ਰੂਰਤ ਨਹੀਂ। ਨਰਕ-ਸਵਰਗ ਇੱਥੇ ਹੀ ਹੈ।



# ਮੱਧ-ਯੁੱਗੀ ਇਮਾਰਤਾਂ ਤੇ ਬੀਚਾਂ ਦਾ ਦੇਸ਼ ਕ੍ਰੋਏਸ਼ੀਆ

98720-36192

**ਕ੍ਰੋਏਸ਼ੀਆ** ਜਿਸ ਨੂੰ ਗਣਰਾਜ ਕ੍ਰੋਏਸ਼ੀਆ ਵੀ ਕਿਹਾ ਜਾਂਦਾ ਹੈ। ਇਹ ਦੇਸ਼ ਕੇਂਦਰੀ ਤੇ ਉੱਤਰ ਪੱਛਮੀ ਯੂਰਪ ਵਿੱਚ ਸਥਿਤ ਹੈ ਤੇ ਐਡਰਾਇਟਕ ਸਮੁੰਦਰ ਦੇ ਤੱਟ 'ਤੇ ਵੱਸਿਆ ਹੈ। ਇਸ ਦੀ ਆਬਾਦੀ 39 ਲੱਖ ਦੇ ਕਰੀਬ ਹੈ ਜੋ 25 ਜੂਨ 1991 ਨੂੰ ਆਜ਼ਾਦ ਹੋਂਦ ਵਿੱਚ ਆਇਆ ਤੇ ਅੱਜਕੱਲ੍ਹ ਯੂਰਪੀਅਨ ਯੂਨੀਅਨ ਦਾ ਮੈਂਬਰ ਹੈ। ਪਿਛਲੇ ਦਿਨੀ ਇਸ ਛੋਟੇ ਸੁੰਦਰ ਦੇਸ਼ ਦੇ ਦੋ ਵੱਡੇ ਸ਼ਹਿਰਾਂ ਦੀ ਯਾਤਰਾ ਕਰਨ ਦਾ ਮੌਕਾ ਮਿਲਿਆ। ਬੇਟਾ ਜਰਮਨ ਵਿੱਚ ਸੈਟਲ ਹੋਣ ਕਾਰਨ ਸਾਨੂੰ ਇਨ੍ਹਾਂ ਸ਼ਹਿਰਾਂ ਨੂੰ ਦੇਖਣ ਦਾ ਮੌਕਾ ਮਿਲਿਆ। ਉਸ ਦੇ ਸ਼ਹਿਰ ਐਰਫਰਟ (ਜਰਮਨੀ) ਤੋਂ ਟਰੇਨ ਲੈ ਕੇ ਅਸੀ ਜਰਮਨ ਦੇ ਨਿਊਰਮਬਰਗ ਸ਼ਹਿਰ ਪੁੱਜੇ। ਉੱਥੋਂ ਇੱਕ ਘੰਟੇ ਦਾ ਹਵਾਈ ਸਫ਼ਰ ਕਰ ਕ੍ਰੋਏਸ਼ੀਆ ਦੇ ਸ਼ਹਿਰ ਜਦਰ ਪੁੱਜੇ। ਨਾਸ਼ਤਾ ਕਰਨ ਤੋਂ ਬਾਅਦ ਜਦਰ ਦੀ ਬੀਚ 'ਤੇ ਬੋਟਿੰਗ ਤੇ ਤੈਰਾਕੀ ਦਾ ਆਨੰਦ ਮਾਣਿਆ। ਸ਼ਾਮ ਨੂੰ ਸ਼ਹਿਰ ਘੁੰਮਣ ਤੇ ਅਗਲੇ ਦਿਨ ਦੀ ਸਮੁੰਦਰ ਤੇ ਬੀਚਾਂ ਦੀ ਸੈਰ ਲਈ ਜਹਾਜ਼ ਦੀ ਬੁਕਿੰਗ ਕੀਤੀ। ਅਗਲੇ ਦਿਨ ਸਮੁੰਦਰੀ ਜਹਾਜ਼ ਕਰੀਬ ਸੌ ਕੁ ਯਾਤਰੀਆਂ ਨੂੰ ਲੈ ਜਦਰ ਤੋਂ ਸਮੁੰਦਰ ਤੇ ਬੀਚਾਂ ਦੀ ਯਾਤਰਾ ਲਈ ਰਵਾਨਾ ਹੋਇਆ। ਰਸ-ਭਿੰਨਾ ਸਥਾਨਕ ਸੰਗੀਤ, ਸ਼ਾਂਤ ਸਮੁੰਦਰ, ਸ਼ੀਸ਼ੇ ਵਰਗਾ ਸਾਫ਼ ਪਾਣੀ, ਜਹਾਜ਼ ਦੀ ਸ਼ਾਂਤ ਸਮੁੰਦਰ ਵਿੱਚ ਆਵਾਜ਼ ਕੰਨਾਂ ਵਿੱਚ ਰਸ ਘੋਲ ਰਹੀ ਸੀ। ਯਾਤਰੂ ਜਿਨ੍ਹਾਂ ਨੂੰ ਇਸ ਸੰਗੀਤ ਦੀ ਸਮਝ ਆ ਰਹੀ ਸੀ, ਉਹ ਲੋਰ ਵਿੱਚ ਆਏ ਡਾਂਸ ਕਰ ਰਹੇ ਸਨ। ਸੰਸਾਰ ਭਰ ਤੋਂ ਯਾਤਰੂ ਜੁਲਾਈ-ਅਗਸਤ ਦੇ ਮਹੀਨੇ ਇਸ ਦੇਸ਼ ਦੇ ਸ਼ਹਿਰਾਂ ਦਾ ਆਨੰਦ ਮਾਣਨ ਆਉਂਦੇ ਹਨ। ਇੱਥੇ ਜ਼ਿਆਦਾ ਖਿੱਚ ਦਾ ਕੇਂਦਰ ਬੀਚਾਂ ਹੀ ਬਣਦੀਆਂ ਹਨ ਜਿੱਥੇ ਯਾਤਰੂ ਤੈਰਾਕੀ ਦਾ ਆਨੰਦ ਵੀ ਮਾਣਦੇ ਹਨ। ਬੀਚ 'ਤੇ ਜਹਾਜ਼ ਰੋਕ ਕੇ ਯਾਤਰੀਆਂ ਨੂੰ ਤੈਰਾਕੀ ਲਈ ਸਮਾਂ ਦਿੰਦੇ ਹਨ। ਸਮੁੰਦਰੀ ਜਹਾਜ਼ ਓਨੇ ਸਮੇਂ ਲਈ ਕਿਨਾਰੇ 'ਤੇ ਰੁਕ ਜਾਂਦਾ ਹੈ। ਜਹਾਜ਼ ਦਾ ਸਟਾਫ਼ ਅਨਾਊਂਸਮੈਂਟ ਕਰਦਾ ਹੈ ਕਿ ਇੰਨੇ ਸਮੇਂ ਦੀ ਸਟੇਅ ਹੈ ਤੇ ਇੰਨੇ ਸਮੇਂ 'ਤੇ ਫਿਰ ਚੱਲਣਾ ਹੈ। ਸਟਾਫ਼ ਸਮੇਂ ਦੇ ਮਾਟੋ ਵੀ ਦਿਖਾਉਂਦਾ ਹੈ ਤਾਂ ਕਿ ਕੋਈ ਵੀ ਯਾਤਰੂ ਸਮੇਂ ਬਾਰੇ ਭੁਲੇਖੇ ਵਿੱਚ ਨਾ ਰਹੇ ਤੇ ਉਹ ਸਮੇਂ ਸਿਰ ਮੁੜ ਜਹਾਜ਼ ਵਿੱਚ ਸਵਾਰ ਹੋ ਜਾਵੇ। ਸਮੁੰਦਰ ਦੇ ਕਿਨਾਰੇ ਛੋਟੀਆਂ ਛੋਟੀਆਂ ਪਹਾੜੀਆਂ ਬਹੁਤ ਸੁੰਦਰ ਨਜ਼ਾਰਾ ਪੇਸ਼ ਕਰਦੀਆਂ ਹਨ। ਇਨ੍ਹਾਂ ਪਹਾੜੀਆਂ ਵਿੱਚ ਹੀ ਬੀਚਾਂ ਬਣਦੀਆਂ ਹਨ। ਯਾਤਰੂ ਪਹਾੜੀਆਂ ਕਰਾਸ ਕਰ ਕੇ ਬੀਚਾਂ 'ਤੇ ਤਾਰੀਆਂ ਲਾਉਂਦੇ ਹਨ। ਇਸ ਦੇਸ਼ ਦੇ ਲੋਕ ਸਮੇਂ ਦੇ ਬਹੁਤ ਪਾਬੰਦ ਹੁੰਦੇ ਹਨ। ਸਮੇਂ 'ਤੇ ਚੱਲਣਾ, ਸਮੇਂ 'ਤੇ ਪੁੱਜਣਾ ਉਨ੍ਹਾਂ ਦੇ ਸੁਭਾਅ ਵਿੱਚ ਸ਼ਾਮਲ ਹੈ। ਜਦਰ ਵਿੱਚ ਕਰਕਾ ਨਾਂ ਦੀ ਇੱਕ ਜਗ੍ਹਾ ਹੈ ਜਿੱਥੇ ਪਾਣੀ ਦੇ ਝਰਨੇ ਤੇ ਬੀਚਾਂ ਹਨ। ਸਵੇਰੇ ਅੱਠ ਵਜੇ ਬੱਸ ਰਾਹੀ ਅਸੀ ਉਸ ਅਦਭੁੱਤ ਪਾਰਕ ਪਹੁੰਚੇ ਜੋ ਪਹਾੜੀਆਂ ਵਿਚਕਾਰ ਬਣਿਆ ਹੋਇਆ ਹੈ। ਪਾਰਕ ਵਿੱਚ ਤਿੰਨ ਕਿਲੋਮੀਟਰ ਲੱਕੜ ਦੀ ਪਟੜੀ ਹੈ ਜਿੱਥੇ ਲੋਕ ਘੁੰਮ ਕੇ ਝਰਨਿਆਂ ਤੇ ਪਾਰਕ ਦੇ ਅਦਭੁੱਤ ਨਜ਼ਾਰੇ ਦਾ ਆਨੰਦ ਮਾਣਦੇ ਹਨ। ਇਸ ਥਾਂ 'ਤੇ ਬੱਸ ਦੇ ਸਫ਼ਰ ਤੋਂ ਬਾਅਦ ਸਮੁੰਦਰੀ ਜਹਾਜ਼ ਰਾਹੀ ਜਾ ਸਕਦੇ ਹਾਂ। ਦੂਸਰੇ ਦਿਨ ਅਸੀ ਇੱਕ ਹੋਰ ਸ਼ਹਿਰ ਡੁਬਰੋਵਨਿਕ ਪਹੁੰਚੇ। ਉੱਥੇ ਮੱਧ ਯੁੱਗ ਦੀਆਂ ਦੀਵਾਰਾਂ ਹਨ ਜੋ ਉਸ ਸਮੇਂ ਦੀ ਇਮਾਰਤਸਾਜ਼ੀ ਦਾ ਅਦਭੁੱਤ ਤੇ ਸੁੰਦਰ ਨਮੂਨਾ ਹਨ। ਇਹ ਸ਼ਹਿਰ ਐਡਰਾਇਟਕ ਸਮੁੰਦਰ ਦੇ ਕਿਨਾਰੇ ਵੱਸਿਆ ਸ਼ਹਿਰ ਹੈ ਜੋ ਪੁਰਾਤਨ ਪੱਥਰਾਂ ਦਾ ਬਣਿਆ ਹੋਇਆ ਹੈ। ਇਹ 16ਵੀ ਸਦੀ ਵਿੱਚ ਪੂਰਾ ਹੋਇਆ ਸੀ। ਮੱਧ ਯੁੱਗ ਦੀ ਇਮਾਰਤਸਾਜ਼ੀ ਦਾ ਨਮੂਨਾ ਹੋਣ ਕਰਕੇ ਯੂਨੈਸਕੋ ਨੇ ਇਸ ਨੂੰ 1979 ਵਿੱਚ ਵਿਰਾਸਤੀ ਸ਼ਹਿਰ ਦਾ ਖਿਤਾਬ ਦਿੱਤਾ ਹੈ। ਇਹ ਸ਼ਹਿਰ ਵੱਡੀਆਂ ਵੱਡੀਆਂ ਚੌੜੀਆਂ ਕੰਧਾਂ ਦਾ ਬਣਿਆ ਹੋਇਆ ਹੈ। ਕਈ ਜਗ੍ਹਾ ਤਾਂ ਕੰਧਾਂ ਛੇ ਮੀਟਰ ਵੀ ਚੌੜੀਆਂ ਹਨ। ਇਹ ਇੱਕ ਵੱਡਾ ਕੰਪਲੈਕਸ ਹੈ ਜੋ ਦੱਸਦਾ ਹੈ ਕਿ ਉਸ ਸਮੇਂ ਰਾਜਾ ਤੇ ਪਰਜਾ ਇੱਕ ਪਿੰਡ ਵਾਂਗ ਰਹਿੰਦੇ ਸਨ। ਪੂਰਾ ਸ਼ਹਿਰ ਇਨ੍ਹਾਂ ਕੰਧਾਂ ਦੇ ਵਿਚਕਾਰ ਹੀ ਬਣਿਆ ਹੋਇਆ ਹੈ। ਕੰਧਾਂ ਵਿਚਕਾਰ ਦੁਕਾਨਾਂ, ਚਰਚ ਅਤੇ ਰੈਸਟੋਰੈਂਟ ਬਣੇ ਹਨ। ਇਹ ਸੋਲਾਂ ਸੌ ਸਾਲ ਪੁਰਾਣਾ ਸ਼ਹਿਰ ਹੈ ਜਿਸ ਦਾ ਨਿਰਮਾਣ ਸੱਤਵੀ ਸਦੀ ਵਿੱਚ ਸ਼ੁਰੂ ਹੋਇਆ ਸੀ। ਯਾਤਰੂ ਇੱਥੇ ਫੋਟੋਗ੍ਰਾਫੀ ਦਾ ਖ਼ੂਬ ਆਨੰਦ ਮਾਣਦੇ ਹਨ। ਪਹਾੜਾਂ ਵਿੱਚ ਇੱਕ ਬਹੁਤ ਉੱਚੀ ਥਾਂ ਹੈ ਜਿੱਥੇ ਖੜ੍ਹ ਕੇ ਵਿਸ਼ਾਲ ਸਮੁੰਦਰ ਦਾ ਨਜ਼ਾਰਾ ਦੇਖਿਆਂ ਹੀ ਬਣਦਾ ਹੈ। ਲੋਕ ਇੱਥੇ ਟੈਕਸੀ ਤੇ ਟਿੰਬਰ ਟ੍ਰੇਲ ਰਾਹੀ ਜਾਂਦੇ ਹਨ ਤੇ ਪਹਾੜਾਂ ਤੋਂ ਸਮੁੰਦਰ ਦੀ ਫੋਟੋਗ੍ਰਾਫੀ ਕਰਦੇ ਹਨ। ਡੁਬਰੋਵਨਿਕ ਦੇ ਨੇੜੇ ਹੀ ਲੋਕਰਮ ਬੀਚ ਹੈ, ਜਿੱਥੇ ਮਿਊਜ਼ੀਅਮ ਵੀ ਹੈ ਜਿੱਥੇ ਡਰਾਮਾ ਸੀਰੀਜ਼ 'ਗੇਮ ਆਫ ਥਰੋਨਜ਼' ਵਿੱਚ ਫਿਲਮਾਇਆ 'ਲੋਹੇ ਦਾ ਤਖ਼ਤ' ਅਸਲੀ ਰੂਪ ਵਿੱਚ ਪਿਆ ਹੈ। ਲੋਕ ਇਸ ਤਖ਼ਤ 'ਤੇ ਬੈਠ ਫੋਟੋ ਖਿਚਵਾ ਕੇ ਖ਼ੁਦ ਨੂੰ ਰਾਜਾ ਬਣਿਆ ਮਹਿਸੂਸ ਕਰਦੇ ਹਨ। ਇੱਥੇ ਸੁੰਦਰ ਬਾਗ਼ ਤੇ ਬੀਚ ਹਨ ਜਿੱਥੇ ਲੋਕ ਸੈਰ ਤੇ ਤੈਰਾਕੀ ਕਰਦੇ ਹਨ ਤੇ ਸੁਆਦੀ ਖਾਣਿਆਂ ਦਾ ਆਨੰਦ ਮਾਣਦੇ ਹਨ। ਸਫ਼ਰ ਦੇ ਅੰਤਲੇ ਦਿਨ ਕੈਵੀਟਾਟ ਬੀਚ ਦਾ ਆਨੰਦ ਮਾਣਿਆ। ਡੁਬਰੋਵਨਿਕ ਤੋਂ ਕੈਵੀਟਾਟ ਸਮੁੰਦਰੀ ਜਹਾਜ਼ ਰਾਹੀ ਘੰਟੇ ਕੁ ਦਾ ਸਫ਼ਰ ਕਰਕੇ ਪੁੱਜੇ। ਡੁਬਰੋਵਨਿਕ ਦਾ ਏਅਰਪੋਰਟ ਇੱਥੇ ਹੀ ਹੈ, ਇੱਥੋਂ ਹੀ ਜਹਾਜ਼ ਫੜ ਵਾਪਸ ਬਰਲਿਨ ਨੂੰ ਚਾਲੇ ਪਾਏ। ਰਾਤ ਬਰਲਿਨ ਕੱਟ ਕੇ ਅਗਲੇ ਦਿਨ ਅਸੀ ਸੋਹਣੀਆਂ ਅਦਭੁੱਤ ਯਾਦਾਂ ਲੈ ਕੇ ਐਰਫਰਟ ਪੁੱਜੇ।

# ਸਮਰਿਧੀ ਪ੍ਰੋਗਰਾਮ 2025 ਤਹਿਤ ਜ਼ਿਲਾ ਪੱਧਰੀ ਪ੍ਰੋਗਰਾਮ ਸਰਕਾਰੀ ਹਾਈ ਸਕੂਲ ਸਤੀਏ ਵਾਲਾ ਵਿਖੇ ਆਯੋਜਿਤ

ਫ਼ਿਰੋਜ਼ਪੁਰ, 24 ਸਤੰਬਰ (ਤਿਵਾੜੀ): ਡਾਇਰੈਕਟਰ ਐਸ. ਸੀ. ਈ. ਆਰ.ਟੀ. ਪੰਜਾਬ ਪਾਸੋਂ ਪ੍ਰਾਪਤ ਦਿਸ਼ਾ ਨਿਰਦੇਸ਼ਾਂ ਅਨੁਸਾਰ, ਜ਼ਿਲਾ ਸਿੱਖਿਆ ਅਫ਼ਸਰ (ਸੈਕੰਡਰੀ ਸਿੱਖਿਆ) ਸ੍ਰੀਮਤੀ ਮੁਨੀਲਾ ਅਰੋੜਾ ਅਤੇ ਉਪ ਜਿਲਾ ਸਿੱਖਿਆ ਅਫ਼ਸਰ ਡਾ. ਸਤਿੰਦਰ ਸਿੰਘ ਦੀ ਯੋਗ ਅਗਵਾਈ ਤਹਿਤ ਸਮਰਿਧੀ ਪ੍ਰੋਗਰਾਮ 2025 ਤਹਿਤ ਜਿਲਾ ਪੱਧਰੀ ਪ੍ਰੋਗਰਾਮ ਸਰਕਾਰੀ ਹਾਈ ਸਕੂਲ ਸਤੀਏ ਵਾਲਾ ਫਿਰੋਜ਼ਪੁਰ ਵਿਖੇ ਕਰਵਾਏ ਗਏ, ਜਿਸ ਵਿੱਚ ਜ਼ਿਲੇ ਦੇ ਅਧਿਆਪਕ ਸਾਹਿਬਾਨਾਂ ਨੇ ਬੜੇ ਉਤਸ਼ਾਹ ਨਾਲ ਹਿੱਸਾ ਲਿਆ।

ਇਸ ਵਿੱਚ ਵੱਖ ਵੱਖ ਵਿਸ਼ਿਆਂ ਵਿੱਚ ਸੈਕੰਡਰੀ ਸਕੂਲ ਪਾਠਕ੍ਰਮ ਦੇ ਆਧਾਰ @ਤੇ ਅਧਿਆਪਕਾਂ ਦੁਆਰਾ ਵਿਕਸਤ ਅਤੇ ਲਾਗੂ ਕੀਤੇ ਗਏ ਕਲਾ ਏਕੀਕ੍ਰਿਤ ਅਧਿਆਪਨ ਵਿਧੀਆਂ ਨੂੰ ਅਧਿਆਪਕਾਂ ਨੇ ਪ੍ਰਦਰਸ਼ਿਤ ਕੀਤਾ। ਜੱਜ ਸਾਹਿਬਾਨ ਪਿੰਸੀਪਲ ਮੈਡਮ ਨੀਲਮ ਧਵਨ , ਰੁਪਿੰਦਰ ਕੌਰ, ਮੋਨਿਕਾ, ਸੁਰਿੰਦਰ ਕੌਰ, ਅਰਵਿੰਦਰ ਸਿੰਘ ਮੁੱਖ ਅਧਿਆਪਕ, ਸੁਖਬੀਰ ਕੌਰ, ਨੈਨਸੀ ਅਰੋੜਾ, ਪਰਵੀਨ ਬਾਲਾ ਅਤੇ ਸੰਦੀਪ ਕੁਮਾਰ ਜ਼ਿਲਾ ਗਾਈਡੈਂਸ ਕੌਂਸਲਰ ਫਿਰੋਜ਼ਪੁਰ ਸਨ।

ਜੱਜ ਸਾਹਿਬਾਨ ਨੇ ਹਰੇਕ ਪਹਿਲੂ ਨੂੰ ਜਾਚਣ ਉਪਰੰਤ ਨਤੀਜੇ ਤਿਆਰ ਕੀਤੇ ਜਿਸ ਵਿੱਚੋਂ ਅਧਿਆਪਕ ਸ਼ਿਵ ਬਹਾਦੁਰ ਵਰਮਾ ਸਰਕਾਰੀ ਹਾਈ ਸਕੂਲ ਨਿਜਾਮਵਾਲਾ ਫਿਰੋਜ਼ਪੁਰ ਨੇ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਪਹਿਲਾ ਸਥਾਨ ਪ੍ਰਾਪਤ ਕੀਤਾ। ਸਕੂਲ ਹੈਡਮਾਸਟਰ ਮਨਦੀਪ ਸਿੰਘ ਘਈ ਤੇ ਸਮੂਹ ਸਟਾਫ਼ ਨੇ ਜੇਤੂ ਅਧਿਆਪਕ ਨੂੰ ਵਧਾਈ ਦਿੱਤੀ ਅਤੇ ਸਨਮਾਨਿਤ ਕੀਤਾ।ਇਸ ਮੌਕੇ ਹੈਡ ਟੀਚਰ ਸਪਸ ਨਿਜ਼ਾਮਵਾਲਾ ਕਪਿਲ ਦੇਵ , ਪਵਨ ਕੁਮਾਰ, ਬੇਅੰਤ ਸਿੰਘ, ਚਤਰਪਾਲ ਸਿੰਘ, ਮਲਕੀਤ ਸਿੰਘ, ਮੈਡਮ ਗੁਰਪ੍ਰੀ ਕੌਰ, ਸਨਿਆ ਰਾਣੀ, ਸੁਮਨ, ਕੁਲਬੀਰ ਕੌਰ, ਕਿਰਨਦੀਪ ਕੌਰ ਹਾਜ਼ਰ ਸਨ।

## ਨਿਲਾਮੀ ਨੋਟਿਸ

ਹਰ ਆਮ ਅਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਇਸ ਦਫਤਰ ਅਧੀਨ ਸਰਕਾਰੀ ਬੱਕਰੀ ਫਾਰਮ ਕੁੱਲੇਮਾਜਰਾ ਪਟਿਆਲਾ ਵਿਖੇ ਫਾਰਮ ਦੀ ਲੋੜ ਤੋਂ ਵੱਧ 8 ਬੱਕਰੇ (ਜੋ ਬਰੀਡਿੰਗ ਲਈ ਵਰਤੇ ਜਾ ਸਕਦੇ ਹਨ ਅਤੇ ਸਿਹਤਮੰਦ ਹਨ) ਜਿਹਨਾਂ ਦੀ ਉਮਰ ਇਕ ਸਾਲ ਤੋਂ ਵੱਧ ਹੈ ਮਿਤੀ 08.10.2025 ਨੂੰ ਸਵੇਰੇ 11.00 ਵਜੇ ਵਿਭਾਗ ਵੱਲੋਂ ਗਠਿਤ ਕਮੇਟੀ ਦੀ ਹਾਜ਼ਰੀ ਵਿਚ ਖੁੱਲ੍ਹੀ ਬੋਲੀ ਰਾਹੀਂ ਵੇਚੇ ਜਾਣਗੇ। ਇਹਨਾਂ ਜਾਨਵਰਾਂ ਦੀ ਗਿਣਤੀ ਮੌਕੇ ਅਨੁਸਾਰ ਘੱਟ ਵੱਧ ਸਕਦੀ ਹੈ। ਇਹ ਜਾਨਵਰ ਕਿਸੇ ਵੀ ਕੰਮ ਵਾਲੇ ਦਿਨ (ਸੋਮਵਾਰ ਤੋਂ ਸ਼ਨੀਵਾਰ 9.00 ਤੋਂ 5.00 ਵਜੇ) ਤੱਕ ਫਾਰਮ 'ਤੇ ਆ ਕੇ ਦੇਖੇ ਜਾ ਸਕਦੇ ਹਨ ਅਤੇ ਬੋਲੀ ਦੀਆਂ ਸ਼ਰਤਾਂ ਫਾਰਮ ਵਿਚ ਆ ਕ ਪੜ੍ਹੀਆਂ ਜਾ ਸਕਦੀਆਂ ਹਨ। ਬੋਲੀ ਵਾਲੇ ਦਿਨ ਬੋਲੀਕਾਰ ਨੂੰ 500/- ਪ੍ਰਤੀ ਜਾਨਵਰ ਸਕਿਊਰਟੀ ਦੇ ਤੌਰ 'ਤੇ ਬੋਲੀ ਦੇਣ ਤੋਂ ਪਹਿਲਾਂ ਜਮ੍ਹਾ ਕਰਵਾਉਣੇ ਪੈਣਗੇ। ਸਫਲ ਬੋਲੀਕਾਰ ਨੂੰ ਬਾਕੀ ਦੀ ਰਕਮ ਮੌਕੇ 'ਤੇ ਜਮ੍ਹਾ ਕਰਵਾ ਕੇ ਉਸੇ ਦਿਨ ਫਾਰਮ ਤੋਂ ਜਾਨਵਰਾਂ ਨੂੰ ਲਿਫਟ ਕਰਨਾ ਪਵੇਗਾ।

1. ਵੈਟਰਨਰੀ ਅਫਸਰ, ਸਰਕਾਰੀ ਬੱਕਰੀ ਫਾਰਮ ਕੁੱਲੇਮਾਜਰਾ ਪਟਿਆਲਾ, ਮੋਬਾਇਲ ਨੰ. 9814943142

ਸਹੀ/- ਡਾ. ਰਾਜੀਵ ਗਰੋਵਰ, ਡਿਪਟੀ ਡਾਇਰੈਕਟਰ , ਪਸ਼ੂ ਪਾਲਣ ਕੈਟਲ ਫਾਰਮ ਰੌਣੀ, ਪਟਿਆਲਾ । ਮੋਬਾਇਲ ਨੰ. 9814551648

Ro No PR ADVT NO: 1588/12/2025-26/3500/Dated CHD: 24/09/2025

# ਈਰਾਨ ਦੀ ਪ੍ਰਮਾਣੂ ਪ੍ਰੋਗਰਾਮ ਬਾਰੇ ਅਮਰੀਕਾ ਨਾਲ ਸਿੱਧੀ ਗੱਲਬਾਤ ਤੋਂ ਨਾਂਹ

ਤੇਹਰਾਨ, 24 ਸਤੰਬਰ (ਚ.ਨ.ਸ.) : ਈਰਾਨ ਦੇ ਸੁਪਰੀਮ ਲੀਡਰ ਅਯਾਤੁੱਲਾ ਅਲੀ ਖਾਮੇਨੇਈ ਨੇ ਆਪਣੇ ਦੇਸ਼ ਦੇ ਪ੍ਰਮਾਣੂ ਪ੍ਰੋਗਰਾਮ 'ਤੇ ਅਮਰੀਕਾ ਨਾਲ ਸਿੱਧੀ ਗੱਲਬਾਤ ਤੋਂ ਨਾਂਹ ਕਰ ਦਿੱਤੀ ਹੈ।ਖਾਮੇਨੇਈ ਦੀ ਇਹ ਟਿੱਪਣੀ ਉਦੋਂ ਆਈ ਹੈ, ਜਦੋਂ ਈਰਾਨ ਦੇ ਰਾਸ਼ਟਰਪਤੀ ਮਸੂਦ ਪੇਜ਼ੇਸ਼ਕੀਅਨ ਸੰਯੁਕਤ ਰਾਸ਼ਟਰ ਮਹਾਸਭਾ ਲਈ ਨਿਊਯਾਰਕ ਵਿਚ ਹਨ। ਇਹ ਟਿੱਪਣੀ ਸੰਭਾਵੀ ਤੌਰ 'ਤੇ ਅਮਰੀਕੀਆਂ ਨਾਲ ਪੇਜ਼ੇਸ਼ਕੀਅਨ ਦੇ ਸੰਭਾਵੀ ਸੰਪਰਕ ਨੂੰ ਰੋਕ ਸਕਦੀ ਹੈ।ਖਾਮੇਨੇਈ ਨੇ ਇਹ ਟਿੱਪਣੀ ਈਰਾਨ ਦੇ ਸਰਕਾਰੀ ਟੈਲੀਵਿਜ਼ਨ 'ਤੇ ਪ੍ਰਸਾਰਿਤ ਇਕ ਭਾਸ਼ਣ ਦੌਰਾਨ ਕੀਤੀ। ਇਹ ਟਿੱਪਣੀ ਈਰਾਨ ਦੇ ਵਿਦੇਸ਼ ਮੰਤਰੀ ਅੱਬਾਸ ਅਰਾਘਚੀ ਦੀ ਯੂਰਪੀ ਹਮਰੁਤਬਾ ਨਾਲ ਮੁਲਾਕਾਤ ਤੋਂ ਬਾਅਦ ਆਈ ਹੈ, ਜੋ ਐਤਵਾਰ ਨੂੰ ਲਾਈਆਂ ਜਾਣ ਵਾਲੀਆਂ ਪ੍ਰਮਾਣੂ ਪਾਬੰਦੀਆਂ ਨੂੰ ਦੁਬਾਰਾ ਲਾਗੂ ਕਰਨ ਤੋਂ ਰੋਕਣ ਦੀ ਕੋਸ਼ਿਸ਼ ਕਰ ਰਹੇ ਹਨ।

---

**ਇੰਡੀਅਨ ਬੈਂਕ Indian Bank** | ਇਲਾਹਾਬਾਦ ALLAHABAD | **Indian Bank** ਬੀ/ਓ : ਦੁਗਰੀ, ਲੁਧਿਆਣਾ

**ਅੰਤਿਕਾ-IV**
**ਨਿਯਮ-8(1)**
**ਕਬਜ਼ਾ ਨੋਟਿਸ (ਅਚੱਲ ਜਾਇਦਾਦ ਲਈ)**

ਜਦੋਂ ਕਿ, ਵਿੱਤੀ ਸੰਪਤੀਆਂ ਦੀ ਸੁਰੱਖਿਆ ਅਤੇ ਪੁਨਰ ਨਿਰਮਾਣ ਅਤੇ ਸੁਰੱਖਿਆ ਵਿਆਜ ਐਕਟ 2002 ਦੇ ਅਧੀਨ ਭਾਰਤੀ ਬੈਂਕ ਦੇ ਅਧਿਕਾਰਤ ਅਧਿਕਾਰੀ ਹੋਣ ਦੇ ਨਾਤੇ ਅਤੇ ਸੁਰੱਖਿਆ ਵਿਆਜ (ਲਾਗੂਕਰਨ) ਨਿਯਮ, 2002 ਦੇ ਨਿਯਮ 8 ਅਤੇ 9 ਦੇ ਨਾਲ ਪੜ੍ਹੇ ਗਏ ਧਾਰਾ 13(12) ਦੇ ਅਧੀਨ ਪ੍ਰਾਪਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ, ਹੇਠ ਹਸਤਾਖਰ ਕੀਤੇ ਗਏ ਨੇ 07.04.2025 ਨੂੰ ਇੱਕ ਡਿਮਾਂਡ ਨੋਟਿਸ ਜਾਰੀ ਕੀਤਾ ਜਿਸ ਵਿੱਚ ਕਰਜ਼ਦਾਰ ਮੈਸਰਜ਼ ਕਰਵਰ ਇੰਡਸਟਰੀਜ਼ ਨੂੰ ਉਸਦੇ ਭਾਈਵਾਲਾਂ ਸ਼੍ਰੀ ਜਸਬੀਰ ਸਿੰਘ ਪੁੱਤਰ ਸੁਰਿੰਦਰ ਸਿੰਘ ਅਤੇ ਸ਼੍ਰੀ ਕੁਲਦੀਪ ਸਿੰਘ ਪੁੱਤਰ ਸੁਰਿੰਦਰ ਸਿੰਘ ਰਾਹੀਂ ਨੋਟਿਸ ਵਿੱਚ ਦੱਸੀ ਗਈ ਰਕਮ 33,04,053/- ਰੁਪਏ (ਰੁਪਏ 33 ਲੱਖ ਚਾਰ ਹਜ਼ਾਰ ਤਿਪੰਜਾਹ) ਵਿਆਜ ਸਮੇਤ 05.04.2025 ਤੋਂ ਭੁਗਤਾਨ ਦੀ ਮਿਤੀ ਤੱਕ, ਡਿਮਾਂਡ ਨੋਟਿਸ ਪ੍ਰਾਪਤ ਹੋਣ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਵਾਪਸ ਕਰਨ ਲਈ ਕਿਹਾ ਗਿਆ ਹੈ। ਕਰਜ਼ਦਾਰ ਵੱਲੋਂ ਰਕਮ ਵਾਪਸ ਕਰਨ ਵਿੱਚ ਅਸਫਲ ਰਹਿਣ ਕਰਕੇ, ਕਰਜ਼ਾ ਲੈਣ ਵਾਲੇ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਹੇਠਾਂ ਹਸਤਾਖਰ ਕਰਨ ਵਾਲੇ ਨੇ ਸਾਲ 2025 ਦੇ ਇਸ 24 ਸਤੰਬਰ ਨੂੰ ਨਿਯਮਾਂ ਦੇ ਨਿਯਮ 8 ਅਤੇ 9 ਦੇ ਨਾਲ ਪੜ੍ਹੇ ਗਏ ਉਕਤ ਐਕਟ ਦੀ ਧਾਰਾ 13(4) ਦੇ ਤਹਿਤ ਉਸਨੂੰ ਪ੍ਰਾਪਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਹੇਠਾਂ ਦੱਸੀ ਗਈ ਜਾਇਦਾਦ ਦਾ ਕਬਜ਼ਾ ਲੈ ਲਿਆ ਹੈ।

ਖਾਸ ਕਰਕੇ ਕਰਜ਼ਦਾਰ ਨੂੰ ਅਤੇ ਆਮ ਜਨਤਾ ਨੂੰ ਇਸ ਦੁਆਰਾ ਚੇਤਾਵਨੀ ਦਿੱਤੀ ਜਾਂਦੀ ਹੈ ਕਿ ਉਹ ਜਾਇਦਾਦ ਨਾਲ ਕੋਈ ਵੀ ਲੈਣ-ਦੇਣ ਨਾ ਕਰੇ ਅਤੇ ਜਾਇਦਾਦ ਨਾਲ ਕੋਈ ਵੀ ਲੈਣ-ਦੇਣ 24/09/2025 ਨੂੰ 36,23,356/- ਰੁਪਏ (ਛੱਤੀ ਲੱਖ ਤੇਈ ਹਜ਼ਾਰ ਤਿੰਨ ਸੌ ਛਪੰਜਾ ਰੁਪਏ) ਦੀ ਰਕਮ ਲਈ ਇੰਡੀਅਨ ਬੈਂਕ ਦੇ ਚਾਰਜ ਦੇ ਅਧੀਨ ਹੋਵੇਗਾ, ਜਿਸ ਵਿੱਚ ਹੋਰ ਵਿਆਜ, ਲਾਗਤਾਂ, ਹੋਰ ਖਰਚੇ ਸ਼ਾਮਲ ਹਨ।

**ਅਚੱਲ ਜਾਇਦਾਦ ਦਾ ਵੇਰਵਾ**

210 ਵਰਗ ਮੀਟਰ ਦੀ ਜਾਇਦਾਦ ਦੇ ਸਾਰੇ ਹਿੱਸੇ ਅਤੇ ਪਾਰਸਲ। ਸਾਲ 2011-12 ਲਈ ਜਮ੍ਹਾਂਬੰਦੀ ਅਨੁਸਾਰ ਖਸਰਾ ਨੰਬਰ 122, ਖਾਤਾ ਨੰਬਰ 2264/2659 ਵਾਲੇ ਗਜ਼, ਤਰਫ਼ ਪੀਰੂ ਬੰਦਾ, ਐਚ.ਬੀ. ਨੰਬਰ 167, ਮੁਹੱਲਾ ਡੇਰਾ ਕਲਸੀਆਂ ਰੋਡ, ਗਲੀ ਨੰਬਰ 3, ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ ਵਿਖੇ ਸਥਿਤ, ਇੰਤਕਾਲ ਨੰਬਰ 34835 ਅਤੇ ਟਰਾਂਸਫਰ ਡੀਡ ਵਾਲਾ ਵਸੀਕਾ ਨੰਬਰ 22384 ਮਿਤੀ 03.03.2017 ਅਤੇ ਵਸੀਕਾ ਨੰਬਰ 22385 ਮਿਤੀ 03.03.2017 ਰਾਹੀਂ। ਸ਼੍ਰੀ ਜਸਬੀਰ ਸਿੰਘ ਪੁੱਤਰ ਸਵਰਗੀ ਸ਼੍ਰੀ ਸੁਰਿੰਦਰ ਸਿੰਘ ਅਤੇ ਸ਼੍ਰੀ ਕੁਲਦੀਪ ਸਿੰਘ ਪੁੱਤਰ ਸਵਰਗੀ ਸ਼੍ਰੀ ਸੁਰਿੰਦਰ ਸਿੰਘ ਦੇ ਨਾਮ 'ਤੇ ਸਬ-ਰਜਿਸਟਰਾਰ, ਲੁਧਿਆਣਾ ਨਾਲ ਰਜਿਸਟਰਡ। ਹੱਦ ਇਸ ਤਰ੍ਹਾਂ ਹੈ: ਪੂਰਬ:- ਗਲੀ 26'-6", ਪੱਛਮ:- ਗੁਆਂਢੀ ਮੋਹਨ ਸਿੰਘ 41'-6", ਉੱਤਰ: ਗੁਆਂਢੀ ਜਸਬੀਰ ਸਿੰਘ 63'-0", ਦੱਖਣ: ਗੁਆਂਢੀ ਬਲਵਿੰਦਰ ਸਿੰਘ 45'-0"+ਕਰਵ 15'+16'-5"।

**ਨੋਟ: 24.09.2025 ਦੇ ਇਸ ਕਬਜ਼ੇ ਨੋਟਿਸ ਦੇ ਜਾਰੀ ਹੋਣ ਦੇ ਨਾਲ, ਪਿਛਲੇ ਕਬਜ਼ੇ ਨੋਟਿਸ ਵਾਪਸ ਲਏ ਜਾਂਦੇ ਹਨ।**

ਮਿਤੀ : 24.09.2025 ਸਥਾਨ : ਲੁਧਿਆਣਾ ਅਧਿਕਾਰਤ ਅਧਿਕਾਰੀ, (ਇੰਡੀਅਨ ਬੈਂਕ)

---

**ਇੰਡੀਅਨ ਬੈਂਕ Indian Bank** | ਇਲਾਹਾਬਾਦ ALLAHABAD

ਜ਼ੋਨਲ ਦਫਤਰ : ਐਸ.ਸੀ.ਐਫ. 88, ਅਰਬਨ ਅਸਟੇਟ, ਫੇਜ਼ 1, ਦੁੱਗਰੀ, ਲੁਧਿਆਣਾ-144013
PHONE -0161-5232103/106, EMAIL : zoludhiana@indianbank.co.in

**ਈ-ਨਿਲਾਮੀ ਵਿਕਰੀ ਸੂਚਨਾ**

**ਅੰਤਿਕਾ 4 -ਏ [ਨਿਯਮ 8 (6) ਦੀ ਵਿਵਸਥਾ ਦੇਖੋ] ਅਚੱਲ ਸੰਪੱਤੀਆਂ ਲਈ ਵਿਕਰੀ ਸੂਚਨਾ**

**ਈ-ਨਿਲਾਮੀ ਮਿਤੀ ਅਤੇ ਸਮਾਂ : 17.10.2025 (ਈ-ਨਿਲਾਮੀ ਵਿਧੀ ਰਾਹੀਂ), ਸਵੇਰੇ 10.00 ਵਜੇ ਤੋਂ ਸ਼ਾਮ 05.00 ਵਜੇ ਤੱਕ**
**ਬਿਆਨਾ ਰਕਮ ਦੀ ਆਖਰੀ ਮਿਤੀ :- 16.10.2025**
**ਸੂਚੀਬੱਧ ਸੰਪੱਤੀਆਂ ਅਤੇ ਸਬੰਧਤ ਦਸਤਾਵੇਜ਼ਾਂ/ਨਵੀਨਤਮ ਈਸੀ ਆਦਿ ਦੀ ਜਾਂਚ ਦੀ ਮਿਤੀ ਅਤੇ ਸਮਾਂ : 06.10.2025 ਤੋਂ 10.10.2025 ਨੂੰ ਸਵੇਰੇ 10.00 ਵਜੇ ਤੋਂ ਸ਼ਾਮ 4.00 ਵਜੇ ਦੇ ਵਿਚਾਲੇ**

**ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ 2002 ਦੇ ਅਧੀਨ ਸੁਰੱਖਿਆ ਵਿਆਜ (ਲਾਗੂਕਰਨ ਨਿਯਮਾਂਵਲੀ), 2002 ਦੇ ਨਿਯਮ 6 (2) ਅਤੇ 8 (6) ਦੇ ਅਧੀਨ ਇਛੁੱਕ ਵਿਕਰੀ ਵਾਸਤੇ ਇਛੁੱਕ ਵਿਕਰੀ ਦੀ ਸੂਚਨਾ**

ਆਮ ਕਰਕੇ ਜਨਤਾ ਅਤੇ ਵਿਸ਼ੇਸ਼ ਕਰਕੇ ਕਰਜ਼ਦਾਰ (ਾਂ) ਅਤੇ ਜ਼ਾਮਨ (ਾਂ) ਨੂੰ ਇਸ ਦੁਆਰਾ ਸੂਚਨਾ ਦਿੱਤੀ ਜਾਂਦੀ ਹੈ ਕਿ ਸੁਰੱਖਿਅਤ ਕਰਜ਼ਦਾਤਾ ਕੋਲ ਗਿਰਵੀ/ਬੰਦੀ ਨਿਮਨ ਦਰਸਾਈ ਅਚੱਲ ਸੰਪੱਤੀ (ਆਂ), ਜਿਸ ਦਾ ਸੰਕੇਤਕ ਕਬਜ਼ਾ ਇੰਡੀਅਨ ਬੈਂਕ , ਐਸਏਐਮ ਸ਼ਾਖਾ, ਲੁਧਿਆਣਾ, ਸੁਰੱਖਿਅਤ ਕਰਜ਼ਦਾਤਾ ਦੇ ਅਧਿਕਾਰਤ ਅਧਿਕਾਰੀ ਵੱਲੋਂ ਲਿਆ ਗਿਆ ਹੈ, ਦੀ ਵਿਕਰੀ **ਈ-ਨਿਲਾਮੀ ਵਿਧੀ ਦੁਆਰਾ "ਜਿਵੇਂ ਹੈ ਜਿਥੇ ਹੈ", "ਜਿਵੇਂ ਹੈ ਜੋ ਹੈ" ਅਤੇ "ਜੋ ਵੀ ਉਥੇ ਹੈ"** 'ਤੇ ਕੀਤੀ ਜਾਵੇਗੀ। ਸਫਲ ਬੋਲੀਕਾਰ ਨੂੰ ਅਗਲੇ ਕੰਮ ਵਾਲੇ ਦਿਨ ਤੱਕ ਬਿਆਨਾ ਰਕਮ (10%) ਜਮ੍ਹਾਂ ਸਮੇਤ ਬੋਲੀ ਰਕਮ ਦਾ 25% (ਪੱਚੀ ਫੀਸਦੀ) ਜਮ੍ਹਾਂ ਕਰਨਾ ਹੋਵੇਗਾ ਅਤੇ ਬਕਾਇਆ ਰਕਮ ਬੈਂਕਰਜ਼ ਚੈੱਕ/ਡਿਮਾਂਡ ਡਰਾਫਟ/ਅਕਾਊਂਟ ਟਰਾਂਸਫਰ ਅਤੇ/ਜਾਂ ਰਕਮ ਤਬਾਦਲੇ ਦੇ ਕਿਸੇ ਵੀ ਹੋਰ ਪ੍ਰਵਾਨਯੋਗ ਢੰਗ ਦੇ ਰੂਪ ਵਿਚ ਨਿਲਾਮੀ ਦੀ ਮਿਤੀ ਤੋਂ 15 ਦਿਨਾਂ ਦੇ ਅੰਦਰ ਅਦਾ ਕਰਨੀ ਹੋਵੇਗੀ। ਆਨਲਾਈਨ ਰਕਮ ਤਬਾਦਲੇ ਦੇ ਲਈ ਨੋਡਲ ਬੈਂਕ ਖਾਤਾ ਨੰਬਰ/ਆਈਐਫਐਸਸੀ ਕੋਡ ਆਦਿ ਨਿਮਨ ਅਨੁਸਾਰ ਹੈ। **ਦੇਣਦਾਰੀ ਮੁਕਤ ਖਾਤਾ ਨੰ. ਅਤੇ ਖਾਤੇ ਦਾ ਨਾਮ : 6345584911, ਜਮ੍ਹਾਂ ਬਿਆਨਾ ਰਕਮ ਖਾਤੇ ਦੇ ਨਾਮ 'ਤੇ ਆਈਐਫਐਸਸੀ ਕੋਡ : ਆਈਡੀਆਈਬੀ000ਡੀ029**

| | ਸ਼ਾਖਾ ਅਤੇ ਕਰਜ਼ਦਾਰ (ਾਂ)/ ਜ਼ਾਮਨ (ਾਂ) ਦਾ ਨਾਮ | ਅਚੱਲ ਗਿਰਵੀ ਸੰਪੱਤੀ/ਆਂ ਦੇ ਵੇਰਵੇ | ਸੁਰੱਖਿਅਤ ਕਰਜ਼ ਰਕਮ | ਰਾਖਵੀਂ ਕੀਮਤ / ਬਿਆਨਾ ਰਕਮ ਰਾਸ਼ੀ | ਬੋਲੀ ਵਾਧਾ ਰਕਮ / ਸੰਪੱਤੀ ਆਈਡੀ : |
|---|---|---|---|---|---|
| 1. | ਬੀ/ਓ : ਬੀ.ਆਰ.ਐਸ. ਨਗਰ Mob. No. 73470 - 35044<br>1) **ਹਰਪ੍ਰੀਤ ਕੌਰ ਪਤਨੀ ਰਣਬੀਰ ਸਿੰਘ (ਕਰਜ਼ਦਾਰ/ਗਿਰਵੀਕਾਰ)** ਮਕਾਨ ਨੰਬਰ ਬੀ XXI-5850/1, ਗਲੀ ਨੰਬਰ 13, ਨਿਊ ਸ਼ਿਮਲਾ ਪੁਰੀ, ਲੁਧਿਆਣਾ ਪੰਜਾਬ 141003, 2) **ਰਣਬੀਰ ਸਿੰਘ ਪੁੱਤਰ ਨਛੱਤਰ ਸਿੰਘ (ਸਹਿ-ਕਰਜ਼ਦਾਰ)** ਮਕਾਨ ਨੰਬਰ ਬੀ XXI-5850/1, ਗਲੀ ਨੰਬਰ 13, ਨਿਊ ਸ਼ਿਮਲਾ ਪੁਰੀ, ਲੁਧਿਆਣਾ ਪੰਜਾਬ 141003, 3) **ਮੈਸ. ਘਟੂਰੀਆ ਸਾਈਕਲ ਇੰਡਸਟਰੀਜ਼ ਪ੍ਰੋ. ਸ਼੍ਰੀਮਤੀ ਹਰਪ੍ਰੀਤ ਕੌਰ,** 5885/2 ਗਲੀ ਨੰਬਰ 13, ਨਿਊ ਸ਼ਿਮਲਾਪੁਰੀ, ਡਾਬਾ ਰੋਡ, ਲੁਧਿਆਣਾ | ਹਰਪ੍ਰੀਤ ਕੌਰ ਦੇ ਨਾਮ 'ਤੇ ਵਸੀਕਾ ਨੰਬਰ 11272 ਮਿਤੀ 20.03.2017 ਵਾਲੀ ਮਾਲਕੀ ਡੀਡ ਦੇ ਤਬਾਦਲੇ ਅਨੁਸਾਰ ਪਿੰਡ ਗਿੱਲ ਨੰਬਰ 2, ਐਚ.ਬੀ ਨੰਬਰ 263, ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ ਦੀ ਸਾਲ 2010-11 ਦੀ ਜਮ੍ਹਾਂਬੰਦੀ ਅਨੁਸਾਰ ਖਾਤਾ ਨੰਬਰ 2234/2902, ਖਸਰਾ ਨੰਬਰ 692, 693 ਵਿੱਚ ਸ਼ਾਮਲ 202 ਵਰਗ ਗਜ਼ ਦੀ ਜਾਇਦਾਦ ਦੀ ਈਐਮ। ਹੱਦਬੰਦੀ ਹੇਠ ਲਿਖੇ ਅਨੁਸਾਰ ਹਨ: ਪੂਰਬ - ਗਲੀ 25'-6", ਪੱਛਮ - ਅਸ਼ੋਕ ਕੁਮਾਰ 25'-5", ਉੱਤਰ - ਗੁਆਂਢੀ 71'-0", ਦੱਖਣ - ਗੁਆਂਢੀ - ਅਗਰਵਾਲ 71'-0" ਤਤੀਮਾ ਨਾਮਾ ਵਾਲੀ ਵਸੀਕਾ ਨੰਬਰ 11278 ਵਾਲੀ 24.12.2019 ਨੂੰ ਰਜਿਸਟਰਡ, ਲੁਧਿਆਣਾ ਦੇ ਸਬ ਰਜਿਸਟਰਾਰ ਕੋਲ ਰਜਿਸਟਰਡ। | 31.08.2025 ਨੂੰ 77,95,000/- ਰੁਪਏ (ਰੁ. **ਸਤੱਤਰ ਲੱਖ ਪਚਾਨਵੇਂ ਹਜ਼ਾਰ ਕੇਵਲ**) ਹੋਰ ਖਰਚਿਆਂ, ਹੋਰ ਖਰਚਿਆਂ ਅਤੇ ਉਨ੍ਹਾਂ 'ਤੇ ਖਰਚਿਆਂ ਸਮੇਤ 01.09.2025 | Rs. 40,00,000/-<br>Rs. 4,00,000/- | Rs. 30,000/-<br>IDIBL01333005986 |

ਈ-ਨਿਲਾਮੀ ਵੈਬਸਾਈਟ | ਸੰਪੱਤੀ ਦੀਆਂ ਫੋਟੋਆਂ | ਸੰਪੱਤੀ ਦੀ ਵੀਡਿਓ

**"ਇਸ ਪ੍ਰਕਾਸ਼ਨ ਸੁਰੱਖਿਆ ਹਿੱਤ (ਲਾਗੂਕਰਨ) ਨਿਯਮ 2002 ਦੇ ਨਿਯਮ 6 (2) ਅਤੇ 9 (1) ਦੇ ਅਨੁਸਾਰ ਵਿੱਤੀ ਸੰਪਤੀਆਂ ਦੇ ਸੁਰੱਖਿਅਤਕਰਨ ਅਤੇ ਪੁਨਰ ਨਿਰਮਾਣ ਅਤੇ ਸੁਰੱਖਿਆ ਹਿੱਤ ਕਾਨੂੰਨ 2002 ਦੇ ਲਾਗੂਕਰਨ ਦੇ ਤਹਿਤ 15 ਰੋਜ਼ਾ ਹੈ।"**

ਬੋਲੀਦਾਰਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਔਨਲਾਈਨ ਬੋਲੀ ਵਿੱਚ ਹਿੱਸਾ ਲੈਣ ਲਈ ਸਾਡੇ ਈ-ਨਿਲਾਮੀ ਸੇਵਾ ਪ੍ਰਦਾਤਾ PSB ਅਲਾਇੰਸ ਪ੍ਰਾਈਵੇਟ ਲਿਮਟਿਡ ਦੀ ਵੈੱਬਸਾਈਟ (https://baanknet.com) 'ਤੇ ਜਾਣ। ਤਕਨੀਕੀ ਸਹਾਇਤਾ ਲਈ ਕਿਰਪਾ ਕਰਕੇ PSB ਅਲਾਇੰਸ ਪ੍ਰਾਈਵੇਟ ਲਿਮਟਿਡ ਹੈਲਪਡੈਸਕ ਨੰਬਰ 8291220220, ਈਮੇਲ ਆਈਡੀ:- support.baanknet@psballiance.com ਅਤੇ ਸੇਵਾ ਪ੍ਰਦਾਤਾ ਹੈਲਪ ਡੈਸਕ ਵਿੱਚ ਉਪਲਬਧ ਹੋਰ ਹੈਲਪ ਲਾਈਨ ਨੰਬਰਾਂ 'ਤੇ ਕਾਲ ਕਰੋ। PSB ਅਲਾਇੰਸ ਪ੍ਰਾਈਵੇਟ ਲਿਮਟਿਡ ਨਾਲ ਰਜਿਸਟ੍ਰੇਸ਼ਨ ਸਥਿਤੀ ਅਤੇ EMD ਸਥਿਤੀ ਲਈ, ਕਿਰਪਾ ਕਰਕੇ support.baanknet@psballiance.com 'ਤੇ ਸੰਪਰਕ ਕਰੋ।

ਜਾਇਦਾਦ ਦੇ ਵੇਰਵਿਆਂ ਅਤੇ ਜਾਇਦਾਦ ਦੀ ਫੋਟੋ ਅਤੇ ਨਿਲਾਮੀ ਦੇ ਨਿਯਮਾਂ ਅਤੇ ਸ਼ਰਤਾਂ ਲਈ ਕਿਰਪਾ ਕਰਕੇ ਇੱਥੇ ਜਾਓ: https://baanknet.com ਅਤੇ ਇਸ ਪੋਰਟਲ ਨਾਲ ਸਬੰਧਤ ਸਪਸ਼ਟੀਕਰਨ ਲਈ, ਕਿਰਪਾ ਕਰਕੇ ਹੈਲਪਡੈਸਕ ਨੰਬਰ 8291220220 'ਤੇ ਸੰਪਰਕ ਕਰੋ।

ਬੋਲੀਦਾਰਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ https://baanknet.com ਨਾਲ ਵੈੱਬਸਾਈਟ ਵਿੱਚ ਜਾਇਦਾਦ ਦੀ ਖੋਜ ਕਰਦੇ ਸਮੇਂ ਉੱਪਰ ਦੱਸੇ ਗਏ ਜਾਇਦਾਦ ਆਈਡੀ ਨੰਬਰ ਦੀ ਵਰਤੋਂ ਕਰਨ।

ਮਿਤੀ: 24.09.2025 ਸਥਾਨ: ਲੁਧਿਆਣਾ ਅਧਿਕਾਰਤ ਅਧਿਕਾਰੀ

---

**ਲੜੀ ਨੰ. 1 ਦੇ ਲਈ 15.10.2025 ਅਤੇ ਲੜੀ ਨੰ. 2 ਦੇ ਲਈ 17.10.2025 ਨੂੰ 11.00 ਵਜੇ ਤੋਂ 16.00 ਵਜੇ ਈ-ਨਿਲਾਮੀ ਵਿਕਰੀ ਸੂਚਨਾ**

# SBI ਸਟੇਟ ਬੈਂਕ ਆਫ ਇੰਡੀਆ

**ਸਟਰੈਸਡ ਸੰਪਤੀ ਵਸੂਲੀ ਸ਼ਾਖਾ, ਤੀਜ਼ੀ ਮੰਜ਼ਿਲ, ਜ਼ੋਨਲ ਬਿਜਨਸ ਦਫਤਰ ਬਿਲਡਿੰਗ, ਫਾਊਨਟੇਨ ਚੌਕ, ਸਿਵਲ ਲਾਈਨਜ਼, ਲੁਧਿਆਣਾ 141001**

**ਲੜੀ ਨੰ. 1 ਦੇ ਲਈ 15.10.2025 ਅਤੇ ਲੜੀ ਨੰ. 2 ਦੇ ਲਈ 17.10.2025 ਨੂੰ 11.00 ਵਜੇ ਤੋਂ 16.00 ਵਜੇ ਈ-ਨਿਲਾਮੀ ਵਿਕਰੀ ਸੂਚਨਾ**

**15.10.2025 ਨੂੰ ਲੜੀ ਨੰ. 1 ਦੇ ਅਤੇ 17.10.2025 ਨੂੰ ਲੜੀ ਨੰ. 2 ਦੇ ਲਈ 11.00 ਵਜੇ ਤੋਂ 16.00 ਵਜੇ ਤੱਕ ਚੱਲ/ਅਚੱਲ ਜਾਇਦਾਦਾਂ ਦੀ ਵਿਕਰੀ ਲਈ ਈ-ਨਿਲਾਮੀ ਲਈ ਜਨਤਕ ਸੂਚਨਾ**

**ਬਿਆਨਾ ਰਕਮ ਅਤੇ ਦਸਤਾਵੇਜ਼ਾਂ ਲਈ ਜਮ੍ਹਾਂ ਕਰਨ ਦੀ ਆਖਰੀ ਮਿਤੀ ਅਤੇ ਸਮਾਂ ਈ-ਨਿਲਾਮੀ ਦੇ ਬੰਦ ਹੋਣ 'ਤੇ ਜਾਂ ਪਹਿਲਾਂ, ਮੈਸ. ਪੀਐਸਬੀ ਅਲਾਇੰਸ ਪ੍ਰਾਈਵੇਟ ਲਿਮਟਿਡ ਕੋਲ ਆਪਣੀ ਈ-ਨਿਲਾਮੀ ਸਾਈਟ 'ਤੇ ਰਜਿਸਟਰਡ ਆਪਣੇ ਖੁਦ ਦੇ ਵੈਲੇਟ ਰਾਹੀਂ ਬੋਲੀਕਾਰ : https://baanknet.com ਆਰਟੀਜੀਐਸ/ਐਨਈਐਫਟੀ ਦੇ ਜ਼ਰੀਏ**

**ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 8 (6) ਅਤੇ 9 (1) ਦੀ ਵਿਵਸਥਾ ਨਾਲ ਪੜ੍ਹੇ ਜਾਣ ਵਾਲੇ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 ਦੇ ਅਧੀਨ ਅਚੱਲ/ਚੱਲ ਸੰਪੱਤੀਆਂ ਦੀ ਵਿਕਰੀ ਬਾਰੇ ਈ-ਨਿਲਾਮੀ ਵਿਕਰੀ ਸੂਚਨਾ।** ਆਮ ਕਰਕੇ ਜਨਤਾ ਅਤੇ ਵਿਸ਼ੇਸ਼ ਕਰਕੇ ਕਰਜ਼ਦਾਰਾਂ ਅਤੇ ਜ਼ਾਮਨਾਂ ਨੂੰ ਇਸ ਦੁਆਰਾ ਸੂਚਨਾ ਦਿੱਤੀ ਜਾਂਦੀ ਹੈ ਕਿ **ਸਟੇਟ ਬੈਂਕ ਆਫ ਇੰਡੀਆ** (ਸੁਰੱਖਿਅਤ ਕਰਜ਼ਦਾਤਾ) ਕੋਲ ਗਿਰਵੀ/ਬੰਦੀ ਨਿਮਨ ਦਰਸਾਈਆਂ ਅਚੱਲ ਸੰਪੱਤੀਆਂ, ਜਿਨ੍ਹਾਂ ਦਾ **ਉਸਾਰੂ/ਭੌਤਿਕ ਕਬਜ਼ਾ ਸਟੇਟ ਬੈਂਕ ਆਫ ਇੰਡੀਆ (ਸੁਰੱਖਿਅਤ ਕਰਜ਼ਦਾਤਾ)** ਦੇ ਅਧਿਕਾਰਤ ਅਧਿਕਾਰੀ ਵੱਲੋਂ ਲਿਆ ਗਿਆ ਹੈ, ਦੀ ਵਿਕਰੀ ਨਿਮਨ ਦਰਸਾਏ ਕਰਜ਼ਦਾਰਾਂ/ਜ਼ਾਮਨਾਂ ਤੋਂ ਸਟੇਟ ਬੈਂਕ ਆਫ ਇੰਡੀਆ (ਸੁਰੱਖਿਅਤ ਕਰਜ਼ਦਾਤਾ) ਵੱਲ ਬਕਾਇਆ ਬੈਂਕ ਬਕਾਏ + ਵਿਆਜ (ਸੰਪੱਤੀਆਂ ਅਧੀਨ ਨਿਮਨ ਦਰਸਾਏ ਅਨੁਸਾਰ) ਦੀ ਵਸੂਲੀ ਦੇ ਲਈ **15.10.2025 ਨੂੰ ਲੜੀ ਨੰ. 1 ਦੇ ਅਤੇ 17.10.2025 ਨੂੰ ਲੜੀ ਨੰ. 2 ਦੇ ਲਈ "ਜਿਵੇਂ ਹੈ ਜਿਥੇ ਹੈ", "ਜਿਵੇਂ ਹੈ ਜੋ ਹੈ" ਅਤੇ "ਜੋ ਵੀ ਉਥੇ ਹੈ"** 'ਤੇ ਕੀਤੀ ਜਾਵੇਗੀ। **ਰਾਖਵੀਂ ਕੀਮਤ ਅਤੇ ਬਿਆਨਾ ਰਕਮ ਜਮ੍ਹਾਂ ਸੰਪੱਤੀਆਂ ਅਧੀਨ ਨਿਮਨ ਦਰਸਾਏ ਅਨੁਸਾਰ ਹੋਵੇਗੀ।** "ਸਾਰੇ ਵਿਧਾਨਕ/ਗੈਰ-ਵਿਧਾਨਕ ਬਕਾਏ, ਕਰ, ਦਰਾਂ, ਮੁਲਾਂਕਣ, ਖਰਚੇ, ਕਿਸੇ ਵੱਲ ਵੀ ਬਕਾਇਆ ਫੀਸਾਂ ਆਦਿ ਦਾ ਭੁਗਤਾਨ ਕੇਵਲ ਸਫਲ ਬੋਲੀਕਾਰ ਦੀ ਇਕੱਲੇ ਦੀ ਜ਼ਿੰਮੇਵਾਰੀ ਹੋਵੇਗੀ, ਸਫ਼ਲ ਬੋਲੀਕਾਰ ਵੱਲੋਂ ਵਿਕਰੀ ਕੀਮਤ ਦੀ ਕਿਸੇ ਵੀ ਰਕਮ ਦੇ ਭੁਗਤਾਨ ਵਿਚ ਅਸਫਲਤਾ ਦਾ ਨਤੀਜਾ ਉਨ੍ਹਾਂ ਵੱਲੋਂ ਜਮ੍ਹਾਂ ਰਕਮ ਦੀ ਜ਼ਬਤੀ ਹੋਵੇਗਾ। **ਵਿਕਰੀ ਦੇ ਵਿਸਥਾਰਤ ਨਿਯਮ ਅਤੇ ਸ਼ਰਤਾਂ ਵੈਬਸਾਈਟ : (a) https:sbi.co.in/ (b) https://baanknet.com ਵਿਚ ਨਿਮਨ ਦਰਸਾਏ/ਹਵਾਲੇ ਅਧੀਨ ਹਨ।**

| ਲ. ਨੰ. | ਕਰਜ਼ਦਾਰ (ਾਂ)/ ਜ਼ਾਮਨ (ਾਂ) ਦੇ ਨਾਮ | ਬਕਾਇਆ ਰਕਮ | ਸੰਪੱਤੀ/ਆਂ ਦੇ ਵੇਰਵੇ | ਰਾਖਵੀਂ ਕੀਮਤ / ਬਿਆਨਾ ਰਕਮ ਜਮ੍ਹਾਂ / ਬੋਲੀ ਵਾਧਾ ਰਕਮ | ਸੰਪੱਤੀ ਦੀ ਜਾਂਚ ਦੀ ਮਿਤੀ ਅਤੇ ਸਮਾਂ | ਅਧਿਕਾਰਤ ਅਧਿਕਾਰੀ ਅਤੇ ਸੰਪਰਕ ਨੰ. |
|---|---|---|---|---|---|---|
| 1. | ਮੈਸਰਜ਼ ਅਰੁਣ ਵੁਡਜ਼, ਦੁਕਾਨ ਨੰ. 31, ਅਨਾਜ ਮੰਡੀ, ਜਲਾਲਾਬਾਦ (ਪੱਛਮ), ਜ਼ਿਲ੍ਹਾ ਫਾਜ਼ਿਲਕਾ, ਪੰਜਾਬ 152024., ਸ਼ ਸੁਖਵਿੰਦਰ ਸਿੰਘ ਪੁੱਤਰ ਰੇਸ਼ਮ ਸਿੰਘ (ਮੈਸਰਜ਼ ਅਰੁਣ ਵੁਡਜ਼ ਦੇ ਮਾਲਕ), ਵਾਸੀ ਪਿੰਡ ਕਾਠਗੜ੍ਹ, ਚੱਕ ਗੁਲਾਮ ਰਸੂਲ ਵਾਲਾ, ਤਹਿਸੀਲ-ਜਲਾਲਾਬਾਦ (ਪੱਛਮ), ਜ਼ਿਲ੍ਹਾ ਫਾਜ਼ਿਲਕਾ, ਪੰਜਾਬ 152024, ਸ਼੍ਰੀਮਤੀ ਮਨਜੀਤ ਕੌਰ ਪਤਨੀ ਸ਼੍ਰੀ ਗੁਰਦੀਪ ਸਿੰਘ,ਵਾਸੀ ਮਕਾਨ ਨੰ: 207, ਵਾਰਡ ਨੰ: 2, ਬਸਤੀ ਹਾਈ ਸਕੂਲ, ਆਲਮ ਕੇ ਬੱਗੇ ਕੇ ਉਤਰ, ਤਹਿਸੀਲ ਜਲਾਲਾਬਾਦ ਵੈਸਟ, ਜਿਲਾ ਫਾਜ਼ਿਲਕਾ 152024, ਸ਼੍ਰੀਮਤੀ ਅਮਨਦੀਪ ਕੌਰ ਪਤਨੀ ਸ਼੍ਰੀ ਮਲਕੀਤ ਸਿੰਘ, ਵਾਸੀ ਪਿੰਡ ਕਾਠਗੜ੍ਹ ਤਹਿਸੀਲ ਜਲਾਲਾਬਾਦ ਵੈਸਟ, ਜਿਲਾ ਫਾਜ਼ਿਲਕਾ 152024, ਸ਼੍ਰੀਮਤੀ ਸ਼ਿਮਲਾ ਰਾਣੀ ਪਤਨੀ ਰੇਸ਼ਮ ਸਿੰਘ ਵਾਸੀ ਪਿੰਡ ਕਾਠਗੜ੍ਹ ਤਹਿਸੀਲ ਜਲਾਲਾਬਾਦ ਪੱਛਮੀ ਜ਼ਿਲ੍ਹਾ ਫਾਜ਼ਿਲਕਾ 152024 | 09.06.2017 ਨੂੰ 43,01,134/- ਰੁਪਏ (ਤਿਰਤਾਲੀ ਲੱਖ ਇੱਕ ਹਜ਼ਾਰ ਇੱਕ ਸੌ ਚੌਂਤੀ ਸਿਰਫ਼) ਅਤੇ ਭਵਿੱਖੀ ਵਿਆਜ ਅਤੇ ਉਸ 'ਤੇ ਖਰਚੇ। | ਜਾਇਦਾਦ 1 ਆਈਡੀ -SBIN052712019: ਜ਼ਮੀਨ ਦਾ ਮਾਪ 8 ਕਨਾਲ ਭਾਵ 160/4719 ਹਿੱਸਾ 235 ਕਨਾਲ 19 ਮਰਲੇ ਖੇਵਟ ਨੰ, 323, ਜਮ੍ਹਾਂਬੰਦੀ ਸਾਲ 2008-09, ਨੇੜੇ ਬਾਬਾ ਭੂਮਨ ਸ਼ਾਹ ਕਾਲੋਨੀ, ਕਾਹਨੇ ਵਾਲਾ ਰੋਡ, ਜਲਾਲਾਬਾਦ (ਪੱਛਮ) ਸ੍ਰੀਮਤੀ ਅਮਨਦੀਪ ਕੌਰ ਪਤਨੀ ਸ. ਮਲਕੀਤ ਸਿੰਘ (ਸਪੁੱਤਰੀ ਸ੍ਰੀ ਜੋਗਿੰਦਰ ਸਿੰਘ), ਸ਼ਿਮਲਾ ਰਾਣੀ ਪੁੱਤਰੀ ਰੇਸ਼ਮ ਸਿੰਘ ਵਾਸੀ ਪਿੰਡ ਕਾਠਗੜ੍ਹ, ਤਹਿਸੀਲ ਜਲਾਲਾਬਾਦ ਅਤੇ ਸ੍ਰੀਮਤੀ ਮਨਜੀਤ ਕੌਰ ਪਤਨੀ ਸ੍ਰੀ. ਗੁਰਦੀਪ ਸਿੰਘ ਵਾਸੀ ਜਲਾਲਾਬਾਦ, ਵਿਕਰੀ ਡੀਡ ਨੰ. 5028 ਮਿਤੀ 30.12.2011.<br>**ਸੰਕੇਤਕ ਕਬਜ਼ੇ ਦੀ ਮਿਤੀ : 29.06.2020** | Rs. 47,60,000/-<br>Rs. 4,76,000/-<br>Rs. 50,000/- | 08.10.2025 14:00 Hrs. to 16:00 Hrs | ਜੈਬੀਰ ਸਿੰਘ (ਸੀਐਲਓ) Mobile No. 99881-92220<br>ਸਨੀ ਕਰੀਰ (ਸੀਜੀਓ) Mobile No. 98883-47623 |
| 2. | ਮੈਸ. ਐਸ. ਐਸ. ਫਾਰਮਾਸਿਊਟੀਕਲਜ਼, 8-ਈ ਅਤੇ 9-ਈ ਦਿਲਖੁਸ਼ਾ ਮਾਰਕਿਟ ਜਲੰਧਰ, ਪੰਜਾਬ ਭਾਰਤ-144001, ੳ) ਦੁਕਾਨ ਨੰਬਰ- 8-ਈ (ਖੇਤਰ 1 ਮਰਲਾ 119 ਵਰਗ ਫੁੱਟ) 1. ਸ੍ਰੀ ਅਤੁਲ ਸੂਦ ਪੁੱਤਰ ਸ. ਸਤਪਾਲ ਸੂਦ, 2. ਸ੍ਰੀਮਤੀ. ਅਨੀਤਾ ਸੂਦ ਪਤਨੀ ਨਰੇਸ਼ ਸੂਦ, ਅ) ਦੁਕਾਨ ਨੰਬਰ-9-ਈ: (ਖੇਤਰ 1 ਮਰਲਾ 126 ਵਰਗ ਫੁੱਟ): 1.ਸ਼. ਅਤੁਲ ਸੂਦ ਪੁੱਤਰ ਸ. ਸਤਪਾਲ ਸੂਦ, 2.ਸ਼. ਨਰੇਸ਼ ਸੂਦ ਪੁੱਤਰ ਸ. ਸਤਪਾਲ ਸੂਦ ਜ਼ਾਮਨਾਂ: ਸ਼. ਅਤੁਲ ਸੂਦ ਪੁੱਤਰ ਸ. ਸਤਪਾਲ ਸੂਦ, ਸ੍ਰੀਮਤੀ ਮੋਨਿਕਾ ਸੂਦ ਪਤਨੀ ਅਤੁਲ ਸੂਦ | 02/12/2011 ਨੂੰ 5,01,78,357/- ਰੁਪਏ (ਪੰਜ ਕਰੋੜ ਇੱਕ ਲੱਖ ਅਠੱਤਰ ਹਜ਼ਾਰ ਤਿੰਨ ਸੌ ਸਤਵੰਜਾ ਸਿਰਫ਼) ਅਤੇ ਭਵਿੱਖੀ ਵਿਆਜ ਅਤੇ ਉਸ 'ਤੇ ਖਰਚੇ। | **Property 1**: ਜਾਇਦਾਦ 1 ਆਈਡੀ -SBIN100000312531: ਵਪਾਰਕ ਇਮਾਰਤ ਦੁਕਾਨ ਨੰਬਰ 8ਈ, 978 ਵਰਗ ਫੁੱਟ ਮਾਪ (SF ਵਿਖੇ 76+326 ਵਰਗ ਫੁੱਟ 'ਤੇ 326 ਵਰਗ ਫੁੱਟ ਦਾ ਨਿਰਮਾਣ) ਦੇ ਸਾਰੇ ਭਾਗ ਅਤੇ ਹਿੱਸੇ ਜੋ ਕਿ ਸ਼੍ਰੀਮਤੀ ਅਨੀਤਾ ਸੂਦ ਪਤਨੀ ਸਵਰਗੀ ਸ਼੍ਰੀ ਨਰੇਸ਼ ਕੁਮਾਰ ਸੂਦ ਅਤੇ ਸ਼੍ਰੀ ਅਤੁਲ ਸੂਦ ਪੁੱਤਰ ਸਤਿਆ ਪਾਲ ਸੂਦ ਦੇ ਨਾਮ 'ਤੇ ਵਿਕਰੀ ਡੀਡ ਨੰਬਰ 9776 ਮਿਤੀ 12.03.2004 ਦੁਆਰਾ, ਜਾਇਦਾਦ ਨੰਬਰ B IX/2-2481 ਦਿਲਖੁਸ਼ਾ ਮਾਰਕੀਟ, ਜਲੰਧਰ-144001, ਪੰਜਾਬ ਵਿਖੇ ਸਥਿਤ। ਹੱਦਬੰਦੀ ਹੇਠ ਲਿਖੇ ਅਨੁਸਾਰ:- ਪੂਰਬ: ਦੁਕਾਨ ਨੰਬਰ 7, ਪੱਛਮ: ਦੁਕਾਨ ਨੰਬਰ 9, ਉੱਤਰ: ਸੜਕ 20 ਫੁੱਟ ਚੌੜੀ, ਦੱਖਣ: ਘਰ ਦੁਰਗਾ ਦੱਤ।<br>**ਭੌਤਿਕ ਕਬਜ਼ੇ ਦੀ ਮਿਤੀ : 18.01.2024** | Rs. 1,47,00,000/-<br>Rs. 14,70,000/-<br>Rs. 25,000/- | 08.10.2025 14:00 Hrs. to 16:00 Hrs | ਜੈਬੀਰ ਸਿੰਘ (ਮੁੱਖ ਪ੍ਰਬੰਧਕ) Mobile No. 99881-92220<br>ਨਿੰਪੂ ਪ੍ਰਸਾਦ (ਉਪ ਪ੍ਰਬੰਧਕ) Mobile No. 98159-69920 |
| | | | **Property 2**: ਜਾਇਦਾਦ ਆਈਡੀ - SBIN100000312586: ਵਪਾਰਕ ਇਮਾਰਤ ਦੁਕਾਨ ਨੰਬਰ 9E, 999 ਵਰਗ ਫੁੱਟ ਮਾਪ (76 'ਤੇ 333 ਵਰਗ ਫੁੱਟ + 66+333 ਵਰਗ ਫੁੱਟ SF 'ਤੇ 333 ਵਰਗ ਫੁੱਟ ਬਣਾਇਆ ਗਿਆ) ਦੇ ਸਾਰੇ ਭਾਗ ਅਤੇ ਹਿੱਸੇ ਜੋ ਕਿ ਸ਼੍ਰੀ ਅਤੁਲ ਸੂਦ ਪੁੱਤਰ ਸ਼੍ਰੀ ਸੱਤਿਆ ਪਾਲ ਸੂਦ ਅਤੇ ਸਵਰਗੀ ਸ਼੍ਰੀ ਨਰੇਸ਼ ਕੁਮਾਰ ਸੂਦ ਪੁੱਤਰ ਸ਼੍ਰੀ ਸੱਤਿਆ ਪਾਲ ਸੂਦ ਦੇ ਨਾਮ 'ਤੇ, ਵਿਕਰੀ ਡੀਡ ਨੰਬਰ 4748 ਮਿਤੀ 06.08.1992 ਦੁਆਰਾ, ਦਿਲਖੁਸ਼ਾ ਮਾਰਕੀਟ, ਜਲੰਧਰ-144001, ਪੰਜਾਬ ਵਿਖੇ ਸਥਿਤ ਹੈ। ਹੱਦਬੰਦੀ ਹੇਠ ਲਿਖੇ ਅਨੁਸਾਰ:- ਪੂਰਬ: ਦੁਕਾਨ 8E, ਪੱਛਮ: ਦੁਕਾਨ 10E, ਉੱਤਰ: ਸੜਕ 20 ਫੁੱਟ ਚੌੜੀ, ਦੱਖਣ: ਘਰ ਦੁਰਗਾ ਦੱਤ।<br>**ਭੌਤਿਕ ਕਬਜ਼ੇ ਦੀ ਮਿਤੀ : 18.01.2024** | Rs. 1,50,00,000/-<br>Rs. 15,00,000/-<br>Rs. 25,000/- | 08.10.2025 14:00 Hrs. to 16:00 Hrs | |

**ਇਹ ਪ੍ਰਕਾਸ਼ਨ ਸੁਰੱਖਿਆ ਹਿੱਤ (ਲਾਗੂਕਰਨ) ਨਿਯਮ 2002 ਦੇ ਨਿਯਮ 9(1) ਅਤੇ 8(6) ਦੇ ਤਹਿਤ ਉਪਰੋਕਤ ਕਰਜ਼ਦਾਰ(ਾਂ) ਅਤੇ ਜ਼ਾਮਨ(ਾਂ) ਨੂੰ 15 ਦਿਨਾਂ ਦਾ ਨੋਟਿਸ ਵੀ ਹੈ।**

**ਸਰਫਾਇਸੀ ਐਕਟ 2, 2002 ਦੇ ਉਪਬੰਧਾਂ ਦੇ ਅਨੁਸਾਰ, ਹੁਣ ਬੈਂਕ ਦੇ ਕਬਜ਼ੇ ਵਿੱਚ ਅਚੱਲ ਸੰਪਤੀਆਂ ਨੂੰ ਜਨਤਕ ਈ-ਨਿਲਾਮੀ ਰਾਹੀਂ ਵੇਚਣ ਦਾ ਪ੍ਰਸਤਾਵ https://baanknet.com ਰਾਹੀਂ ਹੋਵੇਗੀ। ਵਿਕਰੀ ਦੀਆਂ ਵਿਸਤ੍ਰਿਤ ਸ਼ਰਤਾਂ ਅਤੇ ਸ਼ਰਤਾਂ ਲਈ, ਕਿਰਪਾ ਕਰਕੇ ਵੈੱਬਸਾਈਟਾਂ ਵੇਖੋ: https://baanknet.com**

ਮਿਤੀ: 24.09.2025 ਸਥਾਨ: ਲੁਧਿਆਣਾ ਅਧਿਕਾਰਤ ਅਧਿਕਾਰੀ, ਸਟੇਟ ਬੈਂਕ ਆਫ

---

# pnb ਪੰਜਾਬ ਨੈਸ਼ਨਲ ਬੈਂਕ

...ਭਰੋਸੇ ਦਾ ਪ੍ਰਤੀਕ

ਸਰਕਲ ਦਫਤਰ ਪਟਿਆਲਾ, ਪੰਜਾਬ ਨੈਸ਼ਨਲ ਬੈਂਕ
ਦੂਜੀ ਮੰਜ਼ਿਲ, ਸਾਹਮਣੇ ਇਮਪਰੂਵਮੈਂਟ ਟਰੱਸਟ ਬਿਲਡਿੰਗ, ਛੋਟੀ ਬਾਰਾਦਰੀ
ਪਟਿਆਲਾ, EMAIL ID : coptlrecovery@pnb.bank.in

**ਈ-ਨਿਲਾਮੀ ਵਿਕਰੀ ਸੂਚਨਾ**

**ਚੱਲ/ਅਚੱਲ ਜਾਇਦਾਦਾਂ ਦੀ ਵਿਕਰੀ ਲਈ ਵਿਕਰੀ ਸੂਚਨਾ**

ਵਿੱਤੀ ਜਾਇਦਾਦਾਂ ਦੀ ਸੁਰੱਖਿਆ ਅਤੇ ਪੁਨਰ ਨਿਰਮਾਣ ਅਤੇ ਸੁਰੱਖਿਆ ਹਿੱਤ ਐਕਟ, 2002 ਦੇ ਨਿਯਮ 8(6) ਦੇ ਨਾਲ ਪੜ੍ਹਿਆ ਜਾਂਦਾ ਹੈ, ਸੁਰੱਖਿਆ ਵਿਆਜ (ਲਾਗੂਕਰਨ) ਨਿਯਮ 2002 ਦੇ ਨਿਯਮ 8(6) ਦੇ ਨਾਲ ਪੜ੍ਹਿਆ ਜਾਂਦਾ ਹੈ, ਅਧੀਨ ਚੱਲ/ਅਚੱਲ ਜਾਇਦਾਦਾਂ ਦੀ ਵਿਕਰੀ ਲਈ ਈ-ਨਿਲਾਮੀ ਵਿਕਰੀ ਨੋਟਿਸ ਆਮ ਜਨਤਾ ਨੂੰ ਅਤੇ ਖਾਸ ਤੌਰ 'ਤੇ ਕਰਜ਼ਦਾਰਾਂ/ਜ਼ਾਮਨਾਂ/ਗਿਰਵੀਕਾਰਾਂ ਨੂੰ ਦਿੱਤਾ ਜਾਂਦਾ ਹੈ ਕਿ ਹੇਠਾਂ ਦੱਸੇ ਗਏ।ਚੱਲ/ਅਚੱਲ ਜਾਇਦਾਦ(ਾਂ) ਨੂੰ ਸੁਰੱਖਿਅਤ ਕਰਜ਼ਦਾਤਾ ਨੂੰ ਚਾਰਜ ਕੀਤਾ ਗਿਆ ਹੈ, ਜਿਸ ਦਾ ਨਿਰਮਾਣ/ਭੌਤਿਕ/ਸੰਕੇਤਕ ਕਬਜ਼ਾ ਬੈਂਕ ਸੁਰੱਖਿਅਤ ਕਰਜ਼ਦਾਤਾ ਦੇ ਅਧਿਕਾਰਤ ਅਧਿਕਾਰੀ ਦੁਆਰਾ ਲਿਆ ਗਿਆ ਹੈ, ਨੂੰ "ਜਿਵੇਂ ਹੈ ਜਿੱਥੇ ਹੈ, ਦੇ ਆਧਾਰ 'ਤੇ", "ਜਿਵੇਂ ਹੈ ਜੋ ਹੈ, ਆਧਾਰ 'ਤੇ" ਅਤੇ ਜੋ ਵੀ ਆਧਾਰ ਹੈ, ਉਸ ਮਿਤੀ 'ਤੇ ਕਰਜ਼ਦਾਰਾਂ/ਜ਼ਾਮਨਾਂ/ਗਿਰਵੀਕਾਰਾਂ ਤੋਂ ਸੁਰੱਖਿਅਤ ਕ੍ਰੈਡਿਟ (ਇੱਥੇ ਬੈਂਕ) ਪ੍ਰਤੀ ਬਕਾਇਆ ਕ੍ਰਮਵਾਰ ਵੇਚਿਆ ਜਾਵੇਗਾ। (ਰਿਜ਼ਰਵ ਕੀਮਤ ਅਤੇ ਇਸ ਤੋਂ ਬਾਅਦ ਈਮੇਸਟ ਮੋਰੀ ਡਿਪਾਜ਼ਿਟ (ਈਐਮਡੀ) ਸੰਬੰਧਿਤ ਹਮਲਿਆਂ ਦੇ ਵਿਰੁੱਧ ਹੇਠਾਂ ਦਿੱਤੀ ਸਾਰਣੀ ਵਿੱਚ ਦਰਸਾਈ ਗਈ ਹੈ।

**ਵਿਕਰੀ ਦੇ ਵਿਸਤ੍ਰਿਤ ਨਿਯਮਾਂ ਅਤੇ ਸ਼ਰਤਾਂ ਲਈ, ਕਿਰਪਾ ਕਰਕੇ https://baanknet.com, www.pnbindia.bank.in ਵੇਖੋ ਜਾਂ ਸਾਡੇ ਅਫਸਰ, ਪਟਿਆਲਾ ਰਾਮਦਿਆਲ ਚੌਧਰੀ, ਮੁੱਖ ਪ੍ਰਬੰਧਕ, ਮੋਬਾਈਲ: 7073387222 ਨਾਲ ਸੰਪਰਕ ਕਰੋ।**

| ਲ. ਨੰ. | ਸ਼ਾਖਾ ਦਾ ਨਾਮ | ਕਰਜ਼ਦਾਰ(ਾਂ)/ਜ਼ਾਮਨ(ਾਂ)/ ਗਿਰਵੀਕਾਰ(ਾਂ) ਦਾ ਨਾਮ ਅਤੇ ਪਤਾ | ਅਚੱਲ ਗਿਰਵੀ ਸੰਪੱਤੀਆਂ ਦੇ ਵੇਰਵੇ /ਸੰਪੱਤੀ/ਆਂ ਦੇ ਮਾਲਕ,ਗਿਰਵੀਕਾਰਾਂ ਦਾ ਨਾਮ | ਸਰਫਾਇਸੀ ਐਕਟ 2002 ਦੀ ਧਾਰਾ 13 (2) ਦੇ ਅਧੀਨ ਮੰਗ ਸੂਚਨਾ ਦੀ ਮਿਤੀ / ਬਕਾਇਆ ਰਕਮ / ਕਬਜ਼ੇ ਦੀ ਕਿਸਮ | ਰਾਖਵੀਂ ਕੀਮਤ / ਬਿਆਨਾ ਰਕਮ / ਬੋਲੀ ਵਾਧਾ | ਖਾਤੇ ਦਾ ਨਾਮ, ਖਾਤਾ ਨੰ., ਆਈਐਫਐਸਸੀ ਕੋਡ (ਰਕਮ ਕੇਵਲ ਸਫਲ ਬੋਲੀ ਦੇਣ ਉਪਰੰਤ ਹੀ ਜਮ੍ਹਾਂ ਕੀਤੀ ਜਾਵੇਗੀ।) | ਈ-ਨਿਲਾਮੀ ਦੀ ਮਿਤੀ/ਸਮਾਂ / ਸੁਰੱਖਿਅਤ ਕਰਜ਼ਦਾਤਿਆਂ ਨੂੰ ਜਾਣੂ ਦੇਣਦਾਰੀਆਂ ਦੇ ਵੇਰਵੇ |
|---|---|---|---|---|---|---|---|
| 1. | ਬੀਓ : ਸੰਗਰੂਰ ਕੋਰਟ ਰੋਡ (347700) | ਅਮਰੀਕ ਸਿੰਘ (ਹੁਣ ਮ੍ਰਿਤਕ) ਪੁੱਤਰ ਸ਼੍ਰੀ ਬਲਦੇਵ ਸਿੰਘ (ਆਪਣੇ ਕਾਨੂੰਨੀ ਵਾਰਸਾਂ ਰਾਹੀਂ, ਜਿਨ੍ਹਾਂ ਦਾ ਨਾਮ 1. ਸ਼੍ਰੀਮਤੀ ਸਰਬਜੀਤ ਕੌਰ ਪਤਨੀ ਸਵਰਗੀ ਅਮਰੀਕ ਸਿੰਘ ਪੁੱਤਰ ਬਲਦੇਵ ਸਿੰਘ ਹੈ) ਨਿਵਾਸੀ ਗਲੀ ਨੰਬਰ-1, ਮਕਾਨ ਨੰਬਰ-91, ਬਲਾਕ-ਡੀ, ਸਵਰਨਾ ਐਵੇਨਿਊ, ਸ਼ਿਵਮ ਕਲੋਨੀ, ਨਨਕਿਆਣਾ ਰੋਡ ਸੰਗਰੂਰ-148001, 2. ਸ਼੍ਰੀ ਵਰਿੰਦਰ ਸਿੰਘ ਸ਼੍ਰੀਮਤੀ ਸਰਬਜੀਤ ਕੌਰ ਪਤਨੀ ਸਵਰਗੀ ਸ਼੍ਰੀ ਅਮਰੀਕ ਸਿੰਘ ਪੁੱਤਰ ਬਲਦੇਵ ਸਿੰਘ ਦੀ ਸਰਪ੍ਰਸਤੀ ਹੇਠ) ਨਿਵਾਸੀ ਗਲੀ ਨੰਬਰ-1, ਮਕਾਨ ਨੰਬਰ-91, ਬਲਾਕ-ਡੀ, ਸਵਰਨਾ ਐਵੇਨਿਊ, ਸ਼ਿਵਮ ਕਲੋਨੀ, ਨਨਕਿਆਣਾ ਰੋਡ ਸੰਗਰੂਰ-148001। 3. ਸ਼੍ਰੀ ਸੁਰਿੰਦਰ ਸਿੰਘ ਸ਼੍ਰੀਮਤੀ ਸਰਬਜੀਤ ਕੌਰ ਪਤਨੀ ਸਵਰਗੀ ਅਮਰੀਕ ਸਿੰਘ ਦੀ ਸਰਪ੍ਰਸਤੀ ਹੇਠ, ਨਿਵਾਸੀ ਗਲੀ ਨੰਬਰ-1, ਮਕਾਨ ਨੰਬਰ-91, ਬਲਾਕ-ਡੀ, ਸਵਰਨਾ ਐਵੇਨਿਊ, ਸ਼ਿਵਮ ਕਲੋਨੀ, ਨਨਕਿਆਣਾ ਰੋਡ ਸੰਗਰੂਰ-148001, ਰਾਜਪਾਲ ਸਿੰਘ ਪੁੱਤਰ ਸ. ਦਲੀਪ ਸਿੰਘ (ਜ਼ਾਮਨ) ਰਿਹਾਇਸ਼ੀ ਮਕਾਨ ਨੰ-262, ਵਾਰਡ ਨੰ-10/ਏ, ਜਿੰਦਲ ਪਬਲਿਕ ਸਕੂਲ ਧੂਰੀ ਨੇੜੇ, ਸੰਗਰੂਰ ਪੰਜਾਬ-148024। | ਸ਼੍ਰੀ ਅਮਰੀਕ ਸਿੰਘ ਪੁੱਤਰ ਸ਼੍ਰੀ ਬਲਦੇਵ ਸਿੰਘ ਪੁੱਤਰ ਸ਼੍ਰੀ ਕਾਕਾ ਸਿੰਘ ਦੇ ਨਾਮ 'ਤੇ, ਵਿਕਰੀ ਡੀਡ ਨੰਬਰ 2018-19/128/1945 ਮਿਤੀ 07-12-2018, ਸਬ-ਰਜਿਸਟਰਾਰ, ਸੰਗਰੂਰ ਨਾਲ ਰਜਿਸਟਰਡ 200 ਵਰਗ ਗਜ਼ ਦੇ ਮਾਪ 'ਤੇ ਬਣੇ ਰਿਹਾਇਸ਼ੀ ਮਕਾਨ ਅਤੇ ਸੁਪਰਸਟ੍ਰਕਚਰ ਦੇ ਬਰਾਬਰ ਗਿਰਵੀਨਾਮੇ ਦੇ ਸਾਰੇ ਭਾਗ ਅਤੇ ਹਿੱਸੇ ਖਾਤਾ ਨੰਬਰ 1787/2527 ਖਸਰਾ ਨੰਬਰ 74//21, ਗਲੀ ਨੰਬਰ 2, ਸ਼ਿਵਮ ਕਲੋਨੀ, ਨੈਨਕੀਆਣਾ ਰੋਡ ਇਨਸਾਈਡ, ਸੰਗਰੂਰ ਵਿਖੇ ਸਥਿਤ ਕੁੱਲ 8 ਕਨਾਲ ਜ਼ਮੀਨ ਵਿੱਚੋਂ 1/24 ਭਾਵ, 0-6,2/3 ਮਰਲੇ ਭਾਵ (200 ਵਰਗ ਗਜ਼) ਦਾ ਹਿੱਸਾ। ਹੇਠ ਲਿਖੇ ਅਨੁਸਾਰ ਹੱਦਬੰਦੀ : ਪੂਰਬ: ਪਲਾਟ ਨੰਬਰ ਗਲੀ 20 ਫੁੱਟ ਚੌੜਾ ਪਾਸਾ 36 ਫੁੱਟ, ਪੱਛਮ: ਪਲਾਟ ਨੰਬਰ ਖਾਲੀ ਪਲਾਟ ਵਾਲਾ ਪਾਸਾ 36 ਫੁੱਟ, ਉੱਤਰੀ ਪਲਾਟ ਨੰਬਰ ਮਕਾਨ ਜੀਵਨ ਰਾਣੀ ਵਾਲਾ ਪਾਸਾ 50 ਫੁੱਟ, ਦੱਖਣ: ਪਲਾਟ ਰਾਮ ਦੇਵੀ ਹੋਰ ਪਾਸਾ 50 ਫੁੱਟ। | 12.09.2023<br>Rs. 14,07,492/- 01.09.2023 ਤੋਂ ਪ੍ਰਭਾਵੀ ਅਗਲੇਰੇ ਵਿਆਜ ਅਤੇ ਸਮੇਤ ਅਤੇ ਲਾਗਤਾਂ ਅਤੇ ਫੀਸਾਂ ਸਮੇਤ<br>ਸੰਕੇਤਕ | Rs. 26.65<br>Rs. 2.67<br>Rs. 0.20 | SUNDRY-NPA/ SARFAESI/ AUCTION RELATED 347700317718A IFSC CODE PUNB0347700 | 17.10.2025। (10 ਮਿੰਟ ਦੇ ਅਸੀਮਿਤ ਸਵੈ ਵਾਧੇ ਸਮੇਤ ਸਵੇਰੇ 11.00 ਤੋਂ ਸ਼ਾਮ 04.00 ਵਜੇ ਤੱਕ)<br>ਬੈਂਕ ਨੂੰ ਜਾਣੂ ਨਹੀਂ |
| 2. | ਬੀਓ : ਬੀਜੀਆਈਐਮਟੀ ਸੰਗਰੂਰ (487800) | ਮੈਸ. ਖਾਨ ਟਾਈਲਸ ਇੰਡਸਟਰੀਜ਼, ਪਿੰਡ ਰੋਸ਼ਨਵਾਲਾ ਪਟਿਆਲਾ ਰੋਡ ਸੰਗਰੂਰ-148001, ਮੁਹੰਮਦ ਰਫੀ (ਪ੍ਰੋਪ.), ਪਿੰਡ ਗੁਰਦਾਸਪੁਰ, ਡਾਕਖਾਨਾ ਘਾਬਦਾਨ, ਜ਼ਿਲ੍ਹਾ ਸੰਗਰੂਰ-ਰ 148001. ਬਸ਼ੀਰਾ ਬੇਗਮ ਵ/ਓ ਮੁਹੰਮਦ ਰਫੀ, ਪਿੰਡ ਗੁਰਦਾਸਪੁਰ, ਡਾਕਖਾਨਾ ਘਾਬਦਾ, ਜ਼ਿਲ੍ਹਾ ਸੰਗਰੂਰ-148001. | ਸ਼੍ਰੀਮਤੀ ਬਸ਼ੀਰਾ ਬੇਗਮ ਪਤਨੀ ਸ਼੍ਰੀ ਮੁਹੰਮਦ ਰਫੀ ਦੇ ਨਾਮ 'ਤੇ ਵਿਕਰੀ ਡੀਡ ਨੰਬਰ 207 ਮਿਤੀ 04.05.2011 ਪਿੰਡ ਗੁਰਦਾਸਪੁਰ, ਜ਼ਿਲ੍ਹਾ ਸੰਗਰੂਰ 148001 ਰਾਹੀਂ ਖਰੀਦਿਆ ਵਪਾਰਕ ਜ਼ਮੀਨ ਦੇ ਬਰਾਬਰ ਗਿਰਵੀਨਾਮੇ ਦਾ ਸਾਰਾ ਹਿੱਸਾ ਜਿਸ ਵਿੱਚ ਢਾਂਚਾ ਖਾਤਾ ਨੰਬਰ 80/109 ਤੋਂ 111, ਖਸਰਾ ਨੰਬਰ 317/2/3-18, 318/1/2-3, 327/6-5, 328/4-6, 329/1/1-17, 330/2/2-12 ਪਲਾਟ ਖੇਤਰ 1 ਬਿਘਾ 16 ਬਿਸਵਾ ਜਾਂ 1800 ਵਰਗ ਗਜ਼ ਹੈ, ਸੰਗਰੂਰ ਭਵਾਨੀਗੜ੍ਹ ਰੋਡ, ਬੱਸ ਸਟਾਪ ਪਿੰਡ ਰੋਸ਼ਨਵਾਲਾ ਦੇ ਨੇੜੇ, ਤਹਿਸੀਲ ਭਵਾਨੀਗੜ੍ਹ, ਜ਼ਿਲ੍ਹਾ ਸੰਗਰੂਰ ਵਿਖੇ ਸਥਿਤ । | 01.07.2024<br>Rs. 19,82,702.89 ਜਮ੍ਹਾਂ ਲਾਗਤਾਂ ਅਤੇ ਹੋਰ ਫੀਸਾਂ ਸਮੇਤ 01.07.2024 ਤੋਂ ਅਗਲੇਰਾ ਵਿਆਜ<br>ਸੰਕੇਤਕ | Rs. 101.95 Lakhs<br>Rs. 10.195 Lakhs<br>Rs. 1.00 Lakhs | SUNDRY-NPA/ SARFAESI/ AUCTION RELATED 487800317118A IFSC CODE PUNB0487800 | 17.10.2025। (10 ਮਿੰਟ ਦੇ ਅਸੀਮਿਤ ਸਵੈ ਵਾਧੇ ਸਮੇਤ ਸਵੇਰੇ 11.00 ਤੋਂ ਸ਼ਾਮ 04.00 ਵਜੇ ਤੱਕ)<br>ਬੈਂਕ ਨੂੰ ਜਾਣੂ ਨਹੀਂ |
| 3. | ਬੀਓ : ਬੀਜੀਆਈਐਮਟੀ ਸੰਗਰੂਰ (487800) | ਨੌਸ਼ਾਦ ਅਲੀ ਪੁੱਤਰ ਲਿਆਕਤ ਅਲੀ, ਹਰੀਪੁਰਾ ਬਸਤ ਦੇ ਅੰਦਰ, ਸ਼ਮਸ਼ਾਨ ਘਾਟ ਨੇੜੇ ਸੰਗਰੂਰ, ਇਸ ਤੋਂ ਇਲਾਵਾ: ਟਾਪ ਕਲੌਥ ਸਟੋਰ, ਨਾਭਾ ਗੇਟ, ਅਸ਼ੋਕਾ ਟੈਂਟ ਹਾਊਸ ਦੇ ਸਾਹਮਣੇ, ਸੰਗਰੂਰ, ਸ਼ਹਿਨਾਜ਼ ਪਤਨੀ ਨੌਸ਼ਾਦ ਅਲੀ, ਹਰੀਪੁਰਾ ਬਸਤ ਦੇ ਅੰਦਰ, ਸ਼ਮਸ਼ਾਨ ਘਾਟ ਨੇੜੇ, ਸੰਗਰੂਰ। | ਆਰਟੀਡੀ ਨੰਬਰ 3058 ਮਿਤੀ 26.02.2015 ਦੇ ਅਧੀਨ ਸ਼੍ਰੀਮਤੀ ਸ਼ਹਿਨਾਜ ਪਤਨੀ ਸ਼੍ਰੀ ਨੌਸ਼ਾਦ ਅਲੀ ਦੇ ਨਾਮ 'ਤੇ ਰਜਿਸਟਰਡ 98 ਵਰਗ ਗਜ਼, ਖਾਤਾ ਨੰਬਰ 378/553/583/854, 862/1258, ਖਸਰਾ ਨੰਬਰ 94//5/2/2-11, 6/ਮਿਨ, 6-14-3, 00, 95//1/1/1-5, 10-3 ਮਿਨ 0-15, 94//14/3/2/2-11-6,00,89, 28/1/ਮਿਨ 2-10 ਦੁਆਰਾ ਪ੍ਰਾਪਤ ਕੀਤੀ ਗਈ। ਕੁੱਲ ਜ਼ਮੀਨ 16 ਕਨਾਲ 7 ਮਰਲੇ ਜਿਸ ਵਿੱਚੋਂ 100/9810 ਹਿੱਸਾ ਯਾਨੀ 3 1/3 ਮਰਲੇ, ਵਾਰਡ ਨੰਬਰ 5, ਹਰੀਪੁਰਾ ਬਸਤੀ, ਮਦੀਨਾ ਮੁਸਲਿਮ ਪਬਲਿਕ ਸਕੂਲ ਦੇ ਨੇੜੇ, ਸੰਗਰੂਰ ਵਿਖੇ ਸਥਿਤ ਰਿਹਾਇਸ਼ੀ ਮਕਾਨ ਦੀ ਜਾਇਦਾਦ। | 17.01.2019<br>Rs.13,38,168.50 31.12.2018 ਨੂੰ ਜਮ੍ਹਾਂ 01.01.2019 ਤੋਂ ਪ੍ਰਭਾਵੀ ਵਿਆਜ ਜਮ੍ਹਾਂ ਇਸ 'ਤੇ ਵਿਆਜ ਅਤੇ ਹੋਰ ਫੀਸਾਂ<br>ਸੰਕੇਤਕ | Rs. 7.40 Lakhs<br>Rs. 0.74 Lakhs<br>Rs. 0.10 Lakhs | SUNDRY-NPA/ SARFAESI/ AUCTION RELATED 487800317118A IFSC CODE PUNB0487800 | 17.10.2025 (10 ਮਿੰਟ ਦੇ ਅਸੀਮਿਤ ਸਵੈ ਵਾਧੇ ਸਮੇਤ ਸਵੇਰੇ 11.00 ਤੋਂ ਸ਼ਾਮ 04.00 ਵਜੇ ਤੱਕ)<br>ਬੈਂਕ ਨੂੰ ਜਾਣੂ ਨਹੀਂ |
| 4. | ਬੀਓ : ਜੱਸੋਵਾਲ (168610) | 1. ਸ਼੍ਰੀਮਤੀ ਪਰਮਿੰਦਰ ਕੌਰ ਪਤਨੀ ਜਸਵੰਤ ਸਿੰਘ, ਵਾਸੀ ਪਿੰਡ ਬਾਰਾਂ, ਪਟਿਆਲਾ-147001, 2. ਸ਼੍ਰੀਮਤੀ ਪਰਮਿੰਦਰ ਕੌਰ ਪਤਨੀ ਜਸਵੰਤ ਸਿੰਘ, ਨਿਵਾਸੀ ਬਲਜੀਤ ਕਲੋਨੀ, ਘਨੌਰ ਰੋਡ, ਪਿੰਡ ਚੌੜਾ, ਪਟਿਆਲਾ-147001 | ਸ਼੍ਰੀਮਤੀ ਪਰਮਿੰਦਰ ਕੌਰ ਪਤਨੀ ਜਸਵੰਤ ਸਿੰਘ ਦੇ ਨਾਮ 'ਤੇ ਵਿਕਰੀ ਡੀਡ ਨੰਬਰ 2018-19/11/3147 ਮਿਤੀ 26.06.2018 ਨੂੰ ਸਬ-ਰਜਿਸਟਰਾਰ ਪਟਿਆਲਾ ਅੱਗੇ ਰਜਿਸਟਰਡ ਰਿਹਾਇਸ਼ੀ ਮਕਾਨ ਦੇ ਸਾਰੇ ਭਾਗ ਅਤੇ ਹਿੱਸੇ, ਜਿਸ ਵਿੱਚ ਜਮ੍ਹਾਂਬੰਦੀ ਸਾਲ 2015-16 ਦੇ ਅਨੁਸਾਰ ਖੇਵਟ ਨੰਬਰ 35, ਖਟੋਨੀ ਨੰਬਰ 35, ਖਸਰਾ ਨੰਬਰ 401 ਮਿਨ/4-4-5.00 ਸ਼ਾਮਲ ਸਨ, ਜਿਸ ਵਿੱਚੋਂ 0-4 ਬਿਸਵੇ ਭਾਵ 220 ਵਰਗ ਗਜ਼ ਬਲਜੀਤ ਕਲੋਨੀ, ਘਨੌਰ ਰੋਡ, ਪਿੰਡ ਚੌੜਾ, ਪਟਿਆਲਾ ਵਿਖੇ ਸਥਿਤ ।ਹੇਠ ਲਿਖੇ ਅਨੁਸਾਰ ਹੱਦਬੰਦੀ (ਟਾਈਟਲ ਡੀਡ ਅਨੁਸਾਰ): ਪੂਰਬ: ਖਾਲੀ ਪਲਾਟ, ਸਾਈਡ 65', ਪੱਛਮ: ਬਣਿਆ ਹੋਇਆ ਮਕਾਨ, ਸਾਈਡ 65', ਉੱਤਰ: ਬਲਜੀਤ ਸਿੰਘ ਦੀ ਜਾਇਦਾਦ, ਸਾਈਡ 30'6", ਦੱਖਣ: ਸੜਕ ਚੌੜੀ 20', ਸਾਈਡ 30' 6" | 04.09.2024<br>Rs. 12,66,461.23 31.08.2024 ਨੂੰ ਜਮ੍ਹਾਂ 01.09.2024 ਤੋਂ ਅਗਲੇਰਾ ਵਿਆਜ, ਲਾਗਤਾਂ ਅਤੇ ਹੋਰ ਫੀਸਾਂ ਸਮੇਤ<br>ਸੰਕੇਤਕ | Rs. 17.981 Lakhs<br>Rs. 1.798 Lakhs<br>Rs. 0.20 Lakhs | SUNDRY-NPA/ SARFAESI/ AUCTION RELATED 168610317118A IFSC CODE PUNB0168610 | 11.11.2025 (10 ਮਿੰਟ ਦੇ ਅਸੀਮਿਤ ਸਵੈ ਵਾਧੇ ਸਮੇਤ ਸਵੇਰੇ 11.00 ਤੋਂ ਸ਼ਾਮ 04.00 ਵਜੇ ਤੱਕ)<br>ਬੈਂਕ ਨੂੰ ਜਾਣੂ ਨਹੀਂ |

**ਵਿਧਾਨਕ ਵਿਆਜ (ਲਾਗੂਕਰਨ) ਨਿਯਮਾਂਵਲੀ 2002 ਦੇ ਨਿਯਮ 8 (6)/ਨਿਯਮ 9 (1) ਦੇ ਅਧੀਨ 15/30 ਰੋਜ਼ਾ ਵਿਧਾਨਕ ਵਿਕਰੀ ਸੂਚਨਾ**

ਨਿਯਮ ਅਤੇ ਸ਼ਰਤਾਂ :-

1. ਨਿਲਾਮੀ ਵਿਕਰੀ ਸਿਰਫ਼ "ਈ-ਨਿਲਾਮੀ ਪੋਰਟਲ ਰਾਹੀਂ ਔਨਲਾਈਨ" https://baanknet.com ਹੋਵੇਗੀ।
2. ਇੱਛੁਕ ਬੋਲੀਕਾਰਾਂ/ਖਰੀਦਦਾਰਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਆਪਣੇ ਮੋਬਾਈਲ ਨੰਬਰ ਅਤੇ ਈਮੇਲ-ਆਈਡੀ ਦੀ ਵਰਤੋਂ ਕਰਕੇ https://baanknet.com 'ਤੇ ਰਜਿਸਟਰ ਕਰਨ। ਇਸ ਤੋਂ ਇਲਾਵਾ, ਉਨ੍ਹਾਂ ਨੂੰ ਲੋੜੀਂਦੇ KYC ਦਸਤਾਵੇਜ਼ ਅਪਲੋਡ ਕਰਨ ਦੀ ਬੇਨਤੀ ਕੀਤੀ ਜਾਂਦੀ ਹੈ। ਇੱਕ ਵਾਰ ਈ-ਨਿਲਾਮੀ ਸੇਵਾ ਪ੍ਰਦਾਤਾ ਦੁਆਰਾ KYC ਦਸਤਾਵੇਜ਼ਾਂ ਦੀ ਤਸਦੀਕ ਹੋ ਜਾਣ ਤੋਂ ਬਾਅਦ, ਇੱਛੁਕ ਬੋਲੀਕਾਰਾਂ/ਖਰੀਦਦਾਰਾਂ ਨੂੰ ਨਿਲਾਮੀ ਤੋਂ ਪਹਿਲਾਂ, ਭਾਵ ਪੋਰਟਲ ਵਿੱਚ ਈ-ਨਿਲਾਮੀ ਦੀ ਮਿਤੀ ਅਤੇ ਸਮੇਂ ਤੋਂ ਪਹਿਲਾਂ, ਆਪਣੇ EMD ਵਾਲਿਟ ਵਿੱਚ ਔਨਲਾਈਨ ਮੋਡ ਦੀ ਵਰਤੋਂ ਕਰਕੇ EMD ਰਕਮ ਟ੍ਰਾਂਸਫਰ ਕਰਨੀ ਪੈਂਦੀ ਹੈ। KYC ਦਸਤਾਵੇਜ਼ਾਂ ਦੀ ਰਜਿਸਟ੍ਰੇਸ਼ਨ, ਤਸਦੀਕ ਅਤੇ ਵਾਲਿਟ ਵਿੱਚ EMD ਦਾ ਟ੍ਰਾਂਸਫਰ ਨਿਲਾਮੀ ਤੋਂ ਪਹਿਲਾਂ ਬਹੁਤ ਪਹਿਲਾਂ ਪੂਰਾ ਕਰ ਲਿਆ ਜਾਣਾ ਚਾਹੀਦਾ ਹੈ। ਬੋਲੀ ਲਗਾਉਣ ਵੇਲੇ ਬੋਲੀਕਾਰ ਦੇ ਵਾਲਿਟ ਵਿੱਚ ਕਾਫ਼ੀ ਬਕਾਇਆ (EMD ਰਕਮ) ਹੋਣਾ ਚਾਹੀਦਾ ਹੈ। ਉਸਦੇ ਵਾਲਿਟ ਵਿੱਚ ਕਾਫ਼ੀ EMD ਹੋਣ ਤੋਂ ਬਾਅਦ ਹੀ, ਦਿਲਚਸਪੀ ਰੱਖਣ ਵਾਲਾ ਬੋਲੀਕਾਰ ਈ-ਨਿਲਾਮੀ ਦੀ ਮਿਤੀ 'ਤੇ ਬੋਲੀ ਲਗਾ ਸਕੇਗਾ।
3. ਉੱਪਰ ਦੱਸੀ ਗਈ ਅਰਨੈਸਟ ਮਨੀ ਡਿਪਾਜ਼ਿਟ (EMD) ਰਕਮ ਦਾ ਭੁਗਤਾਨ 3 ਤਰੀਕਿਆਂ ਰਾਹੀਂ ਔਨਲਾਈਨ ਕੀਤਾ ਜਾਵੇਗਾ ਜਿਵੇਂ ਕਿ NEFT/ਨਕਦ/ਟ੍ਰਾਂਸਫਰ (ਬੋਲੀਦਾਰਾਂ ਦੇ EMD ਵਾਲੇਟ ਵਿੱਚ (https) ਤੋਂ ਚਲਾਨ ਤਿਆਰ ਕਰਨ ਤੋਂ ਬਾਅਦ। NEFT ਟ੍ਰਾਂਸਫਰ ਕਿਸੇ ਵੀ ਅਨੁਸੂਚਿਤ ਵਪਾਰਕ ਬੈਂਕ ਤੋਂ ਕੀਤਾ ਜਾ ਸਕਦਾ ਹੈ, ਹਾਲਾਂਕਿ ਨਕਦ/ਟ੍ਰਾਂਸਫਰ ਲਈ ਬੋਲੀਕਾਰ ਨੂੰ ਪੰਜਾਬ ਨੈਸ਼ਨਲ ਬੈਂਕ ਸ਼ਾਖਾ ਵਿੱਚ ਜਾਣਾ ਪਵੇਗਾ। ਕਿਸੇ ਹੋਰ ਢੰਗ ਜਿਵੇਂ ਕਿ ਚੈੱਕ ਦੁਆਰਾ EMD ਦਾ ਭੁਗਤਾਨ ਸਵੀਕਾਰ ਨਹੀਂ ਕੀਤਾ ਜਾਵੇਗਾ। ਲੋੜੀਂਦੀ EMD ਔਨਲਾਈਨ ਜਮ੍ਹਾ ਨਾ ਕਰਵਾਉਣ ਵਾਲੇ ਬੋਲੀਕਾਰਾਂ ਨੂੰ ਈ-ਨਿਲਾਮੀ ਵਿੱਚ ਹਿੱਸਾ ਲੈਣ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ। ਜਮ੍ਹਾ ਕੀਤੀ ਗਈ ਅਰਨੈਸਟ ਮਨੀ 'ਤੇ ਕੋਈ ਵਿਆਜ ਨਹੀਂ ਹੋਵੇਗਾ।
4. ਈ-ਨਿਲਾਮੀ ਲਈ ਪਲੇਟਫਾਰਮ https://baanknet.com ਈ-ਨਿਲਾਮੀ ਸੇਵਾ ਪ੍ਰਦਾਤਾ ਦੁਆਰਾ ਪ੍ਰਦਾਨ ਕੀਤਾ ਜਾਵੇਗਾ, ਜਿਨ੍ਹਾਂ ਨੂੰ ਹੈਲਪ ਡੇਸਕ : +91 82912 20220, ਹੈਲਪਲਾਈਨ ਈ-ਮੇਲ ID-support.baanknet@psballiance.com 'ਤੇ ਸੰਪਰਕ ਕੀਤਾ ਜਾ ਸਕਦਾ ਹੈ। ਇੱਛੁਕ ਬੋਲੀਕਾਰਾਂ/ਖਰੀਦਦਾਰਾਂ ਨੂੰ ਈ-ਨਿਲਾਮੀ ਸਰਵਿਸ ਪ੍ਰੋਵਾਈਡਰ ਦੀ ਵੈਬਸਾਈਟ https://baanknet.com 'ਤੇ ਈ-ਨਿਲਾਮੀ ਪ੍ਰਕ੍ਰਿਆ ਵਿਚ ਭਾਗ ਲੈਣਾ ਹੋਵੇਗਾ। ਸਰਵਿਸ ਪ੍ਰੋਵਾਈਡਰ ਪੋਰਟਲ 'ਤੇ ਈ-ਨਿਲਾਮੀ 'ਤੇ ਆਨਲਾਈਨ ਪ੍ਰਦਰਸ਼ਨ/ਸਿਖਲਾਈ ਵੀ ਮੁਹੱਈਆ ਕਰਨਗੇ।
5. ਵਿਕਰੀ ਦੇ ਆਮ ਨਿਯਮਾਂ ਅਤੇ ਸ਼ਰਤਾਂ ਵਾਲਾ ਵਿਕਰੀ ਨੋਟਿਸ ਹੇਠ ਲਿਖੀਆਂ ਵੈੱਬਸਾਈਟਾਂ/webpageportal 'ਤੇ ਉਪਲਬਧ/ਪ੍ਰਕਾਸ਼ਿਤ ਹੈ। https://baanknet.com।
6. ਈ-ਨਿਲਾਮੀ ਦੇ ਇੱਛੁਕ ਭਾਗੀਦਾਰ https://baanknet.com ਤੋਂ ਈ-ਨਿਲਾਮੀ ਨਾਲ ਸਬੰਧਤ ਨਿਲਾਮੀ ਦੇ ਸੰਚਾਲਨ ਹਿੱਸੇ 'ਤੇ ਵਿਕਰੀ ਨੋਟਿਸ, ਈ-ਨਿਲਾਮੀ ਦੇ ਨਿਯਮਾਂ ਅਤੇ ਸ਼ਰਤਾਂ ਸਹਾਇਤਾ ਮੈਨੂਅਲ ਦੀਆਂ ਕਾਪੀਆਂ ਮੁਫ਼ਤ ਡਾਊਨਲੋਡ ਕਰ ਸਕਦੇ ਹਨ।
7. ਈ-ਨਿਲਾਮੀ ਦੌਰਾਨ ਬੋਲੀਕਾਰਾਂ ਨੂੰ ਘੱਟੋ-ਘੱਟ ਈ-ਬੋਲੀ 'ਤੇ ਰਿਜ਼ਰਵ ਕੀਮਤ/ਇੰਟਰ-ਸੇ ਬੋਲੀ ਤੋਂ ਵੱਧ ਆਖਰੀ ਬੋਲੀ ਤੋਂ ਉੱਪਰ ਅਤੇ ਉੱਪਰ ਰੱਖਣਾ ਹੋਵੇਗਾ। ਬੋਲੀ ਦੀ ਰਕਮ ਵਿੱਚ ਘੱਟੋ-ਘੱਟ ਵਾਧਾ ਹਰੇਕ ਜਾਇਦਾਦ ਦੇ ਵਿਰੁੱਧ ਦੱਸੀ ਗਈ ਰਕਮ ਦਾ ਹੋਣਾ ਚਾਹੀਦਾ ਹੈ। ਬੋਲੀਕਾਰਾਂ ਨੂੰ ਲਗਾਤਾਰ ਉੱਚ ਬੋਲੀ ਦਾ ਹਵਾਲਾ ਦੇਣ ਲਈ ਦਸ ਮਿੰਟ ਦਾ ਸਮਾਂ ਦਿੱਤਾ ਜਾਵੇਗਾ ਅਤੇ ਜੇਕਰ ਆਖਰੀ ਸਭ ਤੋਂ ਵੱਧ ਬੋਲੀ ਤੋਂ ਕੁਝ ਮਿੰਟ ਬਾਅਦ ਕਿਸੇ ਵੀ ਬੋਲੀਕਾਰ ਦੁਆਰਾ ਕੋਈ ਉੱਚੀ ਬੋਲੀ ਪੇਸ਼ ਨਹੀਂ ਕੀਤੀ ਜਾਂਦੀ ਹੈ, ਤਾਂ ਈ-ਨਿਲਾਮੀ ਬੰਦ ਕਰ ਦਿੱਤੀ ਜਾਵੇਗੀ।
8. ਇਹ ਹੈ ਇੱਛੁਕ ਬੋਲੀਕਾਰ(ਆਂ) ਦੀ ਜ਼ਿੰਮੇਵਾਰੀ ਹੈ ਕਿ ਉਹ ਵਿਕਰੀ ਨੋਟਿਸ, ਈ-ਨਿਲਾਮੀ ਦੇ ਨਿਯਮ ਅਤੇ ਸ਼ਰਤਾਂ, ਈ-ਨਿਲਾਮੀ ਦੇ ਸੰਚਾਲਨ ਹਿੱਸੇ 'ਤੇ ਮਦਦ ਮੈਨੂਅਲ ਨੂੰ ਸਹੀ ਢੰਗ ਨਾਲ ਪੜ੍ਹਨ ਅਤੇ ਉਹਨਾਂ ਦੀ ਸਖ਼ਤੀ ਨਾਲ ਪਾਲਣਾ ਕਰਨ।
9. ਈ-ਨਿਲਾਮੀ ਪ੍ਰਕਿਰਿਆ ਤੋਂ ਪਹਿਲਾਂ ਜਾਂ ਦੌਰਾਨ ਕਿਸੇ ਵੀ ਮੁਸ਼ਕਲ ਜਾਂ ਸਹਾਇਤਾ ਦੀ ਲੋੜ ਹੋਣ 'ਤੇ ਸਾਡੇ ਈ-ਨਿਲਾਮੀ ਸੇਵਾ ਪ੍ਰਦਾਤਾ https://baanknet.com ਦੇ ਅਧਿਕਾਰਤ ਪ੍ਰਤੀਨਿਧੀ ਨਾਲ ਸੰਪਰਕ ਕਰ ਸਕਦੇ ਹਨ। ਜਿਨ੍ਹਾਂ ਦੇ ਵੇਰਵੇ ਈ-ਨਿਲਾਮੀ ਪੋਰਟਲ 'ਤੇ ਉਪਲਬਧ ਹਨ।
10. ਅਧਿਕਾਰਤ ਅਧਿਕਾਰੀ ਦੁਆਰਾ ਈ-ਨਿਲਾਮੀ ਨੂੰ ਅੰਤਿਮ ਰੂਪ ਦੇਣ ਤੋਂ ਬਾਅਦ, ਸਿਰਫ਼ ਸਫਲ ਬੋਲੀਕਾਰ ਨੂੰ ਹੀ ਤੁਹਾਡੇ ਉਪਰੋਕਤ ਸੇਵਾ ਪ੍ਰਦਾਤਾ ਨੂੰ SMS/ਈਮੇਲ ਰਾਹੀਂ ਸੂਚਿਤ ਕੀਤਾ ਜਾਵੇਗਾ। (ਮੋਬਾਈਲ 'ਤੇ ਉਨ੍ਹਾਂ ਦੁਆਰਾ ਦਿੱਤਾ ਗਿਆ ਨੰਬਰ/ਈਮੇਲ ਪਤਾ/ਸੇਵਾ ਪ੍ਰਦਾਤਾ ਨਾਲ ਰਜਿਸਟਰਡ))।
11. ਸੁਰੱਖਿਅਤ ਸੰਪਤੀ ਨੂੰ ਰਿਜ਼ਰਵ ਕੀਮਤ ਤੋਂ ਘੱਟ ਨਹੀਂ ਵੇਚਿਆ ਜਾਵੇਗਾ।
12. ਸਫਲ ਬੋਲੀਕਾਰ ਨੂੰ ਬੋਲੀ ਦੀ ਰਕਮ ਦਾ 25% (ਪੱਚੀ ਪ੍ਰਤੀਸ਼ਤ) ਜਮ੍ਹਾ ਕਰਵਾਉਣਾ ਹੋਵੇਗਾ, EMD ਰਕਮ ਨੂੰ ਉਸੇ ਦਿਨ ਜਾਂ ਅਗਲੇ ਕੰਮਕਾਜੀ ਦਿਨ ਤੋਂ ਬਾਅਦ SUNDRY-NPA/SARFAESI/ਨਿਲਾਮੀ ਸੰਬੰਧਿਤ ਖਾਤੇ ਵਿੱਚ ਜਮ੍ਹਾਂ ਕਰਵਾਉਣਾ ਹੋਵੇਗਾ, ਖਾਤਾ ਨੰਬਰ: 829600317118ਏ, IFSC ਕੋਡ: PUNB0829600 ਬਾਕੀ ਰਕਮ ਨਿਲਾਮੀ ਦੀ ਮਿਤੀ ਤੋਂ 15 ਦਿਨਾਂ ਦੇ ਅੰਦਰ ਬੈਂਕਰਜ਼ ਚੈੱਕ/ਡਿਮਾਂਡ ਡਰਾਫਟ ਦੇ ਰੂਪ ਵਿੱਚ ਅਦਾ ਕੀਤੀ ਜਾਵੇਗੀ ਜੋ ਕਿ ਇੱਕ ਅਨੁਸੂਚਿਤ ਵਪਾਰਕ ਬੈਂਕ ਦੁਆਰਾ "ਅਧਿਕਾਰਤ ਅਧਿਕਾਰੀ, ਪੰਜਾਬ ਨੈਸ਼ਨਲ ਬੈਂਕ, ਖਾਤਾ (ਅਧਿਕਾਰਤ ਦਾ ਨਾਮ)" ਦੇ ਹੱਕ ਵਿੱਚ ਜਾਰੀ ਕੀਤਾ ਜਾਵੇਗਾ। ਨਿਰਧਾਰਤ ਸਮੇਂ ਦੇ ਅੰਦਰ ਉਪਰੋਕਤ ਰਕਮਾਂ ਜਮ੍ਹਾ ਕਰਨ ਵਿੱਚ ਅਸਫਲ ਰਹਿਣ ਦੀ ਸਥਿਤੀ ਵਿੱਚ, ਸਫਲ ਬੋਲੀਕਾਰ ਦੁਆਰਾ ਜਮ੍ਹਾ ਕੀਤੀ ਗਈ ਰਕਮ ਬੈਂਕ ਨੂੰ ਜ਼ਬਤ ਕੀਤੀ ਜਾਵੇਗੀ ਅਤੇ ਅਧਿਕਾਰਤ ਅਧਿਕਾਰੀ ਨੂੰ ਜਾਇਦਾਦ ਦੀ ਨਵੀਂ ਨਿਲਾਮੀ/ਵਿਕਰੀ ਕਰਨ ਦੀ ਆਜ਼ਾਦੀ ਹੋਵੇਗੀ ਅਤੇ ਡਿਫਾਲਟ ਬੋਲੀਕਾਰ ਦਾ ਜ਼ਬਤ ਕੀਤੀ ਗਈ ਰਕਮ ਅਤੇ ਜਾਇਦਾਦ 'ਤੇ ਕੋਈ ਦਾਅਵਾ ਨਹੀਂ ਹੋਵੇਗਾ।
13. ਸਫਲ ਬੋਲੀਕਾਰ ਨੂੰ ਬੋਲੀ ਦੀ ਰਕਮ ਦਾ 25% (ਪੰਜੀ ਪ੍ਰਤੀਸ਼ਤ), ਜਮ੍ਹਾ ਕੀਤੀ ਗਈ EMD ਰਕਮ ਨੂੰ ਘਟਾ ਕੇ, ਉਸੇ ਦਿਨ ਜਾਂ ਅਗਲੇ ਕੰਮਕਾਜੀ ਦਿਨ ਤੋਂ ਬਾਅਦ ਜਮ੍ਹਾ ਕਰਵਾਉਣਾ ਹੋਵੇਗਾ ਅਤੇ ਬਾਕੀ ਰਕਮ ਨਿਲਾਮੀ ਦੀ ਮਿਤੀ ਤੋਂ 15 ਦਿਨਾਂ ਦੇ ਅੰਦਰ-ਅੰਦਰ ਇੱਕ ਅਨੁਸੂਚਿਤ ਵਪਾਰਕ ਬੈਂਕ ਦੁਆਰਾ ਜਾਰੀ ਕੀਤੇ ਬੈਂਕਰ ਦੇ ਚੈੱਕ/ਡਿਮਾਂਡ ਡਰਾਫਟ ਦੇ ਰੂਪ ਵਿੱਚ ਅਦਾ ਕੀਤੀ ਜਾਵੇਗੀ ਜੋ "ਅਧਿਕਾਰਤ ਅਧਿਕਾਰੀ, ਪੰਜਾਬ ਨੈਸ਼ਨਲ ਬੈਂਕ, ਖਾਤਾ (XXXXXX317118ਏ)" ਦੇ ਹੱਕ ਵਿੱਚ ਖਿੱਚੀ ਜਾਵੇਗੀ। ਲਿੰਕਡ ਸ਼ਾਖਾ (XXXXXX ਸਬੰਧਤ ਸ਼ਾਖਾ ਦਾ ਸੋਲ ਆਈਡੀ ਹੈ) ਵਿਖੇ ਭੁਗਤਾਨਯੋਗ ਹੈ। ਨਿਰਧਾਰਤ ਸਮੇਂ ਦੇ ਅੰਦਰ ਉਪਰੋਕਤ ਰਕਮਾਂ ਜਮ੍ਹਾ ਕਰਨ ਵਿੱਚ ਅਸਫਲ ਰਹਿਣ ਦੀ ਸਥਿਤੀ ਵਿੱਚ, ਸਫਲ ਬੋਲੀਕਾਰ ਦੁਆਰਾ ਜਮ੍ਹਾ ਕੀਤੀ ਗਈ ਰਕਮ ਬੈਂਕ ਨੂੰ ਜ਼ਬਤ ਕਰ ਲਈ ਜਾਵੇਗੀ ਅਤੇ ਅਧਿਕਾਰਤ ਅਧਿਕਾਰੀ ਨੂੰ ਜਾਇਦਾਦ ਦੀ ਨਵੀਂ ਨਿਲਾਮੀ/ਵਿਕਰੀ ਕਰਨ ਦੀ ਆਜ਼ਾਦੀ ਹੋਵੇਗੀ ਅਤੇ ਡਿਫਾਲਟ ਬੋਲੀਕਾਰ ਦਾ ਜ਼ਬਤ ਕੀਤੀ ਗਈ ਰਕਮ ਅਤੇ ਜਾਇਦਾਦ 'ਤੇ ਕੋਈ ਦਾਅਵਾ ਨਹੀਂ ਹੋਵੇਗਾ।
14. ਅਧਿਕਾਰਤ ਅਧਿਕਾਰੀ ਕਿਸੇ ਵੀ ਬੋਲੀ ਨੂੰ ਸਵੀਕਾਰ ਕਰਨ ਜਾਂ ਸਾਰੀਆਂ ਬੋਲੀਆਂ ਨੂੰ ਰੱਦ ਕਰਨ ਦਾ ਅਧਿਕਾਰ ਰੱਖਦਾ ਹੈ, ਜੇਕਰ ਸਵੀਕਾਰਯੋਗ ਨਹੀਂ ਪਾਇਆ ਜਾਂਦਾ ਹੈ ਜਾਂ ਨਿਲਾਮੀ ਦੀਆਂ ਸ਼ਰਤਾਂ ਨੂੰ ਮੁਲਤਵੀ/ਰੱਦ/ਮੁਲਤਵੀ/ਬੰਦ ਕਰਨ ਜਾਂ ਬਦਲਣ ਦਾ ਅਧਿਕਾਰ ਰੱਖਦਾ ਹੈ। ਕਿਸੇ ਵੀ ਸਮੇਂ ਬਿਨਾਂ ਕੋਈ ਕਾਰਨ ਦੱਸੇ ਅਤੇ ਇਸ ਸਬੰਧ ਵਿੱਚ ਉਸਦਾ ਫੈਸਲਾ ਅੰਤਿਮ ਹੋਵੇਗਾ।
15. ਐਕਟ ਦੇ ਉਪਬੰਧਾਂ ਅਨੁਸਾਰ ਪੂਰੀ ਬੋਲੀ ਰਕਮ ਜਮ੍ਹਾ ਕਰਵਾਉਣ 'ਤੇ ਸਫਲ ਬੋਲੀਕਾਰ ਦੇ ਹੱਕ ਵਿੱਚ ਵਿਕਰੀ ਸਰਟੀਫਿਕੇਟ ਜਾਰੀ ਕੀਤਾ ਜਾਵੇਗਾ।
16. ਜਾਇਦਾਦਾਂ "ਜਿਵੇਂ ਹੈ ਜਿੱਥੇ ਹੈ ਦੇ ਆਧਾਰ 'ਤੇ ਅਤੇ "ਜਿਵੇਂ ਹੈ ਜੋ ਹੈ ਦੇ ਆਧਾਰ 'ਤੇ" ਅਤੇ "ਜਿਵੇਂ ਹੈ ਉੱਥੇ ਹੈ ਦੇ ਆਧਾਰ 'ਤੇ" ਵੇਚੀਆਂ ਜਾ ਰਹੀਆਂ ਹਨ।
17. ਜੇਕਰ ਮਾਣਯੋਗ ਅਦਾਲਤ ਦੁਆਰਾ ਕੋਈ ਸਟੇਅ ਦਿੱਤੀ ਜਾਂਦੀ ਹੈ, ਤਾਂ ਵਿਕਰੀ ਪੁਸ਼ਟੀ ਜਾਂ ਵਿਕਰੀ ਸਰਟੀਫਿਕੇਟ ਜਾਰੀ ਕਰਨਾ ਜਾਂ ਜਾਇਦਾਦ (ਾਂ) ਖਰੀਦਣ ਲਈ ਪਹਿਲਾਂ ਹੀ ਜਮ੍ਹਾ ਕੀਤੀ ਗਈ ਰਕਮ ਦਾ ਫੈਸਲਾ ਉਸ ਮਾਣਯੋਗ ਅਦਾਲਤ ਦੁਆਰਾ ਆਦੇਸ਼/ਨਿਰਦੇਸ਼ਾਂ ਦੇ ਅਧੀਨ ਹੋਵੇਗਾ।
18. ਉੱਪਰ ਦਿੱਤੇ ਅਨੁਸੂਚੀ ਵਿੱਚ ਦਰਸਾਏ ਗਏ ਸੁਰੱਖਿਅਤ ਸੰਪਤੀਆਂ ਦੇ ਵੇਰਵੇ ਅਧਿਕਾਰਤ ਅਧਿਕਾਰੀ ਦੀ ਸਭ ਤੋਂ ਵਧੀਆ ਜਾਣਕਾਰੀ ਅਨੁਸਾਰ ਦੱਸੇ ਗਏ ਹਨ, ਪਰ ਅਧਿਕਾਰਤ ਅਧਿਕਾਰੀ ਇਸ ਘੋਸ਼ਣਾ ਵਿੱਚ ਕਿਸੇ ਵੀ ਗਲਤੀ, ਗਲਤ ਬਿਆਨ ਜਾਂ ਭੁੱਲ ਲਈ ਜਵਾਬਦੇਹ ਨਹੀਂ ਹੋਵੇਗਾ।
19. ਬੋਲੀ ਜਮ੍ਹਾ ਕਰਨ ਤੋਂ ਪਹਿਲਾਂ ਜਾਇਦਾਦ ਅਤੇ ਨਿਰਧਾਰਨ ਬਾਰੇ ਆਪਣੇ ਆਪ ਨੂੰ ਜਾਂਚਣ ਅਤੇ ਸੰਤੁਸ਼ਟ ਕਰਨ ਦੀ ਜ਼ਿੰਮੇਵਾਰੀ ਬੋਲੀਕਾਰਾਂ ਦੀ ਹੋਵੇਗੀ। ਬੋਲੀਕਾਰ ਵੇਰਵਿਆਂ ਅਨੁਸਾਰ ਡੀਲਿੰਗ ਅਧਿਕਾਰੀ ਨਾਲ ਸਲਾਹ-ਮਸ਼ਵਰਾ ਕਰਕੇ ਜਾਇਦਾਦ ਦਾ ਨਿਰੀਖਣ ਕਰਦਾ ਹੈ। ਪ੍ਰਦਾਨ ਕਰੋ।
20. ਸਾਰੇ ਕਾਨੂੰਨੀ ਬਕਾਏ/ਅਟੈਂਡੈਂਟ ਚਾਰਜ/ਰਜਿਸਟ੍ਰੇਸ਼ਨ ਚਾਰਜ, ਸਟੈਂਪ ਡਿਊਟੀ, ਟੈਕਸ ਆਦਿ ਸਮੇਤ ਹੋਰ ਬਕਾਏ ਖਰੀਦਦਾਰ ਦੁਆਰਾ ਸਹਿਣ ਕੀਤੇ ਜਾਣਗੇ।
21. ਅਧਿਕਾਰਤ ਅਧਿਕਾਰੀ ਜਾਂ ਬੈਂਕ ਕਿਸੇ ਵੀ ਚਾਰਜ, ਲੀਅਨ, ਬੋਝ, ਜਾਂ ਸਰਕਾਰ ਜਾਂ ਕਿਸੇ ਹੋਰ ਨੂੰ ਜਾਇਦਾਦ (ਈ-ਨੀਲਾਮੀ) ਦੇ ਸੰਬੰਧ ਵਿੱਚ ਕਿਸੇ ਵੀ ਹੋਰ ਬਕਾਏ ਲਈ ਜ਼ਿੰਮੇਵਾਰ ਨਹੀਂ ਹੋਣਗੇ ਜੋ ਬੈਂਕ ਨੂੰ ਨਹੀਂ ਪਤਾ। ਇੱਛੁਕ ਬੋਲੀਕਾਰ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਜਾਇਦਾਦ 'ਤੇ ਬੋਝ/ਨੱਥੀ/ਰਹਿਣ ਸੰਬੰਧੀ ਆਪਣੀ ਸੁਤੰਤਰ ਪੁੱਛਗਿੱਛ ਕਰੇ ਜਿਸ ਵਿੱਚ ਕਾਨੂੰਨੀ ਦੇਣਦਾਰੀਆਂ, ਜਾਇਦਾਦ ਟੈਕਸ ਦੇ ਬਕਾਏ, ਬਿਜਲੀ ਬਕਾਏ ਆਦਿ ਸ਼ਾਮਲ ਹਨ।
22. ਬੋਲੀਕਾਰ ਨੂੰ ਸਹੀ ਇੰਟਰਨੈੱਟ ਕਨੈਕਟੀਵਿਟੀ, ਪਾਵਰ ਬੈਕ-ਅੱਪ ਆਦਿ ਯਕੀਨੀ ਬਣਾਉਣਾ ਚਾਹੀਦਾ ਹੈ। ਇੰਟਰਨੈੱਟ ਫੇਲ੍ਹ ਹੋਣ, ਬਿਜਲੀ ਫੇਲ੍ਹ ਹੋਣ ਜਾਂ ਤਕਨੀਕੀ ਕਾਰਨਾਂ ਜਾਂ ਈ-ਨੀਲਾਮੀਆਂ ਨੂੰ ਪ੍ਰਭਾਵਿਤ ਕਰਨ ਵਾਲੇ ਕਾਰਨਾਂ/ਸੰਕਟਾਂ ਕਾਰਨ ਕਿਸੇ ਵੀ ਰੁਕਾਵਟ ਲਈ ਬੈਂਕ ਜ਼ਿੰਮੇਵਾਰ ਨਹੀਂ ਹੋਵੇਗਾ।
23. ਬੈਂਕ ਲਈ ਰੋਕਥਾਮ ਨਿਯੁਕਤ ਕਰਨ ਅਤੇ ਸਵੈ-ਬੋਲੀ ਕਰਨ ਅਤੇ ਨਿਲਾਮੀ ਵਿੱਚ ਹਿੱਸਾ ਲੈਣ ਲਈ ਖੁੱਲ੍ਹਾ ਹੈ। ਵਿਕਰੀ ਦੀਆਂ ਵਿਸਤ੍ਰਿਤ ਮਿਆਦਾਂ ਅਤੇ ਸ਼ਰਤਾਂ ਲਈ, ਕਿਰਪਾ ਕਰਕੇ https://baanknet.com ਵੇਖੋ।

ਮਿਤੀ : 24.09.2025 ਸਥਾਨ : ਪਟਿਆਲਾ ਅਧਿਕਾਰਤ ਅਧਿਕਾਰੀ, ਪੰਜਾਬ ਨੈਸ਼ਨਲ ਬੈਂਕ

## ਰੋਜ਼ਾਨਾ ਚੜ੍ਹਦੀਕਲਾ ਸਿਹਤ ਖ਼ਬਰਨਾਮਾ

# ਰੋਜ਼ ਕਰੋ ਕਸਰਤ, ਹਮੇਸ਼ਾ ਕਾਬੂ 'ਚ ਰਹੇਗਾ ਬਲੱਡ ਪ੍ਰੈਸ਼ਰ

ਬਲੱਡ ਪ੍ਰੈਸ਼ਰ ਯਾਨੀ ਬੀਪੀ ਦੀ ਸਮੱਸਿਆ ਭਾਰਤ ਵਿੱਚ ਹੀ ਨਹੀਂ ਬਲਕਿ ਪੂਰੀ ਦੁਨੀਆ ਵਿੱਚ ਵੱਧ ਰਹੀ ਹੈ। ਚੈਰਿਟੀ ਬਲੱਡ ਪ੍ਰੈਸ਼ਰ ਯੂਕੇ ਦੇ ਅਨੁਸਾਰ, ਹਾਈ ਬਲੱਡ ਪ੍ਰੈਸ਼ਰ ਅੱਧੇ ਸਟ੍ਰੋਕ, ਇੱਕ ਤਿਹਾਈ ਦਿਲ ਦੀ ਬਿਮਾਰੀ ਅਤੇ ਗੁਰਦਿਆਂ ਦੀ ਬਿਮਾਰੀ ਦਾ ਮੁੱਖ ਕਾਰਨ ਹੈ। ਕੁਝ ਦਿਨ ਪਹਿਲਾਂ ਸਿਡਨੀ ਯੂਨੀਵਰਸਿਟੀ ਦੇ ਖੋਜਕਰਤਾਵਾਂ ਨੇ ਪਾਇਆ ਕਿ ਪੌੜੀਆਂ ਚੜ੍ਹਨ



ਵਰਗੀ ਥੋੜੀ ਜਿਹੀ ਕਸਰਤ ਨਾਲ ਵੀ ਬੀ.ਪੀ. ਘੱਟ ਹੋ ਸਕਦਾ ਹੈ। ਜਿਹੜੇ ਲੋਕ ਜ਼ਿਆਦਾ ਕਸਰਤ ਨਹੀਂ ਕਰਦੇ, ਉਨ੍ਹਾਂ ਲਈ ਸੈਰ ਕਰਨਾ ਵੀ ਬਲੱਡ ਪ੍ਰੈਸ਼ਰ ਨੂੰ ਘੱਟ ਕਰਨ ਵਿਚ ਮਦਦਗਾਰ ਹੋ ਸਕਦਾ ਹੈ।

**ਨਾਸ਼ਤੇ 'ਚ ਦਹੀਂ ਅਤੇ ਬਲੂਬੇਰੀ ਖਾਓ:** ਦਹੀਂ ਬਲੱਡ ਪ੍ਰੈਸ਼ਰ ਲਈ ਫਾਇਦੇਮੰਦ ਹੈ। ਫਲੋਰੀਡਾ ਸਟੇਟ ਯੂਨੀਵਰਸਿਟੀ ਦੇ 2015 ਦੇ ਅਧਿਐਨ ਦੇ ਅਨੁਸਾਰ, ਬਲੂਬੇਰੀ ਨੂੰ ਦਹੀਂ ਵਿੱਚ ਸ਼ਾਮਲ ਕਰਨਾ ਚੰਗਾ ਹੋ ਸਕਦਾ ਹੈ। ਇਸ ਖੋਜ ਵਿੱਚ ਪਾਇਆ ਗਿਆ ਕਿ ਜਿਹੜੀਆਂ ਔਰਤਾਂ ਰੋਜ਼ਾਨਾ ਨਾਸ਼ਤੇ ਵਿੱਚ ਦਹੀਂ ਅਤੇ ਬਲੂਬੇਰੀ ਖਾਂਦੀਆਂ ਹਨ, ਉਨ੍ਹਾਂ ਨੂੰ ਬੀਪੀ ਨੂੰ ਘਟਾਉਣ ਵਿੱਚ ਮਦਦ ਮਿਲ ਸਕਦੀ ਹੈ।

. **ਘੱਟ ਨਮਕ ਖਾਓ, ਪ੍ਰੋਸੈਸਡ ਫੂਡ ਤੋਂ ਪਰਹੇਜ਼ ਕਰੋ** : ਭੋਜਨ ਵਿੱਚ ਬਹੁਤ ਜ਼ਿਆਦਾ ਨਮਕ ਸਰੀਰ ਵਿੱਚ ਜ਼ਿਆਦਾ ਪਾਣੀ ਬਰਕਰਾਰ ਰੱਖਦਾ ਹੈ, ਜਿਸ ਨਾਲ ਖ਼ੂਨ ਦੀ ਮਾਤਰਾ ਵੱਧ ਜਾਂਦੀ ਹੈ। ਜਿਸ ਕਾਰਨ ਖ਼ੂਨ ਦੀਆਂ ਨਾੜੀਆਂ 'ਚ ਦਬਾਅ ਵੱਧ ਜਾਂਦਾ ਹੈ। ਹਾਈ ਬੀਪੀ ਦਿਲ ਦੀ ਬਿਮਾਰੀ, ਸਟ੍ਰੋਕ ਅਤੇ ਡਿਮੈਂਸ਼ੀਆ ਦਾ ਕਾਰਨ ਬਣ ਸਕਦਾ ਹੈ। ਯੂਕੇ ਵਿੱਚ, ਹਰ ਰੋਜ਼ 6 ਗ੍ਰਾਮ ਤੋਂ ਵੱਧ ਨਮਕ ਦਾ ਸੇਵਨ ਨਾ ਕਰਨ ਦੀ ਸਲਾਹ ਦਿੱਤੀ ਜਾਂਦੀ ਹੈ।

**ਕਸਰਤ ਕਰੋ** : ਕਸਰਤ ਕਰਨ ਨਾਲ ਦਿਲ ਸਿਹਤਮੰਦ ਰਹਿੰਦਾ ਹੈ। ਇਸ ਨਾਲ ਬੀਪੀ ਵੀ ਕੰਟਰੋਲ 'ਚ ਰਹਿੰਦਾ ਹੈ। ਇਹ ਤੁਹਾਨੂੰ ਇੱਕ ਸਿਹਤਮੰਦ ਵਜ਼ਨ ਬਣਾਈ ਰੱਖਣ ਵਿੱਚ ਵੀ ਮਦਦ ਕਰੇਗਾ, ਜੋ ਤੁਹਾਡੇ ਬਲੱਡ ਪ੍ਰੈਸ਼ਰ ਨੂੰ ਘਟਾਉਣ ਵਿੱਚ ਮਦਦ ਕਰਦਾ ਹੈ, ਕਿਉਂਕਿ ਇੱਕ ਸਿਹਤਮੰਦ ਭਾਰ ਵਾਲੇ ਸਰੀਰ ਵਿੱਚ ਦਿਲ ਨੂੰ ਪੂਰੇ ਸਰੀਰ ਵਿੱਚ ਖ਼ੂਨ ਪੰਪ ਕਰਨ ਲਈ ਇੰਨੀ ਮਿਹਨਤ ਨਹੀਂ ਕਰਨੀ ਪੈਂਦੀ।

**ਰਾਤ ਨੂੰ ਚੰਗੀ ਨੀਂਦ ਲਓ** : ਅਮੈਰੀਕਨ ਕਾਲਜ ਆਫ ਕਾਰਡੀਓਲਾਜੀ ਦੇ ਖੋਜਕਰਤਾਵਾਂ ਨੇ ਪਾਇਆ ਕਿ ਰਾਤ ਨੂੰ 7 ਘੰਟੇ ਤੋਂ ਘੱਟ ਸੌਣ ਨਾਲ ਬਲੱਡ ਪ੍ਰੈਸ਼ਰ 7% ਵਧ ਸਕਦਾ ਹੈ, ਜਦੋਂ ਕਿ ਨਿਯਮਿਤ ਤੌਰ 'ਤੇ 5 ਘੰਟੇ ਤੋਂ ਘੱਟ ਸੌਣ ਵਾਲੇ ਲੋਕਾਂ ਦਾ ਬਲੱਡ ਪ੍ਰੈਸ਼ਰ 11% ਵੱਧ ਜਾਂਦਾ ਹੈ।

# ਆਸਟ੍ਰੇਲੀਆ ਨੇ ਕਾਮਿਆਂ ਲਈ ਖੋਲ੍ਹੇ ਦਰਵਾਜ਼ੇ, ਸਿੱਧਾ ਮਿਲੇਗਾ ਵਰਕ ਪਰਮਿਟ

ਸਿਡਨੀ, 24 ਸਤੰਬਰ (ਚ.ਨ.ਸ.) : ਆਸਟ੍ਰੇਲੀਆ ਨੇ ਕਾਮਿਆਂ ਲਈ ਦਰਵਾਜੇ ਖੋਲ੍ਹ ਦਿੱਤੇ ਹਨ। ਇਸ ਲਈ ਆਸਟ੍ਰੇਲੀਆ ਵੱਡੇ ਪੱਧਰ @ਤੇ ਵਰਕ ਵੀਜ਼ਾ ਜਾਰੀ ਕਰੇਗਾ। ਚੰਗੀ ਗੱਲ ਇਹ ਹੈ ਕਿ ਪੁਰਾਣੇ ਫੰਡ ਸ਼ੋਅ ਕਰਨ ਦੀ ਲੋੜ ਨਹੀਂ ਹੋਵੇਗੀ। ਇਸ ਲਈ ਤੁਰੰਤ ਵਰਕ ਵੀਜ਼ਾ ਰਾਹੀਂ ਅਪਲਾਈ ਕਰੋ



ਅਤੇ ਵਿਦੇਸ਼ ਵਿਚ ਸੈਟਲ ਹੋਣ ਦਾ ਸੁਪਨਾ ਪੂਰਾ ਕਰੋ। 12ਵੀਂ ਪਾਸ ਵਾਲੇ ਵੀ ਅਪਲਾਈ ਕਰ ਸਕਦੇ ਹਨ। IELTS ਦੇ ਨਾਲ ਜਾਂ ਬਿਨਾਂ ਵੀ ਅਪਲਾਈ ਕੀਤਾ ਜਾ ਸਕਦਾ ਹੈ। 18-45 ਸਾਲ ਦੀ ਉਮਰ ਦੇ ਵਿਅਕਤੀ ਅਪਲਾਈ ਕਰ ਸਕਦੇ ਹਨ।ਇਸ ਸਬੰਧੀ ਫਾਈਲ ਤਿਆਰ ਕਰਨ ਲਈ ਤੁਹਾਨੂੰ ਚੰਗੇ ਕੰਸਲਟੈਂਟ ਦੀ ਲੋੜ ਹੋਵੇਗੀ। ਅਪਲਾਈ ਕਰਨ ਲਈ ਤੁਸੀਂ ਵੀਜ਼ਾ ਕੰਪਨੀ GTB International ਨਾਲ ਸੰਪਰਕ ਕਰ ਸਕਦੇ ਹੋ। ਇਨ੍ਹਾਂ ਦੀ ਵੀਜ਼ਾ ਸਫਲਤਾ ਦਰ ਉੱਚ ਹੈ। ਇਹ ਸਰਕਾਰ ਦੁਆਰਾ ਪ੍ਰਵਾਨਿਤ ਲਾਇਸੈਂਸ ਧਾਰਕ ਹਨ। ਅਪਲਾਈ ਕਰਨ ਵਾਲੇ ਪਹੁੰਚਣ ਤੋਂ ਬਾਅਦ ਸਾਰੇ ਭੁਗਤਾਨ ਕਰ ਦੇ ਸਕਦੇ ਹਨ। ਰਫਿਊਜ਼ਲ ਵਾਲੇ ਵੀ ਅਪਲਾਈ ਕਰ ਸਕਦੇ ਹਨ।

# ਟਾਈਫੂਨ 'ਰਾਗਾਸਾ' ਦਾ ਪੂਰਬੀ ਏਸ਼ੀਆ ਵਿੱਚ ਲੈਂਡਫਾਲ

## ਚੀਨ ਨੇ ਸਕੂਲ, ਕਾਰੋਬਾਰ, ਉਡਾਣਾਂ ਨੂੰ ਬੰਦ ਕਰਨ ਦੇ ਆਦੇਸ਼ ਦਿੱਤੇ

ਹਾਂਗ ਕਾਂਗ, 24 ਸਤੰਬਰ (ਚ.ਨ.ਸ.) : ਟਾਈਫੂਨ ਰਾਗਾਸਾ ਪੂਰਬੀ ਏਸ਼ੀਆ ਵਿੱਚ ਲੈਂਡਫਾਲ ਕਰ ਗਿਆ ਹੈ, ਜਿਸ ਨਾਲ ਹਾਂਗ ਕਾਂਗ ਅਤੇ ਦੱਖਣੀ ਚੀਨ ਦੇ ਕੁਝ ਹਿੱਸੇ ਪ੍ਰਭਾਵਿਤ ਹੋਏ ਹਨ। ਦੋਵਾਂ ਦੇਸ਼ਾਂ ਨੂੰ ਹਾਈ ਅਲਰਟ @ਤੇ ਰੱਖਿਆ ਗਿਆ ਹੈ। ਚੀਨ ਨੇ ਲਗਭਗ 10 ਸ਼ਹਿਰਾਂ ਵਿੱਚ ਸਕੂਲ ਅਤੇ ਕਾਰੋਬਾਰ ਬੰਦ ਕਰਨ ਦੇ ਆਦੇਸ਼ ਦਿੱਤੇ ਹਨ। ਕਈ ਉਡਾਣਾਂ ਵੀ ਰੱਦ ਕਰ ਦਿੱਤੀਆਂ ਗਈਆਂ ਹਨ। ਟਾਈਫੂਨ ਰਾਗਾਸਾ ਪਹਿਲਾਂ ਹੀ ਫਿਲੀਪੀਨਜ਼ ਵਿੱਚ ਤਬਾਹੀ ਮਚਾ ਚੁੱਕਾ ਹੈ। ਇਸ ਭਿਆਨਕ ਤੂਫਾਨ ਨੇ ਦਰੱਖਤਾਂ ਨੂੰ ਉਖਾੜ ਦਿੱਤਾ ਹੈ, ਛੱਤਾਂ ਨੂੰ ਤਬਾਹ ਕਰ ਦਿੱਤਾ ਹੈ ਅਤੇ ਦੋ ਲੋਕਾਂ ਦੀ ਮੌਤ ਹੋ ਗਈ ਹੈ। ਹਜ਼ਾਰਾਂ ਲੋਕਾਂ, ਖਾਸ ਕਰਕੇ ਉੱਤਰੀ ਫਿਲੀਪੀਨਜ਼ ਵਿੱਚ, ਸਕੂਲਾਂ ਅਤੇ ਨਿਕਾਸੀ ਕੇਂਦਰਾਂ ਵਿੱਚ ਪਨਾਹ ਲਈ ਗਈ ਹੈ।ਹਾਂਗ ਕਾਂਗ ਮੌਸਮ ਵਿਗਿਆਨ ਸੇਵਾ ਦੇ ਅਨੁਸਾਰ, ਟਾਈਫੂਨ ਰਾਗਾਸਾ ਵੀ ਤੂਫਾਨ-ਸ਼ਕਤੀ ਵਾਲੀ ਹਵਾ ਵਿੱਚ ਤੇਜ਼ ਹੋ ਗਿਆ ਹੈ। ਤੂਫਾਨ ਦੱਖਣੀ ਚੀਨ ਸਾਗਰ ਦੇ ਪਾਰ ਪੱਛਮ ਵੱਲ 121 ਮੀਲ (195 ਕਿਲੋਮੀਟਰ) ਪ੍ਰਤੀ ਘੰਟਾ ਦੀ ਰਫ਼ਤਾਰ ਨਾਲ ਵਧ ਰਿਹਾ ਹੈ। ਟਾਈਫੂਨ ਰਾਗਾਸਾ ਕਾਰਨ ਤਾਈਵਾਨ ਵਿੱਚ ਇੱਕ ਝੀਲ ਫਟ ਗਈ, ਜਿਸ ਕਾਰਨ 14 ਲੋਕ ਮਾਰੇ ਗਏ। ਆਲੇ-ਦੁਆਲੇ ਦੇ



ਇਲਾਕਿਆਂ ਵਿੱਚ ਭਾਰੀ ਬਾਰਸ਼ ਹੋ ਰਹੀ ਹੈ। ਇਸ ਦੌਰਾਨ, ਤਾਈਵਾਨ ਵਿੱਚ ਬਚਾਅ ਕਾਰਜ ਜਾਰੀ ਹਨ।ਟਾਈਫੂਨ ਰਾਗਾਸਾ ਕਾਰਨ ਤਾਈਵਾਨ ਦੀ ਓਲਡ ਬੈਰੀਅਰ ਝੀਲ ਫਟ ਗਈ, ਜਿਸ ਕਾਰਨ ਵਿਆਪਕ ਜ਼ਮੀਨ ਖਿਸਕਣ ਅਤੇ ਅਚਾਨਕ ਹੜ੍ਹ ਆਏ। 260 ਲੋਕਾਂ ਦੇ ਫਸੇ ਹੋਣ ਦਾ ਖਦਸ਼ਾ ਹੈ। ਖੇਤਰ ਵਿੱਚ ਨਦੀਆਂ ਵੀ ਹੜ੍ਹ ਵਿੱਚ ਹਨ। ਬਾਕੀ ਲੋਕਾਂ ਨੂੰ ਬਚਾਉਣ ਲਈ ਬਚਾਅ ਕਾਰਜ ਜਾਰੀ ਹਨ।

# ਉਲੰਘਣਾ ਕਾਰਨ ਆਈਸੀਸੀ ਵੱਲੋਂ ਯੂ.ਐਸ.ਏ. ਕ੍ਰਿਕਟ ਦੀ ਮੈਂਬਰਸ਼ਿਪ ਮੁਅੱਤਲ

ਦੁਬਈ, 24 ਸਤੰਬਰ (ਚ.ਨ.ਸ.) : ਕੌਮਾਂਤਰੀ ਕ੍ਰਿਕਟ ਕੌਂਸਲ (ਆਈਸੀਸੀ) ਨੇ ਯੂਐੱਸਏ ਕ੍ਰਿਕਟ ਦੀ ਮੈਂਬਰਸ਼ਿਪ ਨੂੰ ਤੁਰੰਤ ਪ੍ਰਭਾਵ ਨਾਲ ਮੁਅੱਤਲ ਕਰਨ ਦਾ ਐਲਾਨ ਕੀਤਾ। ਕੌਂਸਲ ਨੇ ਕਿਹਾ ਕਿ ਇਹ ਫੈਸਲਾ 'ਪਿਛਲੇ ਇੱਕ ਸਾਲ ਤੋਂ ਮਾਮਲਿਆਂ ਦੀ ਪੂਰੀ ਸਮੀਖਿਆ ਅਤੇ ਮੁੱਖ ਹਿੱਸੇਦਾਰਾਂ ਨਾਲ ਵਿਆਪਕ ਰੁਝੇਵੇਂ ਤੋਂ ਬਾਅਦ' ਲਿਆ ਗਿਆ ਹੈ।ਇੱਕ ਮੀਡੀਆ ਬਿਆਨ





ਵਿੱਚ ਗਲੋਬਲ ਗਵਰਨਿੰਗ ਬਾਡੀ ਨੇ ਆਈਸੀਸੀ ਦੇ ਮੈਂਬਰ ਵਜੋਂ ਆਪਣੀਆਂ ਜ਼ਿੰਮੇਵਾਰੀਆਂ ਦੀ ਵਾਰ-ਵਾਰ ਅਤੇ ਲਗਾਤਾਰ ਉਲੰਘਣਾ ਕਰਨ ਲਈ ਯੂਐੱਸਏ ਕ੍ਰਿਕਟ ਨੂੰ ਜ਼ਿੰਮੇਵਾਰ ਠਹਿਰਾਇਆ। ਇਹ ਫੈਸਲਾ ਲਾਸ ਏਂਜਲਸ ਖੇਡਾਂ 2028 ਵੱਲੋਂ ਕ੍ਰਿਕਟ ਦੀ ਓਲੰਪਿਕ ਕੈਲੰਡਰ ਵਿੱਚ ਵਾਪਸੀ ਦੀ ਤਿਆਰੀ ਵਿੱਚ ਆਇਆ ਹੈ, ਕਿਉਂਕਿ ਆਈਸੀਸੀ ਨੇ ਯੂਐੱਸਏ ਦੀਆਂ ਕੌਮੀ ਟੀਮਾਂ ਨੂੰ ਇਸਦੇ ਮੁਕਾਬਲਿਆਂ ਵਿੱਚ ਹਿੱਸਾ ਲੈਣ ਅਤੇ ਵੱਡੇ ਸਮਾਗਮ ਲਈ ਤਿਆਰੀ ਕਰਨ ਦੀ ਇਜਾਜ਼ਤ ਦਿੱਤੀ ਹੈ।ਆਈਸੀਸੀ ਨੇ ਕਿਹਾ, ਬੋਰਡ ਵੱਲੋਂ ਪਹਿਲਾਂ ਹੋਈ ਮੀਟਿੰਗ ਦੌਰਾਨ ਲਿਆ ਗਿਆ ਫੈਸਲਾ ਆਈਸੀਸੀ ਦੇ ਸੰਵਿਧਾਨ ਦੇ ਤਹਿਤ ਆਈਸੀਸੀ ਮੈਂਬਰ ਵਜੋਂ ਯੂਐਸਏ ਕ੍ਰਿਕਟ ਦੁਆਰਾ ਆਪਣੀਆਂ ਜ਼ਿੰਮੇਵਾਰੀਆਂ ਦੀ ਵਾਰ-ਵਾਰ ਅਤੇ ਲਗਾਤਾਰ ਉਲੰਘਣਾ 'ਤੇ ਅਧਾਰਤ ਸੀ।ਇਸ ਨੇ ਕਿਹਾ, "ਸਿਰਫ਼ ਇਹ ਹੀ ਨਹੀਂ ਬਲਕਿ ਇੱਕ ਕਾਰਜਸ਼ੀਲ ਗਵਰਨੈਂਸ ਢਾਂਚੇ ਨੂੰ ਲਾਗੂ ਕਰਨ ਵਿੱਚ ਅਸਫਲਤਾ, ਸੰਯੁਕਤ ਰਾਜ ਓਲੰਪਿਕ ਅਤੇ ਪੈਰਾਲੰਪਿਕ ਕਮੇਟੀ (ਯੂਐਸਓਪੀਸੀ) ਨਾਲ ਰਾਸ਼ਟਰੀ ਗਵਰਨਿੰਗ ਬਾਡੀ ਦਾ ਦਰਜਾ ਪ੍ਰਾਪਤ ਕਰਨ ਵੱਲ ਪ੍ਰਗਤੀ ਦੀ ਘਾਟ ਅਤੇ ਮਹੱਤਵਪੂਰਨ ਕਾਰਵਾਈਆਂ ਸ਼ਾਮਲ ਹਨ, ਜਿਨ੍ਹਾਂ ਨੇ ਸੰਯੁਕਤ ਰਾਜ ਅਤੇ ਦੁਨੀਆ ਭਰ ਵਿੱਚ ਕ੍ਰਿਕਟ ਦੀ ਪ੍ਰਤਿਸ਼ਠਾ ਨੂੰ ਨੁਕਸਾਨ ਪਹੁੰਚਾਇਆ ਹੈ।

## ਪਬਲਿਕ ਰਿਲੇਸ਼ਨ ਕੌਂਸਲ ਆਫ਼ ਇੰਡੀਆ ਦੇ 2025 ਦੇ ਪੁਰਸਕਾਰਾਂ ਦਾ ਐਲਾਨ

# ਦੇਸ਼ ਦੇ ਉਘੇ ਲੇਖਕ ਤੇ ਪੱਤਰਕਾਰ ਪ੍ਰੋ . ਡਾ. ਕ੍ਰਿਸ਼ਨ ਕੁਮਾਰ ਰੱਤੂ ਨੂੰ ਮਿਲੇਗਾ ਨੈਸ਼ਨਲ ਚਾਣਕੀਆ ਮੀਡੀਆ ਜਰਨਲਿਜ਼ਮ ਐਵਾਰਡ

## ਭਲਕੇ ਗੋਆ ਵਿੱਚ ਹੋ ਰਹੀ 19 ਵੀਂ ਰਾਸ਼ਟਰੀ ਕੰਨਕਲੇਵ ਵਿੱਚ ਗੋਆ ਦੇ ਗਵਰਨਰ ਦੇਣਗੇ ਇਹ ਐਵਾਰਡ

ਬੰਗਲੌਰ, 24 ਸਤੰਬਰ (ਚ.ਨ.ਸ.) : ਜਰਨਲਿਜ਼ਮ , ਪਬਲਿਕ ਰਿਲੇਸ਼ਨ ਅਤੇ ਮੀਡੀਆ ਰਿਸਰਚ ਦੀ ਉੱਘੀ ਸੰਸਥਾ ਪਬਲਿਕ ਰਿਲੇਸ਼ਨ ਕੌਂਸਲ ਆਫ਼ ਇੰਡੀਆ ਨੇ ਆਪਣੇ 2025 ਦੇ ਐਵਾਰਡਸ ਦਾ ਐਲਾਨ ਅੱਜ ਬੰਗਲੌਰ ਵਿੱਚ ਕੀਤਾ ਹੈ। ਅੱਜ ਜਾਰੀ ਬਿਆਨ ਅਨੁਸਾਰ ਦੇਸ਼ ਦੇ ਉੱਘੇ ਲੇਖਕ ਅਤੇ ਪੱਤਰਕਾਰ ਪ੍ਰੋਫੈਸਰ ਡਾ. ਕਿਸ਼ਨ ਕੁਮਾਰ ਰੱਤੂ ਨੂੰ ਇਸ ਸਾਲ ਦਾ ਰਾਸ਼ਟਰੀ ਨੈਸ਼ਨਲ ਚਾਣਕੀਆ ਮੀਡੀਆ ਐਵਾਰਡ ਪੱਤਰਕਾਰਤਾ ਜਰਨਲਿਜ਼ਮ ਦੇ ਖੇਤਰ ਵਿੱਚ ਉਹਨਾਂ ਦੀਆਂ ਪਿਛਲੀਆਂ 50 ਸਾਲ ਦੀਆਂ ਸੇਵਾਵਾਂ ਦੇ ਮੱਦੇ ਨਜ਼ਰ ਦਿੱਤੇ ਜਾਣ ਦੀ ਘੋਸ਼ਣਾ ਕੀਤੀ ਗਈ ਹੈ ।

ਅੱਜ ਬੰਗਲੌਰ ਵਿੱਚ ਹੋਈ ਨਿਰਣਾਇਕ ਮੰਡਲ ਦੀ ਮੀਟਿੰਗ ਜੋ ਉਘੀਆਂ ਸ਼ਖਸੀਅਤਾਂ ਅਤੇ ਮੀਡੀਆ ਤੇ ਸਾਬਕਾ ਜਸਟਿਸ ਅਤੇ ਪਬਲਿਕ ਰਿਲੇਸ਼ਨ ਦੇ ਕਈ ਉੱਘੇ ਨਾਮਵਰ ਹਸਤੀਆਂ ਦੀ ਸ਼ਮੂਲੀਅਤ ਵਾਲੇ ਪਰਜੀਡੀਅਮ ਨੇ ਹੋਰਨਾ ਅਵਾਰਡ ਦੇ



ਨਾਲ ਡਾਕਟਰ ਰੱਤੂ ਲਈ ਇਸ ਐਵਾਰਡ ਦਾ ਐਲਾਨ ਵੀ ਕੀਤਾ ਹੈ । ਇਹ ਅਵਾਰਡ ਉਹਨਾਂ ਨੂੰ 26 ਸਤੰਬਰ ਨੂੰ ਗੋਆ ਵਿੱਚ ਹੋ ਰਹੀ 19ਵੀਂ ਕੰਨਕਲੇਵ ਵਿੱਚ ਗੋਆ ਦੇ ਗਵਰਨਰ ਅਤੇ ਹੋਰ ਉੱਘੀਆਂ ਹਸਤੀਆਂ ਦੀ ਹਾਜ਼ਰੀ ਵਿੱਚ ਦਿੱਤਾ ਜਾਵੇਗਾ। ਇੱਥੇ ਇਹ ਵਰਨਣਯੋਗ ਹੈ ਕਿ ਪ੍ਰੋਫੈਸਰ ਡਾਕਟਰ ਕਿਸ਼ਨ ਕੁਮਾਰ ਰੱਤੂ ਪਿਛਲੇ 50 ਸਾਲਾਂ ਤੋਂ ਮੀਡੀਆ ਦੇ ਖੇਤਰ ਵਿੱਚ ਇੱਕ ਲੇਖਕ ਦੇ ਤੌਰ ਤੇ ਅਤੇ ਇੱਕ ਪਰੋਲੀਫਾਈ ਜਰਨਲਿਸਟ ਦੇ ਤੌਰ ਤੇ ਟੈਲੀਵਿਜ਼ਨ ਅਤੇ ਦੇਸ਼ ਭਰ ਦੀਆਂ ਅਖ਼ਬਾਰਾਂ ਲਈ ਲਗਾਤਾਰ ਲਿਖ ਰਹੇ ਹਨ ਅਤੇ ਉਨਾਂ ਦੇ 25 ਹਜਾਰ ਤੋਂ ਜ਼ਿਆਦਾ ਲੇਖ ਦੁਨੀਆ ਭਰ ਦੀਆਂ ਅਖ਼ਬਾਰਾਂ ਵਿੱਚ ਪ੍ਰਕਾਸ਼ਿਤ ਹੋਣ ਦੇ ਨਾਲ 90 ਤੋਂ ਜ਼ਿਆਦਾ ਪੁਸਤਕਾਂ ਉਹਨਾਂ ਨੇ ਸਾਹਿਤ ਤੇ ਹੋਰ ਵਿਸ਼ਿਆਂ ਨਾਲ ਲਿਖ ਕੇ ਰਾਸ਼ਟਰ ਦੀ ਝੋਲੀ ਵਿੱਚ ਪਾਈਆਂ ਹਨ।

ਇੱਥੇ ਇਹ ਵੀ ਵਰਨਣਯੋਗ ਹੈ ਕਿ ਡਾ ਕ੍ਰਿਸ਼ਨ ਕੁਮਾਰ ਰੱਤੂ ਭਾਰਤੀ ਪ੍ਰਸਾਰਨ ਸੇਵਾ ਦੇ ਸਾਬਕਾ ਸੀਨੀਅਰ ਅਧਿਕਾਰੀ ਹਨ ਅਤੇ ਦੇਸ਼ ਦੇ ਕਈ ਦੂਰਦਰਸ਼ਨ ਕੇਂਦਰਾਂ ਦੇ ਡਾਇਰੈਕਟਰ ਰਹਿ ਚੁੱਕੇ ਹਨ ਅਤੇ ਟੈਲੀਵਿਜ਼ਨ ਦੀ ਭਾਸ਼ਾ ਤੇ ਪਹਿਲਾ ਸ਼ੋਧ ਪ੍ਰਬੰਧ ਅਰਥਾਤ ਖੋਜ਼ ਕਰਨ ਦਾ ਸਿਹਰਾ ਵੀ ਉਹਨਾਂ ਨੂੰ ਹੀ ਦਿੱਤਾ ਜਾਂਦਾ ਹੈ। ਇਥੇ ਇਹ ਵੀ ਵਰਨਣਯੋਗ ਹੈ ਕਿ ਉਹਨਾਂ ਨੇ ਦੂਰਦਰਸ਼ਨ ਅਰਥਾਤ ਟੈਲੀਵਿਜ਼ਨ ਲਈ 150 ਤੋਂ ਜ਼ਿਆਦਾ ਡਾਕੂਮੈਂਟਰੀ ਫ਼ਿਲਮਾਂ ਅਤੇ ਹਜ਼ਾਰਾਂ ਅਜਿਹੇ ਪ੍ਰੋਗਰਾਮ ਨਿਰਮਾਣ ਨਿਰਦੇਸ਼ਤ ਕੀਤੇ ਹਨ ਜਿਨ੍ਹਾਂ ਨਾਲ ਉਹਨਾਂ ਨੂੰ ਇੱਕ ਉੱਘੇ ਬ੍ਰਾਡਕਾਸਟਰ ਹੋਣ ਦਾ ਮਾਨ ਸਨਮਾਨ ਹਾਸਲ ਹੈ ।

ਡਾਕਟਰ ਰੱਤੂ ਰਤ ਨੂੰ ਇਸ ਤੋਂ ਪਹਿਲਾਂ ਵੀ ਦੇਸ਼ ਦੇ ਕਈ ਰਾਸ਼ਟਰੀ ਪੁਰਸਕਾਰਾਂ ਨਾਲ ਸਨਮਾਨਿਆ ਜਾ ਚੁੱਕਾ ਹੈ ਜਿਨਾਂ ਵਿੱਚ ਭਾਰਤੇਂਦੂ ਹਰਿਸ਼ਚੰਦਰ ਵਰਗਾ ਉਘਾ ਵਕਾਰੀ ਪੱਤਰਕਾਰਤਾ ਪੁਰਸਕਾਰ ਭਾਰਤ ਸਰਕਾਰ ਅਤੇ ਗ੍ਰਿਹ ਮੰਤਰਾਲੇ ਦਾ ਰਾਜਭਾਸ਼ਾ ਹਿੰਦੀ ਪੁਰਸਕਾਰ ਦੇ ਨਾਲ ਪੰਜਾਬ ਸਰਕਾਰ ਦਾ ਸ਼੍ਰੋਮਣੀ ਸਾਹਿਤਕਾਰ ਪੁਰਸਕਾਰ ਤੋਂ ਬਿਨਾਂ ਰਾਸ਼ਟਰੀ ਅਣੂਵਰਤ ਪੁਰਸਕਾਰ ਅਤੇ ਅਨੇਕਾਂ ਸਾਹਿਤ ਅਕੈਡਮੀਆਂ ਵਲੋਂ ਵੀ ਨਿਵਾਜੇ ਜਾ ਚੁੱਕੇ ਹਨ। ਇੱਥੇ ਵੀ ਵਰਨਯੋਗ ਹੈ ਕਿ ਡਾ. ਰੱਤੂ ਇਹਨਾਂ ਦਿਨਾਂ ਦੇ ਵਿੱਚ ਚੜ੍ਹਦੀਕਲਾ ਮੀਡੀਆ ਨਾਲ ਉੱਘੇ ਰੂਪਨਾਲ ਰੋਜ਼ਾਨਾ ਚੜ੍ਹਦੀਕਲਾ ਦੇ ਸਾਰੇ ਐਡੀਸ਼ਨਾਂ ਦੇ ਵਿੱਚ ਮੁੱਖ ਲੇਖ ਲਿਖਦੇ ਹਨ।





**ਸ੍ਰੀ ਆਦੀਮੂਲਮ ਪਾਸਟ ਪ੍ਰੈਜ਼ੀਡੈਂਟ ਆਈ.ਐਨ.ਐਸ. ਅਤੇ ਚੀਫ ਐਡੀਟਰ ਦਿਨਾਮਲਰ ਅਖਬਾਰ ਚਿਨਈ ਅਦਾਰਾ ਚੜ੍ਹਦੀਕਲਾ ਦੇ ਦਿੱਲੀ ਦਫਤਰ ਵਿਖੇ ਪੁੱਜੇ 'ਪਦਮ ਸ੍ਰੀ' ਡਾ. ਜਗਜੀਤ ਸਿੰਘ ਦਰਦੀ ਨੇ ਉਨ੍ਹਾਂ ਨੂੰ 'ਸਿੱਖ ਪੰਥ' ਪੁਸਤਕ ਭੇਟ ਕਰਕੇ ਸਨਮਾਨਤ ਕੀਤਾ।**

# ਭਾਰਤ ਦੇ ਰਾਸ਼ਟਰਪਤੀ ਅੱਜ ਵ੍ਰਿੰਦਾਵਨ ਦਾ ਦੌਰਾ ਕਰਨਗੇ

ਨਵੀਂ ਦਿੱਲੀ, 24 ਸਤੰਬਰ (ਅੰਮ੍ਰਿਤਾਲ ਸਿੰਘ) :ਭਾਰਤ ਦੇ ਰਾਸ਼ਟਰਪਤੀ, ਸ਼੍ਰੀਮਤੀ ਦ੍ਰੋਪਦੀ ਮੁਰਮੂ, ਅੱਜ (25 ਸਤੰਬਰ, 2025) ਸਫਦਰਜੰਗ ਰੇਲਵੇ ਸਟੇਸ਼ਨ ਤੋਂ ਇੱਕ ਵਿਸ਼ੇਸ਼ ਰੇਲਗੱਡੀ ਰਾਹੀਂ ਵ੍ਰਿੰਦਾਵਨ (ਉੱਤਰ ਪ੍ਰਦੇਸ਼) ਦਾ ਦੌਰਾ ਕਰਨਗੇ। ਵ੍ਰਿੰਦਾਵਨ ਵਿਖੇ ਆਪਣੇ ਇੱਕ ਦਿਨ ਦੇ ਠਹਿਰਾਅ ਦੌਰਾਨ, ਰਾਸ਼ਟਰਪਤੀ ਸ਼੍ਰੀ ਬਾਂਕੇ ਬਿਹਾਰੀ ਮੰਦਰ, ਨਿਧੀਵਨ ਅਤੇ ਕੁਬਜਾ ਕ੍ਰਿਸ਼ਨ ਮੰਦਰ ਦੇ ਦਰਸ਼ਨ ਅਤੇ ਪੂਜਾ ਕਰਨਗੇ। ਉਹ ਸੁਦਾਮਾ ਕੁਟੀ, ਵ੍ਰਿੰਦਾਵਨ ਵੀ ਜਾਣਗੇ ਅਤੇ ਮਥੁਰਾ ਦੇ ਸ਼੍ਰੀ ਕ੍ਰਿਸ਼ਨ ਜਨਮ ਸਥਾਨ ਵਿਖੇ ਦਰਸ਼ਨ ਅਤੇ ਪੂਜਾ ਕਰਨਗੇ।

# ਲਲਿਤ ਕਲਾ ਅਕਾਦਮੀ ਵੱਲੋਂ ਕਰਵਾ? 64ਵੀਂ ਰਾਸ਼ਟਰੀ ਕਲਾ ਪ੍ਰਦਰਸ਼ਨੀ ਵਿੱਚ ਰਾਸ਼ਟਰਪਤੀ, ਦ੍ਰੋਪਦੀ ਮੁਰਮੂ ਨੇ ਕੀਤੀ ਸ਼ਿਰਕਤ



ਨਵੀਂ ਦਿੱਲੀ, 24 ਸਤੰਬਰ (ਅੰਮ੍ਰਿਤਾਲ ਸਿੰਘ) : ਮੈਨੂੰ ਦੇਸ਼ ਭਰ ਦੇ ਕਲਾਕਾਰਾਂ ਵਿੱਚ ਮੌਜੂਦ ਹੋ ਕੇ ਖੁਸ਼ੀ ਹੋ ਰਹੀ ਹੈ। ਕਲਾਕਾਰਾਂ ਦੇ ਰੂਪ ਵਿੱਚ, ਤੁਸੀਂ ਇੱਥੇ ਇਕੱਠੇ ਹੋਏ ਭਾਰਤ ਦੇ ਵਿਭਿੰਨ ਸੱਭਿਆਚਾਰ ਦੇ ਸਭ ਤੋਂ ਵਧੀਆ ਪ੍ਰਤੀਨਿਧਤਾ ਕਰਦੇ ਹੋ। ਅੱਜ ਪੁਰਸਕਾਰ ਪ੍ਰਾਪਤ ਕਰਨ ਵਾਲੇ ਕਲਾਕਾਰਾਂ ਨੂੰ ਵਿਸ਼ੇਸ਼ ਵਧਾਈਆਂ। ਮੈਨੂੰ ਵਿਸ਼ਵਾਸ ਹੈ ਕਿ ਤੁਹਾਡਾ ਕੰਮ ਹੋਰ ਕਲਾਕਾਰਾਂ ਨੂੰ ਪ੍ਰੇਰਿਤ ਕਰੇਗਾ। ਇਹ ਖੁਸ਼ੀ ਦੀ ਗੱਲ ਹੈ ਕਿ 1955 ਤੋਂ, ਅਕਾਦਮੀ ਵੱਲੋਂ ਆਯੋਜਿਤ ਰਾਸ਼ਟਰੀ ਕਲਾ ਪ੍ਰਦਰਸ਼ਨੀ, ਵਿਜ਼ੂਅਲ ਆਰਟ ਦੇ ਸਾਰੇ ਰੂਪਾਂ ਨੂੰ ਉਤਸ਼ਾਹਿਤ ਕਰਨ ਲਈ ਇੱਕ ਮਹੱਤਵਪੂਰਨ ਪਲੇਟਫਾਰਮ ਵਜੋਂ ਕੰਮ ਕਰ ਰਹੀ ਹੈ। ਮੈਂ ਰਾਸ਼ਟਰੀ ਕਲਾ ਪ੍ਰਦਰਸ਼ਨੀ ਵਰਗੇ ਸਮਾਗਮਾਂ ਰਾਹੀਂ ਵੱਖ-ਵੱਖ ਕਲਾਵਾਂ ਨੂੰ ਉਤਸ਼ਾਹਿਤ ਕਰਨ ਲਈ ਸੱਭਿਆਚਾਰ ਮੰਤਰਾਲੇ ਅਤੇ ਲਲਿਤ ਕਲਾ ਅਕਾਦਮੀ ਨਾਲ ਜੁੜੇ ਸਾਰੇ ਲੋਕਾਂ ਦੀ ਸ਼ਲਾਘਾ ਕਰਦਾ ਹਾਂ। ਰਚਨਾਤਮਕਤਾ ਨੂੰ ਉਤਸ਼ਾਹਿਤ ਕਰਨ ਵਿੱਚ ਸੱਭਿਆਚਾਰਕ ਆਦਾਨ-ਪ੍ਰਦਾਨ ਬਹੁਤ ਮਹੱਤਵਪੂਰਨ ਹੈ। ਮੈਨੂੰ ਵਿਸ਼ਵਾਸ ਹੈ ਕਿ ਸੱਭਿਆਚਾਰ ਮੰਤਰਾਲਾ ਅਤੇ ਲਲਿਤ ਕਲਾ ਅਕਾਦਮੀ ਸੱਭਿਆਚਾਰਕ ਆਦਾਨ-ਪ੍ਰਦਾਨ ਲਈ ਯਤਨਸ਼ੀਲ ਹਨ। ਭਾਰਤੀ ਪਰੰਪਰਾ ਵਿੱਚ, ਕਲਾ ਨੂੰ ਇੱਕ ਅਧਿਆਤਮਿਕ ਅਭਿਆਸ ਮੰਨਿਆ ਜਾਂਦਾ ਹੈ। ਕਲਾਕਾਰਾਂ ਨੂੰ ਸਾਡੇ ਸਮਾਜ ਵਿੱਚ ਵਿਸ਼ੇਸ਼ ਸਨਮਾਨ ਦਿੱਤਾ ਜਾਂਦਾ ਹੈ। ਤੁਹਾਡੀ ਕਲਾ ਨਾ ਸਿਰਫ਼ ਸੁਹਜ ਦੀ ਕਦਰ ਦਾ ਮਾਧਿਅਮ ਹੈ, ਸਗੋਂ ਸਾਡੀ ਸੱਭਿਆਚਾਰਕ ਵਿਰਾਸਤ ਨੂੰ ਅਮੀਰ ਬਣਾਉਣ ਅਤੇ ਸਮਾਜ ਨੂੰ ਹੋਰ ਸੰਵੇਦਨਸ਼ੀਲ ਬਣਾਉਣ ਲਈ ਇੱਕ ਸ਼ਕਤੀਸ਼ਾਲੀ ਸਾਧਨ ਵੀ ਹੈ। ਇਸ ਪ੍ਰਦਰਸ਼ਨੀ ਵਿੱਚ ਪ੍ਰਦਰਸ਼ਿਤ ਵਿਭਿੰਨ ਮਾਧਿਅਮ - ਪੇਂਟਿੰਗ, ਮੂਰਤੀ, ਗ੍ਰਾਫਿਕ ਆਰਟਸ, ਸਿਰੇਮਿਕਸ ਅਤੇ ਫੋਟੋਗ੍ਰਾਫੀ - ਸਪੱਸ਼ਟ ਤੌਰ @ਤੇ ਦਰਸਾਉਂਦੇ ਹਨ ਕਿ ਭਾਰਤੀ ਕਲਾ ਲਗਾਤਾਰ ਵਿਕਸਤ ਹੋ ਰਹੀ ਹੈ ਅਤੇ ਨਵੇਂ ਪਹਿਲੂਆਂ ਦੀ ਖੋਜ ਕਰ ਰਹੀ ਹੈ। ਸਾਡੇ ਕਲਾਕਾਰ ਆਪਣੇ ਵਿਚਾਰਾਂ, ਦ੍ਰਿਸ਼ਟੀ ਅਤੇ ਕਲਪਨਾ ਰਾਹੀਂ ਇੱਕ ਨਵੇਂ ਭਾਰਤ ਦੀ ਤਸਵੀਰ ਪੇਸ਼ ਕਰ ਰਹੇ ਹਨ।

# ਤੁਰਕੀ ਦੇ ਰਾਸ਼ਟਰਪਤੀ ਅਰਦੋਜਾਂ ਨੇ ਯੂਐਨ ਜਨਰਲ ਅਸੈਂਬਲੀ 'ਚ ਮੁੜ ਅਲਾਪਿਆ ਕਸ਼ਮੀਰ ਦਾ ਰਾਗ

ਸੰਯੁਕਤ ਰਾਸ਼ਟਰ, 24 ਸਤੰਬਰ (ਚ.ਨ.ਸ.) : ਤੁਰਕੀ ਦੇ ਰਾਸ਼ਟਰਪਤੀ ਤਈਪ ਅਰਦੋਜਾਂ ਨੇ ਸੰਯੁਕਤ ਰਾਸ਼ਟਰ ਦੀ ਆਮ ਸਭਾ ਵਿਚ ਆਪਣੇ ਸੰਬੋਧਨ ਵਿਚ ਮੁੜ ਕਸ਼ਮੀਰ ਦਾ ਰਾਗ ਅਲਾਪਿਆ ਹੈ। ਅਰਦੋਜਾਂ ਨੇ ਕਿਹਾ ਕਿ ਉਨ੍ਹਾਂ ਦਾ ਮੁਲਕ ਇਸ ਸਾਲ ਦੇ ਸ਼ੁਰੂ ਵਿੱਚ ਟਕਰਾਅ ਮਗਰੋਂ ਭਾਰਤ ਅਤੇ ਪਾਕਿਸਤਾਨ ਵਿਚਕਾਰ 'ਜੰਗਬੰਦੀ' ਤੋਂ 'ਖੁਸ਼' ਹੈ। ਉਨ੍ਹਾਂ ਕਿਹਾ ਕਿ ਅਤਿਵਾਦ ਵਿਰੁੱਧ ਭਾਰਤ ਅਤੇ ਪਾਕਿਸਤਾਨ ਵਿਚਕਾਰ ਸਹਿਯੋਗ ਜ਼ਰੂਰੀ ਹੈ। ਉਨ੍ਹਾਂ ਕਿਹਾ, "ਅਸੀਂ ਉਮੀਦ ਕਰਦੇ ਹਾਂ ਕਿ ਕਸ਼ਮੀਰ ਮੁੱਦੇ ਦਾ ਹੱਲ ਸੰਯੁਕਤ ਰਾਸ਼ਟਰ ਦੇ ਮਤਿਆਂ ਦੇ ਅਧਾਰ 'ਤੇ, ਕਸ਼ਮੀਰ ਵਿਚ ਸਾਡੇ ਭੈਣ ਭਰਾਵਾਂ ਦੇ ਹਿੱਤ ਵਿਚ ਗੱਲਬਾਤ ਜ਼ਰੀਏ ਕੱਢਿਆ ਜਾਵੇਗਾ।"ਸੰਯੁਕਤ ਰਾਸ਼ਟਰ ਆਮ ਸਭਾ ਦੇ 80ਵੇਂ ਸੈਸ਼ਨ ਨੂੰ ਸੰਬੋਧਨ ਕਰਦਿਆਂ ਅਰਦੋਜਾਂ ਨੇ ਕਿਹਾ, 'ਦੱਖਣੀ ਏਸ਼ੀਆ ਵਿਚ ਅਸੀਂ ਸ਼ਾਂਤੀ ਤੇ ਸਥਿਰਤਾ ਦੀ ਰਾਖੀ ਨੂੰ ਬਹੁਤ ਅਹਿਮ ਮੰਨਦੇ ਹਾ। ਪਿਛਲੇ ਅਪਰੈਲ ਵਿਚ ਪਾਕਿਸਤਾਨ ਤੇ ਭਾਰਤ ਵਿਚ



ਤਣਾਅ ਮਗਰੋਂ ਹੋਈ ਜੰਗਬੰਦੀ ਤੋਂ ਅਸੀਂ ਖ਼ੁਸ਼ ਹਾਂ। ਇਹ ਤਣਾਅ ਟਕਰਾਅ ਵਿਚ ਬਦਲ ਗਿਆ ਸੀ।" ਹਾਲੀਆ ਸਾਲਾਂ ਵਿਚ ਤੁਰਕੀ ਦੇ ਆਗੂ ਨੇ ਸੰਯੁਕਤ ਰਾਸ਼ਟਰ ਜਨਰਲ ਅਸੈਂਬਲੀ ਵਿਚ ਆਲਮੀ ਆਗੂਆਂ ਨੂੰ ਮੁਖਾਤਿਬ ਹੁੰਦਿਆਂ ਕਸ਼ਮੀਰ ਮਸਲੇ ਦਾ ਜ਼ਿਕਰ ਕੀਤਾ ਹੈ।ਭਾਰਤ ਨੇ ਪਹਿਲਗਾਮ ਦਹਿਸ਼ਤੀ ਹਮਲੇ, ਜਿਸ ਵਿਚ 26 ਲੋਕ ਮਾਰੇ ਗਏ ਸਨ, ਦੇ ਜਵਾਬ ਵਿਚ 7 ਮਈ ਨੂੰ ਪਾਕਿਸਤਾਨ ਦੇ ਕੰਟਰੋਲ ਵਾਲੇ ਖੇਤਰਾਂ ਵਿੱਚ ਦਹਿਸ਼ਤੀ ਢਾਂਚਿਆਂ ਨੂੰ ਨਿਸ਼ਾਨਾ ਬਣਾਉਂਦੇ ਹੋਏ ਆਪ੍ਰੇਸ਼ਨ ਸਿੰਧੂਰ ਸ਼ੁਰੂ ਕੀਤਾ ਸੀ। ਇਨ੍ਹਾਂ ਹਮਲਿਆਂ ਕਾਰਨ ਦੋਵਾਂ ਮੁਲਕਾਂ ਦਰਮਿਆਨ ਚਾਰ ਦਿਨਾਂ ਤੱਕ ਤਿੱਖੀਆਂ ਝੜਪਾਂ ਹੋਈਆਂ ਜੋ 10 ਮਈ ਨੂੰ ਫੌਜੀ ਕਾਰਵਾਈਆਂ ਨੂੰ ਰੋਕਣ ਦੀ ਸਹਿਮਤੀ ਨਾਲ ਖਤਮ ਹੋਈਆਂ।

# ਟਰੰਪ ਦਾ ਯੂ-ਟਰਨ! ਰੂਸ-ਯੂਕ੍ਰੇਨ ਜੰਗ ਨੂੰ ਲੈ ਕੇ ਦੇ ਦਿੱਤਾ ਵੱਡਾ ਬਿਆਨ

## ਯੂਕ੍ਰੇਨ ਰੂਸ ਦੁਆਰਾ ਹੜੱਪੇ ਗਏ ਸਾਰੇ ਇਲਾਕੇ ਨੂੰ ਮੁੜ ਹਾਸਲ ਕਰ ਸਕਦਾ

ਵਾਸ਼ਿੰਗਟਨ, 24 ਸਤੰਬਰ (ਚ.ਨ.ਸ.) : ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਕਿ ਉਨ੍ਹਾਂ ਦਾ ਮੰਨਣਾ ਹੈ ਕਿ ਯੂਕ੍ਰੇਨ ਰੂਸ ਦੁਆਰਾ ਹੜੱਪੇ ਗਏ ਸਾਰੇ ਇਲਾਕੇ ਨੂੰ ਦੁਬਾਰਾ ਹਾਸਲ ਕਰ ਸਕਦਾ ਹੈ। ਇਹ ਬਿਆਨ ਉਨ੍ਹਾਂ ਦੇ ਪਿਛਲੇ ਸਟੈਂਡ ਤੋਂ ਹਟਣ ਦਾ ਸੰਕੇਤ ਹੈ, ਜਦੋਂ ਉਨ੍ਹਾਂ ਨੇ ਵਾਰ-ਵਾਰ ਕੀਵ ਨੂੰ ਯੁੱਧ ਖਤਮ ਕਰਨ ਲਈ ਰਿਆਇਤਾਂ ਦੇਣ ਦੀ ਅਪੀਲ ਕੀਤੀ ਸੀ। ਟਰੰਪ ਨੇ ਸੰਯੁਕਤ ਰਾਸ਼ਟਰ ਮਹਾਸਭਾ ਵਿੱਚ ਵਿਸ਼ਵ ਨੇਤਾਵਾਂ ਦੀ ਇੱਕ ਮੀਟਿੰਗ ਤੋਂ ਬਾਅਦ ਯੂਕ੍ਰੇਨ ਦੇ ਰਾਸ਼ਟਰਪਤੀ ਵੋਲੋਦੀਮੀਰ ਜ਼ੇਲੇਂਸਕੀ ਨਾਲ ਮੁਲਾਕਾਤ ਤੋਂ ਥੋੜ੍ਹੀ ਦੇਰ ਬਾਅਦ ਸੋਸ਼ਲ ਮੀਡੀਆ 'ਤੇ ਇਹ ਟਿੱਪਣੀਆਂ ਕੀਤੀਆਂ। ਉਨ੍ਹਾਂ ਲਿਖਿਆ, ਮੇਰਾ ਮੰਨਣਾ ਹੈ ਕਿ ਯੂਰਪੀਅਨ ਯੂਨੀਅਨ ਦੇ ਸਮਰਥਨ ਨਾਲ, ਯੂਕ੍ਰੇਨ ਲੜਨ ਅਤੇ ਆਪਣੇ ਸਾਰੇ ਇਲਾਕੇ ਨੂੰ ਵਾਪਸ ਜਿੱਤ ਸਕਦਾ ਹੈ। ਯੂਰਪ ਅਤੇ ਖਾਸ ਕਰਕੇ ਨਾਟੋ ਤੋਂ ਸਮੇਂ ਤੇ ਵਿੱਤੀ ਸਹਾਇਤਾ ਨਾਲ ਇਸ ਯੁੱਧ ਦੀ ਸ਼ੁਰੂਆਤ ਵਿੱਚ ਸਰਹੱਦਾਂ 'ਤੇ ਵਾਪਸ ਜਾਣਾ ਪੂਰੀ ਤਰ੍ਹਾਂ ਸੰਭਵ ਹੈ।ਜੇਕਰ ਟਰੰਪ ਦਾ ਸਮਰਥਨ ਬਣਿਆ ਰਹਿੰਦਾ ਹੈ ਤਾਂ ਇਹ ਜ਼ੇਲੇਂਸਕੀ ਲਈ ਇੱਕ ਵੱਡੀ ਜਿੱਤ ਹੋਵੇਗੀ। ਜ਼ੇਲੇਂਸਕੀ ਲੰਬੇ ਸਮੇਂ ਤੋਂ ਅਮਰੀਕੀ ਰਾਸ਼ਟਰਪਤੀ ਨੂੰ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ 'ਤੇ ਯੁੱਧ ਖਤਮ ਕਰਨ ਲਈ ਦਬਾਅ ਬਣਾਈ ਰੱਖਣ ਦੀ ਅਪੀਲ ਕਰ ਰਹੇ ਹਨ। ਇਹ ਸਟੈਂਡ ਟਰੰਪ ਦੇ ਪਹਿਲਾਂ ਦੇ ਬਿਆਨਾਂ ਤੋਂ ਹਟਣ ਦਾ ਸੰਕੇਤ ਹੈ, ਜਿਸ ਵਿੱਚ ਉਨ੍ਹਾਂ ਕਿਹਾ ਸੀ ਕਿ ਯੂਕ੍ਰੇਨ ਕਦੇ ਵੀ



ਰੂਸ ਦੁਆਰਾ ਕਬਜ਼ੇ ਵਾਲੇ ਸਾਰੇ ਇਲਾਕੇ ਵਾਪਸ ਨਹੀਂ ਪ੍ਰਾਪਤ ਕਰੇਗਾ, ਜਿਸ ਵਿੱਚ 2014 ਵਿੱਚ ਕ੍ਰੀਮੀਅਨ ਪ੍ਰਾਇਦੀਪ ਦਾ ਕਬਜ਼ਾ ਵੀ ਸ਼ਾਮਲ ਹੈ।

# ਆਰ.ਈ.ਸੀ.ਪੀ.ਡੀ.ਸੀ.ਐਲ. ਨੇ ਦਾਵਾਂਗੇਰੇ ਪਾਵਰ ਟ੍ਰਾਂਸਮਿਸ਼ਨ ਐਸ.ਪੀ.ਵੀ. ਨੂੰ ਪਾਵਰ ਗਰਿੱਡ ਕਾਰਪੋਰੇਸ਼ਨ ਆਫ਼ ਇੰਡੀਆ ਲਿਮਟਿਡ ਨੂੰ ਸੌਂਪਿਆ





ਚੰਡੀਗੜ੍ਹ, 24 ਸਤੰਬਰ (ਅੰਮ੍ਰਿਤਪਾਲ ਸਿੰਘ) : ਪਾਵਰ ਡਿਵੈਲਪਮੈਂਟ ਐਂਡ ਕੰਸਲਟੈਂਸੀ ਲਿਮਟਿਡ , ਬਿਜਲੀ ਮੰਤਰਾਲੇ ਦੀ ਅਗਵਾਈ ਹੇਠ ਇੱਕ ਮਹਾਰਤਨ CPSU ਅਤੇ REC ਲਿਮਟਿਡ ਦੀ ਪੂਰੀ ਮਲਕੀਅਤ ਵਾਲੀ ਸਹਾਇਕ ਕੰਪਨੀ, ਇੱਕ ਮੋਹਰੀ ਨੇ 24 ਸਤੰਬਰ, 2025 ਨੂੰ TBCB ਰੂਟ ਅਧੀਨ ISTS ਟ੍ਰਾਂਸਮਿਸ਼ਨ ਪ੍ਰੋਜੈਕਟ ਲਈ ਇੱਕ ਪ੍ਰੋਜੈਕਟ-ਵਿਸ਼ੇਸ਼ SPV (ਵਿਸ਼ੇਸ਼ ਉਦੇਸ਼ ਵਾਹਨ) ਦਾਵਾਂਗੇਰੇ ਪਾਵਰ ਟ੍ਰਾਂਸਮਿਸ਼ਨ ਲਿਮਟਿਡ ਨੂੰ ਪਾਵਰ ਗਰਿੱਡ ਕਾਰਪੋਰੇਸ਼ਨ ਆਫ਼ ਇੰਡੀਆ ਲਿਮਟਿਡ ਨੂੰ ਸੌਂਪਿਆ। ਪਾਵਰ ਗਰਿੱਡ ਕਾਰਪੋਰੇਸ਼ਨ ਆਫ਼ ਇੰਡੀਆ ਲਿਮਟਿਡ, RECPDCL, ਬੋਲੀ ਪ੍ਰਕਿਰਿਆ ਕੋਆਰਡੀਨੇਟਰ ਦੁਆਰਾ ਬਣਾਈ ਗਈ ਟੈਰਿਫ-ਅਧਾਰਤ ਪ੍ਰਤੀਯੋਗੀ ਬੋਲੀ ਪ੍ਰਕਿਰਿਆ ਰਾਹੀਂ ਟ੍ਰਾਂਸਮਿਸ਼ਨ ਸੇਵਾ ਪ੍ਰਦਾਤਾ ਵਜੋਂ ਉਭਰੀ, ਜੋ ਕਿ ਬਿਲਡ, ਓਨ, ਓਪਰੇਟ ਐਂਡ ਟ੍ਰਾਂਸਫਰ ਆਧਾਰ 'ਤੇ ਟ੍ਰਾਂਸਮਿਸ਼ਨ ਪ੍ਰੋਜੈਕਟ ਦੇ ਵਿਕਾਸ ਲਈ ਹੈ। R.S.C., CEO, RECPDCL¢ ਬੋਸ਼ ਨੇ RECPDCL, ਪਾਵਰ ਗਰਿੱਡ ਕਾਰਪੋਰੇਸ਼ਨ ਆਫ਼ ਇੰਡੀਆ ਲਿਮਟਿਡ, ਅਤੇ ਸੈਂਟਰਲ ਟ੍ਰਾਂਸਮਿਸ਼ਨ ਯੂਟਿਲਿਟੀ ਆਫ਼ ਇੰਡੀਆ ਲਿਮਟਿਡ ਦੇ ਸੀਨੀਅਰ ਅਧਿਕਾਰੀਆਂ ਦੀ ਮੌਜੂਦਗੀ ਵਿੱਚ ਪਾਵਰ ਗਰਿੱਡ ਕਾਰਪੋਰੇਸ਼ਨ ਆਫ਼ ਇੰਡੀਆ ਲਿਮਟਿਡ ਦੇ ਕੰਪਨੀ ਸਕੱਤਰੇਤ ਦੇ ਸੀਨੀਅਰ ਡਿਪਟੀ ਜਨਰਲ ਮੈਨੇਜਰ ਅਰੂਪ ਕੁਮਾਰ ਸਾਮੰਤ ਨੂੰ SPV ਸੌਂਪਿਆ। ਪ੍ਰੋਜੈਕਟ ਲਾਗੂ ਕਰਨ ਦੀ ਮਿਆਦ 24 ਮਹੀਨੇ ਹੈ। ਪ੍ਰੋਜੈਕਟ ਦੀ ਅਨੁਮਾਨਤ ਲਾਗਤ ਲਗਭਗ 366.26 ਕਰੋੜ ਹੈ।

RECPDCL ਬਾਰੇ: REC ਪਾਵਰ ਡਿਵੈਲਪਮੈਂਟ ਐਂਡ ਕੰਸਲਟੈਂਸੀ ਲਿਮਟਿਡ, REC ਲਿਮਟਿਡ ਦੀ ਪੂਰੀ ਮਲਕੀਅਤ ਵਾਲੀ ਸਹਾਇਕ ਕੰਪਨੀ, ਕਈ ਰਾਜ ਬਿਜਲੀ ਵੰਡ ਕੰਪਨੀਆਂ/ਰਾਜ ਬਿਜਲੀ ਵਿਭਾਗਾਂ ਨੂੰ ਗਿਆਨ-ਅਧਾਰਤ ਸਲਾਹ ਅਤੇ ਮਾਹਰ ਪ੍ਰੋਜੈਕਟ ਲਾਗੂ ਕਰਨ ਦੀਆਂ ਸੇਵਾਵਾਂ ਪ੍ਰਦਾਨ ਕਰ ਰਹੀ ਹੈ। RECPDCL ਜੰਮੂ ਅਤੇ ਕਸ਼ਮੀਰ ਅਤੇ ਲੱਦਾਖ ਦੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਵਿੱਚ ਟ੍ਰਾਂਸਮਿਸ਼ਨ ਪ੍ਰੋਜੈਕਟ ਵੀ ਲਾਗੂ ਕਰ ਰਹੀ ਹੈ। RECPDCL, ਟੈਰਿਫ ਅਧਾਰਤ ਪ੍ਰਤੀਯੋਗੀ ਬੋਲੀ ("232) ਰਾਹੀਂ ਲਾਗੂ ਕੀਤੇ ਗਏ ਅੰਤਰ-ਰਾਜੀ ਅਤੇ ਅੰਤਰ-ਰਾਜੀ ਟ੍ਰਾਂਸਮਿਸ਼ਨ ਪ੍ਰੋਜੈਕਟਾਂ ਅਤੇ RE-ਬੰਡਲਿੰਗ ਪ੍ਰੋਜੈਕਟਾਂ ਲਈ ਬੋਲੀ ਪ੍ਰਕਿਰਿਆ ਕੋਆਰਡੀਨੇਟਰ (BPC) ਵਜੋਂ ਵੀ ਕੰਮ ਕਰ ਰਿਹਾ ਹੈ। ਇਸ ਤਰ੍ਹਾਂ, RECPDCL ਆਪਣੀ ਮਾਹਰ ਸਲਾਹ, ਪ੍ਰੋਜੈਕਟ ਲਾਗੂਕਰਨ ਅਤੇ ਲੈਣ-ਦੇਣ ਸਲਾਹਕਾਰੀ ਸੇਵਾਵਾਂ ਨਾਲ ਦੇਸ਼ ਦੀ ਬਿਜਲੀ ਖੇਤਰ ਮੁੱਲ ਲੜੀ ਵਿੱਚ ਇੱਕ ਮਹੱਤਵਪੂਰਨ ਭੂਮਿਕਾ ਨਿਭਾ ਰਿਹਾ ਹੈ।

# ਬਾਗਵਾਨੀ ਮਿਸ਼ਨ ਅਤੇ ਮਹਿਲਾ ਸਸ਼ਕਤੀਕਰਣ 'ਤੇ ਮੀਡੀਆ ਵਰਕਸ਼ਾਪ ਵਾਰਤਾਲਾਪ ਕਰਵਾਇਆ



ਸੋਲਨ/ਸ਼ਿਮਲਾ/ਚੰਡੀਗੜ੍ਹ, 24 ਸਤੰਬਰ (ਅੰਮ੍ਰਿਤਪਾਲ ਸਿੰਘ) : ਭਾਰਤ ਸਰਕਾਰ ਦੇ ਸੂਚਨਾ ਅਤੇ ਪ੍ਰਸਾਰਣ ਮੰਤਰਾਲੇ ਦੇ ਪੱਤਰ ਸੂਚਨਾ ਦਫ਼ਤਰ, ਚੰਡੀਗੜ੍ਹ ਦੁਆਰਾ ਅੱਜ ਹਿਮਾਚਲ ਪ੍ਰਦੇਸ਼ ਦੇ ਸੋਲਨ ਵਿੱਚ ਆਫ਼ਤ ਪ੍ਰਬੰਧਨ, ਪੋਸ਼ਣ ਅਭਿਆਨ, ਬਾਗਬਾਨੀ ਮਿਸ਼ਨ ਅਤੇ ਮਹਿਲਾ ਸਸ਼ਕਤੀਕਰਣ ਵਰਗੇ ਵਿਸ਼ਿਆਂ @ਤੇ ਇੱਕ ਮੀਡੀਆ ਵਰਕਸ਼ਾਪ, ਵਾਰਤਾਲਾਪ ਦਾ ਆਯੋਜਨ ਕੀਤਾ ਗਿਆ। ਇਸ ਦਾ ਉਦੇਸ਼ ਆਫ਼ਤ ਪ੍ਰਬੰਧਨ ਦੇ ਵੱਖ-ਵੱਖ ਪਹਿਲੂਆਂ 'ਤੇ ਸਰਕਾਰ ਅਤੇ ਚੌਥੇ ਥੰਮ੍ਹ ਦੇ ਦਰਮਿਆਨ ਸਾਰਥਕ ਸੰਵਾਦ ਅਤੇ ਵਿਚਾਰਾਂ ਦੇ ਉਪਯੋਗੀ ਆਦਾਨ-ਪ੍ਰਦਾਨ ਨੂੰ ਹੁਲਾਰਾ ਦੇਣਾ ਸੀ। ਇਸ ਵਾਰਤਾਲਾਪ ਦੀ ਸ਼ੁਰੂਆਤ ਸੋਲਨ ਦੇ ਡਿਪਟੀ ਕਮਿਸ਼ਨਰ ਸ਼੍ਰੀ ਮਨਮੋਹਨ ਸ਼ਰਮਾ ਨੇ ਕੀਤੀ। ਮੀਡੀਆ ਨੂੰ ਸੰਬੋਧਨ ਕਰਦੇ ਹੋਏ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਆਫ਼ਤ ਪ੍ਰਬੰਧਨ ਇੱਕ ਅਜਿਹਾ ਖੇਤਰ ਹੈ, ਜੋ ਮੀਡੀਆ ਰਿਪੋਰਟਾਂ ਵਿੱਚ ਸਨਸਨੀਖੇਜ਼ਤਾ ਹੋਣ ਕਾਰਨ ਗੈਰ ਜ਼ਰੂਰੀ ਰੂਪ ਵਿੱਚ ਪ੍ਰਭਾਵਿਤ ਹੋ ਸਕਦਾ ਹੈ। ਸੋਲਨ ਮੀਡੀਆ ਦੀ ਪਰਿਪੱਕ ਅਤੇ ਸੰਤੁਲਿਤ ਭੂਮਿਕਾ ਦੀ ਸ਼ਲਾਘਾ ਕਰਦੇ ਹੋਏ, ਡਿਪਟੀ ਕਮਿਸ਼ਨਰ ਨੇ ਕਿਹਾ ਕਿ ਮੀਡੀਆ ਵਲੋਂ ਜਨਤਾ ਨੂੰ ਇਹ ਭਰੋਸਾ ਦਿਵਾਉਣ ਵਿੱਚ ਵੀ ਯੋਗਦਾਨ ਪਾਉਣਾ ਚਾਹੀਦਾ ਹੈ ਕਿ ਸਰਕਾਰ ਆਫ਼ਤਾਂ ਦੌਰਾਨ ਸਰਗਰਮ ਹੈ ਅਤੇ ਆਫਤਾਂ ਸਮੇਂ ਕਾਰਵਾਈ ਕਰ ਰਹੀ ਹੈ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਮੀਡੀਆ ਵੱਡੀਆਂ ਆਫ਼ਤਾਂ ਨਾਲ ਨਜਿੱਠਣ ਅਤੇ ਉਨ੍ਹਾਂ ਦੇ ਪ੍ਰਬੰਧਨ ਵਿੱਚ ਵੀ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਸਵੱਛਤਾ ਅਭਿਆਨ ਦੀ ਉਦਾਹਰਣ ਦਿੰਦੇ ਹੋਏ, ਉਨ੍ਹਾਂ ਕਿਹਾ ਇਸ ਅਭਿਆਨ ਦੀ ਸਫਲਤਾ ਵਿੱਚ ਮੀਡੀਆ ਨੇ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਮੀਡੀਆ ਦੀ ਮੁੱਖ ਭੂਮਿਕਾ ਸਰਕਾਰ ਨੂੰ ਜਵਾਬਦੇਹ ਬਣਾਉਣਾ ਅਤੇ ਅਣਸੁਣੀਆਂ ਆਵਾਜ਼ਾਂ ਨੂੰ ਪ੍ਰਸ਼ਾਸਨ ਤੱਕ ਪਹੁੰਚਾਉਣਾ ਹੈ। ਉਨ੍ਹਾਂ ਅੱਗੇ ਕਿਹਾ ਕਿ ਸੋਸ਼ਲ ਮੀਡੀਆ ਦੇ ਆਉਣ ਨਾਲ ਮੀਡੀਆ ਦੀ ਭੂਮਿਕਾ ਕੁਝ ਹੱਦ ਤੱਕ ਬਦਲੀ ਹੈ, ਅਤੇ ਇਸ ਲਈ, ਮੀਡੀਆ ਨੂੰ ਹੁਣ ਵਧੇਰੇ ਜ਼ਿੰਮੇਵਾਰ ਹੋਣ ਦੀ ਲੋੜ ਹੈ। ਸੋਲਨ ਜ਼ਿਲ੍ਹੇ ਦੇ ਏਡੀਸੀ ਸ਼੍ਰੀ ਰਾਹੁਲ ਜੈਨ ਨੇ ਕਿਹਾ ਕਿ ਆਫ਼ਤ ਪ੍ਰਬੰਧਨ ਐਕਟ ਲਾਗੂ ਹੋਣ ਤੋਂ ਬਾਅਦ, ਹਿਮਾਚਲ ਵਿੱਚ ਕਈ ਆਫ਼ਤਾਂ ਆਈਆਂ ਹਨ, ਪਰ ਜਾਨੀ ਨੁਕਸਾਨ ਵਿੱਚ ਕਾਫ਼ੀ ਕਮੀ ਆਈ ਹੈ। ਉਨ੍ਹਾਂ ਕਿਹਾ ਕਿ ਆਫ਼ਤ ਪ੍ਰਤੀਕਿਰਿਆ ਵਿੱਚ ਸਭ ਤੋਂ ਮਹੱਤਵਪੂਰਨ ਭੂਮਿਕਾ ਪ੍ਰਭਾਵਿਤ ਭਾਈਚਾਰੇ ਦੀ ਹੁੰਦੀ ਹੈ।

## ਜਨਮ ਦਿਨ ਮੁਬਾਰਕ



ਪਿਸ਼ਾ



ਇਕਬਾਲ ਸਿੰਘ ਅਤੇ ਅੰਮ੍ਰਿਤ ਕੌਰ ਨੂੰ ਵਿਆਹ ਦੀ ਵਰ੍ਹੇਗੰਢ ਮੁਬਾਰਕ

# ਮਾਝਾ-ਦੁਆਬਾ
ਆਸ ਪਾਸ

## 350 ਸਾਲਾ ਸ਼ਹੀਦੀ ਨਗਰ ਕੀਰਤਨ ਚੰਦਰਪੁਰ ਤੋਂ ਕਰੀਮ ਨਗਰ (ਤੇਲੰਗਾਨਾ) ਲਈ ਰਵਾਨਾ



ਅੰਮ੍ਰਿਤਸਰ, 24 ਸਤੰਬਰ (ਗੁਰਦਿਆਲ ਸਿੰਘ): ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸ਼ਹੀਦੀ ਸਾਕੇ ਦੀ 350 ਸਾਲਾ ਸ਼ਤਾਬਦੀ ਦੇ ਸਬੰਧ ਵਿਚ ਗੁਰਦੁਆਰਾ ਧੋਬੜੀ ਸਾਹਿਬ ਆਸਾਮ ਤੋਂ ਆਰੰਭ ਹੋਇਆ ਸ਼ਹੀਦੀ ਨਗਰ ਕੀਰਤਨ ਅੱਜ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਚੰਦਰਪੁਰ ਤੋਂ ਕਰੀਮ ਨਗਰ ਤੇਲੰਗਾਨਾ ਲਈ ਰਵਾਨਾ ਹੋਇਆ। ਨਗਰ ਕੀਰਤਨ ਦੀ ਰਵਾਨਗੀ ਤੋਂ ਪਹਿਲਾਂ ਗੁਰਦੁਆਰਾ ਸਾਹਿਬ ਵਿਖੇ ਧਾਰਮਿਕ ਦੀਵਾਨ ਸਜਾਏ ਗਏ ਜਿਸ ਵਿਚ ਸ੍ਰੀ ਦਰਬਾਰ ਸਾਹਿਬ ਦੇ ਹਜ਼ੂਰੀ ਰਾਗੀ ਜਥੇ ਨੇ ਗੁਰਬਾਣੀ ਕੀਰਤਨ ਕੀਤਾ।ਇਸ ਦੌਰਾਨ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਸਿੰਘ ਸਾਹਿਬ ਗਿਆਨੀ ਸੁਲਤਾਨ ਸਿੰਘ ਨੇ ਸੰਗਤਾਂ ਨਾਲ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਜੀਵਨ ਇਤਿਹਾਸ ਦੀ ਵੀ ਸਾਂਝ ਪਾਈ। ਉਨ੍ਹਾਂ ਸੰਗਤਾਂ ਨੂੰ ਗੁਰੂ ਸਾਹਿਬ ਦੇ ਜੀਵਨ ਤੋਂ ਪ੍ਰੇਰਨਾ ਲੈ ਕੇ ਬਾਣੀ ਬਾਣੇ ਦੇ ਧਾਰਨੀ ਹੋਣ ਦੀ ਅਪੀਲ ਕੀਤੀ। ਨਗਰ ਕੀਰਤਨ ਦੀ ਰਵਾਨਗੀ ਸਮੇਂ ਗੁਰਦੁਆਰਾ ਸਾਹਿਬ ਦੇ ਪ੍ਰਬੰਧਕਾਂ ਨੇ ਪੰਜ ਪਿਆਰੇ ਸਾਹਿਬਾਨ ਅਤੇ ਹਾਜ਼ਰ ਪ੍ਰਮੁੱਖ ਸਖ਼ਸ਼ੀਅਤਾਂ ਨੂੰ ਸਿਰੋਪਾਓ ਦਿੱਤੇ। ਇਸੇ ਦੌਰਾਨ ਰਣਜੀਤ ਸਿੰਘ ਸਲੂਜਾ ਦੇ ਪਰਿਵਾਰ ਵੱਲੋਂ ਪਾਲਕੀ ਸਾਹਿਬ ਲਈ ਚੰਦੋਆ ਸਾਹਿਬ ਤੇ ਰੁਮਾਲਾ ਸਾਹਿਬ ਭੇਟ ਕਰਕੇ ਸ਼ਰਧਾ ਪ੍ਰਗਟ ਕੀਤੀ ਗਈ।

ਇਸ ਇਤਿਹਾਸਕ ਨਗਰ ਕੀਰਤਨ ਪ੍ਰਤੀ ਵੱਖ-ਵੱਖ ਧਰਮਾਂ ਦੇ ਲੋਕਾਂ ਵਿਚ ਵੱਡੀ ਸ਼ਰਧਾ ਸੀ ਤੇ ਸੰਗਤਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਲਕੀ 'ਤੇ ਫੁੱਲਾਂ ਦੀ ਵਰਖਾ ਕਰਕੇ ਸਤਿਕਾਰ ਭੇਟ ਕੀਤਾ। ਰਸਤੇ ਵਿਚ ਨਗਰ ਕੀਰਤਨ 'ਚ ਬੱਲਾਰਪੁਰ ਮਹਾਰਾਸ਼ਟਰ ਦੇ ਸਾਬਕਾ ਵਿਧਾਇਕ ਸੁਭਾਸ਼ ਚੰਦਰਰਾਓ ਢੋਟੇ ਤੇ ਅਰੁਣ ਢੋਟੇ ਵੱਲੋਂ ਵੀ ਸੰਗਤਾਂ 'ਤੇ ਫੁੱਲਾਂ ਦੀ ਵਰਖਾ ਕਰਕੇ ਸਵਾਗਤ ਕੀਤਾ ਗਿਆ। ਇਸੇ ਦੌਰਾਨ ਵੱਖ-ਵੱਖ ਸਕੂਲਾਂ ਦੇ ਬੱਚਿਆਂ ਵੱਲੋਂ ਵਿਸ਼ੇਸ਼ ਤੌਰ 'ਤੇ ਹਾਜ਼ਰੀ ਭਰੀ ਗਈ। ਪਿੰਡ ਗੜ੍ਹਚੰਦੂਰ ਵਿਖੇ ਨਗਰ ਕੀਰਤਨ ਦੇ ਪਹੁੰਚਣ 'ਤੇ ਵੱਖ-ਵੱਖ ਧਰਮਾਂ ਨਾਲ ਸਬੰਧਤ ਲੋਕਾਂ ਵੱਲੋਂ ਭਰਵਾਂ ਸਵਾਗਤ ਕਰਦਿਆਂ ਗੁਰੂ ਸਾਹਿਬ ਪ੍ਰਤੀ ਸ਼ਰਧਾ ਅਰਪਣ ਕੀਤੀ ਗਈ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਜੂਨੀਅਰ ਮੀਤ ਬਲਦੇਵ ਸਿੰਘ ਕਲਿਆਣ, ਮੀਤ ਸਕੱਤਰ ਕੁਲਦੀਪ ਸਿੰਘ ਰੋਡੇ, ਇੰਚਾਰਜ ਗੁਰਮੇਜ ਸਿੰਘ, ਮੈਨੇਜਰ ਨਰਿੰਦਰ ਸਿੰਘ ਮਥਰੇਵਾਲ, ਹਰਵਿੰਦਰ ਸਿੰਘ, ਸੁਪਰਵਾਈਜ਼ਰ ਹਰਭਜਨ ਸਿੰਘ, ਰਾਮ ਸਿੰਘ ਮੁੰਬਈ, ਹੈੱਡ ਪ੍ਰਚਾਰਕ ਭਾਈ ਜਗਦੇਵ ਸਿੰਘ, ਪ੍ਰਚਾਰਕ ਭਾਈ ਹਰਜੀਤ ਸਿੰਘ ਸੁਲਤਾਨਪੁਰ ਲੋਧੀ, ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਚੰਦਰਪੁਰ ਦੇ ਪ੍ਰਧਾਨ ਚਰਨਜੀਤ ਸਿੰਘ, ਚੰਮਕੌਰ ਸਿੰਘ, ਸੁਰਿੰਦਰ ਸਿੰਘ ਗਿੱਲ, ਰਾਜਿੰਦਰ ਸਿੰਘ, ਪੂਰਨ ਸਿੰਘ ਜੁਨੇਜਾ, ਤੀਰਥ ਸਿੰਘ ਸਮੇਤ ਸੰਗਤਾਂ ਹਾਜ਼ਰ ਸਨ।

## ਸੰਦੀਪ ਸਿੰਘ ਦਾ ਕੇਸ ਲੜ ਰਹੇ ਵਕੀਲ ਘੁੰਮਣ ਭਰਾਵਾਂ 'ਤੇ ਦਬਾਅ ਪਾਉਣ ਦੀ ਕਾਰਗੁਜ਼ਾਰੀ ਨਿੰਦਣਯੋਗ : ਜਥੇ. ਗੜਗੱਜ



ਅੰਮ੍ਰਿਤਸਰ, 24 ਸਤੰਬਰ (ਬਬਲੂ ਮਹਾਜਨ): ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਸੰਗਰੂਰ ਜੇਲ੍ਹ ਵਿਚ ਨਜ਼ਰਬੰਦ ਸੰਦੀਪ ਸਿੰਘ ਵਾਸੀ ਅੰਮ੍ਰਿਤਸਰ ਦਾ ਕੇਸ ਲੜ ਰਹੇ ਵਕੀਲ ਘੁੰਮਣ ਭਰਾਵਾਂ ਉੱਤੇ ਸਿੱਧੇ ਜਾਂ ਅਸਿੱਧੇ ਰੂਪ ਵਿਚ ਦਬਾਅ ਬਣਾਉਣ ਦੀ ਨੀਤੀ ਨੂੰ ਅਤਿ ਨਿੰਦਣਯੋਗ ਤੇ ਪੱਖਪਾਤ ਵਾਲੀ ਕਾਰਵਾਈ ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਸੰਦੀਪ ਸਿੰਘ ਵਿਰੁੱਧ ਜੋ ਵੀ ਕਾਨੂੰਨੀ ਕਾਰਵਾਈ ਬਣਦੀ ਹੈ ਉਸ ਬਾਰੇ ਆਪਣਾ ਪੱਖ ਰੱਖਣ ਲਈ ਉਸ ਨੂੰ ਕਿਸੇ ਵੀ ਵਕੀਲ ਦਾ ਸਾਥ ਲੈਣ ਦਾ ਪੂਰਾ ਅਧਿਕਾਰ ਹੈ। ਉਨ੍ਹਾਂ ਕਿਹਾ ਕਿ ਘੁੰਮਣ ਭਰਾਵਾਂ ਉੱਤੇ ਦਬਾਅ ਬਣਾਉਣ ਵਾਲੀ ਕਾਰਵਾਈ ਸਰਕਾਰੀ ਨੀਤੀ ਦਾ ਹਿੱਸਾ ਜਾਪਦੀ ਹੈ, ਜੋ ਕਿ ਨਿਆਂਪੂਰਣ ਨਹੀਂ ਪੱਖਪਾਤੀ ਹੈ। ਉਨ੍ਹਾਂ ਕਿਹਾ ਕਿ ਸੰਦੀਪ ਸਿੰਘ ਉੱਤੇ ਜੇਲ੍ਹ ਤੇ ਪੁਲਿਸ ਪ੍ਰਸ਼ਾਸਨ ਵੱਲੋਂ ਤਸ਼ੱਦਦ ਕੀਤੇ ਜਾਣ ਤੋਂ ਬਾਅਦ, ਅਦਾਲਤ ਦੇ ਆਦੇਸ਼ਾਂ ਦੇ ਬਾਵਜੂਦ ਵੀ ਸ਼ੁਰੂਆਤ ਵਿੱਚ ਉਸਦੀ ਮੈਡੀਕਲ ਜਾਂਚ ਨਹੀਂ ਕਰਵਾਈ ਜਾ ਰਹੀ ਸੀ, ਜਿਸ ਵਿਰੁੱਧ ਸਿੱਖਾਂ ਨੇ ਸਖ਼ਤ ਰੋਸ ਪ੍ਰਗਟਾਇਆ ਅਤੇ ਇਸ ਢਿੱਲੀ ਕਾਰਗੁਜ਼ਾਰੀ ਦੀ ਚਾਰੇ ਪਾਸਿਓਂ ਨਿੰਦਾ ਹੋਈ। ਉਨ੍ਹਾਂ ਕਿਹਾ ਕਿ ਕੁਝ ਸਿੱਖ ਜਥੇਬੰਦੀਆਂ ਨੂੰ ਜੇਲ੍ਹ ਤੇ ਪੁਲਿਸ ਪ੍ਰਸ਼ਾਸਨ ਦੇ ਵਿਰੁੱਧ ਧਰਨਾ ਵੀ ਦੇਣਾ ਪਿਆ ਤੇ ਅਜਿਹੇ ਹਾਲਾਤ ਵਿੱਚ ਜੇਕਰ ਸੰਦੀਪ ਸਿੰਘ ਦੇ ਵਕੀਲ ਘੁੰਮਣ ਭਰਾਵਾਂ ਨੇ ਮੀਡੀਆ ਰਾਹੀਂ ਉਸ ਉੱਤੇ ਕੀਤੇ ਗਏ ਤਸ਼ੱਦਦ ਬਾਰੇ ਜਾਣਕਾਰੀ ਪੰਜਾਬ ਦੇ ਲੋਕਾਂ ਨਾਲ ਸਾਂਝੀ ਕੀਤੀ ਹੈ ਤਾਂ ਇਸ ਵਿੱਚ ਕੁਝ ਵੀ ਗਲਤ ਨਹੀਂ। ਉਨ੍ਹਾਂ ਕਿਹਾ ਕਿ ਜੇਕਰ ਸੰਦੀਪ ਸਿੰਘ ਉੱਤੇ ਕੀਤੇ ਗਏ ਤਸ਼ੱਦਦ ਦੀ ਜਾਣਕਾਰੀ ਜਨਤਕ ਨਾ ਹੁੰਦੀ ਤਾਂ ਉਸ ਦੇ ਅਧਿਕਾਰਾਂ ਦੀ ਉਲੰਘਣਾ ਜਾਰੀ ਰਹਿਣੀ ਸੀ ਤੇ ਇਹ ਉਸ ਨਾਲ ਅਨਿਆਂ ਹੁੰਦਾ। ਉਨ੍ਹਾਂ ਕਿਹਾ ਕਿ ਸਰਕਾਰ ਦੀ ਜ਼ਿੰਮੇਵਾਰੀ ਹੈ ਕਿ ਉਹ ਨਜ਼ਰਬੰਦ ਕੈਦੀਆਂ ਦੇ ਮਨੁੱਖੀ ਅਧਿਕਾਰਾਂ ਦੀ ਰਾਖੀ ਕਰੇ ਨਾ ਕਿ ਉਨ੍ਹਾਂ ਉੱਤੇ ਤਸ਼ੱਦਦ ਨੂੰ ਖੁੱਲ੍ਹ ਦੇਵੇ ਜਾਂ ਅਜਿਹੀ ਕਾਰਵਾਈ ਉੱਤੇ ਪਰਦਾ ਪਾਵੇ। ਜਥੇਦਾਰ ਗੜਗੱਜ ਨੇ ਕਿਹਾ ਕਿ ਘੁੰਮਣ ਭਰਾ ਡਟ ਕੇ ਸੰਦੀਪ ਸਿੰਘ ਦਾ ਕੇਸ ਲੜਣ ਅਤੇ ਸਮੁੱਚੀ ਸਿੱਖ ਕੌਮ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਉਨ੍ਹਾਂ ਦਾ ਨਾਲ ਖੜ੍ਹਾ ਹੈ।

ਉਨ੍ਹਾਂ ਬੀਤੇ ਦਿਨੀਂ ਪੰਜਾਬ ਹਰਿਆਣਾ ਉੱਚ ਅਦਾਲਤ ਵਿਖੇ ਇੱਕ ਗੁਰਸਿੱਖ ਵਕੀਲ ਐਡਵੋਕੇਟ ਸਿਮਰਜੀਤ ਸਿੰਘ ਉੱਤੇ ਕੁਝ ਵਕੀਲਾਂ ਵੱਲੋਂ ਕੀਤੇ ਗਏ ਹਮਲੇ ਦੀ ਵੀ ਕਰੜੀ ਨਿੰਦਾ ਕੀਤੀ ਤੇ ਇਸ ਘਟਨਾ ਦੇ ਦੋਸ਼ੀਆਂ ਵਿਰੁੱਧ ਕਾਰਵਾਈ ਕਰਨ ਦਾ ਗੱਲ ਆਖੀ। ਉਨ੍ਹਾਂ ਕਿਹਾ ਕਿ ਸਰਕਾਰ ਤੇ ਪੁਲਿਸ ਵੱਲੋਂ ਐਡਵੋਕੇਟ ਸਿਮਰਜੀਤ ਸਿੰਘ ਨਾਲ ਕੁੱਟਮਾਰ ਦੇ ਮਾਮਲੇ ਵਿੱਚ ਹੁਣ ਤੱਕ ਕੋਈ ਕਾਰਵਾਈ ਨਹੀਂ ਕੀਤੀ ਗਈ, ਜਦਕਿ ਸ. ਸੰਦੀਪ ਸਿੰਘ ਦੇ ਮਾਮਲੇ ਵਿੱਚ ਦਬਾਅ ਬਣਾਉਣ ਦੀ ਨੀਤੀ ਉੱਤੇ ਕੰਮ ਕੀਤਾ ਜਾ ਰਿਹਾ ਹੈ, ਜਿਸ ਨਾਲ ਪ੍ਰਸ਼ਾਸਨ ਦੀ ਕਾਰਗੁਜ਼ਾਰੀ ਉੱਤੇ ਸ਼ੰਕੇ ਖੜ੍ਹੇ ਹੁੰਦੇ ਹਨ।

## ਵੋਟਰ ਸੋਸ਼ਲ ਮੀਡੀਆ ਰਾਹੀਂ ਲੈ ਸਕਣਗੇ ਚੋਣ ਵਿਭਾਗ ਸਬੰਧੀ ਹਰ ਤਾਜ਼ਾ ਜਾਣਕਾਰੀ : ਡੀ.ਸੀ.

ਅੰਮ੍ਰਿਤਸਰ, 24 ਸਤੰਬਰ (ਬਬਲੂ ਮਹਾਜਨ): ਚੋਣਾਂ ਸਬੰਧੀ ਹਰ ਤਰ੍ਹਾਂ ਦੀ ਸਹੀ, ਸਟੀਕ ਅਤੇ ਸਮੇਂ ਸਿਰ ਜਾਣਕਾਰੀ ਆਮ ਲੋਕਾਂ ਤੱਕ ਪਹੁੰਚੇ, ਇਸ ਲਈ ਮੁੱਖ ਚੋਣ ਦਫ਼ਤਰ ਪੰਜਾਬ ਵੱਲੋਂ ਸੋਸ਼ਲ ਮੀਡੀਆ ਪਲੇਟਫਾਰਮਾਂ ਨੂੰ ਪੂਰੀ ਤਰ੍ਹਾਂ ਕਾਰਜਸ਼ੀਲ ਕੀਤਾ ਗਿਆ ਹੈ। ਇਸ ਸਬੰਧੀ ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਫ਼ਸਰ, ਸ੍ਰੀਮਤੀ ਸਾਕਸ਼ੀ ਸਾਹਨੀ ਨੇ ਜਾਣਕਾਰੀ ਦਿੰਦੇ ਦੱਸਿਆ ਕਿ ਹੁਣ ਲੋਕ ਫੇਸਬੁੱਕ, ਇੰਸਟਾਗ੍ਰਾਮ, ਟਵੀਟਰ ਤੇ ਯੂਟਿਊਬ 'ਤੇ ਉਪਲਬਧ ਮੁੱਖ ਚੋਣ ਦਫ਼ਤਰ ਦੇ ਅਧਿਕਾਰਤ ਅਕਾਊਂਟ ਨਾਲ ਜੁੜ ਸਕਦੇ ਹਨ ਅਤੇ ਚੋਣਾਂ ਸਬੰਧੀ ਹਰ ਤਰ੍ਹਾਂ ਦੀ ਜਾਣਕਾਰੀ ਲੈ ਸਕਣ ਗੇ । ਸਿਰਫ਼ ਕਿਊ ਆਰ ਕੋਡ ਸਕੈਨ ਕਰਕੇ ਇਹ ਅਕਾਊਂਟ ਫਾਲੋਅ ਕੀਤੇ ਜਾ ਸਕਦੇ ਹਨ ਅਤੇ ਚੋਣਾਂ ਸਬੰਧੀ ਮਹੱਤਵਪੂਰਨ ਜਾਣਕਾਰੀ, ਨਵੀਨਤਮ ਅੱਪਡੇਟਾਂ ਅਤੇ ਮੁੱਖ ਚੋਣ ਅਧਿਕਾਰੀ ਦੀਆਂ ਹਦਾਇਤਾਂ ਪ੍ਰਾਪਤ ਕੀਤੀਆਂ ਜਾ ਸਕਦੀਆਂ ਹਨ, ਉਨ੍ਹਾਂ ਕਿਹਾ ਕਿ ਆਮ ਲੋਕਾਂ ਨਾਲ ਸਿੱਧਾ ਰਾਬਤਾ ਬਣਾਉਣ ਅਤੇ ਉਨ੍ਹਾਂ ਤੱਕ ਹਰ ਲੋੜੀਂਦੀ ਜਾਣਕਾਰੀ ਪਹੁੰਚਾਉਣ ਲਈ ਸੋਸ਼ਲ ਮੀਡੀਆ ਸਭ ਤੋਂ ਪ੍ਰਭਾਵਸ਼ਾਲੀ ਮਾਧਿਅਮ ਵਜੋਂ ਉਭਰਿਆ ਹੈ।

ਇਸ ਲਈ ਵੱਧ ਤੋਂ ਵੱਧ ਵੋਟਰਾਂ ਤੱਕ ਪਹੁੰਚ ਬਣਾਉਣ ਲਈ ਮੁੱਖ ਚੋਣ ਦਫ਼ਤਰ ਵੱਲੋਂ ਸੋਸ਼ਲ ਮੀਡੀਆ ਹੈਂਡਲ ਨੂੰ ਕਾਰਜਸ਼ੀਲ ਅਤੇ ਸਰਗਰਮ ਰੱਖਿਆ ਗਿਆ ਹੈ। ਇਹ ਲੋਕਾਂ ਨੂੰ ਸਟੀਕ ਜਾਣਕਾਰੀ ਦੇਣ ਲਈ ਇਕ ਅਹਿਮ ਉਪਰਾਲਾ ਹੈ, ਨਾਗਰਿਕਾ ਨੂੰ ਵੱਧ ਤੋਂ ਵੱਧ ਇਸ ਨਾਲ ਜੁੜ ਕੇ ਇਸ ਦਾ ਲਾਹਾ ਲੈਣਾ ਚਾਹੀਦਾ ਹੈ।

## ਗੁਰਦੁਆਰਾ ਸ੍ਰੀ ਮੰਜੀ ਸਾਹਿਬ ਵਿਖੇ ਮਨਾਇਆ ਭਾਈ ਲਾਲੋ ਜੀ ਦਾ ਜਨਮ ਦਿਹਾੜਾ



ਅੰਮ੍ਰਿਤਸਰ, 24 ਸਤੰਬਰ (ਗੁਰਦਿਆਲ ਸਿੰਘ): ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਨਾਲ ਸਬੰਧਤ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਕਿਰਤੀ ਸਿੱਖ ਭਾਈ ਲਾਲੋ ਜੀ ਦਾ ਜਨਮ ਦਿਹਾੜਾ ਮਨਾਇਆ ਗਿਆ। ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਜਰਨੈਲ ਸਿੰਘ ਕੋਹਾੜਕਾ ਦੇ ਜਥੇ ਵੱਲੋਂ ਗੁਰਬਾਣੀ ਕੀਰਤਨ ਕੀਤਾ ਗਿਆ। ਅਰਦਾਸ ਭਾਈ ਗੁਰਚਰਨ ਸਿੰਘ ਨੇ ਕੀਤੀ ਤੇ ਸੰਗਤ ਨੂੰ ਪਾਵਨ ਹੁਕਮਨਾਮਾ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਸਿੰਘ ਸਾਹਿਬ ਗਿਆਨੀ ਪਲਵਿੰਦਰਪਾਲ ਸਿੰਘ ਨੇ ਸਰਵਣ ਕਰਵਾਇਆ। ਗਿਆਨੀ ਪਲਵਿੰਦਰਪਾਲ ਸਿੰਘ ਨੇ ਭਾਈ ਲਾਲੋ ਜੀ ਦੇ ਜੀਵਨ ਸਬੰਧੀ ਵਿਚਾਰ ਕਰਦਿਆਂ ਕਿਹਾ ਕਿ ਉਨ੍ਹਾਂ ਦਾ ਜੀਵਨ ਸਮਾਜ ਲਈ ਇਕ ਸੁਚੱਜਾ ਮਾਰਗ ਦਰਸ਼ਨ ਹੈ, ਜਿਸ ਤੋਂ ਅਗਵਾਈ ਲੈ ਕੇ ਧਰਮ ਦੀ ਕਿਰਤ ਕਰਦਿਆਂ ਕਰਤਾ ਪੁਰਖ ਨਾਲ ਜੁੜਨ ਦੀ ਪ੍ਰੇਰਣਾ ਮਿਲਦੀ ਹੈ। ਉਨ੍ਹਾਂ ਕਿਹਾ ਕਿ ਪਹਿਲੇ ਪਾਤਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਭਾਈ ਲਾਲੋ ਜੀ ਨੂੰ ਬੇਹੱਦ ਸਨਮਾਨ ਦੇ ਕੇ ਮਨੁੱਖਤਾ ਨੂੰ ਸੱਚੀ ਕਿਰਤ ਕਰਨ ਦਾ ਉਪਦੇਸ਼ ਕੀਤਾ ਹੈ। ਉਨ੍ਹਾਂ ਸੰਗਤ ਨੂੰ ਭਾਈ ਲਾਲੋ ਜੀ ਦੇ ਜਨਮ ਦਿਹਾੜੇ ਦੀ ਵਧਾਈ ਦਿੰਦਿਆ ਗੁਰੂ ਸਾਹਿਬ ਵੱਲੋਂ ਬਖਸ਼ੇ ਸਿਧਾਂਤ ਕਿਰਤ ਕਰੋ, ਨਾਮ ਜਪੋ ਤੇ ਵੰਡ ਛਕੋ ਅਨੁਸਾਰ ਆਪਣਾ ਜੀਵਨ ਬਤੀਤ ਕਰਨ ਦੀ ਪ੍ਰੇਰਨਾ ਕੀਤੀ। ਇਸ ਮੌਕੇ ਸ੍ਰੀ ਦਰਬਾਰ ਸਾਹਿਬ ਦੇ ਜਨਰਲ ਮੈਨੇਜਰ ਭਗਵੰਤ ਸਿੰਘ ਧੰਗੇੜਾ, ਵਧੀਕ ਮੈਨੇਜਰ ਇਕਬਾਲ ਸਿੰਘ ਮੁਖੀ, ਬਿਕਰਮਜੀਤ ਸਿੰਘ ਝੰਗੀ, ਪ੍ਰਚਾਰਕ ਭਾਈ ਤਰਸੇਮ ਸਿੰਘ, ਭਾਈ ਸਤਵੰਤ ਸਿੰਘ, ਰਾਮਗੜ੍ਹੀਆ ਅਕਾਲ ਜਥੇਬੰਦੀ ਪੰਜਾਬ ਤੋਂ ਹਰਜੀਤ ਸਿੰਘ ਰਾਮਗੜ੍ਹੀਆ, ਬਲਵਿੰਦਰ ਸਿੰਘ ਕਲਸੀ, ਜਗਜੀਤ ਸਿੰਘ ਸੱਗੂ, ਰਾਮ ਸਿੰਘ ਧੀਮਾਨ, ਕੰਵਰਬੀਰ ਸਿੰਘ ਮੰਜ਼ਲ ਸਮੇਤ ਸੰਗਤਾਂ ਹਾਜ਼ਰ ਸਨ।

## ਦਮਦਮੀ ਟਕਸਾਲ ਦੇ ਮੁਖੀ ਭਾਈ ਅਮਰੀਕ ਸਿੰਘ ਅਜਨਾਲਾ ਵੱਲੋਂ 350 ਸਾਲਾ ਸ਼ਤਾਬਦੀ ਦਾ ਵਿਰੋਧ



ਅੰਮ੍ਰਿਤਸਰ, 24 ਸਤੰਬਰ (ਬਬਲੂ ਮਹਾਜਨ): ਦਮਦਮੀ ਟਕਸਾਲ ਅਜਨਾਲਾ ਦੇ ਮੁਖੀ ਭਾਈ ਅਮਰੀਕ ਸਿੰਘ ਅਜਨਾਲਾ ਨੇ ਪ੍ਰੈਸ ਕਾਨਫਰੰਸ ਕਰਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ 350 ਸਾਲਾ ਸ਼ਤਾਬਦੀ ਮਨਾਉਣ 'ਤੇ ਸਖ਼ਤ ਵਿਰੋਧ ਜ਼ਾਹਰ ਕੀਤਾ। ਉਹਨਾਂ ਦੋਸ਼ ਲਗਾਇਆ ਕਿ ਐਸਜੀਪੀਸੀ ਨੇ 328 ਸਰੂਪਾਂ ਦੀ ਗੁੰਮਸ਼ੁਦਗੀ ਮਾਮਲੇ ਵਿੱਚ ਨਾ ਕੋਈ ਕਾਰਵਾਈ ਕੀਤੀ ਹੈ ਅਤੇ ਨਾ ਹੀ ਜਨਤਕ ਤੌਰ 'ਤੇ ਦੋਸ਼ੀਆਂ ਨੂੰ ਬੇਨਕਾਬ ਕੀਤਾ ਹੈ। ਇਸ ਤੋਂ ਇਲਾਵਾ ਬੁਰਜ ਜਵਾਹਰ ਸਿੰਘ ਵਿਖੇ ਸਰੂਪ ਚੋਰੀ, ਬਰਗਾੜੀ ਬੇਅਦਬੀ ਅਤੇ ਕੋਟਕਪੂਰਾ ਗੋਲੀਕਾਂਡ ਵਰਗੇ ਗੰਭੀਰ ਮਾਮਲਿਆਂ ਵਿੱਚ ਵੀ ਕਮੇਟੀ ਨੇ ਆਪਣੀ ਜ਼ਿੰਮੇਵਾਰੀ ਨਹੀਂ ਨਿਭਾਈ।ਭਾਈ ਅਮਰੀਕ ਸਿੰਘ ਅਜਨਾਲਾ ਨੇ ਕਿਹਾ ਕਿ ਜਦੋਂ ਐਸਜੀਪੀਸੀ ਨਗਰ ਕੀਰਤਨ ਕੱਢੇਗੀ ਤਾਂ ਉਹਨਾਂ ਦਾ ਵਿਰੋਧ ਕੀਤਾ ਜਾਵੇਗਾ। ਉਹਨਾਂ ਨੇ ਕਿਹਾ ਕਿ ਸਿੱਖ ਪੰਥ ਅਤੇ ਸਿੱਖ ਸੰਗਤ ਰਲ ਕੇ ਸ਼ਤਾਬਦੀ ਮਨਾਉਣ ਉਹ ਵੀ ਤਿਆਰ ਹਨ, ਪਰ ਐਸਜੀਪੀਸੀ ਅਤੇ ਬਾਦਲ ਦਲ ਦੀ ਅਗਵਾਈ ਹੇਠ ਹੋ ਰਹੀ ਸ਼ਤਾਬਦੀ ਨੂੰ ਉਹ ਕਦੇ ਵੀ ਸਵੀਕਾਰ ਨਹੀਂ ਕਰਨਗੇ।ਉਹਨਾਂ ਐਲਾਨ ਕੀਤਾ ਕਿ ਜਿੱਥੇ ਵੀ ਜ਼ਰੂਰਤ ਪਈ ਉਹ ਵਿਰੋਧ ਕਰਨ ਤੋਂ ਪਿੱਛੇ ਨਹੀਂ ਹਟਣਗੇ, ਭਾਵੇਂ ਗੁਰੂ ਸਾਹਿਬ ਲਈ ਟਕਰਾਅ ਦੀ ਸਥਿਤੀ ਹੀ ਕਿਉਂ ਨਾ ਬਣ ਜਾਵੇ। ਹਾਲਾਂਕਿ ਉਹਨਾਂ ਸਪਸ਼ਟ ਕੀਤਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਪੰਜ ਪਿਆਰਿਆਂ ਦਾ ਪੂਰਾ ਸਤਿਕਾਰ ਕੀਤਾ ਜਾਵੇਗਾ ਅਤੇ ਉਹਨਾਂ ਨੂੰ ਸਿਰਪਾਓ ਭੇਟ ਕੀਤਾ ਜਾਵੇਗਾ, ਪਰ ਬਾਦਲ ਦਲ ਦੇ ਲੋਕਾਂ ਦਾ ਸਖ਼ਤ ਵਿਰੋਧ ਕੀਤਾ ਜਾਵੇਗਾ।

## ਸ਼੍ਰੋਮਣੀ ਕਮੇਟੀ ਨੇ ਹੜ੍ਹ ਪ੍ਰਭਾਵਿਤ ਪਿੰਡਾਂ ਦੇ ਸਕੂਲੀ ਬੱਚਿਆਂ ਨੂੰ ਪੀਣ ਵਾਲੇ ਪਾਣੀ ਸਮੇਤ ਖਾਣ ਵਾਲੀਆਂ ਵਸਤਾਂ ਭੇਜੀਆਂ



ਅੰਮ੍ਰਿਤਸਰ, 24 ਸਤੰਬਰ (ਗੁਰਦਿਆਲ ਸਿੰਘ): ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਹੜ੍ਹ ਪ੍ਰਭਾਵਿਤ ਪਿੰਡ ਹਰੜ ਕਲਾਂ ਤੇ ਲੱਖੂਵਾਲ ਦੇ ਸਕੂਲਾਂ ਵਿੱਚ ਪੜ੍ਹਦੇ ਬੱਚਿਆਂ ਦੇ ਪੀਣ ਲਈ ਪਾਣੀ ਅਤੇ ਖਾਣ ਦੀਆਂ ਵਸਤਾਂ ਸ੍ਰੀ ਦਰਬਾਰ ਸਾਹਿਬ ਤੋਂ ਭੇਜੀਆਂ ਗਈਆਂ ਹਨ। ਜਿਕਰਯੋਗ ਹੈ ਕਿ ਇੱਕ ਸਕੂਲ ਅਧਿਆਪਕ ਵੱਲੋਂ ਹੜ੍ਹ ਕਾਰਨ ਹੋਏ ਗੰਧਲੇ ਪਾਣੀ ਸਬੰਧੀ ਪੋਸਟ ਪਾ ਕੇ ਬੱਚਿਆਂ ਲਈ ਪੀਣ ਵਾਲੇ ਪਾਣੀ ਦੀ ਮੰਗ ਕੀਤੀ ਗਈ ਸੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਧਿਆਨ 'ਚ ਆਉਣ 'ਤੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੇ ਨਿਰਦੇਸ਼ਾਂ ਅਨੁਸਾਰ ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਕੁਲਵੰਤ ਸਿੰਘ ਮੰਨਣ ਵੱਲੋਂ ਬੱਚਿਆਂ ਲਈ ਯੋਗ ਪ੍ਰਬੰਧ ਵਾਸਤੇ ਮੈਨੇਜਰ ਰਜਿੰਦਰ ਸਿੰਘ ਰੂਬੀ ਦੀ ਡਿਊਟੀ ਲਗਾਈ ਗਈ ਸੀ।

ਸ਼੍ਰੋਮਣੀ ਕਮੇਟੀ ਦੀ ਟੀਮ ਵੱਲੋਂ ਹਲਕਾ ਮੈਂਬਰ ਅਮਰੀਕ ਸਿੰਘ ਵਿਛੋਆ ਤੇ ਜੋਧ ਸਿੰਘ ਸਮਰਾ ਦੇ ਸਹਿਯੋਗ ਨਾਲ ਅਜਨਾਲਾ ਦੇ ਪਿੰਡ ਹਰੜ ਕਲਾਂ ਤੇ ਲੱਖੂਵਾਲ ਦੇ ਸਕੂਲਾਂ ਦੇ ਵਿਦਿਆਰਥੀਆਂ ਤੱਕ ਸਾਫ਼ ਪਾਣੀ ਤੇ ਖਾਣ ਲਈ ਹੋਰ ਵਸਤੂਆਂ ਪਹੁੰਚਾਈਆਂ ਗਈਆਂ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਮੈਨੇਜਰ ਰਜਿੰਦਰ ਸਿੰਘ ਰੂਬੀ ਨੇ ਦੱਸਿਆ ਕਿ ਕਈ ਦਿਨ ਹੜ੍ਹਾਂ ਦਾ ਪਾਣੀ ਖਲੋਤਾ ਰਹਿਣ ਕਰਕੇ ਧਰਤੀ ਹੇਠਲੇ ਮੰਡ ਦਾ ਗੰਦਲਾ ਪਾਣੀ ਪੀਣ ਨਾਲ ਬੱਚਿਆਂ ਦੇ ਪੇਟ ਖ਼ਰਾਬ ਹੋਣ ਤੇ ਹੋਰ ਬਿਮਾਰੀਆਂ ਲੱਗਣ ਦਾ ਡਰ ਬਣਿਆ ਹੋਇਆ ਹੈ। ਸਕੂਲ ਅਧਿਆਪਕ ਵੱਲੋਂ ਇਸ ਬਾਰੇ ਪਾਈ ਪੋਸਟ ਤੋਂ ਬਾਅਦ ਸ਼੍ਰੋਮਣੀ ਕਮੇਟੀ ਵੱਲੋਂ ਬੱਚਿਆਂ ਲਈ ਪੀਣ ਵਾਲੇ ਸਾਫ ਪਾਣੀ ਮੁਹੱਈਆ ਕਰਵਾਇਆ ਗਿਆ ਹੈ। ਸਕੂਲ ਅਧਿਆਪਕ ਸਤਨਾਮ ਸਿੰਘ ਜੱਸੜ ਤੇ ਹੋਰ ਅਧਿਆਪਕਾਂ ਨੇ ਸ਼੍ਰੋਮਣੀ ਕਮੇਟੀ ਦਾ ਮਿਲੇ ਸਹਿਯੋਗ ਲਈ ਧੰਨਵਾਦ ਕੀਤਾ।

## ਖ਼ਾਲਸਾ ਕਾਲਜ ਵਿਖੇ ਸੈਮੀਨਾਰ ਤੇ ਨਾਟਕੀ ਪੇਸ਼ਕਾਰੀ

ਅੰਮ੍ਰਿਤਸਰ, 24 ਸਤੰਬਰ (ਬਬਲੂ ਮਹਾਜਨ): ਖਾਲਸਾ ਕਾਲਜ ਅੰਮ੍ਰਿਤਸਰ ਦੇ ਹਿੰਦੀ ਵਿਭਾਗ ਨੇ ਕਾਲਜ ਦੇ ਥੀਏਟਰ ਸਟੱਡੀਜ਼ ਵਿਭਾਗ ਦੇ ਸਹਿਯੋਗ ਨਾਲ ਕਲਾਸਿਕ ਹਿੰਦੀ ਨਾਟਕ ਅੰਧਾ ਯੁੱਗ ਤੇ ਇਸਦੀ ਨਾਟਕੀ ਪੇਸ਼ਕਾਰੀ 'ਤੇ ਇੱਕ ਸੈਮੀਨਾਰ ਦਾ ਆਯੋਜਨ ਕੀਤਾ। ਮੁੱਖ ਬੁਲਾਰੇ, ਹਿੰਦੀ ਵਿਭਾਗ ਦੇ ਮੁਖੀ ਤੇ ਜੀਐਨਡੀਯੂ ਦੇ ਡੀਨ ਭਾਸ਼ਾਵਾਂ ਡਾ. ਸੁਨੀਲ ਨੇ ਵਿਦਿਆਰਥੀਆਂ ਨੂੰ ਧਰਮਵੀਰ ਭਾਰਤੀ ਦੇ ਯੋਗਦਾਨ ਬਾਰੇ ਜਾਣਕਾਰੀ ਦਿੰਦੇ ਹੋਏ ਉਨ੍ਹਾਂ ਦੇ ਨਾਟਕ, ਅੰਧਾ ਯੁੱਗ ਦੀ ਸਾਰਥਕਤਾ ਬਾਰੇ ਦੱਸਿਆ। ਕਾਲਜ ਦੇ ਪ੍ਰਿੰਸੀਪਲ ਡਾ. ਆਤਮ ਸਿੰਘ ਰੰਧਾਵਾ ਨੇ ਮਹਿਮਾਨ ਬੁਲਾਰਿਆਂ ਦਾ ਸਵਾਗਤ ਕਰਦੇ ਹੋਏ, ਹਿੰਦੀ ਵਿਭਾਗ ਨੂੰ ਹਿੰਦੀ ਸਪਤਾਹ ਉਤਸਵ ਦੌਰਾਨ ਵਿਚਾਰ-ਵਟਾਂਦਰੇ ਲਈ ਯੁੱਧ ਦੇ ਵਿਸ਼ੇ ਦੀ ਚੋਣ ਕਰਨ ਤੇ ਇਸ ਵਿਸ਼ੇ 'ਤੇ ਮੁਕਾਬਲਾ ਕਰਵਾਉਣ ਲਈ ਵਧਾਈ ਦਿੱਤੀ। ਡਾ. ਪੂਨਮ ਮਹਾਜਨ ਤੇ ਥੀਏਟਰ ਕਲਾਕਾਰ ਗੁਰਤੇਜ ਮਾਨ ਨੇ ਕਲਾਕਾਰਾਂ ਵਿੱਚੋਂ ਸਭ ਤੋਂ ਵਧੀਆ ਕਲਾਕਾਰਾਂ ਦਾ ਐਲਾਨ ਕੀਤਾ ਤੇ ਵਿਭਾਗ ਨੂੰ ਵਧਾਈ ਦਿੰਦੇ ਹੋਏ ਇਸ ਕਲਾਸੀਕਲ ਨਾਟਕ ਦੇ ਨਾਟਕੀ ਪਹਿਲੂਆਂ ਬਾਰੇ ਦੱਸਿਆ। ਹਿੰਦੀ ਵਿਭਾਗ ਦੀ ਮੁਖੀ ਡਾ. ਸੁਰਜੀਤ ਕੌਰ ਨੇ ਹਿੰਦੀ ਸਪਤਾਹ ਉਤਸਵ ਦੀ ਰਿਪੋਰਟ ਪੇਸ਼ ਕੀਤੀ ਜਿਸ ਵਿੱਚ ਵਿਦਿਆਰਥੀਆਂ ਨੇ ਲੇਖ ਲਿਖਣ ਦੇ ਨਾਲ-ਨਾਲ ਵੱਖ-ਵੱਖ ਮੁਕਾਬਲਿਆਂ ਵਿੱਚ ਹਿੱਸਾ ਲਿਆ। ਇਸ ਮੌਕੇ ਰਜਿਸਟਰਾਰ ਡਾ. ਦਵਿੰਦਰ ਸਿੰਘ, ਡਾ. ਦਲਜੀਤ ਸਿੰਘ, ਡਾ. ਸਵਰਾਜ ਕੌਰ, ਡੀਨ ਵਿਦਿਆਰਥੀ ਭਲਾਈ, ਲੜਕੇ ਤੇ ਲੜਕੀਆਂ, ਪ੍ਰੋਫੈਸਰ ਸੁਪਨਿੰਦਰ ਕੌਰ, ਡੀਨ ਭਾਸ਼ਾਵਾਂ ਤੇ ਹੋਰ ਫੈਕਲਟੀ ਮੈਂਬਰ ਵੀ ਮੌਜੂਦ ਸਨ।

## ਏਆਈ ਰਾਹੀਂ ਧਾਰਮਿਕ ਭਾਵਨਾਵਾਂ ਨੂੰ ਸੱਟ ਮਾਰਨ ਵਾਲੀ ਸਮੱਗਰੀ ਨੂੰ ਰੋਕਣ ਲਈ ਸਰਕਾਰਾਂ ਠੋਸ ਕਾਰਵਾਈ ਕਰਨ : ਜਥੇ. ਗੜਗੱਜ

ਅੰਮ੍ਰਿਤਸਰ, 24 ਸਤੰਬਰ (ਬਬਲੂ ਮਹਾਜਨ): ਏਆਈ (ਆਰਟੀਫੀਸ਼ੀਅਲ ਇੰਟੈਲੀਜੈਂਸ) ਤਕਨੀਕ ਰਾਹੀਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀਆਂ ਲਗਾਤਾਰ ਬਣਾਈਆਂ ਜਾ ਰਹੀਆਂ ਇਤਰਾਜ਼ਯੋਗ ਵੀਡੀਓ ਦਾ ਸਖ਼ਤ ਨੋਟਿਸ ਲੈਂਦਿਆਂ, ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਪੰਜਾਬ ਸਰਕਾਰ ਤੇ ਭਾਰਤ ਸਰਕਾਰ ਨੂੰ ਇਸ ਵਰਤਾਰੇ ਨੂੰ ਰੋਕਣ ਲਈ ਠੋਸ ਕਾਰਵਾਈ ਕਰਨ ਲਈ ਆਖਿਆ ਹੈ। ਉਨ੍ਹਾਂ ਕਿਹਾ ਕਿ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸਿੱਖਾਂ ਦਾ ਕੇਂਦਰੀ ਧਾਰਮਿਕ ਅਸਥਾਨ ਹੈ, ਜਿਸ ਦੇ ਚਾਰ ਦਰਵਾਜ਼ੇ ਸਮੁੱਚੀ ਮਾਨਵਤਾ ਨੂੰ ਸਰਬ-ਸਾਂਝੀਵਾਲਤਾ, ਭਾਈਚਾਰਕ ਸਾਂਝ ਤੇ ਪ੍ਰੇਮ ਦਾ ਉਪਦੇਸ਼ ਤੇ ਸਿਧਾਂਤ ਦਿੰਦੇ ਹਨ। ਉਨ੍ਹਾਂ ਕਿਹਾ ਕਿ ਮੌਜੂਦਾ ਤਕਨੀਕੀ ਯੁੱਗ ਅੰਦਰ ਖ਼ਾਸਕਰ ਏਆਈ ਦੀ ਦੁਰਵਰਤੋਂ ਕਰਦਿਆਂ ਸ਼ਰਾਰਤੀ ਅਨਸਰਾਂ ਵੱਲੋਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰਲੇ ਪ੍ਰਬੰਧ ਬਾਰੇ ਨਕਲੀ ਤੇ ਇਤਰਾਜ਼ਯੋਗ ਵੀਡੀਓ ਬਣਾ ਕੇ ਲਗਾਤਾਰ ਸਿੱਖ ਭਾਵਨਾਵਾਂ ਨੂੰ ਗਹਿਰੀ ਠੇਸ ਮਾਰੀ ਜਾ ਰਹੀ ਹੈ।

ਉਨ੍ਹਾਂ ਕਿਹਾ ਕਿ ਇਸ ਵਰਤਾਰੇ ਵਿੱਚ ਗਹਿਰੀ ਚਿੰਤਾ ਦਾ ਵਿਸ਼ਾ ਇਹ ਹੈ ਕਿ ਭਾਵੇਂ ਪਹਿਲਾਂ ਜਾਂ ਹੁਣ, ਜਿਨ੍ਹਾਂ ਸ਼ਰਾਰਤੀ ਅਨਸਰਾਂ ਨੇ ਸ੍ਰੀ ਹਰਿਮੰਦਰ ਸਾਹਿਬ ਦੀਆਂ ਅਤਿ ਇਤਰਾਜ਼ਯੋਗ ਵੀਡੀਓ ਬਣਾਈਆਂ ਹਨ ਉਨ੍ਹਾਂ ਨੂੰ ਸ਼ਿਕਾਇਤਾਂ ਦੇ ਬਾਵਜੂਦ ਹੁਣ ਤੱਕ ਸਰਕਾਰਾਂ ਨੇ ਨਸ਼ਰ ਨਹੀਂ ਕੀਤਾ। ਉਨ੍ਹਾਂ ਕਿਹਾ ਕਿ ਭਾਵੇਂ ਪੰਜਾਬ ਦੀ ਸੂਬਾ ਸਰਕਾਰ ਹੋਵੇ ਜਾਂ ਭਾਰਤ ਦੀ ਕੇਂਦਰ ਸਰਕਾਰ, ਦੋਵੇਂ ਸਰਕਾਰਾਂ ਸ਼ਰਾਰਤੀ ਅਨਸਰਾਂ ਦਾ ਪਤਾ ਲਗਾ ਕੇ ਉਨ੍ਹਾਂ ਨੂੰ ਨਸ਼ਰ ਨਹੀਂ ਕਰ ਸਕੀਆਂ, ਜਿਸ ਨਾਲ ਸਰਕਾਰਾਂ ਦੀ ਮਨਸ਼ਾ ਉੱਪਰ ਸਿੱਧਾ ਸਵਾਲ ਖੜ੍ਹਾ ਹੁੰਦਾ ਹੈ। ਉਨ੍ਹਾਂ ਕਿਹਾ ਕਿ ਜੇਕਰ ਅਜਿਹੀ ਇਤਰਾਜ਼ਯੋਗ ਸਮੱਗਰੀ ਕਿਸੇ ਹੋਰ ਬਾਰੇ ਜਾਂ ਸਰਕਾਰ ਦੇ ਕਿਸੇ ਮੰਤਰੀ ਬਾਰੇ ਪਾਈ ਗਈ ਹੋਵੇ ਤਾਂ ਸਰਕਾਰਾਂ ਕੁਝ ਘੰਟਿਆਂ ਵਿੱਚ ਹੀ ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰਨ ਦਾ ਦਾਅਵਾ ਕਰਦੀਆਂ ਹਨ। ਲੇਕਿਨ ਜਦੋਂ ਸਿੱਖਾਂ ਨਾਲ ਸਬੰਧਤ ਅਜਿਹੇ ਇਤਰਾਜ਼ਯੋਗ ਮਾਮਲੇ ਆਉਂਦੇ ਹਨ ਤਾਂ ਇਸ ਵਿੱਚ ਜਾਂਚ ਏਜੰਸੀਆਂ ਦੀ ਉਦਾਸੀਨਤਾ ਨਜ਼ਰ ਆਉਂਦੀ ਹੈ ਜੋ ਕਿ ਮੰਦਭਾਗੀ ਕਾਰਵਾਈ ਹੈ ਤੇ ਇਹ ਸਿੱਖਾਂ ਨੂੰ ਇੰਝ ਅਹਿਸਾਸ ਕਰਵਾਉਣ ਵਾਲੀ ਗੱਲ ਕਿ ਉਨ੍ਹਾਂ ਦੇ ਮਾਮਲੇ ਜਾਣਬੁੱਝ ਕੇ ਦਬਾਏ ਜਾ ਰਹੇ ਹਨ। ਇਸ ਤਰ੍ਹਾਂ ਸ਼ਰਾਰਤੀ ਅਨਸਰ ਇਤਰਾਜ਼ਯੋਗ ਸਮੱਗਰੀ ਤੇ ਵੀਡੀਓ ਹੋਰ ਜ਼ਿਆਦਾ ਫੈਲਾਉਣ ਲਈ ਉਤਸ਼ਾਹਿਤ ਹੁੰਦੇ ਹਨ। ਉਨ੍ਹਾਂ ਇਹ ਵੀ ਆਖਿਆ ਕਿ ਬੀਤੇ ਸਮੇਂ ਜਿਨ੍ਹਾਂ ਸ਼ਰਾਰਤੀ ਲੋਕਾਂ ਨੇ ਸ੍ਰੀ ਹਰਿਮੰਦਰ ਸਾਹਿਬ ਬਾਰੇ ਧਮਕੀ ਭਰੀਆਂ ਈ-ਮੇਲਾਂ ਕੀਤੀਆਂ ਸਨ, ਉਨ੍ਹਾਂ ਬਾਰੇ ਵੀ ਅੱਜ ਤੱਕ ਕੋਈ ਜਾਣਕਾਰੀ ਸਰਕਾਰ ਦੀ ਤਰਫ਼ੋਂ ਸਾਹਮਣੇ ਨਹੀਂ ਲਿਆਂਦੀ ਗਈ।

ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਭਾਰਤ ਅੰਦਰ ਕੇਂਦਰ ਸਰਕਾਰ ਸਮੂਹ ਕਾਰਜਸ਼ੀਲ ਏਆਈ ਕੰਪਨੀਆਂ ਨੂੰ ਵਿਸ਼ੇਸ਼ ਆਦੇਸ਼ ਜਾਰੀ ਕਰੇ ਕਿ ਇਹ ਕੰਪਨੀਆਂ ਦੇਸ਼ ਅੰਦਰ ਸਾਰੇ ਧਰਮਾਂ ਦੇ ਸਰੋਕਾਰਾਂ ਦਾ ਵਿਸ਼ੇਸ਼ ਧਿਆਨ ਰੱਖਣ। ਉਨ੍ਹਾਂ ਕਿਹਾ ਕਿ ਬੀਤੇ ਸਮੇਂ ਏਆਈ ਐਪਲੀਕੇਸ਼ਨਾਂ ਰਾਹੀਂ ਗੁਰਬਾਣੀ, ਸਿੱਖ ਇਤਿਹਾਸ, ਗੁਰਮਤਿ ਸਿਧਾਂਤ ਤੇ ਫਲਸਫ਼ੇ ਬਾਰੇ ਵੀ ਗਲਤ ਜਾਣਕਾਰੀ ਲੋਕਾਂ ਨੂੰ ਮੁਹੱਈਆ ਕਰਵਾਉਣ ਦੇ ਮਾਮਲੇ ਸਾਹਮਣੇ ਆਏ ਹਨ।

ਜਥੇਦਾਰ ਗੜਗੱਜ ਨੇ ਆਮ ਲੋਕਾਂ ਤੇ ਸਮੂਹ ਸਿੱਖ ਸੰਗਤ ਨੂੰ ਵਿਸ਼ੇਸ਼ ਅਪੀਲ ਕੀਤੀ ਕਿ ਜਦੋਂ ਕੋਈ ਸ਼ਰਾਰਤੀ ਅਨਸਰ ਇਤਰਾਜ਼ਯੋਗ ਵੀਡੀਓ ਅਪਲੋਡ ਕਰਦਾ ਹੈ ਤਾਂ ਉਸ ਦੇ ਸਕ੍ਰੀਨਸ਼ਾਟ ਜਾਂ ਵੀਡੀਓ ਨੂੰ ਅਗਾਂਹ ਸਾਂਝਾ ਨਾ ਕੀਤਾ ਜਾਵੇ ਤੇ ਨਾ ਹੀ ਆਪਣੇ ਨਿੱਜੀ ਸੋਸ਼ਲ ਮੀਡੀਆ ਖਾਤਿਆਂ ਉੱਤੇ ਇਤਰਾਜ਼ ਪ੍ਰਗਟਾਉਣ ਲਈ ਉਸ ਸਮੱਗਰੀ ਨੂੰ ਪਾਇਆ ਜਾਵੇ। ਬਲਕਿ ਸੂਝ-ਬੂਝ ਦਿਖਾਉਂਦਿਆਂ ਜਿੱਥੇ ਕਿਤੇ ਵੀ ਅਜਿਹੀ ਇਤਰਾਜ਼ਯੋਗ ਸਮੱਗਰੀ ਪਈ ਹੋਵੇ, ਸਬੰਧਤ ਸੋਸ਼ਲ ਮੀਡੀਆ ਪਲੇਟਫਾਰਮ ਉੱਤੇ ਹੀ ਇਸ ਦੀ ਰਿਪੋਰਟ ਕੀਤੀ ਜਾਵੇ, ਜਿਸ ਨਾਲ ਇਹ ਸਮੱਗਰੀ ਅਗਾਂਹ ਨਹੀਂ ਫੈਲੇਗੀ।

ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਇਸ ਮਾਮਲੇ ਉੱਤੇ ਉਨ੍ਹਾਂ ਨੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨਾਲ ਵਿਸ਼ੇਸ਼ ਗੱਲਬਾਤ ਕੀਤੀ ਹੈ ਕਿ ਜਲਦ ਹੀ ਸਿੱਖ ਸੰਸਥਾ ਵੱਲੋਂ ਏਆਈ ਤਕਨੀਕ ਦੇ ਮਾਹਰਾਂ ਨਾਲ ਵਿਸ਼ੇਸ਼ ਇਕੱਤਰਤਾ ਕੀਤੀ ਜਾਵੇ ਅਤੇ ਪੁੱਜੀ ਰਾਏ ਅਨੁਸਾਰ ਇਸ ਨਵੇਂ ਵਰਤਾਰੇ ਨੂੰ ਠੱਲ੍ਹਣ ਦਾ ਕੰਮ ਨੀਤੀਗਤ ਢੰਗ ਨਾਲ ਕੀਤਾ ਜਾਵੇ। ਉਨ੍ਹਾਂ ਸਮੂਹ ਸਿੱਖ ਏਆਈ ਮਾਹਰਾਂ ਤੇ ਇਸ ਖੇਤਰ ਵਿੱਚ ਕੰਮ ਕਰ ਰਹੇ ਸਿੱਖਾਂ ਨੂੰ ਅਪੀਲ ਕੀਤੀ ਕਿ ਇਸ ਵਰਤਾਰੇ ਨੂੰ ਠੱਲ੍ਹਣ ਲਈ ਉਹ ਆਪਣੇ ਕੀਮਤੀ ਸੁਝਾਅ ਸ੍ਰੀ ਅਕਾਲ ਤਖ਼ਤ ਸਾਹਿਬ ਜਾਂ ਸ਼੍ਰੋਮਣੀ ਕਮੇਟੀ ਪਾਸ ਅਧਿਕਾਰਤ ਈ-ਮੇਲ info@sri-akaltakhatsahibji.net ਜਾਂ info@sgpc.net ਉੱਤੇ ਜ਼ਰੂਰ ਭੇਜਣ।

## 717 ਨਸ਼ੀਲੇ ਕੈਪਸੂਲ, 12 ਗ੍ਰਾਮ 2 ਮਿਲੀਗ੍ਰਾਮ ਹੈਰੋਇਨ ਤੇ ਡਰੱਗ ਮਨੀ ਸਮੇਤ 4 ਦੋਸ਼ੀ ਕਾਬੂ



ਕਾਹਨੂੰਵਾਨ 24 ਸਤੰਬਰ (ਕੁਲਜੀਤ ਸਿੰਘ ਖੋਖਰ): ਮੁੱਖ ਮੰਤਰੀ, ਪੰਜਾਬ ਵੱਲੋਂ ਐਲਾਨੇ "ਯੁੱਧ ਨਸ਼ੇ ਦੇ ਵਿਰੁੱਧ ਮੁਹਿੰਮ ਤਹਿਤ ਮਾਨਯੋਗ ਡਾਇਰੈਕਟਰ ਜਨਰਲ ਪੁਲਿਸ, ਪੰਜਾਬ ਅਤੇ ਮਾਨਯੋਗ ਡਿਪਟੀ ਇੰਸਪੈਕਟਰ ਜਨਰਲ ਪੁਲਿਸ, ਬਾਰਡਰ ਰੇਂਜ, ਅੰਮ੍ਰਿਤਸਰ ਜੀ ਵੱਲੋਂ ਦਿੱਤੇ ਗਏ ਦਿਸ਼ਾ-ਨਿਰਦੇਸ਼ਾ ਅਨੁਸਾਰ ਥਾਣਾ ਭੈਣੀ ਮੀਆਂ ਖਾਂ ਵਿਖੇ ਕਿੰਦਰ ਸਿੰਘ ਅਤੇ 01 ਔਰਤ ਨੂੰ ਮੋਟਰਸਾਈਕਲ ਸਮੇਤ ਗ੍ਰਿਫਤਾਰ ਕਰਕੇ ਉਹਨਾਂ ਪਾਸੋ 717 ਨਸ਼ੀਲੇ ਕੈਪਸੂਲ ਬ੍ਰਾਮਦ ਕੀਤੇ ਗਏ, ਜਿਸ ਤੇ ਦੋਸ਼ੀਆਂ ਦੇ ਖਿਲਾਫ ਮੁਕੱਦਮਾ ਬਾ-ਜੁਰਮ 22-61-85 NDPS Act ਥਾਣਾ ਭੈਣੀ ਮੀਆਂ ਖਾਂ ਵਿਖੇ ਦਰਜ ਰਜਿਸਟਰ ਕੀਤਾ ਗਿਆ। ਥਾਣਾ ਸਦਰ ਗੁਰਦਾਸਪੁਰ ਵਿਖੇ ਜੋਗਿੰਦਰ ਸਿੰਘ ਨੂੰ ਕਾਬੂ ਕਰਕੇ ਉਸ ਪਾਸੋ 06 ਗ੍ਰਾਮ ਹੈਰੋਇੰਨ ਬ੍ਰਾਮਦ ਕੀਤੀ ਗਈ, ਜਿਸ ਤੇ ਦੋਸ਼ੀ ਦੇ ਖਿਲਾਫ ਮੁਕੱਦਮਾ ਬਾ-ਜੁਰਮ 21(ਬੀ)-61-85 NDPS Act ਥਾਣਾ ਸਦਰ ਗੁਰਦਾਸਪੁਰ ਵਿਖੇ ਦਰਜ ਰਜਿਸਟਰ ਕੀਤਾ ਗਿਆ। ਥਾਣਾ ਦੀਨਾਨਗਰ ਵਿਖੇ ਵਿਕਰਮ ਕਲੋਈਆ ਨੂੰ ਕਾਬੂ ਕਰਕੇ ਉਸ ਪਾਸੋ 06 ਗ੍ਰਾਮ 02 ਮਿਲੀਗ੍ਰਾਮ ਹੈਰੋਇੰਨ ਅਤੇ 1000/- ਰੁਪਏ ਡਰੱਗ ਮਨੀ ਬ੍ਰਾਮਦ ਕੀਤੀ ਗਈ, ਜਿਸ ਤੇ ਦੋਸ਼ੀ ਦੇ ਖਿਲਾਫ ਮੁਕੱਦਮਾ ਬਾ-ਜੁਰਮ 21(ਬੀ)/27(ਏ)-61-85 NDPS Act ਥਾਣਾ ਦੀਨਾਨਗਰ ਵਿਖੇ ਦਰਜ ਰਜਿਸਟਰ ਕੀਤਾ ਗਿਆ ਸ੍ਰੀ ਆਦਿੱਤਯ, ਆਈ.ਪੀ.ਐਸ, ਸੀਨੀਅਰ ਕਪਤਾਨ ਪੁਲਿਸ, ਗੁਰਦਾਸਪੁਰ ਨੇ ਵਸਨੀਕਾ ਨੂੰ ਅਪੀਲ ਕੀਤੀ ਕਿ ਗੈਰ-ਕਾਨੂੰਨੀ/ਨਸ਼ਿਆ ਦਾ ਕਾਰੋਬਾਰ ਕਰਨ ਵਾਲੇ ਵਿਅਕਤੀਆਂ ਦੀ ਇਤਲਾਹ ਪੁਲਿਸ ਨੂੰ ਦਿੱਤੀ ਜਾਵੇ, ਗੈਰ-ਕਾਨੂੰਨੀ/ਨਸ਼ਿਆ ਦਾ ਕਾਰੋਬਾਰ ਵਿੱਚ ਸ਼ਾਮਿਲ ਵਿਅਕਤੀਆਂ ਦੇ ਖਿਲਾਫ ਠੋਸ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਨਸ਼ਿਆ ਦੇ ਕਾਰੋਬਾਰ ਨੂੰ ਜੜ੍ਹ ਤੋਂ ਖਤਮ ਕਰਨ ਅਤੇ ਮਾੜੇ ਅਨਸਰਾਂ ਨੂੰ ਕਾਬੂ ਕਰਨ ਲਈ ਜਿਲ੍ਹਾ ਗੁਰਦਾਸਪੁਰ ਦੀ ਪੁਲਿਸ ਪੂਰੀ ਤਰ੍ਹਾਂ ਵਚਨਬੱਧ ਹੈ।

## ਸਰਕਾਰੀ ਕਾਲਜ ਦੇ ਸਟੇਡੀਅਮ 'ਚ ਅਗਨੀਵੀਰ ਭਰਤੀ ਰੈਲੀ 12 ਤੋਂ 22 ਨਵੰਬਰ ਤੱਕ : ਕਰਨਲ ਚੇਤਨ ਪਾਂਡੇ



ਗੁਰਦਾਸਪੁਰ, 24 ਸਤੰਬਰ (ਜਗੀਰ ਸਿੰਘ ਮੰਡ/ਐਮ.ਨਾਹਰ): ਭਾਰਤੀ ਫ਼ੌਜ ਦੇ ਭਰਤੀ ਬੋਰਡ ਵੱਲੋਂ ਜ਼ਿਲ੍ਹਾ ਪ੍ਰਸ਼ਾਸਨ ਗੁਰਦਾਸਪੁਰ ਦੇ ਸਹਿਯੋਗ ਨਾਲ ਸਰਕਾਰੀ ਕਾਲਜ ਗੁਰਦਾਸਪੁਰ ਦੇ ਸ਼ਹੀਦ ਲੈਫ਼ਟੀਨੈਂਟ ਨਵਦੀਪ ਸਿੰਘ ਸਟੇਡੀਅਮ ਵਿਖੇ ਮਿਤੀ 12 ਨਵੰਬਰ ਤੋਂ 22 ਨਵੰਬਰ 2025 ਤੱਕ ਅਗਨੀਵੀਰ ਭਰਤੀ ਰੈਲੀ ਕਰਵਾਈ ਜਾ ਰਹੀ ਹੈ। ਇਸ ਭਰਤੀ ਰੈਲੀ ਵਿੱਚ ਅਗਨੀਵੀਰ ਜਨਰਲ ਡਿਊਟੀ, ਅਗਨੀਵੀਰ ਟੈਕਨੀਕਲ, ਅਗਨੀਵੀਰ ਕਲਰਕ/ਸਟੋਰ ਕੀਪਰ ਅਤੇ ਅਗਨੀਵੀਰ ਟਰੇਡਸਮੈਨ (10ਵੀਂ ਅਤੇ 8ਵੀ) ਭਰਤੀ ਕੀਤੇ ਜਾਣਗੇ।

ਇਸ ਭਰਤੀ ਰੈਲੀ ਨੂੰ ਸਫ਼ਲ ਬਣਾਉਣ ਲਈ ਵਧੀਕ ਡਿਪਟੀ ਕਮਿਸ਼ਨਰ (ਜਨਰਲ) ਡਾ. ਹਰਜਿੰਦਰ ਸਿੰਘ ਬੇਦੀ ਦੀ ਅਗਵਾਈ ਹੇਠ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਇੱਕ ਅਹਿਮ ਮੀਟਿੰਗ ਕੀਤੀ ਗਈ। ਮੀਟਿੰਗ ਦੌਰਾਨ ਕਰਨਲ ਚੇਤਨ ਪਾਂਡੇ, ਡਾਇਰੈਕਟਰ ਭਰਤੀ ਬੋਰਡ ਅੰਮ੍ਰਿਤਸਰ, ਸਹਾਇਕ ਕਮਿਸ਼ਨਰ ਜਨਰਲ ਆਦਿੱਤਯ ਗੁਪਤਾ, ਐੱਸ.ਡੀ.ਐੱਮ. ਗੁਰਦਾਸਪੁਰ ਮਨਜੀਤ ਸਿੰਘ ਰਾਜਲਾ, ਸਹਾਇਕ ਕਮਿਸ਼ਨਰ ਰੁਪਿੰਦਰਪਾਲ ਸਿੰਘ, ਆਰ.ਟੀ.ਓ. ਨਵਜੋਤ ਸ਼ਰਮਾ ਤੋਂ ਇਲਾਵਾ ਹੋਰ ਅਧਿਕਾਰੀ ਵੀ ਹਾਜ਼ਰ ਸਨ।

ਮੀਟਿੰਗ ਦੌਰਾਨ ਕਰਨਲ ਚੇਤਨ ਪਾਂਡੇ, ਡਾਇਰੈਕਟਰ ਭਰਤੀ ਬੋਰਡ ਅੰਮ੍ਰਿਤਸਰ ਨੇ ਦੱਸਿਆ ਹੈ ਕਿ ਇਸ ਗੁਰਦਾਸਪੁਰ ਦੀ ਭਰਤੀ ਰੈਲੀ ਵਿੱਚ ਜ਼ਿਲ੍ਹਾ ਗੁਰਦਾਸਪੁਰ, ਅੰਮ੍ਰਿਤਸਰ ਅਤੇ ਪਠਾਨਕੋਟ ਦੇ ਉਮੀਦਵਾਰ ਜੋ ਕਿ ਭਰਤੀ ਪ੍ਰੀਕ੍ਰਿਆ ਦੇ ਪਹਿਲੇ ਪੜਾਅ ਵਿੱਚ ਸਫਲ ਹੋਏ ਹਨ, ਉਨ੍ਹਾਂ ਦਾ ਫਿਜ਼ੀਕਲ ਫਿਟਨੈੱਸ, ਮੈਡੀਕਲ ਫਿਟਨੈੱਸ ਦੇ ਨਾਲ-ਨਾਲ ਡਾਕੂਮੈਂਟੇਸ਼ਨ ਦੀ ਸਕਰੀਨਿੰਗ ਵੀ ਕੀਤੀ ਜਾਵੇਗੀ।

ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਜਨਰਲ) ਡਾ. ਹਰਜਿੰਦਰ ਸਿੰਘ ਬੇਦੀ ਨੇ ਜ਼ਿਲ੍ਹਾ ਪ੍ਰਸ਼ਾਸਨ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਉਹ ਇਸ ਭਰਤੀ ਰੈਲੀ ਨੂੰ ਸਫ਼ਲ ਬਣਾਉਣ ਲਈ ਆਪਣੇ ਜ਼ਿੰਮੇ ਆਏ ਕੰਮਾਂ ਨੂੰ ਸਮਾਂ ਰਹਿੰਦੇ ਮੁਕੰਮਲ ਕਰ ਲੈਣ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਇਸ ਭਰਤੀ ਰੈਲੀ ਵਿੱਚ ਭਾਰਤੀ ਫ਼ੌਜ ਨੂੰ ਪੂਰਾ ਸਹਿਯੋਗ ਦਿੱਤਾ ਜਾਵੇਗਾ ਤਾਂ ਜੋ ਇਸ ਭਰਤੀ ਰੈਲੀ ਵਿੱਚ ਵੱਧ ਤੋਂ ਵੱਧ ਨੌਜਵਾਨ ਪਹੁੰਚ ਕੇ ਭਰਤੀ ਹੋਣ ਅਤੇ ਆਪਣੇ ਦੇਸ਼ ਦੀ ਸੇਵਾ ਕਰਨ।

## ਟੀ.ਐਸ.ਯੂ. ਨੇ ਰੈਲੀ ਕੱਢ ਕੇ ਹੁਸ਼ਿਆਰਪੁਰ ਕਤਲ ਕਾਂਡ ਦੇ ਦੋਸ਼ੀ ਨੂੰ ਸਖ਼ਤ ਸਜ਼ਾ ਦੇਣ ਦੀ ਕੀਤੀ ਮੰਗ



ਅਜਨਾਲਾ/ਮਜੀਠਾ, 24 ਸਤੰਬਰ (ਸੁਖਦੇਵ ਸਿੰਘ ਖਾਲਸਾ): ਟੀ.ਐਸ.ਯੂ. ਵੱਲੋਂ ਰੈਲੀ ਕਰਕੇ ਹੁਸ਼ਿਆਰਪੁਰ ਕਤਲ ਕਾਂਡ ਦੇ ਦੋਸ਼ੀ ਨੂੰ ਸਖ਼ਤ ਸਜ਼ਾ ਦੇਣ ਦੀ ਮੰਗ ਕੀਤੀ ਤੇ ਸਮੂਹ ਕਿਰਤੀ ਲੋਕਾਂ ਦੇ ਏਕੇ ਨੂੰ ਬੁਲੰਦ ਰੱਖਣ ਦੀ ਅਪੀਲ ਟੈਕਨੀਕਲ ਸਰਵਿਸਜ਼ ਯੂਨੀਅਨ ਤੇ ਕੋਆਰਡੀਨੇਸ਼ਨ ਕਮੇਟੀ ਆਫ ਪਾਵਰਕਾਮ ਐਂਡ ਟ੍ਰਾਂਸਕੋ ਆਉਟਸੋਰਸਡ ਮੁਲਾਜ਼ਮ ਪੰਜਾਬ ਦੇ ਸਾਂਝੇ ਫੈਸਲੇ ਅਨੁਸਾਰ ਟੀ.ਐਸ.ਯੂ. ਵੱਲੋਂ ਸਬ ਡਵੀਜ਼ਨ ਮਜੀਠਾ ਵਿਖੇ ਰੈਲੀ ਕੀਤੀ ਗਈ। ਵੱਖ ਵੱਖ ਆਗੂਆਂ ਨੇ ਵਿਚਾਰ ਪ੍ਰਗਟ ਕਰਦੇ ਹੋਏ ਹੁਸ਼ਿਆਰਪੁਰ ਵਿੱਚ ਇੱਕ ਪ੍ਰਵਾਸੀ ਮਜ਼ਦੂਰ ਵੱਲੋਂ ਇੱਕ ਬੱਚੇ ਨਾਲ ਕੀਤੀ ਦਰਿੰਦਗੀ ਪੂਰਨ ਕਾਰਵਾਈ ਦੀ ਸਖਤ ਨਿੰਦਾ ਕੀਤੀ ਤੇ ਦੋਸ਼ੀ ਨੂੰ ਸਖ਼ਤ ਸਜ਼ਾ ਦੇਣ ਦੀ ਮੰਗ ਕਰਦਿਆਂ ਪੀੜਤ ਪਰਿਵਾਰ ਨਾਲ ਡੂੰਘੀ ਹਮਦਰਦੀ ਦਾ ਪ੍ਰਗਟਾਵਾ ਕੀਤਾ। ਆਗੂਆਂ ਨੇ ਕਿਹਾ ਕਿ ਬਿਨਾਂ ਸ਼ੱਕ ਉਸ ਵਿਅਕਤੀ ਵੱਲੋਂ ਕੀਤਾ ਗੁਨਾਹ ਨਾ ਬਖਸ਼ਣਯੋਗ ਹੈ ਪਰ ਇੱਕ ਵਿਅਕਤੀ ਦੇ ਅਜਿਹੇ ਗੁਨਾਹ ਨੂੰ ਉਸਦੇ ਸਮੁੱਚੇ ਭਾਈਚਾਰੇ ਨਾਲ ਜੋੜ ਕੇ ਸਮੁੱਚੇ ਭਾਈਚਾਰੇ ਨੂੰ ਲੋਕਾਂ ਦੀ ਨਫਰਤ ਦਾ ਨਿਸ਼ਾਨਾ ਬਣਾਉਣ ਵਾਲਾ ਭੜਕਾਊ ਪ੍ਰਚਾਰ ਚਲਾਉਣਾ ਕਿਸੇ ਤਰ੍ਹਾਂ ਵੀ ਵਾਜਬ ਨਹੀਂ ਹੈ। ਹਰ ਸਮਾਜ ਵਿੱਚ ਹੀ ਅਜਿਹੇ ਗੁਨਾਹਾਂ ਨੂੰ ਅੰਜਾਮ ਦੇਣ ਵਾਲੇ ਲੋਕ ਮੌਜੂਦ ਹਨ। ਅਜਿਹਾ ਭੜਕਾਊ ਪ੍ਰਚਾਰ ਚਲਾਉਣ ਤੇ ਵੱਖ-ਵੱਖ ਥਾਵਾਂ 'ਤੇ ਪ੍ਰਵਾਸੀ ਮਜ਼ਦੂਰਾਂ ਨੂੰ ਨਿਸ਼ਾਨਾ ਬਣਾਉਣ ਵਾਲੀਆਂ ਤਾਕਤਾਂ ਦੇ ਮਨਸੂਬੇ ਪਛਾਣੇ ਜਾਣੇ ਚਾਹੀਦੇ ਹਨ। ਸਮਾਜ ਵਿੱਚ ਔਰਤਾਂ, ਲੜਕੀਆਂ ਅਤੇ ਬੱਚਿਆਂ ਨਾਲ ਵਾਪਰ ਰਹੀਆਂ ਅਜਿਹੀਆਂ ਦੁਖਦਾਈ ਘਟਨਾਵਾਂ ਬਹੁਤ ਹੀ ਚਿੰਤਾਜਨਕ ਹਨ। ਪੰਜਾਬ ਅੰਦਰ ਵਧ ਰਹੀ ਬੇਰੁਜ਼ਗਾਰੀ, ਨਸ਼ਾ, ਪ੍ਰਵਾਸੀ ਮਜ਼ਦੂਰ ਪੰਜਾਬ ਦੀ ਖੇਤੀ ਅਤੇ ਹੋਰ ਵੱਖ-ਵੱਖ ਤਰ੍ਹਾਂ ਦੇ ਕਿੱਤਿਆਂ ਵਿੱਚ ਅਹਿਮ ਕਾਮਾ ਸ਼ਕਤੀ ਬਣੇ ਹੋਏ ਹਨ। ਉਹਨਾਂ ਆਖਿਆ ਕਿ ਹੜ੍ਹਾਂ ਵਿੱਚ ਪੰਜਾਬ ਅਤੇ ਕੇਂਦਰ ਸਰਕਾਰ ਦੇ ਫੇਲ੍ਹ ਹੋਣ ਤੋਂ ਬਾਅਦ ਪੰਜਾਬ ਸਮੇਤ ਵੱਖ-ਵੱਖ ਸੂਬਿਆਂ ਦੇ ਲੋਕਾਂ ਵੱਲੋਂ ਹੜ੍ਹ ਪ੍ਰਭਾਵਿਤ ਲੋਕਾਂ ਦੀ ਭਰਾਤਰੀ ਭਾਵ ਨਾਲ ਧਰਮਾਂ, ਜਾਤਾਂ ਆਦਿ ਵੰਡੀਆਂ ਤੋਂ ਉੱਪਰ ਉੱਠ ਕੇ ਕੀਤੀ ਗਈ ਮੱਦਦ ਦੀ ਬਦੌਲਤ ਹਰਿਆਣਾ, ਯੂ ਪੀ ਤੇ ਰਾਜਸਥਾਨ ਆਦਿ ਸੂਬਿਆਂ ਦੀ ਪੰਜਾਬ ਦੇ ਲੋਕਾਂ ਨਾਲ ਮਜ਼ਬੂਤ ਹੋਈ ਭਾਈਚਾਰਕ ਏਕਤਾ ਨੂੰ ਗਿਣ ਮਿੱਥ ਕੇ ਤੋੜਨ ਦੇ ਯਤਨ ਕੀਤੇ ਜਾ ਰਹੇ ਹਨ। ਆਗੂਆਂ ਨੇ ਸਮੂਹ ਮੁਲਾਜ਼ਮਾਂ, ਪੈਨਸ਼ਨਰਾਂ, ਠੇਕਾ ਕਾਮਿਆਂ ਅਤੇ ਹੋਰ ਕਿਰਤੀ ਕਮਾਊ ਲੋਕਾਂ ਨੂੰ ਸੱਦਾ ਦਿੱਤਾ ਕਿ ਉਹ ਹਕੂਮਤਾਂ ਦੇ ਹਿੱਤਾਂ ਪੂਰਦੀ ਇਸ ਭਟਕਾਊ ਤੇ ਭੜਕਾਊ ਮੁਹਿੰਮ ਅਤੇ ਇਸ ਨੂੰ ਚਲਾਉਣ ਵਾਲੀਆਂ ਫਿਰਕੂ ਤਾਕਤਾਂ ਦੇ ਮਨਸੂਬਿਆਂ ਨੂੰ ਪਛਾਣਨ ਤੇ ਪਛਾੜਣ ਲਈ ਪੂਰੇ ਜ਼ੋਰ ਨਾਲ ਅੱਗੇ ਆਉਣ ਅਤੇ ਭੜਕਾਹਟ 'ਚ ਆਏ ਆਮ ਲੋਕਾਂ ਨੂੰ ਸਮਝਾਉਣ ਅਤੇ ਸਮੂਹ ਕਿਰਤੀ ਲੋਕਾਂ ਦੇ ਏਕੇ ਨੂੰ ਬੁਲੰਦ ਕਰਨ। ਰੈਲੀ ਨੂੰ ਸੂਬਾ ਪ੍ਰਧਾਨ ਕ੍ਰਿਸ਼ਨ ਸਿੰਘ ਔਲਖ, ਸੁਖਪਾਲ ਸਿੰਘ ਮਜੀਠਾ, ਲਖਵਿੰਦਰ ਸਿੰਘ ਭੋਮਾ, ਜਗਬੀਰ ਸਿੰਘ, ਸੰਦੀਪ ਸਿੰਘ ਨਾਗ ਆਦਿ ਆਗੂਆਂ ਨੇ ਸੰਬੋਧਨ ਕੀਤਾ।

## ਜੀ.ਐਸ.ਟੀ. ਦੀਆਂ ਨਵੀਆਂ ਦਰਾਂ ਲਾਗੂ ਹੋਣ ਨਾਲ ਆਮ ਵਿਅਕਤੀ ਨੂੰ ਵੱਡੀ ਰਾਹਤ : ਅਤੁਲ ਜੈਨ



ਪੱਟੀ, 24 ਸਤੰਬਰ (ਪਵਨ ਕੁਮਾਰ): ਜਦੋਂ ਤੋਂ ਨਰਿੰਦਰ ਮੋਦੀ ਦੇਸ਼ ਦੇ ਪ੍ਰਧਾਨ ਮੰਤਰੀ ਬਣੇ ਹਨ, ਉਦੋਂ ਤੋਂ ਹੀ ਦੇਸ਼ ਤਰੱਕੀ ਤੇ ਖੁਸ਼ਹਾਲੀ ਵੱਲ ਵਧਿਆ ਹੈ। ਜੀਐੱਸਟੀ ਦੀਆਂ ਦਰਾਂ ਘਟਾ ਕੇ ਕੇਂਦਰ ਦੀ ਮੋਦੀ ਸਰਕਾਰ ਨੇ ਆਮ ਜਨ ਜੀਵਨ ਸੁਖਾਲਾ ਕਰ ਦਿੱਤਾ ਹੈ। ਜਿਸ ਨਾਲ ਦੇਸ਼ ਦਾ ਹਰ ਇੱਕ ਨਾਗਰਿਕ ਰਾਹਤ ਮਹਿਸੂਸ ਕਰ ਰਿਹਾ ਹੈ।ਇਹ ਪ੍ਰਗਟਾਵਾ ਭਾਰਤੀ ਜਨਤਾ ਪਾਰਟੀ ਦੇ ਜਿਲ੍ਹਾ ਉਪ ਪ੍ਰਧਾਨ ਅਤੁਲ ਜੈਨ ਨੇ ਗੱਲਬਾਤ ਦੌਰਾਨ ਕੀਤਾ। ਇਸ ਮੌਕੇ ਅਤੁਲ ਜੈਨ ਨੇ ਕਿਹਾ ਕਿ ਆਮ ਨਾਗਰਿਕ ਦੇ ਨਾਲ ਨਾਲ ਕਿਸਾਨਾਂ ਨੂੰ ਜੀਐੱਸਟੀ 'ਚ ਬਹੁਤ ਵੱਡੀ ਰਾਹਤ ਦਿੰਦਿਆਂ ਟਰੈਕਟਰਾਂ ਦੇ ਟਾਇਰਾਂ ਤੇ ਪੁਰਜ਼ਿਆਂ ਤੇ ਖੇਤੀਬਾੜੀ ਮਸ਼ੀਨਰੀ 'ਤੇ ਜੀਐੱਸਟੀ ਦਰਾਂ ਘਟਾ ਕੇ ਕੇਂਦਰ ਸਰਕਾਰ ਨੇ ਕਿਸਾਨ ਹਿਤੈਸ਼ੀ ਹੋਣ ਦਾ ਬਹੁਤ ਵੱਡਾ ਸਬੂਤ ਦਿੱਤਾ ਹੈ। ਜਿਸ ਨਾਲ ਵਿਰੋਧੀ ਸਿਆਸੀ ਪਾਰਟੀਆਂ ਮੁੱਦਾਹੀਣ ਹੋ ਗਈਆਂ ਹਨ।ਆਮ ਵਰਗ ਦੇ ਲੋਕਾਂ ਨੂੰ ਵੀ ਬਹੁਤ ਵੱਡੀ ਰਾਹਤ ਦਿੰਦਿਆਂ ਹੋਇਆਂ ਘਰੇਲੂ ਸਾਮਾਨ ਤੇ ਖਾਣ-ਪੀਣ ਦੇ ਸਾਮਾਨ ਦਾ ਮੁੱਲ ਬਹੁਤ ਘੱਟ ਕਰਕੇ ਬਹੁਤ ਹੀ ਇਤਿਹਾਸਕ ਫ਼ੈਸਲਾ ਲਿਆ ਹੈ। ਪ੍ਰਧਾਨ ਮੰਤਰੀ ਵੱਲੋਂ ਪਹਿਲਾਂ ਵੀ ਕਿਸਾਨਾਂ ਤੇ ਮਜ਼ਦੂਰਾਂ ਤੋ ਇਲਾਵਾ ਹਰੇਕ ਵਰਗ ਦੇ ਲੋਕਾਂ ਲਈ ਸ਼ਲਾਘਾਯੋਗ ਕਈ ਕਦਮ ਚੁੱਕੇ ਹਨ। ਕਿਸਾਨਾਂ ਲਈ ਪੀਐੱਮ ਕਿਸਾਨ ਸਨਮਾਨ ਨਿਧੀ ਸਕੀਮ ਤੇ ਗ਼ਰੀਬ ਵਰਗ ਦੇ ਲੋਕਾਂ ਨੂੰ ਪ੍ਰਧਾਨ ਮੰਤਰੀ ਗ਼ਰੀਬ ਅੰਨ ਯੋਜਨਾ ਦਾ ਲਾਭ ਮਿਲ ਰਿਹਾ ਹੈ। ਜੈਨ ਨੇ ਕਿਹਾ ਕਿ ਜੱਦ ਦੀ ਕੇਂਦਰ ਵਿੱਚ ਮੋਦੀ ਦੀ ਅਗਵਾਈ ਵਾਲੀ ਸਰਕਾਰ ਆਈ ਹੈ ਦੇਸ਼ ਨਿਰੰਤਰ ਅੱਗੇ ਵੱਧ ਰਿਹਾ ਹੈ ਅਤੇ ਦੁਨੀਆਂ ਵਿੱਚ ਦੇਸ਼ ਦੀ ਸ਼ਾਖ ਵਧ ਰਹੀ ਹੈ।

## ਪੰਜਾਬ ਐਂਡ ਸਿੰਧ ਬੈਂਕ ਜ਼ੋਨਲ ਆਫ਼ਿਸ ਵੱਲੋਂ ਸਫ਼ਾਈ ਅਭਿਆਨ ਮੁਹਿੰਮ "ਇਕ ਦਿਨ ਇਕ ਘੰਟਾ ਇਕ ਸਾਥ" ਦੀ ਸ਼ੁਰੂਆਤ



ਅੰਮ੍ਰਿਤਸਰ, 24 ਸਤੰਬਰ (ਬਬਲੂ ਮਹਾਜਨ): ਪੰਜਾਬ ਐਂਡ ਸਿੰਧ ਬੈਂਕ ਅੰਮ੍ਰਿਤਸਰ ਦੇ ਜੋਨਲ ਮੈਨੇਜਰ ਸਰਦਾਰ ਗੁਰਮੀਤ ਸਿੰਘ ਦੀ ਅਗਵਾਈ ਹੇਠ ਕੇਂਦਰ ਸਰਕਾਰ ਵਲੋ 17 ਸਤੰਬਰ ਤੋਂ 2 ਅਕਤੂਬਰ ਤੱਕ ਚਲਾਏ ਜਾ ਰਹੇ ਸਫਾਈ ਅਭਿਆਨ ਦੌਰਾਨ ਅੰਮ੍ਰਿਤਸਰ ਜੋਨਲ ਦੀਆ 60ਦੇ ਕਰੀਬ ਬ੍ਰਾਂਚਾ ਦੇ ਮੈਨੇਜਰ ਅਤੇ ਸਟਾਫ ਵੱਲੋਂ ਸਵੇਰੇ 8 ਤੋਂ 9 ਵਜੇ ਤੱਕ ਜੋਨਲ ਆਫਿਸ ਟਾਊਨ ਹਾਲ ਵਿਖੇ ਸ਼ੁਰੂਆਤ ਕੀਤੀ ਜਾਵੇਗੀ।

ਜਰਨਲ ਮੈਨੇਜਰ ਸਰਦਾਰ ਗੁਰਮੀਤ ਸਿੰਘ ਨੇ ਇਸ ਸਬੰਧੀ ਸਟਾਫ ਨਾਲ ਮੀਟਿੰਗ ਕਰਦੇ ਹੋਏ ਦੱਸਿਆ ਕਿ ਪੂਰੇ ਦੇਸ਼ ਵਿੱਚ ਚਲਾਈ ਜਾ ਰਹੀ ਸਫਾਈ ਅਭਿਆਨ ਮੁਹਿੰਮ ਇਕ ਦਿਨ ਇਕ ਘੰਟਾ ਇਕ ਸਾਥ ਦੌਰਾਨ ਸਫਾਈ ਅਭਿਆਨ ਸ਼ੁਰੂ ਕੀਤਾ ਜਾਵੇਗਾ ਜਿਸ 'ਚ ਹੈਰੀਟੇਜ ਸਟਰੀਟ ਤੇ ਆਸਪਾਸਰੀ ਇਲਾਕੇ ਨੂੰ ਸਫਾਈ ਕੀਤੀ ਜਾਵੇਗੀ ਨਾਲ ਹੀ ਲੋਕਾਂ ਨੂੰ ਆਪਣਾ ਆਲਾ ਦੁਆਲਾ ਸਾਫ ਰੱਖਣ ਦੇ ਲਈ ਜਾਗਰਿਤ ਕੀਤਾ ਜਾਵੇਗਾ। ਇਸ ਮੌਕੇ ਚੀਫ ਮੈਨੇਜਰ ਪ੍ਰਵੀਨ ਕੁਮਾਰ ਚੀਫ ਮੈਨੇਜਰ ਚੰਦਰ ਪਾਲ ਪੁਨੀਤ ਸਿੰਘਲਾ ਮੋਹਿਤ ਅਰੋੜਾ ਅਤੇ ਹੋਰ ਸਟਾਫ ਮੈਂਬਰ ਹਾਰੇ ਸਨ।

## ਖ਼ਾਲਸਾ ਕਾਲਜ ਵਿਖੇ ਉੱਦਮਤਾ ਤੇ ਸਟਾਰਟਅੱਪ ਸਬੰਧੀ ਸੈਮੀਨਾਰ ਕਰਵਾਇਆ



ਅੰਮ੍ਰਿਤਸਰ, 24 ਸਤੰਬਰ (ਬਬਲੂ ਮਹਾਜਨ): ਖ਼ਾਲਸਾ ਕਾਲਜ ਦੇ ਵਣਜ ਅਤੇ ਵਪਾਰ ਪ੍ਰਸ਼ਾਸਨ ਵਿਭਾਗ ਵੱਲੋਂ "ਉੱਦਮਤਾ ਅਤੇ ਸਟਾਰਟਅੱਪ ਸਬੰਧੀ ਇਕ ਇੰਟਰਐਕਟਿਵ ਗੱਲਬਾਤ: ਨਵੀਨਤਾ ਤੇ ਵਿਕਾਸ ਨੂੰ ਅਗਾਂਹ ਵਧਾਉਣਾ" ਵਿਸ਼ੇ 'ਤੇ ਸੈਮੀਨਾਰ ਕਰਵਾਇਆ ਗਿਆ। ਕਾਲਜ ਪ੍ਰਿੰਸੀਪਲ ਡਾ. ਆਤਮ ਸਿੰਘ ਰੰਧਾਵਾ ਦੇ ਸਹਿਯੋਗ ਨਾਲ ਕਰਵਾਏ ਗਏ ਉਕਤ ਸੈਮੀਨਾਰ ਮੌਕੇ ਨੀਦਰਲੈਂਡ ਪੀ. ਯੂ. ਐੱਮ. ਤੋਂ ਸੀਨੀਅਰ ਮਾਹਿਰ ਮਿਕ ਵਾਲਵਿਚ ਨੇ ਮੁੱਖ ਮਹਿਮਾਨ, ਗੁਰੂ ਨਾਨਕ ਦੇਵ ਯੂਨੀਵਰਸਿਟੀ ਇਲੈਕਟ੍ਰਾਨਿਕਸ ਤਕਨਾਲੋਜੀ ਵਿਭਾਗ ਤੋਂ ਸਹਾਇਕ ਪ੍ਰੋਫੈਸਰ ਰਾਜਦੀਪ ਸਿੰਘ ਸੋਹਲ ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ। ਉਕਤ ਸਮਾਗਮ ਵਿਭਾਗ ਮੁੱਖੀ ਡਾ. ਸਵਰਾਜ ਕੌਰ, ਪ੍ਰੋਗਰਾਮ ਕੋਆਰਡੀਨੇਟਰ ਡਾ. ਦੀਪਕ ਦੇਵਗਨ ਦੀ ਨਿਗਰਾਨੀ ਹੇਠ ਆਯੋਜਿਤ ਕੀਤਾ ਗਿਆ, ਜਿਸ 'ਚ ਡਾ. ਮਨੀਸ਼ਾ ਬਹਿਲ ਤੇ ਪ੍ਰੋ. ਪੂਜਾ ਪੁਰੀ ਨੂੰ ਸਹਿ-ਕੋਆਰਡੀਨੇਟਰ ਵਜੋਂ ਨਿਯੁਕਤ ਕੀਤਾ ਗਿਆ ਸੀ।

ਇਸ ਮੌਕੇ ਪ੍ਰਿੰਸੀਪਲ ਡਾ. ਰੰਧਾਵਾ ਨੇ ਵਾਲਵਿਚ ਨੂੰ ਫੁੱਲਾਂ ਦਾ ਗੁਲਦਸਤਾ ਭੇਟ ਕਰਕੇ ਸਵਾਗਤ ਕਰਨ ਉਪਰੰਤ ਵਿਭਾਗ ਦੀ ਇਸ ਪਹਿਲਕਦਮੀ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਉਹ ਉੱਭਰ ਰਹੇ ਉੱਦਮੀਆਂ ਨੂੰ ਸਫਲਤਾ ਸਬੰਧੀ ਲੋੜੀਂਦੇ ਹੁਨਰਾਂ ਤੇ ਗਿਆਨ ਨਾਲ ਲੈਸ ਕਰਕੇ ਉਨ੍ਹਾਂ ਨੂੰ ਸਸ਼ਕਤ ਬਣਾਵੇ। ਇਸ ਮੌਕੇ ਡਾ. ਸਵਰਾਜ ਕੌਰ ਨੇ ਵਾਲਵਿਚ ਤੇ ਪ੍ਰੋ. ਸੋਹਲ ਦਾ ਸਵਾਗਤ ਕਰਦਿਆਂ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਇਸ ਪ੍ਰੋਗਰਾਮ ਦਾ ਉਦੇਸ਼ ਵਿਦਿਆਰਥੀਆਂ ਨੂੰ ਉੱਨਤ ਉੱਦਮੀ ਗਿਆਨ ਅਤੇ ਹੁਨਰਾਂ ਨਾਲ ਸਸ਼ਕਤ ਬਣਾਉਣਾ ਹੈ ਜੋ ਨਵੇਂ ਪੇਸ਼ ਕੀਤੇ ਗਏ ਵਿਹਾਰਕ ਵਿਸ਼ੇ "ਉੱਦਮਤਾ ਮਾਨਸਿਕਤਾ ਪ੍ਰੋਗਰਾਮ" ਨੂੰ ਅੱਗੇ ਵਧਾਉਣ ਲਈ ਲੋੜੀਂਦੇ ਹਨ। ਇਸ ਮੌਕੇ ਡਾ. ਦੇਵਗਨ ਨੇ ਸਮਾਗਮ ਦੇ ਵਿਸ਼ੇ 'ਤੇ ਚਾਨਣਾ ਪਾਉਂਦਿਆਂ ਕਿਹਾ ਕਿ ਇਸ ਦਾ ਉਦੇਸ਼ ਅੱਜ ਦੇ ਤੇਜ਼ ਰਫ਼ਤਾਰ ਸੰਸਾਰ 'ਚ ਵਿਦਿਆਰਥੀਆਂ 'ਚ ਉੱਦਮਤਾ ਹੁਨਰਾਂ ਨੂੰ ਮਜ਼ਬੂਤ ਕਰਨਾ ਹੈ। ਉਨ੍ਹਾਂ ਕਿਹਾ ਕਿ ਇਹ ਪ੍ਰੋਗਰਾਮ ਸੰਭਾਵੀ ਵਿਦਿਆਰਥੀਆਂ ਅਤੇ ਉੱਦਮੀਆਂ ਦੀ ਪਛਾਣ ਅਤੇ ਪ੍ਰੇਰਿਤ ਕਰਨ ਸਬੰਧੀ ਉਲੀਕਿਆ ਗਿਆ ਸੀ, ਜਿਸ ਰਾਹੀਂ ਉਨ੍ਹਾਂ ਨੂੰ ਵੱਖ-ਵੱਖ ਉੱਦਮੀ ਪਹਿਲੂਆਂ, ਸਰਕਾਰੀ ਨੀਤੀਆਂ, ਫੰਡਿੰਗ ਦੇ ਮੌਕਿਆਂ ਅਤੇ ਬੇਰੁਜ਼ਗਾਰੀ ਨੂੰ ਘਟਾਉਣ ਲਈ ਹੁਨਰ ਵਿਕਾਸ ਬਾਰੇ ਗਿਆਨ ਪ੍ਰਦਾਨ ਕਰਨਾ ਹੈ। ਉਨ੍ਹਾਂ ਕਿਹਾ ਕਿ ਇਸ ਪ੍ਰੋਗਰਾਮ ਰਾਹੀਂ ਵਿਦਿਆਰਥੀਆਂ ਨੂੰ ਕਾਰੋਬਾਰ ਸਥਾਪਿਤ ਕਰਨ ਅਤੇ ਪ੍ਰਬੰਧਨ ਕਰਨ ਲਈ ਪਾਲਣ-ਪੋਸ਼ਣ ਅਤੇ ਸਿੱਖਿਆ ਦੇਣ ਦਾ ਮਕਸਦ ਹੈ।

ਇਸ ਮੌਕੇ ਮਿੱਕ ਨੇ ਪਹਿਲੇ ਸਾਲ ਦੇ ਵਿਦਿਆਰਥੀਆਂ ਨਾਲ ਉੱਦਮਤਾ ਤੇ ਸਟਾਰਟਅੱਪਸ ਸਬੰਧੀ ਇਕ ਇੰਟਰਐਕਟਿਵ ਗੱਲਬਾਤ ਕੀਤੀ। ਉਨ੍ਹਾਂ ਵਿਦਿਆਰਥੀਆਂ ਨੂੰ ਕਾਰੋਬਾਰ 'ਚ ਅਗਾਂਹਵਧੂ ਸੋਚ ਤੇ ਨਵੀਨਤਾਕਾਰੀ ਪਹੁੰਚਾਂ ਬਾਰੇ ਪ੍ਰੇਰਿਤ ਕੀਤਾ। ਉਨ੍ਹਾਂ ਵਿਦਿਆਰਥੀਆਂ 'ਚ ਰਚਨਾਤਮਕਤਾ ਨੂੰ ਉਤਸ਼ਾਹਿਤ ਕਰਨ 'ਤੇ ਧਿਆਨ ਕੇਂਦਰਿਤ ਕੀਤਾ। ਇਸ ਸਮਾਗਮ ਸਬੰਧੀ ਡਾ. ਮਨੀਸ਼ਾ ਬਹਿਲ, ਪ੍ਰੋ. ਮੀਨੂ ਚੋਪੜਾ ਅਤੇ ਡਾ. ਹਰਪ੍ਰੀਤ ਕੌਰ ਨੇ ਆਪਣੇ ਜ਼ਿੰਮੇਵਾਰੀ ਬਾਖੂਬੀ ਨਿਭਾਇਆ। ਇਸ ਦੌਰਾਨ ਕਾਮਰਸ ਐਂਡ ਇਕਨਾਮਿਕਸ ਡੀਨ ਡਾ. ਏ. ਕੇ. ਕਾਹਲੋਂ ਤੋਂ ਇਲਾਵਾ ਡਾ. ਪੂਨਮ ਸ਼ਰਮਾ, ਡਾ. ਏ. ਐਸ. ਭੱਲਾ, ਡਾ. ਮਨਦੀਪ ਕੌਰ, ਡਾ. ਸਾਮੀਆ, ਪ੍ਰੋ. ਸ਼ਿਵਾਲੀ ਸ਼ਰਮਾ, ਪ੍ਰੋ. ਸੁਖਜਿੰਦਰ ਕੌਰ, ਡਾ. ਮਨਦੀਪ ਕੌਰ, ਪ੍ਰੋ. ਮਨਪ੍ਰੀਤ ਕੌਰ, ਪ੍ਰੋ. ਪੂਨਮ, ਪ੍ਰੋ. ਦੀਆ ਮਹਾਜਨ, ਪ੍ਰੋ. ਅੰਮ੍ਰਿਤਬੀਰ ਕੌਰ, ਪ੍ਰੋ. ਰਸ਼ਨੀਤ ਕੌਰ ਤੋਂ ਇਲਾਵਾ ਹੋਰ ਫੈਕਲਟੀ ਮੈਂਬਰ ਮੌਜੂਦ ਸਨ।

## ਬਲੌਸਮਜ਼ ਕਾਨਵੈਂਟ ਵਿਖੇ ਵਿਸ਼ਵ-ਪੰਜਾਬੀ ਦਿਵਸ ਮਨਾਇਆ ਗਿਆ।



ਜਗਰਾਓਂ 24 ਸਤੰਬਰ ਦਵਿੰਦਰ ਜੈਨ :ਬਲੌਸਮਜ਼ ਕਾਨਵੈਂਟ ਸਕੂਲ ਵਿਖੇ ਬਾਬਾ ਫਰੀਦ ਜੀ ਦੇ ਆਗਮਨ ਪੁਰਬ ਨੂੰ ਸਮਰਪਿਤ ਵਿਸ਼ਵ ਪੰਜਾਬੀ ਦਿਵਸ ਸਵੇਰ ਦੀ ਸਭਾ ਤੋਂ ਹੀ ਮਨਾਉਣਾਸ਼ੁਰੂ ਕੀਤਾ। ਜਿਸ ਵਿੱਚ ਵਿਦਿਆਰਥੀ ਵਰਗ ਨੂੰ ਮਾਂ-ਬੋਲੀ ਪੰਜਾਬੀ ਦੀ ਮਹੱਤਤਾ,ਸੱਭਿਆਚਾਰਕ ਰੰਗ, ਬਾਣੀ ਵਿਚ ਵਿਸ਼ੇਸ਼ਤਾ,ਗੁਰੂ ਸਾਹਿਬਾਨਾਂ ਦੇ ਮੁੱਖੋਂ ਨਿਕਲੀ,ਕਵੀਆਂ ਅਤੇ ਲੇਖਕਾਂ ਦੀ ਸਾਹਿਤ ਨੂੰ ਦੇਣ ਬਾਰੇ ਪੰਜਾਬੀ ਵਿਭਾਗ ਦੇ ਮੁਖੀ ਮਿਨਵਜੀਤ ਸਿੰਘ ਨੇ ਬਹੁਤ ਹੀ ਵਿਸਥਾਰ ਨਾਲ ਦੱਸਿਆ। ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਡਾ. ਨਵਨੀਤ ਕੌਰ ਨੇ ਪੰਜਾਬੀਅਤ ਦੀ ਝਲਕ ਪੇਸ਼ ਕਰਦੀ ਕਵਿਤਾ ਦੀ ਸਾਂਝ ਦੇ ਨਾਲ ਪੰਜਾਬੀ ਦਿਵਸਦੀ ਸਮੁੱਚੇ ਪੰਜਾਬੀਆਂ ਨੂੰ ਵਧਾਈ ਦਿੱਤੀ ਤੇ ਵਿਦਿਆਰਥੀਆਂ ਨੂੰ ਮਾਂ ਦੀ ਕੁੱਖ ਵਿੱਚੋਂ ਸਿੱਖੀ ਬੋਲੀ ਨੂੰ ਦੁਨੀਆਂ ਦੇ ਹਰ ਤੱਕ ਪਹੁੰਚਾਉਣ ਲਈ ਪ੍ਰੇਰਨਾਦਿੱਤੀ। ਉਹਨਾਂ ਕਿਹਾ ਕਿ ਉਹ ਕੌਮ ਕਦੇ ਵੀ ਤਰੱਕੀ ਨਹੀਂ ਕਰਦੀ ਜੋ ਆਪਣੀ ਬੋਲੀ ਨੂੰ ਭੁੱਲ ਜਾਂਦੀ ਹੈ। ਸਾਡੀ ਪੰਜਾਬੀਆਂ ਦੀ ਵੱਡੀ ਵਿਸ਼ੇਸ਼ਤਾ ਹੈਕਿ ਅਸੀਂ ਜਿੱਥੇ ਵੀ ਜਾਂਦੇ ਹਾਂ ਮਾਤ-ਭਾਸ਼ਾ ਨੂੰ ਨਾਲ ਲੈ ਕੇ ਜਾਂਦੇ ਹਾਂ। ਉਹਨਾਂ ਮਾਪਿਆਂ ਨੂੰ ਵੀ ਅਪੀਲ ਕੀਤੀ ਕਿ ਪਰਿਵਾਰਾਂ ਵਿੱਚੋਂ ਵਿਸਦੀ ਸਾਂਝ ਨੂੰਕਦੇ ਵੀ ਖਤਮ ਨਾ ਹੋਣ ਦਿੱਤਾ ਜਾਵੇ ਤਾਂ ਹੀ ਅਸੀਂ ਆਉਣ ਵਾਲੀਆਂ ਪੀੜੀਆਂ ਨੂੰ ਆਪਣੇ ਸੱਭਿਆਚਾਰ ਵਿੱਚ ਜਿਊਂਦਾ ਵੇਖ ਸਕਾਂਗੇ। ਇਸ ਮੌਕੇਸਕੂਲ ਦੇ ਪ੍ਰੈਜ਼ੀਡੈਂਟ ਸ. ਮਨਪ੍ਰੀਤ ਸਿੰਘ ਬਰਾੜ ਨੇ ਮਾਪਿਆਂ ਤੇ ਬੱਚਿਆਂ ਨੂੰ ਮਾਂ ਬੋਲੀ ਦੀਆਂ ਜੜਾਂ ਮਜਬੂਤ ਕਰਨ ਦੀ ਅਪੀਲ ਕੀਤੀ।

## ਹੜ੍ਹ ਪ੍ਰਭਾਵਿਤ ਵਿਦਿਆਰਥੀਆਂ ਦੀ ਮੱਦਦ ਲਈ ਅੱਗੇ ਆਈ ਗਿਵ ਐਂਡ ਗਰੋਅ ਫਾਊਂਡੇਸ਼ਨ



ਫਿਰੋਜ਼ਪੁਰ 24 ਸਤੰਬਰ (ਤਿਵਾੜੀ ) ਹੜਾਂ ਨਾਲ ਬੁਰੀ ਤਰ੍ਹਾਂ ਪ੍ਰਭਾਵਿਤ ਹੁਸੈਨੀ ਵਾਲਾ ਖੇਤਰ ਦੇ ਨਾਲ ਲੱਗਦੇ 15 ਤੋਂ ਵੱਧ ਪਿੰਡਾਂ ਦੇ ਸਰਕਾਰੀ ਸਕੂਲਾਂ ਵਿੱਚ ਪੜਦੇ 1900 ਤੋਂ ਵੱਧ ਵਿਦਿਆਰਥੀਆਂ ਦੀ ਮੱਦਦ ਲਈ ਸਮਾਜ ਸੇਵੀ ਸੰਸਥਾ ਗਿਵ ਐਂਡ ਗਰੋਅ ਫਾਊਂਡੇਸ਼ਨ ਵੱਲੋਂ ਈਚ ਵਨ ਅਡਾਪਟ ਵਨ ਮੁਹਿੰਮ ਤਹਿਤ ਸਟੇਸ਼ਨਰੀ ਅਤੇ ਸਕੂਲ ਬੈਗ ਵੰਡਣ ਦੀ ਸ਼ੁਰੂਆਤ ਸਰਹੱਦੀ ਖੇਤਰ ਦੇ ਸਰਕਾਰੀ ਸੀਨੀਅਰ ਸੈਕੈਂਡਰੀ ਸਕੂਲ ਗੱਟੀ ਰਾਜੋ ਕੇ ਤੋਂ ਕੀਤੀ ਗਈ। ਸੰਸਥਾ ਦੇ ਸੰਸਥਾਪਕ ਜਸਜੀਤ ਸਿੰਘ ਮਲਿਕ ਨੇ ਦੱਸਿਆ ਕਿ ਹੜ ਪ੍ਰਭਾਵਿਤ ਵਿਦਿਆਰਥੀਆਂ ਲਈ ਸਟੇਸ਼ਰੀ, ਬੈਗ, ਵਰਦੀਆਂ, ਬੂਟਾ ਤੋਂ ਇਲਾਵਾ ਜਰੂਰਤ ਅਨੁਸਾਰ ਫੀਸਾਂ ਦੀ ਹਰ ਸੰਭਵ ਮਦਦ ਕੀਤੀ ਜਾਵੇਗੀ । ਉਹਨਾਂ ਕਿਹਾ ਕਿ ਇਹਨਾਂ ਵਿਦਿਆਰਥੀਆਂ ਦੀ ਆਰਥਿਕ ਤੰਗੀ ਨੂੰ ਪੜ੍ਹਾਈ ਵਿੱਚ ਰੁਕਾਵਟ ਨਹੀਂ ਬਣਨ ਦਿੱਤਾ ਜਾਵੇਗਾ। ਇਸ ਮੌਕੇ ਡਾ ਸਤਿੰਦਰ ਸਿੰਘ ਉਪ ਜ਼ਿਲ੍ਹਾ ਸਿੱਖਿਆ ਅਫਸਰ ਨੇ ਗਿਵ ਐਂਡ ਗਰੋਅ ਫਾਉਂਡੇਸ਼ਨ ਦੇ ਸਮੂਹ ਮੈਂਬਰਾਂ ਦਾ ਧੰਨਵਾਦ ਕਰਦਿਆਂ ਹੋਇਆਂ ਕਿਹਾ ਕਿ ਹੜ ਪ੍ਰਭਾਵਿਤ ਵਿਦਿਆਰਥੀਆਂ ਦੀ ਮਦਦ ਲਈ ਸ਼ੁਰੂ ਕੀਤੀ ਈਚ ਵਨ ਅਡਾਪਟ ਵਨ ਮੁਹਿੰਮ ਸਮਾਜ ਸੇਵੀ ਸੰਸਥਾਵਾਂ ਅਤੇ ਦਾਨੀ ਸੱਜਣਾਂ ਦੇ ਸਹਿਯੋਗ ਨਾਲ ਕਾਫਲਾ ਬਣ ਚੁੱਕੀ ਹੈ । ਇਸ ਤਹਿਤ ਫਿਰੋਜਪੁਰ ਦੇ ਸਮੂਹ ਹੜ ਪ੍ਰਭਾਵਿਤ 18 ਪ੍ਰਾਇਮਰੀ ਸਕੂਲ, 03 ਮਿਡਲ ਸਕੂਲ ,02 ਹਾਈ ਸਕੂਲ ਅਤੇ 02 ਸੀਨੀਅਰ ਸੈਕੈਂਡਰੀ ਸਕੂਲ ਦੇ ਵਿਦਿਆਰਥੀਆਂ ਦੀ ਹਰ ਸੰਭਵ ਮਦਦ ਕੀਤੀ ਜਾਵੇਗੀ। ਅਸ਼ੋਕ ਬਹਿਲ ਸਮਾਜ ਸੇਵੀ ਨੇ ਇਸ ਮੌਕੇ ਦੱਸਿਆ ਕਿ ਅੱਜ ਸਰਕਾਰੀ ਸੀਨੀਅਰ ਸੈਕੈਂਡਰੀ ਸਕੂਲ ਗੱਟੀ ਰਾਜੋ ਕੇ ਤੋਂ ਇਲਾਵਾ ਸਰਕਾਰੀ ਪ੍ਰਾਇਮਰੀ ਸਕੂਲ ਭੱਖੜਾ, ਗੱਟੀ ਰਹੀਮੇ ਕੇ , ਟੇਂਡੀ ਵਾਲਾ, ਚਾਂਦੀ ਵਾਲਾ, ਖੁੰਦੜ ਗੱਟੀ ਦੇ 10 ਸਕੂਲਾਂ ਤੱਕ ਪਹੁੰਚ ਕੀਤੀ ਅਤੇ ਬਾਕੀ ਰਹਿੰਦੇ ਸਕੂਲਾਂ ਵਿੱਚ ਵੀ ਜਲਦ ਸਟੇਸ਼ਨਰੀ ਵੰਡੀ ਜਾਏਗੀ ਅਤੇ ਭਵਿੱਖ ਵਿੱਚ ਵੀ ਵਿਦਿਆਰਥੀਆਂ ਦੀ ਮਦਦ ਲਈ ਇਹ ਪ੍ਰੋਗਰਾਮ ਚਲਦਾ ਰਹੇਗਾ। ਇਸ ਮੌਕੇ ਚੰਡੀਗੜ੍ਹ ਤੋਂ ਵਿਸ਼ੇਸ਼ ਤੌਰ ਤੇ ਪਹੁੰਚੇ ਸਿਖਿਆ ਮਾਹਿਰ ਡਾ. ਕਮਲਜੀਤ ਸਿੰਘ ਸਲੂਜਾ ਨੇ ਵਿਦਿਆਰਥੀਆਂ ਨੂੰ ਕਿੱਤਾ ਅਗਵਾਈ ਪ੍ਰੋਗਰਾਮ ਦੀ ਮਹੱਤਤਾ ਜਾਣੂ ਕਰਾਉਂਦਿਆਂ ਸਕਿਲ ਡਿਵੈਲਪਮੈਂਟ ਦੇ ਅਨੇਕਾਂ ਪ੍ਰੋਗਰਾਮਾਂ ਦੀ ਵੱਡਮੁੱਲੀ ਜਾਣਕਾਰੀ ਦਿੱਤੀ ਅਤੇ ਹੋਣਹਾਰ ਵਿਦਿਆਰਥੀਆਂ ਨੂੰ ਵੱਖ ਵੱਖ ਸਮਾਜ ਸੇਵੀ ਸੰਸਥਾਵਾਂ ਵੱਲੋਂ ਦਿੱਤੇ ਜਾਂਦੇ ਵਜ਼ੀਫਾ ਸਕੀਮਾ ਦਾ ਲਾਭ ਲੈਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਗੁਰਰਾਜ ਸਿੰਘ ਮਲਿਕ ,ਹਰਜਾਪ ਸਿੰਘ ਮਲਿਕ ,ਦਸ਼ਮੇਸ਼ ਸਿੰਘ ਸੇਠੀ, ਭੁਪਿੰਦਰ ਸਿੰਘ ਛਾਬੜਾ, ਟੀ ਐਸ ਬੇਦੀ, ਸਕੂਲ ਇੰਚਾਰਜ ਤਜਿੰਦਰ ਸਿੰਘ ,ਹਨੀ ਕੁਮਾਰ ਮੁੱਖ ਅਧਿਆਪਕ, ਪ੍ਰਿਤਪਾਲ ਸਿੰਘ, ਵਿਸ਼ਾਲ ਗੁਪਤਾ, ਅਰੁਣ ਕੁਮਾਰ , ਰੁਪਿੰਦਰ ਸਿੰਘ ਤੋ ਇਲਾਵਾ ਗਿਵ ਐਂਡ ਗਰੋ ਫਾਊਂਡੇਸ਼ਨ ਦੇ ਸਮੂਹ ਮੈਂਬਰ ਅਤੇ ਪਿੰਡ ਦੇ ਸਰਪੰਚ, ਪੰਚ ਵੱਡੀ ਵਿਸ਼ੇਸ਼ ਤੌਰ ਤੇ ਹਾਜ਼ਰ ਸਨ। ਇਸ ਮੌਕੇ ਗੁਰਰਾਜ ਸਿੰਘ ਮਲਿਕ ,ਹਰਜਾਪ ਸਿੰਘ ਮਲਿਕ ,ਦਸ਼ਮੇਸ਼ ਸਿੰਘ ਸੇਠੀ, ਭੁਪਿੰਦਰ ਸਿੰਘ ਛਾਬੜਾ, ਟੀ ਐਸ ਬੇਦੀ, ਸਕੂਲ ਇੰਚਾਰਜ ਤਜਿੰਦਰ ਸਿੰਘ ,ਹਨੀ ਕੁਮਾਰ ਮੁੱਖ ਅਧਿਆਪਕ, ਪ੍ਰਿਤਪਾਲ ਸਿੰਘ, ਵਿਸ਼ਾਲ ਗੁਪਤਾ, ਅਰੁਣ ਕੁਮਾਰ , ਰੁਪਿੰਦਰ ਸਿੰਘ ਤੋ ਇਲਾਵਾ ਗਿਵ ਐਂਡ ਗਰੋ ਫਾਊਂਡੇਸ਼ਨ ਦੇ ਸਮੂਹ ਮੈਂਬਰ ਅਤੇ ਪਿੰਡ ਦੇ ਸਰਪੰਚ, ਪੰਚ ਵੱਡੀ ਵਿਸ਼ੇਸ਼ ਤੌਰ ਤੇ ਹਾਜ਼ਰ ਸਨ।

## ਦਸਵਾਂ ਰਾਸ਼ਟਰੀ ਆਯੁਰਵੇਦਾ ਦਿਵਸ ਮਨਾਇਆ



ਫਿਰੋਜ਼ਪੁਰ, 24 ਸਤੰਬਰ : (ਤਿਵਾੜੀ :ਆਯੁਰਵੈਦਾ ਵਿਭਾਗ ਪੰਜਾਬ ਦੇ ਡਾਇਰੈਕਟਰ ਡਾ. ਰਵੀ ਡੂਮਰਾ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਡਾ. ਰੁਪਿੰਦਰਦੀਪ ਗਿੱਲ ਜ਼ਿਲਾ ਆਯੁਰਵੈਦਿਕ ਅਤੇ ਯੂਨਾਨੀ ਅਫਸਰ ਫ਼ਿਰੋਜ਼ਪੁਰ ਦੀ ਯੋਗ ਅਗਵਾਈ ਹੇਠ ਦਸਵਾਂ ਰਾਸ਼ਟਰੀ ਆਯੁਰਵੈਦਾ ਦਿਵਸ ਮਨਾਇਆ ਗਿਆ। ਜਿਸ ਵਿੱਚ ਡਾਕਟਰ ਨਵਦੀਪ ਸਿੰਘ ਬਰਾੜ ਰਿਟਾਇਰਡ ਰਿਟਾਇਰਡ ਜ਼ਿਲਾ ਆਯੁਰਵੈਦਿਕ ਅਤੇ ਯੂਨਾਨੀ ਅਫਸਰ ਵਿਸ਼ੇਸ਼ ਤੌਰ ਤੇ ਸ਼ਾਮਿਲ ਹੋਏ। ਆਯੁਰਵੈਦਾ ਦਿਵਸ ਦਾ ਥੀਮ ਲੋਕਾਂ ਅਤੇ ਧਰਤੀ ਲਈ ਆਯੁਰਵੈਦ ਸੀ।ਡਾ. ਰੁਪਿੰਦਰਦੀਪ ਗਿੱਲ ਨੇ ਦੱਸਿਆ ਕਿ ਵਿਭਾਗ ਦੇ ਦਫ਼ਤਰ ਵਿੱਚ ਭਗਵਾਨ ਧਨਵੰਤਰੀ (ਦਵਾਈਆਂ ਦੇ ਦੇਵਤਾ) ਦੀ ਪੂਜਾ ਕਰਨ ਉਪਰੰਤ ਹੜ੍ਹ ਪ੍ਰਭਾਵਿਤ ਇਲਾਕਿਆਂ, ਜਿਵੇਂ ਕਿ ਨਵੀਂ ਗੱਟੀ ਰਾਜੋ ਕੇ, ਜਲੋ ਕੇ ਉਤਾੜ, ਬਸਤੀ ਭਾਨੇ ਵਾਲੀ, ਕਮਾਲੇ ਵਾਲਾ 59 ਆਦਿ ਪਿੰਡਾਂ ਵਿੱਚ ਤਕਰੀਬਨ 264 ਪਰਿਵਾਰਾਂ ਨੂੰ ਹੜਾਂ ਤੋਂ ਬਾਅਦ ਹੋਣ ਵਾਲੀਆਂ ਬਿਮਾਰੀਆਂ ਅਤੇ ਉਹਨਾਂ ਤੋਂ ਬਚਾਅ ਸਬੰਧੀ ਜਾਣਕਾਰੀ ਦਿੱਤੀ ਗਈ। ਇਹਨਾਂ ਪਰਿਵਾਰਾਂ ਨੂੰ ਰੋਗ ਪ੍ਰਤੀਰੋਧਕ ਸ਼ਕਤੀ ਵਧਾਉਣ ਵਾਲੀਆਂ ਆਯੁਰਵੈਦਿਕ ਦਵਾਈਆਂ ਅਤੇ ਹੋਰ ਸਮਾਨ ਜਿਵੇਂ ਕਿ ਗਿਲੋਵਟੀ, ਤੁਲਸੀ ਡਰੋਪਸ, ਆਈ ਡਰੋਪਸ, ਆਯੁਰਵੈਦਿਕ ਕਫ ਸਿਰਪ ਅਤੇ ਆਂਵਲੇ ਦਾ ਮੁਰੱਬਾ ਆਦਿ ਘਰ ਘਰ ਪਹੁੰਚ ਕੇ ਵੰਡਿਆ ਗਿਆ।ਇਸ ਤੋਂ ਇਲਾਵਾ ਲੋਕਾਂ ਨੂੰ ਆਯੁਰਵੈਦ ਅਤੇ ਯੋਗਾ ਅਪਣਾਉਣ ਲਈ ਪ੍ਰੇਰਿਤ ਕੀਤਾ ਗਿਆ। ਡਾ. ਰਕੇਸ਼ ਗਰੋਵਰ ਨੇ ਦੱਸਿਆ ਕਿ ਇਸ ਮੌਕੇ 132 ਕਿਲੋ ਆਂਵਲੇ ਦਾ ਮੁਰੱਬਾ ਅਤੇ ਹੋਰ ਦਵਾਈਆਂ ਵੰਡੀਆਂ ਗਈਆਂ, ਜਿਸ ਕੰਮ ਲਈ ਵੱਖ-ਵੱਖ ਟੀਮਾਂ ਦਾ ਗਠਨ ਕੀਤਾ ਗਿਆ, ਜਿਸ ਵਿੱਚ ਡਾ. ਜਸਕਮਲ ਛਾਬੜਾ, ਡਾ. ਪਰਵੀਨ ਰਾਣਾ, ਡਾ. ਰਾਕੇਸ਼ ਗਰੋਵਰ, ਡਾ. ਸੁਮੀਤ ਮੋਗਾ, ਡਾ. ਸੁਮਨ, ਡਾ. ਰੁਪਿੰਦਰ, ਡਾ. ਸ਼ੀਨਮ ਡਾ. ਲਵਦੀਪ, ਸੁਖਪ੍ਰੀਤ, ਰਘੂ ਰਾਜਾ, ਰੁਬ, ਨਿੰਦਰ ਕੌਰ, ਅਮਨਦੀਪ ਕੌਰ ਅਤੇ ਰੁਬੀਨਾ ਸਾਰੇ ਉਪਵੈਦ ਸ਼ਾਮਿਲ ਸਨ।

## ਖੇਤਾਂ 'ਚ ਹੀ ਪਰਾਲੀ ਪ੍ਰਬੰਧਨ ਲਈ ਮਸ਼ੀਨਾਂ ਉਪਲਬਧ

### ਪਿੰਡ ਦਿਆਲ ਵਿਖੇ ਕਿਸਾਨਾਂ ਨੂੰ ਜਾਗਰੂਕ ਕਰਨ ਲਈ ਲਾਇਆ ਕੈਂਪ



ਨਵਾਂਸ਼ਹਿਰ, 24 ਸਤੰਬਰ : ਸੁਖਦੇਵ ਸਿੰਘ ਉੜਾਪੜਮੁੱਖ ਖੇਤੀਬਾੜੀ ਅਫਸਰ ਡਾ.ਰਾਕੇਸ਼ ਕੁਮਾਰ ਸ਼ਰਮਾ ਅਤੇ ਖੇਤੀਬਾੜੀ ਬਲਾਕ ਅਫਸਰ ਸੜੋਆ ਦੀ ਅਗਵਾਈ ਹੇਠ ਪਿੰਡ ਦਿਆਲ ਵਿਖੇ ਝੋਨੇ ਦੀ ਪਰਾਲੀ ਨੂੰ ਬਿਨਾ ਅੱਗ ਲਗਾਏ ਸਾਂਭ-ਸੰਭਾਲ ਕਰਨ ਲਈ ਕਿਸਾਨ ਜਾਗਰੂਕਤਾ ਕੈਂਪ ਲਗਾਇਆ ਗਿਆ । ਖੇਤੀਬਾੜੀ ਵਿਸਥਾਰ ਅਫਸਰ ਸੁਰਿੰਦਰ ਪਾਲ ਸਿੰਘ ਨੇ ਕਿਸਾਨਾਂ ਨੂੰ ਸੰਬੋਧਨ ਕਰਦੇ ਹੋਏ ਅਪੀਲ ਕੀਤੀ ਕਿ ਝੋਨੇ ਦੀ ਫਸਲ ਦੀ ਕਟਾਈ ਪੀਏਯੂ ਵੱਲੋਂ ਸਿਫਾਰਸ਼ ਸੁਪਰ ਐਸ ਐਮ ਐਸ ਲੱਗੀ ਕੰਬਾਇਨ ਦੁਆਰਾ ਹੀ ਕਟਾਈ ਜਾਵੇ। ਉਨ੍ਹਾਂ ਦੱਸਿਆ ਕਿ ਕੰਬਾਈਨ ਨਾਲ ਝੋਨੇ ਦੀ ਕਟਾਈ ਸਵੇਰੇ 10 ਵਜੇ ਤੋਂ ਲੈ ਕੇ ਸ਼ਾਮ 6 ਵਜੇ ਤੱਕ ਕਰਵਾਈ ਜਾਵੇ। ਇਸ ਤੋਂ ਬਾਅਦ ਕਟਾਈ ਕਰਨ 'ਤੇ ਝੋਨੇ ਦੀ ਫਸਲ ਵਿੱਚ ਨਮੀ ਦੀ ਮਾਤਰਾ ਵੱਧ ਜਾਂਦੀ ਹੈ। ਝੋਨੇ ਦੀ ਪਰਾਲੀ ਨੂੰ ਬਿਨਾਂ ਅੱਗ ਲਗਾਏ ਖੇਤਾਂ ਵਿੱਚ ਵਾਹੁਣ ਨਾਲ ਲਗਭਗ 3000 ਰੁਪਏ ਦੀ ਬਚਤ ਹੁੰਦੀ ਹੈ।ਇਸ ਨਾਲ ਵਾਤਾਵਰਨ ਵੀ ਦੂਸ਼ਿਤ ਹੋਣ ਤੋਂ ਬਚਿਆ ਰਹਿੰਦਾ ਹੈ।ਡਾ.ਸੁਰਿੰਦਰ ਪਾਲ ਸਿੰਘ ਨੇ ਦੱਸਿਆ ਕਿ ਕਈ ਵਾਰੀ ਪਰਾਲੀ ਨੂੰ ਅੱਗ ਲਗਾਉਣ ਨਾਲ ਦਰਖਤ ਅਤੇ ਪਸ਼ੂ ਵੀ ਲਪੇਟ ਵਿੱਚ ਆ ਜਾਂਦੇ ਹਨ ਅੱਗ ਲਗਾਉਣ ਨਾਲ ਸਾਡੇ ਮਿੱਤਰ ਕੀੜੇ ਵੀ ਅੱਗ ਦੀ ਭੇਟ ਚੜ ਜਾਂਦੇ ਹਨ।ਇਸ ਮੌਕੇ ਖੇਤੀਬਾੜੀ ਵਿਸਥਾਰ ਅਫਸਰ ਰਜਿੰਦਰ ਪਾਲ ਨੇ ਦੱਸਿਆ ਕਿ ਝੋਨੇ ਦੀ ਪਰਾਲੀ ਦੀ ਸਾਂਭ ਸੰਭਾਲ ਲਈ ਸਾਡੇ ਬਲਾਕ ਵਿੱਚ 100 ਤੋਂ ਵੱਧ ਮਸ਼ੀਨਾਂ ਉਪਲਬਧ ਹਨ । ਉਨ੍ਹਾਂ ਕਿਹਾ ਕਿ ਝੋਨੇ ਦੀ ਕਟਾਈ ਕਰਨ ਤੋਂ ਬਾਅਦ ਕਣਕ ਦੀ ਬਿਜਾਈ ਸੁਪਰ ਸੀਡਰ ਨਾਲ ਕੀਤੀ ਜਾਵੇ ਇਸ ਮਸ਼ੀਨ ਦੀ ਵਰਤੋਂ ਕਰਨ ਨਾਲ ਇੱਕ ਤਾਂ ਟਾਈਮ ਦੀ ਬਚਤ ਹੁੰਦੀ ਹੈ ਕਣਕ ਦੀ ਬਿਜਾਈ ਸਮੇਂ ਸਿਰ ਹੋ ਜਾਂਦੀ ਹੈ ਅਤੇ ਖੇਤਾਂ ਵਿੱਚ ਨਮੀਂ ਦੀ ਮਾਤਰਾ ਬਰਕਰਾਰ ਰਹਿੰਦੀ ਹੈ ਅਤੇ ਨਦੀਨ ਵੀ ਕਾਫੀ ਹੱਦ ਤੱਕ ਕੰਟਰੋਲ ਵਿੱਚ ਰਹਿੰਦੇ ਹਨ ।ਸਹਿਕਾਰਤਾ ਵਿਭਾਗ ਦੇ ਇਸਪੈਕਟਰ ਨਰਿੰਦਰ ਸਿੰਘ ਅਤੇ ਸ਼੍ਰੀ ਕੁਮਾਰ ਸੈਕਟਰੀ ਨੇ ਸਹਿਕਾਰਤਾ ਵਿਭਾਗ ਦੀਆਂ ਵੱਖ-ਵੱਖ ਸਕੀਮਾਂ ਬਾਰੇ ਚਾਨਣਾ ਪਾਇਆ ਅਤੇ ਉਹਨਾਂ ਕਿਸਾਨਾਂ ਨੂੰ ਵਿਸ਼ਵਾਸ ਦਵਾਇਆ ਕਿ ਆਉਣ ਵਾਲੇ ਹਾੜੀ ਸੀਜਨ ਵਿੱਚ ਡੀ.ਏ.ਪੀ. ਖਾਦ ਪਹਿਲਾਂ ਹੀ ਸੁਸਾਇਟੀਆਂ ਵਿੱਚ ਪਹੁੰਚ ਜਾਵੇਗੀ।ਖੇਤੀਬਾੜੀ ਵਿਭਾਗ ਦੇ ਵਰਿੰਦਰਪਾਲ ਏ ਈ ਓ , ਹਰਵਿੰਦਰ ਸਿੰਘ ਏਐਸਆਈ ਅਤੇ ਬਾਗਵਾਨੀ ਵਿਭਾਗ ਤੋਂ ਕੁਲਵੰਤ ਰਾਏ ਫੀਲਡ ਵਰਕਰ ਹਾਜ਼ਰ ਸਨ । ਇਸ ਮੌਕੇ ਅਗਾਂਹਵਧੂ ਕਿਸਾਨ ਅਤੇ ਸਾਬਕਾ ਸਰਪੰਚ ਜਤਿੰਦਰ ਸਿੰਘ ਨੇ ਆਏ ਹੋਏ ਖੇਤੀਬਾੜੀ ਮਾਹਰਾਂ, ਸਹਿਕਾਰਤਾ ਵਿਭਾਗ ਦੇ ਅਧਿਕਾਰੀਆਂ ਕਰਮਚਾਰੀਆਂ ਅਤੇ ਆਏ ਹੋਏ ਕਿਸਾਨਾਂ ਦਾ ਕੈਂਪ ਵਿੱਚ ਭਾਗ ਲੈਣ ਲਈ ਧੰਨਵਾਦ ਕੀਤਾ ਅਤੇ ਇਹ ਵਿਸ਼ਵਾਸ ਦਵਾਇਆ ਕਿ ਖੇਤੀਬਾੜੀ ਵਿਭਾਗ ਵੱਲੋਂ ਦਿਸ਼ਾ ਨਿਰਦੇਸ਼ ਦੀ ਪਾਲਣਾ ਚੰਗੀ ਤਰ੍ਹਾਂ ਕਰਨਗੇ ਅਤੇ ਪਰਾਲੀ ਨੂੰ ਅੱਗ ਨਹੀਂ ਲਾਉਣਗੇ। ਇਸ ਮੌਕੇ ਕੈਂਪ ਵਿੱਚ ਹੋਰਨਾਂ ਤੋਂ ਇਲਾਵਾ ਬਲਵੀਰ ਸਿੰਘ, ਜੋਗਾ ਸਿੰਘ, ਹਰਜਨ ਸਿੰਘ, ਲਖਵੀਰ ਸਿੰਘ, ਗੁਰਨੇਕ ਸਿੰਘ, ਸੁਰਿੰਦਰ ਸਿੰਘ, ਜਸਵਿੰਦਰ ਸਿੰਘ, ਰਤਨ ਸਿੰਘ,ਪਵਨ ਕੁਮਾਰ ਪੰਮਾ ਆਦਿ ਕਿਸਾਨਾਂ ਨੇ ਕੈਂਪ ਵਿੱਚ ਭਾਗ ਲਿਆ।

## ਥਾਣਾ ਮੁਖੀ ਵਲੋਂ ਸਕੂਲ ਪ੍ਰਬੰਧਕਾਂ ਨਾਲ ਮੀਟਿੰਗ 'ਚ ਮਸਲੇ ਵਿਚਾਰੇ ਗਏ

ਜਗਰਾਓਂ, 24 ਸਤੰਬਰ ਦਵਿੰਦਰ ਜੈਨ :-ਥਾਣਾ ਸਿਟੀ ਜਗਰਾਓਂ ਦੇ ਐੱਸ.ਐੱਚ.ਓ. ਪਰਮਿੰਦਰ ਸਿੰਘ ਵਲੋਂ ਸਕੂਲ ਵਿਦਿਆਰਥੀਆਂ ਦੀ ਸੁਰੱਖਿਆ ਅਤੇ ਸਮੱਸਿਆਵਾਂ ਸਬੰਧੀ ਸਨਮਤੀ ਵਿਮਲ ਜੈਨ ਸਕੂਲ ਜਗਰਾਓਂ ਦੇ ਪ੍ਰਬੰਧਕਾਂ ਨਾਲ ਮੀਟਿੰਗ ਕੀਤੀ ਗਈ। ਇਸ ਮੌਕੇ ਐੱਸ.ਐੱਚ.ਓ. ਪਰਮਿੰਦਰ ਸਿੰਘ ਨੇ ਕਿਹਾ ਕਿ ਸਕੂਲ ਦੇ ਬੱਸਾਂ ਦੇ ਡਰਾਇਵਰ ਬੱਚਿਆਂ ਨੂੰ ਲਿਆਉਣ ਤੇ ਛੱਡਣ ਸਮੇਂ ਸੜਕ ਦੇ ਨਿਯਮਾਂ ਦੀ ਪਾਲਣਾ ਕਰਨ, ਗੱਡੀ ਹੌਲੀ ਚਲਾਉਣ, ਬੱਸਾਂ ਦੇ ਕਾਗਜ਼ਾਤ ਪੂਰੇ ਰੱਖਣ, ਬੱਸ ਚਲਾਉਣ ਸਮੇਂ ਕਿਸੇ ਤਰ੍ਹਾਂ ਦੀ ਕੋਈ ਲਾਪਰਵਾਹੀ ਨਾ ਕਰਨ ਤਾਂ ਜੋ ਵਿਦਿਆਰਥੀ ਸੁਰੱਖਿਅਤ ਰਹਿਣ ਅਤੇ ਕਿਸੇ ਤਰ੍ਹਾਂ ਦਾ ਕੋਈ ਅਣਹੋਣੀ ਨਾ ਵਾਪਰੇ। ਉਨ੍ਹਾਂ ਸਕੂਲ ਮੈਨੇਜਮੈਂਟ ਨੂੰ ਕਿਹਾ ਕਿ ਜਿਹੜੇ ਵਿਦਿਆਰਥੀ ਸਕੂਲ 'ਚ ਆਪਣੇ ਵਹੀਕਲਾਂ 'ਤੇ ਆਉਂਦੇ ਹਨ, ਉਨ੍ਹਾਂ ਕੋਲ ਲਾਇਸੰਸ ਹੋਣਾ ਲਾਜ਼ਮੀ ਹੈ। ਇਸ ਮੌਕੇ ਐੱਸ.ਐੱਚ.ਓ. ਪਰਮਿੰਦਰ ਸਿੰਘ ਨੇ ਕਿਹਾ ਕਿ ਜੋ ਵਿਦਿਆਰਥੀ ਸਕੂਲ ਦੀ ਛੁੱਟੀ ਸਮੇਂ ਸਕੂਲ ਦੇ ਬਾਹਰ ਖੜ੍ਹਦੇ ਹਨ ਅਤੇ ਕੁਝ ਸ਼ਰਾਰਤੀ ਅਨਸਰ ਆਪਸ 'ਚ ਝਗੜਦੇ ਹਨ, ਉਨ੍ਹਾਂ 'ਤੇ ਨਕੇਲ ਕਸਣ ਲਈ ਪੀ.ਸੀ.ਆਰ. ਮੁਲਾਜ਼ਮਾਂ ਦੀ ਡਿਊਟੀ ਲਗਾਈ ਗਈ ਹੈ। ਇਸ ਮੌਕੇ ਸਕੂਲ ਮੈਨੇਜਮੈਂਟ ਪ੍ਰਧਾਨ ਰਮੇਸ਼ ਜੈਨ ਅਤੇ ਪ੍ਰਿੰਸੀਪਲ ਸੁਪ੍ਰਿਆ ਖੁਰਾਣਾ ਨੇ ਕਿਹਾ ਕਿ ਵਿਦਿਆਰਥੀਆਂ ਦੀ ਸੁਰੱਖਿਆ ਦੇ ਮੱਦੇਨਜ਼ਰ ਸਕੂਲ ਡਰਾਇਵਰਾਂ ਨੂੰ ਪਹਿਲਾਂ ਹੀ ਹਦਾਇਤਾਂ ਦਿੱਤੀਆਂ ਹੋਈਆਂ ਹਨ ਅਤੇ ਸਾਰੀਆਂ ਬੱਸਾਂ ਦੇ ਕਾਗਜ਼ਾਤ ਆਦਿ ਪੂਰੇ ਹਨ ਅਤੇ ਸੇਫਟੀ ਵਾਹਨ ਪਾਲਿਸੀ ਦੀ ਪੂਰੀ ਤਰ੍ਹਾਂ ਪਾਲਣਾ ਕੀਤੀ ਜਾਂਦੀ ਹੈ। ਉਨ੍ਹਾਂ ਥਾਣਾ ਸਿਟੀ ਦੇ ਐੱਸ.ਐੱਚ.ਓ. ਪਰਮਿੰਦਰ ਸਿੰਘ ਨੂੰ ਭਰੋਸਾ ਦਿਵਾਇਆ ਕਿ ਪ੍ਰਸ਼ਾਸਨ ਵਲੋਂ ਦਿੱਤੀਆਂ ਹਦਾਇਤਾਂ ਦੀ ਪਾਲਣਾ ਕੀਤੀ ਜਾਵੇਗੀ। ਇਸ ਮੌਕੇ ਕਾਮਰਸ ਲੈਕਚਰਾਰ ਸਨੀ ਪਾਸੀ, ਸਰਬਜੀਤ ਸਿੰਘ ਧਾਲੀਵਾਲ, ਇੰਦਰਜੀਤ ਸਿੰਘ, ਸਰਿਤਾ ਅੱਗਰਵਾਲ, ਜਤਿੰਦਰ ਕੌਰ, ਪਰਮਿੰਦਰ ਕੌਰ ਬਾਵਾ ਆਦਿ ਹਾਜ਼ਰ ਸਨ। ਇਸ ਮੌਕੇ ਕਾਮਰਸ ਲੈਕਚਰਾਰ ਸਨੀ ਪਾਸੀ, ਸਰਬਜੀਤ ਸਿੰਘ ਧਾਲੀਵਾਲ, ਇੰਦਰਜੀਤ ਸਿੰਘ, ਸਰਿਤਾ ਅੱਗਰਵਾਲ, ਜਤਿੰਦਰ ਕੌਰ ਅਤੇ ਪਰਮਿੰਦਰ ਕੌਰ ਬਾਵਾ ਆਦਿ ਹਾਜ਼ਰ ਸਨ।

## ਇਕੱਠਾ ਕੀਤਾ ਹੜ੍ਹ ਰਾਹਤ ਫੰਡ ਕਰ ਭਲਾ ਹੋ ਭਲਾ ਸੋਸਾਇਟੀ ਨੂੰ ਸੌਂਪਿਆ



ਜਗਰਾਓਂ, 24 ਸਤੰਬਰ ਦਵਿੰਦਰ ਜੈਨ : ਪ੍ਰਿੰਸੀਪਲ ਡਾ. ਅਨੁਜ ਕੁਮਾਰ ਸ਼ਰਮਾ ਦੀ ਅਗਵਾਈ ਹੇਠ, ਐਲ.ਆਰ. ਡੀ.ਏ.ਵੀ. ਕਾਲਜ, ਜਗਰਾਓਂ ਦੀਆਂ ਐਨ.ਐਸ.ਐਸ. ਅਤੇ ਐਨ.ਸੀ.ਸੀ. ਯੂਨਿਟਾਂ ਨੇ 8 ਸਤੰਬਰ 2025 ਨੂੰ ਹੜ੍ਹ ਰਾਹਤ ਫੰਡ ਇਕੱਠਾ ਕਰਨ ਲਈ ਮੁਹਿੰਮ ਚਲਾਈ। ਇਸ ਦੌਰਾਨ ਵਿਦਿਆਰਥੀਆਂ ਨੇ ਕਾਲਜ ਸਟਾਫ, ਵਿਦਿਆਰਥੀਆਂ ਅਤੇ ਜਗਰਾਓਂ ਦੇ ਵਪਾਰੀਆਂ ਤੋਂ ਯੋਗਦਾਨ ਇਕੱਠਾ ਕੀਤਾ ਤਾਂ ਜੋ ਹਾਲੀਆ ਤੇਜ਼ ਬਾਰਸ਼ਾਂ ਤੇ ਹੜ੍ਹ ਨਾਲ ਪ੍ਰਭਾਵਿਤ ਲੋਕਾਂ ਦੀ ਸਹਾਇਤਾ ਕੀਤੀ ਜਾ ਸਕੇ। ਕੁੱਲ_ 27,000 ਰੁਪਏ ਅਤੇ ਦੋ ਸੂਟ ਇਕੱਠੇ ਕੀਤੇ ਗਏ।ਅੱਜ ਐਨ.ਐਸ.ਐਸ. ਦਿਵਸ ਦੇ ਮੌਕੇ, ਇਹ ਰਕਮ ਕਾਰਜਕਾਰੀ ਪ੍ਰਿੰਸੀਪਲ ਪ੍ਰੋ. ਵਿਕਾਸ ਮੇਂਦੀਰੱਤਾ, ਕਾਲਜ ਦੇ ਪ੍ਰੋਫੈਸਰ ਡਾ. ਸੁਭਾਸ਼ ਚੰਦ, ਡਾ. ਨੀਤੀ ਜੈਨ, ਡਾ. ਸ਼ੈਲਜਾ ਗੋਇਲ, ਡਾ. ਪਰਵਿੰਦਰ ਸਿੰਘ ਬਾਜਵਾ, ਡਾ. ਕੁਨਾਲ ਮਹਤਾ, ਪ੍ਰੋ. ਮਨਦੀਪ ਕੇ. ਮਲਹੋਤਰਾ, ਪ੍ਰੋਫੈਸਰ ਤਮੰਨਾ, ਅਤੇ ਸੁਸ਼ਮਾ ਰਾਣੀ (ਆਫ਼ਿਸ ਸੁਪਰਿਟੈਂਡੈਂਟ) ਅਤੇ ਜਗਦੀਪ ਸਿੰਘ (ਜੂਨੀਅਰ ਅਸਿਸਟੈਂਟ) ਦੀ ਮੌਜੂਦਗੀ ਵਿੱਚ ਵਿਦਿਆਰਥੀਆਂ ਵੱਲੋਂ ਕਰ ਭਲਾ ਹੋ ਭਲਾ ਸੋਸਾਇਟੀ ਨੂੰ ਸੌਂਪੀ ਗਈ।ਸਾਇਟੀ ਦੇ ਪ੍ਰਤਿਨਿਧੀਆਂ ਵਿਚੋਂ ਚੇਅਰਮੈਨ ਰੋਹਿਤ ਅਰੋੜਾ, ਵਾਈਸ ਚੇਅਰਮੈਨ ਰਜਿੰਦਰ ਜੈਨ (ਕਾਕਾ), ਪ੍ਰਧਾਨ ਮਦਨ ਲਾਲ ਅਰੋੜਾ, ਸਕੱਤਰ ਨੈਨੇਸ਼ ਗਾਂਧੀ, ਖਜਾਂਚੀ ਨੀਰਜ ਕਟਾਰੀਆ, ਮੈਂਬਰ ਵਿਸ਼ਾਲ ਸ਼ਰਮਾ, ਨੀਰਜ ਮਿੱਤਲ, ਸ਼ੁਭਮ ਅਰੋੜਾ ਅਤੇ ਸ਼ਿਵਾਂਸ਼ ਸ਼ਾਮਲ ਸਨ।ਕਰ ਭਲਾ ਹੋ ਭਲਾ ਸੋਸਾਇਟੀ ਨੇ ਭਰੋਸਾ ਦਿਵਾਇਆ ਕਿ ਇਕੱਠੀ ਕੀਤੀ ਰਕਮ ਸਿੱਧੇ ਤੌਰਐਨ.ਐਸ.ਐਸ. ਦਿਵਸ ਮੌਕੇ ਐਲ.ਆਰ. ਡੀ.ਏ.ਵੀ. ਕਾਲਜ, ਜਗਰਾਓਂ ਵੱਲੋਂ ਇਕੱਠਾ ਕੀਤਾ ਹੜ੍ਹ ਰਾਹਤ ਫੰਡ ਕਰ ਭਲਾ ਹੋ ਭਲਾ ਸੋਸਾਇਟੀ ਨੂੰ ਸੌਂਪਿਆ ਗਿਆ

## ਡੀ.ਸੀ. ਨੇ ਝੋਨੇ ਦੀ ਨਿਰਵਿਘਨ ਖਰੀਦ ਲਈ ਚੱਲ ਰਹੇ ਪ੍ਰਬੰਧਾਂ ਦੀ ਸਮੀਖਿਆ ਕੀਤੀ



ਲੁਧਿਆਣਾ, 24 ਸਤੰਬਰ (ਵਿਸ਼ਾਲ ਸ਼ਰਮਾ) ਡਿਪਟੀ ਕਮਿਸ਼ਨਰ ਹਿਮਾਂਸ਼ੂ ਜੈਨ ਨੇ ਬੁੱਧਵਾਰ ਨੂੰ ਹੋਈ ਇੱਕ ਸਮੀਖਿਆ ਮੀਟਿੰਗ ਵਿੱਚ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਦੀ ਵਚਨਬੱਧਤਾ ਨੂੰ ਦੁਹਰਾਇਆ, ਤਾਂ ਜੋ ਮੌਜੂਦਾ ਸੀਜ਼ਨ ਦੌਰਾਨ ਕਿਸਾਨਾਂ ਦੀ ਸਹਾਇਤਾ ਲਈ ਝੋਨੇ ਦੀ ਨਿਰਵਿਘਨ ਅਤੇ ਮੁਸ਼ਕਲ ਰਹਿਤ ਖਰੀਦ ਪ੍ਰਕਿਰਿਆ ਨੂੰ ਯਕੀਨੀ ਬਣਾਇਆ ਜਾ ਸਕੇ। ਖੁਰਾਕ ਤੇ ਸਿਵਲ ਸਪਲਾਈ ਵਿਭਾਗ, ਮੰਡੀ ਬੋਰਡ ਅਤੇ ਖਰੀਦ ਏਜੰਸੀਆਂ ਦੇ ਅਧਿਕਾਰੀਆਂ ਨਾਲ ਮੀਟਿੰਗ ਵਿੱਚ ਹਿਮਾਂਸ਼ੂ ਜੈਨ ਨੇ ਜ਼ੋਰ ਦੇ ਕੇ ਕਿਹਾ ਕਿ ਸੂਬਾ ਸਰਕਾਰ ਝੋਨੇ ਦੇ ਹਰ ਦਾਣੇ ਨੂੰ ਕੁਸ਼ਲਤਾ ਨਾਲ ਚੁੱਕਣ ਲਈ ਸਮਰਪਿਤ ਹੈ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਨੇ ਅਨਾਜ ਮੰਡੀਆਂ ਤੋਂ ਫਸਲ ਦੀ ਤੁਰੰਤ ਚੁਕਾਈ ਨੂੰ ਯਕੀਨੀ ਬਣਾਉਣ ਲਈ ਵਿਆਪਕ ਪ੍ਰਬੰਧ ਕੀਤੇ ਹਨ ਤਾਂ ਜੋ ਕਿਸਾਨਾਂ ਨੂੰ ਆਪਣੀ ਉਪਜ ਵੇਚਣ ਵਿੱਚ ਕੋਈ ਮੁਸ਼ਕਲ ਨਾ ਆਵੇ। ਕਾਰਵਾਈਆਂ ਨੂੰ ਸੁਚਾਰੂ ਬਣਾਉਣ ਲਈ, ਜੈਨ ਨੇ ਸਾਰੇ ਉਪ ਮੰਡਲ ਮੈਜਿਸਟ੍ਰੇਟਾਂ (ਐਸ.ਡੀ.ਐਮ) ਅਤੇ ਖਰੀਦ ਏਜੰਸੀਆਂ ਦੇ ਮੁਖੀਆਂ ਨੂੰ ਲੁਧਿਆਣਾ ਦੀਆਂ ਅਨਾਜ ਮੰਡੀਆਂ ਵਿੱਚ ਝੋਨੇ ਦੀ ਖਰੀਦ ਗਤੀਵਿਧੀਆਂ ਦੀ ਨਿੱਜੀ ਤੌਰ ਤੇ ਨਿਗਰਾਨੀ ਕਰਨ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਦੱਸਿਆ ਕਿ ਹੁਣ ਤੱਕ ਜ਼ਿਲ੍ਹਾ ਲੁਧਿਆਣਾ ਦੀਆਂ ਅਨਾਜ ਮੰਡੀਆਂ ਵਿੱਚ 500 ਮੀਟ੍ਰਿਕ ਟਨ ਝੋਨਾ ਆ ਚੁੱਕਾ ਹੈ ਅਤੇ ਅੰਦਾਜ਼ਨ 16.55 ਲੱਖ ਮੀਟ੍ਰਿਕ ਟਨ ਝੋਨਾ ਮੰਡੀਆਂ ਵਿੱਚ ਆਉਣ ਦੀ ਉਮੀਦ ਹੈ। ਗੁਣਵੱਤਾ ਨੂੰ ਯਕੀਨੀ ਬਣਾਉਣ ਲਈ, ਜੈਨ ਨੇ ਕਿਸਾਨਾਂ ਨੂੰ ਮੰਡੀਆਂ ਵਿੱਚ ਸਿਰਫ਼ 17 ਫ਼ੀਸਦੀ ਜਾਂ ਇਸ ਤੋਂ ਘੱਟ ਨਮੀ ਵਾਲਾ ਸੁੱਕਾ ਝੋਨਾ ਲਿਆਉਣ ਦੀ ਅਪੀਲ ਕੀਤੀ। ਉਨ੍ਹਾਂ ਕੰਬਾਈਨ ਹਾਰਵੈਸਟਰਾਂ ਤੇ ਸਖ਼ਤ ਨਿਯਮਾਂ ਦਾ ਵੀ ਐਲਾਨ ਕੀਤਾ, ਉਨ੍ਹਾਂ ਦੇ ਕੰਮ ਨੂੰ ਸਵੇਰੇ 10 ਵਜੇ ਤੋਂ ਸ਼ਾਮ 6 ਵਜੇ ਤੱਕ ਸੀਮਤ ਕਰ ਦਿੱਤਾ ਗਿਆ ਹੈ। ਉਲੰਘਣਾ ਕਰਨ ਵਾਲਿਆਂ ਨੂੰ ਸਖ਼ਤ ਕਾਰਵਾਈ ਦਾ ਸਾਹਮਣਾ ਕਰਨਾ ਪਵੇਗਾ, ਜਿਸ ਵਿੱਚ ਪਾਲਣਾ ਨੂੰ ਲਾਗੂ ਕਰਨ ਲਈ ਉਪਕਰਣ ਜ਼ਬਤ ਕਰਨਾ ਸ਼ਾਮਲ ਹੈ।

## ਪਾਵਰਕਾਮ ਦੇ ਪੈਨਸ਼ਨਰਾਂ ਵੱਲੋਂ ਸਰਕਲ ਪੱਧਰੀ ਧਰਨੇ ਦੀਆਂ ਤਿਆਰੀਆਂ ਸਬੰਧੀ ਮੀਟਿੰਗ



ਸਮਰਾਲਾ, 24 ਸਤੰਬਰ ( ਵਰਿੰਦਰ ਸਿੰਘ ਹੀਰਾ/ਜਸਵੀਰ ਹੇਡੋਂ) ਸਟੇਟ ਬਾਡੀ ਵੱਲੋਂ ਵਿੱਢੇ ਗਏ ਸੰਘਰਸ਼ਾਂ ਦੀ ਲੜੀ ਵਿੱਚ ਜੋ 30 ਸਤੰਬਰ ਨੂੰ ਰੋਪੜ ਸਰਕਲ ਵਿਖੇ ਧਰਨਾ ਦਿੱਤਾ ਜਾ ਰਿਹਾ ਹੈ, ਉਸਦੀਆਂ ਤਿਆਰੀਆਂ ਸਬੰਧੀ ਪਾਵਰਕਾਮ ਪੈਨਸ਼ਨਰਜ਼ ਐਸੋਸੀਏਸ਼ਨ ਮੰਡਲ ਸਮਰਾਲਾ ਦੀ ਇੱਕ ਅਹਿਮ ਮੀਟਿੰਗ ਸਕਿੰਦਰ ਸਿੰਘ ਮੰਡਲ ਪ੍ਰਧਾਨ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਵਿੱਚ ਪਹਿਲਾਂ ਦੀ ਤਰ੍ਹਾਂ ਜਥੇਬੰਦੀ ਦੇ ਨੁਮਾਇੰਦਿਆਂ ਦੀਆਂ ਡਿਊਟੀਆਂ ਲਗਾਈਆਂ ਗਈਆਂ, ਉਹ ਆਪੋ ਆਪਣੇ ਏਰੀਏ ਦੇ ਪੈਨਸ਼ਨਰਜ਼ ਮੈਂਬਰਾਂ ਨੂੰ ਧਰਨੇ ਸਬੰਧੀ ਲਾਮਬੰਦ ਕਰਨਗੇ। ਇਸ ਲਈ ਦੋ ਬੱਸਾਂ ਦਾ ਪ੍ਰਬੰਧ ਕੀਤਾ ਗਿਆ ਹੈ, ਜਿਨ੍ਹਾਂ ਵਿੱਚ ਇੱਕ ਬੱਸ ਮਾਛੀਵਾੜਾ ਸਾਹਿਬ ਤੋਂ ਇੱਕ ਬੱਸ ਕਟਾਣੀ ਕਲਾਂ ਤੋਂ ਸਵੇਰੇ 9 ਵਜੇ ਚੱਲਣਗੀਆਂ।ਕੁਝ ਦਿਨ ਪਹਿਲਾਂ ਹੁਸ਼ਿਆਰਪੁਰ ਵਿਖੇ ਪ੍ਰਵਾਸੀ ਮਜ਼ਦੂਰ ਵੱਲੋਂ ਮਾਸੂਮ ਬੱਚੇ ਦਾ ਕਤਲ ਕੀਤਾ ਗਿਆ, ਉਸਦੀ ਕਰੜੀ ਨਿੰਦਾ ਕੀਤੀ ਗਈ ਅਤੇ ਸਰਕਾਰਾਂ ਤੋਂ ਮੰਗ ਕੀਤੀ ਗਈ ਕਿ ਦੋਸ਼ੀ ਨੂੰ ਸਖਤ ਤੋਂ ਸਖਤ ਸਜਾ ਦਿਵਾਈ ਜਾਵੇ ਅਤੇ ਇਹ ਵੀ ਅਪੀਲ ਕੀਤੀ ਗਈ ਕਿ ਸਾਰੇ ਪ੍ਰਵਾਸੀ ਮਜ਼ਦੂਰਾਂ ਨੂੰ ਇਸ ਘਨੌਣੀ ਹਰਕਤ ਲਈ ਜਿੰਮੇਵਾਰ ਨਾ ਠਹਿਰਾਇਆ ਜਾਵੇ, ਆਪਸੀ ਭਾਈਚਾਰਾ ਕਾਇਮ ਰੱਖਿਆ ਜਾਵੇ ਅਤੇ ਦੋਸ਼ੀ ਨੂੰ ਸਰਕਾਰ ਵੱਲੋਂ ਬਖਸ਼ਿਆ ਨਾ ਜਾਵੇ। ਪੰਜਾਬ ਵਿੱਚ ਹੜ੍ਹਾਂ ਦੀ ਤਰਸਦੀ ਝੱਲ ਰਹੇ ਪੰਜਾਬ ਵਾਸੀਆਂ ਜਿਨ੍ਹਾਂ ਵਿੱਚ ਕਿਸਾਨ, ਮਜ਼ਦੂਰ, ਵਪਾਰੀ ਸਮੇਤ ਸਾਰੇ ਵਰਗਾਂ ਦਾ ਜੋ ਨੁਕਸਾਨ ਹੋਇਆ ਹੈ, ਉਨ੍ਹਾਂ ਦੀ ਮੱਦਦ ਲਈ ਸਮਰਾਲਾ ਮੰਡਲ ਦੇ ਪਾਵਰਕਾਮ ਪੈਨਸ਼ਨਰਜ਼ ਨੂੰ ਆਪਣਾ ਬਣਦਾ ਯੋਗਦਾਨ ਪਾਉਣ ਦੀ ਨਿਮਰਤਾ ਸਹਿਤ ਬੇਨਤੀ ਕੀਤੀ ਗਈ ਕਿ ਜਥੇਬੰਦੀ ਦੇ ਨੁਮਾਇੰਦੇ ਤੁਹਾਡੇ ਕੋਲ ਪਹੁੰਚ ਕਰਨਗੇ, ਉਨ੍ਹਾਂ ਕੋਲ ਆਪਣੀ ਸਮਰੱਥਾ ਅਨੁਸਾਰ ਮਾਇਕ ਯੋਗਦਾਨ ਦਿੱਤਾ ਜਾਵੇ। ਅੱਜ ਦੀ ਮੀਟਿੰਗ ਦੀ ਕਾਰਵਾਈ ਭਰਪੂਰ ਸਿੰਘ ਮਾਂਗਟ ਸਕੱਤਰ ਸਮਰਾਲਾ ਮੰਡਲ ਵੱਲੋਂ ਬਾਖੂਬੀ ਨਿਭਾਈ ਗਈ। ਅੱਜ ਦੀ ਮੀਟਿੰਗ ਵਿੱਚ ਇੰਜ: ਪ੍ਰੇਮ ਸਿੰਘ ਸਾਬਕਾ ਐਸ. ਡੀ. ਓ., ਇੰਜ: ਜੁਗਲ ਕਿਸ਼ੋਰ ਸਾਹਨੀ, ਜਗਤਾਰ ਸਿੰਘ ਪ੍ਰੈਸ ਸਕੱਤਰ, ਦਰਸ਼ਨ ਸਿੰਘ ਵਿੱਤ ਸਕੱਤਰ, ਦਰਸ਼ਨ ਸਿੰਘ ਕੋਟਾਲਾ, ਮਹੇਸ਼ ਕੁਮਾਰ ਖਮਾਣੋਂ, ਹਰਪਾਲ ਸਿੰਘ ਸਿਹਾਲਾ, ਅਮਰਜੀਤ ਸਿੰਘ ਮਾਛੀਵਾੜਾ, ਭੁਪਿੰਦਰਪਾਲ ਸਿੰਘ ਚਹਿਲਾਂ, ਰਾਕੇਸ਼ ਕੁਮਾਰ ਮਾਛੀਵਾੜਾ, ਪ੍ਰੇਮ ਕੁਮਾਰ ਸਰਕਲ ਆਗੂ, ਪ੍ਰੇਮ ਚੰਦ ਭਲਾ ਲੋਕ, ਜਸਵੰਤ ਸਿੰਘ ਢੰਡਾ, ਅਮਰੀਕ ਸਿੰਘ ਖਮਾਣੋਂ ਨੇ ਆਪੋ ਆਪਣੇ ਵਿਚਾਰ ਰੱਖੇ। ਅਖੀਰ ਵਿੱਚ ਸਿਕੰਦਰ ਸਿੰਘ ਮੰਡਲ ਪ੍ਰਧਾਨ ਨੇ ਮੀਟਿੰਗ ਵਿੱਚ ਆਏ ਕਮੇਟੀ ਮੈਂਬਰਜ਼ ਦਾ ਧੰਨਵਾਦ ਕਰਦੇ ਹੋਏ ਮੰਡਲ ਸਮਰਾਲਾ ਦੇ ਸਮੂਹ ਪੈਨਸ਼ਨਰਜ਼ ਸਾਥੀਆਂ ਨੂੰ ਰੋਪੜ ਸਰਕਲ ਦਿੱਤੇ ਜਾ ਰਹੇ ਧਰਨੇ ਵਿੱਚ ਪਹੁੰਚਣ ਦੀ, ਹੜ੍ਹ ਪੀੜਤਾਂ ਦੀ ਵੱਧ ਤੋਂ ਵੱਧ ਸਹਾਇਤਾ ਕਰਨ ਦੀ ਅਪੀਲ ਕੀਤੀ ਅਤੇ ਪੰਜਾਬ ਦੀ ਸੂਝਵਾਨ ਜਨਤਾ ਨੂੰ ਆਪਣਾ ਆਪਸੀ ਭਾਈਚਾਰਾ ਕਾਇਮ ਰੱਖਣ ਦੀ ਬੇਨਤੀ ਕੀਤੀ ਗਈ।ਅਖੀਰ ਵਿੱਚ ਸਿਕੰਦਰ ਸਿੰਘ ਮੰਡਲ ਪ੍ਰਧਾਨ ਨੇ ਮੀਟਿੰਗ ਵਿੱਚ ਆਏ ਕਮੇਟੀ ਮੈਂਬਰਜ਼ ਦਾ ਧੰਨਵਾਦ ਕਰਦੇ ਹੋਏ ਮੰਡਲ ਸਮਰਾਲਾ ਦੇ ਸਮੂਹ ਪੈਨਸ਼ਨਰਜ਼ ਸਾਥੀਆਂ ਨੂੰ ਰੋਪੜ ਸਰਕਲ ਦਿੱਤੇ ਜਾ ਰਹੇ ਧਰਨੇ ਵਿੱਚ ਪਹੁੰਚਣ ਦੀ, ਹੜ੍ਹ ਪੀੜਤਾਂ ਦੀ ਵੱਧ ਤੋਂ ਵੱਧ ਸਹਾਇਤਾ ਕਰਨ ਦੀ ਅਪੀਲ ਕੀਤੀ ਅਤੇ ਪੰਜਾਬ ਦੀ ਸੂਝਵਾਨ ਜਨਤਾ ਨੂੰ ਆਪਣਾ ਆਪਸੀ ਭਾਈਚਾਰਾ ਕਾਇਮ ਰੱਖਣ ਦੀ ਬੇਨਤੀ ਕੀਤੀ ਗਈ।

## ਜੀ ਜੀ ਐਨ ਆਈ ਐਮ ਟੀ ਵਿਖੇ ਪ੍ਰਾਹੁਣਚਾਰੀ ਪੇਸ਼ੇਵਰਾਂ ਦੀ ਸਿਰਜਣਾਤਮਕਤਾ ਅਤੇ ਪ੍ਰਾਹੁਣਚਾਰੀ ਦੇ ਹੁਨਰ ਦਾ ਪ੍ਰਦਰਸ਼ਨ



ਲੁਧਿਆਣਾ, 24 ਸਤੰਬਰ (ਵਿਸ਼ਾਲ ਸ਼ਰਮਾ) ਗੁਜਰਾਂਵਾਲਾ ਗੁਰੂ ਨਾਨਕ ਇੰਸਟੀਚਿਊਟ ਆਫ਼ ਮੈਨੇਜਮੈਂਟ ਐਂਡ ਟੈਕਨਾਲੋਜੀ (77©9$“), ਘੁਮਾਰ ਮੰਡੀ, ਲੁਧਿਆਣਾ ਦੇ ਹੋਟਲ ਮੈਨੇਜਮੈਂਟ ਵਿਭਾਗ ਨੇ ਆਪਣੇ ਕੈਂਪਸ ਵਿੱਚ ਇੱਕ ਮੌਕਟੇਲ ਬਾਰ ਅਤੇ ਲਾਈਵ ਕਾਂਟੀਨੈਂਟਲ ਸਨੈਕਸ ਪ੍ਰੋਗਰਾਮ ਦਾ ਆਯੋਜਨ ਕੀਤਾ, ਜਿਸ ਵਿੱਚ ਇਸਦੇ ਉਭਰਦੇ ਪ੍ਰਾਹੁਣਚਾਰੀ ਪੇਸ਼ੇਵਰਾਂ ਦੀ ਸਿਰਜਣਾਤਮਕਤਾ ਅਤੇ ਪ੍ਰਾਹੁਣਚਾਰੀ ਦੇ ਹੁਨਰ ਦਾ ਪ੍ਰਦਰਸ਼ਨ ਕੀਤਾ ਗਿਆ। ਵਿਭਾਗੀ ਰੈਸਟੋਰੈਂਟ ਵਿਖੇ ਆਯੋਜਿਤ ਇਸ ਪ੍ਰੋਗਰਾਮ ਦੌਰਾਨ, ਤਾਜ਼ਗੀ ਭਰਪੂਰ ਮੌਕਟੇਲਾਂ ਦੀ ਇੱਕ ਵਿਸ਼ਾਲ ਕਿਸਮ, ਗੋਰਮੇਟ ਸਨੈਕਸ ਦੀ ਇੱਕ ਸ਼੍ਰੇਣੀ ਦੇ ਨਾਲ - ਇਹ ਸਾਰੇ ਫੈਕਲਟੀ ਟੀਮ ਦੇ ਮਾਰਗਦਰਸ਼ਨ ਨਾਲ ਵਿਦਿਆਰਥੀਆਂ ਦੁਆਰਾ ਤਿਆਰ ਕੀਤੇ ਅਤੇ ਪਰੋਸੇ ਗਏ, ਮਹਿਮਾਨਾਂ ਅਤੇ ਵਿਦਿਆਰਥੀਆਂ ਲਈ ਇੱਕ ਸ਼ਾਨਦਾਰ ਫਾਈਨ ਡਾਇਨ ਅਨੁਭਵ ਤਿਆਰ ਕੀਤਾ।ਵਿਦਿਆਰਥੀਆਂ ਨੇ ਮੀਨੂ ਤਿਆਰ ਕਰਨ, ਪਕਵਾਨ ਤਿਆਰ ਕਰਨ ਅਤੇ ਆਪਣੀਆਂ ਰਚਨਾਵਾਂ ਨੂੰ ਪੇਸ਼ੇਵਰ ਸੁਭਾਅ ਨਾਲ ਪੇਸ਼ ਕਰਨ ਵਿੱਚ ਅਗਵਾਈ ਕੀਤੀ। ਸੁਆਦੀ ਮੋਜੀਟੋ ਅਤੇ ਟ੍ਰੋਪੀਕਲ ਫਲ ਪੰਚ ਤੋਂ ਲੈ ਕੇ ਗੋਰਮੇਟ ਸਲਾਈਡਰ ਅਤੇ ਫਿਊਜ਼ਨ ਬਾਈਟਸ ਤੱਕ, ਪੇਸ਼ਕਸ਼ਾਂ ਨੇ ਰਚਨਾਤਮਕਤਾ ਅਤੇ ਰਸੋਈ ਹੁਨਰ ਨੂੰ ਪ੍ਰਦਰਸ਼ਿਤ ਕੀਤਾ। ਇਸ ਮੌਕੇ ਮੁੱਖ ਮਹਿਮਾਨ, ਜੀਕੇਈਸੀ ਦੇ ਪ੍ਰਧਾਨ ਡਾ. ਐਸਪੀ ਸਿੰਘ ਨੇ ਕਿਹਾ, ਇਸ ਤਰ੍ਹਾਂ ਦੇ ਸਮਾਗਮ ਨਾ ਸਿਰਫ਼ ਸਾਡੇ ਵਿਦਿਆਰਥੀਆਂ ਦੀ ਸਿਰਜਣਾਤਮਕ ਸਮਰੱਥਾ ਨੂੰ ਸਾਹਮਣੇ ਲਿਆਉਂਦੇ ਹਨ ਬਲਕਿ ਉਨ੍ਹਾਂ ਨੂੰ ਅਸਲ-ਸੰਸਾਰ ਦੇ ਪਰਾਹੁਣਚਾਰੀ ਦ੍ਰਿਸ਼ਾਂ ਲਈ ਵੀ ਤਿਆਰ ਕਰਦੇ ਹਨ। ਸਾਨੂੰ ਉਨ੍ਹਾਂ ਦੇ ਸਮਰਪਣ ਅਤੇ ਜਨੂੰਨ ਤੇ ਮਾਣ ਹੈ। ਜੀਕੇਈਸੀ ਦੇ ਜਨਰਲ ਸਕੱਤਰ ਸ. ਹਰਸ਼ਰਨ ਸਿੰਘ ਨਰੂਲਾ ਅਤੇ ਜੀਕੇਈਸੀ ਦੇ ਸੀਨੀਅਰ ਮੈਂਬਰ ਸ. ਕੁਲਜੀਤ ਸਿੰਘ ਨੇ ਵੀ ਇਸ ਸਮਾਗਮ ਵਿੱਚ ਸ਼ਿਰਕਤ ਕੀਤੀ।ਜੀਜੀਐਨਆਈਐਮਟੀ ਦੇ ਡਾਇਰੈਕਟਰ ਪ੍ਰੋ. ਮਨਜੀਤ ਸਿੰਘ ਛਾਬੜਾ ਨੇ ਇਸ ਪਹਿਲਕਦਮੀ ਦੀ ਸ਼ਲਾਘਾ ਕਰਦੇ ਹੋਏ ਅੱਗੇ ਕਿਹਾ ਕਿ ਇਸ ਸਮਾਗਮ ਨੇ ਟੀਮ ਵਰਕ, ਪੇਸ਼ਕਾਰੀ ਅਤੇ ਗਾਹਕ ਸੇਵਾ ਵਰਗੇ ਜ਼ਰੂਰੀ ਪਰਾਹੁਣਚਾਰੀ ਹੁਨਰਾਂ ਦੇ ਵਿਕਾਸ ਨੂੰ ਸੁਵਿਧਾਜਨਕ ਬਣਾਇਆ ਹੈ। ਜੀਜੀਐਨਆਈਐਮਟੀ ਦੇ ਪ੍ਰਿੰਸੀਪਲ ਡਾ. ਹਰਪ੍ਰੀਤ ਸਿੰਘ ਨੇ ਇਸ ਸਮਾਗਮ ਦੀ ਸਫਲਤਾ ਦਾ ਸਿਹਰਾ ਜੀਜੀਐਨਆਈਐਮਟੀ ਵਿੱਚ ਪ੍ਰਫੁੱਲਤ ਕੀਤੇ ਗਏ ਵਿਹਾਰਕ ਸਿਖਲਾਈ ਅਤੇ ਨਵੀਨਤਾ ਦੇ ਉੱਚ ਮਿਆਰ ਨੂੰ ਦਿੱਤਾ। ਇਸ ਸਮਾਗਮ ਵਿੱਚ ਵਿਦਿਆਰਥੀਆਂ, ਫੈਕਲਟੀ ਮੈਂਬਰਾਂ ਅਤੇ ਵਿਭਾਗਾਂ ਦੇ ਮਹਿਮਾਨਾਂ ਨੇ ਵੀ ਉਤਸ਼ਾਹ ਨਾਲ ਭਾਗੀਦਾਰੀ ਕੀਤੀ। ਇਸਨੇ ਵਿਦਿਆਰਥੀਆਂ ਲਈ ਗਾਹਕ ਸੇਵਾ, ਟੀਮ ਵਰਕ ਅਤੇ ਰਸੋਈ ਨਵੀਨਤਾ ਦਾ ਅਭਿਆਸ ਕਰਨ ਲਈ ਇੱਕ ਪਲੇਟਫਾਰਮ ਵਜੋਂ ਵੀ ਕੰਮ ਕੀਤਾ ਜੋ ਕਿ ਪਰਾਹੁਣਚਾਰੀ ਉਦਯੋਗ ਲਈ ਮੁੱਖ ਹੁਨਰ ਹਨ।

## ਵਿਧਾਇਕ ਰਣਬੀਰ ਸਿੰਘ ਭੁੱਲਰ ਨੇ ਅਨਾਜ ਮੰਡੀ ਫ਼ਿਰੋਜ਼ਪੁਰ ਸ਼ਹਿਰ ਵਿਖੇ ਝੋਨੇ ਦੀ ਸਰਕਾਰੀ ਖ਼ਰੀਦ ਸ਼ੁਰੂ ਕਰਵਾਈ



ਫ਼ਿਰੋਜ਼ਪੁਰ, 24 ਸਤੰਬਰ: ਤਿਵਾੜੀ : ਜ਼ਿਲ੍ਹੇ ਦੀਆਂ ਅਨਾਜ ਮੰਡੀਆਂ ਵਿਚ ਝੋਨੇ ਦੀ ਆਮਦ ਹੋਣ ਦੇ ਨਾਲ ਹੀ ਸਰਕਾਰੀ ਖ਼ਰੀਦ ਸ਼ੁਰੂ ਹੋ ਗਈ ਹੈ। ਅੱਜ ਵਿਧਾਨ ਸਭਾ ਹਲਕਾ ਫ਼ਿਰੋਜ਼ਪੁਰ ਸ਼ਹਿਰੀ ਦੇ ਵਿਧਾਇਕ ਸ. ਰਣਬੀਰ ਸਿੰਘ ਭੁੱਲਰ ਨੇ ਅਨਾਜ ਮੰਡੀ ਫ਼ਿਰੋਜ਼ਪੁਰ ਸ਼ਹਿਰ ਵਿਖੇ ਪਹੁੰਚ ਕੇ ਕਿਸਾਨਾਂ ਦਾ ਮੂੰਹ ਮਿੱਠਾ ਕਰਵਾ ਕੇ ਰਸਮੀ ਤੌਰ 'ਤੇ ਝੋਨੇ ਦੀ ਸਰਕਾਰੀ ਖਰੀਦ ਸ਼ੁਰੂ ਕਰਵਾਈ। ਇਸ ਮੌਕੇ ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ, ਕਿਸਾਨ ਵੀਰਾਂ ਨੂੰ ਅਨਾਜ ਮੰਡੀਆਂ ਵਿਚ ਹਰ ਸੁਵਿਧਾ ਉਪਲੱਬਧ ਕਰਵਾਉਣ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਮੌਜੂਦਾ ਸੀਜ਼ਨ ਦੌਰਾਨ ਕਿਸਾਨਾਂ, ਆੜ੍ਹਤੀਆਂ ਅਤੇ ਮਜ਼ਦੂਰਾਂ ਨੂੰ ਮੰਡੀਆਂ ਵਿਚ ਕੋਈ ਮੁਸ਼ਕਲ ਪੇਸ਼ ਨਹੀਂ ਆਉਣ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਮੰਡੀਆਂ ਵਿਚ ਝੋਨੇ ਦੀ ਆਮਦ, ਖਰੀਦ, ਲਿਫਟਿੰਗ ਅਤੇ ਸਮੇਂ ਸਿਰ ਅਦਾਇਗੀ ਲਈ ਢੁੱਕਵੇਂ ਪ੍ਰਬੰਧ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਕਿਸਾਨਾਂ ਦੀ ਫ਼ਸਲ ਦੇ ਦਾਣੇ-ਦਾਣੇ ਦੀ ਖਰੀਦ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਸਮੂਹ ਖ਼ਰੀਦ ਏਜੰਸੀਆਂ ਦੇ ਅਧਿਕਾਰੀਆਂ ਨੂੰ ਝੋਨੇ ਦੀ ਖਰੀਦ, ਲਿਫਟਿੰਗ, ਬਾਰਦਾਨੇ ਦੀ ਉਪਲਬੱਧਤਾ, ਟਰਾਂਸਪੋਰਟੇਸ਼ਨ, ਲੇਬਰ ਸਮੇਤ ਬਿਜਲੀ, ਪੀਣ ਲਈ ਸਾਫ਼ ਪਾਣੀ, ਸਾਫ਼ ਸਫ਼ਾਈ, ਪਖਾਨਿਆਂ ਦੀ ਸੁਵਿਧਾ ਸਬੰਧੀ ਕੋਈ ਵੀ ਲਾਪਰਵਾਹੀ ਨਾ ਵਰਤਣ ਅਤੇ ਸਰਕਾਰ ਦੀਆਂ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਨ ਦੇ ਸਪੱਸ਼ਟ ਦਿਸ਼ਾ-ਨਿਰਦੇਸ਼ ਦਿੱਤੇ ਗਏ ਹਨ। ਉਨ੍ਹਾਂ ਕਿਸਾਨ ਵੀਰਾਂ ਨੂੰ ਅਪੀਲ ਕੀਤੀ ਕਿ ਉਹ ਫ਼ਸਲ ਪੂਰੀ ਤਰ੍ਹਾਂ ਪੱਕ ਜਾਣ 'ਤੇ ਹੀ ਵਾਢੀ ਕਰਨ, ਤਾਂ ਜੋ ਨਿਰਧਾਰਿਤ 17 ਫ਼ੀਸਦੀ ਤੋਂ ਵੱਧ ਨਮੀ ਦੀ ਮਾਤਰਾ ਨਾ ਹੋਵੇ। ਉਨ੍ਹਾਂ ਨੇ ਕਿਸਾਨਾਂ ਨੂੰ ਪਰਾਲੀ ਨੂੰ ਅੱਗ ਨਾ ਲਗਾਉਣ, ਖੇਤੀਬਾੜੀ ਵਿਭਾਗ ਵੱਲੋਂ ਉਪਲੱਬਧ ਮਸ਼ੀਨਰੀ ਦੀ ਵਰਤੋਂ ਕਰਕੇ ਜ਼ਿੰਮੇਵਾਰੀ ਨਾਲ ਫ਼ਸਲ ਦੀ ਰਹਿੰਦ-ਖੂਹੰਦ ਦਾ ਪ੍ਰਬੰਧਨ ਕਰਨ ਦੀ ਅਪੀਲ ਵੀ ਕੀਤੀ ਤਾਂ ਜੋ ਵਾਤਾਵਰਣ ਪ੍ਰਦੂਸ਼ਿਤ ਨਾ ਹੋਵੇ।ਇਸ ਮੌਕੇ ਜਿਤਿਨ ਵਰਮਾ ਡੀ.ਐਫ਼.ਐਸ.ਸੀ., ਜਸਮੀਤ ਸਿੰਘ ਬਰਾੜ ਜ਼ਿਲ੍ਹਾ ਮੰਡੀ ਅਫ਼ਸਰ, ਬਲਰਾਜ ਸਿੰਘ ਕਟੋਰਾ ਚੇਅਰਮੈਨ ਮਾਰਕਿਟ ਕਮੇਟੀ ਫ਼ਿਰੋਜ਼ਪੁਰ ਸ਼ਹਿਰ, ਬਿਕਰਮਜੀਤ ਸਿੰਘ ਸਕੱਤਰ ਮਾਰਕਿਟ ਕਮੇਟੀ, ਤਿਲਕ ਰਾਜ ਪ੍ਰਧਾਨ (ਆੜ੍ਹਤੀਆ ਐਸੋਸੀਏਸ਼ਨ) ਤੋਂ ਇਲਾਵਾ ਮਾਰਕੀਟ ਕਮੇਟੀ ਅਤੇ ਫੂਡ ਸਪਲਾਈ ਵਿਭਾਗ ਦੇ ਅਧਿਕਾਰੀ ਮੌਜੂਦ ਸਨ।

## ਮਿਸ਼ਨ ਚੜ੍ਹਦੀ ਕਲਾ ਡੀ.ਸੀ ਨੇ ਹੜ੍ਹ ਪ੍ਰਭਾਵਿਤ ਇਲਾਕਿਆਂ ਲਈ ਸਹਾਇਤਾ ਦੀ ਅਪੀਲ ਕੀਤੀ



ਲੁਧਿਆਣਾ, 24 ਸਤੰਬਰ (ਵਿਸ਼ਾਲ ਸ਼ਰਮਾ) ਡਿਪਟੀ ਕਮਿਸ਼ਨਰ ਹਿਮਾਂਸ਼ੂ ਜੈਨ ਨੇ ਬੁੱਧਵਾਰ ਨੂੰ ਲੁਧਿਆਣਾ ਵਾਸੀਆਂ ਨੂੰ ਸੂਬੇ ਦੇ ਹੜ੍ਹ ਪ੍ਰਭਾਵਿਤ ਇਲਾਕਿਆਂ ਦੇ ਸਮਰਥਨ ਵਿੱਚ ਇੱਕਜੁੱਟ ਹੋਣ ਦਾ ਸੱਦਾ ਦਿੱਤਾ, ਸਮੂਹਿਕ ਸਹਾਇਤਾ ਦੀ ਤੁਰੰਤ ਲੋੜ ਤੇ ਜ਼ੋਰ ਦਿੱਤਾ। ਸੰਕਟ ਨੂੰ ਹੱਲ ਕਰਨ ਲਈ ਸੂਬਾ ਸਰਕਾਰ ਵੱਲੋਂ ਚੱਲ ਰਹੇ ਯਤਨਾਂ ਨੂੰ ਉਜਾਗਰ ਕਰਦੇ ਹੋਏ, ਹਿਮਾਂਸ਼ੂ ਜੈਨ ਨੇ ਜ਼ੋਰ ਦੇ ਕੇ ਕਿਹਾ ਕਿ ਵਿਨਾਸ਼ਕਾਰੀ ਹੜ੍ਹਾਂ ਤੋਂ ਪ੍ਰਭਾਵਿਤ ਲੋਕਾਂ ਦੀਆਂ ਵਿਆਪਕ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਹੋਰ ਸਹਾਇਤਾ ਬਹੁਤ ਜ਼ਰੂਰੀ ਹੈ। ਉਨ੍ਹਾਂ ਉਦਯੋਗਪਤੀਆਂ, ਸਮਾਜਿਕ ਸੰਗਠਨਾਂ ਅਤੇ ਗੈਰ-ਸਰਕਾਰੀ ਸੰਗਠਨਾਂ ਨੂੰ ਅੱਗੇ ਆਉਣ ਅਤੇ ਰਾਹਤ ਕਾਰਜਾਂ ਵਿੱਚ ਯੋਗਦਾਨ ਪਾਉਣ ਦੀ ਅਪੀਲ ਕੀਤੀ। ਹਿਮਾਂਸ਼ੂ ਜੈਨ ਨੇ ਮਿਸ਼ਨ ਚੜ੍ਹਦੀ ਕਲਾ ਬਾਰੇ ਚਾਨਣਾ ਪਾਇਆ, ਜੋ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੁਆਰਾ ਹੜ੍ਹ ਪੀੜਤਾਂ ਦੇ ਪੁਨਰਵਾਸ ਅਤੇ ਰਾਜ ਦੇ ਪ੍ਰਭਾਵਿਤ ਖੇਤਰਾਂ ਦੀ ਬਹਾਲੀ ਲਈ ਫੰਡ ਜੁਟਾਉਣ ਲਈ ਇੱਕ ਵਿਸ਼ਵਵਿਆਪੀ ਮੁਹਿੰਮ ਸ਼ੁਰੂ ਕੀਤੀ ਗਈ ਸੀ। ਉਨ੍ਹਾਂ ਨੇ ਇਸ ਮਹੱਤਵਪੂਰਨ ਪਹਿਲਕਦਮੀ ਵਿੱਚ ਵਿਆਪਕ ਭਾਗੀਦਾਰੀ ਨੂੰ ਯਕੀਨੀ ਬਣਾ ਕੇ ਸਾਥੀ ਪੰਜਾਬੀਆਂ ਲਈ ਮੁੜ ਨਿਰਮਾਣ ਅਤੇ ਉਮੀਦ ਬਹਾਲ ਕਰਨ ਲਈ ਲੋਕਾਂ ਨੂੰ ਇਕੱਠੇ ਹੋਣ ਦਾ ਸੱਦਾ ਦਿੱਤਾ




# ਹਾਈ ਕੋਰਟ ਵੱਲੋਂ ਅਫਜ਼ਲ ਗੁਰੂ ਅਤੇ ਮਕਬੂਲ ਭੱਟ ਦੀਆਂ ਕਬਰਾਂ ਹਟਾਉਣ ਲਈ ਪਟੀਸ਼ਨ 'ਤੇ ਸੁਣਵਾਈ ਤੋਂ ਨਾਂਹ

ਨਵੀਂ ਦਿੱਲੀ, 24 ਸਤੰਬਰ (ਚ. ਨ. ਸ. : ਦਿੱਲੀ ਹਾਈ ਕੋਰਟ ਨੇ ਬੁੱਧਵਾਰ ਨੂੰ ਇੱਥੇ ਤਿਹਾੜ ਜੇਲ੍ਹ ਕੰਪਲੈਕਸ ਵਿੱਚੋਂ ਅਤਿਵਾਦੀ ਮੁਹੰਮਦ ਅਫਜ਼ਲ ਗੁਰੂ ਅਤੇ ਮੁਹੰਮਦ ਮਕਬੂਲ ਭੱਟ ਦੀਆਂ ਕਬਰਾਂ ਨੂੰ ਹਟਾਉਣ ਦੇ ਨਿਰਦੇਸ਼ਾਂ ਦੀ ਮੰਗ ਕਰਨ ਵਾਲੀ ਇੱਕ ਪਟੀਸ਼ਨ 'ਤੇ ਸੁਣਵਾਈ ਚੀਫ਼ ਜਸਟਿਸ ਦੇਵੇਂਦਰ ਕੁਮਾਰ ਉਪਾਧਿਆਏ ਅਤੇ ਜਸਟਿਸ ਤੁਸ਼ਾਰ ਰਾਓ ਗੇਡੇਲਾ ਦੇ ਬੈਂਚ ਨੇ ਪਟੀਸ਼ਨਰਾਂ ਨੂੰ ਪਟੀਸ਼ਨ ਵਾਪਸ ਲੈਣ ਦੀ ਇਜਾਜ਼ਤ ਦਿੱਤੀ ਅਤੇ ਇਸ ਨੂੰ ਵਾਪਸ ਲਈ ਗਈ ਮੰਨ ਕੇ ਖਾਰਜ ਕਰ ਦਿੱਤਾ ।ਬੈਂਚ ਨੇ ਕਿਹਾ, ਜਨਹਿੱਤ ਪਟੀਸ਼ਨ ਵਿੱਚ ਰਾਹਤ ਲਈ ਅਦਾਲਤ ਤੱਕ ਪਹੁੰਚ ਕਰਨ ਲਈ, ਤੁਹਾਨੂੰ ਸਾਨੂੰ ਸੰਵਿਧਾਨਕ ਅਧਿਕਾਰਾਂ, ਮੌਲਿਕ ਅਧਿਕਾਰਾਂ ਜਾਂ ਕਾਨੂੰਨੀ ਅਧਿਕਾਰਾਂ ਦੀ ਉਲੰਘਣਾ ਦਿਖਾਉਣੀ ਪਵੇਗੀ। ਕੋਈ ਵੀ ਕਾਨੂੰਨ ਜਾਂ ਨਿਯਮ ਜੇਲ੍ਹ ਕੰਪਲੈਕਸ ਦੇ ਅੰਦਰ ਸਸਕਾਰ ਜਾਂ ਦਫ਼ਨਾਉਣ ਦੀ ਮਨਾਹੀ ਨਹੀਂ ਕਰਦਾ।ਪਟੀਸ਼ਨ ਵਿੱਚ ਸਬੰਧਤ ਅਧਿਕਾਰੀਆਂ ਨੂੰ 'ਅਤਿਵਾਦ ਨੂੰ ਵਧਾਵਾ ਦੇਣ' ਅਤੇ ਜੇਲ੍ਹ ਕੰਪਲੈਕਸ ਦੀ ਦੁਰਵਰਤੋਂ ਨੂੰ ਰੋਕਣ ਲਈ, ਜੇ ਲੋੜ ਹੋਵੇ ਤਾਂ ਮ੍ਰਿਤਕ ਦੇਹਾਂ ਨੂੰ ਕਿਸੇ ਗੁਪਤ ਸਥਾਨ 'ਤੇ ਤਬਦੀਲ ਕਰਨ ਦੇ ਨਿਰਦੇਸ਼ ਦੇਣ ਦੀ ਵੀ ਮੰਗ ਕੀਤੀ ਗਈ ਸੀ।ਵਿਸ਼ਵ ਵੈਦਿਕ ਸਨਾਤਨ ਸੰਘ ਅਤੇ ਜਤਿੰਦਰ ਸਿੰਘ ਵੱਲੋਂ ਦਾਇਰ ਕੀਤੀ ਗਈ ਪਟੀਸ਼ਨ ਵਿੱਚ ਦਾਅਵਾ ਕੀਤਾ ਗਿਆ ਸੀ ਕਿ ਰਾਜ-ਨਿਯੰਤਰਿਤ ਜੇਲ੍ਹ ਦੇ ਅੰਦਰ ਇਨ੍ਹਾਂ ਕਬਰਾਂ ਦਾ ਨਿਰਮਾਣ ਅਤੇ ਲਗਾਤਾਰ ਮੌਜੂਦਗੀ 'ਗੈਰ-ਕਾਨੂੰਨੀ, ਗੈਰ-ਸੰਵਿਧਾਨਕ ਅਤੇ ਜਨਤਾ ਦੇ ਹਿੱਤਾਂ ਦੇ ਵਿਰੁੱਧ' ਹੈ।ਪਟੀਸ਼ਨਕਰਤਾਵਾਂ ਦੀ ਨੁਮਾਇੰਦਗੀ ਕਰ ਰਹੇ ਐਡਵੋਕੇਟ ਵਰੁਣ ਕੁਮਾਰ ਸਿਨਹਾ ਨੇ ਦਾਅਵਾ ਕੀਤਾ ਕਿ ਇਨ੍ਹਾਂ ਕਬਰਾਂ ਦੀ ਮੌਜੂਦਗੀ ਨੇ ਕੇਂਦਰੀ ਜੇਲ੍ਹ, ਤਿਹਾੜ ਨੂੰ ਕੱਟੜਪੰਥੀ ਯਾਤਰਾ ਦਾ ਸਥਾਨ ਬਣਾ ਦਿੱਤਾ ਹੈ ਜਿੱਥੇ ਕੱਟੜਪੰਥੀ ਤੱਤ ਦੋਸ਼ੀ ਅਤਿਵਾਦੀਆਂ ਦਾ ਸਤਿਕਾਰ ਕਰਨ ਲਈ ਇਕੱਠੇ ਹੁੰਦੇ ਹਨ।ਉਨ੍ਹਾਂ ਨੇ ਦਲੀਲ ਦਿੱਤੀ, 'ਇਹ ਨਾ ਸਿਰਫ਼ ਕੌਮੀ ਸੁਰੱਖਿਆ ਅਤੇ ਜਨਤਕ ਵਿਵਸਥਾ ਨੂੰ ਕਮਜ਼ੋਰ ਕਰਦਾ ਹੈ, ਬਲਕਿ ਭਾਰਤ ਦੇ ਸੰਵਿਧਾਨ ਦੇ ਤਹਿਤ ਧਰਮ ਨਿਰਪੱਖਤਾ ਅਤੇ ਕਾਨੂੰਨ ਦੇ ਸ਼ਾਸਨ ਦੇ ਸਿਧਾਂਤਾਂ ਦੇ ਸਿੱਧੇ ਵਿਰੋਧ ਵਿੱਚ ਅਤਿਵਾਦ ਨੂੰ ਪਵਿੱਤਰ ਵੀ ਕਰਦਾ ਹੈ।'' ਇਸ 'ਤੇ, ਬੈਂਚ ਨੇ ਪੁੱਛਿਆ ਕਿ ਇਹ ਕਹਿਣ ਲਈ ਡੇਟਾ ਕਿੱਥੇ ਹੈ ਕਿ ਲੋਕ ਗੁਰੂ ਅਤੇ ਭੱਟ ਦੀਆਂ ਕਬਰਾਂ 'ਤੇ ਸ਼ਰਧਾਂਜਲੀ ਭੇਟ ਕਰਨ ਲਈ ਅੰਦਰ ਜਾ ਰਹੇ ਹਨ।ਪਟੀਸ਼ਨ ਵਿੱਚ ਕਿਹਾ ਗਿਆ ਹੈ ਕਿ ਭੱਟ ਅਤੇ ਗੁਰੂ ਦੋਵਾਂ ਨੇ ਕੱਟੜਪੰਥੀ ਜੇਹਾਦੀ ਵਿਚਾਰਧਾਰਾ ਦੇ ਪ੍ਰਭਾਵ ਹੇਠ ਅਤਿਵਾਦ ਦੇ ਕੰਮਾਂ ਨੂੰ ਅੰਜਾਮ ਦਿੱਤਾ ਅਤੇ ਲਾਗੂ ਕੀਤਾ। ਜਿਸ ਨੇ ਭਾਰਤ ਦੀ ਪ੍ਰਭੂਸੱਤਾ, ਖੇਤਰੀ ਅਖੰਡਤਾ ਅਤੇ ਸੁਰੱਖਿਆ ਨੂੰ ਗੰਭੀਰਤਾ ਨਾਲ ਖਤਰਾ ਪੈਦਾ ਕੀਤਾ।ਜ਼ਿਕਰਯੋਗ ਹੈ ਕਿ ਭੱਟ ਨੂੰ 1984 ਵਿੱਚ ਫਾਂਸੀ ਦਿੱਤੀ ਗਈ ਸੀ, ਜਦੋਂ ਕਿ ਗੁਰੂ ਨੂੰ ਫਰਵਰੀ 2013 ਵਿੱਚ ਫਾਂਸੀ ਦਿੱਤੀ ਗਈ ਸੀ।




# ਜਾਇਦਾਦ ਨੂੰ ਨੁਕਸਾਨ ਪਹੁੰਚਾਉਣ ਵਿਰੁੱਧ ਰੇਖਾ ਗੁਪਤਾ ਵੱਲੋਂ ਚੇਤਾਵਨੀ



ਨਵੀਂ ਦਿੱਲੀ, 24 ਸਤੰਬਰ (ਚ. ਨ. ਸ.) : ਜਾਇਦਾਦ ਨੂੰ ਨੁਕਸਾਨ ਪਹੁੰਚਾਉਣ ਵਿਰੁੱਧ ਮੁੱਖ ਮੰਤਰੀ ਰੇਖਾ ਦੀ ਚੇਤਾਵਨੀ, ਸਫਾਈ ਮੁਹਿੰਮ 'ਚ ਲਿਆ ਹਿੱਸਾ। ਦਿੱਲੀ ਦੀ ਮੁੱਖ ਮੰਤਰੀ ਰੇਖਾ ਗੁਪਤਾ ਨੇ ਮੰਗਲਵਾਰ ਨੂੰ ਇੱਕ ਸਫਾਈ ਮੁਹਿੰਮ ਵਿੱਚ ਹਿੱਸਾ ਲੈਂਦੇ ਹੋਏ ਕਿਹਾ ਕਿ ਰਾਸ਼ਟਰੀ ਰਾਜਧਾਨੀ ਵਿੱਚ ਜਾਇਦਾਦ ਨੂੰ ਨੁਕਸਾਨ ਪਹੁੰਚਾਉਣ ਦੀ ਕਿਸੇ ਵੀ ਘਟਨਾ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਮੁੱਖ ਮੰਤਰੀ ਨੇ ਰਾਜਨੀਤਿਕ ਵਰਕਰਾਂ ਨੂੰ ਕਿਸੇ ਵੀ ਸਥਾਨ 'ਤੇ ਉਨ੍ਹਾਂ ਦੀਆਂ ਤਸਵੀਰਾਂ ਵਾਲੇ ਪੋਸਟਰ ਚਿਪਕਾਉਣ ਤੋਂ ਗੁਰੇਜ਼ ਕਰਨ ਲਈ ਕਿਹਾ। ਗੁਪਤਾ ਨੇ ਰਿੰਗ ਰੋਡ 'ਤੇ ਇੱਕ ਫਲਾਈਓਵਰ ਦੇ ਥੰਮ੍ਹ ਤੋਂ ਪੋਸਟਰ ਹਟਾਏ ਤੇ ਨਰਿੰਦਰ ਮੋਦੀ ਦੇ ਜਨਮਦਿਨ ਨੂੰ ਮਨਾਉਣ ਲਈ 'ਸੇਵਾ ਪਖਵਾੜਾ' ਦੇ ਹਿੱਸੇ ਵਜੋਂ ਆਪਣੇ ਸ਼ਾਲੀਮਾਰ ਬਾਗ ਹਲਕੇ ਵਿੱਚ ਇੱਕ ਸਫਾਈ ਮੁਹਿੰਮ ਵਿੱਚ ਹਿੱਸਾ ਲਿਆ।
ਉਨ੍ਹਾਂ ਨੇ ਚੇਤਾਵਨੀ ਦਿੰਦੇ ਹੋਏ ਕਿਹਾ, 'ਦੀਵਾਰਾਂ 'ਤੇ ਲਿਖ ਕੇ ਅਤੇ ਪੋਸਟਰ ਚਿਪਕਾਉਣ ਨਾਲ ਜਾਇਦਾਦ ਨੂੰ ਨੁਕਸਾਨ ਪਹੁੰਚਾਉਣਾ ਇੱਕ ਗੰਭੀਰ ਅਪਰਾਧ ਹੈ ਅਤੇ ਇਸ ਨਾਲ ਸ਼ਹਿਰ ਗੰਦਾ ਹੁੰਦਾ ਹੈ। ਮੈਂ ਖਾਸ ਤੌਰ 'ਤੇ ਸਿਆਸਤਦਾਨਾਂ ਨੂੰ ਬੇਨਤੀ ਕਰਦੀ ਹਾਂ ਕਿ ਜਾਇਦਾਦ ਨੂੰ ਨੁਕਸਾਨ ਪਹੁੰਚਾਉਣ ਦੀ ਕੋਈ ਵੀ ਕੋਸ਼ਿਸ਼ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਮੇਰੀ ਤਸਵੀਰ ਵਾਲੇ ਪੋਸਟਰ ਚਿਪਕਾਉਣ ਦੀ ਹਿੰਮਤ ਨਾ ਕਰੋ।' ਮੁੱਖ ਮੰਤਰੀ ਨੇ ਜ਼ੋਰ ਦੇ ਕੇ ਕਿਹਾ ਕਿ ਸਫਾਈ ਸਿਰਫ਼ ਇੱਕ ਘੰਟੇ ਦਾ ਕੰਮ ਨਹੀਂ ਹੈ, ਸਗੋਂ ਸਮਾਜ ਦੇ ਹਰ ਵਰਗ, ਜਿਸ ਵਿੱਚ ਆਰ.ਡਬਲਯੂ.ਏ., ਜਨ ਪ੍ਰਤੀਨਿਧੀ ਅਤੇ ਆਮ ਨਾਗਰਿਕ ਸ਼ਾਮਲ ਹਨ, ਨੂੰ ਸ਼ਾਮਲ ਕਰਨ ਲਈ ਰੋਜ਼ਾਨਾ ਯਤਨ ਹੋਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਸਫਾਈ ਮੁਹਿੰਮ ਜਾਰੀ ਰਹੇਗੀ। ਲੋਕ ਨਿਰਮਾਣ ਵਿਭਾਗ (ਪੀਡਬਲਯੂਡੀ) ਦੇ ਮੰਤਰੀ ਪਰਵੇਸ਼ ਵਰਮਾ ਨੇ ਵੀ ਸਫਾਈ ਮੁਹਿੰਮ ਵਿੱਚ ਹਿੱਸਾ ਲਿਆ, ਜੋ ਦਿੱਲੀ ਦੇ ਰਿੰਗ ਰੋਡ (ਮਹਾਤਮਾ ਗਾਂਧੀ ਮਾਰਗ) 'ਤੇ ਕੇਂਦ੍ਰਿਤ ਸੀ। ਸੇਵਾ ਪਖਵਾੜਾ ਪ੍ਰੋਗਰਾਮਾਂ ਦੇ ਤਹਿਤ, ਲੋਕ ਨਿਰਮਾਣ ਵਿਭਾਗ (ਪੀਡਬਲਯੂਡੀ) ਨੇ 55 ਕਿਲੋਮੀਟਰ ਲੰਬੇ ਰਿੰਗ ਰੋਡ ਨੂੰ ਅੱਠ ਅਧਿਕਾਰ ਖੇਤਰ ਵਾਲੇ ਭਾਗਾਂ ਵਿੱਚ ਵੰਡਿਆ ਹੈ ਅਤੇ ਅਗਲੇ ਪੰਦਰਵਾੜੇ ਲਈ ਸਫਾਈ ਅਤੇ ਮੁਰੰਮਤ ਦੇ ਕੰਮ ਦੀ ਨਿਗਰਾਨੀ ਕਰਨ ਲਈ ਹਰੇਕ ਭਾਗ ਲਈ ਇੱਕ ਇੰਜੀਨੀਅਰ-ਇੰਚਾਰਜ ਨਿਯੁਕਤ ਕੀਤਾ ਹੈ। ਦਿੱਲੀ ਦੇ ਮੰਤਰੀਆਂ, ਵਿਧਾਇਕਾਂ ਅਤੇ ਸੀਨੀਅਰ ਪਾਰਟੀ ਆਗੂਆਂ ਨੇ ਵੀ ਇਸ ਮੁਹਿੰਮ ਵਿੱਚ ਹਿੱਸਾ ਲਿਆ। ਭਾਰਤੀ ਜਨਤਾ ਪਾਰਟੀ (ਭਾਜਪਾ) ਦੀ ਦਿੱਲੀ ਇਕਾਈ ਦੇ ਪ੍ਰਧਾਨ ਵੀਰੇਂਦਰ ਸਚਦੇਵਾ ਨੇ ਰਿੰਗ ਰੋਡ 'ਤੇ ਆਈਟੀਓ ਫਲਾਈਓਵਰ ਦੇ ਹੇਠਾਂ ਰਾਜ ਗਾਰਡਨ ਨੇੜੇ ਇਸ ਮੁਹਿੰਮ ਵਿੱਚ ਹਿੱਸਾ ਲਿਆ।
ਦਿੱਲੀ ਭਾਜਪਾ ਵੱਲੋਂ ਜਾਰੀ ਇੱਕ ਬਿਆਨ ਵਿੱਚ ਕਿਹਾ ਗਿਆ ਹੈ ਕਿ ਇਸ ਮੁਹਿੰਮ ਦੇ ਹਿੱਸੇ ਵਜੋਂ, ਪਾਰਟੀ ਵਰਕਰਾਂ ਅਤੇ ਆਗੂਆਂ ਨੇ ਰਿੰਗ ਰੋਡ 'ਤੇ 71 ਥਾਵਾਂ ਦੀ ਸਫਾਈ ਕੀਤੀ, ਜਿਸ ਵਿੱਚ ਫਲਾਈਓਵਰ ਅਤੇ ਆਲੇ-ਦੁਆਲੇ ਦੇ ਖੇਤਰ ਸ਼ਾਮਲ ਹਨ।

## ਰੇਲਵੇ ਕਰਮਚਾਰੀਆਂ ਨੂੰ ਕੇਂਦਰ ਸਰਕਾਰ ਦਾ ਤੋਹਫ਼ਾ, 78 ਦਿਨਾਂ ਦੇ ਬੋਨਸ ਦਾ ਐਲਾਨ

ਨਵੀਂ ਦਿੱਲੀ, 24 ਸਤੰਬਰ (ਚ.ਨ.ਸ.) : ਕੇਂਦਰੀ ਮੰਤਰੀ ਮੰਡਲ ਨੇ ਬੁੱਧਵਾਰ ਨੂੰ ਛੇ ਵੱਡੇ ਫੈਸਲੇ ਲਏ, ਜਿਸ ਵਿੱਚ 10.91 ਲੱਖ ਤੋਂ ਵੱਧ ਰੇਲਵੇ ਕਰਮਚਾਰੀਆਂ ਨੂੰ 78 ਦਿਨਾਂ ਲਈ ਉਤਪਾਦਕਤਾ-ਲਿੰਕਡ ਬੋਨਸ ਵਜੋਂ 1,865.68 ਕਰੋੜ ਰੁਪਏ ਦੇ ਭੁਗਤਾਨ ਨੂੰ ਮਨਜ਼ੂਰੀ ਦੇਣਾ ਸ਼ਾਮਲ ਹੈ।ਕੇਂਦਰੀ ਕੈਬਨਿਟ ਨੇ ਰੇਲਵੇ ਕਰਮਚਾਰੀਆਂ ਲਈ ਇੱਕ ਮਹੱਤਵਪੂਰਨ ਫੈਸਲਾ ਲਿਆ ਹੈ। 10.91 ਲੱਖ ਤੋਂ ਵੱਧ ਰੇਲਵੇ ਕਰਮਚਾਰੀਆਂ ਨੂੰ 78 ਦਿਨਾਂ ਦੇ ਉਤਪਾਦਕਤਾ-ਸੰਬੰਧਿਤ ਬੋਨਸ ਵਜੋਂ ?1,865.68 ਕਰੋੜ ਦਾ ਭੁਗਤਾਨ ਕੀਤਾ ਜਾਵੇਗਾ। ਇਸ ਫੈਸਲੇ ਨਾਲ ਰੇਲਵੇ ਕਰਮਚਾਰੀਆਂ ਨੂੰ ਵਿੱਤੀ ਤੌਰ 'ਤੇ ਲਾਭ ਹੋਵੇਗਾ ਅਤੇ ਉਨ੍ਹਾਂ ਦੀ ਕੁਸ਼ਲਤਾ ਵਿੱਚ ਸੁਧਾਰ ਹੋਵੇਗਾ। ਇਹ ਫੈਸਲਾ ਕਰਮਚਾਰੀ ਭਲਾਈ ਪ੍ਰਤੀ ਸਰਕਾਰ ਦੀ ਵਚਨਬੱਧਤਾ ਨੂੰ ਦਰਸਾਉਂਦਾ ਹੈ।

## ਮੁਲਜ਼ਮ ਗਗਨਪ੍ਰੀਤ ਕੌਰ ਦੇ ਵਕੀਲ ਨੇ ਜ਼ਮਾਨਤ ਪਟੀਸ਼ਨ 'ਤੇ ਦਲੀਲਾਂ ਦਿੱਤੀਆਂ

ਨਵੀਂ ਦਿੱਲੀ, 24 ਸਤੰਬਰ (ਚ.ਨ.ਸ.:: ਰਾਜਧਾਨੀ ਦਿੱਲੀ ਦੇ ਧੌਲਾ ਕੂੰਆਂ ਇਲਾਕੇ ਵਿੱਚ 14 ਸਤੰਬਰ ਨੂੰ ਇੱਕ BMW ਕਾਰ ਨੇ ਬਾਈਕ ਸਵਾਰ ਜੋੜੇ ਨੂੰ ਟੱਕਰ ਮਾਰ ਦਿੱਤੀ ਸੀ। ਇਸ ਹਾਦਸੇ ਵਿੱਚ ਬਾਈਕ ਸਵਾਰ ਨਵਜੋਤ ਸਿੰਘ ਦੀ ਮੌਤ ਹੋ ਗਈ ਅਤੇ ਉਸ ਦੀ ਪਤਨੀ ਜ਼ਖਮੀ ਹੋ ਗਈ ਸੀ। ਮ੍ਰਿਤਕ ਨਵਜੋਤ ਸਿੰਘ ਵਿੱਤ ਮੰਤਰਾਲੇ ਵਿੱਚ ਇੱਕ ਸੀਨੀਅਰ ਅਧਿਕਾਰੀ ਸੀ।ਇਸ ਮਾਮਲੇ ਵਿੱਚ ਮੁਲਜ਼ਮ ਔਰਤ ਗਗਨਪ੍ਰੀਤ ਦੀ ਜ਼ਮਾਨਤ ਪਟੀਸ਼ਨ ਦੀ ਸੁਣਵਾਈ ਪਟਿਆਲਾ ਹਾਊਸ ਕੋਰਟ ਵਿੱਚ ਹੋਈ। ਸੁਣਵਾਈ ਦੌਰਾਨ, ਗਗਨਪ੍ਰੀਤ ਦੇ ਵਕੀਲ ਨੇ ਦਾਅਵਾ ਕੀਤਾ ਕਿ ਉਸ ਦਾ ਇਰਾਦਾ ਇਹ ਯਕੀਨੀ ਬਣਾਉਣਾ ਸੀ ਕਿ ਜ਼ਖਮੀਆਂ ਦਾ ਚੰਗਾ ਇਲਾਜ ਹੋਵੇ, ਇਸ ਲਈ ਉਹ ਉਸ ਨੂੰ ਆਪਣੇ ਜਾਣੇ-ਪਛਾਣੇ ਹਸਪਤਾਲ ਲੈ ਗਈ। ਹਸਪਤਾਲ ਲਿਜਾਣ ਤੋਂ ਬਾਅਦ ਵੀ ਗਗਨਪ੍ਰੀਤ ਉੱਥੇ ਹੀ ਮੌਜੂਦ ਰਹੀ। ਗਗਨਪ੍ਰੀਤ ਦੇ ਵਕੀਲ ਨੇ ਕਿਹਾ ਕਿ ਜੇਕਰ ਉਸ ਦੇ ਇਰਾਦੇ ਚੰਗੇ ਨਾ ਹੁੰਦੇ, ਤਾਂ ਉਹ ਫਰਾਰ ਵੀ ਹੋ ਸਕਦੀ ਸੀ।

## ਰੇਲਵੇ ਦਾ ਵੱਡਾ ਤੋਹਫਾ ! ਦੀਵਾਲੀ-ਛੱਠ 'ਤੇ ਚੱਲਣਗੀਆਂ 12000 ਵਿਸ਼ੇਸ਼ ਰੇਲਗੱਡੀਆਂ



ਨਵੀਂ ਦਿੱਲੀ, 24 ਸਤੰਬਰ (ਚ. ਨ. ਸ.) : ਦੇਸ਼ 'ਚ ਦੀਵਾਲੀ ਦੀਆਂ ਤਿਆਰੀਆਂ ਜ਼ੋਰਾਂ 'ਤੇ ਹਨ ਅਤੇ ਨਾਲ ਹੀ ਲੋਕ ਛੱਠ ਪੂਜਾ 'ਤੇ ਵੀ ਆਪਣੇ ਘਰ ਜਾਣ ਲਈ ਨਿਕਲਣ ਲਈ ਟ੍ਰੇਨਾਂ-ਬੱਸਾਂ ਦੀ ਬੁਕਿੰਗ ਕਰਨ ਲੱਗੇ ਹਨ । ਇਨ੍ਹਾਂ ਤਿਉਹਾਰਾਂ 'ਚ ਲੋਕ ਆਪਣੇ ਘਰ ਆਰਾਮ ਨਾਲ ਅਤੇ ਸੁਰੱਖਿਅਤ ਪਹੁੰਚਣ, ਇਸ ਲਈ ਭਾਰਤੀ ਰੇਲਵੇ ਨੇ ਵੀ ਵੱਡੀ ਤਿਆਰੀ ਕੀਤੀ ਹੈ ਅਤੇ ਇਸ ਤਹਿਤ ਪਿਛਲੇ ਸਾਲ ਦੇ ਮੁਕਾਬਲੇ ਇਸ ਸਾਲ ਹੋਰ ਜ਼ਿਆਦਾ ਸਪੈਸ਼ਲ ਟ੍ਰੇਨਾਂ ਚਲਾਈਆਂ ਜਾਣਗੀਆਂ । ਕੇਂਦਰੀ ਰੇਲ ਮੰਤਰੀ ਅਸ਼ਵਨੀ ਵੈਸ਼ਨਵ ਨੇ ਵੀ ਇਸ ਨਾਲ ਜੁੜੀ ਜਾਣਕਾਰੀ ਸਾਂਝੀ ਕੀਤੀ ਹੈ। ਛੱਠ ਅਤੇ ਦੀਵਾਲੀ ਲਈ ਟ੍ਰੇਨ ਸੰਚਾਲਨ 'ਤੇ ਗੱਲ ਕਰਦੇ ਹੋਏ ਕੇਂਦਰੀ ਮੰਤਰੀ ਅਸ਼ਵਨੀ ਵੈਸ਼ਨਵ ਨੇ ਕਿਹਾ ਹੈ ਕਿ ਇਨ੍ਹਾਂ ਤਿਉਹਾਰਾਂ 'ਤੇ ਪਿਛਲੇ ਸਾਲ ਅਸੀਂ 7500 ਸਪੈਸ਼ਲ ਟ੍ਰੇਨਾਂ ਚਲਾਈਆਂ ਸਨ ਅਤੇ ਇਸ ਵਾਰ ਆਪਣੀ ਸਮਰੱਥਾ ਨੂੰ ਹੋਰ ਵੀ ਵਧਾ ਰਹੇ ਹਾਂ। ਉਨ੍ਹਾਂ ਕਿਹਾ ਕਿ ਇਸ ਵਾਰ ਛੱਠ ਅਤੇ ਦੀਵਾਲੀ 'ਤੇ ਯਾਤਰੀਆਂ ਨੂੰ ਉਨ੍ਹਾਂ ਦੇ ਘਰ ਤਕ ਪਹੁੰਚਣ ਲਈ ਭਾਰਤੀ ਰੇਲਵੇ ਦਾ ਟੀਚਾ ਕਰੀਬ 12000 ਸਪੈਸ਼ਲ ਟ੍ਰੇਨਾਂ ਚਲਾਉਣ ਦਾ ਹੈ। ਜ਼ਿਕਰਯੋਗ ਹੈ ਕਿ ਦੀਵਾਲੀ ਅਤੇ ਛੱਠ ਪੂਜਾ ਮੌਕੇ ਦਿੱਲੀ, ਮੁੰਬਈ ਵਰਗੇ ਵੱਡੇ ਸ਼ਹਿਰਾਂ ਤੋਂ ਉੱਤਰ ਪ੍ਰਦੇਸ਼ ਅਤੇ ਬਿਹਾਰ ਸਮੇਤ ਹੋਰ ਸੂਬਿਆਂ 'ਚ ਵੱਡੀ ਗਿਣਤੀ 'ਚ ਲੋਕ ਜਾਂਦੇ ਹਨ ਅਤੇ ਇਸ ਦੌਰਾਨ ਟ੍ਰੇਨਾਂ 'ਚ ਭਾਰੀ ਭੀੜ ਨਜ਼ਰ ਆਉਂਦੀ ਹੈ। ਸਟੇਸ਼ਨਾਂ 'ਤੇ ਉਮੜਨ ਵਾਲੀ ਇਸ ਭੀੜ ਨੂੰ ਦੇਖਦੇ ਹੋਏ ਹੀ ਰੇਲਵੇ ਨੇ ਇਸ ਸਾਲ ਬੀਤੇ ਸਾਲ ਤੋਂ ਜ਼ਿਆਦਾ ਟ੍ਰੇਨਾਂ ਚਲਾਉਣ ਦੀ ਤਿਆਰੀ ਕੀਤੀ ਹੈ। 1 ਅਕਤੂਬਰ ਤੋਂ 15 ਨਵੰਬਰ ਤਰ ਚੱਲਣਗੀਆਂ ਟ੍ਰੇਨਾਂ ਅਸ਼ਵਨੀ ਵੈਸ਼ਨਵ ਨੇ ਅੱਗੇ ਇਸ ਸੰਬੰਧ 'ਚ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਭਾਰਤੀ ਰੇਲਵੇ ਵੱਲੋਂ ਅਜੇ ਤਕ 10,000 ਸਪੈਸ਼ਲ ਟ੍ਰੇਨਾਂ ਦੀ ਨੋਟੀਫਿਕੇਸ਼ਨ ਜਾਰੀ ਕੀਤੀ ਜਾ ਚੁੱਕੀ ਹੈ। ਛੱਠ ਅਤੇ ਦੀਵਾਲੀ ਲਈ ਇਨ੍ਹਾਂ ਵਿਸ਼ੇਸ਼ ਰੇਲਗੱਡੀਆਂ ਵਿੱਚੋਂ 150 ਪੂਰੀ ਤਰ੍ਹਾਂ ਰਾਖਵੀਆਂ ਹੋਣਗੀਆਂ ਅਤੇ ਆਖਰੀ ਸਮੇਂ 'ਤੇ ਚਲਾਈਆਂ ਜਾਣਗੀਆਂ। ਟਾਈਮਲਾਈਨ ਬਾਰੇ ਚਰਚਾ ਕਰਦੇ ਹੋਏ, ਕੇਂਦਰੀ ਮੰਤਰੀ ਨੇ ਕਿਹਾ ਕਿ ਇਹ ਵਿਸ਼ੇਸ਼ ਰੇਲਗੱਡੀਆਂ ਅਗਲੇ ਮਹੀਨੇ ਦੀ ਪਹਿਲੀ ਤਾਰੀਖ, ਯਾਨੀ 1 ਅਕਤੂਬਰ ਤੋਂ ਚੱਲਣੀਆਂ ਸ਼ੁਰੂ ਹੋ ਜਾਣਗੀਆਂ ਅਤੇ 15 ਨਵੰਬਰ ਤੱਕ ਜਾਰੀ ਰਹਿਣਗੀਆਂ।

### ਵੰਦੇ ਭਾਰਤ ਸਲੀਪਰ 'ਤੇ ਵੱਡੀ ਅਪਡੇਟ

ਰੇਲ ਮੰਤਰੀ ਨੇ ਵੱਖ-ਵੱਖ ਯਤਨਾਂ ਕਾਰਨ ਦੇਸ਼ ਭਰ ਵਿੱਚ ਭਾਰਤੀ ਰੇਲਵੇ ਦੇ ਸੰਚਾਲਨ ਵਿੱਚ ਹੋਏ ਸੁਧਾਰਾਂ ਬਾਰੇ ਚਰਚਾ ਕਰਦੇ ਹੋਏ ਕਿਹਾ ਕਿ 70 ਵਿੱਚੋਂ 29 ਡਿਵੀਜ਼ਨਾਂ ਵਿੱਚ ਸਮੇਂ ਦੀ ਪਾਬੰਦਤਾ ਹੁਣ 90% ਤੋਂ ਵੱਧ ਹੈ। ਉਨ੍ਹਾਂ ਨੇ ਵੰਦੇ ਭਾਰਤ ਸਲੀਪਰ ਟ੍ਰੇਨ ਬਾਰੇ ਇੱਕ ਮਹੱਤਵਪੂਰਨ ਅਪਡੇਟ ਵੀ ਪ੍ਰਦਾਨ ਕੀਤੀ, ਜਿਸ ਵਿੱਚ ਇਸਦੀ ਪ੍ਰਗਤੀ ਦਾ ਵੇਰਵਾ ਦਿੱਤਾ ਗਿਆ । ਅਸ਼ਵਨੀ ਵੈਸ਼ਨਵ ਦੇ ਅਨੁਸਾਰ, ਵੰਦੇ ਭਾਰਤ ਸਲੀਪਰ ਟ੍ਰੇਨ ਤਿਆਰ ਹੈ ਅਤੇ ਟੈਸਟਿੰਗ ਪੂਰੀ ਹੋ ਗਈ ਹੈ। ਉਨ੍ਹਾਂ ਅੱਗੇ ਕਿਹਾ ਕਿ ਦੋ ਵੰਦੇ ਭਾਰਤ ਸਲੀਪਰ ਰੈਕ ਇੱਕੋ ਸਮੇਂ ਲਾਂਚ ਕੀਤੇ ਜਾਣਗੇ ਅਤੇ ਅਸੀਂ ਦੂਜੇ ਰੈਕ ਦੇ ਆਉਣ ਦੀ ਉਡੀਕ ਕਰ ਰਹੇ ਹਾਂ ਜੋ 15 ਅਕਤੂਬਰ ਤੱਕ ਆ ਜਾਵੇਗਾ।

# ਹਰਸ਼ ਵਰਧਨ ਝੂਠ ਬੋਲ ਰਹੇ ਹਨ ਅਤੇ ਸਦਨ ਵਿੱਚ ਆਪਣੇ ਜਵਾਬਾਂ ਨੂੰ ਗਲਤ ਸਾਬਤ ਕਰ ਰਹੇ ਹਨ: ਰਣਧੀਰ ਸ਼ਰਮਾ

ਨਵੀਂ ਦਿੱਲੀ, 24 ਸਤੰਬਰ (ਚ. ਨ. ਸ.): ਸੂਬੇ ਦੇ ਮੀਡੀਆ ਇੰਚਾਰਜ ਅਤੇ ਭਾਜਪਾ ਵਿਧਾਇਕ ਰਣਧੀਰ ਸ਼ਰਮਾ ਨੇ ਉਦਯੋਗ ਮੰਤਰੀ ਅਤੇ ਸੰਸਦੀ ਮਾਮਲਿਆਂ ਦੇ ਮੰਤਰੀ ਹਰਸ਼ਵਰਧਨ ਚੌਹਾਨ 'ਤੇ ਹਮਲਾ ਕਰਦਿਆਂ ਕਿਹਾ ਕਿ ਉਨ੍ਹਾਂ ਨੂੰ ਆਪਣੀ ਜਾਣਕਾਰੀ ਠੀਕ ਕਰਨੀ ਚਾਹੀਦੀ ਹੈ ਅਤੇ ਆਪਣੀਆਂ ਅਸਫਲਤਾਵਾਂ ਨੂੰ ਛੁਪਾਉਣ ਅਤੇ ਸੂਬੇ ਨੂੰ ਗੁੰਮਰਾਹ ਕਰਨ ਲਈ ਝੂਠ ਬੋਲਣਾ ਬੰਦ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਮੰਤਰੀ ਹਰਸ਼ਵਰਧਨ ਚੌਹਾਨ ਨੇ ਇੱਕ ਪ੍ਰੈਸ ਕਾਨਫਰੰਸ ਵਿੱਚ ਦਾਅਵਾ ਕੀਤਾ ਹੈ ਕਿ ਹਿਮਾਚਲ ਪ੍ਰਦੇਸ਼ ਨੂੰ ਕੇਂਦਰ ਸਰਕਾਰ ਤੋਂ ਸਿਰਫ਼ 4,253 ਕਰੋੜ ਰੁਪਏ ਮਿਲੇ ਹਨ, ਜਦੋਂ ਕਿ ਇਸ ਸਾਲ ਵਿਧਾਨ ਸਭਾ ਸੈਸ਼ਨ ਦੇ ਆਪਣੇ ਜਵਾਬ ਵਿੱਚ, ਸਰਕਾਰ ਨੇ ਕਿਹਾ ਕਿ ਹਿਮਾਚਲ ਪ੍ਰਦੇਸ਼ ਨੂੰ 2022 ਅਤੇ 2025 ਵਿਚਕਾਰ ਕੇਂਦਰ ਸਰਕਾਰ ਤੋਂ ਆਫ਼ਤ ਰਾਹਤ ਵਜੋਂ ਸਿਰਫ਼ 3,250 ਕਰੋੜ ਰੁਪਏ ਮਿਲੇ ਹਨ। ਇਸ ਤੋਂ ਇਲਾਵਾ, ਰਾਜ ਨੂੰ 2023 ਦੀ ਆਫ਼ਤ ਲਈ 2,006 ਕਰੋੜ ਰੁਪਏ ਦਾ ਵਿਸ਼ੇਸ਼ ਪੈਕੇਜ ਮਿਲਿਆ ਹੈ, ਜਿਸ ਵਿੱਚੋਂ ਹਿਮਾਚਲ ਪ੍ਰਦੇਸ਼ ਨੂੰ ਪਹਿਲਾਂ ਹੀ 451.44 ਕਰੋੜ ਰੁਪਏ ਦੀ ਪਹਿਲੀ ਕਿਸ਼ਤ ਮਿਲ ਚੁੱਕੀ ਹੈ। ਜੇਕਰ 2006 ਕਰੋੜ ਰੁਪਏ ਨੂੰ ਵੀ ਜੋੜਿਆ ਜਾਵੇ, ਤਾਂ ਕੁੱਲ ਰਕਮ 5,250 ਕਰੋੜ ਰੁਪਏ ਹੋਵੇਗੀ। ਇਸ ਤੋਂ ਇਲਾਵਾ ਹਿਮਾਚਲ ਪ੍ਰਦੇਸ਼ ਨੂੰ 12 ਸਤੰਬਰ, 2025 ਨੂੰ NDRF ਐਡਵਾਂਸ ਵਜੋਂ 198 ਕਰੋੜ ਰੁਪਏ ਅਤੇ NDRF ਐਡਵਾਂਸ ਵਜੋਂ ਲਗਭਗ 10 ਕਰੋੜ ਰੁਪਏ ਪ੍ਰਾਪਤ ਹੋਏ ਹਨ । ਇਸ ਤੋਂ ਇਲਾਵਾ ਜਦੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਹਿਮਾਚਲ ਪ੍ਰਦੇਸ਼ ਦਾ ਦੌਰਾ ਕੀਤਾ, ਤਾਂ ਉਨ੍ਹਾਂ ਨੇ ਵੱਖਰੇ ਤੌਰ 'ਤੇ 1500 ਕਰੋੜ ਰੁਪਏ ਦਾ ਆਫ਼ਤ ਰਾਹਤ ਪੈਕੇਜ ਦਿੱਤਾ । ਆਫ਼ਤ ਰਾਹਤ ਲਈ ਹਿਮਾਚਲ ਪ੍ਰਦੇਸ਼ ਨੂੰ ਦਿੱਤੀ ਗਈ ਨਕਦ ਰਕਮ 7000 ਕਰੋੜ ਰੁਪਏ ਹੈ, ਜੋ ਕਿ ਪਿਛਲੇ 3 ਸਾਲਾਂ ਵਿੱਚ ਹੀ ਦਿੱਤੀ ਗਈ ਹੈ। ਇਹ ਸਾਰੇ ਅੰਕੜੇ ਸਰਕਾਰ ਵੱਲੋਂ ਹੀ ਵੱਖ-ਵੱਖ ਮਹੱਤਵਪੂਰਨ ਪਲੇਟਫਾਰਮਾਂ 'ਤੇ ਰੱਖੇ ਗਏ ਹਨ। ਫਿਰ, ਸੰਸਦੀ ਮਾਮਲੇ ਅਤੇ ਉਦਯੋਗ ਮੰਤਰੀ ਹਰਸ਼ਵਰਧਨ ਚੌਹਾਨ ਕਿਸ ਆਧਾਰ 'ਤੇ 5 ਸਾਲਾਂ ਵਿੱਚ ਸਿਰਫ਼ 4350 ਕਰੋੜ ਰੁਪਏ ਦੇਣ ਦੀ ਗੱਲ ਕਰ ਰਹੇ ਹਨ?

## ਸਵਾਮੀ ਚੇਤੱਨਿਆਨੰਦ 'ਤੇ ਲੱਗੇ ਜਿਨਸੀ ਸ਼ੋਸ਼ਣ ਦੇ ਇਲਜ਼ਾਮ

ਨਵੀਂ ਦਿੱਲੀ, 24 ਸਤੰਬਰ (ਚ. ਨ. ਸ.) :17 ਵਿਦਿਆਰਥਣਾਂ ਨੇ ਦਿੱਲੀ ਦੇ ਵਸੰਤ ਕੁੰਜ ਸਥਿਤ ਸ੍ਰੀ ਸ਼ਾਰਦਾ ਇੰਸਟੀਚਿਊਟ ਆਫ਼ ਇੰਡੀਅਨ ਮੈਨੇਜਮੈਂਟ ਦੇ ਸਾਬਕਾ ਮੁਖੀ ਸਵਾਮੀ ਚੇਤੱਨਿਆਨੰਦ ਸਰਸਵਤੀ ਉਰਫ਼ ਪਾਰਥ ਸਾਰਥੀ 'ਤੇ ਜਿਨਸੀ ਸ਼ੋਸ਼ਣ ਦਾ ਆਰੋਪ ਲਗਾਇਆ ਹੈ। ਉਨ੍ਹਾਂ ਨੇ ਸਵਾਮੀ ਚੇਤੱਨਿਆਨੰਦ 'ਤੇ ਅਸ਼ਲੀਲ ਭਾਸ਼ਾ ਦੀ ਵਰਤੋਂ ਕਰਨ, ਅਸ਼ਲੀਲ ਸੁਨੇਹੇ ਭੇਜਣ ਅਤੇ ਜ਼ਬਰਦਸਤੀ ਉਨ੍ਹਾਂ ਨੂੰ ਛੂਹਣ ਦਾ ਆਰੋਪ ਲਗਾਇਆ ਹੈ।ਸਾਰੀਆਂ ਵਿਦਿਆਰਥਣਾਂ ਪੋਸਟ ਗ੍ਰੈਜੂਏਟ ਡਿਪਲੋਮਾ ਇਨ ਮੈਨੇਜਮੈਂਟ ਦੀ ਪੜ੍ਹਾਈ ਕਰ ਰਹੀਆਂ ਹਨ। ਉਨ੍ਹਾਂ ਦਾਅਵਾ ਕੀਤਾ ਹੈ ਕਿ ਕਾਲਜ ਦੀ ਮਹਿਲਾ ਫੈਕਲਟੀ ਅਤੇ ਹੋਰ ਸਟਾਫ ਨੇ ਉਨ੍ਹਾਂ ਨੂੰ ਚੇਤੱਨਿਆਨੰਦ ਦੀਆਂ ਮੰਗਾਂ ਮੰਨਣ ਲਈ ਉਕਸਾਇਆ ਅਤੇ ਦਬਾਅ ਪਾਇਆ। ਚੇਤੱਨਿਆਨੰਦ ਵਿਰੁੱਧ 4 ਅਗਸਤ ਨੂੰ ਐਫ.ਆਈ.ਆਰ ਦਰਜ ਕੀਤੀ ਗਈ ਸੀ। ਉਸ ਨੂੰ 9 ਅਗਸਤ ਨੂੰ ਉਸ ਦੇ ਅਹੁਦੇ ਤੋਂ ਹਟਾ ਦਿੱਤਾ ਗਿਆ ਸੀ। ਉਹ ਇਸ ਸਮੇਂ ਫਰਾਰ ਹੈ ਅਤੇ ਪੁਲਿਸ ਵੱਲੋਂ ਉਸ ਦੀ ਭਾਲ ਕੀਤੀ ਜਾ ਰਹੀ ਹੈ। ਪੁਲਿਸ ਨੇ ਉਸਦੀ ਵਾਲਵੋ ਕਾਰ ਜ਼ਬਤ ਕਰ ਲਈ ਹੈ, ਜਿਸ 'ਤੇ ਨਕਲੀ ਲਾਇਸੈਂਸ ਪਲੇਟ ਲੱਗੀ ਹੋਈ ਹੈ।

# ਮੁਲਜ਼ਮ ਗਗਨਪ੍ਰੀਤ ਕੌਰ ਦੇ ਵਕੀਲ ਨੇ ਜ਼ਮਾਨਤ ਪਟੀਸ਼ਨ 'ਤੇ ਦਲੀਲਾਂ ਦਿੱਤੀਆਂ

ਨਵੀਂ ਦਿੱਲੀ, 24 ਸਤੰਬਰ (ਚ. ਨ. ਸ.) : ਰਾਜਧਾਨੀ ਦਿੱਲੀ ਦੇ ਧੌਲਾ ਕੂਆਂ ਇਲਾਕੇ ਵਿੱਚ 14 ਸਤੰਬਰ ਨੂੰ ਇੱਕ ਬੀ.ਐਮ.ਡਬਲਿਊ ਕਾਰ ਨੇ ਬਾਈਕ ਸਵਾਰ ਜੋੜੇ ਨੂੰ ਟੱਕਰ ਮਾਰ ਦਿੱਤੀ ਸੀ। ਇਸ ਹਾਦਸੇ ਵਿੱਚ ਬਾਈਕ ਸਵਾਰ ਨਵਜੋਤ ਸਿੰਘ ਦੀ ਮੌਤ ਹੋ ਗਈ ਅਤੇ ਉਸ ਦੀ ਪਤਨੀ ਜ਼ਖਮੀ ਹੋ ਗਈ ਸੀ। ਮ੍ਰਿਤਕ ਨਵਜੋਤ ਸਿੰਘ ਵਿੱਤ ਮੰਤਰਾਲੇ ਵਿੱਚ ਇੱਕ ਸੀਨੀਅਰ ਅਧਿਕਾਰੀ ਸੀ।ਇਸ ਮਾਮਲੇ ਵਿੱਚ ਮੁਲਜ਼ਮ ਔਰਤ ਗਗਨਪ੍ਰੀਤ ਦੀ ਜ਼ਮਾਨਤ ਪਟੀਸ਼ਨ ਦੀ ਸੁਣਵਾਈ ਪਟਿਆਲਾ ਹਾਊਸ ਕੋਰਟ ਵਿੱਚ ਹੋਈ। ਸੁਣਵਾਈ ਦੌਰਾਨ, ਗਗਨਪ੍ਰੀਤ ਦੇ ਵਕੀਲ ਨੇ ਦਾਅਵਾ ਕੀਤਾ ਕਿ ਉਸ ਦਾ ਇਰਾਦਾ ਇਹ ਯਕੀਨੀ ਬਣਾਉਣਾ ਸੀ ਕਿ ਜ਼ਖਮੀਆਂ ਦਾ ਚੰਗਾ ਇਲਾਜ ਹੋਵੇ, ਇਸ ਲਈ ਉਹ ਉਸ ਨੂੰ ਆਪਣੇ ਜਾਣੇ-ਪਛਾਣੇ ਹਸਪਤਾਲ ਲੈ ਗਈ। ਹਸਪਤਾਲ ਲਿਜਾਣ ਤੋਂ ਬਾਅਦ ਵੀ ਗਗਨਪ੍ਰੀਤ ਉੱਥੇ ਹੀ ਮੌਜੂਦ ਰਹੀ। ਗਗਨਪ੍ਰੀਤ ਦੇ ਵਕੀਲ ਨੇ ਕਿਹਾ ਕਿ ਜੇਕਰ ਉਸ ਦੇ ਇਰਾਦੇ ਚੰਗੇ ਨਾ ਹੁੰਦੇ, ਤਾਂ ਉਹ ਫਰਾਰ ਵੀ ਹੋ ਸਕਦੀ ਸੀ।

## ਸੋਸ਼ਲ ਮੀਡੀਆ 'ਤੇ ਪ੍ਰਧਾਨ ਮੰਤਰੀ ਦੀ ਛੇੜਛਾੜ ਵਾਲੀ ਤਸਵੀਰ ਸਾਂਝੀ ਕਰਨ ਦਾ ਮਾਮਲਾ
# ਭਾਜਪਾ ਵਰਕਰਾਂ ਨੇ ਕਾਂਗਰਸੀ ਅਹੁਦੇਦਾਰ ਨੂੰ ਜਬਰੀ ਸਾੜ੍ਹੀ ਪੁਆਈ

ਨਵੀਂ ਦਿੱਲੀ, 24 ਸਤੰਬਰ (ਚ. ਨ. ਸ.) :: ਸਥਾਨਕ ਭਾਜਪਾ ਵਰਕਰਾਂ ਨੇ ਕਥਿਤ ਤੌਰ 'ਤੇ ਇੱਕ ਕਾਂਗਰਸੀ ਅਹੁਦੇਦਾਰ ਨੂੰ ਜਨਤਕ ਤੌਰ 'ਤੇ ਸਾੜ੍ਹੀ ਪਹਿਨਣ ਲਈ ਮਜਬੂਰ ਕੀਤਾ ਕਿਉਂਕਿ ਉਸ ਨੇ ਸੋਸ਼ਲ ਮੀਡੀਆ 'ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਇੱਕ ਮੋਰਫ਼ ਕੀਤੀ ਹੋਈ ਤਸਵੀਰ ਸਾਂਝੀ ਕੀਤੀ ਸੀ। ਸਥਾਨਕ ਭਾਜਪਾ ਅਹੁਦੇਦਾਰ ਨੇ ਮੰਗਲਵਾਰ ਨੂੰ ਇਸ ਕਾਰਵਾਈ ਦਾ ਬਚਾਅ ਕਰਦੇ ਹੋਏ ਕਿਹਾ ਕਿ ਇਹ ਕਾਂਗਰਸ ਅਹੁਦੇਦਾਰ ਮਾਮਾ ਉਰਫ਼ ਪ੍ਰਕਾਸ਼ ਪਗਾਰੇ (72) ਵੱਲੋਂ ਪ੍ਰਧਾਨ ਮੰਤਰੀ ਨੂੰ 'ਬਦਨਾਮ' ਕਰਨ ਦੀ ਕੋਸ਼ਿਸ਼ ਦਾ ਜਵਾਬ ਸੀ। ਘਟਨਾ ਦੀ ਇੱਕ ਵੀਡੀਓ ਕਲਿੱਪ ਆਨਲਾਈਨ ਸਾਹਮਣੇ ਆਈ ਹੈ। ਪਗਾਰੇ ਨੇ ਕਿਹਾ ਕਿ ਉਹ ਇਸ ਕਾਰਵਾਈ ਵਿੱਚ ਸ਼ਾਮਲ ਭਾਜਪਾ ਅਹੁਦੇਦਾਰਾਂ ਵਿਰੁੱਧ ਕਾਨੂੰਨੀ ਕਾਰਵਾਈ ਕਰਨਗੇ। ਸਥਾਨਕ ਕਾਂਗਰਸੀ ਅਹੁਦੇਦਾਰ ਨੇ ਸੋਸ਼ਲ ਮੀਡੀਆ 'ਤੇ ਪ੍ਰਧਾਨ ਮੰਤਰੀ ਦੀ ਇੱਕ ਛੇੜਛਾੜ ਕੀਤੀ ਤਸਵੀਰ ਸਾਂਝੀ ਕੀਤੀ ਸੀ। ਮੰਗਲਵਾਰ ਸਵੇਰੇ ਕਲਿਆਣ ਤੋਂ ਭਾਜਪਾ ਪ੍ਰਧਾਨ ਨੰਦੂ ਪਰਬ ਅਤੇ ਹੋਰ ਪਾਰਟੀ ਵਰਕਰਾਂ ਨੇ ਡੋਮੀਵਲੀ ਖੇਤਰ ਦੇ ਮਾਨਪਾੜਾ ਰੋਡ 'ਤੇ ਪਗਾਰੇ ਨੂੰ ਰੋਕਿਆ ਤੇ ਜਬਰੀ ਸਾੜ੍ਹੀ ਪਹਿਨਾ ਦਿੱਤੀ। ਪਰਬ ਨੇ ਇਸ ਕਾਰਵਾਈ ਦਾ ਬਚਾਅ ਕਰਦੇ ਹੋਏ ਕਿਹਾ ਕਿ ਇਹ ਪਗਾਰੇ ਵੱਲੋਂ ਪ੍ਰਧਾਨ ਮੰਤਰੀ ਨੂੰ 'ਬਦਨਾਮ' ਕਰਨ ਦੀ ਕੋਸ਼ਿਸ਼ ਦਾ ਜਵਾਬ ਸੀ। ਪਰਬ ਨੇ ਕਿਹਾ, ''ਅਸੀਂ ਮਾਮਾ ਪਗਾਰੇ ਨੂੰ ਸੜਕ 'ਤੇ ਸ਼ਾਲੂ (ਮਹਿੰਗੀ ਸਾੜ੍ਹੀ) ਪਹਿਨਾਈ।'' ਮਗਰੋਂ ਪਗਾਰੇ ਨੇ ਦੋਸ਼ ਲਗਾਇਆ ਕਿ ਭਾਜਪਾ ਵਰਕਰਾਂ ਨੇ ਟਕਰਾਅ ਦੌਰਾਨ ਜਾਤੀਵਾਦੀ ਗਾਲਾਂ ਕੱਢੀਆਂ ਅਤੇ ਉਨ੍ਹਾਂ ਨੂੰ ਥੱਪੜ ਵੀ ਮਾਰਿਆ।

# ਆਫ਼ਤ ਪ੍ਰਬੰਧ ਲਈ ਵੱਖੋ-ਵੱਖ ਮੰਤਰਾਲੇ ਹੋਣਗੇ ਜ਼ਿੰਮੇਵਾਰ, ਦੇਸ਼ ਵਿਚ ਤੂਫ਼ਾਨ ਤੋਂ ਲੈ ਕੇ ਸੋਕੇ ਤੇ ਹੜ੍ਹ ਤਕ ਦੀ ਕਰਨਗੇ ਨਿਗਰਾਨੀ



ਨਵੀਂ ਦਿੱਲੀ, 24 ਸਤੰਬਰ (ਚ. ਨ. ਸ.): ਕੁਦਰਤੀ ਆਫ਼ਤਾਂ ਨਾਲ ਅਸਰਦਾਰ ਢੰਗ ਨਾਲ ਨਜਿੱਠਣ ਲਈ ਸਰਕਾਰ ਨੇ ਉਨ੍ਹਾਂ ਦੀ ਨਿਗਰਾਨੀ, ਸ਼ੁਰੂਆਤੀ ਚੇਤਾਵਨੀ, ਰੋਕਥਾਮ, ਨਿਵਾਰਣ ਅਤੇ ਤਿਆਰੀ ਲਈ ਵਿਸ਼ੇਸ਼ ਮੰਤਰਾਲਿਆਂ ਅਤੇ ਵਿਭਾਗਾਂ ਨੂੰ ਨਾਮਜ਼ਦ ਕੀਤਾ ਹੈ, ਜਿਸ ਦਾ ਉਦੇਸ਼ ਆਫ਼ਤਾਂ ਕਾਰਨ ਸਿਫ਼ਰ ਜਾਂ ਘੱਟੋ-ਘੱਟ ਪ੍ਰੇਸ਼ਾਨੀ ਅਤੇ ਜਾਨੀ ਨੁਕਸਾਨ ਨੂੰ ਯਕੀਨੀ ਬਣਾਉਣਾ ਹੈ। ਗ੍ਰਹਿ ਮੰਤਰਾਲੇ ਵਲੋਂ ਜਾਰੀ ਨੋਟੀਫਿਕੇਸ਼ਨ ਮੁਤਾਬਕ ਬਰਫ਼ ਦੇ ਤੋਦੇ ਡਿੱਗਣ, ਤੇਲ ਦੇ ਡੁੱਲ੍ਹਣ ਦਾ ਪ੍ਰਬੰਧਨ ਰੱਖਿਆ ਮੰਤਰਾਲਾ ਕਰੇਗਾ, ਜਦਕਿ ਪ੍ਰਿਥਵੀ ਵਿਗਿਆਨ ਮੰਤਰਾਲਾ ਚੱਕਰਵਾਤ, ਤੂਫਾਨ, ਭੂਚਾਲ, ਲੂ ਚੱਲਣ, ਬਿਜਲੀ, ਸੁਨਾਮੀ, ਗੜੇਮਾਰੀ ਅਤੇ ਭਾਰੀ ਮੀਂਹ ਲਈ ਸ਼ੁਰੂਆਤੀ ਚੇਤਾਵਨੀ ਦੇਵੇਗਾ ਅਤੇ ਸਿਹਤ ਤੇ ਪਰਿਵਾਰ ਭਲਾਈ ਮੰਤਰਾਲਾ ਜੈਵਿਕ ਆਫ਼ਤਾਂ ਦਾ ਧਿਆਨ ਰੱਖੇਗਾ।ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰਾਲੇ ਨੂੰ ਠੰਡ ਅਤੇ ਸ਼ੀਤ ਲਹਿਰ, ਸੋਕੇ, ਗੜੇਮਾਰੀ ਅਤੇ ਕੀੜਿਆਂ ਦੇ ਹਮਲੇ ਦੀ ਜ਼ਿੰਮੇਵਾਰੀ ਦਿੱਤੀ ਗਈ ਹੈ, ਜਲ ਸ਼ਕਤੀ ਮੰਤਰਾਲਾ ਹੜ੍ਹਾਂ, ਗਲੇਸ਼ੀਅਰ ਝੀਲ ਦੇ ਅਚਾਨਕ ਹੜ੍ਹਾਂ ਨਾਲ ਨਜਿੱਠੇਗਾ ਅਤੇ ਮਕਾਨ ਉਸਾਰੀ ਅਤੇ ਸ਼ਹਿਰੀ ਮਾਮਲਿਆਂ ਦਾ ਮੰਤਰਾਲਾ ਸ਼ਹਿਰੀ ਹੜ੍ਹਾਂ ਦੀ ਦੇਖਭਾਲ ਕਰੇਗਾ (ਸ਼ੁਰੂਆਤੀ ਚੇਤਾਵਨੀ ਨੂੰ ਛੱਡ ਕੇ)।ਵਾਤਾਵਰਣ, ਜੰਗਲਾਤ ਅਤੇ ਜਲਵਾਯੂ ਪਰਿਵਰਤਨ ਮੰਤਰਾਲੇ ਨੂੰ ਜੰਗਲ ਦੀ ਅੱਗ, ਉਦਯੋਗਿਕ ਅਤੇ ਰਸਾਇਣਕ ਆਫ਼ਤਾਂ ਦੀ ਜ਼ਿੰਮੇਵਾਰੀ ਦਿੱਤੀ ਗਈ ਹੈ, ਖਣਨ ਮੰਤਰਾਲਾ ਜ਼ਮੀਨ ਖਿਸਕਣ ਨਾਲ ਨਜਿੱਠੇਗਾ ਅਤੇ ਪਰਮਾਣੂ ਊਰਜਾ ਵਿਭਾਗ ਪ੍ਰਮਾਣੂ ਅਤੇ ਰੇਡੀਓਲੌਜੀਕਲ ਐਮਰਜੈਂਸੀ ਸਥਿਤੀਆਂ ਦੀ ਦੇਖਭਾਲ ਕਰੇਗਾ। ਭਾਰਤ ਸਰਕਾਰ ਦੇ ਮੰਤਰਾਲੇ ਜਾਂ ਵਿਭਾਗ. ਜਿਸ ਦੀ ਜ਼ਿੰਮੇਵਾਰੀ ਹੋਵੇਗੀ ਕਿ ਵੱਖ-ਵੱਖ ਖ਼ਤਰਿਆਂ ਤੋਂ ਪੈਦਾ ਹੋਣ ਵਾਲੀ ਆਫ਼ਤ ਦੇ ਸਬੰਧ ਵਿਚ ਨਿਗਰਾਨੀ, ਸ਼ੁਰੂਆਤੀ ਚੇਤਾਵਨੀ, ਰੋਕਥਾਮ, ਨਿਵਾਰਣ, ਤਿਆਰੀ ਅਤੇ ਸਮਰੱਥਾ ਨਿਰਮਾਣ ਦੀ ਜ਼ਿੰਮੇਵਾਰੀ ਹੋਵੇਗੀ।

# ਜੈਸ਼-ਏ-ਮੁਹੰਮਦ ਅਤੇ ਹਿਜ਼ਬੁਲ ਮੁਜਾਹਿਦੀਨ ਦੇ ਅੱਤਵਾਦੀ ਹੁਣ ਖੈਬਰ ਵਿੱਚ ਬਣਾ ਰਹੇ ਹਨ ਅੱਡੇ

ਨਵੀਂ ਦਿੱਲੀ, 24 ਸਤੰਬਰ (ਚ. ਨ. ਸ.): ਭਾਰਤੀ ਫੌਜ ਦੇ ਆਪ੍ਰੇਸ਼ਨ ਸਿੰਦੂਰ ਪਾਕਿਸਤਾਨ ਦੇ ਕਬਜ਼ੇ ਵਾਲੇ ਕਸ਼ਮੀਰ (ਪੀਓਕੇ) ਵਿੱਚ ਅੱਤਵਾਦੀ ਠਿਕਾਣਿਆਂ 'ਤੇ ਹਮਲਿਆਂ ਨੇ ਅੱਤਵਾਦੀਆਂ ਨੂੰ ਨਿਰਾਸ਼ ਕੀਤਾ ਹੈ। ਜੈਸ਼-ਏ-ਮੁਹੰਮਦ ਅਤੇ ਹਿਜ਼ਬੁਲ ਮੁਜਾਹਿਦੀਨ ਹੁਣ ਖੈਬਰ ਪਖਤੂਨਖਵਾ ਵਿੱਚ ਨਵੇਂ ਅੱਡੇ ਸਥਾਪਤ ਕਰ ਰਹੇ ਹਨ । ਭਾਰਤੀ ਰੱਖਿਆ ਅਤੇ ਫੌਜੀ ਸੂਤਰਾਂ ਨੇ ਦੱਸਿਆ ਕਿ ਅੱਤਵਾਦੀ ਸਮੂਹ ਹੁਣ ਭਾਰਤੀ ਹਮਲਿਆਂ ਕਾਰਨ ਪੀਓਕੇ ਨੂੰ ਅਸੁਰੱਖਿਅਤ ਸਮਝਦੇ ਹਨ। ਇਸ ਲਈ, ਅਫਗਾਨਿਸਤਾਨ ਦੀ ਸਰਹੱਦ ਨਾਲ ਲੱਗਦੇ ਖੈਬਰ ਪਖਤੂਨਖਵਾ ਦੇ ਪਹਾੜੀ ਖੇਤਰ ਉਨ੍ਹਾਂ ਲਈ ਸੁਰੱਖਿਅਤ ਪਨਾਹਗਾਹ ਬਣ ਗਏ ਹਨ। ਸੂਤਰਾਂ ਨੇ ਇਹ ਵੀ ਦਾਅਵਾ ਕੀਤਾ ਕਿ ਪਾਕਿਸਤਾਨੀ ਸਰਕਾਰੀ ਏਜੰਸੀਆਂ ਅੱਤਵਾਦੀਆਂ ਨੂੰ ਪੀਓਕੇ ਤੋਂ ਖੈਬਰ ਜਾਣ ਵਿੱਚ ਮਦਦ ਕਰ ਰਹੀਆਂ ਹਨ। ਹਾਲ ਹੀ ਵਿੱਚ, ਜੈਸ਼-ਏ-ਮੁਹੰਮਦ ਨੇ ਪੁਲਿਸ ਸੁਰੱਖਿਆ ਹੇਠ ਪਾਕਿਸਤਾਨ ਵਿੱਚ ਕਈ ਥਾਵਾਂ 'ਤੇ ਮੀਟਿੰਗਾਂ ਕੀਤੀਆਂ, ਜਿਨ੍ਹਾਂ ਨੂੰ ਜਮੀਅਤ ਉਲੇਮਾ-ਏ-ਇਸਲਾਮ ਵਰਗੇ ਰਾਜਨੀਤਿਕ-ਧਾਰਮਿਕ ਸੰਗਠਨਾਂ ਨੇ ਵੀ ਸਮਰਥਨ ਦਿੱਤਾ । ਪਹਿਲਗਾਮ ਅੱਤਵਾਦੀ ਹਮਲੇ ਦੇ ਜਵਾਬ ਵਿੱਚ ਭਾਰਤ ਨੇ 7 ਮਈ ਨੂੰ ਆਪ੍ਰੇਸ਼ਨ ਸਿੰਦੂਰ ਸ਼ੁਰੂ ਕੀਤਾ । ਇਸ ਕਾਰਵਾਈ ਦੇ ਤਹਿਤ, ਭਾਰਤ ਨੇ ਬਹਾਵਲਪੁਰ, ਮੁਰੀਦਕੇ ਅਤੇ ਮੁਜ਼ੱਫਰਾਬਾਦ ਸਮੇਤ ਸੱਤ ਪਾਕਿਸਤਾਨੀ ਸ਼ਹਿਰਾਂ ਵਿੱਚ ਨੌਂ ਅੱਤਵਾਦੀ ਟਿਕਾਣਿਆਂ ਨੂੰ ਨਿਸ਼ਾਨਾ ਬਣਾਇਆ ਅਤੇ ਤਬਾਹ ਕਰ ਦਿੱਤਾ।

### ਜੈਸ਼ ਨੇ ਇੱਕ ਭਰਤੀ ਮੁਹਿੰਮ ਚਲਾਈ

ਸੂਤਰਾਂ ਨੇ ਦੱਸਿਆ ਕਿ ਸਭ ਤੋਂ ਮਹੱਤਵਪੂਰਨ ਘਟਨਾ 14 ਸਤੰਬਰ ਨੂੰ ਖੈਬਰ ਪਖਤੂਨਖਵਾ ਦੇ ਮਾਨਸੇਹਰਾ ਜ਼ਿਲ੍ਹੇ ਦੇ ਗੜ੍ਹੀ ਹਬੀਬੁੱਲਾ ਕਸਬੇ ਵਿੱਚ ਵਾਪਰੀ । ਇੱਥੇ, ਜੈਸ਼ ਨੇ ਭਾਰਤ-ਪਾਕਿਸਤਾਨ ਕ੍ਰਿਕਟ ਮੈਚ ਸ਼ੁਰੂ ਹੋਣ ਤੋਂ ਲਗਭਗ ਸੱਤ ਘੰਟੇ ਪਹਿਲਾਂ ਇੱਕ ਧਾਰਮਿਕ ਸਮਾਗਮ ਦੇ ਭੇਸ ਵਿੱਚ ਇੱਕ ਭਰਤੀ ਮੁਹਿੰਮ ਚਲਾਈ। ਇਹ ਸਮਾਗਮ ਮੌਲਾਨਾ ਮੁਫਤੀ ਮਸੂਦ ਇਲਿਆਸ ਕਸ਼ਮੀਰੀ, ਉਰਫ਼ ਅਬੂ ਮੁਹੰਮਦ, ਜੋ ਕਿ ਖੈਬਰ ਅਤੇ ਕਸ਼ਮੀਰ ਵਿੱਚ ਜੈਸ਼-ਏ-ਮੁਹੰਮਦ ਦੇ ਇੱਕ ਸੀਨੀਅਰ ਕਮਾਂਡਰ ਸਨ, ਦੀ ਮੌਜੂਦਗੀ ਵਿੱਚ ਆਯੋਜਿਤ ਕੀਤਾ ਗਿਆ ਸੀ। ਇਸ ਸਮਾਗਮ ਦਾ ਆਯੋਜਨ ਜੈਸ਼-ਏ-ਮੁਹੰਮਦ ਅਤੇ ਜਮਾਤ-ਉਦ-ਦਾਵਾ ਦੁਆਰਾ ਸਹਿ-ਆਯੋਜਿਤ ਕੀਤਾ ਗਿਆ ਸੀ। ਇਲਿਆਸ ਕਸ਼ਮੀਰੀ ਨੇ ਓਸਾਮਾ ਬਿਨ ਲਾਦੇਨ ਦੀ ਪ੍ਰਸ਼ੰਸਾ ਕੀਤੀ। ਇਲਿਆਸ ਨੂੰ ਭਾਰਤ ਵਿੱਚ ਇੱਕ ਉੱਚ-ਮੁੱਲ ਵਾਲਾ ਨਿਸ਼ਾਨਾ ਅਤੇ ਇੱਕ ਲੋੜੀਂਦਾ ਅੱਤਵਾਦੀ ਮੰਨਿਆ ਜਾਂਦਾ ਹੈ। ਉਹ ਜੈਸ਼-ਏ-ਮੁਹੰਮਦ ਦੇ ਸੰਸਥਾਪਕ ਮੌਲਾਨਾ ਮਸੂਦ ਅਜ਼ਹਰ ਦੇ ਨੇੜੇ ਹੈ। MD ਰਾਈਫਲਾਂ ਨਾਲ ਲੈਸ ਅਤੇ ਪੁਲਿਸ ਸੁਰੱਖਿਆ ਹੇਠ ਜੈਸ਼ ਕੈਡਰਾਂ ਦੇ ਨਾਲ ਇਲਿਆਸ ਦੀ ਇਸ ਸਮਾਗਮ ਵਿੱਚ ਮੌਜੂਦਗੀ, ਜੈਸ਼-ਏ-ਮੁਹੰਮਦ ਲਈ ਪਾਕਿਸਤਾਨੀ ਸਰਕਾਰ ਦੇ ਸਮਰਥਨ ਨੂੰ ਦਰਸਾਉਂਦੀ ਹੈ।

# ਗਠੀਏ ਨਾਲ ਨਜਿੱਠਣ ਲਈ ਆਯੁਰਵੈਦਿਕ ਇਲਾਜ ਅਜ਼ਮਾਓ

ਨਵੀਂ ਦਿੱਲੀ, 24 ਸਤੰਬਰ (ਚ.ਨ.ਸ.): ਆਯੁਰਵੈਦ ਵਿੱਚ, ਗਠੀਏ ਨੂੰ ਇੱਕ ਗੰਭੀਰ ਬਿਮਾਰੀ ਮੰਨਿਆ ਜਾਂਦਾ ਹੈ। ਇਸ ਦੀਆਂ ਕਈ ਕਿਸਮਾਂ ਹਨ, ਜਿਨ੍ਹਾਂ ਵਿੱਚੋਂ ਓਸਟੀਓਆਰਥਾਈਟਿਸ (ਉਮਰ ਦੇ ਨਾਲ ਹੋਣ ਵਾਲਾ) ਅਤੇ ਰਾਇਮੇਟਾਇਡ ਗਠੀਆ ਸਭ ਤੋਂ ਆਮ ਹਨ । ਆਯੁਰਵੈਦ ਦੇ ਅਨੁਸਾਰ, ਜਦੋਂ ਸਰੀਰ ਦੀ ਪਾਚਨ ਪ੍ਰਣਾਲੀ ਕਮਜ਼ੋਰ ਹੋ ਜਾਂਦੀ ਹੈ, ਤਾਂ ਅਧੂਰਾ ਪਚਿਆ ਭੋਜਨ ਸਰੀਰ ਵਿੱਚ ਜ਼ਹਿਰੀਲੇ ਪਦਾਰਥਾਂ ਦੇ ਰੂਪ ਵਿੱਚ ਇਕੱਠਾ ਹੋਣਾ ਸ਼ੁਰੂ ਹੋ ਜਾਂਦਾ ਹੈ । ਜਦੋਂ ਇਹ ਜ਼ਹਿਰੀਲਾ ਪਦਾਰਥ ਵਾਤ ਦੋਸ਼ ਨਾਲ ਮਿਲ ਕੇ ਜੋੜਾਂ ਵਿੱਚ ਇਕੱਠਾ ਹੋ ਜਾਂਦਾ ਹੈ ਤਾਂ ਇਸਨੂੰ ਰਾਇਮੇਟਾਇਡ ਗਠੀਆ ਕਿਹਾ ਜਾਂਦਾ ਹੈ। ਇਹ ਸਥਿਤੀ ਬਹੁਤ ਦਰਦਨਾਕ ਹੁੰਦੀ ਹੈ ਅਤੇ ਪੂਰੇ ਸਰੀਰ ਵਿੱਚ ਕਠੋਰਤਾ, ਸੋਜ ਅਤੇ ਜੋੜਾਂ ਵਿੱਚ ਦਰਦ ਦਾ ਕਾਰਨ ਬਣਦੀ ਹੈ । ਹਾਲਾਂਕਿ, ਜਦੋਂ ਵਾਤ ਦੋਸ਼ ਰਕਤ ਦੋਸ਼ ਨਾਲ ਮਿਲ ਕੇ ਜੋੜਾਂ ਵਿੱਚ ਰੁਕਾਵਟ ਅਤੇ ਸੋਜਸ਼ ਪੈਦਾ ਕਰਦਾ ਹੈ, ਤਾਂ ਇਸਨੂੰ ਗਾਊਟ ਕਿਹਾ ਜਾਂਦਾ ਹੈ। ਆਯੁਰਵੈਦ ਵਿੱਚ ਗਠੀਏ ਦਾ ਇਲਾਜ ਲੱਛਣਾਂ ਨੂੰ ਦਬਾਉਣ ਤੱਕ ਸੀਮਿਤ ਨਹੀਂ ਹੈ, ਸਗੋਂ ਬਿਮਾਰੀ ਦੇ ਮੂਲ ਕਾਰਨ ਨੂੰ ਸੰਬੋਧਿਤ ਕਰਨਾ ਹੈ। ਇਸ ਵਿੱਚ ਖੁਰਾਕ ਅਤੇ ਜੀਵਨ ਸ਼ੈਲੀ ਨੂੰ ਸੰਤੁਲਿਤ ਕਰਨਾ, ਪੰਚਕਰਮ ਥੈਰੇਪੀ, ਦਵਾਈਆਂ ਅਤੇ ਯੋਗਾ ਅਤੇ ਪ੍ਰਾਣਾਯਾਮ ਸ਼ਾਮਲ ਹਨ। ਪਹਿਲਾਂ, ਪਾਚਕ ਦਵਾਈਆਂ, ਜਿਵੇਂ ਕਿ ਤ੍ਰਿਕਟੂ ਅਤੇ ਹਿੰਗਵਸ਼ਟਕ ਚੂਰਨ, ਮਰੀਜ਼ ਦੀ ਪਾਚਨ ਪ੍ਰਣਾਲੀ ਨੂੰ ਬਿਹਤਰ ਬਣਾਉਣ ਲਈ ਵਰਤੀਆਂ ਜਾਂਦੀਆਂ ਹਨ । ਪੰਚਕਰਮਾ ਪ੍ਰਕਿਰਿਆਵਾਂ, ਜਿਵੇਂ ਕਿ ਸਨੇਹਾਨਾ (ਪਸੀਨਾ ਆਉਣਾ), ਸਵੇਦਨ (ਪਸੀਨਾ ਆਉਣਾ) ਅਤੇ ਫਿਰ ਵਾਮਨ (ਸ਼ੁੱਧੀਕਰਨ) ਸਰੀਰ ਵਿੱਚੋਂ ਇਕੱਠੇ ਹੋਏ ਜ਼ਹਿਰੀਲੇ ਪਦਾਰਥਾਂ ਨੂੰ ਖਤਮ ਕਰਨ ਲਈ ਵਰਤੀਆਂ ਜਾਂਦੀਆਂ ਹਨ। ਗਠੀਏ ਦੇ ਇਲਾਜ ਵਿੱਚ ਵਰਤੀਆਂ ਜਾਣ ਵਾਲੀਆਂ ਮੁੱਖ ਆਯੁਰਵੈਦਿਕ ਦਵਾਈਆਂ ਵਿੱਚ ਮਹਾਰਸਨਾਦੀ ਕਵਾਥ, ਯੋਗਰਾਜ ਗੁੱਗੂਲੂ, ਸਿੰਹਾਨਾਦਾ ਗੁੱਗੂਲੂ, ਅਸ਼ਵਗੰਧਾ ਚੂਰਨ, ਦਸ਼ਮੂਲ ਕਵਾਥ ਅਤੇ ਸ਼ੁੱਧ ਸ਼ਿਲਾਜੀਤ ਸ਼ਾਮਲ ਹਨ । ਇਹ ਦਵਾਈਆਂ ਵਾਤ ਦੋਸ਼ ਨੂੰ ਸ਼ਾਂਤ ਕਰਦੀਆਂ ਹਨ, ਸੋਜਸ਼ ਨੂੰ ਘਟਾਉਂਦੀਆਂ ਹਨ, ਅਤੇ ਜੋੜਾਂ ਦੇ ਕੰਮ ਵਿੱਚ ਸੁਧਾਰ ਕਰਦੀਆਂ ਹਨ । ਮਰੀਜ਼ਾਂ ਨੂੰ ਭਾਰੀ, ਤੇਲਯੁਕਤ, ਖੱਟੇ ਅਤੇ ਭਰਪੂਰ ਭੋਜਨਾਂ ਤੋਂ ਵੀ ਪਰਹੇਜ਼ ਕਰਨਾ ਚਾਹੀਦਾ ਹੈ, ਕਿਉਂਕਿ ਇਹ ਵਾਤ ਅਤੇ ਅਮਾ ਨੂੰ ਵਧਾਉਂਦੇ ਹਨ। ਗਰਮ ਪਾਣੀ ਪੀਣ, ਹਲਕਾ, ਆਸਾਨੀ ਨਾਲ ਪਚਣ ਵਾਲਾ ਭੋਜਨ, ਅਤੇ ਨਿਯਮਤ ਕਸਰਤ ਕਰਨ ਦੀ ਸਿਫਾਰਸ਼ ਕੀਤੀ ਜਾਂਦੀ ਹੈ। ਯੋਗਾ ਅਤੇ ਪ੍ਰਾਣਾਯਾਮ ਗਠੀਏ ਦੇ ਪ੍ਰਬੰਧਨ ਵਿੱਚ ਵੀ ਮਦਦਗਾਰ ਹਨ। ਖਾਸ ਤੌਰ 'ਤੇ, ਵਜਰਾਸਨ, ਤ੍ਰਿਕੋਣਾਸਨ ਅਤੇ ਭੁਜੰਗਾਸਨ ਵਰਗੇ ਆਸਣ ਜੋੜਾਂ ਦੀ ਗਤੀਸ਼ੀਲਤਾ ਨੂੰ ਬਣਾਈ ਰੱਖਦੇ ਹਨ ਅਤੇ ਦਰਦ ਤੋਂ ਰਾਹਤ ਪ੍ਰਦਾਨ ਕਰਦੇ ਹਨ। ਅਨੁਲੋਮ-ਵਿਲੋਮ ਅਤੇ ਭਸਤ੍ਰਿਕਾ ਵਰਗੇ ਪ੍ਰਾਣਾਯਾਮ ਅਭਿਆਸ ਵਾਤ ਨੂੰ ਸੰਤੁਲਿਤ ਕਰਨ ਵਿੱਚ ਮਦਦ ਕਰਦੇ ਹਨ। ਇਸ ਤੋਂ ਇਲਾਵਾ ਲੰਬੇ ਸਮੇਂ ਲਈ ਇੱਕ ਜਗ੍ਹਾ 'ਤੇ ਬੈਠਣ ਤੋਂ ਬਚੋ। ਇਹ ਧਿਆਨ ਦੇਣ ਯੋਗ ਹੈ ਕਿ ਜੋੜਾਂ ਵਿੱਚ ਦਰਦ, ਅਕੜਾਅ ਅਤੇ ਸੋਜ ਇਨ੍ਹੀਂ ਦਿਨੀਂ ਬਹੁਤ ਆਮ ਹੋ ਗਈ ਹੈ। ਪਹਿਲਾਂ, ਇਹ ਸਮੱਸਿਆ ਸਿਰਫ ਵੱਡੀ ਉਮਰ ਦੇ ਬਾਲਗਾਂ ਵਿੱਚ ਹੀ ਦੇਖੀ ਜਾਂਦੀ ਸੀ, ਪਰ ਅੱਜਕੱਲ੍ਹ, ਨੌਜਵਾਨ ਵੀ ਇਸ ਤੋਂ ਪੀੜਤ ਹਨ।



# ਨਗਰ ਕੌਂਸਲ ਦੀ ਪ੍ਰਧਾਨ ਵੱਲੋਂ ਰੱਖੇ ਮਤੇ 8 ਵਿਰੋਧੀ ਕੌਂਸਲਰਾਂ ਨੇ ਕੀਤੇ ਰੱਦ



ਤਪਾ ਮੰਡੀ 24 ਸਤੰਬਰ (ਘੜੈਲਾ)-ਲਗਭਗ ਇੱਕ ਸਾਲ ਪਹਿਲਾਂ ਨਗਰ ਕੌਂਸਲ ਤਪਾ ਦੀ ਪ੍ਰਧਾਨਗੀ ਤੇ ਕਾਬਜ਼ ਹੋਈ ਨਗਰ ਕੌਂਸਲ ਦੀ ਪ੍ਰਧਾਨ ਸ਼੍ਰੀਮਤੀ ਸੋਨਿਕਾ ਬਾਂਸਲ ਤੋਂ ਕੌਂਸਲਰਾਂ ਦਾ ਮੋਹ ਭੰਗ ਹੁੰਦਾ ਜਾਪ ਰਿਹਾ ਹੈ ਕਿਉਂਕਿ ਕੌਂਸਲ ਪ੍ਰਧਾਨ ਦੀ ਕਾਰਜਗਾਰੀ ਤੋਂ ਖੁਸ਼ ਨਹੀਂ ਹਨ ਭਾਵੇਂ ਨਗਰ ਕੌਂਸਲ ਕਮੇਟੀ ਦੀਆਂ ਚੋਣਾਂ ਵਿੱਚ ਤਕਰੀਬਨ ਛੇ ਮਹੀਨੇ ਬਾਕੀ ਰਹਿ ਗਏ ਹਨ ਅਤੇ ਕੌਂਸਲਰ ਆਪਣੇ ਵਾਰਡ ਦਾ ਵਿਕਾਸ ਕਰਵਾਉਣ ਤੋਂ ਅਸਮਰੱਥ ਹਨ ਉਹਨਾਂ ਨੂੰ ਅਗਲੀਆਂ ਚੋਣਾਂ ਲੜਨ ਅਤੇ ਜਿੱਤਣ ਮੁਸ਼ਕਲ ਜਾਪ ਰਹੀਆਂ ਹਨ ਪ੍ਰਧਾਨ ਬਣਨ ਤੋਂ ਪਹਿਲਾਂ ਆਪਣੇ ਤੌਰ ਤੇ ਦੋ ਕੌਂਸਲਰਾਂ ਨਾਲ ਮੀਤ ਪ੍ਰਧਾਨਗੀ ਦੀ ਕੀਤੀ ਕਮਿਟਮੈਂਟ ਵੀ ਇਸਦਾ ਕਾਰਨ ਬਣਦੀ ਜਾ ਰਹੀ ਹੈ ਪਹਿਲਾਂ ਬਣੇ ਮੀਤ ਪ੍ਰਧਾਨ ਸ਼੍ਰੀਮਤੀ ਰਿਸ਼ੂ ਰੰਗੀ ਦਾ ਕਾਰਜਕਾਲ ਇਸ ਮਹੀਨੇ ਪੂਰਾ ਹੋ ਚੁੱਕਿਆ ਹੈ ਅਤੇ ਨਵੇਂ ਬਣਨ ਵਾਲੇ ਮੀਤ ਪ੍ਰਧਾਨ ਜਲਦੀ ਤੋਂ ਜਲਦੀ ਇਸ ਅਹੁਦੇ ਉੱਪਰ ਬਿਰਾਜਮਾਨ ਹੋਣਾ ਚਾਹੁੰਦੇ ਹਨ ਇਸ ਗੱਲ ਨੂੰ ਲੈ ਕੇ ਕੌਂਸਲਰਾਂ ਅਤੇ ਪ੍ਰਧਾਨ ਦੇ ਗੁੱਟਾਂ ਵਿੱਚ ਵੰਡੇ ਗਏ ਹਨ ਨਗਰ ਕੌਂਸਲ ਪ੍ਰਧਾਨ ਵੱਲੋਂ ਨਗਰ ਕੌਂਸਲ ਤਪਾ ਵਿਖੇ ਆਈਆਂ ਵੱਡੀਆਂ ਗਰਾਂਟਾਂ ਤਹਿਤ ਹੋਣ ਵਾਲੇ ਵਿਕਾਸ ਕਾਰਜ ਆਪਣੇ ਪੱਖ ਦੇ ਕੌਂਸਲਰਾਂ ਦੇ ਚਹੇਤੇ ਠੇਕੇਦਾਰਾਂ ਨੂੰ ਦੇ ਦਿੱਤੇ ਜਿਸ ਵਿੱਚ ਕਿਸੇ ਵੀ ਕੌਂਸਲਰ ਦੀ ਸਹਿਮਤੀ ਨਾਲ ਵਾਰਡ ਦੇ ਕੰਮ ਨਹੀਂ ਪਾਏ ਗਏ ਲੰਮੇ ਸਮੇਂ ਤੋਂ ਬਾਅਦ ਰੱਖੀ ਹਾਊਸ ਦੀ ਮੀਟਿੰਗ ਵਿੱਚ ਉਸ ਸਮੇਂ ਮਾਹੌਲ ਗਰਮਾ ਗਰਮੀ ਵਾਲਾ ਦੇਖਣ ਨੂੰ ਮਿਲਿਆ ਜਦ ਵਿਰੋਧੀ ਧਿਰ ਨੇ ਸਾਰੇ ਦੇ ਸਾਰੇ ਮਤੇ ਰੱਦ ਕਰਵਾ ਦਿੱਤੇ ਕਿਉਂਕਿ ਪ੍ਰਧਾਨ ਸੋਨਿਕਾ ਬਾਂਸਲ ਕੋਲ ਲੋੜੀਂਦੇ ਕੌਂਸਲਰ ਨਹੀਂ ਸਨ ਮੀਟਿੰਗ ਵਿੱਚ ਪ੍ਰਧਾਨ ਦੇ ਹੱਕ ਵਿੱਚ ਪੰਜ ਕੌਂਸਲਰ ਅਤੇ ਵਿਰੋਧ ਦੇ ਵਿੱਚ ਅੱਠ ਕੌਂਸਲਰ ਮੀਟਿੰਗ ਵਿੱਚ ਹਾਜ਼ਰ ਰਹੇ ਜਦ ਕਿ ਦੋ ਕੌਂਸਲਰਾਂ ਨੇ ਮੀਟਿੰਗ ਤੋਂ ਦੂਰੀ ਬਣਾਈ ਰੱਖੀ। ਮੀਟਿੰਗ ਵਿੱਚ ਉਪ ਪ੍ਰਧਾਨ ਦੀ ਚੋਣ ਲਈ ਸ਼੍ਰੀਮਤੀ ਅਮਨਦੀਪ ਕੌਰ ਕੌਂਸਲਰ ਵਾਰਡ ਨੰਬਰ 15 ਪਤਨੀ ਐਡਵੋਕੇਟ ਨਿਰਭੈ ਸਿੰਘ ਸਿੱਧੂ ਨੇ ਕਾਰਜ ਸਾਧਕ ਅਫਸਰ ਤਪਾ ਨੂੰ ਅੱਠ ਕੌਂਸਲਰਾਂ ਦੇ ਸਾਈਨ ਵਾਲਾ ਇੱਕ ਪੱਤਰ ਵੀ ਦਿੱਤਾ ਕੀ ਸਮੂਹ ਕੌਂਸਲਰ ਉਸ ਨੂੰ ਸਹਿਮਤੀ ਨਾਲ ਉਪ ਪ੍ਰਧਾਨ ਨਗਰ ਕੌਂਸਲ ਤਪਾ ਬਣਾਉਣਾ ਚਾਹੁੰਦੇ ਹਨ ਹੁਣ ਇਸ ਵਿੱਚ ਕੋਈ ਸ਼ੱਕ ਨਹੀਂ ਕੀ ਜਿਆਦਾਤਰ ਕੌਂਸਲਰ ਅਮਨਦੀਪ ਕੌਰ ਕੌਂਸਲਰ ਨੂੰ ਉਪ ਪ੍ਰਧਾਨ ਬਣਾਉਣਾ ਚਾਹੁੰਦੇ ਹਨ।

# ਪੰਜ ਆਬ ਜ਼ਿਲ੍ਹਾ ਪ੍ਰੈੱਸ ਕਲੱਬ ਬਰਨਾਲਾ ਦਾ ਕੈਲੰਡਰ ਰਿਲੀਜ਼ ਸਮਾਗਮ 6 ਅਕਤੂਬਰ ਨੂੰ

ਬਰਨਾਲਾ, 24 ਸਤੰਬਰ (ਸੁਖਵਿੰਦਰ ਸਿੰਘ ਭੰਡਾਰੀ) : ਪੰਜ ਆਬ ਜ਼ਿਲ੍ਹਾ ਪ੍ਰੈੱਸ ਕਲੱਬ (ਰਜਿ.) ਬਰਨਾਲਾ ਦੁਆਰਾ ਆਪਣਾ ਸਾਲਾਨਾ ਕੈਲੰਡਰ ਰਿਲੀਜ਼ ਸਮਾਰੋਹ 6 ਅਕਤੂਬਰ ਦਿਨ ਸੋਮਵਾਰ ਨੂੰ ਸ਼ਾਂਤੀ ਹਾਲ, ਰਾਮ ਬਾਗ ਬਰਨਾਲਾ ਵਿਖੇ ਸਵੇਰੇ 10:30 ਵਜੇ ਤੋਂ 1:30 ਵਜੇ ਤੱਕ ਆਯੋਜਿਤ ਕੀਤਾ ਜਾ ਰਿਹਾ ਹੈ। ਇਸ ਮੌਕੇ ਬਤੌਰ ਮੁੱਖ ਮਹਿਮਾਨ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਪੱਤਰਕਾਰਤਾ ਵਿਭਾਗ ਦੇ ਸਾਬਕਾ ਮੁਖੀ ਅਤੇ ਪ੍ਰੋਫ਼ੈਸਰ ਆਫ਼ ਜਰਨਲਿਜ਼ਮ ਡਾਕਟਰ ਹਰਜਿੰਦਰਪਾਲ ਸਿੰਘ ਵਾਲੀਆ ਪਹੁੰਚ ਰਹੇ ਹਨ, ਜੋ ਕਿ ਅਜੋਕੀ ਪੱਤਰਕਾਰੀ, ਚੁਣੌਤੀਆਂ ਅਤੇ ਤਕਨੀਕੀ ਪਹਿਲੂ ਵਿਸ਼ੇ ਤੇ ਵਿਚਾਰ ਸਾਂਝੇ ਕਰਨਗੇ। ਸਮਾਗਮ ਵਿੱਚ ਵਿਸ਼ੇਸ਼ ਮਹਿਮਾਨ ਵਜੋਂ ਜ਼ਿਲ੍ਹਾ ਬਰਨਾਲਾ ਦੇ ਡਿਪਟੀ ਕਮਿਸ਼ਨਰ ਟੀ. ਬੈਨਿਥ (ਆਈ.ਏ.ਐਸ) ਅਤੇ ਸੀਨੀਅਰ ਪੁਲਿਸ ਕਪਤਾਨ ਮੁਹੰਮਦ ਸਰਫ਼ਰਾਜ਼ ਆਲਮ (ਆਈ.ਪੀ.ਐਸ) ਵਿਸ਼ੇਸ਼ ਤੌਰ 'ਤੇ ਭਾਗ ਲੈਣਗੇ। ਕਲੱਬ ਦੇ ਸਰਪ੍ਰਸਤ ਸੁਖਵਿੰਦਰ ਸਿੰਘ ਭੰਡਾਰੀ ਨੇ ਮੀਡੀਆ ਨਾਲ ਗੱਲ ਕਰਦਿਆਂ ਦੱਸਿਆ ਕਿ ਪ੍ਰਧਾਨ ਬਘੇਲ ਸਿੰਘ ਧਾਲੀਵਾਲ, ਜਨਰਲ ਸਕੱਤਰ ਕੁਲਦੀਪ ਗਰੇਵਾਲ ਅਤੇ ਵਿੱਤ ਸਕੱਤਰ ਕਪਿਲ ਗਰਗ ਦੀ ਅਗਵਾਈ ਚ ਪੰਜ ਆਬ ਜ਼ਿਲ੍ਹਾ ਪ੍ਰੈੱਸ ਕਲੱਬ ਰਜਿ : ਬਰਨਾਲਾ ਦਾ ਸਮਾਗਮ ਪੱਤਰਕਾਰਤਾ ਲਈ ਚੰਗਾ ਮਾਹੌਲ ਸਿਰਜਣ ਲਈ ਕਾਰਗਰ ਸਾਬਿਤ ਹੋਵੇਗਾ।

# 10 ਲੱਖ ਦੀ ਸਿਹਤ ਬੀਮਾ ਯੋਜਨਾ ਪੰਜਾਬ ਸਰਕਾਰ ਵੱਲੋਂ ਸਿਹਤ ਸਹੂਲਤਾਂ ਦੇ ਖੇਤਰ 'ਚ ਕ੍ਰਾਂਤੀਕਾਰੀ ਕਦਮ : ਮੀਤ ਹੇਅਰ



ਬਰਨਾਲਾ, 24 ਸਤੰਬਰ, (ਬਘੇਲ ਸਿੰਘ ਧਾਲੀਵਾਲ) : ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵਲੋਂ ਸਿਹਤ ਸਹੂਲਤਾਂ ਦੇ ਖੇਤਰ ਵਿੱਚ ਕ੍ਰਾਂਤੀਕਾਰੀ ਕਦਮ ਚੁੱਕਦੇ ਹੋਏ 10 ਲੱਖ ਰੁਪਏ ਤੱਕ ਦੇ ਸਿਹਤ ਬੀਮੇ ਲਈ ਰਜਿਸਟਰੇਸ਼ਨ ਦੀ ਸ਼ੁਰੂਆਤ ਜ਼ਿਲ੍ਹਾ ਤਰਨਤਾਰਨ ਤੋਂ ਕਰ ਦਿੱਤੀ ਗਈ ਹੈ ਅਤੇ ਭਲਕ 25 ਸਤੰਬਰ ਤੋਂ ਬਰਨਾਲਾ ਵਿੱਚ ਰਜਿਸਟਰੇਸ਼ਨ ਕੈਂਪ ਲਾਏ ਜਾਣਗੇ। ਇਹ ਪ੍ਰਗਟਾਵਾ ਸੰਸਦ ਮੈਂਬਰ ਗੁਰਮੀਤ ਸਿੰਘ ਮੀਤ ਹੇਅਰ ਨੇ ਇੱਥੇ ਮੀਡੀਆ ਨਾਲ ਗੱਲ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵਲੋਂ ਪਹਿਲਾਂ 600 ਯੂਨਿਟ ਮੁਫ਼ਤ ਬਿਜਲੀ ਦਾ ਲਾਭ ਸੂਬੇ ਦੇ ਹਰ ਪਰਿਵਾਰ ਨੂੰ ਦਿੱਤਾ ਜਾ ਰਿਹਾ ਹੈ, ਜਿਸ ਤਹਿਤ ਲਗਭਗ 90 ਫ਼ੀਸਦੀ ਪਰਿਵਾਰਾਂ ਦੇ ਬਿਜਲੀ ਬਿੱਲ ਜ਼ੀਰੋ ਆ ਰਹੇ ਹਨ। ਹੁਣ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਤਹਿਤ ਸੂਬਾ ਵਾਸੀਆਂ ਨੂੰ 10 ਲੱਖ ਤੱਕ ਦੇ ਕੈਸ਼ਲੈਸ ਇਲਾਜ ਦੀ ਸਹੂਲਤ ਛੇਤੀ ਦਿੱਤੀ ਜਾ ਰਹੀ ਹੈ ਜੋ ਕਿ ਬੜਾ ਵੱਡਾ ਫ਼ੈਸਲਾ ਹੈ। ਉਨ੍ਹਾਂ ਪੰਜਾਬ ਵਾਸੀਆਂ ਨੂੰ ਸਿਹਤ ਬੀਮਾ ਸਕੀਮ ਲਈ ਵਧਾਈ ਦਿੱਤੀ ਤੇ ਕਿਹਾ ਕਿ ਇਹ ਸਕੀਮ ਸਿਹਤ ਖੇਤਰ ਵਿਚ ਵੱਡਾ ਕਦਮ ਹੈ। ਹੁਣ ਸਰਕਾਰੀ ਦੇ ਨਾਲ ਨਾਲ ਪ੍ਰਾਈਵੇਟ ਹਸਪਤਾਲਾਂ ਵਿਚ ਵੀ 10 ਲੱਖ ਤੱਕ ਦਾ ਕੈਸ਼ਲੈਸ ਇਲਾਜ ਕਰਾਇਆ ਜਾ ਸਕੇਗਾ। ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਬਰਨਾਲਾ ਵਿੱਚ ਭਲਕੇ 25 ਸਤੰਬਰ ਤੋਂ ਰਜਿਸਟਰੇਸ਼ਨ ਕੈਂਪ ਲੱਗਣਗੇ। ਉਨ੍ਹਾਂ ਦੱਸਿਆ ਕਿ ਭਲਕੇ ਬਰਨਾਲਾ ਸ਼ਹਿਰ ਤੋਂ ਸ਼ੁਰੂਆਤ ਕੀਤੀ ਜਾਣੀ ਹੈ ਤੇ ਇਹ ਕੈਂਪ ਸਿਵਲ ਹਸਪਤਾਲ ਬਰਨਾਲਾ, ਆਮ ਆਦਮੀ ਕਲੀਨਿਕ ਚਿੰਟੂ ਪਾਰਕ, ਦਫ਼ਤਰ ਨਗਰ ਕੌਂਸਲ ਬਰਨਾਲਾ, ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਬਰਨਾਲਾ, ਦਫ਼ਤਰ ਨਗਰ ਸੁਧਾਰ ਟਰੱਸਟ ਬਰਨਾਲਾ ਵਿਚ ਸਵੇਰੇ 9 ਵਜੇ ਤੋਂ ਸ਼ਾਮ 6 ਵਜੇ ਤੱਕ ਲਾਏ ਜਾਣਗੇ। ਉਨ੍ਹਾਂ ਕਿਹਾ ਕਿ ਆਉਂਦੇ ਸਮੇਂ ਵਿੱਚ ਬਾਕੀ ਥਾਵਾਂ 'ਤੇ ਵੀ ਕੈਂਪ ਲਾ ਕੇ ਸਾਰੇ ਜ਼ਿਲ੍ਹਾ ਵਾਸੀਆਂ ਦੀ ਰਜਿਸਟਰੇਸ਼ਨ ਕੀਤੀ ਜਾਵੇਗੀ। ਰਜਿਸਟਰੇਸ਼ਨ ਲਈ ਆਪਣਾ ਆਧਾਰ ਕਾਰਡ ਜਾਂ ਵੋਟਰ ਕਾਰਡ ਨਾਲ ਲਿਜਾਇਆ ਜਾਵੇ। ਉਨ੍ਹਾਂ ਬਰਨਾਲਾ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਇਨ੍ਹਾਂ ਕੈਂਪਾਂ ਵਿੱਚ ਜਾ ਕੇ ਰਜਿਸਟਰੇਸ਼ਨ ਜ਼ਰੂਰ ਕਰਾਉਣ।

# ਖੇਤੀਬਾੜੀ ਅਫ਼ਸਰ ਬਰਨਾਲਾ ਦਾ ਭਦੌੜ ਦੇ ਆੜ੍ਹਤੀਆਂ ਵੱਲੋਂ ਸਨਮਾਨ



ਭਦੌੜ, 24 ਸਤੰਬਰ (ਸੁਖਵਿੰਦਰ ਪਲਾਹਾ): ਜ਼ਿਲ੍ਹਾ ਬਰਨਾਲਾ ਦੇ ਖੇਤੀਬਾੜੀ ਅਫਸਰ ਸ: ਹਰਬੰਸ ਸਿੰਘ ਦਾ ਭਦੌੜ ਦੇ ਆੜਤੀਆਂ ਵੱਲੋਂ ਸਨਮਾਨ ਕੀਤਾ ਗਿਆ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਬਲਜੀਤ ਸਿੰਘ ਝਿੰਜਰ ਨੈਣੇਵਾਲੀਆ ਨੇ ਦੱਸਿਆ ਕਿ ਖੇਤੀਬਾੜੀ ਅਫਸਰ ਬਰਨਾਲਾ ਸ: ਹਰਬੰਸ ਸਿੰਘ ਇੱਕ ਬਹੁਤ ਹੀ ਸੁਲਝੇ ਹੋਏ ਇਨਸਾਨ ਅਤੇ ਇੱਕ ਤਜ਼ਰਬੇਕਾਰ ਅਫਸਰ ਵਜੋਂ ਜਾਣੇ ਜਾਂਦੇ ਹਨ। ਉਹਨਾਂ ਨੂੰ ਦੱਸਿਆ ਕਿ ਖੇਤੀਬਾੜੀ ਅਫਸਰ ਸ: ਹਰਬੰਸ ਸਿੰਘ ਨੂੰ ਮਿਲ ਕੇ ਬਹੁਤ ਕੁਝ ਸਿੱਖਣ ਨੂੰ ਮਿਲਦਾ ਅਤੇ ਉਹਨਾਂ ਨੇ ਆਪਣੇ ਤਜਰਬੇ ਵਿੱਚੋਂ ਆੜਤੀਆਂ ਨਾਲ ਬਹੁਤ ਕੁੱਝ ਸਾਂਝਾ ਕੀਤਾ ਹੈ ।ਬਲਜੀਤ ਸਿੰਘ ਝਿੰਜਰ ਨੇ ਦੱਸਿਆ ਕਿ ਖੇਤੀਬਾੜੀ ਅਫਸਰ ਹਰਬੰਸ ਸਿੰਘ ਬਰਨਾਲਾ ਜ਼ਿਲ੍ਹੇ ਦੇ ਕਿਸਾਨਾਂ ਲਈ ਹਰ ਸਮੇਂ ਉਹਨਾਂ ਦੀਆਂ ਮੁਸ਼ਕਿਲਾਂ ਸੁਣਨ ਲਈ ਹਰ ਸਮੇਂ ਤਿਆਰ ਰਹਿੰਦੇ ਹਨ ਅਤੇ ਕਿਸਾਨਾਂ ਨੂੰ ਜਾਣਕਾਰੀ ਦਿੰਦੇ ਰਹਿੰਦੇ ਹਨ ਜਿਵੇਂ ਕਿ ਖ਼ੇਤੀ ਦੀ ਪੈਦਾਵਾਰ ਨੂੰ ਵਧਾਉਣਾ, ਫਸਲਾਂ ਨੂੰ ਬਿਮਾਰੀਆਂ ਤੋਂ ਬਚਾਉਣਾ, ਸਮੇਂ ਸਿਰ ਫਸਲਾਂ ਦੇ ਉੱਚ ਕੁਆਲਿਟੀ ਦੇ ਬੀਜਾਂ ਬਾਰੇ ਜਾਣਕਾਰੀ, ਕੀਟਨਾਸ਼ਕਾਂ ਦੀ ਵਰਤੋਂ ਕਰਨਾ, ਫਸਲ ਦੀ ਸਮੇਂ ਸਿਰ ਕਿਵੇਂ ਬਿਜਾਈ ਕਰਨਾ ਆਦਿ ਹਮੇਸ਼ਾ ਹੀ ਜਾਣਕਾਰੀ ਦੇਣ ਲਈ ਤੱਤਪਰ ਰਹਿੰਦੇ ਹਨ। ਉਹਨਾਂ ਦੱਸਿਆ ਕਿ ਖ਼ੇਤੀਬਾੜੀ ਅਫਸਰ ਵੱਲੋਂ ਸਾਨੂੰ ਵਿਸ਼ਵਾਸ ਦਵਾਇਆ ਗਿਆ ਹੈ ਕਿ ਕਿਸੇ ਵੀ ਕਿਸਾਨ ਨੂੰ ਕੋਈ ਵੀ ਮੁਸ਼ਕਿਲ ਪੇਸ਼ ਆਉਂਦੀ ਹੈ, ਤਾਂ ਸਾਡੇ ਤੱਕ ਪਹੁੰਚ ਕੇ ਸਾਥੋਂ ਹਰ ਤਰ੍ਹਾਂ ਦੀ ਜਾਣਕਾਰੀ ਪ੍ਰਾਪਤ ਕਰ ਸਕਦਾ ਹੈ । ਇਸ ਮੌਕੇ ਡਾਕਟਰ ਧਰਮਵੀਰ ਸਿੰਘ ਸਿੰਘ, ਬਲਜੀਤ ਸਿੰਘ ਝਿੰਜਰ, ਰਾਮ ਰੰਜਨ ਸਿੰਗਲਾ, ਜਗਤਾਰ ਸਿੰਘ ਮਾਨ, ਰੌਕੀ ਸਿੰਗਲਾ ਆਦਿ ਹਾਜ਼ਿਰ ਸਨ।

# ਰਾਮ ਲੀਲ੍ਹਾ ਦੀ ਪਹਿਲੀ ਨਾਈਟ ਦਾ ਉਦਘਾਟਨ ਸੀਨੀਅਰ ਸਿਟੀਜ਼ਨ ਤੇ ਲੰਗਰ ਕਮੇਟੀ ਨੇ ਕੀਤਾ

ਤਪਾ ਮੰਡੀ, 24 ਸਤੰਬਰ (ਭੂਸ਼ਨ ਘੜੈਲਾ) : ਸਥਾਨਕ ਆਜਾਦ ਕਲਚਰਲ ਰਾਮਲੀਲਾ ਦੁਸਹਿਰਾ ਕਮੇਟੀ ਵੱਲੋਂ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਰਾਮਲੀਲਾ ਦੀ ਪਹਿਲੀ ਨਾਈਟ ਅੰਧੇ ਮਾਤਾ - ਪਿਤਾ ਗਿਆਵਤੀ ਤੇ ਸਾਨਤੂ ਦੀਆਂ ਅੱਖਾਂ ਦਾ ਤਾਰਾ



ਬਣਿਆ ਆਪਣਾ ਪੁੱਤਰ ਸਰਵਨ ਕੁਮਾਰ ਤੋਂ ਸ਼ੁਰੂਆਤ ਕੀਤੀ ਗਈ ਜਿਸ ਦਾ ਉਦਘਾਟਨ ਸੀਨੀਅਰ ਸਿਟੀਜਨ ਤੇ ਲੰਗਰ ਕਮੇਟੀ ਗੀਤਾ ਭਵਨ ਦੇ ਮਾਸਟਰ ਕੇਵਲ ਕ੍ਰਿਸ਼ਨ, ਮਾਸਟਰ ਪੁਰਸ਼ਤਮ ਲਾਲ, ਪ੍ਰੇਮ ਭਾਰਤੀ, ਬਾਲ ਕ੍ਰਿਸ਼ਨ, ਦੁਰਗਾ ਦਾਸ, ਦਰਸ਼ਨ ਕੁਮਾਰ ਪਟਵਾਰੀ ਤੇ ਹੋਰਨਾਂ ਨੇ ਰੀਵਨ ਕੱਟ ਕੇ ਅਤੇ ਜੋਤੀ ਪ੍ਰਚੰਡ ਕਰਕੇ ਕੀਤਾ। ਇਸ ਮੌਕੇ ਉਹਨਾਂ ਪਾਤਰਾਂ ਨੂੰ ਵਧਾਈ ਦਿੰਦੇ ਹੋਏ ਇਕੱਠ ਨੂੰ ਸੰਬੋਧਨ ਕਰਦਿਆਂ ਹੋਇਆਂ ਕਿਹਾ ਕਿ ਸਾਨੂੰ ਭਗਵਾਨ ਸ੍ਰੀ ਰਾਮ ਚੰਦਰ ਜੀ ਵੱਲੋਂ ਦੱਸੇ ਹੋਏ ਰਸਤੇ ਤੇ ਚੱਲਣਾ ਚਾਹੀਦਾ ਹੈ। ਇਸ ਕਲੱਬ ਦੇ ਪ੍ਰਧਾਨ ਨਾਜ਼ ਸਿੰਗਲਾ, ਸੁਰੇਸ਼ ਚੰਦੇਲ ਆਦਿ ਵੱਲੋਂ ਮੁੱਖ ਮਹਿਮਾਨ ਦਾ ਧਾਰਮਿਕ ਸਨਮਾਨ ਚਿੰਨ ਦੇ ਕੇ ਸਨਮਾਨਿਤ ਕੀਤਾ ਗਿਆ। ਰਾਮਲੀਲਾ ਦੀ ਨਾਈਟ ਵਿੱਚ ਸ਼ਰਬਣ ਕੁਮਾਰ ਦਾ ਰੋਲ ਸੰਨੀ ਗੋਇਲ, ਮਾਤਾ ਗਿਆਨਵਤੀ ਦਾ ਰੋਲ ਅਦਿੱਤਿਆ ਗਰਗ ਜ਼ੋ 14-15 ਸਾਲ ਦਾ ਬੱਚਾ ਹੈ। ਸ਼ਾਂਤੂ ਦੇਵ ਦਾ ਰੋਲ ਗੋਪਾਲ ਚਾਹ ਵਾਲਾ, ਦਸਰਥ ਦਾ ਰੋਲ ਰਮੇਸ਼ ਕੁਮਾਰ ਧੋਲਾ ਨੇ ਬਾਖੂਬੀ ਨਾਲ ਨਿਭਾਇਆ ਹੈ। ਪੰਡਿਤ ਦਾ ਰੋਲ ਚੂਨੀ ਲਾਲ ਢੀਂਗਰਾ ਸੰਤਰੀ ਦਾ ਰੋਲ ਸੋਨੂ ਮੰਤਰੀ ਦਾ ਰੋਲ ਗੌਤਮ ਚੰਦੇਲ ਅਤੇ ਗੁਰੂ ਵਸ਼ਿਸ਼ਟ ਦਾ ਰੋਲ ਰਿੰਪੀ ਬਾਵਾ ਨੇ ਕੀਤਾ ਜਿੰਨਾ ਦਰਸ਼ਕਾਂ ਖੂਬ ਪ੍ਰਸੰਸਾ ਕੀਤੀ ਗਈ। ਇਸ ਤੋਂ ਇਲਾਵਾ ਭਗਵਾਨ ਵਿਸ਼ਨੂ, ਮਾਤਾ ਲਕਸ਼ਮੀ ,ਨਾਰਦ ਮੁਨੀ ਆਦਿ ਦੇ ਸੀਨ ਵੀ ਦਿਖਾਏ ਗਏ । ਇਸ ਮੌਕੇ ਰਾਮਲੀਲਾ ਕਲੱਬ ਦੇ ਪ੍ਰਧਾਨ ਨਾਜ਼ ਸਿੰਗਲਾ, ਰਮੇਸ਼ ਕੁਮਾਰ ਗੋਪਾਲ, ਰਿੰਕਾ ਘੁੰਨਸ, ਜੀਵਨ ਕੁਮਾਰ ਭੂਤ, ਸੁਸ਼ੀਲ ਕੁਮਾਰ ਭੂਤ, ਸੁਰੇਸ਼ ਚੰਦੇਲ, ਵਿਜੇ ਬਿਆਸ, ਉਮੇਸ਼ ਪਿੰਕਾ, ਸਤਪਾਲ ਛਾਬੜਾ, ਰਜੀਵ ਗੋਲਾ, ਬਿੱਟੂ ਬਰਾੜ, ਮਾਸਟਰ ਜਸਪਾਲ ਸ਼ਰਮਾ, ਜਸਵੰਤ ਰਾਏ, ਫਿੱਕਾ ਚੰਦੇਲ, ਵਿਜੇ ਕੁਮਾਰ ਆਦਿ ਹਾਜ਼ਰ ਸਨ।

# ਮੇਲ ਐਕਸਪ੍ਰੈਸ ਗੱਡੀਆਂ ਤਪਾ ਸਟੇਸ਼ਨ 'ਤੇ ਰੋਕਣ ਦੀ ਮੰਗ

ਤਪਾ ਮੰਡੀ, 24 ਸਤੰਬਰ (ਭੂਸ਼ਨ ਘੜੈਲਾ) : ਤਪਾ ਰੇਲਵੇ ਸਟੇਸ਼ਨ ਉਪਰ ਪਹਿਲਾਂ ਤੋਂ ਹੀ ਕੋਈ ਐਕਸਪ੍ਰੈਸ ਗੱਡੀ ਨਹੀਂ ਰੁਕਦੀ, ਬੰਦੇ ਭਾਰਤ ਰੇਲ ਨੇ ਤਾਂ ਰੁਕਣਾ ਹੀ ਕੀ ਐ ? ਇਹ ਵਿਚਾਰ ਤਪਾ ਸ਼ਹਿਰ ਦੇ ਉੱਘੇ ਸਮਾਜ ਸੇਵਕਾ ਅਤੇ ਵਪਾਰੀਆਂ ਨੇ ਸਾਂਝੇ ਤੌਰ 'ਤੇ ਪ੍ਰਗਟ ਕੀਤੇ। ਪਾਰਲੀਮੈਂਟ ਦੀ ਚੋਣਾਂ ਸਮੇਂ ਲੀਡਰਾਂ ਵੱਲੋਂ ਤਪਾ ਸ਼ਹਿਰ ਦੇ ਲੋਕਾਂ ਨਾਲ ਵੱਡੇ ਵੱਡੇ ਵਾਅਦੇ ਵਾਅਦੇ ਕੀਤੇ ਜਾਂਦੇ ਹਨ ਫੇਰ ਜਿੱਤ ਹਾਰ ਤੋਂ ਬਾਅਦ ਉਨਾਂ ਵਾਅਦਿਆ ਨੂੰ ਹੱਥ ਦੀ ਹਥੇਲੀ ਤੇ ਰੱਖ ਬੜ੍ਹਕ ਮਾਰਨ ਦਿੱਤੀ ਜਾਂਦੀ ਹੈ ।ਇਸ ਮੌਕੇ ਬਸਾਤੀ ਐਸੋਸੀਏਸ਼ਨ ਦੇ ਪ੍ਰਧਾਨ ਅਸ਼ੋਕ ਕੁਮਾਰ ਘੜੈਲਾ, ਕਰਿਆਨਾ ਐਸੋਸੀਏਸ਼ਨ ਸਾਬਕਾ ਪ੍ਰਧਾਨ ਮੋਹਨ ਲਾਲ ਤਾਜੋਕੇ, ਸਾਬਕਾ ਕੈਸ਼ੀਅਰ ਰਾਹੁਲ ਮਹਿਤਾ, ਪੈਸਟੀਸਾਈਡ ਐਸੋਸੀਏਸ਼ਨ ਦੇ ਆਗੂ ਦੀਪਕ ਗਰਗ,ਅੱਗਰਵਾਲ ਸੰਮੇਲਨ ਦੇ ਮੀਤ ਪ੍ਰਧਾਨ ਅਸ਼ੋਕ ਗੋਇਲ ਤੇ ਸਕੱਤਰ ਸੁਭਾਸ਼ ਕਾਂਸਲ ਨੇ ਸਾਂਝੇ ਤੌਰ 'ਤੇ ਕੁਝ ਚੌਣਵੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਕਿਹਾ ਕਿ ਜਦੋਂ ਪਾਰਲੀਮੈਂਟ ਚੋਣਾਂ ਸਿਰ 'ਤੇ ਹੁੰਦੀਆਂ ਹਨ ਉੱਦੋ ਹਰ ਕੋਈ ਲੀਡਰ ਬਣਿਆ ਫਿਰਦਾ ਹੁੰਦਾ ਉਹ ਦੇਸ਼ ਭੋਲੀ ਭਾਲੀ ਜੰਨਤਾ ਨੂੰ ਉੱਥੋਂ ਦੇ ਵਿਕਾਸ ਕੰਮਾਂ ਦੇ ਦਾਅਵੇ ਕਮਾਨ ਦੇ ਤੀਰ ਵਾਂਗ ਛਡਦੈ। ਉਮੀਦਵਾਰ ਤਾਂ ਇੱਥੋਂ ਤੱਕ ਝੂੰਡ ਬੋਲ ਦਿੰਦਾ ਸੋਡਾ ਕੰਮ ਤਾਂ ਸਮਝੋ ਹੋ ਗਿਆ ਪਰ ਮੈਨੂੰ ਵੋਟ ਪਾਉਂਣਾ ਨਾਂ ਭੁੱਲ ਜਾਇਓ। ਉਮੀਦਵਾਰ ਕਹਿੰਦਾ ਹੁਣ ਤਾਂ ਮੈਂ ਵੋਟਾਂ ਮੰਗਣ ਲਈ ਆਇਆ ਹਾਂ ਫਿਰ ਮੈਂ ਸੋਡੇ ਨਾਲ ਮੋਢੇ ਨਾਲ ਮੋਢਾ ਜੋੜ ਕੇ ਖੜਾਂਗਾ। ਤੁਸੀ ਵੋਟਰ ਮੈਨੂੰ ਇੱਕ ਵਾਰ ਪਾਰਲੀਮੈਂਟ ਦਾ ਮੈਂਬਰ ਬਣਾ ਭੇਜੋ ਫਿਰ ਦੇਖਿਓ ਤੁਹਾਡੇ ਸ਼ਹਿਰ ਨੂੰ ਕੈਲੋਫੋਰਨੀਆ ਬਣਾ ਦਿੱਤਾ ਜਾਵੇਗਾ । ਤੁਹਾਡੇ ਸ਼ਹਿਰ ਦੇ ਸਟੇਸ਼ਨਾਂ ਤੇ ਹਰ ਇੱਕ ਗੱਡੀ ਦਾ ਠਹਿਰਾਓ ਹੋਵੇਗਾ, ਸਾਰੀਆਂ ਸਹਿਤ ਸਹੂਲਤਾਂ ਦਿੱਤੀਆਂ ਜਾਣਗੀਆਂ, ਇੱਥੋਂ ਤੱਕ ਕਿ ਤੁਹਾਡੇ ਵਰਗੇ ਸ਼ਹਿਰ 'ਚ ਤਾਂ ਹਵਾਈ ਅੱਡਾ ਵੀ ਬਣਾਇਆ ਜਾਵੇਗਾ ਜਿੱਥੋਂ ਹਰ ਰੋਜ਼ ਜਹਾਜ਼ ਉੱਡਣ, ਰੇਲ ਗੱਡੀਆਂ ਦੀ ਤਾਂ ਗੱਲ ਹੀ ਕੀ ਹੈ ।ਪਰ ਚੋਣ ਜਿੱਤਣ ਤੋਂ ਬਾਅਦ ਸਾਰੇ ਵਾਅਦੇ ਭੁੱਲ ਜਾਂਦੇ ਹਨ। 2009 ਵਿੱਚ ਕਾਂਗਰਸ ਪਾਰਟੀ ਦੇ ਉਮੀਦਵਾਰ ਨੇ ਸ਼ਹਿਰ ਵਾਸੀਆਂ ਨਾਲ ਐਕਸਪ੍ਰੈਸ ਗੱਡੀ ਤਪਾ 'ਚ ਰੁਕਣ ਦਾ ਵਾਅਦਾ ਕੀਤਾ ਸੀ ।

# ਸੇਂਟ ਬਚਨਪੁਰੀ ਇੰਟਰਨੈਸ਼ਨਲ ਸਕੂਲ ਪੱਖੋ ਕਲਾਂ ਵਿਖੇ ਕਰਵਾਇਆ ਕਰੀਅਰ ਗਾਈਡੈਂਸ ਕਾਊਂਸਲਿੰਗ ਸੈਸ਼ਨ



ਬਰਨਾਲਾ, 24 ਸਤੰਬਰ, (ਬਘੇਲ ਸਿੰਘ ਧਾਲੀਵਾਲ) : ਸੇਂਟ ਬਚਨਪੁਰੀ ਇੰਟਰਨੈਸ਼ਨਲ ਸਕੂਲ ਪੱਖੋ ਕਲਾਂ ਵਿਖੇ ਸਫਲ ਅਤੇ ਜਾਣਕਾਰੀ ਭਰਪੂਰ 11ਵੀਂ ਅਤੇ 12ਵੀਂ ਕਲਾਸ ਦੇ ਵਿਦਿਆਰਥੀਆਂ ਲਈ ਕਰੀਅਰ ਗਾਈਡੈਂਸ ਕਾਊਂਸਲਿੰਗ ਸੈਸ਼ਨ ਕਰਵਾਇਆ ਗਿਆ। ਜਿਸ 'ਚ ਵਿਦਿਆਰਥੀਆਂ, ਮਾਪੇ ਸਾਹਿਬਾਨ ਨੂੰ ਵੱਖ ਵੱਖ ਕਰੀਅਰ ਵਿਕਲਪਾਂ, ਉੱਚ ਤਾਲੀਮ ਬਾਰੇ ਮਾਹਿਰ ਕਰੀਅਰ ਗਾਈਡੈਂਸ ਵੱਲੋਂ ਆਪਣੇ ਵਿਸ਼ੇਸ ਗਿਆਨ ਰਾਹੀਂ ਕੀਤੀ ਗਈ ਵਿਸਥਾਰਤ ਚਰਚਾ 'ਚ ਸਲਾਹ ਦਿੱਤੀ ਗਈ। ਇਸ ਸਬੰਧੀ ਵਧੇਰੇ ਜਾਣਕਾਰੀ ਸਾਂਝੀ ਕਰਦੇ ਹੋਏ ਸੰਸਥਾ ਚੇਅਰਮੈਨ ਰਵਿੰਦਰਜੀਤ ਸਿੰਘ ਬਿੰਦੀ, ਡਾਇਰੈਕਟਰ ਸਾਗਰਜੀਤ ਸਿੰਘ ਖੀਪਲ ਨੇ ਦੱਸਿਆ ਕਿ ਡਾ. ਗੁਰਵੀਰ ਕੌਰ (ਸਹਾਇਕ ਪ੍ਰੋਫੈਸਰ) ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ, ਮਨਜਿੰਦਰ ਕੌਰ (ਪੀਐੱਚਡੀ ਰਿਸਰਚ ਸ਼ਕਾਲਰ) ਪੰਜਾਬ ਯੂਨੀਵਰਸਿਟੀ ਚੰਡੀਗੜ੍ਹ, ਜਸਪਾਲ ਸਿੰਘ (ਪੀਐੱਚਡੀ। ਰਿਸਰਚ ਸ਼ਕਾਲਰ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਅਤੇ ਅਮਰਿੰਦਰ ਸਿੰਘ ਸੇਖੋਂ (ਪੰਜਾਬ ਯੂਨੀਵਰਸਿਟੀ ਚੰਡੀਗੜ੍ਹ) ਨੇ 11ਵੀਂ ਅਤੇ 12ਵੀਂ ਕਲਾਸ ਦੇ ਵਿਦਿਆਰਥੀਆਂ ਦਾ 12ਵੀਂ ਕਲਾਸ ਤੋਂ ਬਾਅਦ ਉੱਚ ਯੋਗਤਾ ਸਿੱਖਿਆ, ਕੋਰਸ ਤੇ ਕਿੱਤਿਆ ਬਾਰੇ ਕਰੀਅਰ ਗਾਈਡੈਂਸ ਕਾਊਂਸਲਿੰਗ ਸੈਸ਼ਨ ਰਾਹੀਂ ਮਾਰਗਦਰਸ਼ਨ ਕੀਤਾ। ਇਸ ਸੈਸ਼ਨ 'ਚ ਮਾਪੇ ਸਾਹਿਬਾਨ ਨੇ ਵਿਸ਼ੇਸ ਸ਼ਿਰਕਤ ਕਰਕੇ ਪਹੁੰਚੇ ਵਿਦਵਾਨਾਂ ਨੂੰ ਸੁਣਿਆ। ਸੈਸ਼ਨ ਦੇ ਦੌਰਾਨ ਪਹੁੰਚੇ ਮਾਹਿਰ ਕਰੀਅਰ ਗਾਈਡੈਂਸ ਨੇ ਵਿਦਿਆਰਥੀਆਂ ਨੂੰ ਖੇਤੀਬਾੜੀ, ਵਿਗਿਆਨ, ਮੈਡੀਕਲ, ਵਪਾਰ,ਕਲਾ ਅਤੇ ਤਕਨਾਲੋਜੀ ਵਰਗੇ ਖੇਤਰਾਂ ਨਾਲ ਸਬੰਧਿਤ ਉੱਚ ਤਾਲੀਮ ਅਤੇ ਪ੍ਰੋਫੈਸ਼ਨਲ ਮੌਕਿਆਂ ਬਾਰੇ ਗਹਿਰਾਈ 'ਚ ਜਾਣਕਾਰੀ ਦਿੱਤੀ।

# ਬਰਨਾਲਾ ਦੀਆਂ 16 ਟਰੈਵਲ ਏਜੰਸੀਆਂ ਦੇ ਲਾਇਸੰਸ ਰੱਦ

ਬਰਨਾਲਾ, 24 ਸਤੰਬਰ, (ਬਘੇਲ ਸਿੰਘ ਧਾਲੀਵਾਲ) : ਪੰਜਾਬ ਟਰੈਵਲ ਪ੍ਰੋਫੈਸ਼ਨਲਜ਼ ਰੈਗੂਲੇਸ਼ਨ ਰੂਲਜ਼ 2013 ਤੇ ਅਮੇਂਡਮੈਂਟ ਰੂਲਜ਼ 2014 ਹੇਠਾਂ ਜਾਰੀ ਵੱਖ ਵੱਖ ਫ਼ਰਮਾਂ ਦੇ ਲਾਇਸੈਂਸ ਮਿਆਦ ਪੁੱਗਣ 'ਤੇ ਜ਼ਿਲ੍ਹਾ ਮੈਜਿਸਟਰੇਟ ਬਰਨਾਲਾ ਟੀ ਬੈਨਿਥ ਵੱਲੋਂ ਰੱਦ ਕੀਤੇ ਗਏ ਹਨ। ਜ਼ਿਲ੍ਹਾ ਮੈਜਿਸਟਰੇਟ ਵੱਲੋਂ ਜਾਰੀ ਹੁਕਮਾਂ ਅਨੁਸਾਰ ਸਬੰਧਤ ਲਾਈਸੈਂਸੀਆਂ ਵੱਲੋਂ ਲਾਈਸੈਂਸ ਸਰੰਡਰ ਕਰਨ ਦੀ ਦਿੱਤੀ ਦਰਖਾਸਤ ਅਤੇ ਉਪ ਮੰਡਲ ਮੈਜਿਸਟਰੇਟਾਂ ਵਲੋਂ ਪ੍ਰਾਪਤ ਰਿਪੋਰਟ ਦੇ ਆਧਾਰ 'ਤੇ ਇਹ ਕਾਰਵਾਈ ਅਮਲ ਵਿਚ ਲਿਆਂਦੀ ਗਈ ਹੈ। ਲਾਇਸੈਂਸਾਂ ਦੇ ਵੇਰਵੇ ਇਸ ਪ੍ਰਕਾਰ ਹਨ - M/s ਨਵਾਬ ਟਰੈਵਲਜ਼, ਗਲੋਬਲ ਐਜੂਕੇਸ਼ਨ ਬਰਨਾਲਾ, M/s ਜੇ.ਐਸ.ਐਮ, ਫਲਾਇੰਗ ਫ਼ੇਥਰਸ ਐਂਡ ਸਟੱਡੀ ਵੀਜਾ ਕੌਨਸਲਟੈਂਸੀ PVT. LTD., ਲਾਇਸੈਂਸ ਰੱਦ ਕਰ ਦਿੱਤਾ ਗਿਆ ਹੈ। ਜ਼ਿਲ੍ਹਾ ਮੈਜਿਸਟਰੇਟ ਨੇ ਫਲਾਇੰਗ ਫ਼ੇਥਰਸ ਐਂਡ ਸਟੱਡੀ ਵੀਜਾ ਕੌਨਸਲਟੈਂਸੀ PVT. LTD, ਜੇ.ਬੀ ਟੂਰ ਐਂਡ ਟਰੈਵਲਜ਼, ਸੀ.ਐਨ.ਏ ਸਰਵਸੀਜ਼ ਧਨੌਲਾ, ਸਿੰਘਾਪੁਰ ਟੂਰ ਐਂਡ ਟਰੈਵਲ, ਓਕਸਫ਼ੋਰਡ ਇਮੀਗ੍ਰੇਸ਼ਨ ਐਂਡ ਆਈਲੈਟਸ ਸੈਂਟਰ, ਬਾਂਸਲ ਪਿਊਰੀਫ਼ਾਇਡ ਵਾਟਰ, ਜੇ.ਵੀ.ਐਲ ਐਜੂਕੇਸ਼ਨ, ਜੇ.ਵੀ.ਐਲ ਐਜੂਕੇਸ਼ਨ, ਦਾ ਲਾਇਸੈਂਸ ਰੱਦ ਕੀਤਾ ਗਿਆ ਹੈ।

# ਮੱਕੜੀ ਦੇ ਜਾਲ ਦੀ ਤਰ੍ਹਾਂ ਬਿਜਲੀ ਦੇ ਖੰਭੇ 'ਤੇ ਲੱਗੇ ਮੀਟਰ ਲੋਕਾਂ ਲਈ ਬਣੇ ਸਿਰਦਰਦੀ



ਤਪਾ ਮੰਡੀ, 24 ਸਤੰਬਰ(ਭੂਸ਼ਨ ਘੜੈਲਾ) : ਪਾਵਰਕਾਮ ਨੇ ਬਿਜਲੀ ਚੋਰੀ ਨੂੰ ਰੋਕਣ ਲਈ ਬਿਜਲੀ ਮੀਟਰਾਂ ਨੂੰ ਬਾਹਰ ਕੱਢਕੇ ਬਿਜਲੀ ਦੇ ਖੰਭਿਆਂ ਅਤੇ ਬਕਸ਼ਿਆਂ ਵਿੱਚ ਲਗਾਇਆ ਹੋਇਆ ਹੈ ਪਰ ਲੋਕਾਂ ਲਈ ਸਿਰਦਰਦੀ ਬਣੇ ਹੋਏ ਹਨ। ਇਸ ਸੰਬੰਧੀ ਮੋਤੀ ਨਗਰ ਦੀ ਗਲੀ ਨੰਬਰ ਪੰਜ ਦੇ ਵਸਨੀਕਾਂ ਰਾਮ ਲਾਲ ਸ਼ੇਰ ਡੇਅਰੀ ਵਾਲਾ, ਨਰੇਸ਼ ਕੁਮਾਰ, ਭੂਸ਼ਨ ਕੁਮਾਰ, ਟਿੰਕੂ, ਪ੍ਰਵੀਨ ਕੁਮਾਰ ਅਤੇ ਸ਼ਾਮ ਲਾਲ ਨੇ ਰੋਸ਼ ਪ੍ਰਗਟ ਕਰਦਿਆਂ ਦੱਸਿਆ ਕਿ ਪਾਵਰਕਾਮ ਵੱਲੋਂ ਬਿਜਲੀ ਮੀਟਰਾਂ ਨੂੰ ਇੱਕ ਪੋਲ ਤੇ ਮੱਕੜੀ ਦੀ ਜਾਲ ਦੀ ਤਰ੍ਹਾਂ ਲਗਾਏ ਹੋਏ ਹਨ,ਸਾਰੀਆਂ ਕੇਬਲ ਤਾਰਾਂ ਦਾ ਜਾਲ ਵਿੱਛਿਆਂ ਪਿਆ ਹੈ। ਇਸ ਪੋਲ 'ਤੇ 14 ਮੀਟਰ ਬਿਜਲੀ ਦੇ ਅਤੇ ਤਿੰਨ ਚਾਰ ਬਕਸੇ ਨੈਂਟ ਵਾਲਿਆਂ ਦੇ ਲੱਗੇ ਹੋਏ ਹਨ। ਉਨ੍ਹਾਂ ਦੱਸਿਆ ਕਿ ਜੋੜ ਨੰਗੇ ਪਏ ਹਨ ਅਤੇ ਮੀਟਰ ਤਿੰਨ-ਤਿੰਨ ਫੁੱਟ ਤੇ ਲੱਗੇ ਹੋਣ ਕਾਰਨ ਬੱਚਿਆਂ ਦਾ ਹੱਥ ਲੱਗਣ ਕਾਰਨ ਕਿਸੇ ਸਮੇਂ ਵੀ ਵੱਡਾ ਹਾਦਸਾ ਵਾਪਰ ਸਕਦਾ ਹੈ। ਇਸ ਸੰਬੰਧੀ ਉਨ੍ਹਾਂ ਇਹ ਵੀ ਦੱਸਿਆ ਕਿ ਇਸ ਸਮੱਸ਼ਿਆਂ ਸੰਬੰਧੀ ਪਾਵਰਕਾਮ ਦੇ ਅਧਿਕਾਰੀਆਂ ਨੂੰ ਕਈ ਵਾਰ ਜਾਣੂ ਕਰਵਾਇਆ ਗਿਆ ਹੈ ਕਿ ਇੱਕ ਪੋਲ ਤੇ ਲੱਗੇ ਮੀਟਰਾਂ ਨੂੰ ਉਨ੍ਹਾਂ ਘਰਾਂ ਦੇ ਅੱਗੇ ਹੀ ਲਗਾਇਆ ਜਾਵੇ ਜਿਸ ਦਾ ਬਿਜਲੀ ਕੁਨੈਕਸ਼ਨ ਹੈ। ਇਸ ਸੰਬੰਧੀ ਉਨ੍ਹਾਂ ਇਹ ਵੀ ਦੱਸਿਆ ਕਿ ਇਨ੍ਹਾਂ ਲੱਗੇ ਮੀਟਰਾਂ ਵਿੱਚੋਂ ਜੇਕਰ ਇੱਕ ਮੀਟਰ ਨੂੰ ਵੀ ਅੱਗ ਲੱਗ ਜਾਵੇ ਤਾਂ ਉਹ ਆਪਣੇ ਨਾਲ-ਨਾਲ ਦੂਸਰੇ ਮੀਟਰਾਂ ਨੂੰ ਵੀ ਅਪਣੀ ਚਪੇਟ ਵਿੱਚ ਲੈਕੇ ਨੁਕਸਾਨ ਪਹੁੰਚਾ ਸਕਦਾ ਹੈ,ਅਜਿਹੀਆਂ ਘਟਨਾਵਾਂ ਆਮ ਹੁੰਦੀਆਂ ਰਹਿੰਦੀਆਂ ਹਨ ਅਤੇ ਮੰਡੀ 'ਚ ਕਈ ਅਜਿਹੇ ਮੀਟਰ ਵੀ ਲੱਗੇ ਹਨ ਜਿਨ੍ਹਾਂ ਦੇ ਢੱਕਣ ਤੱਕ ਵੀ ਨਹੀਂ ਲੱਗੇ ਅਤੇ ਇਰਦ-ਗਿਰਦ ਤਾਰਾਂ ਨੰਗੀਆਂ ਪਈਆਂ ਹਨ। ਉਨ੍ਹਾਂ ਪਾਵਰਕਾਮ ਦੇ ਉਚ-ਅਧਿਕਾਰੀਆਂ ਤੋਂ ਮੰਗ ਕੀਤੀ ਹੈ ਕਿ ਲੋਕਾਂ ਨੂੰ ਆ ਰਹੀ ਇਨ੍ਹਾਂ ਸਮੱਸ਼ਿਆਵਾਂ ਵੱਲ ਧਿਆਨ ਦਿੱਤਾ ਜਾਵੇ। ਇਸ ਸੰਬੰਧੀ ਜਦ ਪਾਵਰਕਾਮ ਦੇ ਐਸ.ਡੀ.ਓ ਰਾਮ ਸਿੰਘ ਨਾਲ ਗੱਲਬਾਤ ਕੀਤੀ ਤਾਂ ਉਨ੍ਹਾਂ ਦੱਸਿਆ ਕਿ ਇਹ ਸਮੱਸ਼ਿਆਂ ਉਨ੍ਹਾਂ ਦੇ ਧਿਆਨ ਵਿੱਚ ਹੈ ਅਤੇ ਉਚ-ਅਧਿਕਾਰੀਆਂ ਨੂੰ ਬਕਸ਼ਿਆਂ ਸੰਬੰਧੀ ਲਿਖਕੇ ਭੇਜਿਆਂ ਹੋਇਆ ਹੈ ਅਤੇ ਕਰਮਚਾਰੀਆਂ ਨੂੰ ਸਮੱਸ਼ਿਆਂ ਦੇਖਕੇ ਹੱਲ ਕਰਵਾ ਦਿੱਤਾ ਜਾਵੇਗਾ।

# ਘਰ ਵਿੱਚ 57 ਸਾਲ ਬਾਅਦ ਕੁੜੀ ਜੰਮਣ 'ਤੇ ਮਠਿਆਈ ਵੰਡ ਕੇ ਮਨਾਈ ਖੁਸ਼ੀ



ਭਦੌੜ , 24 ਸਤੰਬਰ (ਸੁਖਵਿੰਦਰ ਪਲਾਹਾ) ਜਿੱਥੇ ਕੁਝ ਸਮਾਂ ਪਹਿਲਾਂ ਘਰ ਵਿੱਚ ਕੁੜੀਆਂ ਦੇ ਜੰਮਣ ਤੇ ਇੱਕ ਸਰਾਪ ਮੰਨਿਆ ਜਾਂਦਾ ਸੀ ਪਰ ਉਥੇ ਹੀ ਅੱਜ ਦੇ ਆਧੁਨਿਕ ਯੁੱਗ ਵਿੱਚ ਕੁੜੀਆਂ ਨੂੰ ਪਰਮਾਤਮਾ ਦੀ ਮਿਹਰ ਵੀ ਸਮਝਿਆ ਜਾਂਦਾ ਹੈ। ਇਸੇ ਤਰ੍ਹਾਂ ਦੀ ਇੱਕ ਤਾਜ਼ਾ ਮਿਸਾਲ ਭਦੌੜ ਦੇ ਨਾਨਕਸਰ ਰੋਡ ਵਿਖੇ ਵੇਖਣ ਨੂੰ ਮਿਲੀ, ਜਿੱਥੇ ਇੱਕ ਪਰਿਵਾਰ ਦੇ ਘਰ 57 ਸਾਲ ਬਾਅਦ ਕੁੜੀ ਜੰਮਣ ਤੇ ਘਰ ਵਿੱਚ ਖੁਸ਼ੀਆਂ ਮਨਾਈਆਂ ਗਈਆਂ ਅਤੇ ਖੁਸ਼ੀਆਂ ਨੂੰ ਆਸ ਪਾਸ ਦੇ ਲੋਕਾਂ ਨਾਲ ਸਾਂਝਾ ਕਰਕੇ ਮਠਿਆਈ ਵੰਡੀ ਗਈ ਅਤੇ ਨਿੰਮ ਬੰਨ ਕੇ ਖੁਸ਼ੀ ਦੇ ਗੀਤ ਵੀ ਗਾਏ ਗਏ। ਨਵਜੰਮੀ ਕੁੜੀ ਦੇ ਦਾਦਾ ਤੇ ਪਰਿਵਾਰ ਦੇ ਮੁਖੀ ਮੇਵਾ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਾਡੇ ਘਰ ਵਿੱਚ 57 ਸਾਲ ਬਾਅਦ ਕਿਸੇ ਕੁੜੀ ਨੇ ਜਨਮ ਲਿਆ ਹੈ ਅਤੇ ਬੱਚੀ ਦੇ ਜਨਮ ਲੈਣ ਤੋਂ ਪਹਿਲਾਂ ਹੀ ਮੇਰੇ ਪੁੱਤਰ ਕਰਮਵੀਰ ਸਿੰਘ ਰਿੰਕੂ ਅਤੇ ਨੂੰਹ ਮਨਪ੍ਰੀਤ ਕੌਰ ਨੇ ਫੈਸਲਾ ਕਰ ਲਿਆ ਸੀ ਕਿ ਜੇਕਰ ਸਾਡੇ ਘਰ ਕੁੜੀ ਜਨਮ ਲੈਂਦੀ ਹੈ ਤਾਂ ਅਸੀਂ ਨਿੰਮ ਬੰਨਣ ਤੋਂ ਇਲਾਵਾ ਮਿਠਾਈਆਂ ਵੰਡ ਕੇ ਖੁਸ਼ੀ ਮਨਾਵਾਂਗੇ ਅਤੇ ਇਹ ਖੁਸ਼ੀ ਪੂਰੇ ਮਹੱਲੇ ਲੋਕਾਂ ਨਾਲ ਸਾਂਝੀ ਕਰਾਂਗੇ। ਮੇਵਾ ਸਿੰਘ ਨੇ ਦੱਸਿਆ ਕਿ ਅਸੀਂ ਆਪਣੀ ਪੋਤਰੀ ਦਾ ਨਾਮ ਗੁਰਸੀਰਤ ਕੌਰ ਰੱਖਿਆ ਹੈ ਅਤੇ ਸਾਡੇ ਵੱਲੋਂ ਰਿਸ਼ਤੇਦਾਰਾਂ ਤੋਂ ਇਲਾਵਾ ਸਾਰੇ ਮੁਹੱਲੇ ਲੋਕਾਂ ਨੂੰ ਘਰੇ ਬੁਲਾ ਕੇ ਉਹਨਾਂ ਦਾ ਮੂੰਹ ਮਿੱਠਾ ਕਰਾਇਆ ਗਿਆ ਅਤੇ ਸਾਰਿਆਂ ਲਈ ਚਾਹ ਪਾਣੀ ਦਾ ਇੰਤਜ਼ਾਮ ਵੀ ਕੀਤਾ ਗਿਆ ਹੈ।

# ਬਾਬਾ ਫ਼ਰੀਦ ਜੀ ਦੇ ਆਗ਼ਮਨ ਪੁਰਬ ਨੂੰ ਸਮਰਪਿਤ ਵਿਸ਼ਵ ਪੰਜਾਬੀ ਦਿਵਸ ਮਨਾਇਆ



ਧਨੌਲਾ, 24 ਸਤੰਬਰ (ਚਮਕੌਰ ਸਿੰਘ ਗੱਗੀ) : ਪੰਜਾਬ ਪਬਲਿਕ ਸਕੂਲ ਵਿੱਖੇ ਅੱਜ ਬਾਬਾ ਫ਼ਰੀਦ ਜੀ ਦੇ ਆਗਮਨ ਪੁਰਬ ਨੂੰ ਸਮਰਪਿਤ ਵਿਸ਼ਵ ਪੰਜਾਬੀ ਦਿਵਸ ਬੜ੍ਹੇ ਉਤਸ਼ਾਹ ਨਾਲ ਮਨਾਇਆ ਗਿਆ । ਪੂਰੇ ਸਕੂਲ ਦਾ ਮਾਹੌਲ ਪੰਜਾਬੀ ਸੱਭਿਆਚਾਰ ਦੀ ਖੁਸ਼ਬੂ ਨਾਲ ਰੰਗਿਆ ਹੋਇਆ ਸੀ । ਪ੍ਰੋਗਰਾਮ ਦੀ ਸ਼ੁਰੂਆਤ ਬੱਚਿਆਂ ਵੱਲੋ ਪ੍ਰੇਮ -ਭਾਵਨਾ ਨਾਲ ਭਰਪੂਰ ਕਵਿਤਾਵਾਂ ਪੇਸ਼ ਕਰਕੇ ਕੀਤੀ ਗਈ । ਵਿਦਿਆਰਥੀਆਂ ਨੇ ਪੰਜਾਬੀ ਦੀ ਮਹਾਨਤਾ ਬਾਰੇ ਜ਼ੋਰਦਾਰ ਭਾਸ਼ਣ ਵੀ ਦਿੱਤੇ । ਉਹਨਾਂ ਨੇ ਪੰਜਾਬੀ ਭਾਸ਼ਾ ਤੇ ਚਾਨਣਾ ਪਾਉਂਦਿਆ ਦੱਸਿਆ ਕਿ ਪੰਜਾਬੀ ਬੋਲੀ ਹੀ ਸਾਡਾ ਅਸਲ ਵਿਰਸਾ ਹੈ ਅਤੇ ਇਸ ਨੂੰ ਸੰਸਾਰ ਭਰ ਵਿੱਚ ਮਾਣ ਮਿਲ ਰਿਹਾ ਹੈ । ਇਸ ਮੌਕੇ ਦੌਰਾਨ ਸਿੱਖਿਆ ਭਰਪੂਰ ਪੰਜਾਬੀ ਕਹਾਣੀਆਂ ਦਾ ਵੀ ਉਚਾਰਨ ਕੀਤਾ ਗਿਆ । ਸਮਾਗਮ ਦੌਰਾਨ ਸਕੂਲ ਦੇ ਚੇਅਰਮੈਨ ਸ: ਅਮਰਜੀਤ ਸਿੰਘ ਜੀ ਨੇ ਬੱਚਿਆ ਨੂੰ ਪੰਜਾਬੀ ਦਿਵਸ ਤੇ ਵਧਾਈ ਦਿੰਦਿਆ ਬੱਚਿਆ ਨੂੰ ਸੰਬੋਧਨ ਕਰਦਿਆ ਕਿਹਾ ਕਿ ਪੰਜਾਬੀ ਦਿਵਸ ਸਾਨੂੰ ਯਾਦ ਦਵਾਉਂਦਾ ਹੈ ਕਿ ਸਾਨੂੰ ਆਪਣੀ ਮਾਂ ਬੋਲੀ ਦੀ ਦਿਲੋਂ ਸੰਭਾਲ ਕਰਨੀ ਚਾਹੀਦੀ ਹੈ । ਸਾਨੂੰ ਆਪਣੀ ਪੰਜਾਬੀਅਤ ਤੇ ਮਾਣ ਹੋਣਾ ਚਾਹੀਦਾ ਹੈ । ਸਕੂਲ ਦੀ ਪ੍ਰਿੰਸੀਪਲ ਮੈਡਮ ਸਿਮਰਨ ਨੇ ਇਸ ਸੁਭਾਗ ਭਰੇ ਦਿਨ ਤੇ ਬੱਚਿਆ ਨੂੰ ਸੰਬੋਧਨ ਕਰਦਿਆ ਪੰਜਾਬੀ ਮਾਂ ਬੋਲੀ ਨਾਲ ਜੁੜ੍ਹੇ ਰਹਿਣ ਦੀ ਨਸੀਹਤ ਦਿੱਤੀ । ਮੈਡਮ ਜਸਵਿੰਦਰ ਨੇ ਬਾਬਾ ਫ਼ਰੀਦ ਜੀ ਦੀਆਂ ਸਿੱਖਿਆਵਾਂ- ਮਿਹਨਤ ਤੇ ਇਮਾਨਦਾਰੀ, ਨਿਮਰਤਾ ਵਿੱਚ ਰਹਿਣਾ , ਸਬਰ ਅਤੇ ਧੀਰਜ ਦਾ ਲੜ੍ਹ ਫੜ੍ਹ ਕੇ ਰੱਖਣਾ , ਪਿਆਰ , ਦਇਆ , ਤਿਆਗ ਅਤੇ ਸਾਦਗੀ ਦੀ ਸਾਡੇ ਜੀਵਨ ਵਿੱਚ ਮਹਾਨਤਾ ਤੇ ਚਾਨਣਾ ਪਾਇਆ । ਇਸ ਮੌਕੇ ਸਕੂਲ ਦਾ ਸਮੂਹ ਸਟਾਫ਼ ਅਤੇ ਬੱਚੇ ਹਾਜ਼ਰ ਸਨ ।ਸਮਾਰੋਹ ਦਾ ਅੰਤ ਸਭ ਵੱਲੋ ਪੰਜਾਬੀ ਲਿਖੋ , ਪੜ੍ਹੋ ਤੇ ਬੋਲੋ ਦੇ ਨਾਰਿਆਂ ਨਾਲ ਹੋਇਆ ।

# ਅੱਗਰਵਾਲ ਸਮਾਜ ਨੇ ਮਹਾਰਾਜਾ ਅਗਰਸੇਨ ਜੈਯੰਤੀ ਧੂਮਧਾਮ ਨਾਲ ਮਨਾਈ



ਧਨੌਲਾ 24 ਸਤੰਬਰ (ਚਮਕੌਰ ਸਿੰਘ ਗੱਗੀ) : ਧਨੌਲਾ ਦੇ ਸਮੂਹ ਅੱਗਰਵਾਲ ਸਮਾਜ ਵੱਲੋਂ ਮੰਗਲਵਾਰ ਨੂੰ ਸਥਾਨਕ ਸ਼੍ਰੀ ਆਦਿ ਸ਼ਕਤੀ ਰਾਮਲੀਲ੍ਹਾ ਕਲੱਬ ਰਾਮ ਮੰਦਰ ਵਿੱਚ ਮਹਾਰਾਜਾ ਅਗਰਸੈਨ ਜੀ ਦੀ 5149 ਵੀਂ ਜਯੰਤੀ ਅਗਰਸੈਨ ਜੀ ਦੀ ਆਰਤੀ ਕਰਕੇ ਮਨਾਇਆ ਗਿਆ,। ਅਗਰਵਾਲ ਸਮਾਜ ਦੇ ਸੰਸਥਾਪਕ ਮਹਾਰਾਜਾ ਅਗਰਸੈਨ ਜੀ ਦੀ ਯਾਦ ਵਿੱਚ ਇਹ ਕੀਤਾ ਗਿਆ, ਜਿਸ ਵਿੱਚ ਸਮਾਜ ਦੇ ਲੋਕਾਂ ਨੇ ਮਹਾਰਾਜਾ ਅਗਰਸੈਨ ਜੀ ਦੇ ਜਨਮ ਦਿਨ ਮੌਕੇ ਪੁਸ਼ਪਾਂਜਲੀ ਅਰਪਿਤ ਕਰਕੇ ਉਨ੍ਹਾਂ ਦੇ ਆਦਰਸ਼ਾਂ ਨੂੰ ਸਨਮਾਨ ਦਿੱਤਾ, ਇਸ ਮੌਕੇ ਹਾਜਰ ਅੱਗਰਵਾਲ ਭਾਈਚਾਰੇ ਵੱਲੋਂ ਮਿਠਾਈਆਂ ਵੰਡ ਕੇ ਇੱਕ-ਦੂਸਰੇ ਨੂੰ ਵਧਾਈ ਦਿੱਤੀ ਅਤੇ ਆਪਸੀ ਭਰਾਵਾਂ ਨੂੰ ਮਜ਼ਬੂਤ ਕਰਨ ਦਾ ਸੰਕਲਪ ਲਿਆ। ਇਸ ਮੌਕੇ ਜੀਵਨ ਕੁਮਾਰ ਬਾਂਸਲ ਅਤੇ ਰਜਨੀਸ਼ ਕੁਮਾਰ ਨੇ ਦੱਸਿਆ ਕਿ ਮਹਾਰਾਜਾ ਅਗਰਸੈਨ ਜੀ ਜਨਮ ਸਮੇਂ ਬਚਪਨ ਤੋਂ ਹੀ ਦਇਆਲੂ ਅਤੇ ਸਮਾਜਵਾਦ ਦੇ ਸਮਰਥਕ ਸਨ। ਉਨ੍ਹਾਂ ਨੇ ਯਜਨਾਂ ਵਿੱਚ ਪਸ਼ੂ ਬਲੀ ਦਾ ਵਿਰੋਧ ਕਰਦੇ ਹੋਏ ਖ਼ਤ੍ਰੀ ਧਰਮ ਤਿਆਗ ਕੇ ਵੈਸ਼ ਧਰਮ ਅਪਣਾਇਆ। ਉਨ੍ਹਾਂ ਦੇ ਆਦਰਸ਼ ਅੱਜ ਵੀ ਅਗਰਵਾਲ ਸਮਾਜ ਨੂੰ ਪ੍ਰੇਮ, ਸ਼ਾਂਤੀ ਅਤੇ ਵਪਾਰ ਮਹਾਰਥਾ ਦੀ ਪ੍ਰੇਰਨਾ ਦੇ ਰਹੇ ਹਨ। ਇਸ ਮੌਕੇ 'ਤੇ ਡਾ. ਚਿਮਨ ਲਾਲ, ਵਪਾਰ ਮੰਡਲ ਦੇ ਪ੍ਰਧਾਨ ਰਮਨ ਵਰਮਾ, ਅਰੁਣ ਕੁਮਾਰ ਬਾਂਸਲ, ਜਨਕ ਰਾਜ ਬਾਂਸਲ, ਵਿਨੋਦ ਕੁਮਾਰ, ਰਾਕੇਸ਼ ਕੁਮਾਰ ਮਿਤਲ ਮੀਤ ਪ੍ਰਧਾਨ ਅਗਰਵਾਲ ਸਭਾ), ਬਿਲਾਸ ਰਾਇ, ਪ੍ਰੇਮ ਕੁਮਾਰ, ਰਮੇਸ਼ ਕੁਮਾਰ ਸਮੇਤ ਵੱਡੀ ਗਿਣਤੀ ਵਿੱਚ ਬਾਂਸਲ ਪਰਿਵਾਰ ਹਾਜ਼ਰ ਸਨ।

# ਨਸ਼ੀਲੀਆਂ ਗੋਲ਼ੀਆਂ ਬਰਾਮਦ, ਮਾਮਲਾ ਦਰਜ

ਬਰਨਾਲਾ, 24 ਸਤੰਬਰ, (ਬਘੇਲ ਸਿੰਘ ਧਾਲੀਵਾਲ) : ਥਾਣਾ ਮਹਿਲ ਕਲਾਂ ਦੀ ਪੁਲਿਸ ਵੱਲੋਂ ਨਸ਼ੀਲੀਆਂ ਗੋਲੀਆਂ ਬਰਾਮਦ ਕਰਕੇ ਮਾਮਲਾ ਦਰਜ ਕੀਤਾ ਗਿਆ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਹੌਲਦਾਰ ਬਲਵਿੰਦਰ ਸਿੰਘ ਨੇ ਦੱਸਿਆ ਕਿ ਪੁਲਿਸ ਨੂੰ ਇਤਲਾਹ ਮਿਲੀ ਕਿ ਲਛਮਣ ਸਿੰਘ ਪੁੱਤਰ ਰੂਪ ਸਿੰਘ, ਲਵਪ੍ਰੀਤ ਸਿੰਘ ਪੁੱਤਰ ਕਾਲੂ ਸਿੰਘ ਵਾਸੀਆਨ ਸਹਿਜੜਾ ਜੋ ਬਾਹਰੋ ਸਸਤੇ ਭਾਅ 'ਚ ਨਸ਼ੀਲੀਆਂ ਗੋਲੀਆਂ ਲਿਆ ਕੇ ਪਿੰਡ ਮਹਿਲਾ ਕਲਾਂ ਦੇ ਏਰੀਆ 'ਚ ਮਹਿੰਗੇ ਭਾਅ ਵੇਚਣ ਦਾ ਧੰਦਾ ਕਰਦਾ ਹੈ। ਪੁਲਿਸ ਨੇ ਮੌਕੇ 'ਤੇ ਰੇਡ ਕਰਕੇ ਉਸ ਪਾਸੋ 110 ਨਸ਼ੀਲੀਆਂ ਗੋਲੀਆਂ ਬਰਾਮਦ ਕਰਕੇ ਮਾਮਲਾ ਦਰਜ ਕਰ ਲਿਆ ਹੈ।

# ਸੰਤ ਲੌਂਗਪੁਰੀ ਬ੍ਰਿਲੀਐਂਟ ਸਕੂਲ ਵਿਖੇ ਵਿਸ਼ਵ ਪੰਜਾਬੀ ਦਿਵਸ ਮਨਾਇਆ



ਬਰਨਾਲਾ, 24 ਸਤੰਬਰ, (ਬਘੇਲ ਸਿੰਘ ਧਾਲੀਵਾਲ) : ਸੰਤ ਬਾਬਾ ਚਰਨਪੁਰੀ ਜੀ ਅਤੇ ਮੈਨੇਜਿੰਗ ਡਾਇਰੈਕਟਰ ਮੈਡਮ ਕਰਮਜੀਤ ਕੌਰ ਦੇਵਾ ਜੀ ਦੀ ਅਗਵਾਈ ਹੇਠ ਚੱਲ ਰਹੀ ਪ੍ਰਸਿੱਧ ਸੰਸਥਾ ਵੱਲੋਂ ਵਿਸ਼ਵ ਪੰਜਾਬੀ ਦਿਵਸ ਵਜੋਂ ਮਨਾਇਆ ਗਿਆ। ਬਾਬਾ ਫ਼ਰੀਦ ਦੇ ਆਗਮਨ ਦਿਵਸ ਨੂੰ ਸਮਰਪਿਤ ਹਰ ਸਾਲ 23 ਸਤੰਬਰ ਨੂੰ ਵਿਸ਼ਵ ਪੰਜਾਬੀ ਦਿਵਸ ਵਜੋਂ ਮਨਾਉਣ ਦਾ ਫ਼ੈਸਲਾ ਲਿਆ ਗਿਆ ਹੈ । ਬਾਬਾ ਫ਼ਰੀਦ ਜੀ ਪੰਜਾਬੀ ਦੇ ਪਹਿਲੇ ਸਿਰਮੌਰ ਕਵੀਆਂ ਵਿਚੋਂ ਹਨ ਜਿਨ੍ਹਾਂ ਦੀ ਬਾਣੀ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਸਥਾਨ ਦੇ ਕੇ ਸਤਿਕਾਰਿਆ ਗਿਆ ਹੈ । ਇਸ ਦਿਨ ਬੱਚਿਆਂ ਅਤੇ ਸਕੂਲ ਦੇ ਸਟਾਫ ਨੂੰ ਪੰਜਾਬੀ ਪਹਿਰਾਵਾ ਪਹਿਨਣ ਅਤੇ ਨਿਰੋਲ ਪੰਜਾਬੀ ਭਾਸ਼ਾ ਵਿਚ ਗੱਲਬਾਤ ਕਰਨ ਦੀ ਸੰਤੁਤਰਤਾ ਦਿੱਤੀ ਗਈ। ਪੰਜਾਬੀ ਨੂੰ ਪ੍ਰਫੁਲਿਤ ਜਾਂ ਜੀਵਿਤ ਰੱਖਣ ਲਈ ਇਸ ਮੌਕੇ ਸਕੂਲ ਵਿੱਚ ਬੱਚਿਆਂ ਵੱਲੋਂ ਗੁਰਮੁਖੀ ਪੰਜਾਬੀ ਲਿਪੀ ਅਤੇ ਸੁੰਦਰ ਲਿਖਾਈ , ਲਿਖਾਈ ਗਈ ਅਤੇ ਲੋਕ ਗੀਤ, ਕਵਿਤਾਵਾਂ ਆਦਿ ਸੱਭਿਆਚਾਰਕ ਗਤੀਵਿਧੀਆ ਕਰਵਾਈਆ ਗਈਆ। ਅਤੇ ਬੱਚੇ ਪੰਜਾਬੀ ਪਹਿਰਾਵਾ ਪਹਿਨ ਕੇ ਸਕੂਲ ਆਏ । ਇਸ ਮੌਕੇ ਸੰਸਥਾ ਦੇ ਪ੍ਰਿੰਸੀਪਲ ਸੁਮਨ ਸ਼ਰਮਾ, ਕੋਆਰਡੀਨੇਟਰ ਨਰਿੰਦਰ ਕੌਰ, ਸਮੂਹ ਸਟਾਫ ਅਤੇ ਵਿਦਿਆਰਥੀ ਹਾਜ਼ਿਰ ਸਨ ।

# ਵਾਈ.ਐਸ. ਕਾਲਜ ਦੇ ਫ਼ਾਈਨ ਆਰਟਸ ਵਿਭਾਗ ਨੇ ਸਿਰਫ਼ ਦੋ ਦਿਨਾਂ 'ਚ ਰਚਿਆ ਕਲਾ ਦਾ ਕਰਿਸ਼ਮਾ



ਬਰਨਾਲਾ, 24 ਸਤੰਬਰ (ਸੁਖਵਿੰਦਰ ਸਿੰਘ ਭੰਡਾਰੀ) : ਉੱਚ ਸਿੱਖਿਆ ਸੰਸਥਾ ਵਜੋਂ ਮਾਨਤਾ ਪ੍ਰਾਪਤ ਵਾਈਐਸ ਕਾਲਜ, ਰਚਨਾਤਮਕਤਾ ਅਤੇ ਨਵੀਨਤਾ ਰਾਹੀਂ ਪ੍ਰੇਰਿਤ ਕਰਨਾ ਜਾਰੀ ਰੱਖਦਾ ਹੈ। ਹਾਲ ਹੀ ਦੇ ਇੱਕ ਪ੍ਰੋਜੈਕਟ ਵਿੱਚ, ਫਾਈਨ ਆਰਟਸ ਵਿਭਾਗ ਨੇ ਕੁਲਵੰਤ ਗਹਿਲ ਦੀ ਅਗਵਾਈ ਹੇਠ ਆਪਣੀ ਅਸਾਧਾਰਨ ਪ੍ਰਤਿਭਾ ਦਾ ਪ੍ਰਦਰਸ਼ਨ ਕੀਤਾ, ਜੋ ਕਿ ਇੱਕ ਬਹੁਪੱਖੀ ਕਲਾਕਾਰ ਹੈ, ਜਿਸ ਕੋਲ ਕਈ ਕਲਾ ਰੂਪਾਂ ਵਿੱਚ 18 ਸਾਲਾਂ ਤੋਂ ਵੱਧ ਦਾ ਤਜਰਬਾ ਹੈ। ਗਹਿਲ ਨੇ ਵਿਦਿਆਰਥੀਆਂ ਗੁਰਸਰਨ ਸਿੰਘ, ਸਿਮਰਜੀਤ ਕੌਰ, ਅੰਮ੍ਰਿਤਪਾਲ ਸਿੰਘ, ਮਹਿਕਦੀਪ ਸਿੰਘ, ਜਸਮੀਨ ਕੌਰ, ਵਿਵੇਕ ਕੌਰ, ਜਸ਼ਨਦੀਪ ਕੌਰ ਲਖੇਸਰ, ਮਨਜੋਤ ਕੌਰ, ਹੁਸਨਦੀਪ ਕੌਰ, ਮੋਹਿਤ ਕੁਮਾਰ ਅਤੇ ਕੁਲਦੀਪ ਸਿੰਘ ਦੀ ਇੱਕ ਸਮਰਪਿਤ ਟੀਮ ਦੇ ਨਾਲ ਮਿਲ ਕੇ ਸਿਰਫ ਦੋ ਦਿਨਾਂ ਵਿੱਚ ਇੱਕ ਅਸਾਧਾਰਨ ਕਲਾਕਾਰੀ ਤਿਆਰ ਕੀਤੀ, ਜਿਸ ਨੇ ਟੀਮ ਵਰਕ, ਹੁਨਰ ਅਤੇ ਸਮਰਪਣ ਦੀ ਇੱਕ ਸ਼ਾਨਦਾਰ ਉਦਾਹਰਣ ਕਾਇਮ ਕੀਤੀ। ਇਸ ਪ੍ਰੋਜੈਕਟ ਨੇ ਨਾ ਸਿਰਫ ਵਾਈਐਸ ਕਾਲਜ ਦੀ ਕਲਾਤਮਕ ਉੱਤਮਤਾ ਨੂੰ ਉਜਾਗਰ ਕੀਤਾ ਬਲਕਿ ਅਕਾਦਮਿਕ ਦੇ ਨਾਲ-ਨਾਲ ਰਚਨਾਤਮਕਤਾ ਨੂੰ ਪਾਲਣ-ਪੋਸ਼ਣ ਲਈ ਸੰਸਥਾ ਦੀ ਵਚਨਬੱਧਤਾ ਨੂੰ ਵੀ ਸਾਬਤ ਕੀਤਾ।ਵਾਈਐਸ ਕਾਲਜ ਦੇ ਡਾਇਰੈਕਟਰ, ਵਰੁਣ ਭਾਰਤੀ ਨੇ ਇਸ ਯਤਨ ਦੀ ਪ੍ਰਸ਼ੰਸਾ ਕੀਤੀ, ਇਹ ਨੋਟ ਕਰਦੇ ਹੋਏ ਕਿ ਇਸ ਤਰ੍ਹਾਂ ਦੇ ਪ੍ਰੋਜੈਕਟ ਸਿੱਖਿਆ ਨੂੰ ਨਵੀਨਤਾ ਨਾਲ ਮਿਲਾਉਣ ਅਤੇ ਵਿਦਿਆਰਥੀਆਂ ਨੂੰ ਅਸਲ-ਸੰਸਾਰ ਦਾ ਸਾਹਮਣਾ ਕਰਨ ਦੇ ਕਾਲਜ ਦੇ ਦ੍ਰਿਸ਼ਟੀਕੋਣ ਨੂੰ ਮਜ਼ਬੂਤ ਕਰਦੇ ਹਨ। ਪ੍ਰਿੰਸੀਪਲ ਗੁਰਪਾਲ ਸਿੰਘ ਰਾਣੇ ਨੇ ਆਪਣੀ ਪ੍ਰਸ਼ੰਸਾ ਪ੍ਰਗਟ ਕਰਦੇ ਹੋਏ ਕਿਹਾ ਕਿ ਫਾਈਨ ਆਰਟਸ ਫੈਕਲਟੀ ਅਤੇ ਵਿਦਿਆਰਥੀਆਂ ਨੇ ਇੱਕ ਵਾਰ ਫਿਰ ਕਾਲਜ ਨੂੰ ਮਾਣ ਦਿਵਾਇਆ ਹੈ, ਇਹ ਦਰਸਾਉਂਦੇ ਹੋਏ ਕਿ ਵਾਈਐਸ ਕਾਲਜ ਪ੍ਰਤਿਭਾ, ਅਨੁਸ਼ਾਸਨ ਅਤੇ ਰਚਨਾਤਮਕਤਾ ਦੇ ਕੇਂਦਰ ਵਜੋਂ ਖੜ੍ਹਾ ਹੈ।

# ਭਗਵਾਨ ਵਾਲਮੀਕਿ ਪ੍ਰਗਟ ਦਿਵਸ ਸਬੰਧੀ ਵਾਲਮੀਕਿ ਸੰਤ ਸਮਾਜ ਸਰਵੇ ਸਤਸੰਗ ਦੀ ਮੀਟਿੰਗ



ਬਰਨਾਲਾ, 24 ਸਤੰਬਰ (ਸੁਖਵਿੰਦਰ ਸਿੰਘ ਭੰਡਾਰੀ): ਵਾਲਮੀਕਿ ਸੰਤ ਸਮਾਜ ਸਰਵੇ ਸਤਸੰਗ ਬਰਨਾਲਾ ਵਲੋਂ ਵਿਸ਼ੇਸ਼ ਮੀਟਿੰਗ ਰੱਖੀ ਗਈ ।,ਜਿਸ ਵਿੱਚ ਸ਼ਾਮਿਲ ਸਾਰੇ ਆਚਾਰੀਆ ਗਣ, ਮਹੰਤਗਣ, ਕੋਤਵਾਲ , ਭਜਨ ਗਾਇਕਾਂ ਅਤੇ ਚੇਲਿਆਂ ਵਲੋਂ ਸਰਵ ਸੰਮਤੀ ਨਾਲ ਭਗਵਾਨ ਵਾਲਮੀਕਿ ਪ੍ਰਗਟ ਦਿਵਸ ਮੌਕੇ ਮਿਤੀ 6 ਅਕਤੂਬਰ 2025 ਨੂੰ ਹੋਣ ਜਾ ਰਹੀ ਸ਼ੋਭਾ ਯਾਤਰਾ ਵਿੱਚ ਸ਼ਮੂਲੀਅਤ ਕਰਨ ਕੀਰਤਨ ਦੀ ਸੇਵਾ ਅਤੇ ਵੱਧ ਤੋਂ ਵੱਧ ਸਹਿਯੋਗ ਕਰਨ ਦਾ ਫ਼ੈਸਲਾ ਕੀਤਾ ਗਿਆ ।ਵਾਲਮੀਕਿ ਮੰਦਿਰ ਪੱਤੀ ਰੋਡ ਬਰਨਾਲਾ ਕਮੇਟੀ ਨਾਲ ਮੀਟਿੰਗ ਕਰ ਕੇ ਸਾਰੀ ਯੋਜਨਾਵਾਂ , ਰੂਟ, ਤੇ ਵਿਚਾਰ ਸਾਂਝੇ ਕਰ ਕਾਰਜ ਨੂੰ ਪੂਰਨ ਕਰਨ ਦਾ ਵੀ ਮਤਾ ਪਾਸ ਕੀਤਾ ਗਿਆ। ਭਵਿੱਖ ਵਿੱਚ ਸਮਾਜ ਦੇ ਹੋਣਹਾਰ ਬੱਚਿਆਂ ਲਈ ਸਕਾਲਰਸ਼ਿਪ ਸਕੀਮ , ਬਾਰਵੀਂ ਤੱਕ ਦੇ ਜ਼ਰੂਰਤਮੰਦ ਬੱਚਿਆ ਨੂੰ ਫ਼ਰੀ ਕੋਚਿੰਗ ਜਿਹੀਆਂ ਸਮਾਜ ਕਲਿਆਣ ਦੀਆਂ ਯੋਜਨਾਵਾਂ ਤੇ ਵਿਚਾਰ ਕੀਤਾ ਗਿਆ । ਇਸ ਮੌਕੇ ਬਰਨਾਲਾ ਸ਼ਹਿਰ ਦੇ ਸੰਤ ਸਮਾਜ ਵਿਚੋਂ ਮੁੱਖ ਸੰਚਾਲਕ ਆਚਾਰੀਆ ਜਗਦੀਸ਼ ਸਾਰਸਰ , ਬਾਬੂਲਾਲ ਸਾਰਸਰ , ਰਜਿੰਦਰ ਖੇਰਾਲੀਆ,ਮਾਸਟਰ ਦੀਪਕ ਬਸੋਰ , ਕਾਰਜਕਾਰੀ ਕਮੇਟੀ ਦੇ ਅਸ਼ੋਕ ਊਜੀਨਵਾਲ , ਹਰੀ ਚੰਦ ਬਸੋਰ , ਓਮ ਪ੍ਰਕਾਸ਼ ਗੁਗਲੀਆ , ਸੰਜੇ ਗੁਗਲੀਆ , ਸੂਰਜਭਾਨ ਸਾਰਵਨ, ਪੱਪੂ ਲੋਹੇਰਾ , ਸੋਨੂੰ ਭਗਤ , ਮੁਕੇਸ ਅਤੇ ਯੁਵਾ ਮੰਡਲ ਦੇ ਵੀਰ ਅਜੇ , ਵੀਰ ਸਾਜਨ , ਵੀਰ ਮੰਗਲਰਾਮ , ਵੀਰ ਰਿਤਿਕ ਮੌਜੂਦ ਸਨ।

## ਮਾਤਾ ਸੁੰਦਰੀ ਗਰੁੱਪ ਵਿੱਚ ਬਾਬਾ ਫਰੀਦ ਜੀ ਦੇ ਆਗਮਨ ਪੁਰਬ ਮੌਕੇ ਵਿਸ਼ਵ ਪੰਜਾਬੀ ਦਿਵਸ ਮਨਾਇਆ

ਬਠਿੰਡਾ,24 ਸਤੰਬਰ : (ਜਗਸੀਰ ਭੁੱਲਰ) : ਲੜਕੀਆਂ ਦੀ ਸਿੱਖਿਆ ਨੂੰ ਸਮਰਪਿਤ, ਅੰਤਰ-ਰਾਸ਼ਟਰੀ ਅਤੇ ਰਾਸ਼ਟਰੀ ਪੱਧਰ 'ਤੇ ਨਾਮਣਾ ਖੱਟਣ ਵਾਲੀ ਸੰਸਥਾ ਮਾਤਾ ਸੁੰਦਰੀ ਗਰੁੱਪ ਆਫ ਇੰਸਟੀਚਿਊਸ਼ਨਜ਼ ਢੱਡੇ ਦੇ ਵਿਹੜੇ ਵਿੱਚ ਬਾਬਾ ਫਰੀਦ ਜੀ ਦੇ ਆਗਮਨ ਪੁਰਬ ਮੌਕੇ ਵਿਸ਼ਵ ਪੰਜਾਬੀ ਦਿਵਸ ਮਨਾਇਆ ਗਿਆ। ਚੇਅਰਮੈਨ ਕੁਲਵੰਤ ਸਿੰਘ ਸਿੱਧੂ ਅਤੇ ਮੈਨੇਜਿੰਗ ਡਾਇਰੈਕਟਰ ਗੁਰਵਿੰਦਰ ਸਿੰਘ ਨੇ ਕਿਹਾ ਕਿ ਸਾਨੂੰ ਹਮੇਸ਼ਾ ਹੀ ਆਪਣੇ ਪੰਜਾਬੀ ਹੋਣ 'ਤੇ ਮਾਣ ਮਹਿਸੂਸ ਹੁੰਦਾ ਹੈ, ਕਿਉਂਕਿ ਪੰਜਾਬੀ ਲੋਕ ਪੂਰੀ ਦੁਨੀਆਂ ਵਿੱਚ ਪੰਜਾਬੀਆਂ ਦੀ ਵੱਖਰੀ ਪਹਿਚਾਣ ਕਰਕੇ ਜਾਣੇ ਜਾਂਦੇ ਹਨ। ਪੰਜਾਬੀ ਸਾਡੀ ਮਾਂ ਬੋਲੀ ਹੈ ਅਤੇ ਮਾਂ ਬੋਲੀ ਨਾਲ ਪਿਆਰ ਕਰਨਾ ਹਰ ਪੰਜਾਬੀ ਦਾ ਫਰਜ਼ ਹੈ। ਅਸੀਂ ਆਪਣੀ ਨੌਜਵਾਨ ਪੀੜ੍ਹੀ ਨੂੰ ਪੰਜਾਬੀ ਬੋਲੀ, ਸਾਹਿਤ ਅਤੇ ਸਭਿਆਚਾਰ ਨਾਲ ਜੋੜ ਕੇ ਹੀ ਉਨ੍ਹਾਂ ਵਿੱਚ ਅਸਲੀ ਮੂਲ-ਮੁੱਲ ਰਚ ਸਕਦੇ ਹਾਂ। ਪੰਜਾਬੀ ਸਿਰਫ਼ ਸੰਚਾਰ ਦਾ ਸਾਧਨ ਨਹੀਂ, ਸਗੋਂ ਸਾਡੀ ਵਿਰਾਸਤ ਅਤੇ ਸਾਡੀ ਪਹਿਚਾਣ ਹੈ, ਜਿਸਦੀ ਸੰਭਾਲ ਕਰਨਾ ਸਮੇਂ ਦੀ ਸਭ ਤੋਂ ਵੱਡੀ ਲੋੜ ਹੈ। ਸੰਸਥਾ ਦੇ ਡਾਇਰੈਕਟਰ ਐਡਮਿਨਿਸਟਰੇਸ਼ਨ ਪਰਮਿੰਦਰ ਸਿੰਘ ਸਿੱਧੂ ਨੇ ਕਿਹਾ ਕਿ ਪੰਜਾਬੀ ਭਾਸ਼ਾ ਸਾਡੀ ਵਿਰਾਸਤ, ਸਭਿਆਚਾਰ ਅਤੇ ਅਸਤਿਤਵ ਦੀ ਪਛਾਣ ਹੈ। ਪੰਜਾਬੀ ਵਿੱਚ ਹੀ ਸਾਡੇ ਮਹਾਨ ਗੁਰਾਂ ਅਤੇ ਸੂਫੀ ਸੰਤਾਂ ਨੇ ਅਮੋਲਕ ਬਾਣੀ ਰਚੀ, ਜਿਸ ਨੇ ਪੂਰੀ ਦੁਨੀਆ ਨੂੰ ਮਨੁੱਖਤਾ, ਪਿਆਰ ਅਤੇ ਸੱਚਾਈ ਦਾ ਸੰਦੇਸ਼ ਦਿੱਤਾ। ਸਾਡੇ ਸਭ ਦੀ ਜ਼ਿੰਮੇਵਾਰੀ ਹੈ ਕਿ ਪੰਜਾਬੀ ਭਾਸ਼ਾ ਨੂੰ ਨਾ ਸਿਰਫ਼ ਘਰਾਂ ਤੱਕ ਸੀਮਿਤ ਰੱਖੀਏ, ਸਗੋਂ ਇਸਨੂੰ ਵਿੱਦਿਆ, ਵਿਗਿਆਨ ਅਤੇ ਰੋਜ਼ਗਾਰ ਦੇ ਕਾਰਜਾਂ ਵਿੱਚ ਵੀ ਅੱਗੇ ਲਿਆਈਏ। ਸੰਸਥਾ ਦੇ ਪ੍ਰਿੰਸੀਪਲ ਰਾਜ ਸਿੰਘ ਬਾਘਾ ਨੇ ਕਿਹਾ ਕਿ ਪੰਜਾਬੀ ਭਾਸ਼ਾ ਸਾਡੇ ਅਸਤਿਤਵ ਅਤੇ ਸੱਭਿਆਚਾਰ ਦੀ ਰੂਹ ਹੈ। ਇਸਦੇ ਬਗੈਰ ਸਾਡੀ ਪਹਿਚਾਣ ਅਧੂਰੀ ਹੈ। ਅਸੀਂ ਸਭ ਦੀ ਜ਼ਿੰਮੇਵਾਰੀ ਹੈ ਕਿ ਪੰਜਾਬੀ ਨੂੰ ਸਿਰਫ਼ ਘਰਾਂ ਅਤੇ ਰਿਵਾਇਤਾਂ ਤੱਕ ਹੀ ਸੀਮਿਤ ਨਾ ਰੱਖੀਏ, ਸਗੋਂ ਵਿਗਿਆਨ, ਤਕਨਾਲੋਜੀ ਅਤੇ ਵਿਦਿਆ ਦੇ ਹਰ ਖੇਤਰ ਵਿੱਚ ਇਸਦੀ ਵਰਤੋਂ ਕਰੀਏ, ਤਾਂ ਜੋ ਪੰਜਾਬੀ ਨੂੰ ਵਿਸ਼ਵ ਪੱਧਰ 'ਤੇ ਹੋਰ ਮਜ਼ਬੂਤ ਪਹਿਚਾਣ ਮਿਲ ਸਕੇ। ਇਸ ਮੌਕੇ ਸੰਸਥਾ ਦੇ ਵਿਦਿਆਰਥੀਆਂ ਦੇ ਵੱਖ-ਵੱਖ ਸਲੋਗਨਾ ਦੇ ਪੋਸਟਰ ਮੇਕਿੰਗ ਮੁਕਾਬਲੇ ਕਰਵਾਏ ਗਏ ਅਤੇ ਪਹਿਲੇ ਦੂਜੇ ਅਤੇ ਤੀਜੇ ਸਥਾਨ ਤੇ ਆਉਣ ਵਾਲੇ ਵਿਦਿਆਰਥੀਆਂ ਨੂੰ ਇਨਾਮ ਵੰਡੇ ਗਏ। ਡਾਇਰੈਕਟਰ ਮੈਡਮ ਸਿਲਕਜੀਤ ਕੌਰ ਅਤੇ ਖਜ਼ਾਨਚੀ ਮੈਡਮ ਪ੍ਰਸ਼ੋਤਮ ਕੌਰ ਨੇ ਵਿਸ਼ਵ ਪੰਜਾਬੀ ਦਿਵਸ ਦੀ ਵਧਾਈ ਦਿੱਤੀ । ਇਸ ਮੌਕੇ ਕਾਲਜ ਦੇ ਸੀਨੀਅਰ ਪ੍ਰੋ. ਜਸਵਿੰਦਰ ਸਿੰਘ, ਸੀਨੀਅਰ ਪ੍ਰੋ. ਰਾਜਵਿੰਦਰ ਸਿੰਘ, ਪ੍ਰੋ. ਕਰਨਵੀਰ ਸਿੰਘ,ਸੀਨੀਅਰ ਪ੍ਰੋ. ਰਣਜੀਤ ਕੌਰ , ਪ੍ਰੋ. ਕਿਰਨਜੀਤ ਕੌਰ, ਪ੍ਰੋ. ਹਰਮਨਦੀਪ ਕੌਰ, ਪ੍ਰੋ. ਵੀਰਪਾਲ ਕੌਰ ਆਦਿ ਹਾਜ਼ਰ ਸਨ।

## ਬਠਿੰਡਾ ਦੇ ਸਿਵਲ ਹਸਪਤਾਲ ਵਿੱਚ ਲੱਖਾਂ ਦਾ ਫਾਇਰ ਸਿਸਟਮ ਬੇਕਾਰ

ਬਠਿੰਡਾ, 24 ਸਤੰਬਰ (ਦੀਪਕ ਸ਼ਰਮਾ):ਕਈ ਵਾਰੀ ਇੱਕ ਘਟਨਾ ਸਾਨੂੰ ਬਹੁਤ ਕੁਝ ਸਿਖਾ ਜਾਂਦੀ ਹੈ, ਪਰ ਲੱਗਦਾ ਹੈ ਕਿ ਬਠਿੰਡਾ ਦੇ ਸਿਹਤ ਵਿਭਾਗ ਨੇ ਅੰਮ੍ਰਿਤਸਰ ਤੋਂ ਕੋਈ ਸਬਕ ਨਹੀਂ ਸਿੱਖਿਆ, ਜਿੱਥੇ ਅੰਮ੍ਰਿਤਸਰ ਦੇ ਸਰਕਾਰੀ ਹਸਪਤਾਲ ਵਿੱਚ ਫਾਇਰ ਸਿਸਟਮ ਨੇ ਵੱਡੇ ਹਾਦਸੇ ਨੂੰ ਟਾਲ ਦਿੱਤਾ, ਉੱਥੇ ਹੀ ਬਠਿੰਡਾ ਦੇ ਸਰਕਾਰੀ ਹਸਪਤਾਲ ਵਿੱਚ ਲੱਖਾਂ ਰੁਪਏ ਖਰਚ ਕਰਕੇ ਲਗਾਇਆ ਗਿਆ ਫਾਇਰ ਸਿਸਟਮ ਖ਼ਤਰੇ ਦੀ ਘੰਟੀ ਬਣ ਗਿਆ ਹੈ।ਅੰਮ੍ਰਿਤਸਰ ਦੇ ਸਰਕਾਰੀ ਹਸਪਤਾਲ ਦੇ ਬਲੱਡ ਸਟੋਰ ਵਿੱਚ ਐਤਵਾਰ ਨੂੰ ਅੱਗ ਲੱਗਣ ਦੀ ਘਟਨਾ ਤੋਂ ਬਾਅਦ, ਉੱਥੇ ਦੇ ਸਟਾਫ ਨੇ ਅੱਗ ਬੁਝਾਊਣ ਵਾਲੇ ਯੰਤਰਾਂ ਦੀ ਮਦਦ ਨਾਲ 20 ਲੋਕਾਂ ਦੀ ਜਾਨ ਬਚਾਈ ਪਰ ਇਸਦੇ ਉਲਟ, ਜੇ ਅਜਿਹੀ ਕੋਈ ਘਟਨਾ ਬਠਿੰਡਾ ਦੇ ਸਰਕਾਰੀ ਬੱਚਿਆਂ ਦੇ ਹਸਪਤਾਲ ਵਿੱਚ ਵਾਪਰਦੀ ਹੈ ਤਾਂ ਵੱਡਾ ਹਾਦਸਾ ਹੋਣਾ ਯਕੀਨੀ ਹੈ। ਇਸ ਹਸਪਤਾਲ ਵਿੱਚ ਫਾਇਰ ਸਿਸਟਮ ਲੱਗੇ ਹੋਏ ਹਨ ਪਰ ਸਾਰੇ ਬੇਕਾਰ ਹੋ ਚੁੱਕੇ ਹਨ। ਕਈਆਂ ਵਿੱਚੋਂ ਪਾਣੀ ਦੀਆਂ ਪਾਈਪਾਂ ਗਾਇਬ ਹਨ ਅਤੇ ਕਈਆਂ ਦੇ ਪੁਰਜ਼ਿਆਂ ਨੂੰ ਜੰਗ ਲੱਗ ਚੁੱਕੀ ਹੈ। ਇਹ ਲਾਪਰਵਾਹੀ ਉਦੋਂ ਹੋ ਰਹੀ ਹੈ ਜਦੋਂ ਹਸਪਤਾਲ ਵਿੱਚ 24 ਘੰਟੇ ਗਰਭਵਤੀ ਔਰਤਾਂ, ਨਵਜੰਮੇ ਬੱਚੇ ਅਤੇ ਪ੍ਰਸੂਤਾਵਾਂ ਦਾ ਇਲਾਜ ਚੱਲਦਾ ਰਹਿੰਦਾ ਹੈ।ਜਦੋਂ ਸਰਕਾਰੀ ਹਸਪਤਾਲ ਵਿੱਚ ਸਥਿਤ ਜੱਚਾ ਬੱਚਾ ਹਸਪਤਾਲ ਵਿੱਚ ਜਾ ਕੇ ਸੁਰੱਖਿਆ ਪ੍ਰਬੰਧਾਂ ਦਾ ਜਾਇਜ਼ਾ ਲਿਆ, ਤਾਂ ਕਈ ਹੈਰਾਨ ਕਰਨ ਵਾਲੇ ਤੱਥ ਸਾਹਮਣੇ ਆਏ। ਇਹ ਪਤਾ ਲੱਗਿਆ ਕਿ ਲੱਖਾਂ ਰੁਪਏ ਖਰਚ ਕਰਕੇ ਲਗਾਇਆ ਗਿਆ ਫਾਇਰ ਸਿਸਟਮ ਪੂਰੀ ਤਰ੍ਹਾਂ ਖਰਾਬ ਹੋ ਚੁੱਕਾ ਹੈ। ਫਾਇਰ ਸਿਸਟਮ ਦੇ ਕਈ ਪੁਰਜ਼ਿਆਂ ਨੂੰ ਜੰਗ ਲੱਗ ਚੁੱਕੀ ਹੈ ਅਤੇ ਇੱਕ ਵਾਰਡ ਤੋਂ ਦੂਜੇ ਵਾਰਡ ਤੱਕ ਪਹੁੰਚਣ ਲਈ ਪਾਈਪ ਸਟੈਂਡ ਤਾਂ ਲੱਗਿਆ ਹੋਇਆ ਹੈ ਪਰ ਪਾਣੀ ਦੀਆਂ ਪਾਈਪਾਂ ਗਾਇਬ ਹਨ। ਨਾਮ ਨਾ ਛਾਪਣ ਦੀ ਸ਼ਰਤ 'ਤੇ ਸਟਾਫ ਨੇ ਦੱਸਿਆ ਕਿ ਕਈ ਸਾਲਾਂ ਤੋਂ ਇਸ ਫਾਇਰ ਸਿਸਟਮ ਦਾ ਟਰਾਇਲ ਨਹੀਂ ਕੀਤਾ ਗਿਆ ਅਤੇ ਨਾ ਹੀ ਉਨ੍ਹਾਂ ਨੂੰ ਇਸਨੂੰ ਚਲਾਉਣ ਦੀ ਕੋਈ ਸਿਖਲਾਈ ਦਿੱਤੀ ਗਈ ਹੈ।ਸਟਾਫ਼ ਦਾ ਕਹਿਣਾ ਹੈ ਕਿ ਜਿੱਥੇ ਹਰ ਸਮੇਂ ਨਵਜੰਮੇ ਬੱਚੇ ਅਤੇ ਔਰਤਾਂ ਦਾਖਲ ਰਹਿੰਦੀਆਂ ਹਨ, ਉੱਥੇ ਤਾਂ ਅੱਗ ਬੁਝਾਊਣ ਦੇ ਯੰਤਰ ਸਭ ਤੋਂ ਵਧੀਆ ਅਤੇ ਅਪਡੇਟ ਹੋਣੇ ਚਾਹੀਦੇ ਹਨ। ਹਸਪਤਾਲ ਦੇ ਵਾਰਡਾਂ ਵਿੱਚ ਲੱਗੇ ਅੱਗ ਬੁਝਾਊਣ ਵਾਲੇ ਯੰਤਰ (ਫਾਇਰ ਐਕਸਟਿੰਗਵਿਸ਼ਰ) ਵੀ ਬਹੁਤ ਛੋਟੇ ਹਨ। ਜਦੋਂ ਸਟਾਫ ਤੋਂ ਉਨ੍ਹਾਂ ਨੂੰ ਚਲਾਉਣ ਬਾਰੇ ਪੁੱਛਿਆ ਗਿਆ ਤਾਂ ਕੁਝ ਨੇ ਦੱਸਿਆ ਕਿ ਉਨ੍ਹਾਂ ਨੂੰ ਕਦੇ ਵੀ ਇਸ ਦੀ ਸਿਖਲਾਈ ਨਹੀਂ ਦਿੱਤੀ ਗਈ। ਮਾਹਿਰਾਂ ਦਾ ਕਹਿਣਾ ਹੈ ਕਿ ਹਰ ਹਸਪਤਾਲ ਵਿੱਚ ਵੱਡੇ ਫਾਇਰ ਸਿਸਟਮ ਦੇ ਨਾਲ-ਨਾਲ ਵੱਡੀ ਪਾਣੀ ਦੀ ਟੈਂਕੀ ਵੀ ਹੋਣੀ ਚਾਹੀਦੀ ਹੈ, ਪਰ ਇੱਥੇ ਟੈਂਕੀ ਵੀ ਛੋਟੀ ਹੈ।ਨੌਜਵਾਨ ਸੋਸਾਇਟੀ ਦੇ ਪ੍ਰਧਾਨ ਸੋਨੂੰ ਮਹੇਸ਼ਵਰੀ ਨੇ ਕਿਹਾ ਕਿ ਬੱਚਿਆਂ ਦੇ ਹਸਪਤਾਲ ਵਿੱਚ ਸੁਰੱਖਿਆ ਪ੍ਰਬੰਧ ਬਹੁਤ ਕਮਜ਼ੋਰ ਹਨ ਅਤੇ ਲੱਖਾਂ ਰੁਪਏ ਦਾ ਫਾਇਰ ਸਿਸਟਮ ਖ਼ਰਾਬ ਹੋ ਚੁੱਕਾ ਹੈ। ਉਨ੍ਹਾਂ ਨੇ ਪ੍ਰਸ਼ਾਸਨ ਨੂੰ ਤੁਰੰਤ ਇਸ ਮਾਮਲੇ ਨੂੰ ਗੰਭੀਰਤਾ ਨਾਲ ਲੈਣ ਅਤੇ ਫਾਇਰ ਸਿਸਟਮ ਨੂੰ ਠੀਕ ਕਰਵਾਉਣ ਦੀ ਅਪੀਲ ਕੀਤੀ।**ਵਰਜਨ**ਜਾਂਚ ਕਰਵਾਵਾਂਗੇ ਕਿ ਕੀ ਕਮੀਆਂ ਰਹਿ ਗਈਆਂ ਹਨ: ਐਸ.ਐਮ.ਓ ਐਸ.ਐਮ.ਓ. ਨੇ ਕਿਹਾ ਕਿ ਫਾਇਰ ਸਿਸਟਮ ਨੂੰ ਸਮੇਂ-ਸਮੇਂ ਤੇ ਚੈੱਕ ਕੀਤਾ ਜਾਂਦਾ ਹੈ। ਜੇ ਕੋਈ ਕਮੀ ਪਾਈ ਜਾਂਦੀ ਹੈ ਤਾਂ ਇਸਦੀ ਪੂਰੀ ਜਾਂਚ ਕਰਵਾਈ ਜਾਵੇਗੀ। ਉਨ੍ਹਾਂ ਦੱਸਿਆ ਕਿ ਫਾਇਰ ਸਿਸਟਮ ਦੇ ਨੋਡਲ ਅਧਿਕਾਰੀ ਡਾ. ਰਾਹੁਲ ਮਦਾਨ ਹਨ, ਜਿਨ੍ਹਾਂ ਤੋਂ ਫਾਇਰ ਸਿਸਟਮ ਦੀ ਜਾਂਚ ਕਰਵਾ ਕੇ ਜਲਦੀ ਹੀ ਕਮੀਆਂ ਨੂੰ ਦੂਰ ਕੀਤਾ ਜਾਵੇਗਾ।

## ਪੁਲਿਸ ਦੀ ਗੱਡੀ ਨੂੰ ਟੱਕਰ ਮਾਰਨ ਵਾਲਾ ਗ੍ਰਿਫਤਾਰ



ਬਠਿੰਡਾ, 24 ਸਤੰਬਰ (ਦੀਪਕ ਸ਼ਰਮਾ):ਸ਼ਹਿਰ ਵਿੱਚ ਵੱਖ-ਵੱਖ ਥਾਵਾਂ ਤੇ ਵਾਪਰੇ ਸੜਕੀ ਹਾਦਸਿਆਂ ਵਿੱਚ ਬੋਲੈਰੋ ਗੱਡੀ ਸਵਾਰ ਦੋ ਵਿਅਕਤੀ ਜ਼ਖਮੀ ਹੋ ਗਏ। ਪੀੜਤ ਵਿਅਕਤੀਆਂ ਨੂੰ ਸਮਾਜ ਸੇਵੀ ਸੰਸਥਾ ਸਹਾਰਾ ਜਨ ਸੇਵਾ ਦੇ ਵਰਕਰਾਂ ਵੱਲੋਂ ਸਥਾਨਕ ਸਰਕਾਰੀ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਹੈ, ਜਦ ਕਿ ਦੂਜੇ ਹਾਦਸੇ ਵਿੱਚ ਪੁਲਿਸ ਦੀ ਗੱਡੀ ਨੂੰ ਟੱਕਰ ਮਾਰਨ ਵਾਲੇ ਵਿਅਕਤੀ ਨੂੰ ਪੁਲਿਸ ਨੇ ਗ੍ਰਿਫਤਾਰ ਕਰ ਲਿਆ ਹੈ।ਬਠਿੰਡਾ 'ਚ ਵੱਖ-ਵੱਖ ਥਾਵਾਂ ਤੇ ਦੋ ਸੜਕੀ ਹਾਦਸੇ ਨੇ ਵਾਪਰਨ ਦੀ ਸੂਚਨਾ ਮਿਲੀ ਹੈ।ਜਾਣਕਾਰੀ ਅਨੁਸਾਰ ਪਹਿਲਾ ਹਾਦਸਾ ਗੋਨਿਆਣਾ ਕਲਾਂ ਵਿੱਖ ਵਾਪਰਿਆ, ਜਿੱਥੇ ਥਾਣਾ ਨੇਹੀਆਂਵਾਲਾ ਪੁਲਿਸ ਟੀਮ ਨਾਕਾਬੰਦੀ ਕਰਕੇ ਵਾਹਨਾਂ ਦੀ ਜਾਂਚ ਕਰ ਰਹੀ ਸੀ। ਜਾਂਚ ਦੌਰਾਨ, ਬਾਜਾਖਾਨਾ ਵਾਲੇ ਪਾਸੇ ਤੋਂ ਆ ਰਹੀ ਇੱਕ ਤੇਜ਼ ਰਫ਼ਤਾਰ ਕਾਰ ਪੁਲਿਸ ਦੀ ਗੱਡੀ ਨਾਲ ਟਕਰਾ ਗਈ। ਪੁਲਿਸ ਨੇ ਤੁਰੰਤ ਕਾਰਵਾਈ ਕਰਦੇ ਹੋਏ ਕਾਰ ਚਾਲਕ ਲਖਵਿੰਦਰ ਸਿੰਘ, ਵਾਸੀ ਗੋਨਿਆਣਾ ਕਲਾਂ, ਨੂੰ ਮੌਕੇ 'ਤੇ ਹੀ ਗ੍ਰਿਫ਼ਤਾਰ ਕਰ ਲਿਆ ਅਤੇ ਉਸ ਖ਼ਿਲਾਫ਼ ਮਾਮਲਾ ਦਰਜ ਕਰ ਲਿਆ ਹੈ।ਦੂਜਾ ਹਾਦਸਾ ਬਠਿੰਡਾ-ਮਲੋਟ ਰੋਡ ਤੇ ਸਥਿਤ ਥਰਮਲ ਪਲਾਂਟ ਨੇੜੇ ਵਾਪਰਿਆ। ਅਬੋਹਰ ਦੇ ਰਹਿਣ ਵਾਲੇ ਦੋ ਵਿਅਕਤੀ, ਤਰਸੇਮ ਸਿੰਘ (44) ਅਤੇ ਸੁਖਦੀਪ ਸਿੰਘ (30), ਇੱਕ ਬੋਲੈਰੋ ਗੱਡੀ ਵਿੱਚ ਆਪਣੇ ਰਿਸ਼ਤੇਦਾਰ ਨੂੰ ਏਮਜ਼ ਹਸਪਤਾਲ ਵਿੱਚ ਦਾਖਲ ਕਰਵਾਉਣ ਤੋਂ ਬਾਅਦ ਵਾਪਸ ਅਬੋਹਰ ਜਾ ਰਹੇ ਸਨ। ਪਰ ਅਚਾਨਕ ਉਨ੍ਹਾਂ ਦੀ ਗੱਡੀ ਬੇਕਾਬੂ ਹੋ ਗਈ ਅਤੇ ਡਿਵਾਈਡਰ ਤੇ ਚੜ੍ਹ ਕੇ ਬਿਜਲੀ ਦੇ ਖੰਭੇ ਨਾਲ ਟਕਰਾ ਗਈ। ਟੱਕਰ ਇੰਨੀ ਜ਼ਬਰਦਸਤ ਸੀ ਕਿ ਬੋਲੈਰੋ ਗੱਡੀ ਪੂਰੀ ਤਰ੍ਹਾਂ ਨੁਕਸਾਨੀ ਗਈ। ਇਸ ਹਾਦਸੇ ਵਿੱਚ ਦੋਵੇਂ ਵਿਅਕਤੀ ਗੰਭੀਰ ਰੂਪ ਵਿੱਚ ਜ਼ਖਮੀ ਹੋ ਗਏ।ਘਟਨਾ ਦੀ ਜਾਣਕਾਰੀ ਮਿਲਦੇ ਹੀ ਸਹਾਰਾ ਟੀਮ ਦੇ ਮੈਂਬਰ ਵਿੱਕੀ ਗਿੱਲ ਤੁਰੰਤ ਮੌਕੇ ਤੇ ਪਹੁੰਚੇ ਅਤੇ ਜ਼ਖ਼ਮੀਆਂ ਨੂੰ ਸਿਵਲ ਹਸਪਤਾਲ ਦੇ ਐਮਰਜੈਂਸੀ ਵਾਰਡ ਵਿੱਚ ਦਾਖਲ ਕਰਵਾਇਆ। ਇਲਾਜ ਤੋਂ ਬਾਅਦ ਦੋਵਾਂ ਦੀ ਹਾਲਤ ਖਤਰੇ ਤੋਂ ਬਾਹਰ ਦੱਸੀ ਜਾ ਰਹੀ ਹੈ। ਪੁਲਿਸ ਦੋਹਾਂ ਮਾਮਲਿਆਂ ਦੀ ਜਾਂਚ ਕਰ ਰਹੀ ਹੈ ਤਾਂ ਜੋ ਹਾਦਸਿਆਂ ਦੇ ਸਹੀ ਕਾਰਨਾਂ ਦਾ ਪਤਾ ਲਗਾਇਆ ਜਾ ਸਕੇ।

## ਹਾਈਟੈਕ ਬਠਿੰਡਾ ਪੁਲਿਸ : ਪੀਸੀਆਰ ਨੂੰ ਤੁਰੰਤ ਸੂਚਨਾ, ਸਮਾਂ ਘਟੇਗਾ



ਬਠਿੰਡਾ, 24 ਸਤੰਬਰ (ਦੀਪਕ ਸ਼ਰਮਾ): ਸਥਾਨਕ ਪੁਲਿਸ ਨੇ ਸ਼ਹਿਰਵਾਸੀਆਂ ਨੂੰ ਜਲਦੀ ਸੇਵਾ ਮੁਹੱਈਆ ਕਰਵਾਉਣ ਲਈ ਪੀਸੀਆਰ ਟੀਮਾਂ ਨੂੰ ਤਕਨੀਕੀ ਤੌਰ 'ਤੇ ਅਪਗ੍ਰੇਡ ਕੀਤਾ ਹੈ। ਹੁਣ 112 'ਤੇ ਕਾਲ ਕਰਦੇ ਹੀ ਪੀਸੀਆਰ ਟੀਮਾਂ ਨੂੰ ਸਮਾਰਟਫੋਨ ਅਤੇ ਟੈਬਲੇਟ 'ਤੇ ਸਿੱਧੀ ਸੂਚਨਾ ਮਿਲੇਗੀ। ਇਸ ਕਾਰਨ ਘਟਨਾ ਸਥਾਨ ਤੇ ਪਹੁੰਚਣ ਦਾ ਸਮਾਂ ਘੱਟ ਹੋਵੇਗਾ ਅਤੇ ਸ਼ਿਕਾਇਤਕਰਤਾ ਦੀ ਨਿਗਰਾਨੀ ਕਰਨਾ ਵੀ ਆਸਾਨ ਹੋ ਜਾਵੇਗਾ।ਮੰਗਲਵਾਰ ਨੂੰ ਪੀਸੀਆਰ ਟੀਮਾਂ ਨੂੰ ਸਮਾਰਟ ਫੋਨ ਅਤੇ ਟੈਬਲੇਟ ਦਿੱਤੇ ਗਏ, ਜੋ ਕਿ ਸਿੱਧੇ ਕੰਟਰੋਲ ਰੂਮ ਨਾਲ ਜੁੜੇ ਹੋਏ ਹਨ। ਪਹਿਲਾਂ ਜਦੋਂ ਕੋਈ ਵਿਅਕਤੀ ਮਦਦ ਲਈ 112 'ਤੇ ਕਾਲ ਕਰਦਾ ਸੀ, ਤਾਂ ਸਭ ਤੋਂ ਪਹਿਲਾਂ ਜਾਣਕਾਰੀ 112 ਕੰਟਰੋਲ ਰੂਮ ਵਿੱਚ ਜਾਂਦੀ ਸੀ, ਜਿੱਥੋਂ ਵਾਇਰਲੈੱਸ ਜ਼ਰੀਏ ਜਾਣਕਾਰੀ ਪੀਸੀਆਰ ਟੀਮ ਤੱਕ ਪਹੁੰਚਦੀ ਸੀ। ਇਸ ਪੂਰੀ ਪ੍ਰਕਿਰਿਆ ਵਿੱਚ 15-20 ਮਿੰਟ ਦਾ ਸਮਾਂ ਲੱਗ ਜਾਂਦਾ ਸੀ।ਹੁਣ ਇਸ ਸਿਸਟਮ ਵਿੱਚ ਸੁਧਾਰ ਕਰਦੇ ਹੋਏ ਪੁਲਿਸ ਟੀਮਾਂ ਨੂੰ ਸਮਾਰਟਫੋਨ ਅਤੇ ਟੈਬਲੇਟ ਦਿੱਤੇ ਗਏ ਹਨ। ਇਨ੍ਹਾਂ ਡਿਵਾਈਸਾਂ ਵਿੱਚ ਇੱਕ ਐਮਡਿਓਟੀ ਐਪ ਇੰਸਟਾਲ ਕੀਤੀ ਗਈ ਹੈ ਜੋ ਕਿ ਸਿੱਧੇ ਕੰਟਰੋਲ ਰੂਮ ਨਾਲ ਪੀਸੀਆਰ ਟੀਮ ਨੂੰ ਸਮਾਰਟਫੋਨ/ਟੈਬਲੇਟ ਤੇ ਅਲਰਟ ਭੇਜੇਗੀ। ਪਹਿਲਾਂ ਕਾਲ ਹੈਂਡਲਰ ਜਾਣਕਾਰੀ ਵਾਇਰਲੈੱਸ ਜ਼ਰੀਏ ਦਿੰਦੇ ਸਨ, ਹੁਣ ਕਾਲ ਆਉਂਦੇ ਹੀ ਸਿੱਧੇ ਪੀਸੀਆਰ ਟੀਮ ਨੂੰ ਸਮਾਰਟਫੋਨ/ਟੈਬਲੇਟ ਤੇ ਅਲਰਟ ਜਾਵੇਗਾ। ਐਮਡਿਓਟੀ ਐਪ ਸਮਾਰਟਫੋਨ ਅਤੇ ਟੈਬਲੇਟ ਤੇ ਚੱਲਣ ਵਾਲਾ ਪੁਲਿਸ ਸੰਚਾਰ ਸਿਸਟਮ ਹੈ। 112 'ਤੇ ਕਾਲ ਆਉਂਦੇ ਹੀ ਕੰਟਰੋਲ ਰੂਮ ਪੀਸੀਆਰ ਟੀਮ ਨੂੰ ਇਸ ਸਮਾਰਟਫੋਨ ਤੇ ਸਿੱਧਾ ਅਲਰਟ ਅਤੇ ਲੋਕੇਸ਼ਨ ਭੇਜੇਗਾ। ਇਸ ਐਪ ਰਾਹੀਂ ਰਿਸਪੌਂਸ ਟਾਈਮ, ਘਟਨਾ ਸਥਾਨ ਦੀ ਦੂਰੀ ਅਤੇ ਕਾਲਰ ਦੀ ਪੂਰੀ ਜਾਣਕਾਰੀ ਦਰਜ ਹੋਵੇਗੀ।**ਰਿਸਪੌਂਸ ਟਾਈਮ ਹੋਵੇਗਾ ਰਿਕਾਰਡ**ਨਵੀਂ ਤਕਨੀਕ ਦੇ ਨਾਲ ਹੁਣ ਇਹ ਵੀ ਰਿਕਾਰਡ ਹੋਵੇਗਾ ਕਿ ਪੀਸੀਆਰ ਟੀਮ ਨੂੰ ਕਿੰਨੇ ਬਜੇ ਸੂਚਨਾ ਮਿਲੀ ਅਤੇ ਉਸਨੇ ਕਿੰਨੇ ਸਮੇਂ ਵਿੱਚ ਰਿਸਪੌਂਸ ਦਿੱਤਾ। ਇਸ ਨਾਲ ਪੁਲਿਸ ਦੀ ਜਵਾਬਦੇਹੀ ਵਧੇਗੀ ਅਤੇ ਇਹ ਵੀ ਪਤਾ ਚੱਲੇਗਾ ਕਿ ਕਿੰਨੀਆਂ ਟੀਮਾਂ ਨੇ ਘਟਨਾ ਸਥਾਨ 'ਤੇ ਪਹੁੰਚਣ ਲਈ ਚੱਕਰ ਲਗਾਏ। ਸ਼ਿਕਾਇਤਕਰਤਾ ਵੀ ਪਹਿਲਾਂ ਸੁਣਨ ਤੋਂ ਬਾਅਦ ਪੀਸੀਆਰ ਟੀਮ ਦੇ ਦੇਰੀ ਨਾਲ ਪਹੁੰਚਣ ਦੀ ਸ਼ਿਕਾਇਤ ਕਰਦੇ ਸਨ। ਸਿਵਲ ਲਾਈਨ ਥਾਣਾ ਇੰਚਾਰਜ ਸ੍ਰੀ ਜਗਸੀਰ ਸਿੰਘ ਨੇ ਦੱਸਿਆ ਕਿ ਸਮਾਰਟਫੋਨ ਅਤੇ ਟੈਬਲੇਟ ਦੀ ਮਦਦ ਨਾਲ ਪੀਸੀਆਰ ਟੀਮ ਘਟਨਾ ਸਥਾਨ ਤੇ ਪਹਿਲਾਂ ਦੀ ਤੁਲਨਾ ਵਿੱਚ ਬਹੁਤ ਜਲਦੀ ਪਹੁੰਚੇਗੀ। ਉਨ੍ਹਾਂ ਕਿਹਾ ਕਿ ਇਹ ਸਿਸਟਮ ਪੁਲਿਸ ਦੇ ਲਈ ਬੇਹੱਦ ਫਾਇਦੇਮੰਦ ਹੋਵੇਗਾ। ਇਸ ਐਪ ਤੇ ਹੋਰ ਕੰਮ ਵੀ ਕੀਤਾ ਜਾਵੇਗਾ।

## ਭਵਾਨੀਗੜ੍ਹ 'ਚ ਕੀਤੀਆਂ ਕਾਰਵਾਈਆਂ ਦੀ ਡੀ.ਐਸ.ਪੀ. ਨੇ ਦਿੱਤੀ ਜਾਣਕਾਰੀ



ਭਵਾਨੀਗੜ੍ਹ 24 ਸਤੰਬਰ ( ਅਮਨਦੀਪ ਸਿੰਘ ਮਾਝਾ): ਪੰਜਾਬ ਸਰਕਾਰ ਵੱਲੋਂ ਪੰਜਾਬ ਵਿੱਚ ਨਸ਼ਾ ਖਤਮ ਕਰਨ ਲਈ ਚਲਾਈ ਜਾ ਰਹੀ ਮੁਹਿੰਮ ਯੁੱਧ ਨਸ਼ਿਆਂ ਵਿਰੁੱਧ ਤਹਿਤ ਐਸ.ਐਸ.ਪੀ ਸਰਤਾਜ ਸਿੰਘ ਚਹਿਲ ਸੰਗਰੂਰ ਦੀ ਅਗਵਾਈ ਅਤੇ ਦਿਸ਼ਾ ਨਿਰਦੇਸ਼ਾਂ ਹੇਠ ਅੱਜ ਸ਼੍ਰੀ ਰਾਹੁਲ ਕੌਸ਼ਲ ਪੀ.ਪੀ.ਐਸ ਉਪ ਕਪਤਾਨ ਪੁਲਿਸ ਸਬ ਡਿਵੀਜ਼ਨ ਭਵਾਨੀਗੜ੍ਹ ਵੱਲੋਂ ਪ੍ਰੈਸ ਰਾਹੀਂ ਜਾਣਕਾਰੀ ਦਿੰਦਿਆਂ ਦੱਸਿਆ ਗਿਆ ਕਿ ਉਹਨਾਂ ਵੱਲੋਂ ਸਮਾਜ ਵਿਰੋਧੀ ਅੰਸਰਾਂ ਦੇ ਖਿਲਾਫ ਵਿੱਡੀ ਮੁਹਿੰਮ ਅਤੇ ਇਲਾਕੇ ਵਿੱਚ ਅਮਨ ਸ਼ਾਂਤੀ ਬਹਾਲ ਰੱਖਣ ਲਈ ਸਬ-ਡਿਵੀਜ਼ਨ ਭਵਾਨੀਗੜ੍ਹ ਅਧੀਨ ਆਉਂਦੇ ਥਾਣਾ ਭਵਾਨੀਗੜ੍ਹ, ਪੁਲਿਸ ਚੌਕੀ ਘਰਾਚੋਂ, ਪੁਲਿਸ ਚੌਕੀ ਕਾਲਾਝਾੜ ਅਤੇ ਪੁਲਿਸ ਚੌਕੀ ਜੌਲੀਆਂ ਦੀ ਪੁਲਿਸ ਵੱਲੋਂ ਮਹਾਂ ਸਤੰਬਰ ਵਿੱਚ ਐਨ.ਡੀ.ਪੀ.ਐਸ ਐਕਟ ਅਧੀਨ ਕੁੱਲ 6 ਮੁਕਦਮੇ ਦਰਜ ਕਰਨ ਉਪਰੰਤ 10 ਦੋਸ਼ੀਆਂ ਨੂੰ ਗ੍ਰਿਫਤਾਰ ਕਰਕੇ ਉਹਨਾਂ ਪਾਸੋਂ 56.50 ਗ੍ਰਾਮ ਹੀਰੋਇਨ ਚਿੱਟਾ ਬਰਾਮਦ ਕਰਵਾਉਣ ਵਿੱਚ ਸਫਲਤਾ ਹਾਸਿਲ ਕੀਤੀ ਹੈ। ਇਸ ਦੇ ਨਾਲ ਹੀ ਆਬਕਾਰੀ ਐਕਟ ਅਧੀਨ ਕੁੱਲ ਤਿੰਨ ਮੁਕਦਮੇ ਦਰਜ ਕਰਨ ਉਪਰੰਤ ਤਿੰਨ ਦੋਸ਼ੀਆਂ ਨੂੰ ਗਿਰਫਤਾਰ ਕਰਕੇ ਉਹਨਾਂ ਪਾਸੋਂ 72 ਬੋਤਲਾਂ ਹਰਿਆਣਾ ਮਾਰਕਾ ਬਰਾਮਦ ਕਰਵਾਉਣ ਵਿੱਚ ਸਫਲਤਾ ਹਾਸਿਲ ਕੀਤੀ ਹੈ। ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਦੌਰਾਨ ਸਮਗਲਰਾਂ, ਪੈਡਲਰਾਂ ਵਿਰੁੱਧ ਕਾਰਵਾਈ ਕਰਦੇ ਹੋਏ ਜਿਨਾਂ ਚ ਚਾਰ ਪੈਡਲਰਾਂ ਦੇ ਖਿਲਾਫ ਕਾਰਵਾਈ ਕੀਤੀ ਗਈ ਹੈ।

## ਰਾਇਸ ਮਿੱਲਰਜ਼ ਐਸੋਸੀਏਸ਼ਨ ਦਾ ਵ.ਫਦ ਮੁੱਖ ਮੰਤਰੀ ਨੂੰ ਮਿਲਿਆ



ਧੂਰੀ, 24 ਸਤੰਬਰ (ਰਾਜੇਸ਼ਵਰ ਪਿੰਟੂ/ ਅਮਨ ਗਰਗ) :ਰਾਇਸ ਮਿੱਲਰਜ਼ ਐਸੋਸੀਏਸ਼ਨ ਪੰਜਾਬ ਦਾ ਇੱਕ ਵਫ਼ਦ ਸੂਬਾ ਪ੍ਰਧਾਨ ਗਿਆਨ ਚੰਦ ਭਾਰਦਵਾਜ ਅਤੇ ਸੂਬਾ ਕਾਰਜਕਾਰੀ ਪ੍ਰਧਾਨ ਬਲਵਿੰਦਰ ਸਿੰਘ ਬਿੱਲੂ ਦੀ ਅਗਵਾਈ ਹੇਠ ਅੱਜ ਮੁੱਖ ਮੰਤਰੀ ਪੰਜਾਬ ਸ਼੍ਰੀ ਭਗਵੰਤ ਮਾਨ ਨਾਲ ਚੰਡੀਗੜ੍ਹ ਵਿਖੇ ਮੁੱਖ ਮੰਤਰੀ ਗ੍ਰਹਿ ਵਿੱਚ ਮਿਲਿਆ। ਇਸ ਮੌਕੇ ਉਨ੍ਹਾਂ ਨੇ ਸੂਬੇ ਦੇ ਹੜ੍ਹ ਪੀੜ੍ਹਤਾਂ ਦੀ ਸਹਾਇਤਾ ਲਈ ਮਿਸ਼ਨ ਚੜ੍ਹਦੀਕਲਾ ਪੰਜਾਬ ਅਧੀਨ 15 ਲੱਖ ਰੁਪਏ ਦਾ ਚੈਕ ਮੁੱਖ ਮੰਤਰੀ ਨੂੰ ਸੌਂਪਿਆ।ਮੁੱਖ ਮੰਤਰੀ ਭਗਵੰਤ ਮਾਨ ਨੇ ਐਸੋਸੀਏਸ਼ਨ ਦੀ ਇਸ ਸੇਵਾ ਭਾਵਨਾ ਦੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਪੰਜਾਬ ਵਾਸੀਆਂ ਨੇ ਹਮੇਸ਼ਾ ਹੀ ਕੁਦਰਤੀ ਆਫ਼ਤਾਂ ਦਾ ਡੱਟ ਕੇ ਮੁਕਾਬਲਾ ਕੀਤਾ ਹੈ ਅਤੇ ਖੁੱਲੇ ਦਿਲ ਨਾਲ ਪੀੜ੍ਹਤਾਂ ਦੀ ਮੱਦਦ ਕੀਤੀ ਹੈ।ਉਨ੍ਹਾਂ ਨੇ ਕਿਹਾ ਕਿ ਹੜ ਪੀੜਤਾਂ ਦੀ ਰਾਹਤ ਅਤੇ ਪੁਨਰਵਾਸ ਲਈ ਸਰਕਾਰ ਵੱਲੋਂ ਲੋੜੀਂਦੇ ਸਾਰੇ ਕਦਮ ਚੁੱਕੇ ਜਾ ਰਹੇ ਹਨ ਅਤੇ ਅਜਿਹੀ ਸਾਂਝੀ ਯਤਨ ਨਾਲ ਹੀ ਪੰਜਾਬ ਨੂੰ ਹੋਰ ਮਜ਼ਬੂਤ ਬਣਾਇਆ ਜਾ ਸਕਦਾ ਹੈ।ਇਸ ਮੀਟਿੰਗ ਦੌਰਾਨ ਝੋਨੇ ਦੀ ਆਉਣ ਵਾਲੀ ਸੀਜ਼ਨ ਸੰਬੰਧੀ ਵੀ ਵਿਸਤ੍ਰਿਤ ਵਿਚਾਰ-ਵਟਾਂਦਰਾ ਕੀਤਾ ਗਿਆ। ਮੁੱਖ ਮੰਤਰੀ ਨੇ ਵਿਸ਼ਵਾਸ ਦਿਵਾਇਆ ਕਿ ਝੋਨੇ ਦੀ ਖਰੀਦ ਅਤੇ ਚੱਲ ਰਹੇ ਮੌਸਮ ਦੌਰਾਨ ਕਿਸਾਨਾਂ, ਆੜ੍ਹਤੀਆਂ ਅਤੇ ਸ਼ੈਲਰ ਮਾਲਕਾਂ ਨੂੰ ਕੋਈ ਵੀ ਮੁਸ਼ਕਲ ਨਹੀਂ ਆਉਣ ਦਿੱਤੀ ਜਾਵੇਗੀ, ਜਿਸ ਨਾਲ ਸਮੇਂ ਸਿਰ ਅਤੇ ਨਿਰਵਿਘਨ ਖਰੀਦ ਪ੍ਰਕਿਰਿਆ ਨੂੰ ਯਕੀਨੀ ਬਣਾਇਆ ਜਾਵੇਗਾ।ਇਸ ਮੌਕੇ ਐਸੋਸੀਏਸ਼ਨ ਦੇ ਹੋਰ ਅਹੁਦੇਦਾਰ ਜੈਪਾਲ ਗੋਇਲ, ਜੈਪਾਲ ਮਿੱਡਾ, ਰਿਸ਼ੂ ਅਤੇ ਪਰਮਿੰਦਰ ਸਿੰਘ ਨੂਰ ਔਲਖ਼ ਵੀ ਹਾਜ਼ਰ ਸਨ। ਵਫ਼ਦ ਨੇ ਮਿਲੇ ਸਹਿਯੋਗ ਬਦਲੇ ਮੁੱਖ ਮੰਤਰੀ ਦਾ ਧੰਨਵਾਦ ਕੀਤਾ

## ਜੀ.ਐਸ.ਟੀ. ਦੇ ਨਵੇਂ ਸੁਧਾਰਾਂ ਨਾਲ ਵਾਧੂ ਟੈਕਸ ਅਤੇ ਝੰਜਟਾਂ ਤੋਂ ਮਿਲੇਗੀ ਮੁਕਤੀ : ਖੰਨਾ



ਸੰਗਰੂਰ, 24 ਸਤੰਬਰ (ਹਰਕੰਵਲ ਸਿੰਘ ਹੈਪੀ): ਜੀ.ਐਸ.ਟੀ. ਦੇ ਨਵੇਂ ਸੁਧਾਰ ਅਤੇ ਇਸਦੇ ਫਾਇਦਿਆਂ ਸਬੰਧੀ ਭਾਜਪਾ ਦੇ ਸੂਬਾ ਮੀਤ ਪ੍ਰਧਾਨ ਅਰਵਿੰਦ ਖੰਨਾ ਦੀ ਅਗਵਾਈ ਹੇਠ ਭਾਜਪਾ ਦੇ ਜ਼ਿਲ੍ਹਾ ਸੰਗਰੂਰ ਦਫ਼ਤਰ ਵਿਖੇ ਪ੍ਰੈੱਸ ਕਾਨਫਰੰਸ ਦਾ ਆਯੋਜਨ ਕੀਤਾ ਗਿਆ।

ਇਸ ਦੌਰਾਨ ਪੱਤਰਕਾਰਾਂ ਨੂੰ ਸੰਬੋਧਨ ਕਰਨ ਲਈ ਅਰਵਿੰਦ ਖੰਨਾ ਦੇ ਨਾਲ ਭਾਜਪਾ ਦੇ ਸੂਬਾ ਮੀਤ ਪ੍ਰਧਾਨ ਵਿਕਰਮਜੀਤ ਸਿੰਘ ਚੀਮਾਂ ਅਤੇ ਜ਼ਿਲ੍ਹਾ ਪ੍ਰਧਾਨ ਧਰਮਿੰਦਰ ਦੁੱਲਟ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ।ਇਸ ਮੌਕੇ ਅਰਵਿੰਦ ਖੰਨਾ ਨੇ ਸੰਬੋਧਨ ਕਰਦਿਆਂ ਕਿਹਾ ਕਿ ਪੀ.ਐੱਮ.ਮੋਦੀ ਦੀ ਅਗਵਾਈ 'ਚ ਦੇਸ਼ ਅੰਦਰ ਭਾਜਪਾ ਦੀ ਕੇਂਦਰ ਸਰਕਾਰ ਵੱਲੋਂ ਲਗਾਤਾਰ ਸੁਧਾਰ ਅਤੇ ਵੱਡੇ ਬਦਲਾਅ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਜੀ.ਐੱਸ.ਟੀ. ਤੋਂ ਪਹਿਲਾਂ ਦੇਸ਼ 'ਚ ਟੈਕਸਾਂ ਦਾ ਮੱਕੜਜਾਲ ਸੀ ਅਤੇ 100 ਤਰ੍ਹਾਂ ਦੇ ਟੈਕਸਾਂ ਦਾ ਭੁਗਤਾਨ ਦੇਸ਼ ਵਾਸੀਆਂ ਨੂੰ ਕਰਨਾ ਪੈਂਦਾ ਸੀ, ਵਪਾਰੀਆਂ ਅਤੇ ਆਮ ਜਨਤਾ ਦੀਆਂ ਮੁਸ਼ਕਿਲਾਂ ਦਾ ਹੱਲ ਅਤੇ ਟੈਕਸਾਂ ਦੇ ਬੋਝ ਨੂੰ ਘੱਟ ਕਰਨ ਦੇ ਮੰਤਵ ਨਾਲ ਕੇਂਦਰ ਸਰਕਾਰ ਵੱਲੋਂ ਜੀ.ਐੱਸ.ਟੀ. ਲਾਗੂ ਕੀਤਾ ਗਿਆ ਜਿਸ ਨਾਲ ਜਨਤਾ ਅਤੇ ਵਪਾਰੀਆਂ ਨੂੰ ਟੈਕਸਾਂ ਤੋਂ ਬਹੁਤ ਜਿਆਦਾ ਰਾਹਤ ਮਿਲੀ ਅਤੇ ਹੁਣ ਕੇਂਦਰ ਸਰਕਾਰ ਵੱਲੋਂ ਇੱਕ ਪੁਲਾਂਘ ਹੋਰ ਅੱਗੇ ਪੱਟਦਿਆਂ ਜੀ.ਐੱਸ.ਟੀ. 'ਚ ਨਵੇਂ ਸੁਧਾਰ ਕਰਕੇ ਦੇਸ਼ ਦੀ ਜਨਤਾ ਨੂੰ ਵਾਧੂ ਟੈਕਸਾਂ ਅਤੇ ਝੰਜਟਾਂ ਤੋਂ ਮੁਕਤੀ ਦਿੱਤੀ ਗਈ ਹੈ ਜਿਸ ਨਾਲ ਅੱਜ ਪੂਰਾ ਦੇਸ਼ ਇਸ ਵਾਰ ਦੇ ਤਿਓਹਾਰੀ ਸੀਜਨ ਦੌਰਾਨ ਮਹਾਂਬੱਚਤ ਉਤਸ਼ਵ ਮਨਾ ਰਿਹਾ ਹੈ। ਗੱਡੀਆਂ, ਕਾਰਾਂ, ਮੋਟਰਸਾਇਕਲਾਂ ਦੇ ਸ਼ੋਰੂਮਾਂ ਸਣੇ ਹੋਰ ਦੁਕਾਨਾਂ 'ਤੇ ਖਰੀਦਦਾਰੀ ਲਈ ਲੋਕਾਂ ਦੀ ਭੀੜ ਲੱਗੀ ਹੋਈ ਹੈ ਅਤੇ ਹਰ ਕੋਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਦਿੱਤੇ ਇਸ ਤੋਹਫੇ ਲਈ ਉਨ੍ਹਾਂ ਦਾ ਧੰਨਵਾਦ ਕਰ ਰਿਹਾ ਹੈ। _ਨ੍ਹਾਂ ਕਿਹਾ ਕਿ ਜੀ.ਐੱਸ.ਟੀ. ਨਵੇਂ ਮਸੌਦੇ ਅਨੁਸਾਰ ਹੁਣ ਸਿਰਫ਼ ਦੋ ਸਲੈਬਾਂ 5 ਅਤੇ 18 ਫੀਸਦ ਹਨ ਜਿਸ ਨਾਲ ਆਮ ਛੋਟਾ ਜਿਹਾ ਵਪਾਰੀ ਵੀ ਜੀ.ਐੱਸ.ਟੀ. ਨੂੰ ਅਰਾਮ ਨਾਲ ਸਮਝ ਸਕੇਗਾ ਅਤੇ ਬੜੀ ਅਸਾਨੀ ਨਾਲ ਸਿਸਟਮ ਦਾ ਹਿੱਸਾ ਬਣ ਸਕੇਗਾ। ਓਨਾ ਨੇ ਕਿਹਾ ਕਿ ਸੁਧਾਰ ਇੱਕ ਬਹੁਤ ਹੀ ਲੰਮੀ ਪ੍ਰਕਿਰਿਆ ਦਾ ਹਿੱਸਾ ਹੁੰਦੇ ਹਨ ਅਤੇ ਇਹ ਨਿਰੰਤਰ ਜਾਰੀ ਰਹਿੰਦੇ ਹਨ ਇਸ ਲਈ ਭਵਿੱਖ 'ਚ ਹੋਰ ਵੱਡੇ ਬਦਲਾਅ ਅਤੇ ਸੁਧਾਰ ਜਾਰੀ ਰਹਿਣਗੇ। ਇਸ ਦੌਰਾਨ ਵਿਸ਼ੇਸ਼ ਤੌਰ 'ਤੇ ਪਹੁੰਚੇ ਭਾਜਪਾ ਦੇ ਸੂਬਾ ਪ੍ਰਧਾਨ ਵਿਰਕਮਜੀਤ ਸਿੰਘ ਚੀਮਾਂ ਨੇ ਕਿਹਾ ਕਿ ਪੀ.ਐੱਮ. ਮੋਦੀ ਦੀ ਅਗਵਾਈ ਹੇਠ ਕੇਂਦਰ ਵੱਲੋਂ ਜੀ.ਐੱਸ.ਟੀ. ਦਰਾਂ ਦੀ ਕੀਤੀ ਗਈ ਕਟੌਤੀ ਨਾਲ ਦੇਸ਼ ਦੇ ਹਰ ਤਬਕੇ ਨੂੰ ਜਿਵੇਂ ਕਿ ਕਿਸਾਨ, ਮਜ਼ਦੂਰ, ਵਪਾਰੀਆਂ ਸਾਰਿਆਂ ਨੂੰ ਹੀ ਇਸਦਾ ਲਾਭ ਮਿਲ ਰਿਹਾ ਹੈ। ਉਹਨਾਂ ਕਿਹਾ ਕਿ ਨਵੇਂ ਸੁਧਾਰਾਂ ਨਾਲ ਜਿੱਥੇ ਖੇਤੀ ਮਸ਼ੀਨਰੀ ਸਸਤੀ ਹੋਵੇਗੀ, ਉੱਥੇ ਬਹੁਤ ਸਾਰੀਆਂ ਖਾਦਾਂ, ਕੀਟਨਾਸ਼ਕਾਂ ਦੀਆਂ ਕੀਮਤਾਂ 'ਚ ਭਾਰੀ ਗਿਰਾਵਟ ਸਾਹਮਣੇ ਆਈ ਹੈ। ਜਿਸ ਨਾਲ ਖੇਤੀ ਲਾਗਤ ਘੱਟੇਗੀ ਅਤੇ ਕਿਸਾਨਾਂ ਦੀ ਆਮਦਾਨ ਵਧੇਗੀ। ਇਸਦੇ ਨਾਲ ਉਸਾਰੀ ਦੇ ਕੰਮ ਵੀ ਜੋਰ ਫੜ੍ਹਨਗੇ ਕਿਉਂਕਿ ਮਕਾਨ ਬਣਾਉਣ ਲਈ ਲੌੜੀਂਦਿਆਂ ਸਾਰੀਆਂ ਵਸਤਾਂ ਸਸਤੀਆਂ ਹੋ ਰਹੀਆਂ ਹਨ, ਜਿਸ ਨਾਲ ਮਜ਼ਦੂਰਾਂ ਅਤੇ ਵੱਖ -ਵੱਖ ਕਾਰਗੀਰਾਂ ਨੂੰ ਹੋਰ ਜ਼ਿਆਦਾ ਕੰਮ ਮਿਲੇਗਾ।

## ਮੇਅਰ ਪਦਮਜੀਤ ਮਹਿਤਾ ਵੱਲੋਂ ਪ੍ਰੀਮਿਕਸ ਅਤੇ ਇੰਟਰਲਾਕਿੰਗ ਟਾਈਲਾਂ ਦੇ ਕੰਮ ਦੀ ਸ਼ੁਰੂਆਤ



ਬਠਿੰਡਾ, 24 ਸਤੰਬਰ (ਜਗਸੀਰ ਭੁੱਲਰ) : ਮੇਅਰ ਪਦਮਜੀਤ ਸਿੰਘ ਮਹਿਤਾ ਨੇ ਕੌਂਸਲਰ ਵੀਰਪਾਲ ਕੌਰ ਦੇ ਵਾਰਡ ਨੰਬਰ 9 ਅਤੇ ਕੌਂਸਲਰ ਨੇਹਾ ਜਿੰਦਲ ਦੇ ਵਾਰਡ ਨੰਬਰ 33 ਵਿੱਚ ਲਗਭਗ 1 ਕਰੋੜ ਰੁਪਏ ਦੀ ਲਾਗਤ ਨਾਲ ਪ੍ਰੀਮਿਕਸ ਅਤੇ ਇੰਟਰਲਾਕਿੰਗ ਟਾਈਲਾਂ ਲਗਾਉਣ ਦੇ ਕੰਮ ਦਾ ਸ਼ੁਭ ਆਰੰਭ ਕੀਤਾ। ਇਸ ਦੌਰਾਨ ਉਨ੍ਹਾਂ ਦੇ ਨਾਲ ਪਰਵਿੰਦਰ ਸਿੰਘ ਸਿੱਧੂ ਨੰਬਰਦਾਰ, ਸ੍ਰੀ ਮਨੋਜ ਜਿੰਦਲ, ਐਸਡੀਓ ਸ੍ਰੀ ਵਿਕਰਮਜੀਤ ਸਿੰਘ, ਜੇਈ ਸ੍ਰੀ ਰਾਜੇਸ਼ ਕੁਮਾਰ ਅਤੇ ਇਲਾਕਾ ਨਿਵਾਸੀ ਮੌਜੂਦ ਸਨ।ਮੇਅਰ ਸ਼੍ਰੀ ਪਦਮਜੀਤ ਸਿੰਘ ਮਹਿਤਾ ਨੇ ਪਹਿਲਾਂ ਵਾਰਡ ਨੰਬਰ 9 ਵਿੱਚ ਸਥਿਤ ਮਾਡਲ ਟਾਊਨ ਫੇਸ-3 ਵਿੱਚ ਲਗਭਗ 49.97 ਲੱਖ ਰੁਪਏ ਦੀ ਲਾਗਤ ਨਾਲ ਪ੍ਰੀਮਿਕਸ ਪਾਉਣ ਦੇ ਕੰਮ ਦਾ ਸ਼ੁਭ ਆਰੰਭ ਕੀਤਾ। ਫਿਰ ਉਨ੍ਹਾਂ ਨੇ ਉਸੇ ਵਾਰਡ ਵਿੱਚ ਸਥਿਤ ਗਲੀ ਨੰਬਰ 26/1, ਅਜੀਤ ਰੋਡ ਵਿੱਚ ਲਗਭਗ 15.5 ਲੱਖ ਰੁਪਏ ਦੀ ਲਾਗਤ ਨਾਲ ਇੰਟਰਲਾਕਿੰਗ ਟਾਈਲਾਂ ਲਗਾਉਣ ਦੇ ਕੰਮ ਦਾ ਉਦਘਾਟਨ ਕੀਤਾ।ਵਿਕਾਸ ਕਾਰਜਾਂ ਨੂੰ ਤੇਜ਼ ਕਰਨ ਦੇ ਆਪਣੇ ਯਤਨਾਂ ਦੇ ਹਿੱਸੇ ਵਜੋਂ, ਮੇਅਰ ਸ਼੍ਰੀ ਮਹਿਤਾ ਨੇ ਵਾਰਡ ਨੰਬਰ 33 ਵਿੱਚ ਸਥਿਤ ਪ੍ਰਜਾਪਤ ਕਲੋਨੀ ਵਿੱਚ ਲਗਭਗ 33.3 ਲੱਖ ਰੁਪਏ ਦੀ ਲਾਗਤ ਨਾਲ ਪ੍ਰੀਮਿਕਸ ਪਾਉਣ ਦੇ ਕੰਮ ਦਾ ਉਦਘਾਟਨ ਵੀ ਕੀਤਾ।ਇਸ ਦੌਰਾਨ ਸ਼੍ਰੀ ਪਰਵਿੰਦਰ ਸਿੰਘ ਨੰਬਰਦਾਰ ਅਤੇ ਸ਼੍ਰੀ ਮਨੋਜ ਜਿੰਦਲ ਨੇ ਮੇਅਰ ਸ਼੍ਰੀ ਪਦਮਜੀਤ ਸਿੰਘ ਮਹਿਤਾ ਦਾ ਧੰਨਵਾਦ ਕਰਦਿਆਂ ਕਿਹਾ ਕਿ ਪਿਛਲੇ ਕੁਝ ਸਾਲਾਂ ਤੋਂ ਵਿਕਾਸ ਕਾਰਜ ਰੁਕੇ ਹੋਏ ਸਨ, ਪਰ ਮੇਅਰ ਸ਼੍ਰੀ ਮਹਿਤਾ ਨੇ ਆਪਣੇ ਕਾਰਜਕਾਲ ਦੇ ਕੁਝ ਮਹੀਨਿਆਂ ਦੌਰਾਨ ਹੀ ਬਠਿੰਡਾ ਵਿੱਚ ਵਿਕਾਸ ਕਾਰਜਾਂ ਦੀ ਝੜੀ ਲਗਾ ਦਿੱਤੀ, ਜਿਸ ਲਈ ਮੇਅਰ ਮਹਿਤਾ ਪ੍ਰਸ਼ੰਸਾ ਦੇ ਹੱਕਦਾਰ ਹਨ।

## ਮਾਲਵਾ ਖੇਤਰ ਨੂੰ ਰੇਲਵੇ ਰਾਹੀਂ ਚੰਡੀਗੜ੍ਹ ਨਾਲ ਜੋੜਨ ਲਈ ਪੰਜਾਬੀਆਂ 'ਚ ਖੁਸ਼ੀ ਦੀ ਲਹਿਰ : ਜਿੰਦਲ



ਸੰਗਰੂਰ, 24 ਸਤੰਬਰ (ਹਰਕੰਵਲ ਸਿੰਘ ਹੈਪੀ): ਭਾਰਤੀ ਜਨਤਾ ਪਾਰਟੀ ਦੇ ਪ੍ਰਦੇਸ਼ ਕਾਰਜਕਾਰਨੀ ਮੈਂਬਰ ਅਤੇ ਸਾਬਕਾ ਰੇਲਵੇ ਬੋਰਡ ਮੈਂਬਰ ਸਰਜੀਵਨ ਜਿੰਦਲ ਨੇ ਇੱਕ ਪ੍ਰੈਸਾ ਵਾਰਤਾ ਵਿੱਚ ਕਿਹਾ ਕਿ ਮਾਲਵਾ ਖੇਤਰ ਨੂੰ ਰਾਜਧਾਨੀ ਚੰਡੀਗੜ੍ਹ ਨਾਲ ਜੋੜਨ ਲਈ ਮੰਗ ਪੱਤਰ 2021 ਵਿੱਚ ਬਤੌਰ ਰੇਲਵੇ ਬੋਲਡ ਮੈਂਬਰ ਉਸ ਸਮੇਂ ਦੇ ਰੇਲਵੇ ਮੰਤਰੀ ਜੀ ਨੂੰ ਭੇਜਿਆ ਗਿਆ ਸੀ, ਕਿਉਂਕਿ ਦੇਸ਼ ਦੀ ਆਜ਼ਾਦੀ ਤੋਂ ਬਾਅਦ ਲੋਕਾਂ ਦੀ ਲੰਬੇ ਸਮੇਂ ਤੋਂ ਚੱਲਦੀ ਆ ਰਹੀ ਮੰਗ ਰਾਜਪੁਰਾ ਤੇ ਮੋਹਾਲੀ ਰੇਲਵੇ ਲਾਇਨ ਨੂੰ ਪ੍ਰਵਾਨਗੀ ਦੇਣ ਤੇ ਦੇਸ਼ ਦੇ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਜੀ, ਰੇਲਵੇ ਮੰਤਰੀ ਅਸ਼ਵਨੀ ਵੈਸ਼ਨਵ ਜੀ ਅਤੇ ਰੇਲਵੇ ਰਾਜ ਮੰਤਰੀ ਰਵਨੀਤ ਬਿੱਟੂ ਜੀ ਦਾ ਤਹਿਦਿਲੋਂ ਧੰਨਵਾਦ। ਉਹਨਾਂ ਦੱਸਿਆ ਕਿ ਇਹ ਪੂਰੇ ਰੇਲਵੇ ਟਰੈਕ ਦਾ ਕੰਮ ਪੂਰਾ ਕਰਨ ਲਈ 443 ਕਰੋੜ ਰੁਪਏ ਦਾ ਖਰਚ ਆਵੇਗਾ ਜੋਕਿ ਸਾਰੇ ਦਾ ਸਾਰਾ ਖਰਚਾ ਕੇਂਦਰ ਸਰਕਾਰ ਕਰੇਗੀ। ਉਹਨਾਂ ਦੱਸਿਆ ਕਿ ਫਿਰੋਜ਼ਪੁਰ ਤੋਂ ਦਿੱਲੀ ਲਈ ਬਠਿੰਡਾ, ਬਰਨਾਲਾ, ਧੂਰੀ, ਪਟਿਆਲਾ ਅਤੇ ਅੰਬਾਲਾ ਦੇ ਰਾਸਤੇ ਬੰਦੇ ਭਾਰਤ ਟਰੇਨ ਚਲਾਉਣ ਦੇ ਐਲਾਨ ਤੋਂ ਬਾਅਦ ਪੰਜਾਬੀਆਂ ਵਿੱਚ ਖੁਸ਼ੀ ਦੀ ਲਹਿਰ ਹੈ। ਉਹਨਾਂ ਦੱਸਿਆ ਕਿ ਕੇਂਦਰ ਸਰਕਾਰ ਵੱਲੋਂ ਪੰਜਾਬ ਦੇ ਤਕਰੀਬਨ ਸਾਰੇ ਰੇਲਵੇ ਸਟੇਸ਼ਨਾਂ ਉੱਤੇ ਲੋਕਾਂ ਨੂੰ ਆਧੁਨਿਕ ਸੁਵਿਧਾਵਾਂ ਮੁਹਈਆ ਕਰਵਾਉਣ ਦੇ ਮੱਕਸਦ ਨਾਲ ਇਸਦੀ ਨੁਹਾਰ ਬਦਲਣ ਦੇ ਲਈ ਪਹਿਲਾਂ ਤੋਂ ਹੀ ਨਵੀਨੀਕਰਨ ਦਾ ਕੰਮ ਚੱਲ ਰਿਹਾ ਹੈ।

## ਨਵਾਂ ਇਤਿਹਾਸ ਰਚਣ ਵਾਲਾ ਬਣਿਆ ਨਵਦੀਪ ਪਬਲਿਕ ਸੀਨੀਅਰ ਸੈਕੰਡਰੀ ਸਕੂਲ




ਮੂਨਕ, 24 ਸਤੰਬਰ(ਸਮਸ਼ੇਰ ਸਿੰਘ):ਮਾਂ ਬੋਲੀ ਪੰਜਾਬੀ ਨੂੰ ਪ੍ਰਸਾਰਿਤ ਕਰਨ ਲਈ ਨਵਦੀਪ ਪਬਲਿਕ ਸੀਨੀਅਰ ਸੈਕੰਡਰੀ ਸਕੂਲ, ਮੂਨਕ ਵਿੱਚ 23 ਸਤੰਬਰ ਨੂੰ ਵਿਸ਼ਵ ਪੰਜਾਬੀ ਦਿਵਸ ਮਨਾਇਆ ਗਿਆ। ਸਦੀਆਂ ਤੋਂ ਪੰਜਾਬੀਆਂ ਦੀ ਸਭਿਆਚਾਰਕ ਅਤੇ ਸਾਹਿਤਕ ਭਾਸ਼ਾ ਦਾ ਇਹ ਹੱਕ ਬਣਦਾ ਹੈ ਕਿ ਦੁਨੀਆ ਭਰ ਵਿੱਚ ਵੱਸਦੇ ਸਾਰੇ ਪੰਜਾਬੀ ਹਰ ਸਾਲ ਇਸ ਦਿਨ ਨੂੰ ਵਿਸ਼ਵ ਪੰਜਾਬੀ ਦਿਵਸ ਵਜੋਂ ਮਨਾਉਣ। ਪੰਜਾਬੀ ਭਾਸ਼ਾ ਨੂੰ ਇਹ ਸਨਮਾਨ ਦਿਵਾਉਣ ਲਈ ਆਪਣਾ ਪੰਜਾਬ ਫਾਊਂਡੇਸ਼ਨ ਵੱਲੋਂ ਬਾਬਾ ਫ਼ਰੀਦ ਜੀ ਦੇ ਆਗਮਨ ਦਿਵਸ ਨੂੰ ਸਮਰਪਿਤ ਕਰਦੇ ਹੋਏ, ਜਗਜੀਤ ਸਿੰਘ ਧੂਰੀ ਜੀ ਦੇ ਮਾਰਗਦਰਸ਼ਨ ਹੇਠ ਨਵਦੀਪ ਪਬਲਿਕ ਸੀਨੀਅਰ ਸੈਕੰਡਰੀ ਸਕੂਲ, ਮੂਨਕ ਵੱਲੋਂ ਹਰ ਸਾਲ 23 ਸਤੰਬਰ ਨੂੰ ਵਿਸ਼ਵ ਪੰਜਾਬੀ ਦਿਵਸ ਵਜੋਂ ਮਨਾਉਣ ਦਾ ਫ਼ੈਸਲਾ ਕੀਤਾ ਗਿਆ ਹੈ। ਬਾਬਾ ਫ਼ਰੀਦ ਜੀ ਪੰਜਾਬੀ ਦੇ ਪਹਿਲੇ ਮਹਾਨ ਕਵੀਆਂ ਵਿੱਚੋਂ ਇੱਕ ਹਨ, ਜਿਨ੍ਹਾਂ ਦੀ ਬਾਣੀ ਨੂੰ ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਸਥਾਨ ਦੇ ਕੇ ਸਤਿਕਾਰਿਆ ਗਿਆ ਹੈ। ਨਵਦੀਪ ਪਬਲਿਕ ਸਕੂਲ ਮੂਨਕ, ਅਪਣਾ ਪੰਜਾਬ ਫਾਊਂਡੇਸ਼ਨ ਵੱਲੋਂ ਸਾਰੀਆਂ ਸਿੱਖਿਆ ਅਤੇ ਸਾਹਿਤਕ ਸੰਸਥਾਵਾਂ ਦੇ ਸਹਿਯੋਗ ਨਾਲ ਹਰ ਸਾਲ 23 ਸਤੰਬਰ ਨੂੰ ਇਹ ਦਿਵਸ ਮਨਾਉਣ ਦੀ ਘੋਸ਼ਣਾ ਦਾ ਸਵਾਗਤ ਕਰਦਾ ਹੈ। ਵਿਸ਼ਵ ਪੰਜਾਬੀ ਦਿਵਸ ਦੇ ਮੌਕੇ 'ਤੇ ਸਕੂਲ ਵਿੱਚ ਸਾਰਾ ਸਟਾਫ ਅਤੇ ਵਿਦਿਆਰਥੀ ਪੰਜਾਬੀ ਪਹਿਰਾਵੇ ਵਿੱਚ ਆਏ। ਸਟਾਫ ਅਤੇ ਵਿਦਿਆਰਥੀਆਂ ਨੇ ਪੰਜਾਬੀ ਭਾਸ਼ਾ ਵਿੱਚ ਗੱਲਬਾਤ ਕਰਨ ਦੇ ਨਾਲ-ਨਾਲ ਕਵਿਤਾ ਪਾਠ, ਕਾਵਿ ਰਚਨਾ, ਨਿਬੰਧ ਲੇਖਨ, ਭਾਸ਼ਣ ਮੁਕਾਬਲਾ, ਅੰਗਰੇਜ਼ੀ ਤੋਂ ਪੰਜਾਬੀ ਅਨੁਵਾਦ, ਸ਼ਬਦ ਜੋੜ ਮੁਕਾਬਲਾ, ਪੰਜਾਬੀ ਗਾਇਨ ਆਦਿ ਗਤੀਵਿਧੀਆਂ ਵਿੱਚ ਭਾਗ ਲਿਆ।

## ਹੜ੍ਹ ਪੀੜਤਾਂ ਲਈ ਬੀਕੇਯੂ ਉਗਰਾਹਾਂ ਨੇ ਫੰਡ ਇਕੱਠਾ ਕੀਤਾ



ਮੌੜ ਮੰਡੀ, 24 ਸਤੰਬਰ (ਭੋਲਾ ਸਿੰਘ ਮਾਨ ): ਹੜ੍ਹਾਂ ਤੋਂ ਪ੍ਰਭਾਵਿਤ ਲੋਕਾਂ ਨੂੰ ਘਰ ਘਰ ਤੱਕ ਮਦਦ ਪਹੁੰਚਾਉਣ ਲਈ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਸੂਬਾ ਕਮੇਟੀ ਦੇ ਸੱਦੇ ਨੂੰ ਲਾਗੂ ਕਰਦਿਆਂ ਅੱਜ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਬਲਾਕ ਮੌੜ ਦੇ ਪਿੰਡ ਬੰਗੇਹਰ ਚੜ੍ਹਤ,ਰਾਮਗੜ੍ਹ ਭੂੰਦੜ ਵਿਖੇ ਪਿੰਡ ਕਮੇਟੀਆਂ ਦੇ ਸਹਿਯੋਗ ਨਾਲ ਫੰਡ ਇਕੱਠਾ ਕੀਤਾ ਗਿਆ। ਪਿੰਡ ਵਾਸੀਆਂ ਵੱਲੋਂ ਕਣਕ,ਨਗਦ ਰਾਸ਼ੀ, ਕੱਪੜੇ ਤੇ ਘਰੇਲੂ ਵਰਤੋਂ ਦਾ ਸਮਾਨ ਤੋ ਇਲਾਵਾ ਹਰ ਤਰ੍ਹਾਂ ਦਾ ਸਹਿਯੋਗ ਕੀਤਾ ਜਾ ਰਿਹਾ ਹੈ।ਬਲਾਕ ਜਰਨਲ ਸਕੱਤਰ ਗੁਰਮੇਲ ਸਿੰਘ ਭੂੰਦੜ ਤੇ ਬਲਾਕ ਆਗੂ ਗੁਰਜੀਤ ਸਿੰਘ ਬੰਗੇਹਰ ਨੇ ਕਿਹਾ ਕਿ ਸਮੇਂ ਸਮੇਂ 'ਤੇ ਰਾਜ ਕਰਦੀਆਂ ਸਰਕਾਰਾਂ ਵੱਲੋਂ ਅਜ਼ਾਦੀ ਦੇ ਕਈ ਦਹਾਕਿਆਂ ਦੇ ਬੀਤਣ ਦੇ ਬਾਵਜੂਦ ਅੱਜ ਤੱਕ ਕੋਈ ਵੀ ਦਰਿਆਵਾਂ ਦੇ ਕੰਢਿਆਂ ਅਤੇ ਬੰਨਾਂ ਨੂੰ ਪੱਕੇ ਕਰਨ ਲਈ ਕੋਈ ਉਪਰਾਲਾ ਨਹੀਂ ਕੀਤਾ ਗਿਆ। ਜਦੋਂ ਕਿ ਹਰ ਸਾਲ ਬਰਸਾਤਾਂ ਦੇ ਮੌਸਮ ਵਿੱਚ ਦਰਿਆ ਨਾਲ ਲੱਗਦੇ ਏਰੀਆ ਦਾ ਪਾਣੀ ਵੱਡੇ ਪੱਧਰ 'ਤੇ ਨੁਕਸਾਨ ਕਰਦਾ ਆ ਰਿਹਾ ਹੈ। ਇਸ ਵਾਰ ਵੀ ਜਦੋਂ ਸਰਕਾਰ ਨੇ ਪਾਣੀ ਨੂੰ ਡੈਮਾਂ ਤੇ ਵੱਡੀ ਪੱਧਰ 'ਤੇ ਇਕੱਠਾ ਕਰਕੇ ਛੱਡਿਆ ਗਿਆ ਤਾਂ ਉਸ ਨੇ ਕਿਸਾਨਾਂ ਅਤੇ ਮਜ਼ਦੂਰਾਂ ਦਾ ਵੱਡੀ ਪੱਧਰ 'ਤੇ ਫਸਲਾਂ ਘਰਾਂ ਤੇ ਪਸ਼ੂਆਂ ਦਾ ਨੁਕਸਾਨ ਹੋਇਆ। ਜਦੋਂ ਕਿ ਸਰਕਾਰ ਸਿਰਫ ਫੋਟੋਆਂ ਖਿਚਵਾਉਣ ਤੱਕ ਹੀ ਸੀਮਤ ਰਹੀ ਹੈ । ਇਸ ਆਫਤ ਦੇ ਮੌਕੇ ਲੋਕ ਹੀ ਲੋਕਾਂ ਦਾ ਸਹਾਰਾ ਬਣ ਰਹੇ ਹਨ। ਹੁਣ ਜਦੋਂ ਲੋਕ ਘਰਾਂ ਵਿਚ ਪਾਣੀ ਸੁੱਕਣ ਤੋਂ ਬਾਅਦ ਆਪਣੇ ਘਰਾਂ ਨੂੰ ਪਰਤ ਰਹੇ ਨੇ ਤੇ ਹੁਣ ਉਨ੍ਹਾਂ ਨੂੰ ਵੱਡੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਕਿਉਂਕਿ ਪਾਣੀ ਵਿਚ ਡੁੱਬਣ ਨਾਲ ਜੀਵ ਜੰਤੂ ਮਰੇ ਨੇ ਉਸ ਨਾਲ ਉੱਥੇ ਬੀਮਾਰੀਆਂ ਫੈਲਣ ਦਾ ਵੀ ਵੱਡੇ ਪੱਧਰ ਤੇ ਖਤਰਾ ਖੜ੍ਹਾ ਹੈ। ਇਸ ਲਈ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਵੱਲੋਂ ਇਹ ਫੈਸਲਾ ਲਿਆ ਗਿਆ ਕਿ ਹੋਰ ਸਾਰੇ ਪ੍ਰੋਗਰਾਮ ਮੁਲਤਵੀ ਕਰ ਦਿੱਤੇ ਹਨ ਅਤੇ ਹੜ੍ਹ ਪੀੜਤ ਕਿਸਾਨਾਂ ਦੀ ਕਣਕ ਦੀ ਬਿਜਾਈ ਤੱਕ ਮੱਦਦ ਕੀਤੀ ਜਾਵੇਗੀ। ਜਿਸ ਤਹਿਤ ਅੱਜ ਦੂਜੇ ਦਿਨ ਵੀ ਪਿੰਡਾਂ ਵਿੱਚੋਂ ਕਣਕ, ਕੱਪੜੇ ,ਨਗਦ ਰਾਸ਼ੀ ਤੇ ਘਰੇਲੂ ਸਾਮਾਨ ਇਕੱਠਾ ਕੀਤਾ ਗਿਆ । ਇਹ ਫੰਡ ਮੌੜ ਬਲਾਕ ਦੇ ਸਾਰਿਆਂ ਹੀ ਪਿੰਡਾ ਵਿੱਚ ਲਗਾਤਾਰ ਜਾਰੀ ਰਹੇਗਾ। ਇਸ ਮੌਕੇ ਠਾਣਾ ਸਿੰਘ, ਅਮਨਦੀਪ ਸਿੰਘ, ਅਮ੍ਰਿਤਪਾਲ ਸਿੰਘ, ਝੰਡਾ ਸਿੰਘ, ਕੁਲਵੰਤ ਸਿੰਘ, ਅਵਤਾਰ ਸਿੰਘ, ਬਿੰਦਰ ਸਿੰਘ ਬੰਗੇਹਰ ,ਗੁਰਬਚਨ ਸਿੰਘ, ਅਮਨਦੀਪ ਸਿੰਘ, ਗੁਰਵਿੰਦਰ ਸਿੰਘ ਰਾਮਗੜ੍ਹ ਭੂੰਦੜ ਤੋਂ ਇਲਾਵਾ ਪਿੰਡ ਵਾਸੀ ਮੌਜੂਦ ਸਨ।

## ਸੁਨਾਮ 'ਚ ਡਟੀਆਂ ਸਿਹਤ ਵਿਭਾਗ ਦੀਆਂ ਟੀਮਾਂ

### ਘਰ-ਘਰ ਜਾ ਕੇ ਸਰਵੇਖਣ ਤੋਂ ਇਲਾਵਾ ਫੋਗਿੰਗ ਤੇ ਸਪਰੇਅ ਦਾ ਛਿੜਕਾਅ ਜਾਰੀ



ਸੁਨਾਮ ਊਧਮ ਸਿੰਘ ਵਾਲਾ, 24 ਸਤੰਬਰ (ਮੋਹਣ ਸ਼ਰਮਾ/ ਰਾਊਵਰਿੰਦਰ ਮਠਾੜੂ):ਸਿਹਤ ਮੰਤਰੀ ਪੰਜਾਬ ਡਾ. ਬਲਬੀਰ ਸਿੰਘ ਅਤੇ ਕੈਬਨਿਟ ਮੰਤਰੀ ਸ਼੍ਰੀ ਅਮਨ ਅਰੋੜਾ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸਿਵਲ ਸਰਜਨ ਸੰਗਰੂਰ ਡਾ. ਅਮਰਜੀਤ ਕੌਰ ਦੀ ਅਗਵਾਈ ਵਿੱਚ ਸੁਨਾਮ ਵਿਖੇ ਸਿਹਤ ਟੀਮਾਂ ਵੱਲੋਂ ਬੁਖਾਰ ਸਰਵੇਖਣ ਲਈ ਘਰ ਘਰ ਜਾ ਕੇ ਗਤੀਵਿਧੀਆਂ ਨਿਰੰਤਰ ਜਾਰੀ ਹਨ ਅਤੇ ਫਗਿੰਗ ਅਤੇ ਸਪਰੇਅ ਵੀ ਨਿਰੰਤਰ ਜਾਰੀ ਹੈ। ਡਾ. ਅਮਰਜੀਤ ਕੌਰ ਨੇ ਦੱਸਿਆ ਕਿ ਉਨ੍ਹਾਂ ਦੇ ਧਿਆਨ ਵਿੱਚ ਆਇਆ ਕਿ ਸ਼ਹਿਰ ਵਿੱਚ ਬੁਖ਼ਾਰ ਦੇ ਕੁਝ ਮਾਮਲੇ ਸਾਹਮਣੇ ਆ ਰਹੇ ਹਨ। ਜਿਸ 'ਤੇ ਸਿਹਤ ਵਿਭਾਗ ਨੇ ਤੁਰੰਤ ਹਰਕਤ ਵਿੱਚ ਆਉਂਦਿਆਂ ਵੱਖ ਵੱਖ ਤਰ੍ਹਾਂ ਦੀਆਂ ਟੀਮਾਂ ਦਾ ਗਠਨ ਕੀਤਾ। ਇਹ ਟੀਮਾਂ ਲੋਕਾਂ ਨੂੰ ਮੈਡੀਕਲ ਸੇਵਾਵਾਂ ਪ੍ਰਦਾਨ ਕਰ ਰਹੀਆਂ ਹਨ ਅਤੇ ਘਰ-ਘਰ ਜਾ ਕੇ ਸਰਵੇ ਵੀ ਕੀਤਾ ਜਾ ਰਿਹਾ ਹੈ। ਵੱਖ-ਵੱਖ ਵਾਰਡਾਂ 'ਚ ਜਾ ਕੇ ਸਪਰੇ ਅਤੇ ਫੌਗਿੰਗ ਵੀ ਕੀਤੀ ਜਾ ਰਹੀ ਹੈ। ਸਿਵਲ ਸਰਜਨ ਨੇ ਕਿਹਾ ਕਿ ਸਿਵਲ ਹਸਪਤਾਲ ਸੁਨਾਮ ਵਿਖੇ ਮੈਡੀਸਨ ਸਪੈਲਿਸਟ ,ਬੱਚਿਆਂ ਦੇ ਮਾਹਰ ਅਤੇ ਅੱਠ ਹੋਰ ਡਾਕਟਰਾਂ ਦੀਆਂ ਡਿਊਟੀਆਂ ਲਗਾਈਆਂ ਹਨ। ਸਿਹਤ ਵਿਭਾਗ ਵੱਲੋਂ ਕੀਤੀਆਂ ਗਤੀਵਿਧੀਆਂ ਅਤੇ ਜਾਗਰੂਕਤਾ ਕਾਰਨ ਬੁਖਾਰ ਦੇ ਕੇਸਾਂ ਵਿੱਚ ਕਮੀ ਆ ਰਹੀ ਹੈ ਅਤੇ ਸਿਹਤਯਾਬ ਹੋ ਰਹੇ ਹਨ। ਵੈਕਟਰ ਬੌਰਨ ਬਿਮਾਰੀਆਂ ਮਲੇਰੀਆ, ਡੇਂਗੂ ਅਤੇ ਚਿਕਨਗੁਨੀਆ ਤੋਂ ਬਚਾਅ ਲਈ ਸਭ ਨੂੰ ਸਾਵਧਾਨ ਰਹਿਣ ਦੀ ਲੋੜ ਹੈ। ਜਿਲ੍ਹਾ ਐਪੀਡੀਮੋਲੋਜਿਸਟ ਡਾ. ਉਪਾਸਨਾ ਬਿੰਦਰਾ ਨੇ ਦੱਸਿਆ ਕਿ ਡੇਂਗੂ ਫੈਲਾਉਣ ਵਾਲਾ ਮੱਛਰ ਕੂਲਰਾਂ,ਗਮਲਿਆ, ਫਰਿੱਜ਼ਾ ਦੇ ਪਿਛਲੇ ਪਾਸੇ ਲੱਗੀਆਂ ਟਰੇਆਂ ਆਦਿ ਵਿੱਚ ਖੜ੍ਹੇ ਪਾਣੀ ਵਿੱਚ ਪੈਦਾ ਹੁੰਦਾ ਹੈ ਅਤੇ ਇਹ ਮੱਛਰ ਦਿਨ ਵੇਲੇ ਕੱਟਦਾ ਹੈ। ਜੇਕਰ ਕਿਸੇ ਵਿਅਕਤੀ ਨੂੰ ਤੇਜ਼ ਬੁਖਾਰ,ਸਿਰ ਦਰਦ,ਮਾਸ ਪੇਸ਼ੀਆਂ ਵਿੱਚ ਦਰਦ,ਚਮੜੀ ਤੇ ਦਾਣੇ ਹੋਣਾ, ਅੱਖਾਂ ਦੇ ਪਿਛਲੇ ਪਾਸੇ ਦਰਦ,ਮਸੂੜਿਆਂ ਅਤੇ ਨੱਕ ਵਿੱਚੋਂ ਖ਼ੂਨ ਵਗਣਾ ਆਦਿ ਲੱਛਣ ਹੋਣ ਤਾਂ ਉਹ ਸਰਕਾਰੀ ਹਸਪਤਾਲ ਵਿਚ ਜਾ ਕੇ ਆਪਣਾ ਟੈਸਟ ਅਤੇ ਇਲਾਜ ਕਰਵਾ ਸਕਦਾ ਹੈ।ਕਾਰਜਕਾਰੀ ਐਸ ਐਮ ਓ ਡਾ. ਅਮਿਤ ਸਿੰਗਲਾ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਕਿਸੇ ਵੀ ਤਰ੍ਹਾਂ ਦੀ ਸਿਹਤ ਸੰਬੰਧੀ ਸਮੱਸਿਆ ਸਾਹਮਣੇ ਆਉਣ 'ਤੇ ਘਬਰਾਹਟ ਵਿੱਚ ਆਉਣ ਦੀ ਬਜਾਏ ਸਰਕਾਰੀ ਸਿਹਤ ਕੇਂਦਰ ਨਾਲ ਤਾਲਮੇਲ ਕੀਤਾ ਜਾਵੇ। ਇਸ ਮੌਕੇ ਡਾ. ਪ੍ਰਭਜੋਤ ਸਿੰਘ, ਜ਼ਿਲ੍ਹਾ ਸਮੂਹ ਸਿੱਖਿਆ ਤੇ ਸੂਚਨਾ ਅਫਸਰ ਕਰਨੈਲ ਸਿੰਘ, ਸਮੂਹ ਸਿਹਤ ਸਟਾਫ, ਆਸ਼ਾ ਅਤੇ ਨਰਸਿੰਗ ਸਿੱਖਿਆਰਥਣਾਂ ਹਾਜ਼ਰ ਸਨ।

## ਬਸਪਾ ਆਗੂਆਂ ਨੇ ਲੋੜਵੰਦ ਪਰਿਵਾਰਾਂ ਦੀਆਂ ਲੜਕੀਆਂ ਦੇ ਵਿਆਹਾਂ ਵਿੱਚ ਸਹਿਯੋਗ ਦਿੱਤਾ



ਮੂਨਕ, 24 ਸਤੰਬਰ (ਸਮਸ਼ੇਰ ਸਿੰਘ): ਅਗਰਵਾਲ ਧਰਮ ਸਾਲਾ ਮੂਨਕ ਵਿੱਚ ਹੋਈਆਂ ਲੋੜਵੰਦ ਪਰਿਵਾਰਾਂ ਦੀਆਂ 2 ਲੜਕੀਆਂ ਦੀ ਹੋਈ ਸ਼ਾਦੀ ਸਮਾਰੋਹ ਵਿੱਚ ਬਹੁਜਨ ਸਮਾਜ ਪਾਰਟੀ ਦੇ ਆਗੂਆਂ ਵੱਲੋਂ ਹਿੱਸਾ ਲੈਂਦਿਆਂ ਉਨ੍ਹਾਂ ਦੀ ਬਣਦੀ ਮੱਦਦ ਕੀਤੀ ਗਈ। ਜਿਸ ਵਿੱਚ ਉਨ੍ਹਾਂ ਵੱਲੋਂ ਲੋੜਵੰਦ ਪਰਿਵਾਰਾਂ ਦੀਆਂ ਲੜਕੀਆਂ ਦੇ ਵਿਆਹ ਵਿੱਚ 8 ਕੁਰਸੀਆ, 2 ਮੇਜ, ਕਪੜੇ ਆਦਿ ਨਾਲ ਬਾਬਾ ਸਾਹਿਬ ਅੰਬੇਡਕਰ ਜੀ ਦੀ ਫੋਟੋ ਨਾਲ ਉਨ੍ਹਾਂ ਨੂੰ ਸਨਮਾਨਿਤ ਕੀਤਾ ਗਿਆ, ਜਿਸ ਵਿੱਚ ਹਲਕਾ ਪ੍ਰਧਾਨ ਡਾਕਟਰ ਰਾਜ ਕੁਮਾਰ ਜੱਸਲ, ਹਰਬਿਲਾਸ ਸਿੰਘ ਅਜਾਦ, ਸਕੱਤਰ ਜੱਸੀ ਚੌਹਾਨ ਆਦਿ ਸ਼ਾਮਲ ਸਨ। ਇਸ ਵਿਚ ਸਹਿਯੋਗ ਅਮਨ ਬੋਧ ਜਿਲਾ ਕੋਆਰਡੀਨੇਟਰ, ਤਰਸੇਮ ਸਿੰਘ ਫੋਜੀ, ਸੁਨੀਲ ਕੁਮਾਰ, ਸੁਰੇਸ਼ ਕੁਮਾਰ, ਤਰਸੇਮ ਸਿੰਘ ਆਦਿ ਦਾ ਪੂਰਨ ਸਹਿਯੋਗ ਰਿਹਾ। ਹਲਕਾ ਪ੍ਰਧਾਨ ਡਾਕਟਰ ਰਾਜ ਕੁਮਾਰ ਜੱਸਲ ਵੱਲੋ ਕੰਨਿਆ ਦਾਨ ਦੀ ਪਹਿਲ ਕੀਤੀ ਗਈ, ਜਿਸ ਦੀ ਲੋਕਾਂ ਵੱਲੋਂ ਪ੍ਰੰਸ਼ਸਾ ਕੀਤੀ ਜਾ ਰਹੀ ਹੈ।



# ਪਟਿਆਲਾ-ਆਸ/ਪਾਸ



# ਵਿਧਾਇਕ ਅਜੀਤਪਾਲ ਸਿੰਘ ਕੋਹਲੀ ਅਤੇ ਮੇਅਰ ਕੁੰਦਨ ਗੋਗੀਆ ਵੱਲੋਂ ਪਟਿਆਲਾ ਸ਼ਹਿਰ 'ਚ ਸੜਕਾਂ ਦੀ ਮੁਰੰਮਤ ਲਈ ਵੱਡਾ ਬਜਟ ਜਾਰੀ

### ☛ਭਰਪੂਰ ਗਾਰਡਨ, ਲੀਲਾ ਭਵਨ ਚੌਂਕ ਅਤੇ ਅਰਜਨ ਨਗਰ ਵਿਖੇ 1 ਕਰੋੜ 46 ਲੱਖ ਦੀ ਲਾਗਤ ਨਾਲ ਨਵੀਆਂ ਸੜਕਾਂ ਦੇ ਨਿਰਮਾਣ ਦੇ ਕੰਮ ਦੀ ਸ਼ੁਰੂਆਤ



ਪਟਿਆਲਾ, 24 ਸਤੰਬਰ (ਗੁਰਮੁੱਖ ਰੁਪਾਣਾ) : ਪਟਿਆਲਾ ਦੇ ਵਿਕਾਸ ਕਾਰਜਾਂ ਨੂੰ ਇੱਕ ਨਵੀਂ ਰਫ਼ਤਾਰ ਮਿਲੀ ਜਦੋਂ ਪਟਿਆਲਾ ਸ਼ਹਿਰੀ ਇਲਾਕੇ ਦੇ ਵਿਧਾਇਕ ਅਜੀਤਪਾਲ ਸਿੰਘ ਕੋਹਲੀ ਨੇ ਨਗਰ ਨਿਗਮ ਦੇ ਸਹਿਯੋਗ ਨਾਲ ਭਰਪੂਰ ਗਾਰਡਨ 'ਚ 14 ਲੱਖ 90 ਹਜ਼ਾਰ , ਅਰਜਨ ਨਗਰ 'ਚ 11 ਲੱਖ 47 ਹਾਜ਼ਰ ਰੁਪਏ ਦੀ ਲਾਗਤ ਨਾਲ ਸੜਕਾਂ ਦੇ ਕੰਮ ਅਤੇ ਪੀ ਡਬਲਿਯੂ ਡੀ ਦੇ ਸਹਿਯੋਗ ਨਾਲ ਫੁਆਰਾ ਚੌਕ ਤੋਂ ਸ਼ੁਰੂ ਹੋ ਕੇ ਲੀਲਾ ਭਵਨ , ਲੀਲਾ ਭਵਨ ਤੋਂ ਗਾਰਡਨ ਰਿਜ਼ੋਰਟ 21 ਨੰਬਰ ਪੁਲ ਦੇ ਥੱਲੇ ਯੂ ਟਰਨ ਲੈ ਕੇ ਵਾਪਸੀ ਫੁਆਰਾ ਚੌਕ ਤੱਕ ਲਗਭਗ 1 ਕਰੋੜ 20 ਲੱਖ ਰੁਪਏ ਦੀ ਲਾਗਤ ਨਾਲ ਨਵੀਆਂ ਸੜਕਾਂ ਦੇ ਨਿਰਮਾਣ ਦੇ ਕੰਮ ਦੀ ਸ਼ੁਰੂਆਤ ਕੀਤੀ। ਉਹਨਾਂ ਦੱਸਿਆ ਕਿ ਇਨ੍ਹਾਂ ਸੜਕਾਂ ਦੀ ਹਾਲਤ ਲੰਬੇ ਸਮੇਂ ਤੋਂ ਬੇਹੱਦ ਖ਼ਰਾਬ ਸੀ, ਜਿਸ ਕਾਰਨ ਇਲਾਕਾ ਨਿਵਾਸੀਆਂ ਨੂੰ ਆਵਾਜਾਈ ਵਿੱਚ ਕਾਫ਼ੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਸੀ ਅਤੇ ਮੀਂਹ ਪੈਣ 'ਤੇ ਇੱਥੇ ਪਾਣੀ ਭਰ ਜਾਂਦਾ ਸੀ ਅਤੇ ਕਈ ਵਾਰ ਹਾਦਸੇ ਵੀ ਵਾਪਰ ਚੁੱਕੇ ਹਨ। ਲੋਕਾਂ ਨੇ ਮੰਗ ਕੀਤੀ ਸੀ ਕਿ ਇਨ੍ਹਾਂ ਸੜਕਾਂ ਦੀ ਮੁਰੰਮਤ ਜਾਂ ਨਵੀਨ ਨਿਰਮਾਣ ਕਰਵਾਇਆ ਜਾਵੇ। ਇਸ ਮੰਗ ਨੂੰ ਸਵੀਕਾਰ ਕਰਦਿਆਂ, ਵਿਧਾਇਕ ਕੋਹਲੀ ਨੇ ਲਗਭਗ ਇੱਕ ਕਰੋੜ ਛਿਆਲੀ ਲੱਖ ਰੁਪਏ ਦੇ ਬਜਟ ਨਾਲ ਸੜਕਾਂ ਦੇ ਨਿਰਮਾਣ ਦੀ ਸ਼ੁਰੂਆਤ ਕਰ ਦਿੱਤੀ ਹੈ। ਉਹਨਾਂ ਦੱਸਿਆ ਕਿ 300 ਕਿੱਲੋਮੀਟਰ ਵਿੱਚੋਂ ਲਗਭਗ 250 ਕਿੱਲੋਮੀਟਰ ਪਾਈਪ ਲਾਈਨਾਂ ਪਹਿਲਾਂ ਹੀ ਵਿਛਾਈ ਜਾ ਚੁੱਕੀਆਂ ਹਨ, ਜਿਸ ਤੋਂ ਬਾਅਦ ਹੁਣ ਸੜਕਾਂ ਦੀ ਪੱਕੀ ਮੁਰੰਮਤ ਅਤੇ ਨਵੀਨ ਨਿਰਮਾਣ ਦਾ ਕੰਮ ਵੀ ਚੱਲ ਪਿਆ ਹੈ।ਵਿਧਾਇਕ ਕੋਹਲੀ ਨੇ ਇਸ ਮੌਕੇ 'ਤੇ ਇਲਾਕੇ ਦੀਆਂ ਹੋਰ ਸਮੱਸਿਆਵਾਂ ਨੂੰ ਦੇਖਦਿਆਂ ਕਿਹਾ ਕਿ ਸਿਰਫ਼ ਸੜਕਾਂ ਦੀ ਮੁਰੰਮਤ ਕਰਵਾਉਣਾ ਹੀ ਨਹੀਂ, ਸਗੋਂ ਇਲਾਕੇ ਦੀ ਡਰੇਨੇਜ ਪ੍ਰਣਾਲੀ, ਪਾਰਕਾਂ , ਸਟ੍ਰੀਟ ਲਾਈਟਾਂ, ਸਫ਼ਾਈ ਪ੍ਰਬੰਧ ਅਤੇ ਫੁੱਟਪਾਥਾਂ ਨੂੰ ਵੀ ਨਵੇਂ ਸਿਰੇ ਨਾਲ ਠੀਕ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਇਹ ਕੰਮ ਲਗਭਗ ਤਿੰਨ ਮਹੀਨੇ ਦੇ ਅੰਦਰ ਪੂਰਾ ਹੋ ਜਾਣ ਦੀ ਉਮੀਦ ਹੈ ਅਤੇ ਇਹ ਕੰਮ ਪੀ.ਡਬਲਿਊ.ਡੀ ਅਤੇ ਨਗਰ ਨਿਗਮ ਦੇ ਸਹਿਯੋਗ ਨਾਲ ਤਿਆਰ ਕੀਤੇ ਵਿਸ਼ੇਸ਼ ਯੋਜਨਾ ਅਧੀਨ ਕਰਵਾਇਆ ਜਾ ਰਿਹਾ ਹੈ। ਅਜੀਤ ਪਾਲ ਸਿੰਘ ਕੋਹਲੀ ਨੇ ਆਪਣੇ ਸੰਬੋਧਨ 'ਚ ਜਨਤਾ ਨੂੰ ਵੀ ਅਪੀਲ ਕੀਤੀ ਕਿ ਉਹ ਆਪਣੇ ਇਲਾਕੇ ਦੇ ਵਿਕਾਸ ਵਿਚ ਭਾਗੀਦਾਰ ਬਣਨ। ਉਨ੍ਹਾਂ ਕਿਹਾ ਕਿ ਜਿਵੇਂ ਸਰਕਾਰ ਆਪਣੀ ਜ਼ਿੰਮੇਵਾਰੀ ਨਿਭਾਅ ਰਹੀ ਹੈ, ਓਸੇ ਤਰ੍ਹਾਂ ਜਨਤਾ ਨੂੰ ਵੀ ਆਪਣੀ ਭੂਮਿਕਾ ਨਿਭਾਉਣੀ ਚਾਹੀਦੀ ਹੈ। ਸਫ਼ਾਈ ਰੱਖਣੀ, ਟ੍ਰੈਫਿਕ ਨਿਯਮਾਂ ਦੀ ਪਾਲਣਾ ਕਰਨੀ, ਅਤੇ ਵਿਕਾਸ ਕਾਰਜਾਂ ਵਿਚ ਸਹਿਯੋਗ ਦੇਣਾ , ਇਹ ਸਾਰੀਆਂ ਗੱਲਾਂ ਮਿਲ ਕੇ ਹੀ ਇੱਕ ਵਧੀਆ ਸ਼ਹਿਰ ਬਣਾਉਣ ਵਿੱਚ ਸਹਾਇਕ ਹੁੰਦੀਆਂ ਹਨ। ਉਨ੍ਹਾਂ ਇਹ ਵੀ ਦੱਸਿਆ ਕਿ ਆਉਣ ਵਾਲੇ ਹਫ਼ਤਿਆਂ ਵਿੱਚ ਹੋਰ ਵਿਕਾਸ ਕਾਰਜਾਂ ਦੀ ਵੀ ਸ਼ੁਰੂਆਤ ਹੋਣ ਜਾ ਰਹੀ ਹੈ, ਜਿਸ ਵਿੱਚ ਪਾਣੀ ਦੀ ਸੁਵਿਧਾ, ਨਿਕਾਸੀ ਲਾਈਨਾਂ ਦੇ ਨਵੀਨੀਕਰਨ, ਸੜਕਾਂ ਦੇ ਕੰਢੇ ਦੀ ਮਰੰਮਤ, ਅਤੇ ਪਾਰਕਾਂ ਦੀ ਸਜਾਵਟ ਆਦਿ ਸ਼ਾਮਲ ਹਨ। ਉਨ੍ਹਾਂ ਅਖੀਰ ਵਿੱਚ ਇਹ ਭਰੋਸਾ ਦਿੱਤਾ ਕਿ ਉਹ ਆਪਣੀ ਜ਼ਿੰਮੇਵਾਰੀ ਨੂੰ ਇੱਕ ਸੇਵਕ ਵਾਂਗ ਨਿਭਾਉਣਗੇ, ਨਾ ਕਿ ਸਿਰਫ਼ ਇੱਕ ਰਾਜਨੀਤਿਕ ਨੁਮਾਇੰਦੇ ਵਾਂਗ।ਮੇਅਰ ਕੁੰਦਨ ਗੋਗੀਆ ਨੇ ਇਸ ਸਬੰਧੀ ਦੱਸਦੇ ਹੋਏ ਕਿਹਾ ਕਿ ਮੌਸਮ ਦੀ ਮਾੜੀ ਸਥਿਤੀ ਕਾਰਨ ਕੰਮਾਂ ਵਿੱਚ ਕੁਝ ਦੇਰੀ ਹੋਈ ਸੀ, ਪਰ ਹੁਣ ਹਰੇਕ ਕੰਮ ਨੂੰ ਤੇਜ਼ੀ ਨਾਲ ਪੂਰਾ ਕਰਨ ਲਈ ਯਤਨ ਕੀਤੇ ਜਾ ਰਹੇ ਹਨ ਅਤੇ ਆਉਣ ਵਾਲੇ ਸਮੇਂ 'ਚ ਕਿਸੇ ਵੀ ਤਰ੍ਹਾਂ ਦੀ ਹੋਰ ਦੇਰੀ ਨਹੀਂ ਹੋਣ ਦਿੱਤੀ ਜਾਵੇਗੀ। ਇਸ ਮੌਕੇ ਉਨ੍ਹਾਂ ਦੇ ਨਾਲ ਐਮ ਸੀ ਰਮਨਪ੍ਰੀਤ ਕੌਰ ਕੋਹਲੀ, ਐਮ ਸੀ ਕੰਵਲਜੀਤ ਕੌਰ ਜੱਗੀ, ਐਮ ਸੀ ਇਤਵਿੰਦਰ ਸਿੰਘ, ਜਗਤਾਰ ਸਿੰਘ ਜੱਗੀ, ਭਵਨ ਪੁਨੀਤ ਸਿੰਘ ਤੋਂ ਇਲਾਵਾ ਪੀ ਡਬਲਿਯੂ ਡੀ ਅਤੇ ਨਗਰ ਨਿਗਮ ਦੇ ਅਧਿਕਾਰੀ ਮੌਜੂਦ ਸਨ।

# ਡੀ.ਸੀ. ਵੱਲੋਂ ਪਰਾਲੀ ਸਾੜਨ ਤੋਂ ਰੋਕਣ ਲਈ ਅਧਿਕਾਰੀਆਂ ਨੂੰ ਕਿਸਾਨਾਂ ਤੱਕ ਸਿੱਧੀ ਪਹੁੰਚ ਬਣਾਉਣ ਦੀ ਹਦਾਇਤ

### ਪਟਿਆਲਾ ਸਬ-ਡਵੀਜ਼ਨ ਦੇ ਕਲੱਸਟਰ ਤੇ ਨੋਡਲ ਅਫ਼ਸਰਾਂ ਨਾਲ ਬੈਠਕ



ਪਟਿਆਲਾ, 24 ਸਤੰਬਰ (ਗੁਪਤਾ/ਵਿਨੋਦ ਸ਼ਰਮਾ) : ਪਟਿਆਲਾ ਜ਼ਿਲ੍ਹੇ 'ਚ ਪਰਾਲੀ ਨੂੰ ਸਾੜਨ ਤੋਂ ਰੋਕਣ ਲਈ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਏ.ਡੀ.ਸੀ. ਸਿਮਰਪ੍ਰੀਤ ਕੌਰ, ਐਸ.ਪੀਜ਼, ਐਸ.ਡੀ.ਐਮ, ਸਮੂਹ ਡੀ.ਐਸ.ਪੀਜ਼, ਬੀਡੀਪੀਓਜ਼ ਸਮੇਤ ਕਲੱਸਟਰ ਤੇ ਨੋਡਲ ਅਧਿਕਾਰੀਆਂ ਨਾਲ ਬੈਠਕ ਕਰਕੇ ਕਿਸਾਨਾਂ ਨਾਲ ਸਿੱਧਾ ਸੰਪਰਕ ਬਣਾਉਣ 'ਤੇ ਜ਼ੋਰ ਦਿੱਤਾ। ਡਿਪਟੀ ਕਮਿਸ਼ਨਰ ਨੇ ਸਾਰੇ ਸਬੰਧਤ ਅਧਿਕਾਰੀਆਂ ਤੇ ਸਮੂਹ ਥਾਣਾ ਮੁਖੀਆਂ ਨੂੰ ਹਦਾਇਤ ਕੀਤੀ ਕਿ ਪਰਾਲੀ ਸਾੜਨ ਤੋਂ ਰੋਕਣ ਲਈ ਮਾਨਯੋਗ ਸੁਪਰੀਮ ਕੋਰਟ ਦੇ ਆਦੇਸ਼ਾਂ 'ਤੇ ਅਤੇ ਹਵਾ ਗੁਣਵੱਤਾ ਮੈਨੇਜਮੈਂਟ ਕਮਿਸ਼ਨ ਦੇ ਨਿਰਦੇਸ਼ਾਂ ਦੀ ਪਾਲਣਾ ਇੰਨ-ਬਿੰਨ ਤੇ ਸਖ਼ਤੀ ਨਾਲ ਕਰਨੀ ਯਕੀਨੀ ਬਣਾਈ ਜਾਵੇ। ਡਾ. ਪ੍ਰੀਤੀ ਯਾਦਵ ਨੇ ਕਿਹਾ ਕਿ ਪਿੰਡਾਂ 'ਚ ਤਾਇਨਾਤ ਪਿੰਡ ਪੱਧਰ 'ਤੇ ਕਲਸਟਰ ਪੱਧਰ ਦੇ ਨੋਡਲ ਅਫ਼ਸਰਾਂ ਦੀ ਜੇਕਰ ਕੋਈ ਅਣਗਹਿਲੀ ਸਾਹਮਣੇ ਆਈ ਤਾਂ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਨੇ ਇਹ ਵੀ ਹਦਾਇਤ ਕੀਤੀ ਕਿ ਜ਼ਿਲ੍ਹੇ ਵਿੱਚ ਕੋਈ ਵੀ ਕੰਬਾਇਨ ਬਿਨ੍ਹਾਂ ਸੁਪਰ ਐਸ.ਐਮ.ਐਸ. ਚਲਾਏ ਝੋਨੇ ਦੀ ਕਟਾਈ ਨਾ ਕਰੇ ਤੇ ਨਾ ਹੀ ਸਵੇਰੇ 10 ਵਜੇ ਤੋਂ ਪਹਿਲਾਂ ਤੇ ਸ਼ਾਮ 6 ਵਜੇ ਤੋਂ ਬਾਅਦ ਝੋਨੇ ਦੀ ਕਟਾਈ ਕੀਤੀ ਜਾਵੇ ਅਤੇ ਜੇਕਰ ਅਜਿਹਾ ਸਾਹਮਣੇ ਆਇਆ ਤਾਂ ਕਾਰਵਾਈ ਹੋਵੇਗੀ ਤੇ ਕੰਬਾਇਨ ਜ਼ਬਤ ਕਰ ਲਈ ਜਾਵੇਗੀ। ਡਿਪਟੀ ਕਮਿਸ਼ਨਰ ਨੇ ਕਿਸਾਨਾਂ ਨੂੰ ਅਪੀਲ ਵੀ ਕੀਤੀ ਕਿ ਉਹ ਝੋਨੇ ਦੀ ਪਰਾਲੀ ਨੂੰ ਅੱਗ ਨਾ ਲਗਾਉਣ, ਕਿਉਂਕਿ ਅਜਿਹਾ ਕਰਨ ਨਾਲ ਵਾਤਾਵਰਨ ਗੰਧਲਾ ਹੁੰਦਾ ਹੈ ਅਤੇ ਲੋਕਾਂ ਨੂੰ ਇਸ ਨਾਲ ਸਾਹ ਤੇ ਹੋਰ ਭਿਆਨਕ ਬਿਮਾਰੀਆਂ ਲੱਗਣ ਦਾ ਖ਼ਤਰਾ ਹੈ, ਇਸ ਲਈ ਕਿਸਾਨ ਪਰਾਲੀ ਸੰਭਾਲਣ ਲਈ ਬੇਲਰ, ਇਨ-ਸੀਟੂ ਤੇ ਐਕਸ-ਸੀਟੂ ਗਤੀਵਿਧੀਆਂ ਵੀ ਤੇਜ਼ ਕੀਤੀਆਂ ਗਈਆਂ ਹਨ, ਕਿਸਾਨ ਲੋੜੀਂਦੀ ਮਸ਼ੀਨਰੀ ਹੈਪੀ ਸੀਡਰ, ਸੁਪਰ ਸੀਡਰ ਤੇ ਸਰਫੇਸ ਸੀਡਰ ਆਦਿ ਲੈਣ ਲਈ ਜ਼ਿਲ੍ਹਾ ਪ੍ਰਸ਼ਾਸਨ ਦੇ ਕੰਟਰੋਲ ਸੈਂਟਰ ਦੇ ਫੋਨ ਨੰਬਰ 0175-2350550 'ਤੇ ਸੰਪਰਕ ਕਰਨ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਪਰਾਲੀ ਪ੍ਰਬੰਧਨ ਤੇ ਖਾਸ ਕਰਕੇ ਕਣਕ ਦੀ ਬਿਜਾਈ ਬਿਨ੍ਹਾਂ ਪਰਾਲੀ ਸਾੜੇ ਕਰਨ ਲਈ ਕਿਸਾਨਾਂ ਨੂੰ ਮਸ਼ੀਨਾਂ ਮੁਹੱਈਆ ਕਰਵਾਈਆਂ ਜਾਣਗੀਆਂ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਆਦੇਸ਼ਾਂ ਮੁਤਾਬਕ ਕਿਸਾਨਾਂ ਨੂੰ ਪਰਾਲੀ ਬਿਨ੍ਹਾਂ ਸਾੜੇ ਇਸਦੇ ਸੁਚੱਜੇ ਪ੍ਰਬੰਧਨ ਲਈ ਹਰ ਸੰਭਵ ਸਹਾਇਤਾ ਕੀਤੀ ਜਾ ਰਹੀ ਹੈ। ਐਸ.ਪੀ. ਸਿਟੀ ਪਲਵਿੰਦਰ ਸਿੰਘ ਚੀਮਾ ਨੇ ਕਿਹਾ ਕਿ ਜੇਕਰ ਕਿਸੇ ਖੇਤ ਵਿੱਚ ਅੱਗ ਲੱਗਦੀ ਹੈ, ਤਾਂ ਇਸ ਲਈ ਮਾਣਯੋਗ ਸੁਪਰੀਮ ਕੋਰਟ ਦੇ ਆਦੇਸ਼ਾਂ ਮੁਤਾਬਕ ਸਬੰਧਤ ਕਲੱਸਟਰ ਅਫ਼ਸਰ, ਨੋਡਲ ਅਫ਼ਸਰ ਤੇ ਸਬੰਧਤ ਇਲਾਕੇ ਦਾ ਥਾਣਾ ਮੁਖੀ ਜਿੰਮੇਵਾਰ ਹੋਵੇਗਾ, ਇਸ ਲਈ ਕੋਈ ਵੀ ਅਣਗਹਿਲੀ ਨਾ ਵਰਤੀ ਜਾਵੇ। ਉਨ੍ਹਾਂ ਇਹ ਵੀ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਦੀਆਂ ਟੀਮਾਂ ਕਿਸਾਨਾਂ ਤੱਕ ਪਿੰਡ-ਪਿੰਡ ਪਹੁੰਚ ਬਣਾ ਕੇ ਪਰਾਲੀ ਨਾ ਸਾੜਨ ਲਈ ਜਾਗਰੂਕ ਵੀ ਕਰ ਰਹੀਆਂ ਹਨ। ਉਨ੍ਹਾਂ ਕਿਹਾ ਕਿ ਜਿਹੜਾ ਕਿਸਾਨ ਪਰਾਲੀ ਨੂੰ ਅੱਗ ਨਹੀਂ ਲਗਾਏਗਾ ਉਨ੍ਹਾਂ ਨੂੰ ਸਨਮਾਨਤ ਕੀਤਾ ਜਾਵੇਗਾ। ਇਸ ਮੌਕੇ ਐਸ.ਪੀ. ਮਨੋਜ ਗੋਰਸੀ, ਡੀ.ਐਸ.ਪੀ. ਗੁਰਪ੍ਰਤਾਪ ਸਿੰਘ, ਮੁੱਖ ਖੇਤੀਬਾੜੀ ਅਫ਼ਸਰ ਡਾ. ਜਸਵਿੰਦਰ ਸਿੰਘ, ਡੀ.ਆਰ. ਸੰਗਰਾਮ ਸਿੰਘ ਸੰਧੂ, ਜ਼ਿਲ੍ਹਾ ਪ੍ਰੀਸ਼ਦ ਦੇ ਡਿਪਟੀ ਸੀਈਓ ਅਮਨਪ੍ਰੀਤ ਕੌਰ, ਡੀ.ਡੀ.ਪੀ.ਓ. ਮੋਹਿੰਦਰਜੀਤ ਸਿੰਘ ਸਮੇਤ ਹੋਰ ਅਧਿਕਾਰੀ ਵੱਡੀ ਗਿਣਤੀ 'ਚ ਮੌਜੂਦ ਸਨ।

## ਸਰਕਾਰ ਨੰਬਰਦਾਰ ਯੂਨੀਅਨ ਨਾਲ ਕੀਤਾ ਵਾਅਦਾ ਪੂਰਾ ਕਰੇ : ਗੁਰਦੇਵ ਆਲਮਪੁਰ



ਸਮਾਣਾ, 24 ਸਤੰਬਰ (ਜਵੰਦਾ) : ਜਲੰਧਰ ਜ਼ਿਮਨੀ ਚੋਣ ਸਮੇਂ ਪੰਜਾਬ ਸਰਕਾਰ ਵੱਲੋਂ ਕੀਤੇ ਵਾਅਦੇ ਅਨੁਸਾਰ ਨੰਬਰਦਾਰ ਯੂਨੀਅਨ (ਰਜਿ: 643) ਵੱਲੋਂ 'ਆਪ' ਪਾਰਟੀ ਦੇ ਉਮੀਦਵਾਰ ਸੁਸ਼ੀਲ ਰਿੰਕੂ ਦਾ ਤਨੋਂ ਮਨੋਂ ਸਮਰਥਨ ਦਿੱਤਾ ਗਿਆ ਸੀ ਪਰੰਤੂ ਇਸ ਜਿੱਤ ਤੋਂ ਬਾਅਦ 'ਆਪ' ਸਰਕਾਰ ਅੱਜ ਤੱਕ ਨੰਬਰਦਾਰ ਯੂਨੀਅਨ ਨਾਲ ਕੀਤੇ ਵਾਅਦੇ ਤੋਂ ਭੱਜਦੀ ਹੀ ਨਜ਼ਰ ਆ ਰਹੀ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਨੰਬਰਦਾਰ ਯੂਨੀਅਨ ਪੰਜਾਬ ਦੇ ਮੈਂਬਰ ਅਤੇ ਜ਼ਿਲ੍ਹਾ ਪਟਿਆਲਾ ਕਾਰਜਕਾਰੀ ਦੇ ਪ੍ਰਧਾਨ ਗੁਰਦੇਵ ਸਿੰਘ ਆਲਮਪੁਰ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਕੀਤਾ। ਉਨ੍ਹਾਂ ਦੱਸਿਆ, ਕਿ ਜਲੰਧਰ ਦੀ ਜ਼ਿਮਨੀ ਚੋਣ ਵੇਲੇ ਸਾਨੂੰ ਮੁੱਖ ਮੰਤਰੀ ਭਗਵੰਤ ਮਾਨ ਦੇ ਓਐਸਡੀ ਰਾਜਬੀਰ ਸਿੰਘ ਨੇ ਵਿਸ਼ਵਾਸ ਦਵਾਇਆ ਸੀ ਕਿ ਸਾਨੂੰ ਵੋਟਾਂ ਪਵਾਓ, ਜਿੱਤਣ ਉਪਰੰਤ ਨੰਬਰਦਾਰ ਯੂਨੀਅਨ ਦੀਆਂ ਜੋ ਵੀ ਮੰਗਾਂ ਹਨ ਪੂਰੀਆਂ ਕੀਤੀਆਂ ਜਾਣਗੀਆਂ। ਪਰੰਤੂ ਹੁਣ ਜਿੱਤਣ ਉਪਰੰਤ 'ਆਪ' ਸਰਕਾਰ ਵੱਲੋਂ ਨੰਬਰਦਾਰ ਯੂਨੀਅਨ ਦੀ ਅੱਜ ਤੱਕ ਕੋਈ ਸਾਰ ਨਹੀਂ ਲਈ ਗਈ। ਹੁਣ ਸਰਕਾਰ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਜਿਵੇਂ ਪੰਜਾਬ ਦੇ ਨੰਬਰਦਾਰਾਂ ਨੇ ਅਪਣੀ ਜੁੰਮੇਵਾਰੀ ਨਿਭਾਈ ਸੀ ਤਾਂ ਮੌਕੇ ਦੀ ਸਰਕਾਰ ਨੰਬਰਦਾਰਾਂ ਦੀਆਂ ਮੰਗਾਂ ਜਲਦੀ ਤੋਂ ਜਲਦੀ ਪੂਰੀਆਂ ਕਰੇ।

# ਝੋਨੇ ਦੀ ਆਮਦ ਸ਼ੁਰੂ, ਜੌੜਾਮਾਜਰਾ ਨੇ ਪਲੇਠੀ ਢੇਰੀ ਦੀ ਬੋਲੀ ਕਰਵਾ ਕੇ ਖ਼ਰੀਦ ਸ਼ੁਰੂ ਕਰਵਾਈ



ਸਮਾਣਾ, 24 ਅਕਤੂਬਰ (ਵਿਜੇ ਕੁਮਾਰ) : ਪੰਜਾਬ ਦੀਆਂ ਦਾਣਾ ਮੰਡੀਆਂ ਵਿਚ ਝੋਨੇ ਦੀ ਫਸਲ ਦੀ ਆਮਦ ਸ਼ੁਰੂ ਹੋ ਗਈ ਹੈ ਅਤੇ ਸਰਕਾਰ ਵੱਲੋਂ ਸਰਕਾਰੀ ਬੋਲੀ ਦੇ ਸ਼ੁਰੂ ਕਰਵਾਉਣ ਦੀਆਂ ਹਦਾਇਤਾਂ ਤੇ ਸਮਾਣਾ ਦੀ ਅਨਾਜ ਮੰਡੀ ਵਿਚ ਹਲਕਾ ਵਿਧਾਇਕ ਚੇਤਨ ਸਿੰਘ ਜੌੜਾਮਾਜਰਾ ਨੇ ਝੋਨੇ ਦੀ ਪਲੇਠੀ ਢੇਰੀ ਦੀ ਬੋਲੀ ਕਰਵਾ ਕੇ ਖ੍ਰੀਦ ਸ਼ੁਰੂ ਕਰਵਾਈ। ਇਸ ਮੌਕੇ ਉਨ੍ਹਾਂ ਨਾਲ ਮਾਰਕੀਟ ਕਮੇਟੀ ਦੇ ਚੇਅਰਮੈਨ ਬਲਕਾਰ ਸਿੰਘ ਗੱਜੂ ਮਾਜਰਾ ਵੀ ਮੌਜੂਦ ਸਨ। ਸ: ਜੌੜਾਮਾਜਰਾ ਨੇ ਕਿਹਾ ਕਿ ਖ੍ਰੀਦ ਕੇਂਦਰਾਂ 'ਚ ਪੁਖਤਾ ਪ੍ਰਬੰਧ ਮੁੰਕਮਲ ਕਰ ਲਏ ਗਏ ਹਨ। ਲਿਫਟਿੰਗ ਅਤੇ ਅਦਾਇਗੀ ਵੀ ਨਾਲੋਂ-ਨਾਲੋਂ ਹੋਵੇਗੀ। ਉਨ੍ਹਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਆਪਣੀ ਫਸਲ ਸੁਕਾ ਕੇ ਲਿਆਉਣ ਤਾਂ ਜੋ ਆਉਂਦੇ ਸਾਰ ਉਨ੍ਹਾਂ ਦੀ ਫਸਲ ਵਿਕ ਸਕੇ। ਸੀਜ਼ਨ ਦੌਰਾਨ ਜੇਕਰ ਕਿਸੇ ਨੂੰ ਵੀ ਕੋਈ ਪ੍ਰੇਸ਼ਾਨੀ ਆਉਂਦੀ ਹੈ, ਤਾਂ ਉਨ੍ਹਾਂ ਨਾਲ ਕਿਸੇ ਵੀ ਸਮੇਂ ਸੰਪਰਕ ਕੀਤਾ ਜਾ ਸਕਦਾ ਹੈ।ਇਸ ਮੌਕੇ ਆੜ੍ਹਤੀ ਐਸੋਸੀਏਸ਼ਨ ਦੇ ਸਰਪ੍ਰਸਤ ਸੰਦੀਪ ਗਰਗ (ਸੰਜੂ), ਪ੍ਰਧਾਨ ਨਰਿੰਦਰ ਗਰਗ,ਵਾਇਸ ਪ੍ਰਧਾਨ ਕਸ਼ਮੀਰ ਸਿੰਘ ਰਾਜਲਾ, ਸੈਕਟਰੀ ਪਵਨ ਧੂਰੀ, ਕੈਸ਼ੀਅਰ ਪਵਨ ਕੁਮਾਰ, ਪੁਨੀਤ ਸਿੰਗਲਾ, ਕੁਲਦੀਪ ਸਿੰਘ ਬੰਮਣਾ, ਕੁਲਵੀਰ ਸਿੰਗਲਾ, ਹਾਕਮ ਸਿੰਘ, ਮਨੋਜ ਕੁਮਾਰ,ਨਿਰਭੈ ਸਿੰਘ, ਗੋਪਾਲ ਕ੍ਰਿਸ਼ਨ ਗਰਗ, ਬੀ.ਕੇ.ਗੁਪਤਾ, ਮਨੋਜ ਬਾਂਸਲ (ਮੌਜਾ), ਮਾਰਕੀਟ ਕਮੇਟੀ ਸੁਪਰਵਾਇਜ਼ਰ ਦੀਪ ਇੰਦਰ ਸ਼ਰਮਾ (ਜੋਲੀ) ਗੌਰਵ ਗੋਰੀ, ਸਤਿੰਦਰ ਸੱਤੀ ਤੋਂ ਇਲਾਵਾ ਸਾਰੀਆਂ ਖ੍ਰੀਦ ਏਜੰਸੀਆਂ ਦੇ ਅਧਿਕਾਰੀ ਵੀ ਮੌਜੂਦ ਰਹੇ।

# ਦੋ ਦਿਨ ਪਹਿਲਾਂ ਭਾਖੜਾ 'ਚ ਡੁੱਬੇ ਵਿਅਕਤੀ ਦੀ ਲਾਸ਼ ਮਿਲੀ

ਸਮਾਣਾ, 24 ਸਤੰਬਰ (ਵਿਜੇ ਕੁਮਾਰ) : ਦੋ ਦਿਨ ਪਹਿਲਾਂ ਭਾਖੜਾ ਨਹਿਰ ਵਿੱਚ ਡੁੱਬੇ ਇੱਕ ਵਿਅਕਤੀ ਦੀ ਲਾਸ਼ ਪਿੰਡ ਧਨੇਠਾ ਦੇ ਨੇੜਿਓਂ ਭਾਖੜਾ ਨਹਿਰ ਵਿੱਚੋਂ ਮਿਲੀ ਹੈ। ਲਾਸ਼ ਨੂੰ ਪੋਸਟਮਾਰਟਮ ਲਈ ਸਿਵਲ ਹਸਪਤਾਲ ਸਮਾਣਾ ਲਿਆਂਦਾ ਗਿਆ। ਮਾਮਲੇ ਦੇ ਜਾਂਚ ਅਧਿਕਾਰੀ, ਸਿਟੀ ਪੁਲਿਸ ਦੇ ਸਬ ਇੰਸਪੈਕਟਰ ਕੁਲਦੀਪ ਸਿੰਘ ਨੇ ਦੱਸਿਆ ਕਿ ਮ੍ਰਿਤਕ ਕਾਲਾ ਰਾਮ (62) ਦੇ ਪੁੱਤਰ ਜੈਕੀ, ਜੋ ਕਿ ਸਰਾਮਪੱਤੀ ਬਾਬੀ ਕਲੋਨੀ ਚੌਕ, ਸਮਾਣਾ ਦਾ ਰਹਿਣ ਵਾਲਾ ਹੈ, ਦੇ ਬਿਆਨਾਂ ਮੁਤਾਬਕ, ਉਸ ਦੇ ਪਿਤਾ ਹਰ ਮੱਸਿਆ ਨੂੰ ਭਾਖੜਾ ਨਹਿਰ 'ਤੇ ਮੱਥਾ ਟੇਕਣ ਜਾਂਦੇ ਸਨ। ਇਸ ਮੱਸਿਆ ਨੂੰ ਵੀ ਉਹ ਦੁਪਹਿਰ ਨੂੰ ਚੀਕਾ ਰੋਡ 'ਤੇ ਭਾਖੜਾ ਨਹਿਰ ਦੇ ਪੁਲ ਕੋਲ ਆਪਣੀ ਸਕੂਟਰੀ ਖੜ੍ਹੀ ਕਰਕੇ ਮੱਥਾ ਟੇਕਣ ਲੱਗੇ ਤਾਂ ਪੈਰ ਫਿਸਲਣ ਕਾਰਨ ਨਹਿਰ ਵਿੱਚ ਡਿੱਗ ਗਏ ਤੇ ਡੁੱਬ ਗਏ। ਜਦੋਂ ਉਹ ਘਰ ਵਾਪਸ ਨਹੀਂ ਆਏ ਤਾਂ ਉਨ੍ਹਾਂ ਦੀ ਭਾਲ ਸ਼ੁਰੂ ਕੀਤੀ ਗਈ ਅਤੇ ਪਤਾ ਲੱਗਾ ਕਿ ਉਹ ਭਾਖੜਾ ਨਹਿਰ ਵਿੱਚ ਡਿੱਗ ਗਏ ਸਨ। ਨਹਿਰ ਵਿੱਚ ਭਾਲ ਸ਼ੁਰੂ ਕੀਤੀ ਗਈ ਅਤੇ ਉਨ੍ਹਾਂ ਦੀ ਲਾਸ਼ ਪਿੰਡ ਧਨੇਠਾ ਦੇ ਕੋਲ ਵਗਦੀ ਭਾਖੜਾ ਨਹਿਰ ਵਿੱਚੋਂ ਬਰਾਮਦ ਹੋਈ। ਲਾਸ਼ ਨੂੰ ਸਿਵਲ ਹਸਪਤਾਲ ਸਮਾਣਾ ਲਿਆਂਦਾ ਗਿਆ। ਅਧਿਕਾਰੀ ਮੁਤਾਬਕ, ਦਰਜ ਬਿਆਨਾਂ ਦੇ ਆਧਾਰ 'ਤੇ ਪੁਲਿਸ ਨੇ ਭਾਰਤੀ ਨਿਆ ਸੰਹਿਤਾ ਦੀ ਧਾਰਾ 194 ਤਹਿਤ ਪੋਸਟਮਾਰਟਮ ਮਗਰੋਂ ਲਾਸ਼ ਪਰਿਵਾਰ ਨੂੰ ਸੌਂਪ ਦਿੱਤੀ।

# ਆਸ਼ਿਆਨਾ ਸੋਸ਼ਲ ਸਰਵਿਸ ਸੁਸਾਇਟੀ ਨੇ ਵਿਦਿਆਰਥੀਆਂ ਨੂੰ ਵੰਡੀ ਸਟੇਸ਼ਨਰੀ



ਪਟਿਆਲਾ, 24 ਸਤੰਬਰ (ਚ.ਨ.ਸ.) : ਹਮਦਰਦੀ ਅਤੇ ਭਾਈਚਾਰਕ ਸੇਵਾ ਦੇ ਇੱਕ ਦਿਲ ਨੂੰ ਛੂਹ ਲੈਣ ਵਾਲੇ ਕਾਰਜ ਵਿੱਚ ਆਸ਼ਿਆਨਾ ਸੋਸ਼ਲ ਸਰਵਿਸ ਸੁਸਾਇਟੀ ਨੇ ਸਟੇਟ ਬੈਂਕ ਆਫ਼ ਇੰਡੀਆ (ਐਸਬੀਆਈ) ਦੇ ਨਵੇਂ ਭਰਤੀ ਕੀਤੇ ਸਹਿਯੋਗੀਆਂ ਦੇ ਸਹਿਯੋਗ ਨਾਲ, ਸਰਕਾਰੀ ਪ੍ਰਾਇਮਰੀ ਸਕੂਲ, ਸਨੌਰੀ ਅੱਡਾ ਪਟਿਆਲਾ ਦੇ ਵਿਦਿਆਰਥੀਆਂ ਲਈ ਇੱਕ ਸਟੇਸ਼ਨਰੀ ਵੰਡ ਮੁਹਿੰਮ ਦਾ ਆਯੋਜਨ ਕੀਤਾ।ਸ੍ਰੀ ਯਸ਼ ਕੁਮਾਰ ਗਰਗ ਏਜੀਐਮ ਅਤੇ ਡਾਇਰੈਕਟਰ, ਐਸ.ਬੀ.ਆਈ.ਐਲ.ਡੀ. ਪਟਿਆਲਾ ਦੀ ਅਗਵਾਈ ਵਿੱਚ, ਇਹ ਪਹਿਲ ਲਗਭਗ 210 ਵਿਦਿਆਰਥੀਆਂ ਤੱਕ ਪਹੁੰਚੀ।ਸਕੂਲ ਦੀ ਪ੍ਰਿੰਸੀਪਲ ਇੰਦਰਜੀਤ ਕੌਰ ਨੇ ਯਸ਼ ਕੁਮਾਰ ਗਰਗ ਦਾ ਨਿੱਘਾ ਸਵਾਗਤ ਕੀਤਾ ਅਤੇ ਸਮੇਂ ਸਿਰ ਸਹਾਇਤਾ ਲਈ ਦਿਲੋਂ ਧੰਨਵਾਦ ਕੀਤਾ, ਜੋ ਆਰਥਿਕ ਤੌਰ 'ਤੇ ਕਮਜ਼ੋਰ ਵਰਗਾਂ ਦੇ ਬੱਚਿਆਂ ਦੇ ਵਿਕਾਸ ਲਈ ਵਿਸ਼ੇਸ਼ ਮਹੱਤਵ ਰੱਖਦਾ ਹੈ। ਆਸ਼ੀਆਨਾ ਸੋਸ਼ਲ ਸਰਵਿਸ ਸੋਸਾਇਟੀ ਦੇ ਪ੍ਰਧਾਨ ਸਨਮੀਤ ਸਿੰਘ ਨੇ ਵੀ ਐਸਬੀਆਈ ਸਹਿਯੋਗੀਆਂ ਦਾ ਨਿੱਘਾ ਸਵਾਗਤ ਕੀਤਾ। ਐਸਬੀਆਈ ਵੱਲੋਂ, ਐਸ.ਬੀ.ਆਈ.ਐਲ.ਡੀ. ਦੀ ਮੁੱਖ ਪ੍ਰਬੰਧਕ ਪੱਲਵੀ ਸ਼ਰਮਾ, ਡੀ.ਡੀ. ਸਹਿਗਲ (ਸਾਬਕਾ ਬੈਂਕਰ ਅਤੇ ਪ੍ਰਸਿੱਧ ਕਾਰੋਬਾਰੀ) ਅਤੇ ਸ਼੍ਰੀ ਅੰਗਰੇਜ ਸਿੰਘ ਸੰਧੂ (ਸੀਨੀਅਰ ਐਡਵੋਕੇਟ, ਜ਼ਿਲ੍ਹਾ ਬਾਰ ਐਸੋਸੀਏਸ਼ਨ) ਦੇ ਨਾਲ, ਸਕੂਲ ਪ੍ਰਬੰਧਨ ਦੁਆਰਾ ਉਨ੍ਹਾਂ ਦੇ ਅਟੁੱਟ ਸਮਰਪਣ ਅਤੇ ਪਹਿਲਕਦਮੀ ਵਿੱਚ ਸ਼ਮੂਲੀਅਤ ਲਈ ਸਨਮਾਨਿਤ ਕੀਤਾ ਗਿਆ।ਆਸ਼ੀਆਨਾ ਸੋਸ਼ਲ ਸਰਵਿਸ ਸੋਸਾਇਟੀ ਦੇ ਨਰੇਸ਼ ਕੁਮਾਰ ਅਤੇ ਨਰਿੰਦਰ ਸ਼ਰਮਾ ਦੀ ਮੌਜੂਦਗੀ ਨਾਲ ਇਹ ਸਮਾਗਮ ਹੋਰ ਵੀ ਅਮੀਰ ਹੋਇਆ।

## ਭਾਰਤੀ ਕਿਸਾਨ ਯੂਨੀਅਨ ਲੱਖੋਵਾਲ ਦੀ ਮੀਟਿੰਗ



ਨਾਭਾ, 24 ਸਤੰਬਰ (ਗੁਰਚਰਨ ਸਿੰਘ ਚੌਧਰੀਮਾਜਰਾ) : ਭਾਰਤੀ ਕਿਸਾਨ ਯੂਨੀਅਨ ਲੱਖੋਵਾਲ ਬਲਾਕ ਨਾਭਾ ਦੇ ਪ੍ਰਧਾਨ ਜਰਨੈਲ ਸਿੰਘ ਦੋਦਾ ਦੀ ਪ੍ਰਧਾਨਗੀ ਹੇਠ ਅਨਾਜ ਮੰਡੀ ਨਾਭਾ ਵਿਖੇ ਮੀਟਿੰਗ ਹੋਈ, ਜਿਸ ਵਿਚ ਜਿਲਾ ਮੁੱਖ ਬੁਲਾਰਾ ਦਰਸ਼ਨ ਸਿੰਘ ਗੁਦਾਈਆ ਜਿਲਾ ਮੀਤ ਪ੍ਰਧਾਨ ਕਰਮਜੀਤ ਸਿੰਘ ਕੋਟ ਜਨਰਲ ਸਕੱਤਰ ਸੁਰਜੀਤ ਸਿੰਘ ਗੁਰਦਿੱਤ ਪੁਰਾ ਮੀਤ ਪ੍ਰਧਾਨ ਹਰਬੰਸ ਸਿੰਘ ਮੱਲੇਵਾਲ ਤਰਸੇਮ ਸਿੰਘ ਗੁਰਦਿੱਤ ਪੁਰਾ ਸੁਖਦੇਵ ਸਿੰਘ ਗੁਰਦਿੱਤ ਪੁਰਾ ਜੀਤ ਸੁਖੇਵਾਲ ਅਤੇ ਬਹੁਤ ਸਾਰੇ ਕਿਸਾਨਾਂ ਨੇ ਭਾਗ ਲਿਆ। ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਸੁਰਜੀਤ ਸਿੰਘ ਨੇ ਕਿਹਾ ਕਿ ਜੋ ਪੰਜਾਬ ਸਰਕਾਰ ਵੱਲੋਂ ਵੱਡੇ ਘਰਾਣਿਆਂ ਨੂੰ ਖੇਤੀ ਦੇ ਸੰਦ ਸਬਸਿਡੀ ਤੇ ਦਿੱਤੇ ਜਾਂਦੇ ਹਨ ਜਿਵੇਂ ਪਰਾਲੀ ਦੀਆਂ ਗੰਢਾਂ ਬੰਨਣ ਵਾਲੀਆ ਮਸ਼ੀਲਾਂ ਹਨ ਇਹ ਛੋਟੇ ਕਿਸਾਨਾਂ ਦੇ ਖੇਤਾਂ ਵਿੱਚ ਗੰਢਾਂ ਬੰਨਣ ਨਹੀਂ ਜਾਂਦੇ 3 ਜਾਂ 4 ਏਕੜ ਵਾਲੇ ਕਿਸਾਨ ਮਹਿੰਗੇ ਸੰਦ ਨਹੀਂ ਖਰੀਦ ਸਕਦੇ ਇਸ ਲਈ ਪੰਜਾਬ ਸਰਕਾਰ ਪਰਾਲੀ ਸਾਂਭਣ ਲਈ ਕਿਸਾਨਾਂ ਨੂੰ 4000 ਰੁਪੈ ਪ੍ਰਤੀ ਏਕੜ ਖਰਚਾ ਦਿੱਤਾ ਜਾਵੇ ਨਹੀਂ ਤਾਂ ਕਿਸਾਨ ਪਰਾਲੀ ਸਾੜਨ ਲਈ ਮਜਬੂਰ ਹੋ ਜਾਣਗੇ। ਇਸ ਮੌਕੇ ਸਤਿਗੁਰ ਸਿੰਘ ਖਹਿਰਾ, ਕੁਲਵੰਤ ਸਿੰਘ ਉੱਪਲਾ, ਦਵਿੰਦਰ ਸਿੰਘ ਧੀਰੋਮਾਜਰਾ, ਅਵਤਾਰ ਸਿੰਘ ਬੰਟੀ ਹਾਜ਼ਰ ਸਨ।

# ਰਾਮਲੀਲ੍ਹਾ ਦੇ ਦੂਜੇ ਦਿਨ ਦੇ ਸਮਾਗਮ 'ਚ ਜਗਤਾਰ ਸਿੰਘ ਮਣਕੂ ਵੱਲੋਂ ਸ਼ਿਰਕਤ



ਸਮਾਣਾ, 24 ਸਤੰਬਰ (ਵਿਜੇ ਕੁਮਾਰ/ਜਵੰਦਾ) : ਸ਼੍ਰੀ ਦੁਰਗਾ ਦਲ ਸੇਵਾ ਸਮਿਤੀ ਮੰਦਿਰ ਰਾਮ ਲੀਲ੍ਹਾ ਅਤੇ ਧਰਮਸ਼ਾਲਾ ਕਮੇਟੀ ਵੱਲੋਂ ਪ੍ਰਧਾਨ ਵੇਦ ਪ੍ਰਕਾਸ਼ ਕਾਂਸਲ ਅਤੇ ਡਇਰੈਕਟਰ ਰਿੰਕੂ ਚੋਪੜਾ ਦੀ ਅਗਵਾਈ ਵਿੱਚ ਹੋ ਰਹੀ ਰਾਮ ਲੀਲਾ ਦਾ ਮੰਚਨ 22 ਸਤੰਬਰ ਤੋਂ 2 ਅਕਤੂਬਰ ਤੱਕ ਹੋਵੇਗੀ। ਦੂਜੇ ਦਿਨ ਦਾ ਉਦਘਾਟਨ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ ਵਿਸ਼ਾਲ ਕੰਬਾਈਨ ਦੇ ਮਾਲਕ ਜਗਤਾਰ ਸਿੰਘ ਮਣਕੂ ਵੱਲੋਂ ਜੋਤੀ ਪ੍ਰਚੰਡ ਕਰਕੇ ਕੀਤਾ। ਸ਼੍ਰੀ ਦੁਰਗਾ ਰਾਮਾ ਡਰਾਮਾਟਿਕ ਕਲੱਬ ਦੇ ਕਲਾਕਾਰਾਂ ਵਲੋਂ ਕਕਈ ਵੱਲੋਂ ਮਹਾਰਾਜ ਦਸ਼ਰਥ ਤੋਂ ਮੰਗੇ ਦੋ ਬਰ, ਸ੍ਰੀ ਰਾਮ ਚੰਦਰ ਜੀ ਨੂੰ 14 ਸਾਲ ਦਾ ਬਨਵਾਸ ਅਤੇ ਭਾਰਤ ਨੂੰ ਰਾਜ ਤਿਲਕ ਤੋਂ ਇਲਾਵਾ ਮਹਾਰਾਜ ਦਸਰਥ ਤੇ ਕਕਈ ਦੇ ਸੰਵਾਦ ਦੇ ਸੀਨ ਕਲਾਕਾਰਾਂ ਵੱਲੋਂ ਬਾਖੂਬੀ ਪੇਸ਼ ਕੀਤੇ ਗਏ। ਇਸ ਮੌਕੇ ਤੇ ਰਿੰਪੀ ਮੇਨਕਾ, ਸੰਸਥਾਂ ਦੇ ਸਰਪ੍ਰਸਤ ਮੋਤੀ ਜੈਨ, ਸੈਕਟਰੀ ਰਮਨ ਮਹਿੰਦਰਾ, ਵਾਈਸ ਪ੍ਰਧਾਨ ਪ੍ਰਦੀਪ ਸ਼ਰਮਾ, ਕੈਸ਼ੀਅਰ ਨੀਟਾ ਸ਼ਰਮਾ, ਹੈਪੀ ਸ਼ਰਮਾ, ਮਨਜੀਤ ਸਿੰਘ ਜੇ ਈ., ਡਾਇਰੈਕਟਰ ਮੋਹਨ ਲਾਲ ਅਨੇਜਾ, ਸੋਮ ਨਾਥ ਸੱਗੂ, ਸੁਰਿੰਦਰ ਸ਼ਰਮਾ, ਦੇਸਰਾਜ ਕੋਚ, ਸੰਜੇ ਬਾਂਸਲ, ਰਵੀ ਗਰਗ, ਰਵਿੰਦਰ ਕਾਂਸਲ, ਤੀਰਥ ਮੇਨਕਾ, ਕਮਲ ਬੱਬਰ , ਰੂਬੀ ਸ਼ਰਮਾ, ਮਨੋਜ ਸਾਗਰ ਮਜੂਦ ਸਨ। ਰਾਮ ਦੇ ਰੋਲ ਵਿੱਚ ਆਸ਼ੂ ਸਮਾਣਾ , ਸੀਤਾ ਦੇ ਰੋਲ ਵਿੱਚ ਲਵਪ੍ਰੀਤ, ਲਛਮਣ ਦੇ ਰੋਲ ਵਿੱਚ ਸਾਹਿਲ ਮਹਿਰਾ, ਬਹੁਤ ਚੰਗੀ ਭੂਮਿਕਾ ਨਿਭਾਈ। ਸਟੇਜ ਸੈਕਟਰੀ ਦੀ ਭੂਮਿਕਾ ਮਾਸਟਰ ਸਤਿੰਦਰ ਲਾਲ ਸਤੀ ਨੇ ਨਿਭਾਈ।

## ਭਾਰਤ ਵਿਕਾਸ ਪ੍ਰੀਸ਼ਦ ਦੇ ਪ੍ਰਧਾਨ ਰਜਿੰਦਰ ਗੁਪਤਾ ਤੇ ਬ੍ਰਿਸ਼ਭਾਨ ਕਾਂਸਲ ਦਾ ਸਨਮਾਨ



ਸਮਾਣਾ, 24 ਸਤੰਬਰ (ਵਿਜੇ ਕੁਮਾਰ) : ਸਥਾਨਕ ਸ੍ਰੀ ਅਗਰਸੈਨ ਇੰਟਰਨੈਸ਼ਨਲ ਸਕੂਲ 'ਚ ਸ੍ਰੀ ਅਗਰਵਾਲ ਧਰਮਸ਼ਾਲਾ ਤੇ ਸਕੂਲ ਪ੍ਰਬੰਧਕ ਕਮੇਟੀ ਵੱਲੋਂ ਸੰਸਥਾ ਪ੍ਰਧਾਨ ਮਦਨ ਮਿੱਤਲ ਅਤੇ ਸਮੂਹ ਮੈਂਬਰਾਂ ਦੀ ਅਗਵਾਈ 'ਚ ਸ੍ਰੀ ਅਗਰਸੈਨ ਮਹਾਰਾਜ ਜਯੰਤੀ ਬੜੀ ਧੂਮਧਾਮ ਤੇ ਸ਼ਰਧਾ ਭਾਵਨਾ ਨਾਲ ਮਨਾਈ ਗਈ। ਰਾਤ ਸਮੇਂ ਅਯੋਜਿਤ ਸਮਾਗਮ ਦੌਰਾਨ ਭਾਰਤ ਵਿਕਾਸ ਪ੍ਰੀਸ਼ਦ ਦੇ ਪ੍ਰਧਾਨ ਰਜਿੰਦਰ ਗੁਪਤਾ (ਹੈਪੀ) ਬ੍ਰਿਸ਼ਭਾਨ ਕਾਂਸਲ ਨੂੰ ਪ੍ਰਬੰਧਕਾਂ ਵੱਲੋਂ ਸਮਾਜ ਪ੍ਰਤੀ ਚੰਗੀਆਂ ਸੇਵਾਵਾਂ ਦੇਣ ਤੇ ਸਨਮਾਨ ਚਿੰਨ ਦੇ ਕੇ ਸਨਮਾਨਿਤ ਕੀਤਾ ਗਿਆ।

# ਮਾਤਾ ਗੁਜਰੀ ਸਕੂਲ ਦੇਵੀਗੜ੍ਹ ਵਿਖੇ ਪਹਿਲਾ ਵਿਸ਼ਵ ਪੰਜਾਬੀ ਮਾਂ ਬੋਲੀ ਦਿਵਸ ਮਨਾਇਆ




ਦੇਵੀਗੜ੍ਹ, 24 ਸਤੰਬਰ (ਗੁਰਜੀਤ ਸਿੰਘ ਢੋਟ) : ਮਾਤਾ ਗੁਜਰੀ ਸੀਨੀਅਰ ਸੈਕੰਡਰੀ ਸਕੂਲ ਵਿਖੇ 'ਪਹਿਲਾ ਵਿਸ਼ਵ ਪੰਜਾਬੀ ਮਾਂ-ਬੋਲੀ' ਦਿਵਸ ਮਨਾਇਆ ਗਿਆ।ਆਪਣਾ ਪੰਜਾਬ ਫਾਊਂਡੇਸ਼ਨ ਅਤੇ ਫੈਡਰੇਸ਼ਨ ਆਫ਼ ਪ੍ਰਾਈਵੇਟ ਸਕੂਲਜ਼ ਅਤੇ ਐਸੋਸੀਏਸ਼ਨ ਆਫ਼ ਪੰਜਾਬ ਦੇ ਸੱਦੇ ਤੇ ਬਾਬਾ ਫ਼ਰੀਦ ਜੀ ਦੇ ਆਗਮਨ ਪੁਰਬ ਨੂੰ ਸਮਰਪਿਤ ਵਿਸ਼ਵ ਪੰਜਾਬੀ ਦਿਵਸ ਦੀ ਸ਼ੁਰੂਆਤ ਧਾਰਮਿਕ ਸ਼ਬਦ ਨਾਲ ਕੀਤੀ ਗਈ। ਸਕੂਲ ਦੇ ਐਲ.ਕੇ.ਜੀ. ਤੋਂ ਬਾਰਵੀਂ ਜਮਾਤ ਤੱਕ ਦੇ ਵਿਦਿਆਰਥੀਆਂ ਨੇ ਮਾਂ ਬੋਲੀ ਪ੍ਰਤੀ ਆਪਣਾ ਪਿਆਰ ਤੇ ਸਤਿਕਾਰ ਦਿਖਾਉਂਦੇ ਹੋਏ ਕਵਿਤਾਵਾਂ, ਗੀਤ, ਭਾਸ਼ਣ, ਬਾਬਾ ਫ਼ਰੀਦ ਜੀ ਦੇ ਸਲੋਕ ਅਤੇ ਮੁਹਾਰਨੀ ਪੇਸ਼ ਕੀਤੇ। ਸਕੂਲ ਪ੍ਰਬੰਧਕਾਂ ਨਿਰਦੇਸ਼ਕ ਸ: ਭੁਪਿੰਦਰ ਸਿੰਘ,ਪ੍ਰਧਾਨ ਰਵਿੰਦਰ ਕੌਰ, ਪ੍ਰਿੰਸੀਪਲ ਮਮਤਾ ਮੱਕੜ ਅਤੇ ਅਕਾਦਮਿਕ ਨਿਰਦੇਸ਼ਕ ਤੇਜਿੰਦਰ ਕੌਰ ਵਾਲੀਆ ਨੇ ਆਪਣਾ ਪੰਜਾਬ ਫਾਊਂਡੇਸ਼ਨ ਦੇ ਸੰਚਾਲਕ ਸਰਦਾਰ ਜਗਜੀਤ ਸਿੰਘ ਧੂਰੀ ਵੱਲੋਂ ਮਾਂ ਬੋਲੀ ਲਈ ਚੁੱਕੇ ਗਏ ਇਸ ਸ਼ਲਾਘਾਯੋਗ ਕਦਮ ਤੇ ਇਤਿਹਾਸਿਕ ਫ਼ੈਸਲੇ ਲਈ ਧੰਨਵਾਦ ਅਤੇ ਵਧਾਈ ਦਿੱਤੀ।ਵੱਧ ਤੋਂ ਵੱਧ ਪੰਜਾਬੀ ਸਾਹਿਤ ਪੜ੍ਹਨਾ ਚਾਹੀਦਾ ਹੈ। ਅਲੋਪ ਹੋ ਚੁੱਕੀ ਅਮੀਰ ਪੰਜਾਬੀ ਸ਼ਬਦਾਵਲੀ ਨੂੰ ਮੁੜ ਸੁਰਜੀਤ ਕਰਨਾ ਚਾਹੀਦਾ ਹੈ ।ਅਸੀਂ ਆਪਣੀ ਕੌਮ ਅਤੇ ਵਿਰਸੇ ਨੂੰ ਤਾਂ ਹੀ ਜਿਊਂਦਾ ਰੱਖ ਸਕਦੇ ਹਾਂ ਜੇ ਅਸੀਂ ਮਾਂ ਬੋਲੀ ਨੂੰ ਆਪਣੇ ਰੂਹ ਦੀ ਬੋਲੀ ਸਮਝਦੇ ਹੋਏ ਉਸ ਨੂੰ ਆਪਣੀ ਸ਼ਾਨ ਸਮਝਾਂਗੇ।

## ਪੁਲਿਸ ਵੱਲੋਂ 30 ਗ੍ਰਾਮ ਹੈਰੋਇਨ ਬ੍ਰਾਮਦ

ਪਟਿਆਲਾ, 24 ਸਤੰਬਰ (ਵਿਨੋਦ ਸ਼ਰਮਾ) : ਥਾਣਾ ਅਨਾਜ ਮੰਡੀ ਪਟਿਆਲਾ ਪੁਲਿਸ ਨੇ ਕਥਿਤ ਦੋਸ਼ੀ ਗੁਰਜੀਤ ਸਿੰਘ ਪੁੱਤਰ ਪ੍ਰੀਤਮ ਸਿੰਘ ਵਾਸੀ ਗਲੀ ਨੰ. 01 ਗਰੀਨ ਪਾਰਕ ਕਲੋਨੀ ਸਮਾਣਾ ਰੋਡ ਪਟਿਆਲਾ ਵਿਰੁੱਧ ਧਾਰਾ 21, 61, 85 ਦੇ ਤਹਿਤ ਮਾਮਲਾ ਦਰਜ ਕੀਤਾ ਹੈ। ਏਐਸਆਈ ਰਣਧੀਰ ਸਿੰਘ ਸਮੇਤ ਪੁਲਿਸ ਪਾਰਟੀ ਗਸ਼ਤ ਵਾ ਤਲਾਸ਼ ਸ਼ੱਕੀ ਤੇ ਭੈੜੇ ਪੁਰਸ਼ਾਂ ਦੇ ਸਬੰਧ ਵਿੱਚ ਰੇਲਵੇ ਲਾਇਟਾਂ ਪਾਸ ਮੌਜੂਦ ਸੀ, ਜੋ ਦੋਸ਼ੀ ਨੂੰ ਸ਼ੱਕ ਦੇ ਅਧਾਰ ਪਰ ਰੋਕ ਕੇ ਚੈਕ ਕਰਨ ਪਰ 30 ਗ੍ਰਾਮ ਹੈਰੋਇਨ ਬ੍ਰਾਮਦ ਹੋਈ।

# ਸੱਭਿਆਚਾਰਕ ਰੰਗਾਂ ਨਾਲ ਸਜੀ ਮੀਰਾਂਪੁਰ ਕਾਲਜ ਦੀ ਫ੍ਰੈਸ਼ਰਜ਼ ਪਾਰਟੀ



ਦੇਵੀਗੜ੍ਹ, 24 ਸਤੰਬਰ (ਗੁਰਜੀਤ ਸਿੰਘ ਢੋਟ) : ਯੂਨੀਵਰਸਿਟੀ ਕਾਲਜ ਮੀਰਾਂਪੁਰ ਵਿਖੇ ਨਵੇਂ ਦਾਖ਼ਲ ਹੋਏ ਬੀ.ਏ. ਭਾਗ ਪਹਿਲਾ ਦੇ ਵਿਦਿਆਰਥੀਆਂ ਦੇ ਸਵਾਗਤ ਲਈ ਫ੍ਰੈਸ਼ਰਜ਼ ਪਾਰਟੀ ਦਾ ਆਯੋਜਨ ਕੀਤਾ ਗਿਆ। ਕਾਲਜ ਇੰਚਾਰਜ ਡਾ. ਮਨਪ੍ਰੀਤ ਕੌਰ ਸੋਢੀ ਨੇ ਰਿਬਨ ਕੱਟ ਕੇ ਪ੍ਰੋਗ੍ਰਾਮ ਦੀ ਸ਼ੁਰੂਆਤ ਕੀਤੀ। ਇੰਚਾਰਜ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਇਸ ਤਰ੍ਹਾਂ ਦੇ ਸਮਾਗਮ ਵਿਦਿਆਰਥੀਆਂ ਵਿੱਚ ਆਪਸੀ ਸਾਂਝ ਵਧਾਉਂਦੇ ਹਨ । ਦੱਸਣਯੋਗ ਹੈ ਕਿ ਧਰਮ ਅਧਿਐਨ ਮੰਚ ਦੇ ਕਨਵੀਨਰ ਡਾ. ਤੇਜਿੰਦਰ ਪਾਲ ਸਿੰਘ ਅਤੇ ਅਸਿਸਟੈਂਟ ਪ੍ਰੋਫੈਸਰ ਜਸਵੀਰ ਕੌਰ ਨੇ ਸਾਂਝੇ ਯਤਨਾਂ ਨਾਲ ਪਾਰਟੀ ਦਾ ਆਯੋਜਨ ਕੀਤਾ। ਇਸ ਮੌਕੇ ਡਾ. ਤੇਜਿੰਦਰ ਪਾਲ ਸਿੰਘ ਨੇ ਨਵੇਂ ਭਰਤੀ ਹੋਏ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ। ਪਾਰਟੀ ਵਿਚ ਸ਼ਾਨਦਾਰ ਪ੍ਰਦਰਸ਼ਨ ਕਰਨ ਵਾਲੇ ਵਿਦਿਆਰਥੀਆਂ ਵਿਚੋਂ ਚਰਨਜੀਤ ਸਿੰਘ ਨੂੰ ਮਿਸਟਰ ਫਰੈਸ਼ਰ ਅਤੇ ਦਲਜੀਤ ਕੌਰ ਨੂੰ ਮਿਸ ਫਰੈਸ਼ਰ ਚੁਣਿਆ ਗਿਆ। ਸਟੇਜ ਦੀ ਸੇਵਾ ਰਿਤਿਕਾ ਸ਼ਰਮਾ ਤੇ ਗੁਰਲੀਨ ਕੌਰ ਨੇ ਨਿਭਾਈ।ਇਸ ਪ੍ਰੋਗਰਾਮ ਵਿੱਚ ਹੋਰਨਾਂ ਤੋਂ ਇਲਾਵਾ ਡਾ. ਗੁਰਵਿੰਦਰ ਕੌਰ, ਡਾ. ਨਿਸ਼ੂ ਗਰਗ, ਡਾ. ਹਰਜੀਤ ਕੌਰ ਅਤੇ ਸੁਖਜੀਤ ਕੌਰ ਆਦਿ ਹਾਜ਼ਰ ਸਨ।

# ਅਗਰਵਾਲ ਸਮਾਜ ਸਭਾ ਨੇ ਮਹਾਰਾਜਾ ਅਗਰਸੈਨ ਜੈਯੰਤੀ ਮਨਾਈ



ਪਟਿਆਲਾ, 24 ਸਤੰਬਰ (ਚ.ਨ.ਸ.) : ਹਰ ਸਾਲ ਦੀ ਤਰ੍ਹਾਂ, ਇਸ ਸਾਲ ਵੀ ਅਗਰਵਾਲ ਸਮਾਜ ਸਭਾ, ਪਟਿਆਲਾ ਨੇ ਸ਼੍ਰੀ ਰਾਧੇ ਗੋਵਿੰਦ ਆਸ਼ਰਮ ਵਿਖੇ ਮਹਾਰਾਜਾ ਅਗਰਸੈਨ ਜਯੰਤੀ ਬਹੁਤ ਧੂਮ-ਧਾਮ ਨਾਲ ਮਨਾਈ। ਮੁੱਖ ਮਹਿਮਾਨ ਹਰਸ਼ ਗੁਪਤਾ, ਪ੍ਰਧਾਨ, ਭੱਠਾ ਮਾਲਕ ਐਸੋਸੀਏਸ਼ਨ, ਪੰਜਾਬ ਨੇ ਸੰਜੀਵ ਕੁਮਾਰ ਗੁਪਤਾ, ਮੈਂਬਰ, ਪੰਜਾਬ ਅਗਰਵਾਲ ਬੋਰਡ, ਸੁੰਦਰਲਾਲ ਸਿੰਗਲਾ, ਭਗਵਤੀ ਸਿਲੀਕੇਟਸ, ਗੁਲਾਬ ਰਾਏ ਗਰਗ, ਸਮਾਜ ਸੇਵਕ, ਰਾਜੇਸ਼ ਸਿੰਗਲਾ, ਓਮ ਜਵੈਲਰਜ਼, ਰਾਕੇਸ਼ ਏਰਨ, ਐਸਐਮਐਸ ਫਾਰਮਾ, ਅਤੇ ਧਰਿੰਦਰ ਮਿੱਤਲ, ਪ੍ਰੋਜੈਕਟ ਇੰਚਾਰਜ ਦੇ ਨਾਲ ਜੋਤੀ ਪ੍ਰਚੰਡ ਕੀਤੀ। ਆਦਿਤਿਆ ਗੋਇਲ ਨੇ ਮਹਾਰਾਜਾ ਅਗਰਸੈਨ ਦੀ ਆਰਤੀ ਕੀਤੀ। ਅਗਰਵਾਲ ਭਾਈਚਾਰੇ ਨੇ ਉਨ੍ਹਾਂ ਦੇ ਭਜਨਾਂ 'ਤੇ ਨੱਚਿਆ। ਇਸ ਮੌਕੇ, ਅਗਰਵਾਲ ਸਮਾਜ ਸਭਾ, ਪਟਿਆਲਾ, ਪ੍ਰਧਾਨ ਪਵਨ ਗੋਇਲ, ਸਕੱਤਰ ਸੋਹਿੰਦਰ ਕਾਂਸਲ, ਅਤੇ ਕੈਸ਼ੀਅਰ ਕੇ.ਕੇ. ਬਾਂਸਲ ਨੇ ਦੱਸਿਆ ਕਿ ਜਨਮ ਦਿਵਸ ਮਨਾਉਣ ਲਈ ਸਵੇਰੇ ਮਹਾਰਾਜਾ ਅਗਰਸੈਨ ਚੌਂਕ ਦੀ ਸਫਾਈ ਕਰਨ ਤੋਂ ਬਾਅਦ, ਪਟਿਆਲਾ ਸ਼ਹਿਰ ਦੇ ਸਮਾਜ ਸੇਵਕ ਗੁਲਾਬ ਰਾਏ ਗਰਗ ਨੇ ਸਾਰੇ ਅਗਰਵਾਲ ਭਾਈਚਾਰੇ ਦੇ ਮੈਂਬਰਾਂ ਨਾਲ ਮਿਲ ਕੇ ਮਹਾਰਾਜਾ ਅਗਰਸੈਨ ਨੂੰ ਫੁੱਲਮਾਲਾਵਾਂ ਭੇਟ ਕੀਤੀਆਂ ਅਤੇ ਭਗਵਾਨ ਅਗਰਸੈਨ ਦਾ ਆਸ਼ੀਰਵਾਦ ਪ੍ਰਾਪਤ ਕੀਤਾ। ਮਹਾਰਾਜਾ ਅਗਰਸੈਨ ਚੌਂਕ ਵਿਖੇ ਲੱਡੂ ਭੇਟ ਵਜੋਂ ਵੰਡੇ ਗਏ । ਸ਼ਾਮ ਨੂੰ, ਸੱਤ ਸਕੂਲਾਂ ਦੇ ਬੱਚਿਆਂ, ਜਿਨ੍ਹਾਂ ਵਿੱਚ ਐਮੀਨੈਂਸ ਸਕੂਲ ਫੀਲ ਖਾਨਾ, ਆਰੀਆ ਗਰਲਜ਼, ਵੀਰ ਹਕੀਕਤ ਰਾਏ, ਐਸਡੀਐਸਈ, ਸਰਕਾਰੀ ਮਾਡਲ ਸਕੂਲ ਸਿਵਲ ਲਾਈਨਜ਼, ਸਰਕਾਰੀ ਸੀਨੀਅਰ ਸੈਕੰਡਰੀ ਮਾਡਲ ਟਾਊਨ ਅਤੇ ਸ਼੍ਰੀ ਰਾਮ ਆਰੀਆ ਸਕੂਲਾਂ ਨੇ ਮਹਾਰਾਜਾ ਅਗਰਸੇਨ ਜੀ ਤੇ ਕੁਇਜ ਮੁਕਾਬਲੇ ਵਿੱਚ ਹਿੱਸਾ ਲਿਆ। ਇਹ ਮੁਕਾਬਲਾ ਫੀਲ ਖਾਨਾ ਸਕੂਲ ਦੇ ਪ੍ਰਿੰਸੀਪਲ ਡਾ. ਰਜਨੀਸ਼ ਗੁਪਤਾ ਦੀ ਨਿਗਰਾਨੀ ਹੇਠ ਕਰਵਾਇਆ ਗਿਆ। ਇਨ੍ਹਾਂ ਸਕੂਲਾਂ ਦੇ ਬਾਰਾਂ ਹੋਣਹਾਰ ਵਿਦਿਆਰਥੀਆਂ, ਜਿਨ੍ਹਾਂ ਨੇ 90% ਤੋਂ ਵੱਧ ਅੰਕ ਪ੍ਰਾਪਤ ਕੀਤੇ, ਨੂੰ ਵੀ ਸਨਮਾਨਿਤ ਕੀਤਾ ਗਿਆ। ਇਸ ਮੌਕੇ ਅਗਰਵਾਲ ਸਮਾਜ ਸਭਾ ਦੇ ਸੀਨੀਅਰ ਮੀਤ ਪ੍ਰਧਾਨ ਵਿਨੋਦ ਗਰਗ, ਰਾਜਿੰਦਰ ਅਗਰਵਾਲ, ਰਾਕੇਸ਼ ਜੈਨ, ਚਮਨ ਲਾਲ ਗਰਗ, ਸੁਰੇਸ਼ ਕੁਮਾਰ ਗਰਗ, ਐਸ.ਕੇ ਗੋਇਲ, ਸੰਜੇ ਗੋਇਲ, ਰਾਜਿੰਦਰ ਸਿੰਗਲਾ, ਹਰਮੇਸ਼ ਸਿੰਗਲਾ, ਵਿਜੇ ਕੁਮਾਰ ਗੁਪਤਾ, ਮੁਕੇਸ਼ ਸਿੰਗਲਾ, ਇੰਜਨੀਅਰ ਅਰੁਣ ਗਰਗ, ਐਮ.ਪੀ ਅਗਰਵਾਲ, ਕੇਵਲ ਬਾਸਲ, ਸੰਜੇ ਗੋਇਲ, ਸੁਭਾਸ਼ ਗੁਪਤਾ, ਗਗਨ ਗੋਇਲ,ਧਰਮਪਾਲ ਗਰਗ, ਸੰਜੀਵ ਵਰਮਾ, ਤਰਸੇਮ ਬਾਂਸਲ, ਰਵਿੰਦਰ ਬਾਂਸਲ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ ਅਤੇ ਅੰਤ ਵਿਚ ਸਾਰਿਆਂ ਨੇ ਮਿਲ ਕੇ ਮਾਤਾ ਲਕਸ਼ਮੀ ਜੀ ਦੀ ਰਸੋਈ ਦਾ ਆਨੰਦ ਮਾਣਿਆ ।

# ਮਹਾਰਾਜਾ ਅਗਰਸੇਨ ਜੈਯੰਤੀ ਮੌਕੇ ਵਿਧਾਇਕ ਜੌੜਾਮਾਜਰਾ, ਅਧਿਆਪਕਾਂ ਅਤੇ ਵਿਦਿਆਰਥੀਆਂ ਵੱਲੋਂ ਸ਼ਿਰਕਤ



ਸਮਾਣਾ, 24 ਸਤੰਬਰ (ਵਿਜੇ ਕੁਮਾਰ) : ਅਗਰਵਾਲ ਧਰਮਸ਼ਾਲਾ ਤੇ ਸਕੂਲ ਪ੍ਰਬੰਧਕ ਕਮੇਟੀ ਵੱਲੋਂ ਪ੍ਰਧਾਨ ਮਦਨ ਮਿੱਤਲ ਅਤੇ ਸਮੂਹ ਮੈਂਬਰਾਂ ਦੀ ਅਗਵਾਈ 'ਚ ਮਹਾਰਾਜਾ ਅਗਰਸੈਨ ਜੀ ਦੀ ਜੈਯੰਤੀ ਸ਼ਰਧਾ ਭਾਵਨਾ ਨਾਲ ਮਨਾਈ ਗਈ। ਅਗਰਵਾਲ ਧਰਮਸ਼ਾਲਾ 'ਚ ਆਯੋਜਿਤ ਸਮਾਗਮ ਵਿਚ ਮੁੱਖ ਮਹਿਮਾਨ ਵੱਜੋ ਵਿਧਾਇਕ ਚੇਤਨ ਸਿੰਘ ਜੌੜਾਮਾਜਰਾ, ਸੁਰਿੰਦਰ ਬਾਂਸਲ (ਸੀ.ਐਮ.ਡੀ.ਐਮ.ਡੀ.ਬੀ ਗਰੁੱਪ), ਪੰਕਜ ਬਾਂਸਲ(ਐਮ.ਡੀ ਗਰੁੱਪ), ਨਰਿੰਦਰ ਮਿੱਤਲ (ਐਮ.ਡੀ. ਔਰਾ ਵੈਲੀ ਬਨੂੜ ) ਮਦਨ ਲਾਲ ਸਿੰਗਲਾ, ਮਨੀਸ਼ ਸਿੰਗਲਾ ਜੋਤੀ ਕੋਟਸਪਿਨ ਵਾਲੇ, ਉਦਯੋਗਪਤੀ ਰਮੇਸ਼ ਗਰਗ, ਪਵਨ ਬੰਸਲ ਪ੍ਰਧਾਨ ਅਗਰਵਾਲ ਸਭਾ ਸਮਾਗਮ ਵਿੱਚ ਸ਼ਾਮਿਲ ਹੋਏ । ਇਸ ਮੌਕੇ ਅਗਰਸੇਨ ਇੰਟਰਨੈਸ਼ਨਲ ਪਬਲਿਕ ਸਕੂਲ ਵਿੱਚ 2.50 ਕਰੋੜ ਦੀ ਲਾਗਤ ਨਾਲ ਤਿਆਰ ਕੀਤੀ ਆਧੁਨਿਕ ਬਿਲਡਿੰਗ ਦਾ ਉਦਘਾਟਨ ਕਰਕੇ ਅਗਰਸੈਨ ਜੈਯੰਤੀ ਮੌਕੇ ਸਕੂਲ ਨੂੰ ਸਮਰਪਿਤ ਕੀਤੀ ਗਈ ਅਤੇ ਮੁੱਖ ਮਹਿਮਾਨਾਂ ਵੱਲੋਂ ਸਾਂਝੇ ਤੌਰ 'ਤੇ ਜੋਤੀ ਪ੍ਰਚੰਡ ਕਰਕੇ ਸਮਾਗਮ ਦੀ ਆਰੰਭਤਾ ਕੀਤੀ। ਸਮਾਗਮ ਦੌਰਾਨ ਜਿੱਥੇ ਵੱਖ-ਵੱਖ ਸਕੂਲਾਂ ਦੇ ਬੱਚਿਆਂ ਵੱਲੋਂ ਰੰਗਾ-ਰੰਗ ਪ੍ਰੋਗਰਾਮ ਪੇਸ਼ ਕੀਤਾ ਗਿਆ, ਉਥੇ ਹੀ ਵੱਖ-ਵੱਖ ਸਕੂਲਾਂ ਦੇ ਅਧਿਆਪਕਾਂ ਨੂੰ ਮਹਾਰਾਜਾ ਅਗਰਸੈਨ ਅਵਾਰਡ ਨਾਲ ਸਨਮਾਨ ਪ੍ਰਬੰਧਕ ਕਮੇਟੀ ਵੱਲੋਂ ਕੀਤਾ ਗਿਆ। ਮੁੱਖ ਮਹਿਮਾਨ ਵੱਲੋਂ ਸਕੂਲ 'ਚ ਪੜ੍ਹ ਕੇ ਉਚ ਪਦਵੀਆਂ ਹਾਸਲ ਕਰਨ ਵਾਲੇ ਵਿਦਿਆਰਥੀਆਂ ਅਤੇ ਵੱਖ-ਵੱਖ ਸੰਸਥਾਵਾਂ ਦੇ ਅਹੁਦੇਦਾਰਾ ਦਾ ਸਨਮਾਨ ਵੀ ਕੀਤਾ ਗਿਆ। ਸਮਾਗਮ ਦੇ ਸਮਾਪਤੀ ਮੌਕੇ ਆਤਿਸ਼ਬਾਜ਼ੀ ਨਜ਼ਾਰਾ ਖਿੱਚ ਦਾ ਕੇਂਦਰ ਰਿਹਾ। ਇਸ ਮੌਕੇ ਸੀਤਾ ਰਾਮ ਗੁਪਤਾ, ਭਾਰਤ ਵਿਕਾਸ ਪ੍ਰੀਸ਼ਦ ਦੇ ਪ੍ਰਧਾਨ ਰਜਿੰਦਰ ਪ੍ਰਸਾਦ, ਬ੍ਰਿਸ਼ਭਾਨ ਕਾਂਸਲ,ਵਿਜੇ ਸਿੰਗਲਾ ਗਾਜੇਵਾਸ ਵਾਲੇ,ਪਵਨ ਸਾਸ਼ਤਰੀ, ਸੁਰਿੰਦਰ ਬਾਂਸਲ,ਗੌਰਵ ਅਗਰਵਾਲ, ਪ੍ਰਦੀਪ ਗੋਇਲ (ਮਿੰਕਾ), ਨਿਸ਼ਾਤ ਸਿੰਗਲਾ, ਬੀ.ਕੇ. ਗੁਪਤਾ, ਵਿਜੈ ਮਿੱਤਲ,ਜੀਵਨ ਬਘਰੋਲ ,ਵਿਕਾਸ ਸਿੰਗਲਾ, ਆੜਤੀ ਐਸੋਸੀਏਸ਼ਨ ਪ੍ਰਧਾਨ ਨਰਿੰਦਰ ਕੁਮਾਰ, ਰਜਿੰਦਰ ਕੁਮਾਰ ਵਿਕੀ, ਅਜੇ ਸਿੰਗਲਾ, ਸੁਰਿੰਦਰ ਮੈਨੇਜਰ, ਮਹਿੰਦਰ ਸਿੰਘ ਧੀਮਾਨ ਆਦਿ ਵੀ ਹਾਜ਼ਰ ਸਨ। ਸਮਾਗਮ ਦੌਰਾਨ ਅਤੁੱਟ ਭੰਡਾਰਾ ਵੀ ਵਰਤਾਇਆ ਗਿਆ। ਸਟੇਜ ਦੀ ਭੂਮਿਕਾ ਸ਼ਸ਼ੀਭੂਸ਼ਣ ਸਿੰਗਲਾ ਨੇ ਬਾਖੂਬੀ ਨਿਭਾਈ।



# ਪਟਿਆਲਾ-ਆਸ/ਪਾਸ



# ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਹਰਚੰਦ ਸਿੰਘ ਬਰਸਟ ਨੇ ਪਟਿਆਲਾ ਮੰਡੀ 'ਚ ਝੋਨੇ ਦੀ ਖ਼ਰੀਦ ਸ਼ੁਰੂ ਕਰਵਾਈ

## ➢1822 ਮੰਡੀਆਂ ਰਾਹੀਂ ਸੂਬੇ 'ਚ ਕੀਤੀ ਜਾ ਰਹੀ ਹੈ ਝੋਨੇ ਦੀ ਖ਼ਰੀਦ : ਬਰਸਟ



ਪਟਿਆਲਾ, 24 ਸਤੰਬਰ (ਰੁਪਾਣਾ) : ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਸ. ਹਰਚੰਦ ਸਿੰਘ ਬਰਸਟ ਨੇ ਅੱਜ ਪਟਿਆਲਾ ਦੀ ਅਨਾਜ ਮੰਡੀ ਵਿਖੇ ਝੋਨੇ ਦੀ ਸਰਕਾਰੀ ਖ਼ਰੀਦ ਦੀ ਸ਼ੁਰੂਆਤ ਕੀਤੀ। ਇਸ ਮੌਕੇ ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਝੋਨੇ ਦੀ ਖ਼ਰੀਦ ਮੌਕੇ ਕਿਸਾਨਾਂ ਨੂੰ ਮੰਡੀਆਂ ਵਿੱਚ ਕਿਸੇ ਵੀ ਤਰ੍ਹਾਂ ਦੀ ਮੁਸ਼ਕਲ ਪੇਸ਼ ਨਹੀਂ ਆਉਣ ਦੇਵੇਗੀ। ਇਸ ਮੌਕੇ ਉਨ੍ਹਾਂ ਦੇ ਨਾਲ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਵੀ ਮੌਜੂਦ ਸਨ। ਇਸ ਮੌਕੇ ਹਰਚੰਦ ਸਿੰਘ ਬਰਸਟ ਨੇ ਕਿਹਾ ਕਿ ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਪੰਜਾਬ ਸਰਕਾਰ ਫ਼ਸਲ ਦਾ ਇੱਕ ਇੱਕ ਦਾਣਾ ਖ਼ਰੀਦਣ ਲਈ ਪੂਰੀ ਤਰ੍ਹਾਂ ਤਿਆਰ ਹੈ ਅਤੇ ਖ਼ਰੀਦ ਕੀਤੇ ਝੋਨੇ ਦੀ ਨਾਲੋਂ ਨਾਲ ਅਦਾਇਗੀ ਵੀ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਕਿਸਾਨ ਨੂੰ ਮੰਡੀਆਂ ਵਿੱਚ ਕਿਸੇ ਕਿਸਮ ਦੀ ਮੁਸ਼ਕਲ ਦਾ ਸਾਹਮਣਾ ਨਾ ਕਰਨਾ ਪਵੇ ਇਸ ਲਈ ਪੂਰੇ ਪ੍ਰਬੰਧ ਕੀਤੇ ਗਏ ਹਨ। ਸ. ਹਰਚੰਦ ਸਿੰਘ ਬਰਸਟ ਨੇ ਕਿਹਾ ਕਿ ਮੌਜੂਦਾ ਸੀਜ਼ਨ ਦੌਰਾਨ ਪੰਜਾਬ ਮੰਡੀ ਬੋਰਡ ਵੱਲੋਂ 1822 ਖ਼ਰੀਦ ਕੇਂਦਰ ਸਥਾਪਤ ਕੀਤੇ ਹਨ, ਜਿਥੇ ਝੋਨੇ ਦੀ ਖ਼ਰੀਦ ਅਤੇ ਲਿਫਟਿੰਗ ਦੇ ਪੁਖ਼ਤਾ ਪ੍ਰਬੰਧ ਹਨ। ਉਨ੍ਹਾਂ ਦੱਸਿਆ ਕਿ ਮੰਡੀਆਂ ਵਿੱਚ ਕਿਸਾਨਾਂ ਨੂੰ ਕਿਸੇ ਕਿਸਮ ਦੀ ਮੁਸ਼ਕਲ ਪੇਸ਼ ਨਾ ਆਵੇ ਇਸ ਲਈ ਅਧਿਕਾਰੀਆਂ ਨੂੰ ਹਦਾਇਤਾਂ ਜਾਰੀ ਕੀਤੀਆਂ ਜਾ ਚੁੱਕੀਆਂ ਹਨ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਸੂਬੇ ਭਰ 'ਚ 190 ਲੱਖ ਮੀਟ੍ਰਿਕ ਟਨ (ਐਲ.ਐਮ.ਟੀ.) ਝੋਨੇ ਦੀ ਖ਼ਰੀਦ ਲਈ ਪੁਖ਼ਤਾ ਪ੍ਰਬੰਧ ਕੀਤੇ ਗਏ ਹਨ। ਇਸ ਤੋਂ ਪਹਿਲਾ ਉਨ੍ਹਾਂ ਆੜ੍ਹਤੀਆ ਐਸੋਸੀਏਸ਼ਨ ਦੇ ਨੁਮਾਇੰਦਿਆਂ ਅਤੇ ਵੱਖ-ਵੱਖ ਖ਼ਰੀਦ ਏਜੰਸੀਆਂ ਦੇ ਅਧਿਕਾਰੀਆਂ ਨਾਲ ਗੱਲਬਾਤ ਕੀਤੀ। ਇਸ ਮੌਕੇ ਡੀ.ਐਫ.ਐਸ.ਸੀ. ਡਾ. ਰਵਿੰਦਰ ਕੌਰ ਤੇ ਜ਼ਿਲ੍ਹਾ ਮੰਡੀ ਅਫ਼ਸਰ ਮਨਦੀਪ ਸਿੰਘ, ਆੜ੍ਹਤੀ ਐਸੋਸੀਏਸ਼ਨ ਪੰਜਾਬ ਦੇ ਸੀਨੀ.ਵਾਈਸ ਪ੍ਰਧਾਨ ਅਤੇ ਨਵੀਂ ਅਨਾਜ ਮੰਡੀ ਪਟਿਆਲਾ ਦੇ ਪ੍ਰਧਾਨ ਇੰਜ. ਸਤਵਿੰਦਰ ਸਿੰਘ ਸੈਣੀ, ਐਸ.ਡੀ.ਓ ਸਤਨਾਮ ਸਿੰਘ ਸੈਕਟਰੀ ਮਾਰਕੀਟ ਕਮੇਟੀ ਪਟਿਆਲਾ, ਅਸ਼ਵਨੀ ਮਹਿਤਾ, ਵਿਜੇ ਪਾਲ, ਸੌਰਵ ਬੱਤਾ, ਰੁਪਿੰਦਰ ਸਿੰਘ ਰੂਪੀ, ਕਰੁਨ ਗਰਗ ਅਤੇ ਆੜ੍ਹਤੀ ਐਸੋਸੀਏਸ਼ਨ ਜ਼ਿਲ੍ਹਾ ਪਟਿਆਲਾ ਦੇ ਜਨਰਲ ਸਕੱਤਰ ਦੀਪਕ ਬਾਂਸਲ ਡਕਾਲਾ ਚਰਨ ਦਾਸ ਗੋਇਲ ਨਰੇਸ਼ ਮਿੱਤਲ ਭੋਲਾ ਖਰਦਮਣ ਰਾਏ ਗੁਪਤਾ ਦਰਬਾਰਾ ਸਿੰਘ ਜਾਲਾ ਹਰਦੇਵ ਸਿੰਘ ਅਨੰਦਪੁਰ ਕੇਸ਼ੋ ਦਵਿੰਦਰ ਕੁਮਾਰ ਬੱਗਾ ਪ੍ਰਗਟ ਸਿੰਘ ਜਾਲਾ ਵਿਸ਼ਵ ਗੋਇਲ ਕਾਕੂ ਪਰਮਜੀਤ ਸਿੰਘ ਮਿਰਜ਼ਾਪੁਰ ਰਣਧੀਰ ਸਿੰਘ ਨਲੀਨੀ ਰਾਕੇਸ਼ ਭਾਨਰਾ ਰਣਵੀਰ ਸਿੰਘ ਰਾਏ (ਰਾਣਾ) ਕਰਮ ਚੰਦ ਬਾਂਸਲ ਸੋਹਨ ਲਾਲ ਕਾਂਸਲ ਸੁਰਮਖ ਸਿੰਘ ਦਿਨੇਸ਼ ਅਗਰਵਾਲ ਜੌਲੀ ਗਰਗ ਅਨਿਲ ਕੁਮਾਰ ਨਰਿੰਦਰ ਲੌਟ ਲੱਕੀ ਲੌਟ ਸਮੇਤ ਵੱਡੀ ਗਿਣਤੀ ਕਿਸਾਨ ਅਤੇ ਆੜ੍ਹਤੀਏ ਮੌਜੂਦ ਸਨ।

# ਡੀ.ਸੀ. ਵੱਲੋਂ ਝੋਨੇ ਦੀ ਖਰੀਦ ਨਿਰਵਿਘਨ ਤੇ ਸੁਚਾਰੂ ਢੰਗ ਨਾਲ ਕਰਵਾਉਣ ਲਈ ਖਰੀਦ ਏਜੰਸੀਆਂ ਨਾਲ ਮੀਟਿੰਗ

## ☛ਕਿਸਾਨਾਂ ਨੂੰ ਸੁੱਕਾ ਝੋਨਾ ਹੀ ਮੰਡੀਆਂ 'ਚ ਲਿਆਉਣ ਦੀ ਅਪੀਲ



ਪਟਿਆਲਾ, 24 ਸਤੰਬਰ (ਰੁਪਾਣਾ/ਅਮਰਜੀਤ) : ਝੋਨੇ ਦੀ ਖਰੀਦ ਪ੍ਰਕ੍ਰਿਆ ਨੂੰ ਸੁਚਾਰੂ ਢੰਗ ਨਾਲ ਨੇਪਰੇ ਚਾੜ੍ਹਨ ਲਈ ਪਟਿਆਲਾ ਦੇ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਅੱਜ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਜ਼ਿਲ੍ਹਾ ਅਧਿਕਾਰੀਆਂ ਅਤੇ ਖਰੀਦ ਏਜੰਸੀਆਂ ਦੇ ਨੁਮਾਇੰਦਿਆਂ ਨਾਲ ਇੱਕ ਅਹਿਮ ਮੀਟਿੰਗ ਕੀਤੀ। ਇਸ ਮੌਕੇ ਡਾ. ਪ੍ਰੀਤੀ ਯਾਦਵ ਨੇ ਡੀ.ਐਫ.ਐਸ.ਸੀ ਅਤੇ ਜ਼ਿਲ੍ਹਾ ਮੰਡੀ ਅਫ਼ਸਰ ਨੂੰ ਹਦਾਇਤ ਕੀਤੀ ਕਿ ਜ਼ਿਲ੍ਹੇ ਦੀ ਹਰੇਕ ਮੰਡੀ 'ਚ ਸਾਫ਼ ਸਫ਼ਾਈ, ਬਾਰਦਾਨੇ, ਢੋਆ-ਢੋਆਈ, ਲੇਬਰ, ਕਿਸਾਨਾਂ ਲਈ ਪੀਣ ਵਾਲੇ ਪਾਣੀ ਤੇ ਟੁਆਇਲਟਸ ਸਮੇਤ ਹਰ ਤਰ੍ਹਾਂ ਦੇ ਪ੍ਰਬੰਧਾਂ ਦੀ ਰੋਜ਼ਾਨਾ ਸਮੀਖਿਆ ਕੀਤੀ ਜਾਵੇ, ਤਾਂ ਜੋ ਮੰਡੀ 'ਚ ਆਪਣੇ ਫ਼ਸਲ ਲੈਕੇ ਆਏ ਕਿਸਾਨਾਂ ਨੂੰ ਕਿਸੇ ਕਿਸਮ ਦੀ ਮੁਸ਼ਕਲ ਦਾ ਸਾਹਮਣਾ ਨਾ ਕਰਨਾ ਪਵੇ। ਉਨ੍ਹਾਂ ਦੱਸਿਆ ਕਿ ਝੋਨੇ ਦੇ ਇਸ ਸੀਜ਼ਨ 'ਚ ਜ਼ਿਲ੍ਹੇ ਦੇ ਖਰੀਦ ਕੇਂਦਰਾਂ 'ਚ 12.35 ਲੱਖ ਮੀਟ੍ਰਿਕ ਟਨ ਝੋਨੇ ਦੀ ਆਮਦ ਹੋਣ ਦੀ ਸੰਭਾਵਨਾ ਹੈ ਅਤੇ ਜ਼ਿਲ੍ਹਾ ਪ੍ਰਸ਼ਾਸਨ ਝੋਨੇ ਦੀ ਫ਼ਸਲ ਦੀ ਖਰੀਦ ਸੁਚਾਰੂ ਢੰਗ ਨਾਲ ਕਰਵਾਉਣ ਲਈ ਪੂਰੀ ਤਰ੍ਹਾਂ ਤਿਆਰ ਹੈ। ਡਿਪਟੀ ਕਮਿਸ਼ਨਰ ਨੇ ਖਰੀਦ ਏਜੰਸੀਆਂ ਦੇ ਜ਼ਿਲ੍ਹਾ ਮੈਨੇਜਰਾਂ ਨੂੰ ਹਦਾਇਤ ਕੀਤੀ ਕਿ ਉਹ ਆਪਣੀਆਂ ਅਲਾਟ ਹੋਈਆਂ ਮੰਡੀਆਂ 'ਚ ਤਾਇਨਾਤ ਇੰਸਪੈਕਟਰਾਂ ਨੂੰ ਝੋਨੇ ਦੀ ਫ਼ਸਲ ਦੀ ਖਰੀਦ ਨਿਰਵਿਘਨ ਢੰਗ ਨਾਲ ਕਰਵਾਉਣ ਅਤੇ ਖਰੀਦੀ ਜਿਣਸ ਦੀ ਨਾਲੋਂ ਨਾਲ ਲਿਫਟਿੰਗ ਯਕੀਨੀ ਬਣਾਉਣ। ਇਸ ਤੋਂ ਬਿਨ੍ਹਾਂ ਸਮੁੱਚੇ ਐਸ.ਡੀ.ਐਮਜ ਵੱਲੋਂ ਆੜਤੀਆਂ ਨਾਲ ਮੀਟਿੰਗ ਕਰਕੇ ਝੋਨੇ ਦੀ ਖਰੀਦ ਨਿਰਵਿਘਨ ਯਕੀਨੀ ਬਣਾਈ ਜਾਵੇ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਵੱਲੋਂ ਝੋਨੇ ਦੀ ਖਰੀਦ ਦਾ ਰੋਜ਼ਾਨਾ ਜਾਇਜ਼ਾ ਲਿਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਸਰਕਾਰ ਕਿਸਾਨਾਂ ਦੀ ਫ਼ਸਲ ਦਾ ਇੱਕ ਇੱਕ ਦਾਣਾ ਖਰੀਦ ਕਰੇਗੀ ਤੇ ਕਿਸਾਨਾਂ ਨੂੰ ਮੰਡੀਆਂ 'ਚ ਕੋਈ ਦਿੱਕਤ ਨਹੀਂ ਆਉਣ ਦਿੱਤੀ ਜਾਵੇਗੀ। ਡਾ. ਪ੍ਰੀਤੀ ਯਾਦਵ ਨੇ ਕਿਸਾਨਾਂ ਨੂੰ ਅਪੀਲ ਵੀ ਕੀਤੀ ਕਿ ਉਹ ਮੰਡੀਆਂ ਵਿੱਚ ਸੁੱਕਾ ਝੋਨਾ ਹੀ ਲੈਕੇ ਆਉਣ ਅਤੇ ਝੋਨੇ ਦੀ ਪਰਾਲੀ ਨੂੰ ਅੱਗ ਨਾ ਲਗਾਈ ਜਾਵੇ ਕਿਉਂਕਿ ਜ਼ਿਲ੍ਹੇ 'ਚ ਝੋਨੇ ਦੀ ਪਰਾਲੀ ਤੇ ਰਹਿੰਦ ਖੂੰਹਦ ਨੂੰ ਸਾੜਨ 'ਤੇ ਪਾਬੰਦੀ ਲੱਗੀ ਹੋਈ ਹੈ। ਇਸ ਤੋਂ ਬਿਨ੍ਹਾਂ ਕੰਬਾਇਨਾਂ ਨਾਲ ਝੋਨਾ ਰਾਤ ਸਮੇਂ ਨਾ ਕੱਟਿਆ ਜਾਵੇ, ਇਸ ਨਾਲ ਝੋਨੇ ਵਿੱਚ ਨਮੀ ਦੀ ਮਾਤਰਾ ਵੱਧ ਜਾਣ ਕਰਕੇ ਝੋਨਾ ਵਿੱਕਣ ਵਿੱਚ ਦਿੱਕਤ ਆਉਂਦੀ ਹੈ। ਮੀਟਿੰਗ ਵਿੱਚ ਵਧੀਕ ਡਿਪਟੀ ਕਮਿਸ਼ਨਰ ਨਵਰੀਤ ਕੌਰ ਸੇਖੋਂ, ਡੀ.ਐਫ.ਐਸ.ਸੀ. ਰਵਿੰਦਰ ਕੌਰ ਅਤੇ ਜ਼ਿਲ੍ਹਾ ਮੰਡੀ ਅਫ਼ਸਰ ਮਨਦੀਪ ਸਿੰਘ, ਡੀ.ਐਮ. ਵੇਅਰ ਹਾਊਸ ਨਿਰਮਲ ਸਿੰਘ, ਡੀ.ਐਮ. ਮਾਰਕਫੈਡ ਵਿਪਨ ਸਿੰਗਲਾ, ਡੀ.ਐਮ. ਪਨਸਪ ਬਨਦੀਪ ਸਿੰਘ ਵੀ ਮੌਜੂਦ ਸਨ।

### ਮੁੱਖ ਮੰਡੀ 'ਚ ਪਾਣੀ ਦੀ ਨਿਕਾਸੀ ਦੇ ਪ੍ਰਬੰਧ ਖੋਖਲੇ

# ਪਾਈਪ ਲਾਈਨ ਦੀ ਕਈ ਸਾਲਾਂ ਤੋਂ ਨਹੀਂ ਕਰਵਾਈ ਸਫਾਈ



ਸਮਾਣਾ, 24 ਸਤੰਬਰ (ਵਿਜੇ ਕੁਮਾਰ) : ਅਨਾਜ ਮੰਡੀ ਵਿੱਚ ਜੀਰੀ ਦੀ ਆਮਦ ਸ਼ੁਰੂ ਹੋਣ, ਸਰਕਾਰ ਤੇ ਪ੍ਰਸ਼ਾਸਨ ਵੱਲੋਂ ਮੰਡੀਆਂ ਵਿੱਚ ਖਰੀਦ ਦੇ ਪੁੱਖਤਾ ਪ੍ਰਬੰਧ ਕਰਨ ਦੇ ਦਾਅਵੇ ਕੀਤੇ ਜਾ ਰਹੇ ਹਨ, ਜਦੋਂਕਿ ਸਮਾਣਾ ਦੀ ਮੁੱਖ ਅਨਾਜ ਮੰਡੀ ਦੇ ਡਰੇਨੇਜ ਸਿਸਟਮ ਰਾਹੀਂ ਪਾਣੀ ਦੀ ਨਿਕਾਸੀ ਦਾ ਕੋਈ ਪੁਖਤਾ ਪ੍ਰਬੰਧ ਨਹੀਂ ਕੀਤਾ ਗਿਆ,ਜਿਸ ਦੀ ਪਿਛਲੇ ਸੀਜ਼ਨ ਕਣਕ ਦੀ ਆਮਦ ਦੌਰਾਨ ਪਈ ਬਰਸਾਤ ਨੇ ਮੰਡੀ ਵਿੱਚ ਕਣਕ ਦੀਆਂ ਭਰੀਆਂ ਹਜ਼ਾਰਾਂ ਬੋਰੀਆਂ ਭਿੱਜ ਗਈਆਂ ਸਨ। ਆੜਤੀਆਂ ਤੇ ਕਿਸਾਨਾਂ ਨੂੰ ਬਰਸਾਤੀ ਪਾਣੀ ਦੀ ਨਿਕਾਸੀ ਨਾ ਹੋਣ ਕਾਰਨ ਕਾਫੀ ਮੁਸ਼ਕਿਲਾਂ ਵੀ ਆਈਆਂ ਸਨ। ਹੈਰਾਨੀ ਵਾਲੀ ਗੱਲ ਤਾਂ ਇਹ ਹੈ ਕਿ ਝੰਬੋ ਚੋਅ ਨੂੰ ਜਾਂਦੀ ਪਾਈਪਲਾਈਨ ਸਫਾਈ ਡਰੇਨ ਦੇ ਵਿੱਚ ਕਈ ਸਾਲਾਂ ਤੋਂ ਟੁੱਟੀ ਹੋਈ ਹੈ, ਜਿਸ ਦੇ ਪਾਈਪ ਇਧਰ ਉਧਰ ਖਿਲਰੇ ਪਏ ਹਨ। ਇਸ ਪਾਈਪ ਲਾਈਨ ਨੂੰ ਜੋੜਨ ਲਈ ਕਈ ਵਾਰ ਖਬਰਾਂ ਲੱਗਣ ਦੇ ਬਾਵਜੂਦ ਵੀ ਅਧਿਕਾਰੀਆਂ ਨੇ ਜੋੜਨ ਦੀ ਕੋਸ਼ਿਸ਼ ਨਹੀਂ ਕੀਤੀ। ਇਸ ਸਬੰਧੀ ਮਾਰਕੀਟ ਕਮੇਟੀ ਦੇ ਸਕੱਤਰ ਭਰਪੂਰ ਸਿੰਘ ਨਾਲ ਗੱਲ ਕੀਤੀ ਤਾਂ ਉਹਨਾਂ ਸਟੌਰਮ ਵਾਟਰ ਵਾਲੇ ਖੂਹਾਂ ਦੀ ਸਫਾਈ ਕਰਾਉਣ ਦੀ ਪੁਸ਼ਟੀ ਕਰਦਿਆਂ ਡਰੇਨ ਸਿਸਟਮ ਰਾਹੀਂ ਝੰਬੋ ਚੋਅ 'ਚ ਪਾਈਪ ਲਾਈਨ ਰਾਹੀਂ ਹੁੰਦੀ ਪਾਣੀ ਦੀ ਨਿਕਾਸੀ ਬਾਰੇ ਅਗਿਆਨਤਾ ਪ੍ਰਗਟਾਈ। ਇਸ ਸਬੰਧੀ ਐਸ.ਡੀ.ਓ ਮੰਡੀ ਬੋਰਡ ਹਰਜੀਤ ਸਿੰਘ ਨਾਲ ਗੱਲ ਕੀਤੀ ਤਾਂ ਉਹਨਾਂ ਦੱਸਿਆ ਕਿ ਮਾਰਕੀਟ ਕਮੇਟੀ ਵੱਲੋਂ ਪਾਈਪ ਲਾਈਨ ਸਾਫ ਕਰਨ ਲਈ ਕੋਈ ਮਤਾ ਪਾ ਕੇ ਨਹੀਂ ਭੇਜਿਆ ਗਿਆ, ਜਦੋਂ ਉਨ੍ਹਾਂ ਨੂੰ ਇਸ ਪਾਈਪ ਲਾਈਨ ਦੇ ਪੂਰੀ ਤਰ੍ਹਾਂ ਬੰਦ ਹੋਣ ਬਾਰੇ ਪੁੱਛਿਆ ਤਾਂ ਉਨ੍ਹਾਂ ਮੰਨਿਆ ਕਿ ਪੀ. ਡਬਲਿਊ. ਡੀ. ਵਿਭਾਗ ਦੇ ਕਰਮਚਾਰੀਆਂ ਨੇ ਪਾਈਪ ਲਾਈਨ 'ਚ ਨਾਜਾਇਜ਼ ਤੌਰ 'ਤੇ ਕੁਨੈਕਸ਼ਨ ਕਰਕੇ ਸੜਕ ਦਾ ਪਾਣੀ ਪਾਇਆ ਗਿਆ ਹੈ, ਜਿਸ ਕਰਕੇ ਇਹ ਪਾਈਪ ਲਾਈਨ ਮਿੱਟੀ ਨਾਲ ਭਰ ਕੇ ਪੂਰੀ ਤਰ੍ਹਾਂ ਬੰਦ ਹੈ। ਜ਼ਿਕਰਯੋਗ ਹੈ ਕਿ ਝੰਬੋ ਚੋਅ ਵਾਲੇ ਡਰੇਨ ਨੂੰ ਜਾਂਦੇ ਪਾਈਪਾਂ ਦੀ ਸਫਾਈ ਲਈ ਹਰ ਸੀਜ਼ਨ ਮਤਾ ਪਾ ਕੇ ਸਿਵਲ ਵਿੰਗ ਨੂੰ ਭੇਜਣਾ ਹੁੰਦਾ ਹੈ, ਪਰ ਉਹ ਕਈ ਸਾਲਾਂ ਤੋਂ ਨਹੀਂ ਭੇਜਿਆ ਗਿਆ।

# ਵਿਧਾਇਕ ਗੁਰਦੇਵ ਮਾਨ ਵੱਲੋਂ ਪਾਰਟੀ ਦਫਤਰ ਦਾ ਉਦਘਾਟਨ



ਭਾਦਸੋਂ, 24 ਸਤੰਬਰ (ਭਰਪੂਰ ਸਿੰਘ ਮੱਟਰਾਂ): ਅੱਜ ਸੰਧੂ ਕਲੋਨੀ ਸਥਿਤ ਅਰਦਾਸ ਕਰਨ ਉਪਰੰਤ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਨੇ ਰਿਬਨ ਕੱਟ ਕੇ ਦਫਤਰ ਦਾ ਉਦਘਾਟਨ ਕੀਤਾ। ਉਨ੍ਹਾਂ ਗੱਲਬਾਤ ਕਰਦੇ ਹੋਏ ਕਿਹਾ ਕਿ ਪਾਰਟੀ ਦਫਤਰ ਵਿਖੇ ਇਲਾਕੇ ਦਾ ਕੋਈ ਵੀ ਵਿਅਕਤੀ ਆਪਣੀ ਸਮੱਸਿਆ ਲੈ ਕੇ ਆ ਸਕਦਾ ਹੈ ਅਤੇ ਉਸ ਸਮੱਸਿਆ ਦੇ ਹੱਲ ਲਈ ਹਮੇਸ਼ਾ ਤਤਪਰ ਰਹਿਣਗੇ। ਇਸ ਮੌਕੇ ਆਮ ਆਦਮੀ ਪਾਰਟੀ ਦੇ ਦਫਤਰ ਦਾ ਉਦਘਾਟਨੀ ਸਮਾਰੋਹ ਕੀਤਾ ਗਿਆ ਜਿਸ ਵਿਚ ਹਲਕਾ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ, ਮਾਰਕਿਟ ਕਮੇਟੀ ਚੇਅਰਮੈਨ ਦੀਪਾ ਰਾਮਗੜ੍ਹ,ਮਨਪ੍ਰੀਤ ਸਿੰਘ ਧਾਰੋਂਕੀ ਪ੍ਰਧਾਨ ਟਰੱਕ ਯੂਨੀਅਨ ਨਾਭਾ, ਮਾਰਕਿਟ ਕਮੇਟੀ ਨਾਭਾ ਚੇਅਰਮੈਨ ਗੁਰਦੀਪ ਸਿੰਘ ਟਿਵਾਣਾ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ।ਇਸ ਦੌਰਾਨ ਗ੍ਰੰਥੀ ਸਿੰਘ ਵੱਲੋਂ ਰਾਜਵਿੰਦਰ ਸਿੰਘ ਖਰੌੜ,ਰਮੇਸ਼ ਗੁਪਤਾ, ਰੁਪਿੰਦਰ ਸਿੰਘ ਜਟੌਲ,ਕਪਿਲ ਮਾਨ,ਗੁਲਾਬ ਦੇਵ ਮਾਨ, ਬੀਬੀ ਜਸਵਿੰਦਰ ਕੌਰ ਭੁੱਲਰ, ਗੁਰਵਿੰਦਰ ਸਿੰਘ ਲੱਕੀ,ਮਨਦੀਪ ਕੌਰ ਚਾਸਵਾਲ, ਭੁਪਿੰਦਰ ਸਿੰਘ ਕੱਲਰਮਾਜਰੀ, ਜਸਵੀਰ ਸਿੰਘ ਛਿੰਦਾ,ਹਰਪ੍ਰੀਤ ਸਿੰਘ ਰੈਸਲ, ਸ਼ਿਵ ਲਾਲ,ਜਗਤਾਰ ਸਿੰਘ ਸਟਾਈਲੋਂ, ਹੰਸ ਸਿੰਘ ਭਾਦਸੋਂ ਵੀ ਹਾਜ਼ਰ ਸਨ।

# ਨਰਾਤਿਆਂ 'ਚ ਕਾਲੀ ਦੇਵੀ ਮੰਦਰ ਵਿਖੇ ਤਿੰਨੋਂ ਸਮੇਂ ਚੱਲ ਰਹੇ ਭੰਡਾਰੇ ਵਿੱਚ ਸ਼ਰਧਾਲੂਆਂ ਨੂੰ ਵਰਤਾਇਆ ਜਾ ਰਿਹੈ ਸਵਾਦਿਸ਼ਟ ਲੰਗਰ



ਪਟਿਆਲਾ, 24 ਸਤੰਬਰ (ਵਿਨੋਦ ਸ਼ਰਮਾ) : ਪਟਿਆਲਾ ਦੇ ਇਤਿਹਾਸਕ ਤੇ ਪੁਰਾਤਨ ਸ੍ਰੀ ਕਾਲੀ ਦੇਵੀ ਮੰਦਿਰ ਵਿਖੇ ਚੱਲ ਰਹੇ ਅੱਸੂ ਦੇ ਨਰਾਤਰਿਆਂ ਦੌਰਾਨ ਪੁੱਜ ਰਹੇ ਵੱਡੀ ਗਿਣਤੀ ਸ਼ਰਧਾਲੂਆਂ ਦੀ ਸਹੂਲਤ ਲਈ ਮੰਦਿਰ ਦੀ ਐਡਵਾਇਜ਼ਰੀ ਮੈਨੇਜਿੰਗ ਕਮੇਟੀ ਵੱਲੋਂ ਤਿੰਨ ਸਮੇਂ ਲਗਾਏ ਜਾ ਰਹੇ ਲੰਗਰ ਭੰਡਾਰੇ ਵਿੱਚ ਸ਼ਰਧਾਲੂਆਂ ਨੂੰ ਸਵਾਦਲਾ ਲੰਗਰ ਵਰਤਾਇਆ ਜਾ ਰਿਹਾ ਹੈ। ਇਸੇ ਦੌਰਾਨ ਮੰਦਿਰ ਵਿਖੇ ਚੱਲ ਰਹੇ ਧਾਰਮਿਕ ਭਜਨ ਵੀ ਅਧਿਆਤਮਿਕ ਮਾਹੌਲ 'ਚ ਦੂਰੋਂ-ਦੂਰੋਂ ਆ ਰਹੇ ਸ਼ਰਧਾਲੂ ਮਾਂ ਦੇਵੀ ਦੇ ਭਗਤੀ ਰਸ ਵਿੱਚ ਲੀਨ ਹੋ ਜਾਂਦੇ ਹਨ। ਇਸ ਵਾਰ ਜਿੱਥੇ ਮੰਦਿਰ ਦੀ ਸਜਾਵਟ ਤੇ ਹੋਰ ਵਿਸ਼ੇਸ ਪ੍ਰਬੰਧਾਂ ਲਈ ਜ਼ਿਲ੍ਹਾ ਪ੍ਰਸ਼ਾਸਨ ਤੇ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਸਮੇਤ ਨਗਰ ਨਿਗਮ ਦੇ ਨਾਲ-ਨਾਲ ਸੁਰੱਖਿਆ ਪ੍ਰਬੰਧਾਂ ਲਈ ਪਟਿਆਲਾ ਪੁਲਿਸ ਦੀ ਸ਼ਲਾਘਾ ਕੀਤੀ ਜਾ ਰਹੀ ਹੈ, ਉੱਥੇ ਹੀ ਸ਼ਰਧਾਲੂਆਂ ਦੀ ਆਮਦ ਨੂੰ ਲੈਕੇ ਇਹ ਵਿਆਪਕ ਪ੍ਰਬੰਧਾਂ ਲਈ ਦੀ ਐਡਵਾਇਜ਼ਰੀ ਮੈਨੇਜਿੰਗ ਕਮੇਟੀ ਦੇ ਮੈਂਬਰਾਂ ਸੀ.ਏ. ਅਜੇ ਅਲੀਪੁਰੀਆ, ਸੰਜੇ ਸਿੰਗਲਾ ਤੇ ਡਾ. ਰਾਜਨ ਗੁਪਤਾ ਆਦਿ ਦੀ ਸੂਝ-ਬੂਝ ਦੀ ਵੀ ਭਰਵੀਂ ਪ੍ਰਸ਼ੰਸਾ ਕੀਤੀ ਜਾ ਰਹੀ ਹੈ।ਸੀ.ਏ.ਅਜੇ ਅਲੀਪੁਰੀਆ ਨੇ ਦੱਸਿਆ ਕਿ ਸਵੇਰੇ 8.30 ਵਜੇ ਰੋਜ਼ਾਨਾ ਸਵੇਰੇ ਮੰਦਿਰ 'ਚ ਹਵਨ ਕਰਵਾਇਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਸ਼ਰਧਾਲੂਆਂ ਨੂੰ ਸਵੇਰੇ 8 ਵਜੇ ਤੋਂ ਸਵੇਰੇ 9.30 ਵਜੇ ਤੱਕ, ਦੁਪਹਿਰ 12.30 ਤੋਂ ਬਾਅਦ ਦੁਪਹਿਰ 3 ਵਜੇ ਤੱਕ ਅਤੇ ਸ਼ਾਮ ਨੂੰ 7 ਵਜੇ ਤੋਂ ਰਾਤ 9.30 ਵਜੇ ਤੱਕ ਸਵਾਦਲਾ ਭੋਜਨ ਪਰੋਸਿਆ ਜਾਂਦਾ ਹੈ।ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਦੱਸਿਆ ਕਿ ਇਸ ਪਵਿੱਤਰ, ਪੁਰਾਤਨ ਤੇ ਇਤਿਹਾਸਕ ਸ੍ਰੀ ਕਾਲੀ ਦੇਵੀ ਮੰਦਿਰ ਦੀ ਪੂਰੇ ਦੁਨੀਆਂ 'ਚ ਮਹਾਨਤਾ ਅਤੇ ਮਾਨਤਾ ਹੈ, ਇਸ ਲਈ 22 ਸਤੰਬਰ ਤੋਂ 30 ਸਤੰਬਰ ਤੱਕ ਅੱਸੂ ਦੇ ਨਰਾਤਰਿਆਂ ਦੇ ਦਿਨਾਂ ਦੌਰਾਨ ਦੂਰੋਂ-ਦੂਰੋਂ ਸ਼ਰਧਾਲੂ ਇੱਥੇ ਨਤਮਸਤਕ ਹੋਣ ਲਈ ਪੁੱਜ ਰਹੇ ਹਨ, ਇਸ ਲਈ ਮੰਦਿਰ ਦੇ ਕਿਵਾੜ ਖੁੱਲ੍ਹਣ ਦਾ ਸਮਾਂ ਸਵੇਰੇ 4 ਵਜੇ ਤੋਂ ਰਾਤ 10 ਵਜੇ ਖੁੱਲ੍ਹੇ ਰਹੇ ਹਨ ਅਤੇ ਅਸ਼ਟਮੀ ਤੱਕ ਇਹ ਸਮਾਂ ਰਹੇਗਾ। ਸੰਜੇ ਸਿੰਗਲਾ ਨੇ ਦੱਸਿਆ ਕਿ ਸ਼ਰਧਾਲੂਆਂ ਲਈ ਲੋੜੀਂਦੀ ਜਾਣਕਾਰੀ ਦੀ ਅਨਾਊਂਸਮੈਂਟ ਵੀ ਕੀਤੀ ਜਾਂਦੀ ਹੈ ਅਤੇ ਸ਼ਰਧਾਲੂਆਂ ਦੀ ਸਹੂਲਤ ਲਈ ਹੈਲਪ ਡੈਸਕ ਬਣੇ ਹੋਏ ਹਨ।

# ਮੈਡੀਕਲ ਸੁਪਰਡੈਂਟ ਵੱਲੋਂ ਮਾਤਾ ਕੁਸ਼ੱਲਿਆ ਹਸਪਤਾਲ ਦਾ ਦੌਰਾ



ਪਟਿਆਲਾ, 24 ਸਤੰਬਰ (ਰੁਪਾਣਾ) : ਮੈਡੀਕਲ ਸੁਪਰਡੈਂਟ ਡਾ.ਸੰਜੇ ਕਾਮਰਾ ਵੱਲੋਂ ਸਿਹਤ ਸੇਵਾਵਾਂ ਪ੍ਰਦਾਨ ਕਰਨ ਦੇ ਮਕਸਦ ਨਾਲ ਸੁਪਰਵੀਜ਼ਨ ਤਹਿਤ ਮਾਤਾ ਕੁਸ਼ੱਲਿਆ ਹਸਪਤਾਲ ਦੇ ਵੱਖ-ਵੱਖ ਵਾਰਡਾਂ ਜਿਵੇਂ ਕਿ ਸਰਜੀਕਲ ਵਾਰਡ, ਬੱਚਾ ਵਾਰਡ, ਐਮਰਜੈਂਸੀ, ਆਈ.ਸੀ.ਯੂ, ਫਾਰਮੇਸੀ ਆਦਿ ਦਾ ਦੌਰਾ ਕੀਤਾ।ਦੌਰੇ ਦੌਰਾਨ ਉਹਨਾਂ ਵੱਲੋਂ ਹਸਪਤਾਲ ਵਿੱਚ ਸਟਾਫ ਦੀ ਹਾਜ਼ਰੀ, ਦਵਾਈਆਂ ਅਤੇ ਹੋਰ ਸਾਜੋ ਸਮਾਨ ਦਾ ਰਿਕਾਰਡ ਚੈਕ ਕੀਤਾ ਅਤੇ ਕਮਰਿਆਂ ਵਿੱਚ ਜਾ ਕੇ ਕੰਮ ਕਰ ਰਹੇ ਸਟਾਫ ਨਾਲ ਰੂ ਬਰੂ ਹੋ ਕੇ ਉਹਨਾਂ ਵੱਲੋਂ ਕੀਤੇ ਜਾ ਰਹੇ ਕੰਮਾਂ ਦੀਆਂ ਪ੍ਰਾਪਤੀਆਂ ਬਾਰੇ ਵੀ ਜਾਣਕਾਰੀ ਪ੍ਰਾਪਤ ਕੀਤੀ।ਉਹਨਾਂ ਵੱਲੋਂ ਹਸਪਤਾਲ ਵਿੱਚ ਇਲਾਜ ਲਈ ਆਏ ਮਰੀਜ਼ਾਂ ਨਾਲ ਗੱਲਬਾਤ ਕਰਕੇ ਉਹਨਾਂ ਨੂੰ ਹਸਪਤਾਲ ਵਿੱਚ ਇਲਾਜ ਲਈ ਮਿਲ ਰਹੀਆਂ ਮੁਫਤ ਦਵਾਈਆ ਬਾਰੇ ਵੀ ਪੁੱਛਿਆ, ਜਿਸ 'ਤੇ ਮਰੀਜ਼ਾਂ ਵੱਲੋਂ ਹਸਪਤਾਲ ਵਿੱਚ ਦਿੱਤੀਆਂ ਜਾ ਰਹੀਆਂ ਸਿਹਤ ਸੇਵਾਵਾਂ ਬਾਰੇ ਸੰਤੁਸ਼ਟੀ ਪ੍ਰਗਟ ਕੀਤੀ ਗਈ। ਉਹਨਾਂ ਵਾਰਡਾਂ ਵਿੱਚ ਜਾ ਕੇ ਦਾਖਲ ਮਰੀਜ਼ਾਂ ਦਾ ਹਾਲ-ਚਾਲ ਵੀ ਪੁੱਛਿਆ। ਉਹਨਾਂ ਮੌਕੇ 'ਤੇ ਮੌਜੂਦ ਮੈਡੀਕਲ ਅਫਸਰ ਅਤੇ ਸਟਾਫ ਨੂੰ ਹਰੇਕ ਮਰੀਜ਼ ਨਾਲ ਪ੍ਰੇਮ ਭਰਿਆ ਵਤੀਰਾ ਰੱਖਣ, ਸਟਾਫ ਦਾ ਡਿਊਟੀ 'ਤੇ ਸਮੇਂ ਸਿਰ ਆਉਣਾ ਅਤੇ ਡਿਊਟੀ ਸਮੇਂ ਦੌਰਾਨ ਡਿਉਟੀ 'ਤੇ ਹਾਜ਼ਰੀ ਯਕੀਨੀ ਬਣਾਉਣ ਦੀਆਂ ਹਦਾਇਤਾਂ ਵੀ ਦਿੱਤੀਆਂ। ਹਸਪਤਾਲ ਦੀ ਸਾਫ ਸਫਾਈ ਦਾ ਖਾਸ ਧਿਆਨ ਰੱਖਣ ਅਤੇ ਲੋਕਾਂ ਨੂੰ ਸਿਹਤ ਵਿਭਾਗ ਵੱਲੋਂ ਚਲਾਏ ਜਾਂਦੇ ਸਿਹਤ ਪ੍ਰੋਗਰਾਮਾਂ ਅਤੇ ਸਿਹਤ ਸਕੀਮਾਂ ਸਬੰਧੀ ਵੱਧ ਤੋਂ ਵੱਧ ਲੋਕਾਂ ਨੂੰ ਜਾਗਰੂਕ ਕਰਨ ਲਈ ਦਿਸ਼ਾ ਨਿਰਦੇਸ਼ ਦਿੱਤੇ।

# ਕੇਰਲਾ ਦੇ ਸਾਜੀ ਜੋਹਨ ਵੱਲੋਂ ਪਟਿਆਲਾ ਦੇ ਅਮਰੂਦ ਅਸਟੇਟ ਵਜੀਦਪੁਰ ਦਾ ਦੌਰਾ



ਪਟਿਆਲਾ, 24 ਸਤੰਬਰ (ਚ.ਨ.ਸ.): ਸਟੇਟ ਹੋਰਟੀਕਲਚਰ ਮਿਸ਼ਨ ਡਾਇਰੈਕਟਰ ਅਤੇ ਸਟੇਟ ਐਗਰੀਕਲਚਰ ਪ੍ਰਾਈਸਸ ਬੋਰਡ, ਕੇਰਲਾ ਦੇ ਸਾਜੀ ਜੋਹਨ ਨੇ ਅੱਜ ਅਮਰੂਦ ਅਸਟੇਟ ਵਜੀਦਪੁਰ ਦਾ ਦੌਰਾ ਕਰਦਿਆਂ ਇਥੇ ਚੱਲ ਰਹੀਆਂ ਬਾਗਬਾਨੀ ਯੋਜਨਾਵਾਂ ਅਤੇ ਕਿਸਾਨਾਂ ਨੂੰ ਦਿੱਤੀਆਂ ਜਾ ਰਹੀਆਂ ਸਹੂਲਤਾਂ ਦੀ ਵਿਸਥਾਰ ਨਾਲ ਜਾਣਕਾਰੀ ਲੈਣ ਲਈ ਤਕਨੀਕੀ ਟੀਮ ਨਾਲ ਮੁਲਾਕਾਤ ਕੀਤੀ। ਸਾਜੀ ਜੋਹਨ ਨੇ ਅਸਟੇਟ ਵਿੱਚ ਉਪਲੱਬਧ ਸਹੂਲਤਾਂ ਜਿਵੇਂ ਕਿ ਵਾਜਿਬ ਕੀਮਤਾਂ 'ਤੇ ਮਸ਼ੀਨਰੀ ਕਿਰਾਏ 'ਤੇ ਦੇਣਾ, ਉੱਤਮ ਕੁਆਲਟੀ ਦੇ ਅਮਰੂਦਾਂ ਦੇ ਬੂਟੇ ਕਿਸਾਨਾਂ ਨੂੰ ਮੁਹੱਈਆ ਕਰਵਾਉਣ, ਨਵੇਂ ਬਾਗ ਲਗਵਾਉਣ ਲਈ ਤਕਨੀਕੀ ਮਦਦ, ਫਲ ਮੱਖੀ ਤੋਂ ਬਚਾਅ ਲਈ ਫਰੂਟ ਫਲਾਈ ਟ੍ਰੈਪ ਉਪਲਬਧ ਕਰਵਾਉਣ ਅਤੇ ਨਵੇਂ ਕਿਸਾਨਾਂ ਨੂੰ ਬਾਗਬਾਨੀ ਨਾਲ ਜੋੜਨ ਵਰਗੀਆਂ ਗਤੀਵਿਧੀਆਂ ਬਾਰੇ ਜਾਣਕਾਰੀ ਪ੍ਰਾਪਤ ਕੀਤੀ। ਉਨ੍ਹਾਂ ਅਸਟੇਟ ਵਿੱਚ ਚੱਲ ਰਹੀ ਪੌਲੀ ਕਲੀਨਿਕ ਲੈਬ ਦਾ ਵੀ ਦੌਰਾ ਕੀਤਾ ਅਤੇ ਉੱਥੇ ਮੌਜੂਦ ਲੈਬ ਅਟੈਂਡੈਂਟ ਮਿਸ ਸਿਮਰਨ ਵੱਲੋਂ ਮਿੱਟੀ ਅਤੇ ਪਾਣੀ ਦੇ ਟੈਸਟਿੰਗ ਪ੍ਰਕਿਰਿਆ ਬਾਰੇ ਵਿਸਥਾਰ ਨਾਲ ਜਾਣਕਾਰੀ ਲਈ। ਉੱਥੇ ਯੂਨਿਟ ਇੰਚਾਰਜ ਅਸ਼ਵਨੀ ਸਿੰਗਲਾ ਅਤੇ ਪਰਵਿੰਦਰ ਸਿੰਘ ਵੱਲੋਂ ਉਨ੍ਹਾਂ ਨੂੰ ਆਲੂ ਦੀ ਪੈਦਾਵਾਰ ਲਈ ਵਰਤੀ ਜਾਂਦੀ ਐਰੋਪੋਨਿਕ ਵਿਧੀ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ ਗਈ। ਇਸ ਦੌਰਾਨ ਉਨ੍ਹਾਂ ਦੇ ਨਾਲ ਬਾਗਬਾਨੀ ਵਿਭਾਗ ਦੇ ਡਾ: ਹਰਪ੍ਰੀਤ ਸਿੰਘ ਸੇਠੀ (ਡਿਪਟੀ ਡਾਇਰੈਕਟਰ, ਹੋਰਟੀਕਲਚਰ, ਮੋਹਾਲੀ), ਡਾ. ਹਰਿੰਦਰਪਾਲ ਸਿੰਘ (ਬਾਗਬਾਨੀ ਵਿਕਾਸ ਅਫਸਰ, ਅਮਰੂਦ ਅਸਟੇਟ ਵਜੀਦਪੁਰ), ਡਾ. ਦਿਲਪ੍ਰੀਤ ਸਿੰਘ (ਮਿਸ਼ਨ ਸਕੱਤਰ, ਐਨ.ਐਚ.ਐਮ. ਪਟਿਆਲਾ), ਡਾ. ਨਵਨੀਤ ਕੌਰ (ਬਾਗਬਾਨੀ ਵਿਕਾਸ ਅਫਸਰ, ਸਰਕਾਰੀ ਖੁਦ ਲੈਬ, ਪਟਿਆਲਾ), ਗੁਰਦਿਆਲ ਸਿੰਘ ਅਤੇ ਗਗਨਦੀਪ ਵੈਦ (ਬਾਗਬਾਨੀ ਉਪ-ਨਿਰੀਖਕ) ਵੀ ਮੌਜੂਦ ਸਨ।

# ਮਨਪ੍ਰੀਤ ਸਿੰਘ ਨੂੰ ਸਦਮਾ, ਭਰਾ ਦਾ ਦੇਹਾਂਤ



ਪਟਿਆਲਾ, 24 ਸਤੰਬਰ (ਪਰਮਜੀਤ ਸਿੰਘ) : ਬੀਤੇ ਦਿਨੀਂ ਸ. ਮਨਪ੍ਰੀਤ ਸਿੰਘ ਦੇ ਛੋਟੇ ਭਰਾ ਕੁਲਵਿੰਦਰ ਸਿੰਘ (ਪ੍ਰਿੰਸ) ਦਾ ਅਚਾਨਕ ਦਿਲ ਦਾ ਦੌਰਾ ਪੈਣ ਕਾਰਨ ਦੇਹਾਂਤ ਹੋਇਆ, ਜਿਸ ਕਾਰਨ ਸਾਰਾ ਪਰਿਵਾਰ ਸਦਮੇ ਵਿਚ ਹੈ, ਜਿਨ੍ਹਾਂ ਦਾ ਅੱਜ ਅੰਤਿਮ ਸਸਕਾਰ ਬੀਰ ਜੀ ਦੀਆਂ ਮੜੀਆਂ ਰਾਜਪੁਰਾ ਰੋਡ ਵਿਖੇ ਕੀਤਾ ਗਿਆ। ਇਸ ਮੌਕੇ ਦੋਸਤ ਮਿੱਤਰ ਅਤੇ ਸਕੇ ਸਬੰਧੀ ਹਾਜ਼ਰ ਸਨ। ਜ਼ਿਕਰਯੋਗ ਹੈ ਕਿ ਸ. ਕੁਲਵਿੰਦਰ ਸਿੰਘ ਪ੍ਰਿੰਸ ਪ੍ਰਿੰਟਿੰਗ ਪ੍ਰੈਸ ਚਲਾਉਂਦੇ ਸਨ। ਇਸ ਦੇ ਨਾਲ-ਨਾਲ ਉਹ ਧਾਰਮਿਕ ਗਤੀਵਿਧੀਆਂ ਵਿੱਚ ਵੀ ਹਿੱਸਾ ਲੈਂਦੇ ਸਨ ਅਤੇ ਕਈ ਸੁਖਮਨੀ ਸਾਹਿਬ ਸੁਸਾਇਟੀਆਂ ਦੇ ਵੀ ਮੈਂਬਰ ਸਨ। ਉਨ੍ਹਾਂ ਨਮਿਤ ਅੰਤਿਮ ਅਰਦਾਸ 1 ਅਕਤੂਬਰ ਦਿਨ ਬੁੱਧਵਾਰ ਨੂੰ 12 ਤੋਂ 1 ਵਜੇ ਤੱਕ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਐਸ. ਐਸ.ਟੀ. ਨਗਰ ਵਿਖੇ ਹੋਵੇਗੀ। ਪ੍ਰਮਾਤਮਾ ਪਰਿਵਾਰ ਨੂੰ ਇਹ ਭਾਣਾ ਮੰਨਣ ਦਾ ਬਲ ਉਦਮ ਬਖਸ਼ੇ।

# ਨਾਭਾ ਅਨਾਜ ਮੰਡੀ 'ਚ ਬਨਸਪਤੀ ਜੀਰੀ ਦੀ 4 ਸਤੰਬਰ ਤੋਂ ਖ਼ਰੀਦ ਸ਼ੁਰੂ

## 1 ਲਖ 70 ਹਜ਼ਾਰ ਕੁਇੰਟਲ ਖ਼ਰੀਦ ਕੀਤੀ: ਅਮਿਤ ਕੁਮਾਰ



ਨਾਭਾ, 24 ਸਤੰਬਰ (ਗੁਰਚਰਨ ਸਿੰਘ ਚੌਧਰੀਮਾਜਰਾ) : ਨਾਭਾ ਅਨਾਜ ਮੰਡੀ ਵਿੱਚ ਬਨਸਪਤੀ ਜੀਰੀ ਕਰੀਬ 4 ਸਤੰਬਰ ਤੋਂ ਸ਼ੁਰੂ ਹੋ ਚੁੱਕੀ ਹੈ 22 ਸਤੰਬਰ ਤੱਕ ਇੱਕ ਲੱਖ 7 ਹਜਾਰ ਕੁਇੰਟਲ ਦੀ ਖਰੀਦ ਹੋ ਚੁੱਕੀ ਹੈ। ਇਸ ਸਮੇਂ ਪ੍ਰੈਸ ਨਾਲ ਗੱਲਬਾਤ ਕਰਦਿਆਂ ਅਮਿਤ ਕੁਮਾਰ ਸੈਕਟਰੀ ਮਾਰਕੀਟ ਕਮੇਟੀ ਨਾਭਾ ਨੇ ਕਿਹਾ ਨਾਭਾ ਮਾਰਕੀਟ ਕਮੇਟੀ ਦੀਆਂ 15 ਮੰਡੀਆਂ ਵਿੱਚ ਸਫਾਈ ਪਾਣੀ ਬਿਜਲੀ ਅਤੇ ਛਾਂ ਦਾ ਪ੍ਰਬੰਧ ਪੂਰਾ ਹੈ। ਉਹਨਾਂ ਕਿਹਾ ਅੱਜ ਤੱਕ ਕਿਸੇ ਮੰਡੀ ਵਿੱਚ ਝੋਨੇ ਦੀ ਖਰੀਦ ਨਹੀਂ ਹੋਈ। ਉਹਨਾਂ ਕਿਸਾਨ ਵੀਰਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਝੋਨਾ ਸਕਾ ਕੇ ਲੈ ਕੇ ਆਉਣ। ਝੋਨੇ ਦੀ ਨਮੀ 17 ਫੀਸਦੀ ਤੋਂ ਘੱਟ ਹੋਣੀ ਚਾਹੀਦੀ ਹੈ ਉਹਨਾਂ ਕੰਬਾਇਨਾ ਵਾਲਿਆਂ ਨੂੰ ਵੀ ਬੇਨਤੀ ਕੀਤੀ ਤੇ ਝੋਨੇ ਦੀ ਕਟਾਈ ਸਰਕਾਰ ਦੀਆਂ ਹਦਾਇਤਾਂ ਮੁਤਾਬਕ 11 ਵਜੇ ਤੋਂ ਸ਼ਾਮ ਦੇ 6 ਵਜੇ ਤੱਕ ਹੀ ਕਰਨੀ ਹੈ। ਉਲੰਘਣਾ ਕਰਨ 'ਤੇ ਕਾਨੂੰਨੀ ਕਾਰਵਾਈ ਵੀ ਹੋ ਸਕਦੀ ਹੈ ਉਹਨਾਂ ਕਿਹਾ ਕਿ ਸਾਰੇ ਆੜਤੀਆਂ ਨੂੰ ਵੀ ਹਦਾਇਤਾਂ ਕਰ ਦਿੱਤੀਆਂ ਹਨ ਕਿ ਮੌਸਮ ਦੇਖਦੇ ਹੋਏ ਤਰਪਾਲਾਂ ਦਾ ਪ੍ਰਬੰਧ ਕੀਤਾ ਜਾਵੇ। ਉਨ੍ਹਾਂ ਕਿਹਾ ਨਾ ਕਰਨ 'ਤੇ ਕਿਸਾਨ ਦੀ ਫਸਲ ਨੂੰ ਕੋਈ ਨੁਕਸਾਨ ਹੁੰਦਾ ਹੈ, ਤਾਂ ਉਸਦੀ ਜ਼ਿੰਮੇਵਾਰੀ ਆੜ੍ਹਤੀਆਂ 'ਤੇ ਹੋਵੇਗੀ।

# 11 ਬੋਤਲਾਂ ਸ਼ਰਾਬ ਬ੍ਰਾਮਦ

ਪਟਿਆਲਾ, 24 ਸਤੰਬਰ (ਵਿਨੋਦ ਸ਼ਰਮਾ) : ਥਾਣਾ ਲਾਹੌਰੀ ਗੇਟ ਪਟਿਆਲਾ ਪੁਲਿਸ ਨੇ ਕਥਿਤ ਦੋਸ਼ੀਆਂ ਸੂਰਜ, ਰਾਹੁਲ, ਵਿਸ਼ਾਲ ਵਾਸੀ ਭੀਮ ਨਗਰ ਸਫਾਬਾਦੀ ਗੇਟ ਪਟਿਆਲਾ ਵਿਰੁੱਧ ਧਾਰਾ 61, 1, 14 ਦੇ ਤਹਿਤ ਮਾਮਲਾ ਦਰਜ ਕੀਤਾ ਹੈ। ਏਐਸਆਈ ਹਰਪਾਲ ਸਿੰਘ ਸਮੇਤ ਪੁਲਿਸ ਪਾਰਟੀ ਗਸ਼ਤ ਵਾ ਤਲਾਸ਼ ਸ਼ੱਕੀ ਤੇ ਭੈੜੇ ਪੁਰਸ਼ਾਂ ਦੇ ਸਬੰਧ ਵਿੱਚ ਸਰਹੰਦੀ ਗੇਟ ਪਟਿਆਲਾ ਮੌਜੂਦ ਸੀ, ਜੋ ਇਤਲਾਹ ਮਿਲੀ ਕਿ ਦੋਸ਼ੀ ਮੜੀਆ ਵਾਲਾ ਚੌਂਕ ਅੰਡਰ ਬ੍ਰਿਜ ਪਾਸ ਖੜ੍ਹੇ ਸ਼ਰਾਬ ਵੇਚਣ ਲਈ ਗ੍ਰਾਹਕਾਂ ਦੀ ਇੰਤਜ਼ਾਰ ਕਰ ਰਹੇ ਹਨ, ਜੋ ਦੋਸ਼ੀਆਂ 'ਤੇ ਰੇਡ ਕਰਕੇ 11 ਬੋਤਲਾਂ ਸ਼ਰਾਬ ਠੇਕਾ ਦੇਸੀ ਮੋਟਾ ਸੰਤਰਾ ਪੰਜਾਬ ਦੀਆਂ ਬ੍ਰਾਮਦ ਹੋਈਆਂ।

# ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350 ਸਾਲਾ ਸ਼ਹੀਦੀ ਦਿਵਸ ਨੂੰ ਸਮਰਪਿਤ ਰਾਸ਼ਟਰੀ ਮੁਕਾਬਲੇ ਕਰਵਾਏ



ਸਮਾਣਾ, 24 ਸਤੰਬਰ (ਵਿਜੇ ਕੁਮਾਰ) : ਸ੍ਰੀ ਗੁਰੂ ਤੇਗ ਬਹਾਦੁਰ ਜੀ ਦੇ 350 ਸਾਲਾ ਸ਼ਹੀਦੀ ਦਿਵਸ ਨੂੰ ਸਮਰਪਿਤ ਰਾਸ਼ਟਰੀ ਮੁਕਾਬਲੇ ਜੋ ਕਿ 17 ਸਤੰਬਰ ਨੂੰ ਸ੍ਰੀ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਫਤਿਹਗੜ੍ਹ ਸਾਹਿਬ ਵਿਖੇ ਸੁਰੂ ਕਰਵਾਏ ਗਏ ਸਨ। ਜਿਸ ਵਿਚ ਇਸ ਕਾਲਜ ਦੇ 13 ਵਿਦਿਆਰਥੀਆਂ ਨੇ ਭਾਗ ਲਿਆ। ਵਿਦਿਆਰਥੀਆਂ ਨੇ ਕਵਿਸ਼ਰੀ ਗਾਇਨ, ਕੁਇੱਜ, ਸਲੋਗਨ ਲੇਖਣ, ਕਵਿਤਾ ਲਿਖਣ, ਕਹਾਣੀ ਲਿਖਣ ਅਤੇ ਭਾਸ਼ਣ ਮੁਕਾਬਲਿਆਂ ਵਿਚ ਭਾਗ ਲਿਆ। ਇਨ੍ਹਾਂ ਮੁਕਾਬਲਿਆਂ ਦਾ ਮੁੱਖ ਮੰਤਵ ਜਿੱਥੇ ਸ੍ਰੀ ਗੁਰੂ ਤੇਗ ਬਹਾਦੁਰ ਜੀ ਦੀ ਅਦੁੱਤੀ ਕੁਰਬਾਨੀ ਨੂੰ ਯਾਦ ਕਰਨਾ ਹੈ, ਉੱਥੇ ਵਿਦਿਆਰਥੀਆਂ ਵਿਚ ਉਨ੍ਹਾਂ ਦੀ ਜੀਵਨ ਜਾਂਚ ਉੱਤੇ ਚੱਲਣ ਦਾ ਇੱਕ ਉਪਰਾਲਾ ਵੀ ਹੈ। ਇਸ ਕਾਲਜ ਦੀ ਵਿਦਿਆਰਥਣ ਮਨਬੀਰ ਕੌਰ ਨੇ ਭਾਸ਼ਣ ਪ੍ਰਤੀਯੋਗਤਾ ਵਿਚ ਦੂਜਾ ਅਤੇ ਅੰਮ੍ਰਿਤਪਾਲ ਸਿੰਘ ਨੇ ਕਹਾਣੀ ਲੇਖਣ ਵਿਚ ਦੂਜਾ ਸਥਾਨ ਪ੍ਰਾਪਤ ਕੀਤਾ। ਇਸ ਮੌਕੇ ਮਨਬੀਰ ਕੌਰ ਅਤੇ ਅੰਮ੍ਰਿਤਪਾਲ ਸਿੰਘ ਨੂੰ 210000 ਰੁਪਏ ਪ੍ਰਤੀ ਵਿਦਿਆਰਥੀ ਇਨਾਮ ਦੇ ਕੇ ਸਨਮਾਨਿਤ ਕੀਤਾ ਗਿਆ। ਜੇਤੂ ਵਿਦਿਆਰਥੀਆਂ ਅਤੇ ਮੁਕਾਬਲਿਆਂ ਵਿਚ ਭਾਗ ਲੈਣ ਵਾਲੇ ਵਿਦਿਆਰਥੀਆਂ ਦਾ ਕਾਲਜ ਪ੍ਰਿੰਸੀਪਲ ਡਾ. ਹਰਕੀਰਤ ਸਿੰਘ ਵਲੋਂ ਨਿੱਘਾ ਸਵਾਗਤ ਕੀਤਾ ਗਿਆ। ਇਸ ਮੌਕੇ ਡਾ. ਹਰਕੀਰਤਨ ਕੌਰ, ਡਾ. ਮਨਦੀਪ ਕੌਰ, ਡਾ. ਮਨਦੀਪਪਾਲ ਕੌਰ, ਪ੍ਰੋ. ਮਨਿੰਦਰ ਕੌਰ ਅਤੇ ਪ੍ਰੋ. ਮਨੀਸ਼ਾ ਨੇ ਵੀ ਵਿਦਿਆਰਥੀਆਂ ਦੀ ਹੌਸਲਾ ਅਫਜਾਈ ਕੀਤੀ।

### ਰਾਮਲੀਲ੍ਹਾ ਦੀ ਦੂਜੀ ਰਾਤ

# ਰਾਵਣ ਵੱਲੋਂ ਦੇਵਤਿਆਂ ਤੇ ਭਗਤਾਂ ਉਪਰ ਅੱਤਿਆਚਾਰਾਂ ਨੂੰ ਦਰਸਾਇਆ



ਪਟਿਆਲਾ, 24 ਸਤੰਬਰ (ਰੁਪਾਣਾ) : ਰਾਮਾਇਣ ਦੀ ਦੂਜੀ ਰਾਤ ਦੇ ਪਹਿਲੇ ਦ੍ਰਿਸ਼ ਵਿੱਚ ਰਾਘੋਮਾਜਰਾ, ਪਟਿਆਲਾ ਵਿਖੇ ਰਾਵਣ ਦੁਬਾਰਾ ਦੇਵਤਿਆਂ ਅਤੇ ਭਗਤਾਂ ਉੱਪਰ ਅੱਤਿਆਚਾਰਾਂ ਨੂੰ ਦਰਸਾਇਆ ਗਿਆ ਸੀ। ਭਗਤਾਂ ਦੇ ਰੂਪ ਵਿੱਚ, ਅਮਨ ਰਾਓ, ਕਪਿਲ ਸਿੰਗਲਾ, ਕਪਿਲ ਅਗਰਵਾਲ, ਅਵਿਨਾਸ਼, ਮੋਹਿਤ ਅਤੇ ਪ੍ਰੇਮ ਆਹੂਜਾ ਨੇ ਦਰਸ਼ਕਾਂ ਨੂੰ ਪ੍ਰਭਾਵਿਤ ਕੀਤਾ। ਧਰਤੀ ਮਾਤਾ ਅਤੇ ਗਊ ਮਾਤਾ ਭਗਵਾਨ ਵਿਸ਼ਨੂੰ ਨੂੰ ਦੈਂਤਾਂ ਤੋਂ ਮੁਕਤ ਕਰਨ ਲਈ ਪ੍ਰਾਰਥਨਾ ਕਰਦੇ ਹਨ, ਅਤੇ ਭਗਵਾਨ ਵਿਸ਼ਨੂੰ ਧਰਤੀ ਮਾਤਾ ਨੂੰ ਭਰੋਸਾ ਦਿਵਾਉਂਦੇ ਹਨ ਕਿ ਉਹ ਰਾਮ ਦੇ ਰੂਪ ਵਿੱਚ ਪ੍ਰਗਟ ਹੋਣਗੇ। ਇਹ ਦ੍ਰਿਸ਼ ਸੁੰਦਰ ਢੰਗ ਨਾਲ ਪੇਸ਼ ਕੀਤਾ ਗਿਆ ਸੀ। ਛੋਟੇ ਰਾਮ ਅਤੇ ਲਕਸ਼ਮਣ ਦੇ ਰੂਪ ਵਿੱਚ ਵਿਹਾਨ ਅਤੇ ਕੇਸ਼ਵ ਖੰਨਾ ਦੀ ਮਨਮੋਹਕ ਜੋੜੀ ਨੇ ਪ੍ਰਭਾਵਿਤ ਕੀਤਾ। ਵਸ਼ਿਸ਼ਠ ਦੇ ਰੂਪ ਵਿੱਚ ਡਾ. ਹਰੀਪਾਰੀਆ, ਵਿਸ਼ਵਾਮਿੱਤਰ ਦੇ ਰੂਪ ਵਿੱਚ ਰਾਮ ਕੁਮਾਰ ਟੰਡਨ, ਅਤੇ ਦਸ਼ਰਥ ਦੇ ਰੂਪ ਵਿੱਚ ਆਸ਼ੂਤੋਸ਼ ਦਿਓਤ ਨੇ ਸ਼ਾਨਦਾਰ ਪ੍ਰਦਰਸ਼ਨ ਕੀਤਾ। ਸੁਮੰਤ ਦੇ ਰੂਪ ਵਿੱਚ ਕਪਿਲ ਅਗਰਵਾਲ, ਮੋਹਿਤ, ਸੈਨਾਪਤੀ ਨਵਦੀਪ, ਸੁਬਾਹੂ ਮਾਰੀਚ, ਸੰਦੀਪ ਚੌਹਾਨ ਅਤੇ ਪ੍ਰਿੰਸ ਨੇ ਸ਼ਾਨਦਾਰ ਪ੍ਰਦਰਸ਼ਨ ਕੀਤਾ।

# ਜੋੜੀਆਂ ਭੱਠੀਆਂ ਵਿਖੇ ਸ੍ਰੀ ਰਾਮਲੀਲ੍ਹਾ 'ਚ ਸ੍ਰੀ ਰਾਮ ਨੇ ਤੋੜਿਆ ਧਨੁਸ਼, ਭਗਵਾਨ ਪਰਸ਼ੂਰਾਮ ਹੋਏ ਕ੍ਰੋਧਿਤ

## ➢ਸਮਾਜ ਸੇਵਕ ਗੁਰਜੀਤ ਸਿੰਘ ਕੋਹਲੀ ਵਿਸ਼ੇਸ਼ ਤੌਰ 'ਤੇ ਪਹੁੰਚੇ



ਪਟਿਆਲਾ, 24 ਸਤੰਬਰ (ਰੁਪਾਣਾ) : ਸ਼੍ਰੀ ਰਾਮਲੀਲ੍ਹਾ ਪ੍ਰਬੰਧਕ ਕਮੇਟੀ ਅਤੇ ਜੋੜੀਆਂ ਭੱਠੀਆਂ ਰੌਇਲ ਯੂਥ ਕਲੱਬ ਵੱਲੋਂ ਪ੍ਰਧਾਨ ਵਰੁਣ ਜਿੰਦਲ ਦੀ ਦੇਖ-ਰੇਖ ਹੇਠ ਆਯੋਜਿਤ ਸ਼੍ਰੀ ਰਾਮਲੀਲ੍ਹਾ ਦੇ ਤੀਜੇ ਦਿਨ ਸੀਤਾ ਸਵੰਬਰ ਦਾ ਸੁੰਦਰ ਅਤੇ ਮਨਮੋਹਕ ਦ੍ਰਿਸ਼ ਪੇਸ਼ ਕੀਤਾ ਗਿਆ। ਸ਼੍ਰੀ ਰਾਮ ਵੱਲੋਂ ਧਨੁਸ਼ ਭੰਗ ਕਰਦਿਆਂ ਹੀ ਜੋੜੀਆਂ ਭੱਠੀਆਂ ਚੌਂਕ 'ਸ਼੍ਰੀ ਰਾਮ' ਦੇ ਜੈਕਾਰਿਆਂ ਨਾਲ ਗੂੰਜ ਉੱਠਿਆ ਅਤੇ ਸ਼੍ਰੀ ਰਾਮ ਅਤੇ ਦੇਵੀ ਸੀਤਾ ਦੇ ਵਿਆਹ ਦੀ ਖੁਸ਼ੀ ਵਿੱਚ ਸਾਰੇ ਦਾ ਲੱਡੂਆਂ ਨਾਲ ਮੂੰਹ-ਮਿੱਠਾ ਕਰਵਾਇਆ ਗਿਆ।ਸ਼ਿਵ ਧਨੁਸ਼ ਭੰਗ ਹੋਣ 'ਤੇ ਕ੍ਰੋਧ ਵਿੱਚ ਭਗਵਾਨ ਪਰਸ਼ੂਰਾਮ ਨੇ ਉੱਥੇ ਪਹੁੰਚ ਕੇ ਸ਼ਿਵ ਧਨੁਸ਼ ਭੰਗ ਕਰਨ ਵਾਲੇ ਨੂੰ ਦੰਡ ਦੇਣ ਦੀ ਗੱਲ ਕਹੀ। ਇਸ 'ਤੇ ਲਕਸ਼ਮਣ ਅਤੇ ਭਗਵਾਨ ਪਰਸ਼ੂਰਾਮ ਵਿਚਕਾਰ ਤਿੱਖਾ ਸੰਵਾਦ ਹੋਇਆ ਅਤੇ ਫਿਰ ਸ਼੍ਰੀ ਰਾਮ ਸਾਹਮਣੇ ਆਏ, ਜਿਨ੍ਹਾਂ ਨੂੰ ਭਗਵਾਨ ਪਰਸ਼ੂਰਾਮ ਨੇ ਪਛਾਣ ਲਿਆ ਕਿ ਉਹ ਭਗਵਾਨ ਵਿਸ਼ਨੂੰ ਦੇ ਅਵਤਾਰ ਹਨ। ਇਸ ਲਈ ਉਨ੍ਹਾਂ ਨੇ ਕ੍ਰੋਧ ਛੱਡ ਦਿੱਤਾ ਅਤੇ ਉਨ੍ਹਾਂ ਨੂੰ ਆਪਣਾ ਆਸ਼ੀਰਵਾਦ ਦਿੱਤਾ। ਇਸ ਦ੍ਰਿਸ਼ ਵਿੱਚ ਭਗਵਾਨ ਪਰਸ਼ੂਰਾਮ ਦੀ ਭੂਮਿਕਾ ਵਰੁਣ ਜਿੰਦਲ ਵੱਲੋਂ ਬਖੂਬੀ ਨਿਭਾਈ ਗਈ। ਸ਼੍ਰੀ ਰਾਮ ਦਾ ਪਾਤਰ ਨੀਰਜ ਸ਼ਰਮਾ, ਲਕਸ਼ਮਣ ਦਾ ਆਦਿਤਯਾ ਸ਼ਰਮਾ, ਸੀਤਾ ਦਾ ਸੋਨਾਸ਼ੀ ਕੌਸ਼ਲ, ਮਹਾਰਾਜਾ ਜਨਕ ਦਾ ਮਾਧਵ, ਮਹਾਰਿਸ਼ੀ ਵਿਸ਼ਵਾਮਿਤ੍ਰ ਦਾ ਸਾਹਿਲ ਕਾਲਰਾ, ਰਾਜਕੁਮਾਰਾਂ ਦਾ ਪਾਰਥ ਭੱਲਾ, ਅਨਮੋਲ, ਦਿਵਯਾਂਸ਼, ਸ਼ੁਭਮ, ਕਨਵ, ਰੌਬਿਨ, ਸ਼ਿਵਮ ਵੱਲੋਂ ਨਿਭਾਇਆ ਗਿਆ।ਤੀਜੇ ਦਿਨ ਸਮਾਜ ਸੇਵਕ ਗੁਰਜੀਤ ਸਿੰਘ ਕੋਹਲੀ ਵਿਸ਼ੇਸ਼ ਤੌਰ 'ਤੇ ਪਹੁੰਚੇ। ਇਸ ਮੌਕੇ 'ਤੇ ਜੋੜੀਆਂ ਭੱਠੀਆਂ ਰੌਇਲ ਯੂਥ ਕਲੱਬ ਅਤੇ ਸ਼੍ਰੀ ਰਾਮਲੀਲ੍ਹਾ ਪ੍ਰਬੰਧਕ ਕਮੇਟੀ ਦੇ ਸਾਰੇ ਮੈਂਬਰ ਮੌਜੂਦ ਸਨ।

# ਮੁੱਖ ਵਿੰਗ ਪੰਜਾਬ ਦਾ ਸੈਕਟਰੀ ਲੱਗਣ 'ਤੇ ਜਗਦੀਪ ਸਿੰਘ ਦਾ ਸਨਮਾਨ




ਪਟਿਆਲਾ, 24 ਸਤੰਬਰ (ਚ.ਨ.ਸ.): ਆਮ ਆਦਮੀ ਪਾਰਟੀ ਦੇ ਸੁਪ੍ਰੀਮੋ ਅਰਵਿੰਦ ਕੇਜਰੀਵਾਲ ਅਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੇ ਮੁਨੀਸ਼ ਸਿਸੋਦੀਆ ਅਤੇ ਕੈਬਨਿਟ ਮੰਤਰੀ ਤੇ ਪੰਜਾਬ ਪ੍ਰਧਾਨ ਅਮਨ ਅਰੋੜਾ ਵੱਲੋਂ ਪਟਿਆਲਾ ਕਾਰਪੋਰੇਸ਼ਨ ਦੇ ਡਿਪਟੀ ਮੇਅਰ ਜਗਦੀਪ ਸਿੰਘ ਜੱਗਾ ਨੂੰ ਮੁੱਖ ਵਿੰਗ ਪੰਜਾਬ ਦਾ ਸੈਕਟਰੀ ਲਗਾਇਆ ਗਿਆ। ਅੱਜ ਜਗਦੀਪ ਸਿੰਘ ਜੱਗਾ ਦੇ ਲੋਕ ਸਭਾ ਦਫਤਰ ਵਿਖੇ ਪਹੁੰਚਣ 'ਤੇ ਬਲਜਿੰਦਰ ਸਿੰਘ ਢਿੱਲੋਂ ਚੇਅਰਮੈਨ ਪੰਜਾਬ ਐਗਰੋ ਫੂਡ ਗ੍ਰੇਨ ਕਾਰਪੋਰੇਸ਼ਨ ਲਿਮਟਿਡ ਅਤੇ ਲੋਕ ਸਭਾ ਦਫਤਰ ਟੀਮ ਵੱਲੋਂ ਸਨਮਾਨਿਤ ਕੀਤਾ ਗਿਆ। ਇਸ ਮੌਕੇ ਲਖਵਿੰਦਰ ਸਿੰਘ ਢਿੱਲੋਂ, ਜਸਵੰਤ ਰਾਏ, ਗੁਲਜਾਰ ਪਟਿਆਲਵੀ, ਗੱਜਣ ਸਿੰਘ, ਜਤਿੰਦਰ ਕੁਮਾਰ , ਗੁਰਪਿੰਦਰ ਸਿੰਘ ਛੀਨਾ , ਮਨਦੀਪ ਜੋਲਾ ਕ੍ਰਿਸ਼ਨ ਕੁਮਾਰ ਅਤੇ ਰਾਜ ਕੁਮਾਰ ਮਿਠਾਰੀਆ ਤੋਂ ਇਲਾਵਾ ਹੋਰ ਸਾਥੀ ਮੌਜੂਦ ਰਹੇ।

# ਜ਼ਿਲ੍ਹਾ ਰੈਡ ਕਰਾਸ ਸੁਸਾਇਟੀ ਨੇ ਭਾਈ ਘਨੱਈਆ ਦਿਵਸ ਮਨਾਇਆ




ਪਟਿਆਲਾ, 24 ਸਤੰਬਰ (ਚ.ਨ.ਸ.) : ਡਿਪਟੀ ਕਮਿਸ਼ਨਰ ਅਤੇ ਪ੍ਰਧਾਨ ਜ਼ਿਲ੍ਹਾ ਰੈਡ ਕਰਾਸ ਸੁਸਾਇਟੀ ਪਟਿਆਲਾ ਦੇ ਆਦੇਸ਼ਾਂ ਅਨੁਸਾਰ ਮਾਨਵਤਾ ਦੇ ਪੁੰਜ ਭਾਈ ਘਨੱਈਆ ਜੀ ਯਾਦ ਵਿੱਚ ਜ਼ਿਲ੍ਹਾ ਰੈਡ ਕਰਾਸ ਸੁਸਾਇਟੀ ਪਟਿਆਲਾ ਵੱਲੋਂ ਭਾਈ ਘਨੱਈਆ ਦਿਵਸ ਮਨਾਇਆ। ਭਾਈ ਘਨੱਈਆ ਜੀ ਮਾਨਵਤਾ ਦੇ ਪੁੰਜ ਦਾ ਜਨਮ ਦਿਨ ਮਨਾਉਣ ਲਈ ਜ਼ਿਲ੍ਹਾ ਰੈਡ ਕਰਾਸ ਸੁਸਾਇਟੀ, ਪਟਿਆਲਾ ਵੱਲੋਂ ਸਕੱਤਰ ਸ: ਪ੍ਰਿਤਪਾਲ ਸਿੰਘ ਸਿੱਧੂ, ਅਤੇ ਬ੍ਰਗੇਡ ਮੈਂਬਰਾਂ, ਪੁਲਿਸ ਕਰਮਚਾਰੀਆਂ ਟ੍ਰੇਨਿੰਗ ਅਤੇ ਕੰਪਿਊਟਰ ਸਿਖਲਾਈ ਬੱਚਿਆਂ ਵੱਲੋਂ ਭਾਗ ਲਿਆ। ਸ: ਜਸਪਾਲ ਸਿੰਘ ਲੈਕਚਰਾਰ ਅਤੇ ਸ: ਰਣਜੀਤ ਸਿੰਘ, ਮਾਨ ਨੇ ਭਾਈ ਘਨੱਈਆ ਜੀ ਦੇ ਜੀਵਨੀ ਬਾਰੇ ਦੱਸਿਆ ਕਿ ਭਾਈ ਘਨੱਈਆ ਜੀ ਨੇ ਲੜਾਈ ਦੇ ਮੈਦਾਨ ਵਿੱਚ ਬਿਨ੍ਹਾਂ ਕਿਸੇ ਭੇਦ ਭਾਵ ਤੋਂ ਸਾਰੇ ਹੀ ਫਟੱੜਾਂ ਨੂੰ ਆਪਣੀ ਮਸਕ ਨਾਲ ਪਾਣੀ ਪਿਲਾਉਂਦੇ ਸੀ ਅਤੇ ਗੁਰੂ ਗੋਬਿੰਦ ਸਿੰਘ ਜੀ ਨੇ ਭਾਈ ਘਨੱਈਆ ਜੀ ਨੂੰ ਮਲਮ ਪੱਟੀ ਦਿੱਤੀ ਅਤੇ ਕਿਹਾ ਕਿ ਭਾਈ ਘਨੱਈਆ ਜੀ ਜੇਕਰ ਕੋਈ ਵੀ ਵਿਅਕਤੀ ਫਟੱੜ ਹੁੰਦਾ ਹੈ ਉਸ ਨੂੰ ਮਲਮ ਪੱਟੀ ਵੀ ਕੀਤੀ ਜਾਵੇ, ਸ: ਹਰਿੰਦਰ ਸਿੰਘ ਕਰੀਰ, ਸਹਾਇਕ ਕਮਿਸ਼ਨਰ ਸੈਂਟ ਜ਼ੋਨ ਨੇ ਕਿਹਾ ਕਿ ਇਸੇ ਕਰਕੇ ਭਾਈ ਘਨੱਈਆ ਜੀ ਨੂੰ ਸੇਵਾ ਦੇ ਪੁੰਜ ਦੇ ਨਾਂ ਨਾਲ ਵੀ ਯਾਦ ਕੀਤਾ ਜਾਂਦਾ ਹੈ ਅਤੇ ਉਨ੍ਹਾਂ ਦੀਆਂ ਸਿੱਖਿਆਵਾਂ 'ਤੇ ਚਲੱਣ ਲਈ ਪ੍ਰਣ ਕਰਵਾਇਆ ਭਾਈ ਘਨੱਈਆ ਐਂਬੂਲੈਂਸ ਬ੍ਰਗੇਡ ਦੇ ਮੈਂਬਰ ਵੱਖ-ਵੱਖ ਥਾਵਾਂ 'ਤੇ ਫਸਟ ਏਡ ਪੋਸਟਾਂ ਲਾ ਕੇ ਮਨੁੱਖਤਾ ਦੀ ਸੇਵਾ ਕਰਦੇ ਹਨ। ਇਸ ਸਮੇਂ ਭਾਈ ਘਨੱਈਆ ਸੈਂਟ ਜ਼ੋਨ ਜ਼ਿਲ੍ਹਾ ਰੈਡ ਕਰਾਸ ਬ੍ਰਿਗੇਡ ਦੇ ਮੈਂਬਰਜ਼, ਦਫਤਰ ਦਾ ਸਟਾਫ ਅਤੇ ਕੰਪਿਊਟਰ ਟ੍ਰੇਨਿੰਗ ਸਿਖਲਾਈ ਸਿੱਖਿਆਰਥੀ ਹਾਜ਼ਰ ਸਨ।